

ਸਚਖੰਡ ਵਾਸੀ ਸ. ਰਘਬੀਰ ਸਿੰਘ ਜੀ 'ਬੀਰ' (7 ਅਕਤੂਬਰ 1896 - 14 ਅਪ੍ਰੈਲ 1974) ਜਿਥੇ ਆਪਣੇ ਜੀਵਨ ਕਾਲ ਵਿੱਚ ਦੇਸ਼ ਵਿਦੇਸ਼ ਦੂਰ ਦੂਰ ਤਕ ਪੁਜ ਕੇ ਆਤਮ-ਖੋਜੀਆਂ ਨੂੰ ਆਤਮਾ-ਪਰਮਾਤਮਾ ਬਾਰੇ ਗੰਭੀਰ ਤੇ ਗੂੜ੍ਹ ਵਾਕਫ਼ੀ ਦਿਆ ਕਰਦੇ ਸਨ, ਉਥੇ ਉਹਨਾਂ ਨੇ ਆਪਣੀਆਂ ਲਿਖਤਾਂ ਰਾਹੀਂ ਉਹਨਾਂ ਲੋਕਾਂ ਨੂੰ ਵੀ 'ਗੁਰਮਤ ਗਾਡੀ ਰਾਹ' ਤੇ ਪਾਇਆ, ਜਿਹੜੇ ਕਿ ਉਹਨਾਂ ਦੇ ਦਰਸ਼ਨ ਨਹੀਂ ਕਰ ਸਕੇ। ਉਹਨਾਂ ਦੀ ਛੁਹ ਅੰਦਰ ਜੋ ਵੀ ਆਇਆ, ਉਹ ਨਿਹਾਲ ਹੋ ਕੇ ਗਿਆ। ਸੈਂਕੜੇ ਹੀ ਨਹੀਂ, ਹਜ਼ਾਰਾਂ ਵਿਅਕਤੀਆਂ ਨੂੰ 'ਬੀਰ' ਜੀ ਨੇ ਨਾਮ-ਰਸੀਆ ਬਣਾ ਕੇ ਉਹਨਾਂ ਨੂੰ ਇਕ ਨਵਾਂ ਜੀਵਨ ਦਿੱਤਾ।

ਾਲਸੇ ਨੂੰ ਲੋੜ ਕੇਵਲ ਇਹ ਜਾਨਣ ਦੀ ਹੈ ਕਿ ਉਹ ਵਾਹਿਗੁਰੂ ਦਾ ਪੁੱਤਰ
ਖਾਲਸਾ ਏ। ਫੇਰ ਉਸ ਨੂੰ ਦੁਨਿਆਵੀ ਅਤੇ ਆਤਮਕ ਦੋਹਾਂ ਪਾਸਿਆਂ ਵਿੱਚ
ਅਸਫਲਤਾ ਨਹੀਂ ਆ ਸਕਦੀ। (ਪੰਨਾ 9)

---

ੀ ਵਿੱਚ ਆਦਮੀ ਨੂੰ ਰੱਬ ਦਾ ਸਰੂਪ, ਰਾਮ ਕੀ ਅੰਸ ਤਾਂ ਕਿਹਾ ਹੈ ਪਰ ਆਦਮੀ
ਨਾਇਆ। ਆਦਮੀ ਰੱਬ ਦੀ ਰਚਨਾ ਦਾ ਸਭ ਤੋਂ ਚੰਗਾ ਤੇ ਉਚਾ ਅੰਗ ਹੈ ਪਰ
ਤੇ ਆਦਮੀ ਆਦਮੀ ਹੈ। (ਪੰਨਾ 90-91)

---

ਦ ਗੁਰਬਾਣੀ ਤੋਂ ਆਪਣੇ ਆਪ ਦੀ ਸੂਝ ਅਤੇ ਆਪਣੀਆਂ ਸ਼ਕਤੀਆਂ
ਹੋ ਜਾਂਦਾ ਹੈ, ਤਦ ਉਹ ਇਹ ਦੇਖ ਕੇ ਅਸਚਰਜ ਹੁੰਦਾ ਹੈ ਕਿ ਦ੍ਰਿਸ਼ਟਮਾਨ
ਜੋ ਘਟਨਾਵਾਂ ਜੋ ਮੁਸ਼ਕਲਾਂ, ਜੋ ਮਸਲੇ ਅਤੇ ਜੋ ਪੇਚੀਦਗੀਆਂ ਉਸ ਦੇ
ਰਹੀਆਂ ਹਨ, ਉਨ੍ਹਾਂ ਨੂੰ ਹਲ ਅਤੇ ਫਤਹਿ ਕਰਨ ਦੀ ਉਸ ਅੰਦਰ
ਵਲੋਂ ਬਖਸ਼ੀ ਹੋਈ ਹਰ ਸ਼ਕਤੀ ਅਗੇ ਹੀ ਮੌਜੂਦ ਹੈ। ਐਸਾ ਗੁਰਮੁਖ
ਕਲੀਫਾਂ ਦੇ ਦਰਮਿਆਨ ਘਬਰਾਉਂਦਾ ਨਹੀਂ ਸਗੋਂ ਅਡੋਲ ਰਹਿ ਕੇ ਇਨ੍ਹਾਂ
ਫਤਹਿ ਪਾਣੀ ਆਪਣਾ ਜਮਾਂਦਰੂ ਹੱਕ ਅਤੇ ਜੀਵਨ ਦਾ ਬੜਾ ਸ਼ੁਗਲ
(ਪੰਨਾ 278-79)

ਆਤਮ ਸਾਇੰਸ ਟ੍ਰਸਟ

ਚੜ੍ਹਦੀ ਕਲਾ

ਰਘਬੀਰ ਸਿੰਘ ਬੀਰ

# ਚੜ੍ਹਦੀ ਕਲਾ



ਰਘਬੀਰ ਸਿੰਘ ਬੀਰ

# ਚੜ੍ਹਦੀ ਕਲਾ

ਰਘਬੀਰ ਸਿੰਘ 'ਬੀਰ'

ਆਤਮ ਸਾਇੰਸ ਟਰੱਸਟ
ਨਵੀਂ ਦਿੱਲੀ

ਸਭ ਹੱਕ ਆਤਮ ਸਾਇੰਸ ਟਰੱਸਟ ਦੇ ਰਾਖਵੇਂ ਹਨ


| | |
|---|---|
| ਪਹਿਲੀ ਵਾਰ | ੧੯੪੭ |
| ਦੂਜੀ ਵਾਰ | ੧੯੬੨ |
| ਤੀਜੀ ਵਾਰ | ੧੯੭੨ |
| ਚੌਥੀ ਵਾਰ | ੧੯੮੦ |
| ਪੰਜਵੀਂ ਵਾਰ | ੧੯੯੩ |
| ਛੇਵੀਂ ਵਾਰ | ੨੦੦੪ |

ਭੇਟਾ - ੬੦ ਰੁਪਏ

ਪ੍ਰਕਾਸ਼ਕ :
ਆਤਮ ਸਾਇੰਸ ਟਰੱਸਟ
A-I, ਕਾਲਿੰਦੀ ਕਾਲੋਨੀ, ਨਵੀਂ ਦਿੱਲੀ - 110065

ਲੇਜ਼ਰ ਪ੍ਰਿੰਟਰ :
ਐਚ. ਐਸ. ਔਫ਼ਸੈਟ ਪ੍ਰਿੰਟਰਜ਼
ਕੂਚਾ ਚਲਾਨ, ਦਰੀਆ ਗੰਜ, ਦਿੱਲੀ-110066


# ਤਤਕਰਾ


| | | | |
|---|---|---|---|
| ਮੁੱਖ-ਬੰਧ | i-x | ਮਸਤੀ ਜਾਂ ਖੁਮਾਰੀ | ੮੩ |
| ਭੂਮਿਕਾ | ੫ | ਆਦਮੀ | ੮੮ |
| ਪੁਲੀਸ ਦਾ ਸਿਪਾਹੀ | ੭ | ਸੁਖ | ੯੩ |
| ਨਿਰਾਸਤਾ ਪਾਪ ਹੈ | ੧੦ | ਮਹਾਂਪੁਰਖਾਂ ਦਾ ਸੰਗ | ੯੬ |
| ਗੁਰਮੁਖ ਅਤੇ ਕਿਸਮਤ | ੧੩ | ਮੌਤ ਕੀ ਹੈ? | ੧੦੧ |
| ਦੂਖ ਦਾਰੂ | ੧੭ | ਗੁਰਮਤਿ ਦੀ ਵਡਿਆਈ | ੧੧੦ |
| ਧਰਮ ਦੀ ਜ਼ਰੂਰਤ | ੨੧ | ਖਤਰੇ | ੧੨੨ |
| ਚੜ੍ਹਦੀ ਕਲਾ | ੩੦ | ਮੁਸੀਬਤ ਅਤੇ ਧੀਰਜ | ੧੨੪ |
| ਮਜ਼੍ਹਬ ਨਾਲ ਬੇਇਨਸਾਫੀ! | ੩੪ | ਸੁਖ ਕਿਥੇ ਹੈ? | ੧੨੬ |
| ਈਰਖਾ | ੩੯ | ਬਦੀ ਦੀ ਅਸਲੀਅਤ | ੧੩੪ |
| ਰੱਬ ਦੀ ਹੋਂਦ | ੪੨ | ਸਿਫਰ ਅਤੇ ਏਕਾ | ੧੪੩ |
| ਮਜ਼੍ਹਬ | ੪੪ | ਜੋ ਜਨੁ ਭਜਨੁ ਕਰੇ ਪ੍ਰਭ ਤੇਰਾ | ੧੪੭ |
| ਸੁਖ-ਦੁਖ | ੪੭ | ਵਾਹਿਗੁਰੂ ਜੀ ਕਾ ਖਾਲਸਾ | ੧੫੨ |
| ਸਿਦਕ | ੫੨ | ਕਾਦਰ ਅਤੇ ਕੁਦਰਤ | ੧੫੫ |
| ਖੁਸ਼ੀ | ੫੬ | ਨਿਸਚੇ ਦੀ ਟੀਸੀ | ੧੫੮ |
| ਭਾਵੇਂ ਰੱਬ ਦਿਸਦਾ ਨਹੀਂ, ਪਰ ਉਹ ਹੈ | ੫੯ | ਅਸੀਂ ਤੇ ਸਾਡਾ ਜਗਤ | ੧੬੩ |
| ਨੀਂਦਰ | ੬੨ | ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ | ੧੬੮ |
| ਸਫ਼ਰ | ੬੫ | ਵਾਹੁ ਵਾਹੁ ਸ੍ਰੀ ਗੁਰੂ ਗ੍ਰੰਥ ਜੀ | ੧੭੩ |
| ਕਾਮਯਾਬੀ | ੬੯ | ਆਸਵੰਦ ਰਹਿਣਾ | ੧੭੯ |
| ਪਾਪ ਪੁੰਨ | ੭੨ | ਵਾਹਿਗੁਰੂ ਹਰ ਥਾਂ ਬਦੀ ਕਿਤੇ ਵੀ ਨਾ | ੧੮੩ |
| ਅਕਾਸ਼ ਬਾਣੀ | ੭੫ | ਵਾਹਿਗੁਰੂ ਹਰ ਥਾਂ | ੧੮੬ |
| ਸਬਰ | ੮੦ | ਪ੍ਰਭਾਤ ਦਾ ਜਾਗਣਾ | ੧੯੦ |

| | |
|---|---|
| ਭਗਤੀ ਅਤੇ ਗਿਆਨ | ੧੯੩ |
| ਦੇਖ ! | ੨੦੧ |
| ਬੇਗਮਪੁਰਾ | ੨੦੭ |
| ਮਤੁ ਦੇਖਿ ਭੂਲਾ ਵੀਸਰੇ ਤੇਰਾ ਚਿਤਿ ਨ ਆਵੈ ਨਾਉ | ੨੧੪ |
| ਦੁਖ ਵਿਚਿ ਸੁਖ ਮਨਾਈ | ੨੧੯ |
| ਗੁਰ ਕਾ ਗ੍ਰਿਹਿ | ੨੨੩ |
| ਖੁਸ਼ੀ ਰਹਿਣਾ | ੨੨੬ |
| ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ | ੨੨੬ |
| ਸਮਾਂ-ਕਾਲ | ੨੩੫ |
| ਹਉਮੈ-ਰਹਿਤ ਇਨਸਾਨ | ੨੩੯ |
| ਵਾਹਿਗੁਰੂ ਸਰਬਸ਼ਕਤੀਮਾਨ ਹੈ | ੨੪੧ |
| ਮਹਾਨ ਸ਼ਕਤੀ | ੨੪੩ |
| ਦ੍ਰਿਸ਼ਟੀ | ੨੪੬ |
| ਆਤਮ ਸਾਇੰਸ ਦੇ ਥੰਮ | ੨੫੨ |
| ਗੁਰਮਤੀ ਰੰਗੁ ਮਾਣੁ | ੨੫੬ |
| ਹਕੀਕਤ | ੨੫੯ |
| ਮਨ ਦੀ ਪੋਜ਼ੀਸ਼ਨ | ੨੬੩ |
| ਏਵਡੁ ਊਚਾ ਹੋਵੈ ਕੋਇ | ੨੬੬ |
| ਪਿਤਾ ਪਰ ਪੂਤ | ੨੬੮ |
| ਪਾਪ ਅਤੇ ਸਜ਼ਾ | ੨੭੨ |
| ਗੁਰਮੁਖ ਦੀਆਂ ਸ਼ਕਤੀਆਂ | ੨੭੭ |


# ਮੁੱਖਬੰਧ

ਸ. ਰਘਬੀਰ ਸਿੰਘ ਜੀ 'ਬੀਰ' (1896-1974) ਇਕ ਰਹੱਸਵਾਦੀ ਮਹਾਂਪੁਰਸ਼ ਹੋਏ ਹਨ ਜਿਨ੍ਹਾਂ ਨੇ ਗੁਰਮਤਿ ਅਨੁਸਾਰ ਨਾਮ ਸਿਮਰਨ ਸਾਧਨਾ ਰਾਹੀਂ ਆਤਮਿਕ ਅਨੁਭਵ ਦੀ ਪ੍ਰਾਪਤੀ ਕੀਤੀ। ਉਨ੍ਹਾਂ ਨੇ ਅੰਦਰ ਬਾਹਰ ਵਸਦੇ ਵਾਹਿਗੁਰੂ ਜੀ ਦਾ ਕੇਵਲ ਗਿਆਨ ਹੀ ਪ੍ਰਾਪਤ ਨਹੀਂ ਕੀਤਾ ਸਗੋਂ ਉਸ ਦੀ ਸਰਬ ਵਿਆਪਕਤਾ ਨੂੰ ਆਪਣੇ ਅਨੁਭਵ ਵਿਚ ਲਿਆਂਦਾ, ਬ੍ਰਹਿਮੰਡੀ ਸ਼ਕਤੀ ਨੂੰ ਜੀਵਨ ਦੀ ਹਰ ਘਟਨਾ ਵਿਚ ਵਿਆਪਕ ਵੇਖਿਆ, ਨਿੱਜੀ ਤਜਰਬਿਆਂ ਵਿਚ ਲਿਆਂਦਾ ਅਤੇ ਇਨ੍ਹਾਂ ਤਜਰਬਿਆਂ ਨੂੰ ਗੁਰਬਾਣੀ ਦੇ ਪ੍ਰਸੰਗ ਵਿਚ ਸਭ ਨਾਲ ਸਾਂਝਾ ਕੀਤਾ।

ਗੁਰਮਤਿ ਮਾਰਗ ਪ੍ਰੇਮ ਦਾ ਮਾਰਗ ਹੈ, ਨਾਮ ਤੇ ਸੱਚ ਦੀ ਖੋਜ ਦਾ ਮਾਰਗ ਹੈ। ਗੁਰਮਤਿ ਦੀਆਂ ਉਚ ਧਾਰਨਾਵਾਂ 'ਬੀਰ ਜੀ' ਨੇ ਜੀਵਨ ਵਿਚ ਘਟਾਈਆਂ। ਸੰਸਾਰ ਵਿਚ ਵਿਚਰਦਿਆਂ ਆਪ ਨੇ ਮੁਢਲੇ ਜੀਵਨ ਵਿਚ ਰਜੋ, ਤਮੋ, ਸਤੋ ਨੂੰ ਵੀ ਹੰਢਾਇਆ ਤੇ ਸੰਸਾਰ ਦੀ ਖੇਡ ਨੂੰ ਇਸ ਵਿਚ ਲਿਪਾਇਮਾਨ ਵੀ ਦੇਖਿਆ ਤੇ ਸਮੇਂ ਨਾਲ ਗੁਰੂ ਬਖਸ਼ਸ਼ ਪ੍ਰਾਪਤ ਕਰਕੇ ਇਨ੍ਹਾਂ ਤੋਂ ਉਪਰ ਉਠ ਤੁਰੀਆ ਅਵਸਥਾ ਵਿਚ ਵਿਚਰਦਿਆਂ 'ਨਾਨਕ ਭਗਤਾ ਸਦਾ ਵਿਗਾਸ' ਦੇ ਅਨੰਦਮਈ ਜੀਵਨ ਰੰਗ-ਰਸ ਦੀਆਂ ਅਗਾਧ ਬੋਧ ਝਰਨਾਟਾਂ ਵੀ ਮਾਣੀਆਂ। ਗੁਰਬਾਣੀ ਤੱਤ-ਸਾਰ ਨੂੰ ਜਾਣਨ, ਬੁਝਣ ਤੇ ਮਾਣਨ ਦੀ ਗੱਲ ਕਰਦੀ ਹੈ, ਜਿਸ ਦਾ ਅਨੁਭਵ ਪਾਠਕ ਉਨ੍ਹਾਂ ਦੇ ਜੀਵਨ ਅਤੇ ਲਿਖਤਾਂ ਵਿਚ ਦੇਖ ਸਕਦਾ ਹੈ।

ਬੀਰ ਜੀ ਦੀਆਂ ਲਿਖਤਾਂ ਸੁਤਿਆਂ ਨੂੰ ਜਗਾਂਦੀਆਂ ਹਨ, ਜਗਾ ਕੇ ਨਾਮ ਸਿਮਰਨ ਨਾਲ ਜੋੜਦੀਆਂ ਹਨ, ਗੁਰਬਾਣੀ ਦੇ ਅਨੁਭਵਮਈ

ਅਰਥ ਬਖਸ਼ਦੀਆਂ ਹਨ, ਅੰਦਰ ਵਸਦੇ ਪ੍ਰਭੂ ਦੀ ਨਿਕਟਤਾ ਤੇ ਦਰਸ਼ਨ ਦੀਦਾਰ ਕਰਨ ਵਿਚ ਸਹਾਈ ਸਿਧ ਹੁੰਦੀਆਂ ਹਨ। ਆਪ ਜੀ ਨੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਅਤੇ ਹੋਰ ਅਨੇਕ ਮਹਾਂਪੁਰਸ਼ਾਂ ਦੀ ਸੰਗਤ ਕੀਤੀ ਹੈ, ਗੁਰਮਤਿ ਗੁਰਬਾਣੀ ਨੂੰ ਜੀਵਨ ਵਿਚ ਘਟਾ ਕੇ ਵੇਖਿਆ ਹੈ, ਨਾਮ ਸਿਮਰਨ ਦੀ ਕਮਾਈ ਕੀਤੀ ਹੈ ਅਤੇ ਜੋ ਅਨੁਭਵ ਪ੍ਰਾਪਤ ਕੀਤਾ, ਉਸਨੂੰ ਸਚੋ-ਸੱਚ ਲਿਖ ਦਿਤਾ। ਏਸੇ ਲਈ ਆਪ ਜੀ ਦੀ ਕਲਮ ਵਿਚ ਸ਼ਕਤੀ ਹੈ, ਪਾਠਕ ਨੂੰ ਕੀਲਣ ਦੀ ਤਾਕਤ ਹੈ ਅਤੇ ਜੀਵਨ ਬਦਲਣ ਦੀ ਸਮਰੱਥਾ ਹੈ। ਇਹ ਗੁਣ ਵਿਚਾਰ-ਅਧੀਨ ਪੁਸਤਕ 'ਚੜ੍ਹਦੀ ਕਲਾ' ਵਿਚ ਪ੍ਰਤੱਖ ਪ੍ਰਮਾਣਿਤ ਹੋ ਰਹੇ ਹਨ। ਸੱਚ ਤਾਂ ਇਹ ਹੈ ਕਿ ਆਪ ਜੀ ਦੀ ਸਾਰੀ ਲਿਖਤ ਦਾ ਧੁਰਾ ਇਕ ਸਫਲ ਧਰਮੀ ਮਨੁੱਖ ਦੀ ਮਨੋਹਰ ਸ਼ਖਸੀਅਤ ਦੀ ਘਾੜਤ ਨੂੰ ਘੜਨਾ ਹੈ। ਐਸਾ ਮਨੁੱਖ ਜਿਸ ਨੂੰ ਰੱਬ ਵਿਚ ਪੂਰਨ ਵਿਸ਼ਵਾਸ ਹੀ ਨਹੀਂ ਹੁੰਦਾ, ਸਗੋਂ ਉਹ ਆਪਣੀ ਨਿਜੀ ਹਉਮੈ ਵਿਚੋਂ ਨਿਕਲ ਕੇ ਆਪ ਨੂੰ ਰੱਬੀ ਅੰਸ਼ ਮੰਨਦਾ ਹੈ ਅਤੇ ਈਰਖਾ, ਦ੍ਵੈਤ, ਵੈਰ, ਵਿਰੋਧ ਤੋਂ ਮੁਕਤ ਹੋ ਕੇ ਸਰਬ ਕਲਾ ਸਮਰਥ, ਹੁੰਦਿਆਂ ਹੋਇਆ ਸੇਵਾ ਸਿਮਰਨ ਵਿਚ ਲੀਨ ਇਲਾਹੀ ਰੰਗ ਮਾਣਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਸਿਰਜਿਆ ਸੰਤ ਸਿਪਾਹੀ ਖਾਲਸਾ ਅਜੇਹੀ ਦੈਵੀ ਸ਼ਕਤੀ ਦਾ ਮਾਲਕ ਹੁੰਦਾ ਹੈ, ਬੀਰ ਜੀ ਆਪਣੀ ਪੁਸੱਤਕ ਚੜ੍ਹਦੀ ਕਲਾ ਦੇ ਛੋਟੇ ਛੋਟੇ ਲੇਖਾਂ ਵਿਚ ਐਸੀ ਹੀ ਮਨੋਹਰ ਹਰਮਨ ਪਿਆਰੀ, ਨਾਮ-ਰੱਸਲੀਨ ਗੁਰਮੁਖਿ, ਗੁਰਸਿਖ ਸੰਤ ਸਿਪਾਹੀ ਮਨੁੱਖ ਦੀ ਘਾੜਤ ਘੜਦੇ ਹਨ। ਆਪ ਜੀ ਪੁਲਿਸ ਦੇ ਸਿਪਾਹੀ ਦੀ ਉਦਾਹਰਣ ਲੈਂਦੇ ਲਿਖਦੇ ਹਨ - ਜਿਵੇਂ ਪੁਲੀਸ ਦੇ ਸਿਪਾਹੀ ਨੂੰ ਭਰੋਸਾ ਹੁੰਦਾ ਹੈ ਕਿ ਉਹ ਫਰਜ਼ ਨਿਭਾਂਦਾ ਹੋਇਆ ਕਿਸੇ ਵੱਡੇ ਤੋਂ ਵੱਡੇ ਆਦਮੀ ਨੂੰ ਵੀ ਕਾਨੂੰਨ ਦੇ ਉਲਟ ਚਲਦਾ ਵੇਖ ਕੇ ਉਸ ਦਾ ਚਾਲਾਨ ਕਰਾ ਸਕਦਾ ਹੈ, ਅਦਾਲਤ ਵਿਚੋਂ ਸਜ਼ਾ ਦਿਵਾ ਸਕਦਾ



ਹੈ, ਤਿਵੇਂ ਵਾਹਿਗੁਰੂ ਦੇ ਖਾਲਸੇ ਜਾਂ ਵਾਹਿਗੁਰੂ ਦੇ ਬੰਦੇ ਨੂੰ ਵੀ ਭਰੋਸਾ ਹੁੰਦਾ ਹੈ ਕਿ ਉਸ ਦੇ ਨੇਕਨੀਤੀ ਦੇ ਕੀਤੇ ਹੋਏ ਹਰ ਕੰਮ ਦੀ ਵਾਹਿਗੁਰੂ ਦੀ ਦਰਗਾਹ ਤੋਂ ਪ੍ਰੋੜ੍ਹਤਾ ਅਤੇ ਸਹਾਇਤਾ ਹੋਣੀ ਹੈ। ਉਸ ਦਾ ਵਾਹਿਗੁਰੂ ਤੇ ਭਰੋਸਾ, ਉਸਨੂੰ ਦੁਨੀਆਂ ਦੇ ਵੱਡੇ ਤੋਂ ਵੱਡੇ ਲੋਕਾਂ ਦਾ ਸਾਮ੍ਹਣੇ ਨਿਰਭੈ ਤੇ ਬੇਪਰਵਾਹ ਬਣਾ ਦਿੰਦਾ ਹੈ।

ਨਾਮ ਸਿਮਰਨ ਅਭਿਆਸੀ ਪਰਮਾਤਮਾ ਦੀ ਦਿਆਲਤਾ ਤੇ ਪੂਰਾ ਭਰੋਸਾ ਰਖਦਾ ਦਿਲੋਂ ਮੰਨਦਾ ਹੈ ਕਿ ਕਰਤਾਰ ਜਿਸ ਤੋਂ ਸਰਬ ਸ਼ਕਤੀਆਂ ਨਿਕਲ ਕੇ ਸਦਾ ਪੂਰਨ ਨਿਯਮਾਂ ਅਨੁਸਾਰ ਕੰਮ ਕਰਦੀਆਂ ਹਨ, ਉਹ ਆਪ ਵੀ ਪੂਰਨ ਨਿਯਮੀ ਹੁੰਦਾ ਹੈ ਅਤੇ ਉਸ ਦਾ ਸੁਭਾਅ ਵੀ ਅਡੋਲ, ਅਸਥਿਤ ਤੇ ਕਦੀ ਨ ਬਦਲਣ ਵਾਲਾ ਹੁੰਦਾ ਹੈ (ਨਿਰਾਸਤਾ ਪਾਪ ਹੈ)। ਗੀਤਾ ਦੇ ਕਰਮ ਸਿਧਾਂਤ ਨੂੰ ਆਪ ਜੀ ਬੜੇ ਸਰਲ ਸੰਖੇਪ ਤੇ ਸਪਸ਼ਟ ਸ਼ਬਦਾਂ ਵਿਚ ਬਿਆਨ ਕਰਦੇ ਲਿਖਦੇ ਹਨ, "ਕਰਮ ਕਰਨਾ ਜਾਂ ਨਾ ਕਰਨਾ ਭਾਵੇਂ ਸਾਡੇ ਅਖਤਿਆਰ ਵਿਚ ਹੈ ਪਰ ਕਰਮ ਕਰਕੇ ਉਸ ਦਾ ਫਲ ਟਾਲ ਸਕਣਾ, ਇਹ ਸਾਡੇ ਇਖਤਿਆਰ ਵਿਚ ਨਹੀਂ...... ਹਰ ਕਰਮ ਦਾ ਚਾਹੇ ਉਹ ਮਨ ਕਰਕੇ ਕੀਤਾ ਜਾਵੇ, ਚਾਹੇ ਤਨ ਕਰਕੇ, ਕੋਈ ਨ ਕੋਈ ਫਲ ਜਾਂ ਨਤੀਜਾ ਜ਼ਰੂਰ ਨਿਕਲੇਗਾ......ਕਈ ਕਰਮ ਐਸੇ ਹਨ ਜਿਨ੍ਹਾਂ ਦਾ ਫਲ ਛੇਤੀ ਨਿਕਲਦਾ ਹੈ ਅਤੇ ਕਈ ਕਰਮ ਐਸੇ ਹਨ ਜਿਨ੍ਹਾਂ ਦਾ ਫਲ ਦੇਰ ਨਾਲ ਨਿਕਲਦਾ ਹੈ। ....... ਤਕਦੀਰ ਇਨਸਾਨ ਦੇ ਪਿਛਲੇ ਕਰਮਾਂ ਦੇ ਫਲ ਜਾਂ ਨਤੀਜਿਆਂ ਦਾ ਸਮੁੱਚਾ ਇਕੱਠ ਜਾਂ ਨਤੀਜਾ ਹੈ (ਗੁਰਮਤਿ ਅਤੇ ਕਿਸਮਤ)। 'ਦੁਖ ਦਾਰੂ' ਕਿਵੇਂ ਹੈ? ਇਸ ਦੀ ਵਿਆਖਿਆ ਆਪ ਜੀ ਨੇ ਕਈ ਉਦਾਹਰਣਾਂ ਰਾਹੀਂ ਕੀਤੀ ਹੈ। ਹਸਪਤਾਲਾਂ ਦੀ ਮਿਸਾਲ ਦਿੰਦਿਆ ਆਪ ਜੀ ਲਿਖਦੇ ਹਨ ਕਿ ਇਕ ਅਨਜਾਣ ਮਨੁੱਖ

ਹਸਪਤਾਲਾਂ ਵਿਚ ਬੀਮਾਰਾਂ ਦੀ ਹਾਇ ਹਾਇ, ਕੌੜੀਆਂ ਦਵਾਈਆਂ ਦੇ ਪ੍ਰਯੋਗ, ਜਿਸਮ ਦੇ ਚੀਰ ਫਾੜ ਵੇਖ ਕੇ ਕੰਬ ਉਠੇਗਾ ਪਰ ਗਿਆਨਵਾਨ ਇਸਨੂੰ ਮਨੁੱਖੀ ਤੰਦਰੁਸਤੀ ਵਾਸਤੇ ਭਲਾਈ ਦੇ ਕਾਰਜ ਮੰਨੇਗਾ। ਦੁਖ ਤੇ ਬਿਮਾਰੀ ਕੇਵਲ ਬੇਪਰਵਾਹ ਇਨਸਾਨ ਨੂੰ ਤਾੜਨਾ ਕਰਨ ਦੇ ਜ਼ਰੀਏ ਹਨ। ਜੋ ਆਦਮੀ ਕੁਦਰਤ ਦੇ ਨਿਯਮਾਂ ਅਨੁਸਾਰ ਜੀਵਨ ਬਤੀਤ ਕਰੇ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਪੰਜੇ ਵਿਚ ਬੇਬਸ ਹੋ ਕੇ ਨਾ ਖੇਡੇ, ਉਸ ਵਾਸਤੇ ਜੀਵਨ ਇਕ ਖੇੜਾ ਹੈ, ਇਕ ਕੰਡਿਆਂ ਤੋਂ ਰਹਿਤ ਗੁਲਜ਼ਾਰ ਹੈ।

ਸਾਰੀ ਲਿਖਤ ਦਾ ਮੁਖ ਉਦੇਸ਼ ਢਹਿੰਦੀਆਂ ਕਲਾਂ ਨੂੰ ਤਿਲਾਂਜਲੀ ਦੇ ਕੇ ਚੜ੍ਹਦੀ ਕਲਾ ਵਿਚ ਵਿਚਰਨਾ ਹੈ। ਆਪ ਜੀ ਕਮਾਲ ਦੀ ਦ੍ਰਿੜਤਾ ਤੇ ਦਲੀਲ ਨਾਲ ਸੁਰਤਿ ਨੂੰ ਉੱਚਾ ਚੁੱਕਦੇ ਲਿਖਦੇ ਹਨ, "ਜਿਵੇਂ ਕਿਰਨ ਵਿਚ, ਸੂਰਜ ਤੋਂ ਉਤਪੰਨ ਹੋਣ ਕਰਕੇ, ਸੂਰਜ ਦੀਆਂ ਸਭ ਸਿਫਤਾਂ ਮੌਜੂਦ ਹੁੰਦੀਆਂ ਹਨ, ਉਵੇਂ ਆਦਮੀ ਵਿਚ ਰੱਬ ਤੋਂ ਉਤਪੰਨ ਹੋਣ ਕਰਕੇ ਰੱਬ ਦੀਆਂ ਸਭ ਸਿਫਤਾਂ ਮੌਜੂਦ ਹਨ। ਰੱਬ ਵਾਲੀਆਂ ਸ਼ਕਤੀਆਂ ਮੌਜੂਦ ਹਨ। ........ ਕਾਮਯਾਬੀ ਦੇ ਮੁਤਲਾਸ਼ੀ ਲਈ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣਾ, ਆਸਵੰਦ ਰਹਿਣਾ, ਕਾਮਯਾਬੀ ਨੂੰ ਆਪਣੇ ਖਿਆਲਾਂ ਦਾ ਅੰਗ ਬਣਾਉਣਾ...... ਅਤਿ ਜਰੂਰੀ ਹੈ (ਚੜ੍ਹਦੀ ਕਲਾ)।

ਆਪ ਜੀ ਦਾ ਇਹ ਵਿਚਾਰ ਨਰੋਆ ਤੇ ਸਾਰਥਕ ਹੈ ਕਿ ਅਨਜਾਣ ਲੋਕ ਧਰਮ ਨੂੰ ਬੁਰਾ ਭਲਾ ਕਹਿ ਕੇ ਬੇਇਨਸਾਫੀ ਕਰਦੇ ਹਨ। ਧਰਮ ਸਹੀ ਅਰਥਾਂ ਵਿਚ ਆਤਮਾ ਦੇ ਗਿਆਨ (ਆਤਮ ਸਾਇੰਸ) ਦਾ ਨਾਮ ਹੈ। ਇਹ ਇਲਮ ਆਦਮੀ ਦੀ ਆਪਣੀ ਖਸਲਤ, ਆਤਮਕ ਬਨਾਵਟ, ਆਪਣੇ ਅਸਲੇ, ਆਪਣੇ ਮੂਲ ਦੀ ਖੋਜ ਹੈ। ਇਸ ਲਈ ਇਹ ਦੂਸਰੇ ਇਲਮਾ (ਕਮਿਸਟਰੀ, ਬਾਟਨੀ, ਜੂਆਲੌਜੀ) ਨਾਲੋਂ ਜਿਆਦਾ ਮਿਹਨਤ, ਜਿਆਦਾ ਉਡੀਕ ਤੇ ਜਿਆਦਾ ਹੌਸਲਾ ਮੰਗਦਾ ਹੈ। ..... ਧਰਮ



ਨੂੰ ਠੀਕ ਤਰ੍ਹਾਂ ਨਾ ਸਮਝਣ ਕਾਰਨ ਹੀ ਅੱਜ ਸਾਰੀ ਦੁਨੀਆਂ ਅਸ਼ਾਂਤੀ ਈਰਖਾ, ਬੇਸਬਰੀ, ਨਫਰਤ ਤੇ ਖੂਨ ਖਰਾਬੇ ਦੇ ਦੁਖ ਭੋਗ ਰਹੀ ਹੈ (ਧਰਮ ਨਾਲ ਬੇਇਨਸਾਫੀ)। ਸੱਚਾ, ਉਦਮੀ ਤੇ ਧਰਮੀ ਮਨੁੱਖ ਸਦਾ ਈਰਖਾ ਰਹਿਤ ਹੁੰਦਾ ਹੈ। ਈਰਖਾ ਕਰਨ ਵਾਲਾ ਪੁਰਸ਼ ਬੜਾ ਦੁਖੀ ਤੇ ਤਰਸਯੋਗ ਹੁੰਦਾ ਹੈ। ਉਸ ਨੂੰ ਦੂਸਰੇ ਦੀ ਉੱਚਤਾ ਤੇ ਆਪਣੀ ਨੀਚਤਾ ਦਾ ਖਿਆਲ ਸਦਾ ਬੇਚੈਨ ਰਖਦਾ ਹੈ (ਈਰਖਾ)। ਬ੍ਰਹਿਮੰਡ ਦੇ ਰਚਨਹਾਰੇ ਵਿਚ ਪੂਰਾ ਭਰੋਸਾ ਰੱਖਣ ਵਾਲਾ ਮਨੁੱਖ ਹੀ ਜੀਵਨ ਦਾ ਅਨੰਦ ਮਾਣ ਸਕਦਾ ਹੈ। 'ਜਿਸ ਤਰ੍ਹਾਂ ਘੜੀ ਦਾ ਹੋਣਾ, ਆਲੀਸ਼ਾਨ ਬਿਲਡਿੰਗ ਦਾ ਹੋਣਾ, ਉਨ੍ਹਾਂ ਦੇ ਬਨਾਣ ਵਾਲਿਆਂ ਦੀ ਹੋਂਦ ਸਾਬਤ ਕਰਦਾ ਹੈ, ਉਸੇ ਤਰ੍ਹਾਂ ਇਸ ਜਗਤ ਰਚਨਾ ਦਾ ਹੋਣਾ, ਇਸ ਵਿਚ ਜੀਉਂਦੇ ਜਾਗਦੇ ਸੋਚ ਤੇ ਵਿਚਾਰ ਵਾਲੇ ਇਨਸਾਨ ਦਾ ਹੋਣਾ ਹੀ ਇਸ ਬਾਤ ਦੀ ਭਾਰੀ ਦਲੀਲ ਹੈ ਕਿ ਰਚਨਾ ਦਾ ਕੋਈ ਰਚਨਹਾਰ ਹੈ, ਇਸ ਇਨਸਾਨ ਦਾ ਕੋਈ ਸਿਰਜਨਹਾਰ ਹੈ (ਰੱਬ ਦੀ ਹੋਂਦ)। ਇਸ ਲਈ ਆਪ ਜੀ ਦਾ ਇਹ ਦ੍ਰਿੜ ਵਿਸਵਾਸ਼ ਹੈ ਕਿ ਕੇਵਲ ਸਿਦਕੀ ਮਨੁੱਖ ਹੀ ਸੱਚਾ ਅਨੰਦ ਤੇ ਖੁਸ਼ੀ ਮਾਣ ਸਕਦਾ ਹੈ। ਸੱਚੀ ਤੇ ਨਿਰੋਲ ਖੁਸ਼ੀ ਦਾ ਬਾਹਰ ਦੇ ਹਾਲਾਤ ਨਾਲ ਕੋਈ ਸੰਬੰਧ ਨਹੀਂ, ਇਹ ਤਾਂ ਮਨ ਦੀ ਇਕ ਅਵਸਥਾ ਹੈ ਜੋ ਕਿ ਇਨਸਾਨ ਦੇ ਆਪਣੇ ਅੰਦਰੋਂ ਉਪਜਦੀ ਹੈ।

ਮਨੁੱਖ ਅਨੇਕ ਢੰਗਾ ਰਾਹੀਂ ਖੁਸ਼ੀ ਦੀ ਭਾਲ ਕਰਦਾ ਹੈ ਪਰ ਸਭ ਤੋਂ ਚੰਗਾ ਸਫਲ ਢੰਗ, "ਸਿਮਰਨ ਅਭਿਆਸ ਹੈ ਜਿਸ ਰਾਹੀਂ ਮਨੁੱਖ ਆਪਣੀ ਆਤਮਾ ਨੂੰ, ਬਾਹਰ ਮੁੱਖੀ ਇੰਦ੍ਰੀਆਂ ਤੋਂ ਮੋੜ ਕੇ ਆਪਣੇ ਅਸਲੇ ਨਾਲ ਅਭੇਦ ਕਰ ਸਕਦਾ ਹੈ (ਖੁਸ਼ੀ)। ਆਪਜੀ ਜੀਵਨ ਨੂੰ ਇਕ ਸਫਰ ਮੰਨਦੇ ਹਨ ਜਿਸ ਵਿਚ ਮੁਸਾਫਿਰ ਨੂੰ ਆਪਣੀ ਮੰਜ਼ਲ ਦਾ ਗਿਆਨ ਹੋਣਾ ਜ਼ਰੂਰੀ ਹੁੰਦਾ ਹੈ। "ਆਤਮ ਮਾਰਗ ਦੇ ਪਾਂਧੀ, ਆਪਣੇ ਅਸਲੇ ਦੇ ਖੋਜੀ,

ਹਸਤੀ ਦੇ ਰਾਜ਼ ਨੂੰ ਲੱਭਣ ਦੇ ਚਾਹਵਾਨ ਨੂੰ ਸਫਰ ਦੇ ਸ਼ੁਰੂ ਤੋਂ ਹੀ ਆਪਣੇ ਨਿਸ਼ਾਨੇ ਦਾ ਪਤਾ ਹੋਣਾ ਲਾਜ਼ਮੀ ਹੈ, ਜਿਵੇਂ ਸਤਿਗੁਰੂ ਜੀ ਨੇ ਰਹਿਨੁਮਾਈ ਕਰਦਿਆਂ 'ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ' ਨੂੰ ਜੀਵਨ ਦਾ ਨਿਸ਼ਾਨਾ ਕਿਹਾ ਹੈ। ਕੇਵਲ ਗੁਰਮੁਖ ਹੀ ਜੀਵਨ ਸਫਰ ਨੂੰ ਸਫਲਤਾ ਨਾਲ ਨਿਭਾਉਂਦਾ ਨਿਸ਼ਾਨੇ ਤੇ ਪੁੱਜਦਾ ਹੈ (ਕਾਮਯਾਬੀ)। ਸਫਲ ਮਨੁੱਖ ਵਿਚ 'ਸਬਰ' ਹੋਣਾ ਲਾਜ਼ਮੀ ਹੈ। ਜਿਸ ਮਨੁੱਖ ਵਿਚ ਸਬਰ ਨਾਲ ਇੰਤਜ਼ਾਰ ਕਰ ਸਕਣ ਦੀ ਖੂਬੀ ਹੈ, ਉਹ ਜੋ ਚਾਹੇ ਕਰ ਸਕਦਾ ਹੈ। ਉਸ ਦੀ ਡਿਕਸ਼ਨਰੀ ਵਿਚ ਨਾਮੁਮਕਿਨ ਲਫਜ਼ ਹੁੰਦਾ ਹੀ ਨਹੀਂ (ਸਬਰ)। ਜਿਸ ਮਨ ਵਿਚ ਫਿਕਰ ਚਿੰਤਾ, ਸੋਗ ਨ ਹੋਵੇ ਅਤੇ ਸੁਖ, ਖੁਸ਼ੀ, ਬੇਪਰਵਾਹੀ, ਅਡੋਲਤਾ ਤੇ ਮਗਨਤਾ ਹੋਵੇ, ਉਹ ਮਨ ਮਸਤੀ ਜਾਂ ਖੁਮਾਰੀ ਦੀ ਹਾਲਤ ਵਿਚ ਰਹਿੰਦਾ ਹੈ। ਸਦੀਵ ਤੇ ਸੱਚੀ ਖੁਮਾਰੀ ਨਾਮ ਸਿਮਰਨ ਰਾਹੀਂ ਪੈਦਾ ਹੁੰਦੀ ਹੈ (ਨਾਮ ਖੁਮਾਰੀ)। ਮਨੁੱਖ ਨੂੰ ਆਪਣਾ ਜੀਵਨ ਕੌਡੀਆਂ ਦੇ ਮੁੱਲ ਨਹੀਂ ਗਵਾਣਾ ਚਾਹੀਦਾ ਕਿਉਂਕਿ 'ਆਦਮੀ ਇਕ ਮਹਾਂ-ਸ਼ਕਤੀ ਹੈ। ਇਸ ਵਰਗੀ ਸੋਹਣੀ, ਮੁਕੰਮਲ, ਆਜ਼ਾਦ, ਖੁਸ਼ਹਾਲ, ਸੁਖੀ, ਸ਼ਕਤੀਵਾਨ ਚੀਜ਼ ਕਰਤਾਰ ਨੇ ਹੋਰ ਬਣਾਈ ਹੀ ਨਹੀਂ। ਆਪਣੇ ਆਪ ਦਾ ਗਿਆਨ ਆਦਮੀ ਨੂੰ ਰੱਬ ਵਰਗਾ ਸੁਖੀ ਬਣਾ ਦਿੰਦਾ ਹੈ (ਆਦਮੀ)। ਆਤਮਿਕ ਟੀਸੀ ਤੇ ਚੜ੍ਹਨ ਦੇ ਅਭਿਲਾਸ਼ੀਆਂ ਨੂੰ ਸਭ ਕੁਝ ਕੁਰਬਾਨ ਕਰਨ ਵਾਸਤੇ ਤਿਆਰ ਹੋਣਾ ਚਾਹੀਦਾ ਹੈ। ਸਭ ਤੋਂ ਵੱਡੀ ਕੁਰਬਾਨੀ 'ਹਉਮੈ' ਦੀ ਕੁਰਬਾਨੀ ਹੈ। ਹਉਮੈ ਦੇ ਤਿਆਗਣ ਦਾ ਮਤਲਬ ਹਉਮੈ ਨਾਲ ਸੰਬੰਧ ਰੱਖਣ ਵਾਲਾ ਸਭ ਕੁਝ ਤਿਆਗਣਾ ਹੈ......ਮਨ ਨੂੰ ਐਸੇ ਨਿਰਮਾਣਤਾ ਦੇ ਦਰਜੇ ਤੱਕ ਨਿਵਾਣਾ ਹੈ ਜਿਥੇ 'ਸਭਨਾ ਕੀ ਰੇਣੁਕਾ' ਦਾ ਅਰਥ ਘਟ ਸਕੇ (ਮਹਾਂਪੁਰਖਾਂ ਦਾ ਸੰਗ)। ਚੜ੍ਹਦੀ ਕਲਾ ਵਿਚ ਵਿਚਰਦਾ ਮਨੁੱਖ ਮੌਤ ਦੇ ਰਾਜ਼ ਨੂੰ ਜਾਣ ਲੈਂਦਾ ਹੈ। ਉਹ ਇਹ ਸੱਚ



ਜਾਣ ਲੈਂਦਾ ਹੈ ਕਿ ਮਨੁੱਖ ਸਰੀਰ ਨਹੀਂ, ਸਗੋਂ ਸਰੀਰ ਤੋਂ ਵਖਰੀ ਸਰੀਰ ਵਿਚ ਰਹਿਣ ਵਾਲੀ ਕੋਈ ਹੋਰ ਵਸਤੂ ਹੈ। ਮੌਤ ਦਾ ਦੁਖ, ਡਰ ਤੇ ਕਲੇਸ਼, ਜੀਵ ਜਾਂ ਰੂਹ ਨੂੰ ਆਪਣੀ ਅਗਿਆਨਤਾ ਅਤੇ ਨਾ-ਵਾਕਫੀਅਤ ਕਰਕੇ ਹੁੰਦਾ ਹੈ। ਗੁਰਮੁਖ ਨੂੰ ਮੌਤ ਉਸੇ ਤਰ੍ਹਾਂ ਚੰਗੀ ਲਗਦੀ ਹੈ ਜਿਵੇਂ ਥੱਕੇ ਟੁੱਟੇ ਆਦਮੀ ਨੂੰ ਨੀਂਦਰ। ਮੌਤ ਦੀ ਅਸਲੀਅਤ ਨੂੰ ਸਮਝਣ ਵਾਲਾ ਮਨੁੱਖ 'ਇਸ ਸਫਰ ਨੂੰ ਸੁਹਾਵਣਾ ਸੁਖੀ ਤੇ ਆਰਾਮ ਵਾਲਾ ਬਣਾ ਸਕਦਾ ਹੈ' (ਮੌਤ ਕੀ ਹੈ?)।

ਬੀਰ ਜੀ ਗੁਰੂ ਗ੍ਰੰਥ ਸਾਹਿਬ, ਗੁਰਬਾਣੀ ਅਤੇ ਗੁਰਮਤਿ ਦੇ ਸੱਚੇ ਧਾਰਨੀ ਸਨ। ਆਪ ਜੀ ਨੇ ਗੁਰਬਾਣੀ ਦੇ ਅਧਿਆਤਮਕ ਰਹੱਸ ਨੂੰ ਸਰਲ ਸ਼ਬਦਾਂ ਵਿਚ ਦਸਿਆ ਹੈ। ਗੁਰਮਤਿ ਦੀ ਵਿਆਖਿਆ ਕਰਦਿਆਂ ਆਪਜੀ ਦਸਦੇ ਹਨ, "ਜਿਸਨੇ ਆਪਣੇ ਮਨ ਨੂੰ ਮਾਇਆ ਦੇ ਝੂਠੇ ਤੇ ਆਰਜ਼ੀ ਰਸਾਂ ਤੋਂ ਮੋੜ ਕੇ ਨਾਮ ਦੇ ਮਹਾਂਰਸ ਦਾ ਮਤਵਾਲਾ ਬਣਾ ਲਿਆ ਅਤੇ ਮਾਇਆ ਨੂੰ ਵਾਹਿਗੁਰੂ ਦੀ ਦਾਤ ਸਮਝ ਕੇ, ਸਭ ਭਲੇ ਲੋੜਵੰਦ ਪੁਰਸ਼ਾਂ ਨਾਲ ਵੰਡ ਛਕਦਾ ਹੈ, ਉਸ ਉਪਰ ਮਾਇਆ ਦੇ ਰਸ ਆਪਣਾ ਰੰਗ ਨਹੀਂ ਚਾੜ੍ਹ ਸਕਦੇ। ...... ਸੇਵਾ, ਭਗਤੀ, ਘਾਲਣਾ, ਨਾਮ ਕਮਾਈ....... ਸਭ ਚੀਜ਼ਾਂ ਚੰਗੀਆਂ ਹਨ ਪਰ ਕਰਤਾਰ ਦੀ ਪ੍ਰਾਪਤੀ ਉਸ ਦੀ ਮਿਹਰ ਅਤੇ ਨਿਰਮਾਣ ਹੋਕੇ ਉਡੀਕ ਕੀਤਿਆ ਹੁੰਦੀ ਹੈ..... ਵਾਹਿਗੁਰੂ ਨਿਰਮਾਣਤਾ ਦਾ ਬੜਾ ਆਸ਼ਕ ਹੈ .......ਭਗਤੀ ਸੇਵਾ, ਨਾਮ ਕਮਾਈ ਕਰਨਾ ਇਨਸਾਨ ਦਾ ਕਰਤੱਵ ਹੈ ਪਰ ਕਰਤਾਰ ਪ੍ਰਾਪਤੀ ਵਾਹਿਗੁਰੂ ਦੀ ਖੁਸ਼ੀ ਤੇ ਮਿਹਰ ਦਾ ਸਦਕਾ ਹੈ (ਗੁਰਮਤਿ ਦੀ ਵਡਿਆਈ)।

ਇਸ ਤਰ੍ਹਾਂ ਰੱਸ ਭਰਪੂਰ ਛੋਟੇ ਛੋਟੇ ਲੇਖਾਂ ਵਿਚ ਆਪਜੀ ਨੇ ਜੀਵਨ ਵਿਚ ਵਿਆਪਕ 'ਖਤਰੇ' ਦਸ ਕੇ ਉਨ੍ਹਾਂ ਦਾ ਗੁਰਮਤਿ ਅਨੁਸਾਰ ਨਿਵਾਰਣ

ਦਸਿਆ ਹੈ। **'ਮੁਸੀਬਤ'** ਵਿਚ **'ਧੀਰਜ'** ਨੂੰ ਸਭ ਤੋਂ ਵੱਡਾ ਗੁਣ ਅਤੇ ਮਿੱਤਰ ਦਸਿਆ ਹੈ। **'ਬਦੀ ਦੀ ਅਸਲੀਅਤ'** ਦਸਦਿਆਂ ਆਪਜੀ ਲਿਖਦੇ ਹਨ, 'ਵਾਹਿਗੁਰੂ ਵਿਚ ਬਦੀ ਜਾਂ ਬੁਰਿਆਈ ਦਾ ਨਾਮ ਨਿਸ਼ਾਨ ਨਹੀਂ। ਨਾਂ ਹੀ ਮੌਤ ਦਾ ਦੁਖ, ਦਰਦ ਅਤੇ ਸੰਤਾਪ ਹੈ....." ਇਸ ਵਿਚਾਰ ਨੂੰ ਅਨੇਕਾਂ ਪਰਮਾਣਾਂ ਰਾਹੀਂ ਸਪਸ਼ਟ ਕੀਤਾ ਹੈ। **'ਸਿਫਰ ਅਤੇ ਏਕਾ'** ਵਿਚ ਇਹ ਮਹਾਨ ਵਿਚਾਰ ਦਿਤੀ ਹੈ ਕਿ 'ਮਨੁੱਖ ਆਪਣੇ ਆਪ ਵਿਚ ਸਿਫਰ ਹੈ ਪਰ (ਜੇ ਇਕ ਨਾਲ ਲਗ ਜਾਵੇ) ਜੇ ਵਾਹਿਗੁਰੂ ਨੂੰ ਆਪਣਾ ਸਾਥੀ ਬਣਾ ਲਵੇ ਤਾਂ .....ਵਾਹਿਗੁਰੂ ਦੀ ਸ਼ਕਤੀ ਨਾਲ ਜੋ ਚਾਹੇ ਬਣ ਸਕਦਾ ਹੈ।

ਸਾਰੇ ਲੇਖ ਨਿਰਸੰਦੇਹ ਅਨਮੋਲ ਮੋਤੀ ਹਨ। ਏਥੇ ਸਭ ਦਾ ਵਰਣਨ ਕਰਨਾ ਸੰਭਵ ਨਹੀਂ। ਉਦਾਹਰਣ ਮਾਤਰ ਕੁਝ ਦਾ ਜ਼ਿਕਰ ਕੀਤਾ ਹੈ ਪਰ ਇਕ ਗੱਲ ਦਾਹਵੇ ਨਾਲ ਕਹੀ ਜਾ ਸਕਦੀ ਹੈ ਕਿ ਜਿਸ ਮਨੁੱਖ ਵਿਚ ਆਪਣਾ ਸ਼ੁਧ ਆਪਾ ਜਾਣਨ ਅਤੇ ਮਾਣਨ ਦੀ ਥੋੜੀ ਜਿਹੀ ਵੀ ਜਗਿਆਸਾ ਹੈ ਉਹ ਸਾਰੀ ਦੀ ਸਾਰੀ ਪੁਸਤਕ ਇਕੋ ਸਾਹ, ਇਕੋ ਬੈਠਕ ਵਿਚ ਹੀ ਪੜ੍ਹਨੀ ਲੋਚੇਗਾ। ਕੁਝ ਐਸੇ ਪ੍ਰਸ਼ਨ ਜੋ ਸਾਡੇ ਧੁਰ ਅੰਦਰ ਤੂਫਾਨ ਪੈਦਾ ਕਰਦੇ ਰਹਿੰਦੇ ਹਨ, ਇਹ ਪੁਸਤਕ ਪੜ੍ਹ ਕੇ ਸ਼ਾਂਤ ਹੋ ਜਾਂਦੇ ਹਨ। ਜ਼ਿੰਦਗੀ ਨਵੇਂ ਪੰਧ ਤੇ ਚਲਣ ਦਾ ਪ੍ਰਣ ਲੈਂਣੀ ਹੈ।

**'ਕਾਦਰ ਅਤੇ ਕੁਦਰਤ'** ਦਾ ਕੀ ਸੰਬੰਧ ਹੈ? ਇਹ ਜਗਤ ਸੱਚ ਹੈ ਜਾਂ ਝੂਠ? ਸੁਪਨਿਆਂ ਦਾ ਸੰਸਾਰ ਤੇ ਜਾਗ੍ਰਿਤ ਸੰਸਾਰ ਦੀ ਅਸਲੀਅਤ ਕੀ ਹੈ? **(ਅਸੀਂ ਤੇ ਸਾਡਾ ਜਗਤ)**। **'ਸਭ ਕੋ ਦਾਤਾ ਰਾਮ'** ਕਿਵੇਂ ਹੈ? ਨਿਰਾਸ਼ਾਵਾਦ ਤੋਂ ਕਿਵੇਂ ਛੁਟਕਾਰਾ ਪਾਇਆ ਜਾਵੇ? **(ਆਸਵੰਦ ਰਹਿਣਾ)** **'ਵਾਹਿਗੁਰੂ ਹਰ ਥਾਂ ਬਦੀ ਕਿਤੇ ਵੀ ਨਾ'** ਕਿਉਂਕਿ ਜਿਥੇ ਜ਼ਿੰਦਗੀ ਹੈ, ਉਥੇ ਮੌਤ ਨਹੀਂ ....... ਜਿਥੇ ਸਿਹਤ ਹੈ, ਖੁਸ਼ੀ ਹੈ, ਪ੍ਰੇਮ ਹੈ, ਉਥੇ ਬੀਮਾਰੀ ਨਹੀਂ, ਦੁਖ ਨਹੀਂ, ਪਾਪ ਨਹੀਂ, ਨਫਰਤ ਨਹੀਂ ........ ਹਨ੍ਹੇਰਾ ਕੇਵਲ ਉਸ



ਥਾਂ ਤੇ ਰਹਿ ਸਕਦਾ ਹੈ ਜਿਥੇ ਰੌਸ਼ਨੀ ਨਾ ਹੋਵੇ। **'ਪ੍ਰਭਾਤ ਦਾ ਜਾਗਣਾ'** ਜਗਿਆਸੂ ਲਈ ਕਿੰਨਾ ਗੁਣਕਾਰੀ ਹੈ, ਭਗਤੀ ਅਤੇ ਗਿਆਨ ਦਾ ਕੀ ਸੰਬੰਧ ਹੈ? **'ਬੇਗਮਪੁਰਾ'** ਕੀ ਹੈ, ਤੇ ਇਸ ਵਿਚ ਕਿਵੇਂ ਵਾਸਾ ਪ੍ਰਾਪਤ ਹੁੰਦਾ ਹੈ? **'ਮਤੁ ਵੇਖਿ ਭੁਲਾ ਵੀਸਰੇ'** ਅਰਥਾਤ ਕਿਹੜੀਆਂ ਵਸਤੂਆਂ ਪ੍ਰਭੂ ਨੂੰ ਵਿਸਾਰਨ ਦੀਆਂ ਜ਼ੁੰਮੇਵਾਰ ਹਨ? **'ਦੁਖ ਵਿਚਿ ਸੁਖ ਮਨਾਈ'** ਕਿਵੇਂ ਸੰਭਵ ਹੈ? **'ਗੁਰ ਕਾ ਗ੍ਰਿਹਿ'** ਕਿਵੇਂ ਪ੍ਰਾਪਤ ਹੋਵੇ? **'ਖੁਸ਼ ਰਹਿਣਾ'** ਕਿਵੇਂ ਨਸੀਬ ਹੋਵੇ? **'ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ'** ਦੀ ਅਸਲੀਅਤ ਕੀ ਹੈ? 'ਸਮਾਂ-ਕਾਲ' ਦਾ ਸਹੀ ਲਕਸ਼ ਕੀ ਹੈ? **'ਹਉਮੈ ਰਹਿਤ ਇਨਸਾਨ'** ਦਾ ਸਰੂਪ ਕੀ ਹੈ? ਵਾਹਿਗੁਰੂ ਸਰਬ ਸ਼ਕਤੀਮਾਨ ਕਿਵੇਂ? ਠੀਕ ਜਾਂ ਵਿਗਿਆਨਕ **'ਦ੍ਰਿਸ਼ਟੀ'** ਤੋਂ ਕੀ ਭਾਵ ਹੈ? **"ਗੁਰਮਤੀ ਰੰਗੁ ਮਾਣੁ"** ਦੀ ਅਵਸਥਾ ਕਿਵੇਂ ਪ੍ਰਾਪਤ ਹੋਵੇ? ਐਸੇ ਉਤਸੁਕਤਾ ਭਰਪੂਰ, ਗਿਆਨ ਅਤੇ ਅਨੁਭਵ ਵਿਚੋਂ ਨਿਕਲੇ ਵਿਚਾਰ ਪੁਸਤਕ ਦੇ ਇਨ੍ਹਾਂ ਲੇਖਾਂ ਵਿਚ ਪ੍ਰਾਪਤ ਹਨ। ਇਹ ਵੱਡਮੁਲੀ ਦਾਤ ਹੈ ਜਿਸ ਨੂੰ ਪੜ੍ਹ ਕੇ ਅਤੇ ਵਿਚਾਰਾਂ ਨੂੰ ਧਾਰਨ ਕਰਕੇ ਜੀਵਨ ਰੌਅ ਰੁਮਕ ਪੈਂਦੀ ਹੈ, ਨਾਮ ਸਿਮਰਨ ਵਿਚ ਸੁਰਤਿ ਜੁੜਦੀ ਹੈ, ਜੀਵਨ ਸੁਖੀ, ਸੁਹੇਲਾ ਹੁੰਦਾ ਹੈ।

ਮੈਨੂੰ ਖੁਦ ਨੂੰ ਬੀਰ ਜੀ ਦੇ ਪ੍ਰਵਚਨ ਸੁਣਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ ਹੈ ਅਤੇ ਹੁਣ ਪੁਸੱਤਕ ਦਾ ਨਵਾਂ-ਸੰਸਕਰਣ ਪੜ੍ਹਨ ਤੇ ਸੋਧਣ ਦਾ ਸੁਭਾਗਾ ਅਵਸਰ ਪ੍ਰਾਪਤ ਹੋਇਆ ਹੈ। ਪਹਿਲੇ ਸੰਸਕ੍ਰਣਾ ਵਿਚ ਗੁਰਬਾਣੀ ਦੀਆਂ ਤੁਕਾਂ ਸੋਧ ਕੇ ਨਹੀਂ ਲਿਖੀਆਂ ਗਈਆਂ, ਨਾਂ ਹੀ ਗੁਰਬਾਣੀ ਵਾਕਾਂ ਨਾਲ ਗੁਰੂ ਗ੍ਰੰਥ ਸਾਹਿਬ ਦਾ ਅੰਕ ਦਿਤਾ ਗਿਆ ਸੀ। ਇਹ ਬਹੁਤ ਜ਼ਰੂਰੀ ਤੇ ਮਹੱਤਵਪੂਰਣ ਕਾਰਜ ਇਸ ਸੋਧੇ ਹੋਏ ਸੰਸਕ੍ਰਣ ਵਿਚ ਸੰਪੰਨ ਹੋਇਆ ਹੈ। ਇਸ ਨਾਲ ਗੁਰਬਾਣੀ ਦੇ ਦਿਤੇ ਹਵਾਲਿਆਂ ਨੂੰ ਹੋਰ ਵਿਸਥਾਰ ਨਾਲ ਵਾਚਿਆ ਜਾ ਸਕਦਾ ਹੈ। ਇਸ ਸੁਭਾਗੇ ਅਵੱਸਰ

ਲਈ ਮੈਂ 'ਆਤਮ ਸਾਇੰਸ' ਟਰੱਸਟ ਦੇ ਵਾਇਸ-ਚੇਅਰਮੈਨ ਸ. ਜਸਬੀਰ ਸਿੰਘ 'ਬੀਰ' ਅਤੇ ਚੇਅਰਮੈਨ ਸ. ਸਰਨ ਸਿੰਘ ਜੀ ਦਾ ਰਿਣੀ ਹਾਂ। ਮੈਂ ਸ. ਅਮਰਜੀਤ ਸਿੰਘ ਜੀ, ਫਾਊਂਡਰ ਮੈਂਬਰ ਆਤਮ-ਸਾਇੰਸ ਟਰੱਸਟ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਇਸ ਮਹਾਨ ਅਧਿਆਤਮਕ ਸੰਸਥਾ ਨਾਲ ਜੋੜਿਆ ਹੈ।

ਜਗਜੀਤ ਸਿੰਘ

(ਡਾ. ਜਗਜੀਤ ਸਿੰਘ)
(ਰੀ.) ਪ੍ਰਿੰਸੀਪਲ ਗੁਰਮਤਿ ਕਾਲਜ
ਪਟਿਆਲਾ।
25/VII ਸਾਹਿਬਜ਼ਾਦਾ ਅਜੀਤ ਸਿੰਘ ਨਗਰ ਪੰਜਾਬ
160061 (ਫੋਨ. 2228761)

01 MARCH, 2004



# ਭੂਮਿਕਾ

'ਆਤਮ-ਸਾਇੰਸ' ਲਹਿਰ ਦੇ ਪ੍ਰਚਾਰ ਹਿਤ ਛਪੀਆਂ ਪੁਸਤਕਾਂ ਦੀ ਲੜੀ ਵਿਚ 'ਚੜ੍ਹਦੀ ਕਲਾ' ਪੰਜਵੀਂ ਪੁਸਤਕ ਹੈ। ਇਸ ਤੋਂ ਪਹਿਲੇ 'ਬੰਦਗੀਨਾਮਾ' 'ਰਮਜ਼ੀ ਕਹਾਣੀਆਂ' 'ਸਿਮਰਨ ਮਹਿਮਾ' ਤੇ 'ਗੁਰਮਤ ਚਾਨਣ' ਛਪ ਕੇ ਗੁਰਸਿੱਖਾਂ ਦੀ ਸੇਵਾ ਵਿਚ ਪਹੁੰਚ ਚੁੱਕੀਆਂ ਹਨ। 'ਗੁਰੂ ਸਾਹਿਬਾਨ ਅਤੇ ਪੁਰਾਤਨ ਗੁਰਸਿੱਖਾਂ ਦੇ ਜੀਵਨ ਉਤੇ ਨਜ਼ਰ ਮਾਰਿਆਂ, ਅਸੀਂ ਦੇਖਾਂਗੇ ਕਿ ਉਹ ਅਨੇਕ ਪ੍ਰਕਾਰ ਦੀਆਂ ਮੁਸੀਬਤਾਂ, ਦੁਰਘਟਨਾਂਵਾਂ ਅਤੇ ਮੁਸ਼ਕਲਾਂ ਵਿਚ ਵੀ 'ਚੜ੍ਹਦੀ ਕਲਾ' ਦਾ ਜੀਵਨ ਬਤੀਤ ਕਰਦੇ ਸਨ। ਇਸ ਕ੍ਰਿਸ਼ਮੇ ਦਾ ਭੇਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਗੁਰੂ ਸਾਹਿਬਾਨ ਨੇ ਖੋਲ੍ਹ ਕੇ ਦੱਸਿਆ ਹੈ। ਗੁਰਮੁਖ, ਵਾਹਿਗੁਰੂ ਨੂੰ ਆਪਣਾ ਪਿਤਾ, ਸਾਹਿਬ ਜਾਂ ਮਾਲਕ ਸਮਝਦਾ ਹੈ ਅਤੇ ਆਪਣਾ ਹਰ ਕੰਮ ਵਾਹਿਗੁਰੂ ਦਾ ਹੋ ਕੇ, ਵਾਹਿਗੁਰੂ ਦੇ ਆਸਰੇ ਅਤੇ ਵਾਹਿਗੁਰੂ ਦੇ ਨਮਿਤ ਕਰਦਾ ਹੈ। ਵਾਹਿਗੁਰੂ ਖੁਦ ਕਿਉਂਕਿ ਚੜ੍ਹਦੀਆਂ ਕਲਾਂ ਵਿਚ ਵਿਚਰਨ ਵਾਲੀ ਹਸਤੀ ਹੈ। ਇਸ ਕਰਕੇ ਆਪਣੇ ਆਪ ਨੂੰ ਵਾਹਿਗੁਰੂ ਦੇ ਨਮੂਨੇ 'ਤੇ ਚੱਲਣ ਵਾਲਾ ਗੁਰਸਿੱਖ ਵੀ ਸਦਾ ਚੜ੍ਹਦੀ ਕਲਾ ਦਾ ਜੀਵਨ ਬਤੀਤ ਕਰਦਾ ਹੈ।

*ਦੂਖ ਨਾਹੀ ਸਭੁ ਸੁਖੁ ਹੀ ਹੈ ਰੇ, ਏਕੈ ਏਕੀ ਨੇਤੈ॥*
*ਬੁਰਾ ਨਹੀ ਸਭੁ ਭਲਾ ਹੀ ਹੈ ਰੇ, ਹਾਰ ਨਹੀ ਸਭ ਜੇਤੈ॥*
*ਸੋਗੁ ਨਾਹੀ ਸਦਾ ਹਰਖੀ ਹੈ ਰੇ, ਛੋਡਿ ਨਾਹੀ ਕਿਛੁ ਲੇਤੈ॥*
*ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ, ਕਤ ਆਵੈ ਕਤ ਰਮਤੈ॥*

*ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ - 1302*

ਇਸ ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ, ਆਤਮਾ ਨੂੰ

ਚੜ੍ਹਦੀ ਕਲਾ ਵਿਚ ਲੈ ਜਾਣ ਵਾਲੇ ਉਪਦੇਸ਼ਾਂ ਦੇ ਆਧਾਰ ਉਤੇ ਲਿਖੇ ਕਈ ਲੇਖ ਦਰਜ ਹਨ, ਜੋ ਆਸ ਹੈ, ਪਾਠਕਾਂ ਨੂੰ ਸਦਾ ਚੜ੍ਹਦੀਆਂ ਕਲਾ ਅੰਦਰ ਰੱਖਣ ਵਿਚ ਸਹਾਈ ਹੋਣਗੇ।

*ਹਰਖ ਅਨੰਤ ਸੋਗ ਨਹੀ ਬੀਆ॥*
*ਸੋ ਘਰੁ ਗੁਰਿ ਨਾਨਕ ਕਉ ਦੀਆ॥* ਪੰਨਾ - 187

੧.੧.੪੮ -ਰਘਬੀਰ ਸਿੰਘ 'ਬੀਰ'





# ਪੁਲੀਸ ਦਾ ਸਿਪਾਹੀ

ਪੁਲੀਸ ਦੇ ਸਿਪਾਹੀ ਨੂੰ ਗਹੁ ਨਾਲ ਦੇਖੋ ਤਾਂ ਉਸ ਦੀ ਆਮ ਲੋਕਾਂ ਨਾਲੋਂ ਹਰ ਬਾਤ ਵੱਖਰੀ ਨਜ਼ਰ ਆਵੇਗੀ। ਪਬਲਿਕ ਦਾ ਸੇਵਾਦਾਰ ਹੁੰਦਿਆਂ ਵੀ ਉਸਨੂੰ ਆਪਣੇ ਤੇ ਸਵੈਮਾਨ ਹੁੰਦਾ ਹੈ, ਉਸ ਦੀ ਗੱਲ ਗੱਲ ਤੋਂ ਹੁਸ਼ਿਆਰੀ, ਨਿਰਭੈਤਾ ਅਤੇ ਦ੍ਰਿੜਤਾ ਟਪਕਦੀ ਹੈ। ਵੱਡੇ ਵੱਡੇ ਬਦਮਾਸ਼, ਚੋਰ, ਡਾਕੂ ਤੇ ਖ਼ੂਨੀ ਪੁਲੀਸ ਦੇ ਸਿਪਾਹੀ ਤੋਂ ਖਮ ਖਾਂਦੇ ਤੇ ਡਰਦੇ ਹਨ। ਸਿਪਾਹੀ ਕੋਲੋਂ ਭਾਵੇਂ ਸ਼ਰੀਫ ਆਦਮੀ ਡਰਦੇ ਤਾਂ ਨਹੀਂ ਪਰ ਸਿਪਾਹੀ ਦੇ ਡਿਊਟੀ ਉਤੇ ਹੋਣ ਵੇਲੇ ਉਸ ਦੇ ਕਹਿਣ ਅਨੁਸਾਰ ਸਭ ਨੂੰ ਚੱਲਣਾ ਪੈਂਦਾ ਹੈ।

ਕਲਕੱਤੇ ਦੇ ਸਭ ਤੋਂ ਚੌੜੇ ਤੇ ਆਵਾਜਾਈ ਨਾਲ ਖਚਾ-ਖਚ ਰਹਿਣ ਵਾਲੇ ਬਾਜ਼ਾਰ ਦਾ ਨਾਮ ਚੌਰੰਗੀ ਰੋਡ ਹੈ। ਇਸ ਬਾਜ਼ਾਰ ਦੀ ਰੌਣਕ ਤੇ ਗਹਿਮਾ-ਗਹਿਮ ਦਸੰਬਰ ਦੇ ਅਖੀਰ, ਵੱਡੇ ਦਿਨਾਂ ਦੀਆਂ ਛੁੱਟੀਆਂ ਵਿਚ ਵੇਖਣ ਵਾਲੀ ਹੁੰਦੀ ਹੈ। ਵਾਇਸਰਾਏ ਹਿੰਦ ਉਨ੍ਹਾਂ ਦਿਨਾਂ ਵਿਚ ਹਮੇਸ਼ਾਂ ਕਲਕੱਤੇ ਹੁੰਦਾ ਸੀ ਅਤੇ ਕਈ ਰਾਜੇ, ਮਹਾਰਾਜੇ, ਨਵਾਬ, ਅਮੀਰ ਕ੍ਰਿਸਮਿਸ ਦੀ ਸੈਰ ਕਰਨ ਆਉਂਦੇ ਹਨ। ਇਸ ਚੌਰੰਗੀ ਰੋਡ ਉਤੇ ਹਜ਼ਾਰਾਂ ਦੀ ਗਿਣਤੀ ਵਿਚ ਮੋਟਰਕਾਰਾਂ ਰੋਜ਼ ਇਕ ਪਾਸਿਉਂ ਦੂਸਰੇ ਪਾਸੇ ਆਉਂਦੀਆਂ ਜਾਂਦੀਆਂ। ਹਜ਼ਾਰਾਂ ਮੋਟਰਕਾਰਾਂ ਦੇ ਇਕੋ ਸਮੇਂ ਆਉਣ-ਜਾਣ ਨਾਲ ਹਾਦਸਿਆਂ ਦਾ ਖਤਰਾ ਬਹੁਤ ਵੱਧ ਜਾਂਦਾ ਹੈ। ਇਨ੍ਹਾਂ ਹਾਦਸਿਆਂ ਨੂੰ ਰੋਕਣ ਤੇ ਆਵਾਜਾਈ ਨੂੰ ਕਾਬੂ ਵਿਚ ਰੱਖਣ ਲਈ ਚੌਰੰਗੀ ਦੀ ਸੜਕ ਦੇ ਹਰ ਮੋੜ ਜਾਂ ਚੌਰਾਹੇ ਉਤੇ ਪੁਲਿਸ ਦਾ ਕੇਵਲ ਇਕ ਸਿਪਾਹੀ ਖੜ੍ਹਾ ਹੁੰਦਾ ਹੈ। ਇਹ ਇਕ ਸਿਪਾਹੀ ਆਪਣਾ ਹੱਥ ਖੜ੍ਹਾ ਕਰਕੇ ਜਿਸ ਪਾਸੇ ਦੀਆਂ ਗੱਡੀਆਂ ਨੂੰ ਰੋਕਣਾ ਚਾਹੇ ਰੋਕ ਸਕਦਾ ਹੈ। ਇਸ ਦੇ ਹੱਥ ਦੇਣ ਨਾਲ ਸੜਕ ਦੀਆਂ ਆਹਮੋ-ਸਾਹਮਣੇ ਤੋਂ ਵੀਹ ਪੰਝੀ ਮੀਲ ਦੀ ਰਫ਼ਤਾਰ ਨਾਲ ਆਉਂਦੀਆਂ ਮੋਟਰਕਾਰਾਂ ਸਕਿੰਡਾਂ ਵਿਚ ਬਿਲਕੁਲ ਖਲੋ ਜਾਂਦੀਆਂ ਹਨ। ਇਨ੍ਹਾਂ ਮੋਟਰਾਂ ਵਿਚ ਬੜੇ-ਬੜੇ ਰਾਜੇ, ਸਰਕਾਰੀ ਅਫਸਰ, ਕ੍ਰੋੜਾਂਪਤੀ ਧਨਾਢ, ਜਰਨੈਲ ਅਤੇ ਕਮਾਂਡਰ ਹੁੰਦੇ ਹਨ, ਪਰ ਕਿਸੇ ਦੀ ਮਜ਼ਾਲ ਨਹੀਂ

ਕਿ ਸਿਪਾਹੀ ਦਾ ਹੱਥ ਖੜ੍ਹਾ ਹੋਣ ਉਤੇ ਆਪਣੀ ਮੋਟਰ ਨੂੰ ਫੌਰਨ ਖੜ੍ਹਾ ਨਾ ਕਰੇ। ਸਿਪਾਹੀ ਆਪਣੀ ਡਿਊਟੀ ਉਤੇ ਸਿਰ ਉਚਾ ਚੁੱਕੀ ਡੱਟ ਕੇ ਖੜ੍ਹਾ ਹੁੰਦਾ ਹੈ ਅਤੇ ਬੜੀ ਨਿਰਭੈਤਾ ਨਾਲ ਆਪਣੇ ਹੱਥਾਂ ਨੂੰ ਜ਼ਰੂਰਤ ਅਨੁਸਾਰ ਹਿਲਾਉਂਦਾ ਅਤੇ ਸੜਕ ਦੀ ਆਵਾਜਾਈ ਨੂੰ ਕਾਬੂ ਵਿਚ ਰਖਦਾ ਹੈ। ਕੀ ਉਸਨੂੰ ਪਤਾ ਨਹੀਂ ਕਿ ਉਹ ਕੇਵਲ ਵੀਹ ਪੰਜੀ ਰੁਪਏ ਦਾ ਮਾਮੂਲੀ ਮੁਲਾਜ਼ਮ ਹੋ ਕੇ ਆਪਣੇ ਹੱਥ ਦੇ ਇਸ਼ਾਰੇ ਨਾਲ ਕਈ ਕਈ ਹਜ਼ਾਰ ਮਾਹਵਾਰੀ ਆਮਦਨ ਵਾਲੇ ਅਤੇ ਵੱਡੇ ਵੱਡੇ ਰੁਤਬਿਆਂ ਵਾਲੇ ਆਦਮੀਆਂ ਨੂੰ ਆਪਣੀ ਮਰਜ਼ੀ ਅਨੁਸਾਰ ਮੋਟਰਾਂ ਖੜ੍ਹੀਆਂ ਕਰਨ ਤੇ ਮਜਬੂਰ ਕਰ ਰਿਹਾ ਹੈ? ਹਾਂ, ਸਿਪਾਹੀ ਨੂੰ ਇਹ ਮਲੂਮ ਹੁੰਦਾ ਹੈ ਕਿ ਉਸ ਦੇ ਪਿਛੇ ਉਸ ਦੀ ਮਦਦ ਵਾਸਤੇ ਗਵਰਨਮੈਂਟ ਦੀਆਂ ਅਦਾਲਤਾਂ, ਗਵਰਨਮੈਂਟ ਦੀ ਸਾਰੀ ਤਾਕਤ ਹੈ। ਇਸ ਲਈ ਪੁਲੀਸ ਦਾ ਸਿਪਾਹੀ ਨਿਡਰ ਹੋ ਕੇ ਬਗੈਰ ਲਿਹਾਜ਼ ਦੇ ਗਵਰਨਮੈਂਟ ਦੀ ਸਾਰੀ ਤਾਕਤ ਨੂੰ ਆਪਣੇ ਅੰਗ ਸੰਗ ਮਹਿਸੂਸ ਕਰਦਾ ਤੇ ਆਪਣੇ ਹੀ ਜ਼ਿੰਮੇ ਲਾਈ ਸੇਵਾ ਨੂੰ ਨਿਭਾਉਂਦਾ ਹੈ। ਜਿਵੇਂ ਪੁਲੀਸ ਦੇ ਸਿਪਾਹੀ ਨੂੰ ਆਪਣੇ ਪਿੱਛੇ ਸਾਰੀ ਗਵਰਨਮੈਂਟ ਦੀ ਤਾਕਤ ਦਾ ਮਾਣ ਹੁੰਦਾ ਹੈ, ਓਵੇਂ ਵਾਹਿਗੁਰੂ ਦੇ ਖਾਲਸਾ ਨੂੰ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਸਿੱਖ ਨੂੰ ਪਤਾ ਹੁੰਦਾ ਹੈ ਕਿ ਉਸ ਦੇ ਪਿਛੇ ਜੀਉਂਦਾ ਜਾਗਦਾ, ਸਰਬਸ਼ਕਤੀਮਾਨ ਅਤੇ ਨਿਰਭੈ ਵਾਹਿਗੁਰੂ ਅਤੇ ਉਸ ਦੀਆਂ ਸਰਬ ਸ਼ਕਤੀਆਂ ਹਨ। ਇਸ ਲਈ ਉਹ ਦੁਨੀਆਂ ਵਿਚ ਜਿਸ ਸੇਵਾ ਤੇ ਖੜ੍ਹਾ ਕੀਤਾ ਜਾਵੇ, ਉਹ ਉਸ ਸੇਵਾ ਨੂੰ ਨਿਧੜਕ ਹੋ ਕੇ, ਬਗੈਰ ਕਿਸੇ ਤੋਂ ਡਰ ਕੇ, ਪੂਰੀ ਈਮਾਨਦਾਰੀ ਨਾਲ ਨਿਭਾਉਂਦਾ ਹੈ। ਜਿਥੇ ਉਸਨੂੰ ਇਹ ਪਤਾ ਹੁੰਦਾ ਹੈ ਕਿ ਉਸ ਦੇ ਅੰਗ-ਸੰਗ ਵਾਹਿਗੁਰੂ ਹੈ, ਉਥੇ ਉਸਨੂੰ ਇਹ ਵੀ ਪਤਾ ਹੁੰਦਾ ਹੈ ਕਿ ਵਾਹਿਗੁਰੂ ਨੂੰ ਅਤੇ ਵਾਹਿਗੁਰੂ ਦੇ ਖਾਲਸੇ ਨੂੰ ਹਮੇਸ਼ਾ ਹਰ ਕੰਮ ਵਿਚ ਫਤਹਿ ਹੀ ਫਤਹਿ ਹੁੰਦੀ ਹੈ। ਵਾਹਿਗੁਰੂ ਫਤਹਿ ਰੂਪ ਹੋਣ ਕਰਕੇ ਉਸ ਦਾ ਖਾਲਸਾ ਵੀ ਫਤਹਿ ਰੂਪ ਹੁੰਦਾ ਹੈ। ਵਾਹਿਗੁਰੂ ਦੇ ਖਾਲਸੇ ਜਾਂ ਰੱਬ ਦੇ ਬੰਦੇ ਦੀਆਂ ਸ਼ਕਤੀਆਂ ਸਬੰਧੀ ਗੁਰੂ ਗ੍ਰੰਥ ਜੀ ਵਿਚ ਇਂਜ ਦਸਿਆ ਗਿਆ ਹੈ : -

*ਜਾ ਕੇ ਭਗਤ ਅਨੰਦ ਮੈ॥*
*ਜਾ ਕੇ ਭਗਤ ਕਉ ਨਾਹੀ ਖੈ॥*





*ਜਾ ਕੈ ਭਗਤ ਕਉ ਨਾਹੀ ਭੈ॥*
*ਜਾ ਕੇ ਭਗਤ ਕਉ ਸਦਾ ਜੈ॥*

*(ਗੁਰੂ ਗ੍ਰੰਥ ਸਾਹਿਬ ਪੰਨਾ - 1181)*

ਜਿਵੇਂ ਪੁਲੀਸ ਦੇ ਸਿਪਾਹੀ ਨੂੰ ਭਰੋਸਾ ਹੁੰਦਾ ਹੈ ਕਿ ਉਹ ਡਿਊਟੀ ਕਰਦਾ ਹੋਇਆ ਕਿਸੇ ਵੱਡੇ ਤੋਂ ਵੱਡੇ ਆਦਮੀ ਨੂੰ ਵੀ ਕਾਨੂੰਨ ਦੇ ਉਲਟ ਜਾਂਦਾ ਵੇਖ ਕੇ ਉਸ ਦਾ ਚਾਲਾਨ ਕਰਵਾ ਸਕਦਾ ਹੈ, ਅਦਾਲਤ ਵਿਚੋਂ ਸਜ਼ਾ ਦਿਵਾ ਸਕਦਾ ਹੈ, ਤਿਵੇਂ ਵਾਹਿਗੁਰੂ ਦੇ ਖਾਲਸੇ ਜਾਂ ਵਾਹਿਗੁਰੂ ਦੇ ਬੰਦੇ ਨੂੰ ਵੀ ਭਰੋਸਾ ਹੁੰਦਾ ਹੈ ਕਿ ਉਸ ਦੇ ਨੇਕਨੀਤੀ ਦੇ ਕੀਤੇ ਹੋਏ ਹਰ ਕੰਮ ਦੀ ਵਾਹਿਗੁਰੂ ਦੀ ਦਰਗਾਹ ਤੋਂ ਪ੍ਰੋੜ੍ਹਤਾ ਅਤੇ ਸਹਾਇਤਾ ਹੋਣੀ ਹੈ। ਉਸ ਦਾ ਵਾਹਿਗੁਰੂ ਤੇ ਭਰੋਸਾ, ਉਸਨੂੰ ਦੁਨੀਆਂ ਦੇ ਵੱਡੇ ਤੋਂ ਵੱਡੇ ਲੋਕਾਂ ਦਾ ਸਾਮ੍ਹਣੇ ਨਿਰਭੈ ਤੇ ਬੇਪਰਵਾਹ ਬਣਾ ਦਿੰਦਾ ਹੈ।

*ਜਾ ਕਾ ਕਹਿਆ ਦਰਗਹ ਚਲੈ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ॥* *ਪੰਨਾ - 186*

*ਪਾਂਹਿ ਗਹੇ ਜਬ ਤੇ ਤੁਮਰੇ*
*ਤਬ ਤੇ ਕੋਊ ਆਖ ਤਰੈ ਨਹੀ ਆਨਿਓ।*

(ਗੁਰੂ ਗੋਬਿੰਦ ਸਿੰਘ ਜੀ)

ਗੁਰਸਿੱਖ ਜਾਂ ਖਾਲਸੇ ਨੂੰ ਲੋੜ ਕੇਵਲ ਇਹ ਜਾਨਣ ਦੀ ਹੈ ਕਿ ਉਹ ਵਾਹਿਗੁਰੂ ਦਾ ਪੁੱਤਰ ਵਾਹਿਗੁਰੂ ਦਾ ਖਾਲਸਾ ਹੈ। ਫੇਰ ਉਸ ਨੂੰ ਦੁਨਿਆਵੀ ਅਤੇ ਆਤਮਕ ਦੋਹਾਂ ਪਾਸਿਆਂ ਵਿਚ ਕਦੀ ਹਾਰ ਜਾਂ ਅਸਫਲਤਾ ਨਹੀਂ ਆ ਸਕਦੀ।

ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ।(1426)

# ਨਿਰਾਸਤਾ ਪਾਪ ਹੈ

ਬਿਜਲੀ ਦਾ ਮਿਸਤਰੀ ਜਦ ਦੇਖਦਾ ਹੈ ਕਿ ਬਿਜਲੀ ਦਾ ਬਲਬ ਜਗਦਾ ਨਹੀਂ ਜਾਂ ਰੋਸ਼ਨੀ ਨਹੀਂ ਦਿੰਦਾ ਤਾਂ ਉਹ ਬਿਜਲੀ ਸਬੰਧੀ ਨਿਰਾਸ ਨਹੀਂ ਹੁੰਦਾ। ਉਹ ਇਹ ਨਹੀਂ ਸੋਚਦਾ ਕਿ ਬਿਜਲੀ ਦਾ ਸੁਭਾ ਬਦਲ ਗਿਆ ਹੈ, ਬਿਜਲੀ ਦੇ ਨਿਯਮ ਬਦਲ ਗਏ ਹਨ, ਜੋ ਬਿਜਲੀ ਨੇ ਹੁਣ ਜਗਣਾ ਜਾਂ ਰੋਸ਼ਨੀ ਦੇਣੀ ਛੱਡ ਦਿਤੀ ਹੈ। ਉਸ ਨੂੰ ਇਹ ਯਕੀਨ ਹੁੰਦਾ ਹੈ ਕਿ ਬਿਜਲੀ ਭਾਵੇਂ ਮੇਰੀਆਂ ਅਸਥੂਲ ਅੱਖਾਂ ਨੂੰ ਨਹੀਂ ਦਿਸਦੀ ਪਰ ਉਹ ਹੈ, ਸਦਾ ਤੋਂ ਹੈ ਤੇ ਸਦਾ ਰਹੇਗੀ। ਉਸ ਨੂੰ ਇਹ ਯਕੀਨ ਵੀ ਹੁੰਦਾ ਹੈ ਕਿ ਬਿਜਲੀ ਦੇ ਨਿਯਮ ਅਟੱਲ ਹਨ, ਇਹ ਇਕੋ ਵਾਰੀ ਬਣ ਚੁੱਕੇ ਹਨ, ਇਨ੍ਹਾਂ ਵਿਚ ਰੋਜ਼ ਤਬਦੀਲੀਆਂ ਨਹੀਂ ਹੁੰਦੀਆਂ। ਬਿਜਲੀ ਦਾ ਮਿਸਤਰੀ ਬਿਜਲੀ ਦਾ ਬਲਬ ਨਾ ਜਗਣ ਉਤੇ, ਬਿਜਲੀ ਦੇ ਸੁਭਾਅ ਜਾਂ ਬਿਜਲੀ ਦੇ ਨਿਯਮਾਂ ਸਬੰਧੀ ਸ਼ੱਕ ਨਹੀਂ ਕਰਦਾ, ਉਸ ਦਾ ਬਿਜਲੀ ਦੇ ਸੁਭਾਅ ਜਾਂ ਨਿਯਮਾਂ ਵਿਚ ਯਕੀਨ ਅਡੋਲ ਹੁੰਦਾ ਹੈ।

ਬਿਜਲੀ ਦੇ ਬਲਬ ਦੇ ਨਾ ਜਗਣ ਉਤੇ, ਬਿਜਲੀ ਦਾ ਮਿਸਤ੍ਰੀ ਆਪਣੀ ਵਿਚਾਰ ਸ਼ਕਤੀ ਨੂੰ ਕਿਸ ਤਰਫ ਮੋੜਦਾ ਹੈ? ਉਹ ਸੋਚਦਾ ਹੈ ਕਿ ਬਿਜਲੀ ਦਾ ਸੁਭਾਅ ਜਾਂ ਬਿਜਲੀ ਦੇ ਨਿਯਮ ਤਾਂ ਜਿਉਂ ਦੇ ਤਿਉਂ ਸਦਾ ਸਲਾਮਤ ਹਨ ਹੀ, ਬਲਬ ਦਾ ਨਾ ਜਗਣਾ ਕਿਸੇ ਹੋਰ ਕਾਰਨ ਕਰਕੇ ਹੋਵੇਗਾ। ਇਸ ਲਈ ਉਹ ਸਵਿੱਚ ਨੂੰ ਦੇਖਦਾ ਹੈ, ਬਿਜਲੀ ਆਉਣ ਦੇ ਕਨੈਕਸ਼ਨ ਵਾਲੀ ਜਗ੍ਹਾ ਦੀ ਜਾਂਚ ਪੜਤਾਲ ਕਰਦਾ ਹੈ, ਬਿਜਲੀ ਦੀ ਲਾਈਨ ਨੂੰ ਚੰਗੀ ਤਰ੍ਹਾਂ ਦੇਖਦਾ ਹੈ। ਉਸ ਨੂੰ ਜਿਥੇ ਬਿਜਲੀ ਦੇ ਸੁਭਾਅ ਜਾਂ ਉਸ ਦੇ ਨਿਯਮਾਂ ਸਬੰਧੀ ਪੂਰਾ ਯਕੀਨ ਹੁੰਦਾ ਹੈ, ਉਥੇ ਇਹ ਵੀ ਯਕੀਨ ਹੁੰਦਾ ਹੈ ਕਿ ਬਲਬ ਦੇ ਨਾ ਜਗਣ ਦਾ ਕਾਰਨ ਉਸ ਦੀ ਆਪਣੀ ਹੀ ਕਿਤੇ ਗਲਤੀ ਹੋਵੇਗੀ। ਇਹ ਗਲਤੀ ਭਾਵੇਂ ਸਵਿੱਚ ਬੋਰਡ ਵਿਚ ਹੋਵੇ, ਭਾਵੇਂ ਬਿਦਲੀ ਦੇ ਕਨੈਕਸ਼ਨ ਵਿਚ ਹੋਵੇ, ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਜਿਹੜਾ ਬਲਬ ਨਹੀਂ ਸੀ ਜਗਦਾ, ਉਹ ਬਿਜਲੀ ਮਿਸਤਰੀ ਦੀ ਥੋੜ੍ਹੀ ਬਹੁਤੀ ਜਾਂਚ ਪੜਤਾਲ ਨਾਲ ਮੁੜ ਜਗਣ ਲਗ ਪੈਂਦਾ ਹੈ, ਮੁੜ ਰੋਸ਼ਨੀ ਦੇਣ ਲੱਗ ਜਾਂਦਾ ਹੈ।

ਵਿਚਾਰਵਾਨ ਲਈ ਏਥੇ ਇਕ ਸਵਾਲ ਪੈਦਾ ਹੁੰਦਾ ਹੈ ਕਿ ਜੇ ਕਰਤਾਰ ਦੀ ਬਣਾਈ ਹੋਈ ਇਕ ਸਕਤੀ ਜਿਸ ਦਾ ਨਾਮ ਅਸੀਂ ਬਿਜਲੀ



ਨਾਨਕ ਜਹ ਜਹ ਮੈ ਫਿਰਉ ਤਹ ਤਹ ਸਾਚਾ ਸੋਇ।(1413)

ਰਖਿਆ ਹੈ, ਆਪਣਾ ਸੁਭਾਅ ਨਹੀਂ ਬਦਲਦੀ, ਆਪਣੇ ਨਿਯਮ ਅਟੱਲ ਰਖਦੀ ਹੈ, ਤਾਂ ਕਰਤਾਰ ਜਿਸ ਤੋਂ ਕਿ ਬਿਜਲੀ ਜਿਹੀਆਂ ਅਨੇਕ ਹੋਰ ਸ਼ਕਤੀਆਂ ਉਤਪੰਨ ਹੁੰਦੀਆਂ ਹਨ, ਜੋ ਖੁਦ ਸ਼ਕਤੀਆਂ ਦੀ ਸ਼ਕਤੀ, ਸਰਬ-ਸ਼ਕਤੀਵਾਨ ਹੈ, ਕੀ ਉਹ ਆਪਣੇ ਸੁਭਾਵ ਨੂੰ, ਆਪਣੀ ਆਦਤ ਨੂੰ, ਆਪਣੇ ਨਿਯਮਾਂ ਨੂੰ ਬਦਲ ਸਕਦਾ ਹੈ? ਅਸੀਂ ਜਿਉਂ ਜਿਉਂ ਵਿਚਾਰੀਏ, ਸਾਨੂੰ ਇਸੇ ਨਤੀਜੇ ਤੇ ਅਪੜਨਾ ਪਵੇਗਾ ਕਿ ਕਰਤਾਰ, ਜਿਸ ਤੋਂ ਸਰਬ-ਸ਼ਕਤੀਆਂ ਨਿਕਲ ਕੇ ਸਦਾ ਪੂਰਨ ਨਿਯਮਾਂ ਅਨੁਸਾਰ ਕੰਮ ਕਰਦੀਆਂ ਹਨ, ਉਹ ਆਪ ਵੀ ਪੂਰਨ ਨਿਯਮੀ ਹੋਵੇਗਾ, ਉਸ ਦਾ ਆਪਣਾ ਸੁਭਾਅ ਵੀ ਅਡੋਲ, ਅਸਥਿਰ ਤੇ ਕਦੀ ਨਾ ਬਦਲਣ ਵਾਲਾ ਹੋਵੇਗਾ।

ਜਿਹੜੇ ਮਹਾਂਪੁਰਖ ਕਰਤਾਰ ਨਾਲ ਅਭੇਦ ਹੋਏ ਹਨ, ਉਨ੍ਹਾਂ ਨੇ ਅਕਾਲ ਪੁਰਖ ਦੇ ਸੁਭਾਓ ਸਬੰਧੀ ਦੱਸਿਆ ਹੈ ਕਿ ਉਹ ਅਰਦਾਸਾਂ ਨੂੰ ਸੁਣਦਾ ਤੇ ਮਨਜ਼ੂਰ ਕਰਦਾ ਹੈ, ਉਹ ਸਦਾ ਦਿਆਲੂ ਹੈ, ਉਹ ਕਿਸੇ ਦੇ ਔਗੁਣਾਂ ਨੂੰ ਯਾਦ ਨਹੀਂ ਰਖਦਾ। ਜਿਹੜਾ ਵੀ ਉਸ ਦੀ ਸ਼ਰਨ ਆਵੇ, ਉਹ ਭਾਵੇਂ ਕੇਡਾ ਦੁਖੀ ਹੋਵੇ, ਕੇਡਾ ਰੋਗੀ ਹੋਵੇ, ਕਰਤਾਰ ਉਸ ਦੀ ਅਰਦਾਸ ਸੁਣਦਾ, ਉਸ ਦੇ ਦੁਖ ਦੂਰ ਕਰਦਾ, ਉਸ ਦੇ ਰੋਗ ਨਵਿਰਤ ਕਰਦਾ ਹੈ। ਇਹ ਰੱਬ ਦੇ ਸੁਭਾਅ ਸਬੰਧੀ ਉਸ ਨਾਲ ਇਕ ਹੋਏ, ਉਸ ਦੇ ਹਮਰਾਜ਼ ਮਹਾਂਪੁਰਸ਼ਾਂ ਦਾ ਫੈਸਲਾ ਹੈ। ਇਸ ਫੈਸਲੇ ਅਨੁਸਾਰ ਰੱਬ ਦਾ ਸੁਭਾਅ ਦਿਆਲੂ, ਕ੍ਰਿਪਾਲੂ, ਦੁਖ ਦਰਦ ਨੂੰ ਨਵਿਰਤ ਕਰਨ ਵਾਲਾ, ਅਰਦਾਸਾ ਬੇਨਤੀਆਂ ਨੂੰ ਸੁਣਨ ਵਾਲਾ ਹੈ, ਇਹ ਕੁਝ ਕਰਨਾ ਉਸ ਦਾ ਸਦੀਵੀ ਸੁਭਾਅ ਹੈ। ਜਿਸ ਗੁਰਸਿੱਖ ਨੂੰ ਇਹ ਪਤਾ ਲਗ ਜਾਵੇ ਕਿ ਉਸ ਦਾ ਕਰਤਾਰ ਹੈ, ਸਦਾ ਸਲਾਮਤ ਹੈ ਅਤੇ ਇਹ ਵੀ ਪਤਾ ਲਗ ਜਾਵੇ ਕਿ ਉਹ ਔਗੁਣ ਨਹੀਂ ਚਿਤਾਰਦਾ, ਦਿਆਲੂ ਹੈ, ਸਦਾ ਅਰਦਾਸਾਂ ਨੂੰ ਸੁਣ ਕੇ ਪੂਰੀਆਂ ਕਰ ਸਕਦਾ ਹੈ, ਉਹ ਗੁਰਮੁਖ ਮੁਸੀਬਤਾਂ, ਮੁਸ਼ਕਲਾਂ, ਦੁਖਾਂ, ਤਕਲੀਫਾਂ ਵੇਲੇ ਉਸੇ ਤਰ੍ਹਾਂ ਅਡੋਲ ਤੇ ਵਿਸ਼ਵਾਸ਼ ਵਿਚ ਪਪੱਕ ਗੁਜ਼ਰਦਾ ਹੈ। ਜਿਵੇਂ ਬਿਜਲੀ ਮਿਸਤਰੀ ਬਲਬ ਦੇ ਨਾ ਜਗਣ ਉਤੇ ਅਡੋਲ ਤੇ ਅਸਥਿਰ ਰਹਿੰਦਾ ਹੈ। ਬਿਜਲੀ ਮਿਸਤਰੀ ਦਾ ਅਡੋਲ ਰਹਿਣਾ ਸਦਾ ਬਿਜਲੀ ਦੇ ਗਿਆਨ ਕਰਕੇ ਹੁੰਦਾ ਹੈ। ਗੁਰਸਿੱਖ ਦਾ ਦੁਖ, ਮੁਸੀਬਤਾਂ, ਅਜ਼ਮਾਇਸ਼ਾਂ ਵੇਲੇ ਅਡੋਲ ਰਹਿਣਾ ਉਸ ਦੇ ਕਰਤਾਰ ਸਬੰਧੀ ਗਿਆਨ ਜਾਂ ਕਰਤਾਰ ਦੇ ਸੁਭਾਉ ਸਬੰਧੀ ਉਸ ਦੀ ਵਾਕਫੀਅਤ ਦੇ ਆਧਾਰ ਤੇ ਹੁੰਦਾ ਹੈ।

ਆਮ ਇਨਸਾਨ ਦੁਖਾਂ, ਮੁਸੀਬਤਾਂ, ਤਕਲੀਫਾਂ ਤੇ ਹਾਦਸਿਆਂ ਦੇ

ਸਮੇਂ ਡੋਲ ਇਸ ਕਰਕੇ ਜਾਂਦੇ ਹਨ ਕਿ ਉਨ੍ਹਾਂ ਦਾ ਯਕੀਨ ਕਰਤਾਰ ਉਤੇ ਉਤਨਾ ਨਹੀਂ ਹੁੰਦਾ ਜਿਤਨਾ ਯਕੀਨ ਕਿ ਬਿਜਲੀ ਮਿਸਤਰੀ ਦਾ ਬਿਜਲੀ ਉਤੇ ਹੁੰਦਾ ਹੈ। ਗੁਰਸਿੱਖ (ਜੋ ਕਿ ਆਮ ਇਨਸਾਨ ਨਹੀਂ ਹੁੰਦਾ) ਮੁਸੀਬਤਾਂ ਵੇਲੇ ਬਿਜਲੀ ਮਿਸਤਰੀ ਦੀ ਤਰ੍ਹਾਂ ਕਰਤਾਰ ਦੇ ਸੁਭਾਉ ਉਤੇ ਅਹਿਲ ਨਿਸਚਾ ਰਖਦਾ ਹੋਇਆ, ਸਿਦਕ ਨਾਲ ਅਰਦਾਸ ਕਰਦਾ ਹੈ, ਜੋ ਕਰਤਾਰ ਦੀ ਦਰਗਾਹ ਵਿਚ ਜ਼ਰੂਰ ਹੀ ਸੁਣੀ ਤੇ ਪ੍ਰਵਾਨੀ ਜਾਂਦੀ ਹੈ।

ਜਦ ਗੁਰਸਿੱਖ ਦੀ ਅਰਦਾਸ ਦਾ ਫਲ ਜੈਸਾ ਉਹ ਚਾਹੁੰਦਾ ਹੈ ਨਾ ਨਿਕਲੇ ਤਾਂ ਉਹ ਰੱਬ ਦੀ ਹਸਤੀ ਜਾਂ ਉਸ ਦੇ ਸੁਭਾਉ ਉਤੇ ਸ਼ੱਕ ਨਹੀਂ ਕਰਦਾ। ਉਸ ਨੂੰ ਪਤਾ ਹੁੰਦਾ ਹੈ ਕਿ ਕਰਤਾਰ ਤਾਂ ਦਿਆਲੂ ਤੇ ਅਰਦਾਸਾਂ ਸੁਣਨ ਤੇ ਪੂਰੀਆਂ ਕਰਨ ਦੇ ਸਮਰੱਥ ਹੈ ਹੀ, ਜੇਕਰ ਉਸ ਦੀ ਅਰਦਾਸ ਦਾ ਠੀਕ ਫਲ ਨਹੀਂ ਨਿਕਲ ਰਿਹਾ ਤਾਂ ਇਸ ਦਾ ਕਾਰਨ ਉਸ ਦੀ ਅਰਦਾਸ ਵਿਚ ਕਿਤੇ ਨੁਕਸ ਜਾਂ ਕਮੀ ਕਰਕੇ ਹੈ। ਉਹ ਇਸ ਲਈ ਆਪਣੀ ਅਰਦਾਸ ਨੂੰ ਮੁੜ ਵਿਚਾਰਦਾ ਤੇ ਸੋਧਦਾ ਹੈ।

ਜਿਵੇਂ ਬਿਜਲੀ ਦੇ ਨਿਯਮ ਹਨ ਤਿਵੇਂ ਅਰਦਾਸ ਦੇ ਨਿਯਮ ਹਨ। ਜਿਵੇਂ ਬਿਜਲੀ ਤਦ ਬਲਬ ਵਿਚ ਆ ਕੇ ਉਸ ਨੂੰ ਜਗਾਂਦੀ ਜਾਂ ਰੌਸ਼ਨ ਕਰਦੀ ਹੈ ਜਦੋਂ ਉਸ ਦੇ ਸਭ ਨਿਯਮਾਂ ਦੀ ਪੂਰਤੀ ਕੀਤੀ ਜਾਵੇ, ਇਸੇ ਤਰ੍ਹਾਂ ਅਰਦਾਸ ਦਾ ਫਲ ਉਦੋਂ ਠੀਕ ਨਿਕਲਦਾ ਹੈ ਜਦੋਂ ਅਰਦਾਸ ਦੇ ਸਭ ਨਿਯਮਾਂ ਦੀ ਪਾਲਨਾ ਕੀਤੀ ਜਾਵੇ। ਜਿਵੇਂ ਬਿਜਲੀ ਮਿਸਤ੍ਰੀ ਨੂੰ ਕਦੀ ਧੋਖਾ ਨਹੀਂ ਦੇਂਦੀ, ਉਸ ਦੀ ਇੱਛਾ ਅਨੁਸਾਰ ਸਭ ਕੰਮ ਕਰਦੀ ਹੈ, ਉਸੇ ਤਰ੍ਹਾਂ ਅਰਦਾਸ ਦੇ ਸਭ ਨਿਯਮਾਂ ਦੀ ਪਾਲਨਾ ਕੀਤਿਆਂ, ਕਰਤਾਰ ਗੁਰਸਿਖ ਨੂੰ ਕਦੀ ਧੋਖਾ ਨਹੀਂ ਦੇਂਦਾ, ਉਸ ਦੇ ਸਰਬ ਕਾਰਜ ਰਾਸ ਕਰਦਾ ਹੈ।

ਜਿਵੇਂ ਉਹ ਮਿਸਤ੍ਰੀ, ਮਿਸਤ੍ਰੀ ਕਹਾਉਣ ਦੇ ਲਾਇਕ ਨਹੀਂ, ਜੋ ਬਿਜਲੀ ਦੇ ਸੁਭਾਅ ਜਾਂ ਬਿਜਲੀ ਦੇ ਨਿਯਮਾਂ ਸਬੰਧੀ ਸ਼ੰਕੇ ਕਰੇ, ਤਿਵੇਂ ਉਹ ਗੁਰਸਿੱਖ ਅਸਲ ਅਰਥਾਂ ਵਿਚ ਗੁਰੂ ਦਾ ਸਿੱਖ ਅਖਵਾਣ ਦੇ ਯੋਗ ਨਹੀਂ ਜੋ ਕਰਤਾਰ ਦੀ ਜ਼ਾਤ ਅਤੇ ਕਰਤਾਰ ਦੇ ਸੁਭਾਉ ਉਤੇ ਸ਼ੱਕ ਕਰੇ। ਬਿਜਲੀ ਤੋਂ ਨਿਰਾਸ ਹੋਣਾ ਬਿਜਲੀ ਦੇ ਸੁਭਾਅ ਨੂੰ ਨਾ ਸਮਝਣਾ ਹੈ, ਕਰਤਾਰ ਤੋਂ ਨਿਰਾਸ ਹੋਣਾ ਕਰਤਾਰ ਦੇ ਸੁਭਾਅ ਨੂੰ ਨਾ ਸਮਝਣਾ ਹੈ। ਬਿਜਲੀ ਤੋਂ ਨਿਰਾਸ ਹੋਣਾ ਬਿਜਲੀ ਮਿਸਤ੍ਰੀ ਲਈ ਪਾਪ ਹੈ, ਕਰਤਾਰ ਤੋਂ ਨਿਰਾਸ ਹੋਣਾ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਸਿੱਖ ਲਈ ਪਾਪ ਹੈ।





# ਗੁਰਮੁਖ ਅਤੇ ਕਿਸਮਤ

ਕਿਸਮਤ - ਜੋ ਕਰਮ ਕਰੀਏ, ਉਸ ਦਾ ਕੋਈ ਨਾ ਕੋਈ ਫਲ ਜਾਂ ਨਤੀਜਾ ਜ਼ਰੂਰ ਨਿਕਲਦਾ ਹੈ। ਐਸਾ ਕੋਈ ਕਰਮ ਨਹੀਂ, ਜਿਸ ਦਾ ਕੋਈ ਨਤੀਜਾ ਨਾ ਨਿਕਲੇ। ਕਰਤਾਰ ਦਾ ਕਾਨੂੰਨ ਹੈ ਕਿ ਕਰਮ ਅਤੇ ਫਲ ਸਦੀਵੀ ਇਕੱਠੇ ਰਹਿਣਗੇ। ਇਨ੍ਹਾਂ ਨੂੰ ਨਿਖੇੜ ਸਕਣਾ ਜਾਂ ਇਕ ਦੂਸਰੇ ਥਾਂ ਹੋਣਾ ਅਸੰਭਵ ਹੈ। ਕਰਮ ਕੋਈ ਜ਼ਰੂਰੀ ਨਹੀਂ ਕਿ ਹੱਥਾਂ ਪੈਰਾਂ ਨਾਲ ਹੀ ਕੀਤੇ ਜਾਣ। ਸਰੀਰ ਨਾਲ ਕਰਮ ਕਰਨ ਤੋਂ ਪਹਿਲੋਂ ਇਨਸਾਨ ਮਨ ਨਾਲ ਕਰਮ ਕਰਦਾ ਹੈ। ਮਨ ਵਿਖੇ ਪਹਿਲੇ ਇਨਸਾਨ ਕਰਮ ਨੂੰ ਕਰਨ ਦੀ ਵਿਉਂਤ ਕਰਦਾ ਹੈ, ਫੇਰ ਸਰੀਰ ਰਾਹੀਂ ਜਾਂ ਹੱਥਾਂ ਪੈਰਾਂ ਰਾਹੀਂ ਉਸ ਕਰਮ ਨੂੰ ਕਰਦਾ ਹੈ। ਕਈ ਵਾਰੀ ਕਰਮ ਕੇਵਲ ਮਨ ਨਾਲ ਹੀ ਹੁੰਦੇ ਹਨ, ਅੰਪਰ ਭਾਵੇਂ ਮਨ ਨਾਲ ਹੋਣ ਜਾਂ ਸਰੀਰ ਨਾਲ, ਹਰ ਇਕ ਕਰਮ ਦਾ ਕੋਈ ਨਾ ਕੋਈ ਫਲ ਜਾਂ ਨਤੀਜਾ ਜ਼ਰੂਰ ਹੁੰਦਾ ਹੈ। ਕਿਸੇ ਨਾਲ ਦਿਲ ਵਿਚ ਵੈਰ ਕਰਨ ਲਗ ਜਾਵੇ, ਭਾਵੇਂ ਉਸ ਨਾਲ ਵੈਰ ਕੱਢਣ ਦਾ ਤੁਹਾਨੂੰ ਮੌਕਾ ਨਾ ਮਿਲੇ, ਫੇਰ ਵੀ ਤੁਹਾਡੇ ਦਿਲ ਦਾ ਵੈਰ ਕਰਨਾ ਹੀ ਆਪਣੇ ਆਪ ਵਿਚ ਇਕ ਕਰਮ ਹੈ, ਜਿਸ ਦਾ ਨਤੀਜਾ ਵੀ ਨਾਲ ਦੀ ਨਾਲ ਹੀ ਮਨ ਦੀ ਮਲੀਨਤਾ ਤੇ ਕਮਜ਼ੋਰੀ ਦੀ ਸ਼ਕਲ ਵਿਚ ਨਿਕਲਦਾ ਰਹਿੰਦਾ ਹੈ। ਏਸੇ ਤਰ੍ਹਾਂ ਕਿਸੇ ਦਾ ਦਿਲੋਂ ਭਲਾ ਚਾਹੁਣ ਲਗ ਜਾਵੇ, ਭਾਵੇਂ ਤੁਹਾਨੂੰ ਉਸ ਨਾਲ ਭਲਿਆਈ ਕਰਨ ਦਾ ਮੌਕਾ ਨਾ ਵੀ ਮਿਲੇ, ਤੁਹਾਡੇ ਮਨ ਨੇ ਇਕ ਸ਼ੁਭ ਕਰਮ ਕੀਤਾ ਹੈ, ਜਿਸ ਦਾ ਫਲ ਮਨ ਦੀ ਨਿਰਮਲਤਾ ਤੇ ਮਜ਼ਬੂਤੀ ਵਿਚ ਨਿਕਲਿਆ ਹੈ।

ਕਰਮ ਕਰਨਾ ਜਾਂ ਨਾ ਕਰਨਾ ਭਾਵੇਂ ਸਾਡੇ ਅਖਤਿਆਰ ਵਿਚ ਹੈ ਪਰ ਕਰਮ ਕਰਕੇ ਉਸ ਦਾ ਫਲ ਟਾਲ ਸਕਣਾ, ਇਹ ਸਾਡੇ ਅਖਤਿਆਰ ਵਿਚ ਨਹੀਂ। ਸਾਡੇ ਅਖਤਿਆਰ ਵਿਚ ਤਾਂ ਇਹ ਹੈ ਕਿ ਕਿਸੇ ਦਾ ਮਾੜਾ ਨਾ ਕਰੀਏ, ਪਰ ਸਾਡੇ ਇਹ ਅਖਤਿਆਰ ਵਿਚ ਨਹੀਂ ਕਿ ਕਿਸੇ ਦਾ ਮਾੜਾ ਕਰਕੇ ਉਸ ਦੇ ਫਲ ਜਾਂ ਨਤੀਜੇ ਨੂੰ ਟਾਲ ਸਕੀਏ। ਭਾਵੇਂ ਉਹ ਫਲ ਸਾਨੂੰ ਮਨ ਦੀ ਮਲੀਨਤਾ ਜਾਂ ਪਸ਼ਚਾਤਾਪ ਦੀ ਸ਼ਕਲ ਵਿਚ

ਭੁਗਤਣਾ ਪਵੇ, ਭਾਵੇਂ ਸਰੀਰ ਦੇ ਕਿਸੇ ਕਿਸਮ ਦੇ ਕਸ਼ਟ ਦੀ ਸ਼ਕਲ ਵਿਚ, ਮਾੜੇ ਕਰਮ ਦਾ ਫਲ ਜ਼ਰੂਰ ਮਾੜਾ ਨਿਕਲੇਗਾ। ਇਸ ਕਰਮ ਤੇ ਫਲ (Action and Reaction) ਦੇ ਅਸੂਲ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਇਹ ਮਹਾਂਵਾਕ ਸਿੱਧ ਕਰਦੇ ਹਨ -

*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥   ਪੰਨਾ - 136*

ਜਿਥੇ ਇਹ ਜ਼ਰੂਰੀ ਹੈ ਕਿ ਹਰ ਇਕ ਕਰਮ ਦਾ ਚਾਹੇ ਉਹ ਮਨ ਕਰਕੇ ਕੀਤਾ ਜਾਵੇ, ਚਾਹੇ ਤਨ ਕਰਕੇ, ਕੋਈ ਨਾ ਕੋਈ ਫਲ ਜਾਂ ਨਤੀਜਾ ਜ਼ਰੂਰ ਨਿਕਲੇਗਾ, ਉਥੇ ਇਹ ਜ਼ਰੂਰੀ ਨਹੀਂ ਕਿ ਹਰ ਕਰਮ ਦਾ ਫਲ, ਕਰਮ ਕਰਦਿਆਂ ਸਾਰ ਹੀ ਮਿਲ ਜਾਵੇ। ਕਈ ਕਰਮ ਐਸੇ ਹਨ, ਜਿਨ੍ਹਾਂ ਦਾ ਫਲ ਛੇਤੀ ਨਿਕਲਦਾ ਹੈ ਅਤੇ ਕਈ ਕਰਮ ਐਸੇ ਹਨ ਜਿਨ੍ਹਾਂ ਦਾ ਫਲ ਦੇਰ ਨਾਲ ਨਿਕਲਦਾ ਹੈ - ਜਿਵੇਂ ਕਈ ਬੀਜ ਐਸੇ ਹਨ, ਜੋ ਫੌਰਨ ਫਲ ਪੈਂਦੇ ਹਨ ਅਤੇ ਕਈ ਦੇਰ ਨਾਲ ਫਲਦੇ ਹਨ ਜਾਂ ਨਤੀਜੇ ਕਢਦੇ ਹਨ।

ਜਦ ਇਨਸਾਨ ਬਹੁਤ ਸਾਰੇ ਕਰਮ ਕਰੇ ਤਾਂ ਉਨ੍ਹਾਂ ਦੇ ਨਤੀਜੇ ਵੀ ਬਹੁਤ ਸਾਰੇ ਨਿਕਲਣੇ ਜ਼ਰੂਰੀ ਹਨ। ਇਨ੍ਹਾਂ ਬਹੁਤ ਸਾਰੇ ਪਿਛੇ ਕੀਤੇ ਹੋਏ ਕਰਮਾਂ ਦੇ ਇਕੱਠੇ ਹੋਏ ਹੋਏ ਨਤੀਜਿਆਂ ਦੇ ਸਮੁੱਚੇ ਸੰਗ੍ਰਹਿ ਨੂੰ ਕਿਸਮਤ, ਲੇਖ ਜਾਂ ਤਕਦੀਰ ਆਖਦੇ ਹਨ। ਕਿਉਂਕਿ ਪਿਛੇ ਜੋ ਕਰਮ ਇਨਸਾਨ ਕਰ ਚੁੱਕਾ ਹੈ, ਉਨ੍ਹਾਂ ਦੇ ਫਲ ਭੁਗਤਣੇ ਉਸ ਲਈ ਜ਼ਰੂਰੀ ਹਨ, ਇਸ ਲਈ ਕਿਹਾ ਜਾਂਦਾ ਹੈ ਕਿ ਲੇਖ ਜਾਂ ਤਕਦੀਰ ਸਦਾ ਲਈ ਅਟੱਲ ਹੁੰਦੀ ਹੈ, ਕਦੀ ਨਹੀਂ ਮਿਟ ਸਕਦੀ। ਤਕਦੀਰ ਇਨਸਾਨ ਦੇ ਪਿਛਲੇ ਕਰਮਾਂ ਦੇ ਫਲ ਜਾਂ ਨਤੀਜਿਆਂ ਦਾ ਸਮੁੱਚਾ ਇਕੱਠ ਜਾਂ ਨਤੀਜਾ ਹੈ। ਤਕਦੀਰ ਜਾਂ ਕਿਸਮਤ ਦੇ ਹੋਰ ਕੋਈ ਅਰਥ ਨਹੀਂ।

ਗੁਰਮੁਖ - ਗੁਰਮੁਖ ਉਹ ਹੁੰਦਾ ਹੈ, ਜਿਹੜਾ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਦੱਸਾਂ ਗੁਰੂਆਂ ਦੇ ਕੀਤੇ ਆਤਮਕ ਤਜਰਬਿਆਂ ਦੀ ਰੋਸ਼ਨੀ ਵਿਚ ਆਪਣਾ ਜੀਵਨ ਬਤੀਤ ਕਰੇ, ਕਿਉਂਕਿ ਇਹ ਤਜਰਬੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ, ਇਸ ਲਈ ਅਸੀਂ ਗੁਰਮੁਖ ਉਸ ਇਸਤ੍ਰੀ ਜਾਂ ਪੁਰਖ ਨੂੰ ਆਖਦੇ ਸਕਦੇ ਹਾਂ, ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਸ਼ਾ ਅਨੁਸਾਰ ਆਪਣਾ ਜੀਵਨ ਬਤੀਤ





ਕਰ ਰਿਹਾ ਹੋਵੇ।

ਜਿਥੇ ਗੁਰੂ ਗ੍ਰੰਥ ਸਾਹਿਬ ਵਿਖੇ ਇਹ ਮੰਨਿਆ ਗਿਆ ਹੈ ਕਿ ਕਿਸਮਤ ਜਾਂ ਲੇਖ ਅਟੱਲ ਹੁੰਦੇ ਹਨ, ਕਿਸਮਤ (ਪਿਛਲੇ ਕਰਮਾਂ ਦੀ ਲੜੀ ਤੋਂ ਪੈਦਾ ਹੋਏ ਨਤੀਜਿਆਂ ਦਾ ਸਮੁੱਚਾ ਸੰਗ੍ਰਹਿ) ਟਲ ਜਾਂ ਮਿਟ ਨਹੀਂ ਸਕਦੀ, ਇਸਨੂੰ ਭੁਗਤਣਾ ਹੀ ਪੈਂਦਾ ਹੈ, ਕਰਤਾਰ ਦਾ ਕਾਨੂੰਨ ਹੈ ਕਿ ਕਰਮ ਕਰਕੇ, ਕਰਮ ਕਰਨ ਵਾਲਾ; ਉਨ੍ਹਾਂ ਦੇ ਫਲਾਂ ਜਾਂ ਨਤੀਜਿਆਂ ਨੂੰ ਜ਼ਰੂਰ ਭੁਗਤੇ -

*ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥*

*ਪੰਨਾ - 937*

ਉਥੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਵੀ ਲਿਖਿਆ ਹੈ ਕਿ ਜੇਕਰ ਇਨਸਾਨ ਨੂੰ ਆਪਣੇ ਅੰਦਰ ਬਿਰਾਜਣ ਵਾਲੀ ਮਹਾਂ ਸ਼ਕਤੀ ਦੇ ਦਿਆਲੂ ਤੇ ਔਗੁਣਾਂ ਨੂੰ ਨਾ ਵਿਚਾਰਨ ਵਾਲੇ ਸੁਭਾਵ ਦਾ ਪਤਾ ਲਗ ਜਾਵੇ ਤਾਂ ਉਹ ਆਪਣੇ ਪਿਛਲੇ ਕੀਤੇ ਮਾੜੇ ਕਰਮਾਂ ਨੂੰ ਬਖਸ਼ਵਾ ਸਕਦਾ ਹੈ ਜਾਂ ਦੂਜੇ ਅੱਖਰਾਂ ਵਿਚ ਆਪਣੇ ਮਾੜੇ ਕਰਮਾਂ ਦੀ ਸਜ਼ਾ ਨੂੰ ਭੁਗਤਣ ਤੋਂ ਬਚ ਸਕਦਾ ਹੈ।

*ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ॥*

*ਪੰਨਾ - 713*

*ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ*
*ਅਉਗਣੁ ਕੋ ਨ ਚਿਤਾਰੇ॥   ਪੰਨਾ - 784*

ਗੁਰਮੁਖ ਨੂੰ ਗੁਰੂ ਗ੍ਰੰਥ ਸਾਹਿਬ ਵਿਚੋਂ ਇਹ ਵੀ ਪਤਾ ਲਗ ਜਾਂਦਾ ਹੈ ਕਿ ਵਾਹਿਗੁਰੂ ਹੈ ਤੇ ਬਖਸ਼ਿੰਦ ਹੈ ਅਤੇ ਔਗੁਣਾਂ ਨੂੰ ਫੌਰਨ ਬਖਸ਼ ਵੀ ਦੇਂਦਾ ਹੈ। ਐਪਰ ਉਹ ਪੂਰਾ ਨਿਆਂਕਾਰੀ ਜਾਂ ਮੁਨਸਿਫ ਹੋਣ ਕਰਕੇ ਬਖਸ਼ਦਾ ਕੇਵਲ ਉਸਨੂੰ ਹੈ ਜਿਸ ਦੇ ਦਿਲ ਵਿਚ ਅੱਗੇ ਲਈ ਔਗੁਣਾਂ ਨਾਲ ਘ੍ਰਿਣਾ ਅਤੇ ਨੇਕ ਤੇ ਉਚਾ ਜੀਵਨ ਬਤੀਤ ਕਰਨ ਦਾ ਦ੍ਰਿੜ੍ਹ ਇਰਾਦਾ ਪੈਦਾ ਹੋ ਜਾਵੇ। ਇਸ ਲਈ ਉਹ ਵਾਹਿਗੁਰੂ ਦੇ ਦਿਆਲੂ ਤੇ ਬਖਸ਼ਿੰਦ ਸੁਭਾਵ ਤੋਂ ਲਾਭ ਉਠਾਂਦਾ ਹੋਇਆ ਪਿਛਲੇ ਮਾੜੇ ਕਰਮਾਂ ਨੂੰ ਬਖਸ਼ਵਾ ਲੈਂਦਾ ਹੈ ਅਤੇ ਅੱਗੇ ਨੂੰ ਗੁਰਮਤਿ ਦੇ ਚਾਨਣੇ ਵਿਚ ਸ਼ੁਭ ਕਰਮਾਂ ਦਾ ਜੀਵਨ ਬਤੀਤ ਕਰਦਾ ਹੈ।

ਗੁਰਮੁਖ ਅਤੇ ਕਿਸਮਤ - ਗੁਰਮੁਖ ਅਕਾਲ ਪੁਰਖ ਦੇ ਬਖਸ਼ਿੰਦ

ਸੁਭਾਵ ਦਾ ਪੂਰਾ ਲਾਭ ਉਠਾਂਦਾ ਹੈ, ਨਿਰਮਾਣ ਤੇ ਦਿਲੀ ਅਰਦਾਸਾਂ ਕਰਕੇ ਆਪਣੇ ਮਾੜੇ ਕਰਮਾਂ ਦੇ ਦੁਖਦਾਈ ਨਤੀਜਿਆਂ ਤੋਂ ਬਹੁਤ ਹੱਦ ਤੱਕ ਬਚ ਜਾਂਦਾ ਹੈ ਅਤੇ ਕਰਮਾਂ ਦੀ ਫ਼ਿਲਾਸਫ਼ੀ ਨੂੰ ਸਮਝ ਕੇ ਆਪਣਾ ਆਉਣ ਵਾਲਾ ਜੀਵਨ ਸ਼ੁਭ ਕਰਮਾਂ ਦੀ ਅਟੁੱਟ ਲੜੀ ਬਣਾਂਦਾ ਹੈ। ਪਿਛਲੇ ਔਗੁਣਾਂ ਸਬੰਧੀ ਸੱਚਾ ਪਸ਼ਚਾਤਾਪ ਕਰਨ ਨਾਲ ਉਸ ਦੇ ਪਿਛਲੇ ਔਗੁਣ ਬਖਸ਼ੇ ਜਾਂਦੇ ਹਨ ਅਤੇ ਅੱਗੇ ਨੂੰ ਸ਼ੁਭ ਕਰਮ ਕਰਕੇ ਉਹ ਸੁਖੀ ਵਸਦਾ ਹੈ।

ਇਸ ਲਈ ਜਿਥੇ ਅਨਜਾਣ ਲੋਕ ਆਪਣੇ ਕਰਮਾਂ ਜਾਂ ਆਪਣੀ ਕਿਸਮਤ ਦੇ ਅਧੀਨ ਰਹਿੰਦੇ ਹਨ ਉਥੇ ਗੁਰਮੁਖ ਕਰਤਾਰ ਦੇ ਸਭ ਨਿਯਮਾਂ ਤੋਂ ਜਾਣੂ ਹੋਣ ਕਰਕੇ, ਪਿਛਲੇ ਮੰਦੇ ਕਰਮਾਂ ਦੇ ਦੁਖ ਰੂਪੀ ਨਤੀਜਿਆਂ ਤੋਂ ਬਚਦਾ ਅਤੇ ਅੱਗੇ ਨੂੰ ਸ਼ੁਭ ਅਮਲ ਕਰਕੇ ਆਪਣੀ ਆਉਣ ਵਾਲੀ ਕਿਸਮ ਨੂੰ ਸੁੱਖਾਂ ਦਾ ਸੋਮਾ ਬਣਾਂਦਾ ਹੈ।

ਇਸ ਦ੍ਰਿਸ਼ਟੀਕੋਣ ਤੋਂ ਵਿਚਾਰਿਆਂ ਅਸੀਂ ਦੇਖਾਂਗੇ ਕਿ ਗੁਰਮੁਖ ਆਪਣੀ ਕਿਸਮਤ ਨੂੰ ਜਿਵੇਂ ਚਾਹੇ ਢਾਲ ਸਕਦਾ ਹੈ। ਉਹ ਕਿਸਮਤ ਨੂੰ ਬਨਾਉਣ ਵਾਲਾ, ਕਿਸਮਤ ਦਾ ਕਰਤਾ ਆਪਣੇ ਤੋਂ ਵੱਖ ਕਿਸੇ ਹੋਰ ਸ਼ਕਤੀ ਨੂੰ ਨਹੀਂ ਮੰਨਦਾ, ਸਗੋਂ ਕਰਤਾਰ ਦੇ ਰਚੇ ਅਸੂਲਾਂ ਦੀ ਪੂਰੀ ਵਰਤੋਂ ਕਰਦਾ, ਆਪਣੀ ਮਰਜ਼ੀ ਅਨੁਸਾਰ ਆਪਣੀ ਕਿਸਮਤ ਘੜਦਾ ਹੈ। ਗੁਰਮੁਖ ਕਿਸਮਤ ਦੇ ਸਾਮ੍ਹਣੇ ਬੇਬਸ ਤੇ ਲਾਚਾਰ ਹੋ ਕੇ ਨਹੀਂ ਖਲੋਂਦਾ ਸਗੋਂ ਕਰਤਾਰ ਦੇ ਸੁਭਾਵ ਨੂੰ ਸਮਝ ਕੇ ਕਰਤਾ ਦੇ ਸੁਭਾਵ ਤੋਂ ਲਾਭ ਉਠਾਉਂਦਾ ਹੋਇਆ ਕਿਸਮਤ ਦਾ ਮਾਲਕ ਜਾਂ ਕਿਸਮਤ ਦਾ ਕਰਤਾ ਬਣ ਕੇ ਸੰਸਾਰ ਵਿਚ ਵਿਚਰਦਾ ਹੈ।





# ਦੁਖ ਦਾਰੂ

ਹਸਪਤਾਲਾਂ ਵਿਚ ਰੋਗੀਆਂ ਨੂੰ ਕੌੜੀਆਂ ਦਵਾਈਆਂ ਦੇਂਦਿਆਂ, ਖਾਣ ਵਾਸਤੇ ਸਾਦੀ ਤੇ ਬੇਸਵਾਦੀ ਖੁਰਾਕ ਮਿਲਦਿਆਂ ਦੇਖਿਆ ਜਾਵੇ ਤਾਂ ਅਨਜਾਣ ਆਦਮੀ ਨੂੰ ਇਨਸਾਨ ਵਲੋਂ ਇਨਸਾਨ ਉਤੇ ਡਾਹਢੀ ਬੇਇਨਸਾਫ਼ੀ ਹੁੰਦੀ ਪ੍ਰਤੀਤ ਹੋਵੇਗੀ। ਇਹ ਬੇਇਨਸਾਫ਼ੀ ਹੈਰਾਨੀ ਦੇ ਦਰਜੇ ਤੱਕ ਪਹੁੰਚ ਜਾਵੇਗੀ, ਜੇਕਰ ਹਸਪਤਾਲ ਵਿਚ ਉਸ ਨੂੰ ਓਪਰੇਸ਼ਨ ਕਰਨ ਦਾ ਕਮਰਾ ਦਿਖਾਇਆ ਜਾਵੇ। ਇਸ ਕਮਰੇ ਵਿਚ ਇਨਸਾਨ ਵਲੋਂ ਇਨਸਾਨ ਨੂੰ ਬੇਹੋਸ਼ ਕਰਨ ਦੀਆਂ ਦਵਾਈਆਂ, ਇਨਸਾਨ ਦੇ ਹੱਥੋਂ ਇਨਸਾਨ ਦੇ ਜਿਸਮ ਨੂੰ ਚੀਰਨ ਫਾੜਨ ਵਾਲੇ ਔਜ਼ਾਰ ਦਿਸਣਗੇ। ਇਂਜ ਜਾਪੇਗਾ ਕਿ ਇਨਸਾਨ ਇਨਸਾਨ ਵਾਸਤੇ ਡਾਹਢਾ ਨਿਰਦਈ ਅਤੇ ਕਠੋਰ ਹੋ ਗਿਆ ਹੈ। ਓਪਰੇਸ਼ਨ ਕਰਦਿਆਂ ਜੇ ਉਸ ਨੂੰ ਦਿਖਾਇਆ ਜਾਵੇ ਤਾਂ ਡਾਕਟਰਾਂ ਦਾ ਬੇਤਰਸਾਂ ਵਾਂਗ ਆਪਣੇ ਅੱਗੇ ਬੇਹੋਸ਼ ਤੇ ਆਜਿਜ਼ ਪਏ ਇਨਸਾਨਾਂ ਦੇ ਜਿਸਮ ਤੇ ਛੁਰੀ ਚਲਾਣਾ ਉਸ ਦੇ ਚਿਹਰੇ ਨੂੰ ਕੰਬਾ ਦੇਵੇਗਾ।

ਪਰ ਜਦ ਉਸ ਅਨਜਾਣ ਦੋਸਤ ਨੂੰ ਹਸਪਤਾਲਾਂ ਦੀ, ਕੌੜੀਆਂ ਦਵਾਈਆਂ ਦੀ ਅਤੇ ਓਪਰੇਸ਼ਨ ਕਮਰਿਆਂ ਦੀ ਬੁਨਿਆਦ ਵਿਚ ਇਨਸਾਨ ਦੀ ਇਨਸਾਨ ਵਾਸਤੇ ਸ਼ੁਭ ਇੱਛਾ, ਭਲਾਈ, ਨੇਕੀ ਤੇ ਪਰਉਪਕਾਰ ਦੀ ਰੁਚੀ ਤੋਂ ਵਾਕਿਫ ਕਰਾਇਆ ਜਾਵੇ ਤਾਂ ਉਹ ਹਸਪਤਾਲਾਂ ਵਿਚ ਬੀਮਾਰਾਂ ਦੀ ਹਾਇ ਹਾਇ ਹੁੰਦੀ, ਕੌੜੀਆਂ ਦਵਾਈਆਂ ਮਿਲਦੀਆਂ ਤੇ ਜਿਸਮ ਚੀਰਦੇ ਫਾੜੀਦੇ ਵੇਖ ਕੇ ਵੀ ਹਸਪਤਾਲਾਂ ਦੀ ਹੋਂਦ ਨੂੰ ਇਨਸਾਨੀ ਸੁਖ ਤੇ ਤੰਦਰੁਸਤੀ ਵਾਸਤੇ ਅਤਿ ਜ਼ਰੂਰੀ ਆਖੇਗਾ।

ਸੰਸਾਰ ਵਿਚ ਹਸਪਤਾਲ ਬਨਾਉਣ ਦੀ ਲੋੜ ਕਿਉਂ ਪਈ? ਇਸ ਵਾਸਤੇ ਕਿ ਸੰਸਾਰ ਵਿਚ ਅਰੋਗਤਾ ਹੈ, ਬੀਮਾਰੀ ਹੈ। ਅਗਰ ਇਨਸਾਨੀ ਜੀਵਨ ਵਿਚ 'ਬੀਮਾਰੀ' ਦੀ ਘਟਨਾ ਨਾ ਹੁੰਦੀ ਤਾਂ ਅੱਜ ਇਕ ਹਸਪਤਾਲ ਵੀ ਨਜ਼ਰ ਨਾ ਆਉਂਦਾ।

ਆਓ, ਜ਼ਰਾ ਏਸੇ ਵਿਚਾਰ ਨੂੰ ਦੂਸਰੇ ਤਰੀਕੇ ਨਾਲ ਸੋਚੀਏ। ਹਸਪਤਾਲ ਤਾਂ ਇਸ ਵਾਸਤੇ ਹਨ ਕਿਉਂਕਿ ਬੀਮਾਰੀ ਹੈ। ਪਰ ਬੀਮਾਰੀ ਕਿਉਂ ਹੈ? ਰੱਬ ਦੇ ਬਣਾਏ ਜਗਤ ਵਿਚ ਸਭ ਚੀਜ਼ਾਂ ਚੰਗੀਆਂ ਹੋਣੀਆਂ

ਨੇ ਕੌੜੀਆਂ ਦਵਾਈਆਂ ਮਿਲਦੀਆਂ ਤੇ ਓਪਰੇਸ਼ਨ ਹੁੰਦੇ ਦੇਖ ਕੇ ਸਮਝਿਆ ਸੀ ਕਿ ਇਨਸਾਨ ਬੜਾ ਨਿਰਦਈ ਹੈ। ਸੰਸਾਰ ਵਿਚ ਬੀਮਾਰੀ, ਚਿੰਤਾ, ਦੁਖ, ਦਰਦ ਦੇਖ ਕੇ ਵੀ ਅਨਜਾਣ ਝੱਟ ਆਖ ਦੇਂਦਾ ਹੈ ਕਿ ਕੁਦਰਤ ਬੜੀ ਨਿਰਦਈ ਹੈ। ਇਸ ਨੇ ਆਪੇ ਇਨਸਾਨਾਂ ਨੂੰ ਪੈਦਾ ਕੀਤਾ ਹੈ ਅਤੇ ਆਪੇ ਉਸ ਦੇ ਮਗਰ ਬੀਮਾਰੀ, ਦੁਖ, ਚਿੰਤਾ ਲਗਾ ਦਿਤੀਆਂ ਹਨ ਪਰ ਜਦ ਉਸ ਦੀਆਂ ਅੱਖਾਂ ਅਗੋਂ ਅਗਿਆਨਤਾ ਜਾਂ ਬੇਸਮਝੀ ਦੀ ਪੱਟੀ ਲਾਹ ਦਿਤੀ ਜਾਵੇ ਤਾਂ ਜਿਵੇਂ ਹਸਪਤਾਲਾਂ ਦੀ ਬੁਨਿਆਦ ਵਿਚ ਉਸ ਨੇ ਇਨਸਾਨ ਦਾ ਤਰਸ, ਹਮਦਰਦੀ, ਸ਼ੁਭ ਇੱਛਾ ਦਾ ਜਜ਼ਬਾ ਦੇਖ ਕੇ ਇਨਸਾਨੀ ਸੁਖ ਤੇ ਤੰਦਰੁਸਤੀ ਵਾਸਤੇ ਹਸਪਤਾਲਾਂ ਦਾ ਹੋਣਾ ਜ਼ਰੂਰੀ ਆਖਿਆ ਸੀ, ਉਵੇਂ ਸੰਸਾਰ ਵਿਚ ਦੁਖ, ਸੰਤਾਪ, ਬੀਮਾਰੀ, ਚਿੰਤਾ ਆਦਿ ਮਾੜੀਆਂ ਘਟਨਾਵਾਂ ਦੀ ਬੁਨਿਆਦ ਵਿਚ ਵੀ ਕੁਦਰਤ ਦੀ ਸ਼ੁਭ ਇੱਛਾ ਅਤੇ ਹਮਦਰਦੀ ਪ੍ਰਤੀਤ ਕਰੇਗਾ।

ਸੰਸਾਰ ਵਿਚ ਦੋ ਸ਼ਕਤੀਆਂ ਕੰਮ ਕਰ ਰਹੀਆਂ ਹਨ। ਇਕ ਉਸਾਰਦੀ ਹੈ, ਦੂਸਰੀ ਢਾਹੁੰਦੀ ਹੈ। ਇਕ ਨੂੰ ਅੰਗਰੇਜ਼ੀ ਵਿਚ Constructive (ਉਸਾਰੂ) ਅਤੇ ਦੂਸਰੀ ਨੂੰ Destructive (ਢਾਊ) ਆਖਦੇ ਹਨ। ਇਹ ਦੋਵੇਂ ਸ਼ਕਤੀਆ ਜਾਹਿਰਾ ਤੌਰ ਤੇ ਇਕ ਦੂਸਰੇ ਦੇ ਉਲਟ ਕੰਮ ਕਰਦੀਆਂ ਪ੍ਰਤੀਤ ਹੁੰਦੀਆਂ ਹਨ ਪਰ ਦਰਅਸਲ ਇਹ ਇਕੋ ਸ਼ਕਤੀ ਦੇ ਦੋ ਰੂਪ ਹੁੰਦੇ ਹਨ। ਬਸੰਤ ਰੁੱਤ ਵਿਚ ਜਿਹੜੀ ਸ਼ਕਤੀ ਹਰਿਆਵਲ, ਫੁੱਲ, ਫਲ ਪੈਦਾ ਕਰਦੀ ਹੈ, ਪਤਝੜ ਵਿਚ ਉਹੋ ਸ਼ਕਤੀ ਆਪਣੇ ਦੂਸਰੇ ਰੂਪ ਵਿਚ ਪੱਤੇ ਡੇਗਦੀ, ਦਰਖਤਾਂ ਨੂੰ ਰੁੰਡ-ਮੁੰਡ ਬਣਾਂਦੀ ਹੈ। ਹਕੀਕਤ ਵਿਚ ਇਹ ਇਕੋ ਸ਼ਕਤੀ ਦੇ ਦੋ ਰੂਪ ਹਨ। ਜਿਵੇਂ ਇਕੋ ਬਿਜਲੀ ਕਿਤੇ ਹਮਾਮ ਗਰਮ ਕਰਦੀ, ਪਾਣੀ ਉਬਾਲਦੀ ਅਤੇ ਹੀਟਰਾਂ ਥਾਣੀਂ ਕਮਰੇ ਗਰਮ ਕਰਦੀ ਹੈ ਅਤੇ ਕਿਤੇ ਉਹੋ ਬਿਜਲੀ ਪੱਖੇ ਚਲਾਂਦੀ, ਰੈਫਰੀਜੀਰੇਟਰ ਥਾਣੀ ਚੀਜ਼ਾਂ ਠੰਡੀਆਂ ਕਰਦੀ ਅਤੇ ਪਾਣੀ ਨੂੰ ਬਰਫ ਵਾਂਗ ਬਣਾਂਦੀ ਹੈ, ਉਵੇਂ ਸੰਸਾਰ ਵਿਚ ਸ਼ਕਤੀ ਤਾਂ ਇਕੋ ਹੀ ਹੈ, ਪਰ ਉਸ ਦੀ ਇਕ ਪਾਸੇ ਦੀ ਵਰਤੋਂ ਨੂੰ ਉਸਾਰੂ Constructive) ਆਖਦੇ ਹਨ ਅਤੇ ਦੂਸਰੇ ਪਾਸੇ ਦੀ ਵਰਤੋਂ ਨੂੰ ਢਾਊ (Destructive) ਆਖਦੇ ਹਨ। ਬਿਜਲੀ ਦੀ ਹੀਟਰ ਥਾਣੀਂ ਗਰਮੀ ਅਤੇ ਰੈਫਰੀਜੀਰੇਟਰ ਥਾਣੀਂ ਸਰਦੀ ਦੋਵੇਂ ਇਨਸਾਨ ਦੀ ਸੇਵਾ ਤੇ ਸੁਖ ਵਾਸਤੇ ਹਨ, ਉਵੇਂ ਸੰਸਾਰ ਵਿਚ ਇਹ ਦੋਵੇਂ ਉਸਾਰੂ ਤੇ ਢਾਊ ਸ਼ਕਤੀਆਂ ਦਾ ਪ੍ਰਯੋਜਨ ਇਨਸਾਨ ਨੂੰ ਸੁਖੀ ਬਣਨ ਵਿਚ ਸਹਾਇਤਾ ਦੇਣੀ ਹੈ।





ਇਸ ਸਬੰਧ ਵਿਚ ਅਸੀਂ ਇਕ ਪੱਛਮੀ ਵਿਦਵਾਨ ਦੀ ਖੋਜ ਦਾ ਹਵਾਲਾ ਦਿੰਦੇ ਹਾਂ, ਆਪ ਲਿਖਦੇ ਹਨ -

I put before you a very simple illustration of the truth which underlies all Nature. If you were taken into vast plain, and there saw two opposing armies, the one actuated by a passion for destruction, the other moved only by a desire for good, you would naturally wish the later force to win. But suppose, that both armies were actuated by good and that the object of the destroying force was only to break down what was effete and mischivious in order to build it up again in stronger and nobler forms, while the aim of the other was to strictly preserve and maintain the advantages it possessed, which side would have your sympathy. Both forces are good. We name the one Health and life—the other, sickness and death. We think Life alone stands for what is living and that death is a kind of cessation of Life instead of being one of Life's most active forms. The Universe is entirely composed of these two fighting forces-we call them good and evil, but there is no evil-there is only a destruction of what might be harmful if allowed to exist. To put it clearly, the millions and millions of atoms and electrons which compose the ever lasting elements of spirit and matter are duel-that is to say two kinds-those which preserve the state of equilibrium and those whose work is to disintegrate in order to build up again. As, with the universe, so with the composition of a human being. In you as in myself there exist these two forces-and our souls are, so to speak, placed on guard between them. The one set of atoms is prepared to maintain the equilibrium of

health and life, but if through the neglect and unwatchfullness of the sentinal soul, any of them are allowed to become disused and effete, the other set whose business it is to disintergrate whatever is faulty and useless for the purpose of renewing it in better form, begins to work and this disintegrating process is our conception of desease, decay and Death.

Yet as a matter of fact, such process can not even being without our consent and collusion. Life can be retained in our possession for an indefinite period on this earth-but it can only be done through our own actions-our own wish and will.

ਵਿਚਾਰ ਦੇ ਇਸ ਨੁਕਤੇ ਤੋਂ ਦੇਖਿਆਂ ਸਾਨੂੰ ਯਕੀਨ ਹੋ ਜਾਵੇਗਾ ਕਿ ਦੁੱਖ ਤੇ ਬਿਮਾਰੀ ਦੀ ਤਹਿ ਵਿਚ ਕੁਦਰਤ ਦੀ ਹਮਦਰਦੀ ਦੇ ਸ਼ੁਭ ਇੱਛਾ ਭਰੀ ਹੁੰਦੀ ਹੈ। ਜਦ ਇਨਸਾਨ ਕੁਦਰਤ ਦੇ ਅਸੂਲਾਂ ਅਨੁਸਾਰ ਜੀਵਨ ਬਤੀਤ ਕਰਨਾ ਛੱਡ ਦੇਵੇ ਤਾਂ ਦੁੱਖ ਬਿਮਾਰੀਆਂ ਇਸਨੂੰ ਆ ਕੇ ਟੁੰਬਦੇ ਅਤੇ ਖਬਰਦਾਰ ਕਰਦੇ ਹਨ। ਜੋ ਇਨਸਾਨ ਆਪੇ ਹੀ ਹੁਸ਼ਿਆਰ ਤੇ ਖਬਰਦਾਰ ਰਹੇ, ਉਸਨੂੰ ਜਿਵੇਂ ਤੰਦਰੁਸਤ ਨੂੰ ਹਸਪਤਾਲ ਤੇ ਕੌੜੀਆਂ ਦਵਾਈਆਂ ਨਹੀਂ ਡਰਾ ਸਕਦੀਆਂ, ਉਵੇਂ ਦੁਖ ਤੇ ਬਿਮਾਰੀ ਕੁਝ ਅਸਰ ਨਹੀਂ ਕਰ ਸਕਦੀ। ਦੁਖ ਤੇ ਬਿਮਾਰੀ ਕੇਵਲ ਬੇਪਰਵਾਹ ਇਨਸਾਨ ਨੂੰ ਤਾੜਨਾ ਕਰਨ ਦੇ ਜ਼ਰੀਏ ਹਨ। ਜੋ ਆਦਮੀ ਕੁਦਰਤ ਦੇ ਨਿਯਮਾਂ ਅਨੁਸਾਰ ਜੀਵਨ ਬਤੀਤ ਕਰੇ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਪੰਜੇ ਵਿਚ ਬੇਬਸ ਹੋ ਕੇ ਨਾ ਖੇਡੇ, ਉਸ ਵਾਸਤੇ ਜੀਵਨ ਇਕ ਖੇੜਾ ਹੈ, ਇਕ ਕੰਡਿਆਂ ਤੋਂ ਰਹਿਤ ਗੁਲਜ਼ਾਰ ਹੈ। ਉਹ ਸੰਸਾਰ ਵਿਚ ਇਜ ਮੌਜਾਂ ਮਾਣ ਸਕਦਾ ਹੈ ਜਿਵੇਂ ਕਿਸੇ ਜੰਞ ਨਾਲ ਆਇਆ ਜਾਂਞੀ।





# ਧਰਮ ਦੀ ਜ਼ਰੂਰਤ

ਇਨਸਾਨ ਦੀਆਂ ਜ਼ਰੂਰਤਾਂ ਸਬੰਧੀ ਅਮਰੀਕਾ ਦੇ ਵਿਦਵਾਨਾਂ ਦੀ ਖੋਜ ਦਾ ਜੋ ਸਿੱਟਾ ਨਿਕਲਿਆ ਹੈ, ਉਹ ਇਸ ਪ੍ਰਕਾਰ ਹੈ। ਆਮ ਆਦਮੀਆਂ ਨੂੰ ਜ਼ਿੰਦਗੀ ਵਿਚ ਹੇਠ ਲਿਖੀਆਂ ਜ਼ਰੂਰਤਾਂ ਹੁੰਦੀਆਂ ਹਨ ਅਤੇ ਉਹ ਇਨ੍ਹਾਂ ਨੂੰ ਹਾਸਲ ਕਰਨ ਦੀ ਕੋਸ਼ਿਸ਼ ਵਿਚ ਜੀਵਨ ਬਤੀਤ ਕਰਦੇ ਹਨ :-

(੧) ਸਿਹਤ ਅਤੇ ਸਰੀਰ ਦੀ ਕਾਇਮੀ (Health and the preservation of life)

(੨) ਖੁਰਾਕ (Food)

(੩) ਸੁਖ ਦੀ ਨੀਂਦਰ (sleep)

(੪) ਰੁਪਿਆ ਅਤੇ ਰੁਪਏ ਨਾਲ ਖਰੀਦੀਆਂ ਜਾਣ ਵਾਲੀਆਂ ਚੀਜ਼ਾਂ (Money and the things money will buy)

(੫) ਸਦੀਵੀ ਜੀਵਨ (Life in the hereafter)

(੬) ਲਿੰਗ ਕਾਮਨਾ ਦੀ ਨਵਿਰਤੀ (Sexual gratification)

(੭) ਬਾਲ-ਬੱਚਿਆਂ ਦੀ ਖੁਸ਼ਹਾਲੀ (The well-being of our children)

(੮) ਸਵੈ-ਮਹੱਤਤਾ ਜਾਂ ਸਵੈਮਾਨਤਾ ਦਾ ਜਜ਼ਬਾ (A feeling of importance)

ਆਤਮ ਸਾਇੰਸ (Religion) ਇਨਸਾਨ ਦੀਆਂ ਉਕਤ ਜ਼ਰੂਰਤਾਂ ਦੇ ਪੂਰਿਆਂ ਕਰਨ ਵਿਚ ਬੜੀ ਸਹਾਇਤਾ ਕਰਦੀ ਹੈ, ਇਹ ਖਿਆਲ ਕਿ ਧਰਮ (Religion) ਕੇਵਲ ਮਰਨ ਪਿਛੋਂ ਹੀ ਕੰਮ ਆਉਂਦਾ ਹੈ; ਉੱਕਾ ਗਲਤ ਅਤੇ ਟਪਲਾ ਲਾਣ ਵਾਲਾ ਖਿਆਲ ਹੈ। ਇਸ ਦੇ ਉਲਟ ਸਚਾਈ ਇਹ ਹੈ ਕਿ ਧਰਮ (Religion) ਜਿਸ ਦੇ ਸਹੀ ਅਰਥ ਆਤਮ-ਸਾਇੰਸ (Science of the Soul) ਹਨ, ਆਦਮੀ ਦੀ ਹਰ ਵੇਲੇ, ਹਰ ਕੰਮ ਵਿਚ ਹਰ ਪ੍ਰਕਾਰ ਨਾਲ ਸਹਾਇਤਾ ਕਰਦਾ ਹੈ, ਇਸ ਵਰਗੀ ਸਹਾਇਤਾ

ਨਾ ਕੋਈ ਹੋਰ ਇਲਮ, ਨਾ ਕੋਈ ਮਿੱਤਰ, ਨਾ ਕੋਈ ਤਾਕਤ, ਨਾ ਕੋਈ ਵਸੀਲਾ ਕਰ ਸਕਦਾ ਹੈ।

ਜਿਸ ਤਰ੍ਹਾਂ ਜਿਸਮਾਨੀ ਵਰਜਿਸ਼ (Physical exercise) ਇਨਸਾਨ ਦੇ ਸਰੀਰ ਨੂੰ ਤੰਦਰੁਸਤ ਤੇ ਆਪਣੇ ਫਰਜ਼ਾਂ ਨੂੰ ਨਿਭਾਣ ਦੇ ਜ਼ਿਆਦਾ ਕਾਬਲ ਬਣਾ ਦੇਂਦੀ ਹੈ, ਉਸੇ ਤਰ੍ਹਾਂ ਮਨ ਦੀ ਵਰਜਿਸ਼ ਜਾਂ ਆਤਮ ਅਭਿਆਸ ਇਨਸਾਨ ਨੂੰ ਸਫਲ ਜੀਵਨ ਬਤੀਤ ਕਰਨ ਦੇ ਵਧੇਰੇ ਯੋਗ ਕਰ ਦੇਂਦਾ ਹੈ। ਸਾਇੰਸਦਾਨਾਂ ਨੇ ਅਮਰੀਕਾ ਤੇ ਯੂਰਪ ਵਿਚ ਇਹ ਸਿੱਧ ਕੀਤਾ ਹੈ ਕਿ ਮਜ਼ਬੂਤ ਤੇ ਤੰਦਰੁਸਤ ਮਨ, ਆਦਮੀ ਦੇ ਜੀਵਨ ਨੂੰ ਸਫਲ ਬਣਾਉਣ ਵਿਚ ਮਜ਼ਬੂਤ ਤੇ ਤੰਦਰੁਸਤ ਸਰੀਰ ਨਾਲੋਂ ਕਈ ਗੁਣਾਂ ਜ਼ਿਆਦਾ ਸਹਾਇਕ ਹੁੰਦਾ ਹੈ, ਇਥੋਂ ਤਕ ਕਿ ਮਜ਼ਬੂਤ ਤੇ ਤੰਦਰੁਸਤ ਮਨ ਵਾਲਾ ਆਪਣੇ ਸਰੀਰ ਨੂੰ ਬਗੈਰ ਖਾਸ ਜਿਸਮਾਨੀ ਵਰਜ਼ਿਸ਼ਾਂ ਦੇ ਤੰਦਰੁਸਤ ਤੇ ਮਜ਼ਬੂਤ ਰਖ ਸਕਦਾ ਹੈ।

**(੧) ਸਿਹਤ ਅਤੇ ਜੀਵਨ ਦੀ ਕਾਇਮੀ** (Health and Preservation of Life) ਆਤਮ-ਸਾਇੰਸ (Religion) ਮਨੁੱਖ ਨੂੰ ਜਗਤ ਰਚਨਾ ਦੀ ਤਹਿ ਵਿਚ ਲੁਕੀ ਚੇਤਨ ਸ਼ਕਤੀ ਨਾਲ ਜੋੜ ਕੇ ਤੰਦਰੁਸਤ ਤੇ ਸ਼ਕਤੀਵਾਨ ਬਣਾ ਦੇਂਦੀ ਹੈ। ਕਰਤਾਰ ਨਾਲ ਇਕ ਸੁਰ ਰਹਿਣ ਵਾਲਾ ਪੁਰਸ਼ ਕਰਤਾਰ ਦੇ ਅਗੰਮੀ ਸੋਮਿਆਂ ਵਿਚੋਂ ਆਪਣੀ ਜ਼ਰੂਰਤ ਅਨੁਸਾਰ ਸ਼ਕਤੀ ਖਿੱਚਦਾ ਰਹਿੰਦਾ ਹੈ ਅਤੇ ਜੀਵਨ ਨੂੰ ਜਿਤਨਾ ਲੰਬਾ ਚਾਹੇ ਬਣਾ ਸਕਦਾ ਹੈ। ਹਸਤੀ ਨੂੰ ਕਾਇਮ ਰੱਖਣ ਵਾਸਤੇ ਜਗਤ-ਹਸਤੀ ਨਾਲ ਸਬੰਧ ਪੈਦਾ ਕਰਨਾ ਬੜਾ ਜ਼ਰੂਰੀ ਤੇ ਲਾਭਦਾਇਕ ਸਾਬਤ ਹੁੰਦਾ ਹੈ। ਕ੍ਰੋੜਾਂਪਤੀ ਦਾ ਮਿੱਤਰ ਗਰੀਬ ਨਹੀਂ ਰਹੇਗਾ, ਜਗਤ ਦੀ ਅਟੱਲ ਹਸਤੀ ਨਾਲ ਜੋ ਜੁੱਗਾਂ ਜੁਗਾਂਤਰਾਂ ਤੋਂ 'ਸਦਾ ਸਲਾਮਤ' ਹੈ, ਰਿਸ਼ਤਾ ਪੈਦਾ ਕਰਨ ਵਾਲਾ ਆਦਮੀ ਆਪਣੀ ਆਰਜ਼ੀ ਹਸਤੀ (Mortal existence) ਨੂੰ ਜਿਤਨਾ ਤੰਦਰੁਸਤ ਤੇ ਲੰਬਿਆਂ ਕਰਨਾ ਚਾਹੇ ਕਰ ਸਕੇਗਾ। ਇਹ ਬਿਲਕੁਲ ਦੂਸਰੀ ਗੱਲ ਹੈ ਕਿ ਜਗਤ-ਹਸਤੀ ਨਾਲ ਜੁੜਿਆ ਜੀਵ ਆਪਣੀ ਆਰਜ਼ੀ-ਹਸਤੀ (Mortal existence) ਨੂੰ ਆਪਣੀ ਖੁਸ਼ੀ ਨਾਲ ਜਗਤ-ਹਸਤੀ ਦੇ ਹੁਕਮ ਜਾਂ ਮਰਜ਼ੀ ਤੇ ਛੱਡ ਦੇਵੇ ਅਤੇ ਲੰਬੇ ਜੀਵਨ ਦੀ ਆਸ ਨਾ ਕਰੇ, ਪਰ ਵਿਗਿਆਨਕ ਤੌਰ ਤੇ ਅਗਰ ਹਰੀ ਭਗਤ ਜ਼ਿਆਦਾ ਜੀਵਣਾ ਚਾਹੇ ਤਾਂ ਜਗਤ ਕਰਤਾ ਦੀਆਂ ਸਾਰੀਆਂ ਸ਼ਕਤੀਆਂ ਉਸ ਦੀ





ਜ਼ਿੰਦਗੀ ਨੂੰ ਕਾਇਮ ਰੱਖਣ ਤੇ ਲੰਬੇਰਾ ਕਰਨ ਵਿਚ ਪੂਰੀ-ਪੂਰੀ ਸਹਾਇਤਾ ਦੇਣਗੀਆਂ। Life can be retained in our possession for an indefinite period on this earth....If man were to learn once for all that he can prolong his life on this earth in youth and health for an indefinite period in which days and years are not counted, he could pass from one joy to another, from one triumph to another as easy as breathing the air.

(A Western Philosopher)

**(੨) ਖੁਰਾਕ (Food) :**

ਆਤਮ-ਸਾਇੰਸ ਆਪਣੇ ਵਿਦਿਆਰਥੀਆਂ ਦੀਆਂ ਸਭ ਭੁੱਖਾਂ, ਉਸ ਨੂੰ ਸਿਰਜਨਹਾਰ ਨਾਲ ਜੋੜ ਕੇ ਨਵਿਰਤ ਕਰ ਦੇਂਦੀ ਹੈ। ਉਸ ਨੂੰ ਯਕੀਨ ਹੋ ਜਾਂਦਾ ਹੈ ਕਿ ਉਸ ਦੇ ਸਰੀਰ ਦੇ ਰਚੇ ਜਾਣ ਤੋਂ ਕਿਤੇ ਪਹਿਲੇ ਉਸ ਦੇ ਸਰੀਰ ਦੇ ਕਾਇਮ ਰੱਖਣ ਦਾ, ਉਸ ਨੂੰ ਰੋਜ਼ੀ ਪੁਚਾਉਣ ਦਾ ਬੰਦੋਬਸਤ ਕੀਤਾ ਗਿਆ ਸੀ। ਉਸ ਨੂੰ ਪਤਾ ਲਗ ਜਾਂਦਾ ਹੈ ਕਿ ਉਸ ਦੇ ਸੰਸਾਰਕ ਜੀਵਨ (Earthly life) ਦੀ ਪੂਰੀ ਫ਼ਿਲਮ (Complete film) ਉਸ ਦੇ ਜਨਮ ਤੋਂ ਪਹਿਲਾਂ ਬਣ ਚੁੱਕੀ ਹੈ ਅਤੇ ਉਹ ਕਰਤਾਰ ਦੀ ਵਿਉਂਤ ਅਨੁਸਾਰ ਆਪਣੇ ਵਕਤ ਉਤੇ ਖੁਲ੍ਹਦੀ ਰਹੇਗੀ।

*ਜੀਅ ਜੰਤ ਸਭਿ ਪਾਛੈ ਕਰਿਆ ਪ੍ਰਥਮੇ ਰਿਜਕੁ ਸਮਾਹਾ॥*

*ਪੰਨਾ - 1235*

ਜਦ ਆਤਮ-ਸਾਇੰਸ ਦਾ ਵਿਦਿਆਰਥੀ ਗਹੁ ਨਾਲ ਆਪਣੇ ਆਲੇ-ਦੁਆਲੇ ਵੇਖਦਾ ਹੈ ਕਿ ਸਾਰੇ ਸੰਸਾਰ ਵਿਚ ਸਿਵਾਏ ਚਤਰ ਇਨਸਾਨ ਦੇ ਹੋਰ ਕੁਲ ਜੀਅ ਜੰਤ ਨੂੰ ਹਰ ਰੋਜ਼ ਰੋਜ਼ੀ ਕੁਦਰਤ ਵਲੋਂ ਪਹੁੰਚਾਈ ਜਾਂਦੀ ਹੈ ਤਾਂ ਉਹ ਵੀ ਚਿੜੀਆਂ ਵਾਂਗਰ ਰੋਟੀ ਦੀ ਫਿਕਰ ਛੱਡ ਦੇਂਦਾ ਹੈ। ਉਸ ਦਾ ਸੱਚੇ ਦਿਲੋਂ ਆਪਣੇ ਮਾਲਕ (God) ਉਤੇ ਨਿਸਚਾ, ਕੁਦਰਤ ਦੇ ਸਾਰੇ ਵਸੀਲਿਆਂ ਨੂੰ ਉਸ ਦੇ ਤਾਬਿਆਂ ਕਰ ਦੇਂਦਾ ਹੈ ਅਤੇ ਉਹ ਦੇਖਦਾ ਹੈ ਕਿ ਉਸ ਦੀ ਕੋਸ਼ਿਸ਼ ਤੋਂ ਬਗੈਰ ਉਸ ਦੇ ਰੋਜ਼ੀ

ਦੇ ਸਾਮਾਨ ਖੁਦ ਬਖੁਦ ਪੈਦਾ ਹੁੰਦੇ ਰਹਿੰਦੇ ਹਨ। ਬੱਚੇ ਦੇ ਜਨਮ ਤੋਂ ਪਹਿਲੇ ਮਾਤਾ ਦੇ ਥਣਾਂ ਵਿਚ ਦੁੱਧ ਦੇ ਆ ਜਾਣ ਦੀ ਘਟਨਾ ਆਤਮ-ਸਾਇੰਸ ਦੇ ਵਿਦਿਆਰਥੀ ਨੂੰ ਆਪਣੇ ਭਵਿੱਖਤ ਸਬੰਧੀ ਬੱਚੇ ਵਾਂਗਰ ਬੇਫਿਕਰ ਕਰ ਦੇਂਦੀ ਹੈ। ਉਸ ਦੇ ਅੰਤਸ਼ਕਰਣ ਵਿਚ ਹੇਠ ਲਿਖੇ ਕਥਨ ਦੀ ਸਚਾਈ ਪ੍ਰਵੇਸ਼ ਕਰ ਜਾਂਦੀ ਹੈ :

*'ਜਬ ਦਾਂਤ ਨ ਥੇ ਤਬ ਦੂਧ ਦੀਓ,*
*ਜਬ ਦਾਂਤ ਦੀਏ ਕਿਆ ਅੰਨ ਨਾ ਦੇਗਾ।'*

(੩) ਸੁਖ ਦੀ ਨੀਂਦਰ (**Sleep**)

ਸਾਡੀ ਉਤੇ ਦੱਸੀ ਵਿਚਾਰ ਅਨੁਸਾਰ, ਹਰੀ ਭਗਤ ਜਾਂ ਧਾਰਮਿਕ ਜੀਵਨ ਵਾਲਾ ਪੁਰਸ਼ ਹਰੀ ਨਾਲ ਅੰਦਰੋਂ ਇਕ ਸੁਰ ਹੋ ਕੇ, ਹਰੀ ਵਿਚੋਂ ਆਪਣੀ ਲੋੜ ਅਨੁਸਾਰ ਸਭ ਸ਼ਕਤੀਆਂ ਖਿੱਚ ਸਕਦਾ ਹੈ ਅਤੇ ਆਪਣੀ ਸਿਹਤ ਨੂੰ ਹਮੇਸ਼ਾ ਤੰਦਰੁਸਤ ਰਖ ਸਕਦਾ ਹੈ ਅਤੇ ਉਸ ਨੂੰ ਆਪਣੀ ਰੋਜ਼ੀ ਜਾਂ ਪੇਟ ਦਾ ਫਿਕਰ ਹਟ ਜਾਂਦਾ ਹੈ। ਜਦ ਆਦਮੀ ਦੀ ਸਿਹਤ ਅੱਛੀ ਹੋਵੇ ਅਤੇ ਉਸ ਨੂੰ ਰੋਟੀ ਦਾ ਫਿਕਰ ਨਾ ਹੋਵੇ ਤਾਂ ਕੁਦਰਤੀ ਤੌਰ ਤੇ ਉਸ ਨੂੰ ਨੀਂਦਰ ਦੂਸਰੇ ਲੋਕਾਂ ਨਾਲੋਂ ਜ਼ਿਆਦਾ ਡੂੰਘੀ ਤੇ ਆਰਾਮ ਵਾਲੀ ਆਵੇਗੀ; ਸੁਖੀ ਨੀਂਦਰ ਵਾਸਤੇ ਦੋ ਗੱਲਾਂ ਡਾਢੀਆਂ ਜ਼ਰੂਰੀ ਹਨ। ਪਹਿਲੇ - ਸਰੀਰ ਦਾ ਤੰਦਰੁਸਤ ਹੋਣਾ, ਦੂਸਰਾ ਮਨ ਵਿਚ ਕੋਈ ਫਿਕਰ ਨਾ ਹੋਣਾ। ਇਸ ਲਈ ਅਸਲ ਧਾਰਮਕ ਪੁਰਸ਼ ਜਿਸ ਬੇਫਿਕਰੀ ਨਾਲ ਨੀਂਦਰ ਦਾ ਅਨੰਦ ਲੈ ਸਕਦਾ ਹੈ, ਉਹ ਦੁਨੀਆਂ ਦੇ ਹੋਰ ਲੋਕਾਂ ਨੂੰ ਨਸੀਬ ਨਹੀਂ ਹੁੰਦਾ।

(੪) ਧਨ ਅਤੇ ਧਨ ਨਾਲ ਖਰੀਦੇ ਜਾਣ ਵਾਲੇ ਪਦਾਰਥ (**Money and the things money will buy) :**

ਇਹ ਖਿਆਲ ਵਿਗਿਆਨਕ ਤੌਰ ਤੇ ਠੀਕ ਨਹੀਂ ਕਿ ਧਾਰਮਿਕ ਪੁਰਸ਼ ਗਰੀਬ ਰਹਿੰਦੇ ਹਨ, ਸਚਾਈ ਇਸ ਦੇ ਐਨ ਉਲਟ ਹੈ। ਰੱਬ ਨਾਲ ਜੁੜਿਆ ਹੋਇਆ ਬੰਦਾ ਰੱਬ ਵਰਗਾ ਅਮੀਰ ਹੋ ਜਾਂਦਾ ਹੈ। ਉਹ ਆਤਮਾ ਦੇ ਅਟੱਲ ਕਾਨੂੰਨ ਅਨੁਸਾਰ ਮਾਇਆ ਵਲੋਂ ਬੇਪ੍ਰਵਾਹ ਹੋ ਕੇ, ਉਸ ਨੂੰ ਤੁਛ ਸਮਝ ਕੇ, ਉਸ ਨੂੰ ਸਗੋਂ ਆਪਣੇ ਵੱਲ ਖਿੱਚ ਲੈਂਦਾ ਹੈ। ਸਾਡੇ ਮਨ





ਦਾ ਇਕ ਖਾਸਾ ਹੈ ਕਿ ਉਹ ਜਿਸ ਚੀਜ਼ ਦੀ ਬਹੁਤੀ ਤ੍ਰਿਸ਼ਨਾ ਕਰੇ ਉਹ ਇਸ ਤੋਂ ਦੂਰ ਹੋ ਜਾਂਦੀ ਹੈ, ਜਾਂ ਉਸ ਦੇ ਹਾਸਲ ਕਰਨ ਵਿਚ ਕੁਦਰਤ ਦਿਕਤਾਂ ਪੈਦਾ ਕਰ ਦੇਂਦੀ ਹੈ ਅਤੇ ਜਿਸ ਚੀਜ਼ ਦੀ ਭੁੱਖਿਆਂ ਵਾਂਗ ਤ੍ਰਿਸ਼ਨਾਂ ਨਾ ਕਰੇ, ਸਗੋਂ ਸੁਤੇ ਸਿਧ ਚਾਹੇ, ਉਹ ਚੀਜ਼ ਕਦਮਾਂ ਵਿਚ ਦੌੜੀ ਆਉਂਦੀ ਹੈ। ਕਿਸੇ ਨੇ ਠੀਕ ਹੀ ਕਿਹਾ ਹੈ -

*'ਬਿਨ ਮਾਂਗੇ ਮੋਤੀ ਮਿਲੇਂ ਮਾਂਗੇ ਮਿਲੇ ਨਾ ਭੀਖ।'*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਇਸ ਖਿਆਲ ਦੇ ਕਈ ਸ਼ਬਦ ਹਨ:

*ਗਹੁ ਕਰਿ ਪਕਰੀ ਨ ਆਈ ਹਾਥਿ॥*
*ਪ੍ਰੀਤਿ ਕਰੀ ਚਾਲੀ ਨਹੀ ਸਾਥਿ॥*
*ਕਹੁ ਨਾਨਕ ਜਉ ਤਿਆਗਿ ਦਈ॥*
*ਤਬ ਓਹ ਚਰਣੀ ਆਇ ਪਈ॥* *ਪੰਨਾ - 891*

ਗੁਰਮੁਖ ਜਾਂ ਹਰੀ ਭਗਤ ਮਾਇਆ ਵਲ ਉਸ ਨਿਗਾਹ ਨਾਲ ਕਦੀ ਨਹੀਂ ਦੇਖਦੇ, ਜਿਸ ਭੁੱਖੀ ਨਿਗਾਹ ਨਾਲ ਦੁਨੀਆਂ ਦਾ ਦੀਵਾਨਾ ਤਕਦਾ ਹੈ। ਏਸੇ ਕਰਕੇ ਜਿਥੇ ਮਾਇਆ, ਲੋਭ ਤੇ ਦੁਨੀਆਂ ਦੇ ਦੀਵਾਨੇ ਨੂੰ ਠੇਡੇ ਮਾਰਦੀ ਤੇ ਸਦਾ ਆਪਣੇ ਪਿਛੇ ਦੁੜਾਂਦੀ ਹੈ, ਉਥੇ ਭਗਤ ਜਾਂ ਗੁਰਮੁਖ ਦੀ ਸੇਵਾ ਕਰਨੀ ਆਪਣੀ ਹਸਤੀ ਦਾ ਦਰੁੱਸਤ ਅਤੇ ਜਾਇਜ਼ ਇਸਤੇਮਾਲ ਸਮਝਦੀ ਹੈ ਅਤੇ ਗੁਰਮੁਖ ਪਾਸ ਜ਼ਰੂਰਤ ਅਨੁਸਾਰ ਕਾਫੀ ਮਿਕਦਾਰ ਵਿਚ ਰਹਿੰਦੀ ਹੈ।

*ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ॥*
*ਚਰਣੀ ਲਾਗੈ ਤਾ ਮਹਲੁ ਪਾਵੈ॥* *ਪੰਨਾ - 231*

ਜਿਥੇ ਧਨ ਆ ਜਾਵੇ ਉਥੇ ਧਨ ਨਾਲ ਖਰੀਦੇ ਜਾਣ ਵਾਲੇ ਸਭ ਪਦਾਰਥ ਵੀ ਸੁਤੇ ਸਿਧ ਆ ਜਾਂਦੇ ਹਨ। ਜਦ ਗੁਰਮੁਖ ਪਾਸ ਧਨ ਹੋਵੇ ਤਾਂ ਉਹ ਆਪਣੀ ਜ਼ਰੂਰਤ ਅਨੁਸਾਰ ਆਪਣੇ ਸੁਖਾਂ ਨੂੰ ਵਧਾਣ ਵਾਲੇ ਪਦਾਰਥ ਖਰੀਦ ਕੇ ਆਪਣੀ ਸੰਸਾਰਕ ਯਾਤਰਾ ਨੂੰ ਪੂਰੇ ਆਰਾਮ ਤੇ ਸੁਖਾਂ ਵਾਲੀ ਬਣਾਂਦਾ ਹੈ।

ਵਪਾਰਕ ਮੰਡਲਾਂ ਵਿਚ ਦੇਖਿਆ ਗਿਆ ਹੈ ਕਿ ਉਹ ਆਦਮੀ ਪੱਕੇ

ਤੌਰ ਤੇ ਕਾਮਯਾਬ ਹੁੰਦੇ ਹਨ ਜਿਨ੍ਹਾਂ ਦੇ ਕਾਰੋਬਾਰ ਸੱਚ ਦੇ ਅਸੂਲਾਂ ਤੇ ਕਾਇਮ ਹੋਣ। ਈਮਾਨਦਾਰ ਤੇ ਸੱਚੇ ਵਪਾਰੀ ਦਾ ਵਪਾਰਕ ਮੰਡਲਾਂ ਵਿਚ ਬੜਾ ਇਤਬਾਰ ਬੱਝ ਜਾਂਦਾ ਹੈ, ਉਸ ਨੂੰ ਆਪਣੀ ਮਾਰਕੀਟ ਵਿਚੋਂ ਇਤਨਾ ਉਧਾਰ ਮਾਲ ਮਿਲਦਾ ਹੈ ਜਿਸ ਨਾਲ ਉਹ ਆਪਣੇ ਵਪਾਰ ਨੂੰ ਵਧਾ ਕੇ ਸਹਿਲੇ ਹੀ ਧਨ ਪੈਦਾ ਕਰ ਸਕੇ। ਅਗਰ ਵਪਾਰੀ ਹੋਣ ਦੇ ਨਾਲ ਨਾਲ ਆਦਮੀ ਧਰਮਾਤਮਾ ਜਾਂ ਸੱਚੇ ਅਸੂਲਾਂ ਵਾਲਾ ਵੀ ਹੋਵੇ ਤਾਂ ਉਸ ਵਾਸਤੇ ਵਪਾਰ ਵਿਚ ਕਾਮਯਾਬ ਹੋਣਾ ਮੁਸ਼ਕਲ ਬਾਤ ਨਹੀਂ।

**(੫) ਸਦੀਵੀ ਜੀਵਨ (Life in the hereafter) :**

ਇਨਸਾਨ ਸਦੀਵੀ ਜੀਵਨ ਦੀ ਖਾਹਿਸ਼ ਨੂੰ ਸਿਵਾਏ ਧਰਮ (ਆਤਮ ਵਿਦਿਆ) ਦੇ ਹੋਰ ਕੋਈ ਪੂਰਿਆਂ ਕਰ ਹੀ ਨਹੀਂ ਸਕਦਾ। ਆਤਮ ਵਿਦਿਆ ਜੀਵ ਨੂੰ ਦਸਦੀ ਹੈ ਕਿ ਤੂੰ ਈਸ਼ਵਰ ਰੂਪੀ ਅਥਾਹ ਸਾਗਰ ਦੀ ਇਕ ਲਹਿਰ ਹੈਂ, ਇਸ ਲਈ ਤੇਰੀ ਅਸਲੀਅਤ ਤੇ ਸਾਗਰ ਦੀ ਅਸਲੀਅਤ ਦੋ ਵੱਖੋ-ਵੱਖਰੀਆਂ ਚੀਜਾਂ ਨਹੀਂ, ਤੂੰ ਸਾਗਰ ਨਾਲ ਅੰਦਰੂਨੀ ਤੌਰ ਤੇ ਅਭਿੰਨ ਹੈਂ, ਤੇਰੇ ਤੇ ਸਾਗਰ ਵਿਚ ਇਕ ਐਸਾ ਰਿਸ਼ਤਾ ਹੈ ਜੋ ਕਦੀ, ਕਿਸੇ ਵੇਲੇ, ਕਿਸੇ ਹਾਲਤ ਵਿਚ ਟੁੱਟ ਨਹੀਂ ਸਕਦਾ। ਅਗਰ ਸਦੀਵੀ ਜੀਵਨ ਰੋ ਹੈ ਤਾਂ ਤੂੰ ਉਸ ਜੀਵਨ ਰੋ ਦਾ ਕਦੀ ਅਲਹਿਦਾ ਨਾ ਹੋਣ ਵਾਲਾ ਭਾਗ ਹੈਂ, ਸਾਗਰ ਅਮਰ ਹੈ, ਇਸ ਲਈ ਤੂੰ ਭੀ ਅਮਰ ਹੈਂ। ਧਰਮ ਹੀ ਇਨਸਾਨ ਨੂੰ ਉਸ ਦੀ ਅਸਲੀਅਤ ਤੋਂ ਵਾਕਿਫ ਕਰਾ ਕੇ ਐਸੀ ਨਿਰਭੈ ਅਵਸਥਾ ਵਿਚ ਪਹੁੰਚਾ ਦੇਂਦਾ ਹੈ ਜਿਥੇ ਉਹ ਭਰੋਸੇ ਨਾਲ ਆਖ ਸਕਦਾ ਹੈ :

*ਮਰਣਹਾਰੁ ਇਹੁ ਜੀਅਰਾ ਨਾਹੀ।।* ਪੰਨਾ - 188

*ਦੇਹੀ ਅੰਦਰਿ ਨਾਮੁ ਨਿਵਾਸੀ।।*
*ਆਪੇ ਕਰਤਾ ਹੈ ਅਬਿਨਾਸੀ।।*
*ਨਾ ਜੀਉ ਮਰੈ ਨ ਮਾਰਿਆ ਜਾਈ*
*ਕਰਿ ਦੇਖੈ ਸਬਦਿ ਰਜਾਈ ਹੇ।।* ਪੰਨਾ - 1026

**(੬) ਲਿੰਗ ਕਾਮਨਾ ਦੀ ਪੂਰਤੀ (Sexual gratification) :**

ਧਾਰਮਕ ਸਿਖਸ਼ਾ ਇਨਸਾਨ ਨੂੰ ਨਿੱਜ-ਕਾਬੂ ਸਿਖਾਂਦੀ ਹੈ। ਨਿੱਜ





ਕਾਬੂ ਇਨਸਾਨ ਨੂੰ ਤੰਦਰੁਸਤ ਅਤੇ ਸਭ ਰਸਾਂ ਨੂੰ ਵਧੇਰੇ ਚੰਗੀ ਤਰ੍ਹਾਂ ਭੋਗਣ ਦੇ ਯੋਗ ਬਣਾਂਦਾ ਹੈ। ਔਰਤ ਅਤੇ ਮਰਦ ਦੀ ਸੰਗਤ ਦਾ ਲੁਤਫ ਨਿੱਜ-ਕਾਬੂ ਦੇ ਅਸੂਲਾਂ ਹੇਠ ਚਲ ਕੇ ਕਿਤੇ ਵਧ ਜਾਂਦਾ ਹੈ। ਇਹ ਖਿਆਲ ਗਲਤ ਹੈ ਕਿ ਕਾਮੀ ਪੁਰਸ਼ ਜਾਂ ਆਪਣੇ ਨਫਸ ਦਾ ਗੁਲਾਮ ਨਿਜ-ਕਾਬੂ ਅਸੂਲਾਂ ਤੇ ਚੱਲਣ ਵਾਲੇ ਪੁਰਸ਼ ਨਾਲੋਂ ਰਸਾਂ ਦੇ ਭੋਗਣ ਵਿਚ ਜ਼ਿਆਦਾ ਅਨੰਦ ਹਾਸਲ ਕਰਦਾ ਹੈ। ਜਿਵੇਂ ਘੱਟ ਖਾਣ ਵਾਲਾ ਆਦਮੀ ਖਾਣੇ ਦਾ ਜ਼ਿਆਦਾ ਲੁਤਫ ਉਠਾਂਦਾ ਹੈ, ਉਸੇ ਤਰ੍ਹਾਂ ਨਿੱਜ-ਕਾਬੂ ਰੱਖਣ ਵਾਲਾ ਪੁਰਸ਼ ਲਿੰਗ ਚੇਸ਼ਟਾ ਦਾ ਜ਼ਿਆਦਾ ਸਵਾਦ ਮਾਣਦਾ ਹੈ।

ਗੁਰਸਿੱਖਾਂ ਦਾ ਧਰਮ, ਇਕ ਪਾਸੇ ਜਗਤ ਉਤਪਤੀ ਤੇ ਸੰਸਾਰਕ ਖੇਡ ਦੇ ਕਾਇਮ ਰੱਖਣ ਦੇ ਖਿਆਲ ਨੂੰ ਮੁਖ ਰੱਖ ਕੇ, ਗ੍ਰਿਹਸਤ ਕਰਨ ਦੀ ਸਿਫਾਰਸ਼ ਕਰਦਾ ਹੈ ਅਤੇ ਦੂਜੇ ਪਾਸੇ ਨਿੱਜ-ਕਾਬੂ ਦਾ ਸੁਨਹਿਰੀ ਉਪਦੇਸ਼ ਦੇ ਕੇ ਗ੍ਰਿਹਸਤ ਆਸ਼ਰਮ ਨੂੰ ਜ਼ਿਆਦਾ ਤੋਂ ਜ਼ਿਆਦਾ ਲਾਭਵੰਦ ਤੇ ਸੁਖਦਾਈ ਬਨਾਉਣ ਦੀ ਸਿਖਿਆ ਦੇਂਦਾ ਹੈ। ਗੁਰਸਿਖ ਨਾ ਤੇ ਵਿਸ਼ਈ ਹੁੰਦਾ ਹੈ ਤੇ ਨਾ ਸੰਨਿਆਸੀ। ਉਹ ਜਗਤ ਰਚਨਾ ਸਬੰਧੀ, ਕੁਦਰਤ ਸਬੰਧੀ, ਕੁਦਰਤ ਦੇ ਮਨਸ਼ੇ ਨੂੰ ਸਮਝਦਾ ਹੈ ਅਤੇ ਉਸ ਅਨੁਸਾਰ ਆਪਣਾ ਜੀਵਨ ਕੁਦਰਤੀ ਢੰਗ ਦਾ ਬਣਾਂਦਾ ਹੈ।

**(੭) ਔਲਾਦ ਦੀ ਖੁਸ਼ਹਾਲੀ (The well being of our children) :**

ਆਪਣੇ ਆਪ ਦੇ ਸੁਖ ਮਗਰੋਂ ਹਰ ਇਨਸਾਨ ਦੀ ਖਾਹਿਸ਼ ਇਹ ਹੁੰਦੀ ਹੈ ਕਿ ਉਸ ਦੀ ਔਲਾਦ ਸੁਖੀ ਰਹੇ, ਇਨਸਾਨ ਦਾ ਆਪਣੀ ਔਲਾਦ ਨਾਲ ਬੜਾ ਗਹਿਰਾ ਤੇ ਪੱਕਾ ਆਤਮਕ ਤੇ ਖੂਨ ਦਾ ਰਿਸ਼ਤਾ ਹੁੰਦਾ ਹੈ। ਜਿਵੇਂ ਬੀਜ ਆਪਣੇ ਆਪ ਨੂੰ ਦਰਖਤ ਵਿਚ ਦੇਖਦਾ ਹੈ, ਇਨਸਾਨ ਆਪਣੇ ਆਪ ਨੂੰ ਆਪਣੀ ਸੰਤਾਨ ਵਿਚ ਮੌਲਿਆ ਪ੍ਰਤੀਤ ਕਰਦਾ ਹੈ। ਇਸ ਲਈ ਹਰ ਇਨਸਾਨ ਦੀ ਕੁਦਰਤੀ ਖਾਹਿਸ਼ ਹੁੰਦੀ ਹੈ ਕਿ ਔਲਾਦ ਸਦਾ ਖੁਸ਼ ਤੇ ਸੁਖੀ ਵਸੇ।

ਇਨਸਾਨ ਦੀ ਇਸ ਖਾਹਿਸ਼ ਦੇ ਪੂਰਿਆਂ ਕਰਨ ਵਿਚ ਧਰਮ ਜਾਂ ਆਤਮ-ਵਿਦਿਆ ਉਸ ਦੀ ਖੂਬ ਸਹਾਇਤਾ ਕਰਦੀ ਹੈ। ਆਤਮ-ਵਿਦਿਆ ਅਨੁਸਾਰ ਹਰ ਇਨਸਾਨ ਆਪਣੇ ਅੰਦਰੋਂ ਅਕਾਲ ਪੁਰਖ ਨਾਲ ਉਸੇ ਤਰ੍ਹਾਂ

ਜੁੜਿਆ ਹੋਇਆ ਹੈ ਜਿਵੇਂ ਬੁਲਬੁਲਾ ਸਾਗਰ ਨਾਲ ਜੁੜਿਆ ਹੁੰਦਾ ਹੈ। ਆਤਮਕ ਇਨਸਾਨ ਨੂੰ ਇਹ ਨਿਸਚਾ ਹੁੰਦਾ ਹੈ ਕਿ ਉਸ ਦੀ ਔਲਾਦ ਵੀ ਅਕਾਲ ਪੁਰਖ ਨਾਲ ਉਸੇ ਤਰ੍ਹਾਂ ਅੰਦਰੋਂ ਇਕਮਿਕ ਹੈ ਜਿਵੇਂ ਉਹ ਖੁਦ ਹੈ, ਅਤੇ ਏਸ ਕਰਕੇ ਉਸ ਦੀ ਔਲਾਦ ਵਾਸਤੇ ਅਕਾਲ ਪੁਰਖ ਦੇ ਭਰਪੂਰ ਖਜ਼ਾਨਿਆਂ ਵਿਚੋਂ ਉਸੇ ਤਰ੍ਹਾਂ ਸਭ ਦਾਤਾਂ ਲੈਣ ਦਾ ਮੌਕਾ ਜਾਂ ਹੱਕ ਹੈ ਜਿਵੇਂ ਉਸ ਦੇ ਆਪਣੇ ਵਾਸਤੇ। ਇਸ ਲਈ ਆਤਮਕ ਪੁਰਸ਼ ਆਪਣੀ ਔਲਾਦ ਅੰਦਰ ਹਮੇਸ਼ਾ ਐਸੇ ਆਤਮਕ ਖਿਆਲ ਭਰਦਾ ਰਹਿੰਦਾ ਹੈ ਜਿਨ੍ਹਾਂ ਕਰਕੇ ਉਸ ਦੀ ਔਲਾਦ ਦਾ ਅੰਦਰ, ਬਾਹਰ, ਆਪਣੇ ਨਾਲ ਅਤੇ ਆਪਣੇ ਤੋਂ, ਸੌਂਦਿਆਂ, ਬੈਠਦਿਆਂ, ਚਲਦਿਆਂ, ਫਿਰਦਿਆਂ ਇਕ ਛਿਨ ਨਾ ਵਿਛੜਨ ਵਾਲੀ ਈਸ਼ਵਰ ਦੀ ਹਸਤੀ ਉਤੇ ਦ੍ਰਿੜ੍ਹ ਵਿਸ਼ਵਾਸ਼ ਹੋ ਜਾਂਦਾ ਹੈ ਅਤੇ ਉਹ ਆਪਣੀ ਸਾਰੀ ਜੀਵਨ ਖੋਜ ਨੂੰ ਈਸ਼ਵਰੀ ਸਹਾਇਤਾ ਦੇ ਆਸਰੇ ਸਫਲਤਾ ਨਾਲ ਖੋਭਣ ਲਈ ਤਿਆਰ ਹੋ ਜਾਂਦਾ ਹੈ। ਜਿਸ ਆਦਮੀ ਨੂੰ ਅਕਾਲ ਪੁਰਖ ਤੇ ਦ੍ਰਿੜ੍ਹ ਵਿਸ਼ਵਾਸ਼ ਹੋਵੇ, ਉਸ ਨੂੰ ਆਪਣੇ ਆਪ ਉਤੇ ਦ੍ਰਿੜ੍ਹ ਵਿਸ਼ਵਾਸ਼ ਹੋ ਜਾਂਦਾ ਹੈ। ਜਿਵੇਂ ਪਹਿਲਵਾਨ ਨੂੰ ਸਰੀਰਕ ਸ਼ਕਤੀ ਵਿਚ ਵਿਸ਼ਵਾਸ਼ ਹੈ ਅਤੇ ਸਰੀਰਕ ਸ਼ਕਤੀ ਨੂੰ ਆਪਣੀ ਰਗ ਰਗ ਵਿਚ ਦੌੜਦਿਆਂ ਦੇਖ ਕੇ ਉਸ ਨੂੰ ਆਪਣੇ ਸਰੀਰ ਜਾਂ ਆਪਣੇ ਆਪ ਉਤੇ ਭਰੋਸਾ ਹੋ ਜਾਂਦਾ ਹੈ, ਉਸੇ ਤਰ੍ਹਾਂ ਆਤਮ ਵਿਦਿਆ ਦੇ ਵਿਦਿਆਰਥੀ ਜਦ ਅਕਾਲ ਸ਼ਕਤੀ ਨੂੰ ਆਪਣੇ ਤਨ ਵਿਚ ਲਹਿਰਾਂ ਮਾਰਦੀ ਦੇਖਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਆਪ ਉਤੇ ਦ੍ਰਿੜ੍ਹ ਵਿਸ਼ਵਾਸ਼ ਹੋ ਜਾਂਦਾ ਹੈ। ਐਸੇ ਖਿਆਲਾਂ ਦੇ ਅਸਰ ਹੇਠ ਪਰਵਿਸ਼ ਪਾਣ ਵਾਲੀ ਔਲਾਦ ਸੁਤੇ ਸਿਧ ਹੀ ਮਜ਼ਬੂਤ ਇਰਾਦੇ ਵਾਲੀ ਅਤੇ ਹਿੰਮਤੀ ਹੁੰਦੀ ਹੈ, ਜਿਸ ਲਈ ਆਪਣੇ ਆਪ ਨੂੰ ਦੁਨੀਆਂ ਵਿਚ ਕਾਮਯਾਬ ਤੇ ਸੁਖੀ ਬਨਾਣਾ ਕੋਈ ਔਖੀ ਗੱਲ ਨਹੀਂ ਰਹਿੰਦੀ।

ਆਤਮਕ ਪੁਰਸ਼ ਦੀ ਆਪਣੀ ਔਲਾਦ ਸਬੰਧੀ ਸ਼ੁਭ ਇਛਿਆ ਅਤੇ ਹਰ ਵੇਲੇ ਦੀ ਪ੍ਰਾਰਥਨਾ ਉਸ ਦੀ ਔਲਾਦ ਨੂੰ ਸੁਖੀ ਤੇ ਕਾਮਯਾਬ ਬਨਾਉਣ ਵਿਚ ਬੜੀ ਸਹਾਈ ਹੁੰਦੀ ਹੈ।





### (੮) ਸਵੈਮਾਨਤਾ ਜਾਂ ਸਵੈ-ਮਹੱਤਤਾ ਦਾ ਜਜ਼ਬਾ

### (A feeling of Importance) :

ਆਤਮ-ਸਾਇੰਸ ਦਾ ਵਿਦਿਆਰਥੀ ਆਪਣੇ ਆਪ ਨੂੰ ਹਕੀਰ, ਆਜਿਜ਼, ਸਿਫਰ (Zero) ਨਹੀਂ ਸਮਝਦਾ ਬਲਕਿ ਕਰਤਾਰ ਦੀ ਰਚਨਾ ਦਾ ਬੜਾ ਜ਼ਰੂਰੀ ਅੰਗ ਖਿਆਲ ਕਰਦਾ ਹੈ। ਉਹ ਅਭਿਮਾਨੀ ਨਹੀਂ ਹੁੰਦਾ, ਕਿਉਂਕਿ ਉਹ ਆਪਣੀ ਬਨਾਵਟ ਵਿਚ ਆਪਣੀ ਵਡਿਆਈ ਨਹੀਂ ਦੇਖਦਾ, ਸਗੋਂ ਆਪਣੇ ਮਾਲਕ ਦੀ ਕਾਰੀਗਰੀ ਦੇਖਦਾ ਹੈ। ਉਹ ਆਪਣੇ ਆਪ ਨੂੰ ਅਦਨਾ ਤੇ ਹਕੀਰ ਨਹੀਂ ਸਮਝਦਾ ਕਿਉਂਕਿ ਉਹ ਸਾਰੀ ਜਗਤ ਰਚਨਾ ਵਿਚੋਂ ਆਪਣੇ ਅੰਦਰ ਕਰਤਾਰ ਦੀ ਕਾਰਗਿਰੀ ਨੂੰ ਕਮਾਲ ਦੇ ਦਰਜੇ ਤੇ ਪਹੁੰਚਿਆ ਦੇਖਦਾ ਹੈ।

ਸਾਰੇ ਹੋ ਚੁੱਕੇ ਧਾਰਮਕ ਪੁਰਸ਼ਾਂ ਵਿਚ ਅਸੀਂ ਇਹ ਗੱਲ ਦੇਖਦੇ ਹਾਂ ਕਿ ਉਹ ਨਿਰ-ਹਉਮੈ ਤੇ ਨਿਰਮਾਣ ਹੁੰਦੇ ਹੋਏ ਵੀ ਬੜੇ ਅਣਖੀ, ਬਚਨ ਦੇ ਪੂਰੇ, ਮਜ਼ਬੂਤ ਇਰਾਦੇ ਦੇ, ਨਿਡਰ ਤੇ ਨਿਰਵੈਰ ਪੁਰਸ਼ ਹੁੰਦੇ ਹਨ। ਧਰਮ (ਆਤਮ-ਵਿਦਿਆ) ਇਨਸਾਨ ਨੂੰ ਵਾਹਿਗੁਰੂ ਦੇ ਰੰਗ ਵਿਚ ਢਾਲਦੀ ਢਾਲਦੀ ਇਕ ਦਿਨ ਵਾਹਿਗੁਰੂ ਵਰਗਾ ਬਣਾ ਦੇਂਦੀ ਹੈ।

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥*

*ਪੰਨਾ - 1375*

ਵਾਹਿਗੁਰੂ ਦੇ ਬੰਦੇ ਖੁਦੀ ਜਾਂ ਤਕਬਰ ਤੋਂ ਆਜ਼ਾਦ ਰਹਿੰਦੇ ਹੋਏ ਆਪਣੀ ਸ਼ਕਤੀ, ਆਪਣੀ ਮਹੱਤਤਾ ਨੂੰ ਭਲੀ ਪ੍ਰਕਾਰ ਸਮਝਦੇ ਹਨ। ਇਨ੍ਹਾਂ ਵਿਚ (Inferiority complex) ਘਟੀਆ-ਪਨ ਨਹੀਂ ਹੁੰਦਾ, ਇਨ੍ਹਾਂ ਦੇ ਸਾਮ੍ਹਣੇ ਰਾਉ ਰੰਕ ਬਰਾਬਰ ਹੁੰਦਾ ਹੈ, ਨਾ ਰਾਉ ਤੋਂ ਡਰਦੇ ਹਨ, ਨਾ ਰੰਕ ਨੂੰ ਡਰਾਂਦੇ ਹਨ, ਆਪਣੀਆਂ ਈਸ਼ਵਰੀ ਤਾਕਤਾਂ ਵਿਚ ਪੂਰਨ ਵਿਸ਼ਵਾਸ਼ ਰਖਦਿਆਂ ਹੋਇਆਂ ਹਉਮੈ ਤੋਂ ਉਪਰ ਪੂਰਨ ਨਿਰਭੈ ਪਦਵੀ ਨੂੰ ਮਾਣਦੇ ਹਨ।

# ਚੜ੍ਹਦੀ ਕਲਾ

ਦੁਨੀਆਂ ਵਿਚ ਐਸਾ ਕਿਹੜਾ ਹੋਵੇਗਾ, ਜੋ ਜ਼ਿੰਦਗੀ ਵਿਚ ਕਾਮਯਾਬ ਨਾ ਹੋਣਾ ਚਾਹੁੰਦਾ ਹੋਵੇ। ਗਰੀਬਾਂ ਤੋਂ ਲੈ ਕੇ ਸ਼ਾਹਾਂ ਪਾਤਸ਼ਾਹਾਂ ਤੱਕ ਹਰ ਇਕ ਇਨਸਾਨ ਦੀਆਂ ਕੋਸ਼ਿਸ਼ਾਂ ਦਾ ਮਨੋਰਥ ਕਾਮਯਾਬੀ ਹੈ। ਪਰ ਕਾਮਯਾਬ ਹੋਣ ਵਾਸਤੇ ਜਿਨ੍ਹਾਂ ਸਿਫਤਾਂ ਦਾ ਇਨਸਾਨ ਵਿਚ ਮੌਜੂਦ ਹੋਣਾ ਜ਼ਰੂਰੀ ਹੈ, ਉਨ੍ਹਾਂ ਸਿਫਤਾਂ ਦਾ ਗਿਆਨ, ਸੌ ਵਿਚੋਂ ਪਚੰਤਰ ਫੀ ਸਦੀ ਆਦਮੀਆਂ ਨੂੰ ਨਹੀਂ ਹੁੰਦਾ। ਹਾਲਾਤ ਜਿਸ ਆਦਮੀ ਦੀ ਮਦਦ ਕਰ ਦੇਣ, ਉਹ ਆਮ ਤੌਰ ਤੇ ਕਾਮਯਾਬ ਹੋ ਜਾਂਦਾ ਹੈ, ਜਿਸ ਦੇ ਹਾਲਾਤ ਮਦਦ ਨਾ ਕਰਨ, ਜਿਸ ਨੂੰ ਕੋਈ ਖਾਸ ਚਾਂਸ ਨਾ ਮਿਲੇ, ਉਹ ਜ਼ਿੰਦਗੀ ਵਿਚ ਨਾਕਾਮਯਾਬ ਰਹਿੰਦਾ ਹੈ।

ਜ਼ਿੰਦਗੀ ਵਿਚ ਕਾਮਯਾਬੀ ਲਈ ਇਨਸਾਨ ਵਿਚ ਖਾਸ ਗੁਣ ਹੋਣੇ ਚਾਹੀਦੇ ਹਨ। ਇਹ ਗੁਣ ਕੀ ਹੋਣੇ ਚਾਹੀਦੇ ਹਨ? ਇਨ੍ਹਾਂ ਗੁਣਾਂ ਨੂੰ ਕਿਵੇਂ ਪ੍ਰਾਪਤ ਕਰਨਾ ਚਾਹੀਦਾ ਹੈ? ਇਨ੍ਹਾਂ ਗੁਣਾਂ ਦੀ ਕਿਵੇਂ ਵਰਤੋਂ ਕਰਨੀ ਚਾਹੀਦੀ ਹੈ? ਇਨ੍ਹਾਂ ਸਵਾਲਾਂ ਦੇ ਜਵਾਬ ਵਿਚ ਕਾਮਯਾਬੀ ਦਾ ਰਾਜ਼ ਲੁਕਿਆ ਹੋਇਆ ਹੈ। ਆਓ, ਅਸੀਂ ਇਸ ਲੇਖ ਵਿਚ ਇਨ੍ਹਾਂ ਸਵਾਲਾਂ ਦਾ ਜਵਾਬ ਲੱਭਣ ਦੀ ਕੋਸ਼ਿਸ਼ ਕਰੀਏ।

ਕਾਮਯਾਬੀ ਵਾਸਤੇ ਸਭ ਤੋਂ ਜ਼ਰੂਰੀ ਜਾਨਣ ਵਾਲੀ ਚੀਜ਼ ਕਾਮਯਾਬੀ ਦੇ ਚਾਹਵਾਨ ਲਈ ਆਪਣੇ ਆਪ ਸਬੰਧੀ, ਆਪਣੇ ਅੰਦਰ ਲੁਕੀਆਂ ਤਾਕਤਾਂ ਸਬੰਧੀ ਪੂਰੀ ਵਾਕਫੀਅਤ ਹੋਣੀ ਲਾਜ਼ਮੀ ਹੈ, ਕਿਉਂਕਿ ਆਪਣੇ ਅੰਦਰ ਲੁਕੀਆਂ ਤਾਕਤਾਂ ਦੀ ਸਹੀ ਜਾਂ ਗਲਤ ਵਰਤੋਂ ਹੀ ਇਨਸਾਨ ਨੂੰ ਕਾਮਯਾਬ ਜਾਂ ਨਾਕਾਮਯਾਬ ਬਣਾਂਦੀ ਹੈ। ਇਸ ਲਈ ਇਨ੍ਹਾਂ ਦਾ ਜਾਨਣਾ ਜੀਵਨ ਵਿਚ ਅਸਲ ਤੇ ਪੱਕੀ ਕਾਮਯਾਬੀ ਦੀ ਬੁਨਿਆਦ ਹੈ।

ਆਪਣੇ ਆਪ ਸਬੰਧੀ ਇਨਸਾਨ ਨੇ ਜੋ ਖੋਜ ਅੱਜ ਤੀਕਰ ਕੀਤੀ ਹੈ, ਉਸ ਦਾ ਸੰਖੇਪ ਵਰਨਣ ਇਸ ਪ੍ਰਕਾਰ ਹੈ - ਜਿਵੇਂ ਕਿਰਨ ਸੂਰਜ ਤੋਂ ਵੱਖ ਇਕ ਆਪਣੀ ਸ਼ਕਲ ਤੇ ਹਸਤੀ ਰਖਦਿਆਂ ਹੋਇਆਂ ਵੀ, ਸੂਰਜ ਨਾਲ ਧੁਰ ਮਰਕਜ਼ ਵਿਚ ਇਕ ਹੁੰਦੀ ਹੈ, ਉਸੇ ਤਰ੍ਹਾਂ ਆਦਮੀ ਰੱਬ ਤੋਂ





ਇਲਾਵਾ ਆਪਣਾ ਅੱਡ ਰੂਪ ਤੇ ਆਕਾਰ ਰਖਦਾ ਹੋਇਆ ਵੀ ਧੁਰ ਮਰਕਜ਼ ਵਿਚ ਰੱਬ ਨਾਲ ਇਕ ਹੈ। ਜਿਵੇਂ ਕਿਰਨ ਵਿਚ, ਸੂਰਜ ਤੋਂ ਉਤਪੰਨ ਹੋਣ ਕਰਕੇ, ਸੂਰਜ ਦੀਆ ਸਭ ਸਿਫਤਾਂ ਮੌਜੂਦ ਹੁੰਦੀਆਂ ਹਨ, ਉਵੇਂ ਆਦਮੀ ਵਿਚ ਰੱਬ ਤੋਂ ਉਤਪੰਨ ਹੋਣ ਕਰਕੇ ਰੱਬ ਦੀਆਂ ਸਭ ਸਿਫਤਾਂ ਮੌਜੂਦ ਹਨ।

ਦੂਸਰੇ ਪਾਸੇ ਇਨਸਾਨ ਦੀ 'ਰੱਬ' ਜਾਂ ਆਪਣੇ ਧੁਰ ਕੇਂਦਰ ਸਬੰਧੀ ਖੋਜ ਨੇ ਇਹ ਦੱਸਿਆ ਹੈ ਕਿ ਰੱਬ ਜਾਂ ਵਾਹਿਗੁਰੂ ਕਾਮਯਾਬੀ ਜਾਂ ਫਤਹਿ ਦਾ ਰੂਪ ਹੈ। ਰੱਬ ਦੇ ਸੁਭਾਵ ਵਿਚ ਅਸਫਲ ਹੋਣ ਜਾਂ ਨਾਕਾਮਯਾਬ ਹੋਣ ਦੇ ਅਨਸਰ ਹੀ ਨਹੀਂ। ਰੱਬ ਸਰਬ-ਸ਼ਕਤੀਮਾਨ ਤੇ ਸਰਬ-ਗਿਆਤਾ ਹੋਣ ਕਰਕੇ ਉਸ ਦਾ ਰੂਪ ਹੀ ਮੁਜੱਸਮ ਕਾਮਯਾਬੀ ਹੈ। ਏਥੋਂ ਤੱਕ ਕਿ ਰੱਬ ਨੂੰ ਕਾਮਯਾਬ ਹੋਣ ਵਾਸਤੇ ਕੋਸ਼ਿਸ਼ ਹੀ ਨਹੀਂ ਕਰਨੀ ਪੈਂਦੀ, ਕੁਝ ਸੋਚਣਾ ਹੀ ਨਹੀਂ ਪੈਂਦਾ। ਉਸ ਦੇ ਕੇਵਲ ਹੁਕਮ ਜਾਂ ਇਸ਼ਾਰੇ ਵਿਚ ਸਭ ਕੰਮ ਹੋਣ ਲਗ ਪੈਂਦੇ ਹਨ, ਉਸ ਦੇ ਅੱਖਰ 'ਕੁਨ' ਆਖਣ ਤੋਂ ਹੀ ਜਗਤ ਰਚਿਆ ਜਾਂਦਾ ਹੈ।

*ਉਪਾਵ ਸਿਆਨਪ ਸਗਲ ਤੇ ਰਹਤ॥*     *ਪੰਨਾ - 270*

*ਸਰਬ ਕਲਾ ਭਰਪੂਰ ਪ੍ਰਭ ਬਿਰਥਾ ਜਾਨਨਹਾਰ॥*     *ਪੰਨਾ - 282*

*ਏਕ *ਕਵਾਵੈ ਤੇ ਸਭਿ ਹੋਆ॥*     *ਪੰਨਾ - 1003*

*ਕੀਤਾ ਪਸਾਉ ਏਕੋ *ਕਵਾਉ॥*     *ਪੰਨਾ - 3*

*ਤੂ ਕਰਣ ਕਾਰਣ ਸਮਰਥੁ ਹੈ*
*ਤੂ ਕਰਹਿ ਸੁ ਥੀਆ॥*     *ਪੰਨਾ - 585*

ਰੱਬ ਜਾਂ ਵਾਹਿਗੁਰੂ ਤੋਂ ਉਤਪੰਨ ਹੋਣ ਕਰਕੇ, ਆਦਮੀ ਵਿਚ ਸਾਰੀਆਂ ਰੱਬ ਵਾਲੀਆਂ ਸ਼ਕਤੀਆਂ ਮੌਜੂਦ ਹਨ ਅਤੇ ਰੱਬ 'ਕਰਨ ਕਾਰਣ ਸਮਰੱਥ' ਹੋਣ ਕਰਕੇ ਆਦਮੀ ਵੀ ਅਸਲ ਵਿਚ ਪੂਰਨ ਸ਼ਕਤੀਮਾਨ ਤੇ ਕਰਨ ਕਾਰਨ ਸਮਰੱਥ ਹੈ। ਜਿਵੇਂ ਕਿਰਨ ਉਹੋ ਕੁਝ ਕਰ ਸਕਦੀ ਹੈ ਜੋ ਸੂਰਜ, ਉਵੇਂ ਰੱਬ ਨੂੰ ਜਾਂ ਆਪਣੇ ਅਸਲੇ ਨੂੰ ਸਮਝਣ ਵਾਲਾ ਆਦਮੀ ਉਹੋ ਕੁਝ ਕਰ ਸਕਦਾ ਹੈ ਜੋ ਉਸ ਦਾ ਰੱਬ।

*ਸੰਤ ਰਾਮ ਕੈ ਏਕੋ ਕਾਮ।*

ਕਾਮਯਾਬੀ ਵਾਸਤੇ ਚਾਹੇ ਦੁਨਿਆਵੀ ਹੋਵੇ ਚਾਹੇ ਆਤਮਿਕ, ਸਭ ਤੋਂ ਜ਼ਰੂਰੀ ਜਾਨਣ ਵਾਲੀ ਬਾਤ ਹੈ ਇਨਸਾਨ ਅਤੇ ਇਸ ਦੀ ਤਹਿ ਵਿਚ ਇਸ ਦੇ ਸੁਆਸ ਸੁਆਸ ਨਾਲ ਰਹਿਣ ਵਾਲੀ ਅਕਾਲ ਸ਼ਕਤੀ ਦਾ ਆਪਸ ਵਿਚ ਰਿਸ਼ਤਾ। ਇਸ ਰਿਸ਼ਤੇ ਨੂੰ ਜਾਨਣ ਵਾਲਾ ਆਦਮੀ ਖੁਦ ਸ਼ਕਤੀ ਰੂਪ ਹੋ ਜਾਂਦਾ ਹੈ। ਉਸ ਦੀ ਜ਼ਹਿਨੀਅਤ (Consciousness) ਵਿਚ ਉਚਤਾ ਤੇ ਵਡਿਆਈ ਆ ਜਾਂਦੀ ਹੈ।

ਜਿਸ ਆਦਮੀ ਦੇ ਦਿਲ ਤੇ ਦਿਮਾਗ ਵਿਚ ਈਸ਼ਵਰ ਦੀ ਅੰਸ ਹੋਣ ਦਾ ਯਕੀਨ ਸਮਾ ਜਾਵੇ, ਉਸ ਦੀ ਦ੍ਰਿਸ਼ਟੀ ਸ਼ਕਤੀਵਾਨ ਹੋ ਜਾਂਦੀ ਹੈ। ਉਸ ਦੇ ਦਿਲ ਤੇ ਦਿਮਾਗ ਵਿਚ ਕਾਮਯਾਬੀ, ਸਫਲਤਾ ਤੇ ਫਤਹਿ ਵਸਣ ਲਗ ਜਾਂਦੀਆਂ ਹਨ। ਜਿਸ ਆਦਮੀ ਦੇ ਖਿਆਲਾਂ ਵਿਚ ਕਾਮਯਾਬੀ ਵਸੇ, ਉਸ ਆਦਮੀ ਦੇ ਜੀਵਨ ਵਿਚ, ਆਲੇ-ਦੁਆਲੇ ਵਿਚ, ਉਸ ਦੇ ਕਾਰ-ਵਿਹਾਰ ਵਿਚ, ਸਭ ਪਾਸੇ ਕਾਮਯਾਬੀ ਹੀ ਕਾਮਯਾਬੀ ਨਜ਼ਰ ਆਉਣ ਲਗ ਜਾਂਦੀ ਹੈ। ਏਥੇ ਇਹ ਗੱਲ ਬੜੀ ਅੱਛੀ ਤਰ੍ਹਾਂ ਨੋਟ ਕਰ ਲੈਣੀ ਚਾਹੀਦੀ ਹੈ ਕਿ ਕਾਮਯਾਬੀ ਪਹਿਲੇ ਆਦਮੀ ਦੇ ਦਿਲ ਤੇ ਦਿਮਾਗ ਵਿਚ ਆ ਕੇ ਜ਼ਾਹਿਰ ਹੁੰਦੀ ਹੈ, ਇਸ ਲਈ ਕਾਮਯਾਬੀ ਦੇ ਮੁਤਲਾਸ਼ੀ ਲਈ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣਾ, ਆਸਵੰਦ ਰਹਿਣਾ, ਕਾਮਯਾਬੀ ਨੂੰ ਆਪਣੇ ਖਿਆਲਾਂ ਦਾ ਅੰਗ ਬਨਾਣਾ, ਇਹ ਸ਼ੱਕ ਕਦੀ ਨਾ ਕਰਨਾ ਕਿ ਮੈਂ ਕਾਮਯਾਬ ਹੋਵਾਂਗਾ ਜਾਂ ਨਹੀਂ, ਕਾਮਯਾਬੀ ਵਾਸਤੇ ਅਤਿ ਲੋੜੀਂਦੀਆਂ ਸ਼ਰਤਾਂ ਹਨ।

ਜਿਸ ਆਦਮੀ ਨੂੰ ਆਪਣੇ ਅੰਦਰ ਲੁਕੀਆਂ ਅਥਾਹ ਰੱਬੀ ਤਾਕਤਾਂ ਦਾ ਇਲਮ ਹੋ ਜਾਵੇ ਅਤੇ ਜਿਸ ਦੇ ਅੰਤਸ਼ਕਰਣ ਵਿਚ ਕਾਮਯਾਬੀ ਵਸਣ ਲਗ ਜਾਵੇ, ਉਸ ਆਦਮੀ ਨੂੰ ਫੇਰ ਕਾਮਯਾਬੀ ਹਾਸਲ ਕਰਨ ਵਾਸਤੇ ਹਾਲਾਤ ਦੀ, ਮੌਕਿਆਂ ਦੀ, ਸਹਾਇਤਾ ਦੀ ਲੋੜ ਨਹੀਂ ਰਹਿੰਦੀ। ਉਹ ਇਸ ਪਾਸੇ ਆਪਣੀ ਉਤਸ਼ਾਹੀ ਨਜ਼ਰ ਨਾਲ ਦੇਖੇ, ਉਸ ਨੂੰ ਉਸੇ ਕਾਮਯਾਬੀ ਦੇ ਮੌਕੇ ਨਜ਼ਰ ਆਉਂਦੇ ਹਨ। ਜਿਥੇ ਆਮ ਲੋਕਾਂ ਨੂੰ ਨਿਰਾਸਤਾ ਤੇ ਨਾਕਾਮਯਾਬੀ ਦਿਸੇ, ਉਥੇ ਉਸ ਨੂੰ ਆਸ ਤੇ ਕਾਮਯਾਬੀ ਦਿਸਦੀ ਹੈ। ਉਹ ਹਾਲਾਤ ਨੂੰ ਅਤੇ ਮੌਕਿਆਂ ਨੂੰ ਆਪਣੀ ਜ਼ਰੂਰਤ





ਅਨੁਸਾਰ ਖੁਦ ਪੈਦਾ ਕਰ ਸਕਦਾ ਹੈ। ਉਸ ਦੀ ਨਜ਼ਰ ਵਿਚ ਮੁਸ਼ਕਲਾਂ, ਰੁਕਾਵਟਾਂ, ਦਿਕਤਾਂ ਦੀ ਹਸਤੀ ਤੱਕ ਨਹੀਂ ਰਹਿੰਦੀ, ਉਸ ਨੂੰ ਚਾਰੇ ਪਾਸੇ ਕੁਦਰਤ ਦੀਆਂ ਸ਼ਕਤੀਆਂ, ਆਪਣੇ ਨਾਲ ਮਿਲਵਰਤਣ ਕਰਨ ਲਈ ਉਤਾਵਲੀਆਂ ਨਜ਼ਰ ਆਉਂਦੀਆਂ ਹਨ। ਐਸਾ ਆਦਮੀ ਕਿਸੇ ਕੰਮ ਨੂੰ ਹੱਥ ਪਾਉਣ ਤੋਂ ਪਹਿਲੇ ਆਖ ਸਕਦਾ ਹੈ ਕਿ ਉਸ ਨੂੰ ਉਸ ਕੰਮ ਵਿਚ ਸਫਲਤਾ ਹੋਵੇਗੀ।

ਕਾਮਯਾਬੀ ਦੇ ਆਸ਼ਕ ਵਾਸਤੇ ਨਿਰਾਸਤਾ, ਫਿਕਰ, ਨਾਕਾਮਯਾਬੀ ਦਾ ਖਿਆਲ ਤੱਕ ਲਿਆਉਣਾ ਪਾਪ ਹੈ। ਉਸ ਨੂੰ ਉਠਦਿਆਂ, ਬੈਠਦਿਆਂ, ਸੌਂਦਿਆਂ, ਜਾਗਦਿਆਂ ਇਹ ਸੁਨਹਿਰੀ ਅਸੂਲ ਯਾਦ ਰਖਣਾ ਚਾਹੀਦਾ ਹੈ ਕਿ ਉਹ ਵਾਹਿਗੁਰੂ ਤੋਂ ਉਤਪੰਨ ਹੋਇਆ ਹੈ; ਵਾਹਿਗੁਰੂ ਦਾ ਪੁਤਰ ਹੈ, ਇਸ ਲਈ ਆਪਣੇ ਬਾਪ ਦੀਆਂ ਸਭ ਸ਼ਕਤੀਆਂ ਦਾ ਮਾਲਕ ਹੈ, ਉਸ ਦੇ ਬਾਪ ਨੂੰ ਕਦੀ ਹਾਰ ਨਹੀਂ ਆ ਸਕਦੀ, ਕਦੀ ਨਾਕਾਮਯਾਬੀ ਨਹੀਂ ਦਿਸ ਸਕਦੀ; ਇਸ ਲਈ ਉਸ ਨੂੰ ਵੀ ਕਦੀ ਨਾਕਾਮਯਾਬੀ ਦਾ ਮੂੰਹ ਨਹੀਂ ਦਿਸ ਸਕਦਾ, ਉਸ ਦੀ ਹਰ ਪਾਸੇ ਹੀ ਫਤਹਿ ਹੋਵੇਗੀ। ਉਸ ਨੂੰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਬੋਲੇ ਦੇ ਅਸਲੀ ਭੇਦ ਜਾਂ ਅਰਥ ਦਾ ਚੰਗੀ ਤਰ੍ਹਾਂ ਪਤਾ ਹੋਣਾ ਚਾਹੀਦਾ ਹੈ।

*"ਵਾਹਿਗੁਰੂ ਜੀ ਕਾ ਖ਼ਾਲਸਾ*
*ਵਾਹਿਗੁਰੂ ਜੀ ਕੀ ਫਤਹਿ।"*

# ਧਰਮ ਨਾਲ ਬੇਇਨਸਾਫੀ !

ਦੁਨੀਆਂ ਵਿਚ ਧਰਮ ਸਬੰਧੀ ਜੋ ਗਲਤਫਹਿਮੀ ਨਜ਼ਰ ਆਉਂਦੀ ਹੈ, ਉਹ ਇਸ ਦੇ ਅਸਲ ਅਰਥਾਂ ਨੂੰ ਨਾ ਸਮਝਣ ਕਰਕੇ ਹੈ। ਇਹ ਗਲਤਫਹਿਮੀ ਤਦ ਹੀ ਦੂਰ ਹੋ ਸਕਦੀ ਹੈ, ਜੇਕਰ ਧਰਮ ਦੇ ਅਸਲ ਅਰਥਾਂ ਨੂੰ ਚੰਗੀ ਤਰ੍ਹਾਂ ਸਮਝਿਆ ਜਾਵੇ।

ਧਰਮ ਆਪਣੇ ਸਹੀ ਅਰਥਾਂ ਵਿਚ ਰੂਹ ਦੇ ਇਲਮ ਜਾਂ ਆਤਮਾ ਦੇ ਗਿਆਨ ਦਾ ਨਾਮ ਹੈ। ਇਸ ਨੂੰ ਸਾਇੰਟਿਫਿਕ ਬੋਲੀ ਵਿਚ ਆਤਮ-ਸਾਇੰਸ ਆਖਦੇ ਹਨ।

ਜਿਸ ਤਰ੍ਹਾਂ ਦੁਨੀਆਂ ਵਿਚ ਕਈ ਇਲਮ ਹਨ ਜਿਹਾ ਕਿ ਸਤਾਰਿਆਂ ਦਾ ਇਲਮ (Astronomy), ਦਰਖਤਾਂ ਦਾ ਇਲਮ (Botany), ਧਾਤਾਂ ਦਾ ਇਲਮ (Chemistry), ਸਰੀਰ ਦਾ ਇਲਮ (Physiology) ਆਦਿ, ਏਸੇ ਤਰ੍ਹਾਂ ਇਨਸਾਨ ਦੀ ਆਤਮਾ ਦਾ ਵੀ ਇਕ ਮੁਕੰਮਲ ਇਲਮ ਹੈ।

ਅਗਰ ਇਨਸਾਨ ਧਰਮ ਦੇ ਅਸਲੀ ਅਰਥਾਂ ਦਾ ਖਿਆਲ ਅੱਖਾਂ ਅੱਗੇ ਰਖਦਾ ਤਾਂ ਦੁਨੀਆਂ ਵਿਚ ਮਜ਼੍ਹਬ ਦੇ ਨਾਮ ਉਤੇ ਹੋਈਆਂ ਅਨੇਕ ਦੁਰਘਟਨਾਵਾਂ ਨਾ ਹੁੰਦੀਆਂ। ਹਰ ਇਸ ਇਲਮ ਸਬੰਧੀ ਇਨਸਾਨ ਵਿਚ ਮਤਭੇਦ ਹੁੰਦੇ ਰਹੇ ਹਨ, ਪਰ ਸਿਵਾਏ ਮਜ਼੍ਹਬ ਦੇ ਹੋਰ ਸਭ ਇਲਮਾਂ ਦੇ ਮਤਭੇਦਾਂ ਕਰਕੇ ਇਨਸਾਨ ਵਿਚ ਕਦੀ ਲੜਾਈ ਝਗੜੇ ਨਹੀਂ ਹੋਏ। ਇਸ ਦਾ ਕਾਰਨ ਇਹ ਹੀ ਹੈ ਕਿ ਮਜ਼੍ਹਬ ਦੇ ਅਸਲ ਅਰਥਾਂ ਨੂੰ ਇਨਸਾਨ ਅੱਖਾਂ ਅੱਗੋਂ ਉਹਲੇ ਕਰਕੇ ਫਜ਼ੂਲ ਜਾਂ ਗੈਰਜ਼ਰੂਰੀ ਬਾਤਾਂ ਵਾਸਤੇ ਕੁਸ਼ਤੋ ਖੂਨ ਕਰਦਾ ਰਿਹਾ ਹੈ।

ਹਰ ਇਲਮ ਨੂੰ ਸਿੱਖਣ ਅਤੇ ਉਸ ਸਬੰਧੀ ਮਾਹਿਰ ਬਣਨ ਵਾਸਤੇ ਇਨਸਾਨ ਆਪਣੀ ਤਕਰੀਬਨ ਸਾਰੀ ਉਮਰ ਖਰਚ ਕਰ ਦੇਂਦਾ ਹੈ ਅਤੇ ਸਾਰੀ ਉਮਰ ਦੀ ਮਿਹਨਤ ਮਗਰੋਂ ਵੀ ਆਪਣੇ ਮਨੋਰਥ ਵਿਚ ਸਾਰੇ ਕਾਮਯਾਬ ਨਹੀਂ ਹੁੰਦੇ, ਕਮਾਲ ਉਤੇ ਕੋਈ ਕੋਈ ਪਹੁੰਚਦਾ ਹੈ। ਡਾਕਟਰੀ (ਸਰੀਰਕ) ਇਲਮ ਕਿਤਨੇ ਪੜ੍ਹਦੇ ਹਨ, ਪਰ ਕਾਮਯਾਬ ਤੇ ਮੁਕੰਮਲ





ਡਾਕਟਰ ਕਿਤਨੇ ਥੋੜ੍ਹੇ ਨਜ਼ਰ ਆਉਂਦੇ ਹਨ। ਰਾਗ ਵਿਦਿਆ ਕਿਤਨੇ ਸਿਖਦੇ ਹਨ ਪਰ ਪੂਰਨਰਾਗੀ ਕੋਈ ਕੋਈ ਬਣਦਾ ਹੈ। ਵਪਾਰ ਦੇ ਇਲਮ (Commercial Science) ਨੂੰ ਅਨੇਕਾਂ ਇਨਸਾਨ ਸਿਖਦੇ ਹਨ, ਪਰ ਕਾਮਯਾਬ, ਕ੍ਰੋੜਾਂਪਤੀ ਵਿਰਲੇ ਹੀ ਅਖਵਾਂਦੇ ਹਨ। ਏਸੇ ਤਰ੍ਹਾਂ ਮਜ਼੍ਹਬ (Science of Soul) ਨੂੰ ਜੋ ਕਿ ਸਭ ਇਲਮਾਂ ਤੋਂ ਮੁਸ਼ਕਲ ਇਲਮ ਹੈ, ਸਮਝਣ ਅਤੇ ਇਸ ਦਾ ਮਾਹਿਰ ਬਣਨ ਵਾਸਤੇ ਸਾਰੇ ਇਲਮਾਂ ਤੋਂ ਜ਼ਿਆਦਾ ਸਮਾਂ ਤੇ ਕੋਸ਼ਿਸ਼ ਦਰਕਾਰ ਹੈ। ਇਹ ਇਲਮ ਆਦਮੀ ਦੀ ਆਪਣੀ ਖਸਲਤ, ਆਪਣੀ ਆਤਮਕ ਬਨਾਵਟ, ਆਪਣੇ ਅਸਲੇ, ਆਪਣੇ ਮੂਲ ਦੀ ਖੋਜ ਹੈ, ਇਸ ਵਾਸਤੇ ਇਹ ਦੂਸਰੇ ਇਲਮਾਂ ਨਾਲੋਂ ਜ਼ਿਆਦਾ ਮਿਹਨਤ, ਜ਼ਿਆਦਾ ਉਡੀਕ ਤੇ ਜ਼ਿਆਦਾ ਹੌਂਸਲਾ ਮੰਗਦਾ ਹੈ।

ਡਾਕਟਰ ਸਬੰਧੀ ਜੋ ਆਦਮੀ ਖੁਦ ਡਾਕਟਰ ਨਹੀਂ, ਨੁਕਤਾਚੀਨੀ ਕਰਦੇ ਝਿਜਕਦੇ ਹਨ, ਬੋਟਨੀ (Botany) ਜਾਂ ਜ਼ੁਆਲੋਜੀ (Zoology) ਸਬੰਧੀ ਜੋ ਆਦਮੀ ਇਨ੍ਹਾਂ ਤੋਂ ਵਾਕਿਫ ਨਹੀਂ, ਇਤਰਾਜ਼ ਨਹੀਂ ਕਰਦੇ ਪਰ ਸ਼ੋਕ ਦੀ ਗੱਲ ਹੈ ਕਿ ਮਜ਼੍ਹਬ ਦੀ ਅਸਲੀਅਤ ਨੂੰ ਜੋ ਆਦਮੀ ਨਹੀਂ ਵੀ ਜਾਣਦੇ, ਉਹ ਵੀ ਇਸ ਨੂੰ ਕੋਸਣਾ ਤੇ ਭੰਡਣਾ ਆਪਣਾ ਪੈਦਾਇਸ਼ੀ ਹੱਕ ਖਿਆਲ ਕਰਦੇ ਹਨ। ਮਜ਼੍ਹਬ ਨੂੰ ਆਮ ਤੌਰ ਤੇ ਨਿੰਦਣ ਵਾਲੇ ਉਹ ਦੋਸਤ ਹੁੰਦੇ ਹਨ ਜੋ ਮਜ਼੍ਹਬ (Science of Soul) ਨੂੰ ਜਾਂ ਤੇ ਖੁਦ ਬਿਲਕੁਲ ਨਹੀਂ ਜਾਣਦੇ, ਜਾਂ ਇਸ ਸਬੰਧੀ ਬਿਲਕੁਲ ਓਪਰੀ (Superfical) ਵਾਕਫੀਅਤ ਰਖਦੇ ਹਨ। ਮਜ਼੍ਹਬ ਸਬੰਧੀ ਖੁਦ ਕੁਝ ਨਾ ਜਾਣਦੇ ਹੋਏ ਇਸ ਤੇ ਬੇਦਰੇਗ ਨੁਕਤਾਚੀਨੀ ਕਰਦੇ ਹਨ। ਮਜ਼੍ਹਬ ਸਬੰਧੀ ਖੁਦ ਕੁਝ ਨਾ ਜਾਣਦੇ ਹੋਏ ਇਸ ਤੇ ਬੇਦਰੇਗ ਨੁਕਤਾਚੀਨੀ ਕਰਨੀ, ਭਾਰੀ ਬੇਇਨਸਾਫੀ ਹੈ। ਜੋ ਆਦਮੀ ਰਾਗ ਵਿਦਿਆ ਨੂੰ ਖੁਦ ਨਾ ਜਾਣੇ, ਉਸ ਵਾਸਤੇ ਗਵੱਯਾ ਦੇ ਅਲਾਪਾਂ ਨੂੰ ਚੀਕਾਂ ਮਾਰਨੀਆਂ ਆਖਣਾ ਰਾਗ ਸਬੰਧੀ ਆਪਣੀ ਅਗਿਆਨਤਾ ਜ਼ਾਹਿਰ ਕਰਨਾ ਹੈ।

ਦੁਨੀਆਂ ਵਿਚ ਅਸਲ ਤੇ ਨਕਲ ਦੋਵੇਂ ਚੀਜ਼ਾਂ ਹੀ ਮੌਜੂਦ ਹਨ ਤੇ ਰਹਿਣਗੀਆਂ, ਪਰ ਨਕਲ ਦੇ ਹੋਣ ਕਰਕੇ ਅਸਲ ਚੀਜ਼ ਤੋਂ ਇਨਸਾਨ ਮੁਨਕਰ ਨਹੀਂ ਹੋ ਸਕਦਾ। ਨਕਲੀ ਡਾਕਟਰ ਅਨੇਕਾਂ ਹਨ ਜੋ ਔਸ਼ਧ ਵਿਦਿਆ ਨੂੰ ਨਾ ਜਾਣਦੇ ਹੋਏ ਆਪਣੇ ਆਪ ਨੂੰ ਵੈਦ ਸਦਵਾਂਦੇ ਹਨ

ਅਤੇ ਲੋਕਾਂ ਨੂੰ ਝੂਠੀਆਂ ਅਤੇ ਨਕਲੀ ਦਵਾਈਆਂ ਦੇ ਕੇ ਆਪਣਾ ਪੇਟ ਪਾਲਦੇ ਹਨ। ਪਰ ਇਨ੍ਹਾਂ ਨਕਲੀ ਡਾਕਟਰਾਂ ਦੀ ਹੋਂਦ ਕਰਕੇ ਅਸਲੀ ਡਾਕਟਰਾਂ ਦੀ ਕਦਰ ਤੇ ਜ਼ਰੂਰਤ ਘਟ ਨਹੀਂ ਜਾਂਦੀ, ਸਗੋਂ ਜਿਥੇ ਨਕਲ ਜ਼ਿਆਦਾ ਹੋਵੇ, ਅਸਲ ਦੀ ਕੀਮਤ ਤੇ ਕਦਰ ਵਧ ਜਾਂਦੀ ਹੈ। ਨਕਲੀ ਮੋਤੀ ਅਸਲੀ ਮੋਤੀਆਂ ਦੀ ਹਸਤੀ ਨੂੰ ਸਾਬਤ ਵੀ ਕਰਦੇ ਹਨ ਅਤੇ ਉਨ੍ਹਾਂ ਨੂੰ ਮਹਿੰਗਾ ਵੀ ਬਣਾਂਦੇ ਹਨ। ਜੋ ਮਿੱਤਰ ਮਜ਼੍ਹਬ ਨੂੰ ਇਸ ਵਾਸਤੇ ਮਾੜਾ ਆਖਦੇ ਹਨ ਕਿ ਕਈ ਨਕਲੀ ਮਜ਼੍ਹਬੀ ਲੋਕਾਂ ਨੇ ਦੁਨੀਆਂ ਨੂੰ ਧੋਖਾ ਦਿਤਾ ਹੈ, ਉਹ ਅਸਲ ਮਜ਼੍ਹਬ ਨਾਲ ਬੇਇਨਸਾਫੀ ਕਰਦੇ ਹਨ। ਨਕਲੀ ਧਾਰਮਕ ਲੋਕ ਵੀ ਏਸੇ ਤਰ੍ਹਾਂ ਦੁਨੀਆਂ ਤੇ ਹੁੰਦੇ ਰਹਿਣਗੇ, ਜਿਵੇਂ ਨਕਲੀ ਡਾਕਟਰਾਂ ਕਰਕੇ ਅਸਲੀ ਡਾਕਟਰਾਂ ਦਾ ਮਾਣ ਤੇ ਜ਼ਰੂਰਤ ਘਟਦੀ ਨਹੀਂ, ਉਸੇ ਤਰ੍ਹਾਂ ਨਕਲੀ ਧਾਰਮਕ ਆਦਮੀਆਂ ਕਰਕੇ ਅਸਲੀ ਧਾਰਮਕ ਲੋਕਾਂ ਦੀ ਵਡਿਆਈ ਤੇ ਮਹਾਨਤਾ ਵੀ ਨਹੀਂ ਘਟ ਸਕਦੀ। ਜੇਕਰ ਕਿਹਾ ਜਾਵੇ ਕਿ ਅਸਲੀ ਧਾਰਮਕ ਲੋਕ ਬਹੁਤ ਥੋੜ੍ਹੇ ਹੁੰਦੇ ਹਨ ਤਾਂ ਇਸ ਦਾ ਜਵਾਬ ਸਾਫ ਹੈ। ਅਸਲੀ ਡਾਕਟਰ, ਅਸਲੀ ਨਜੂਮੀ, ਅਸਲੀ ਹਿਸਾਬਦਾਨ, ਅਸਲੀ ਇੰਜੀਨੀਅਰ, ਅਸਲੀ ਮੁਸ਼ੱਵਰ, ਅਸਲ ਕਵੀ, ਅਸਲੀ ਸਿਪਾਹੀ, ਅਸਲੀ ਵਿਉਪਾਰੀ, ਅਸਲੀ ਲਿਖਾਰੀ; ਗੱਲ ਕੀ ਆਪੋ ਆਪਣੀ ਮਦ ਵਿਚ ਚੋਟੀ ਤੇ ਪਹੁੰਚੇ ਹੋਏ ਇਨਸਾਨ ਸਭ ਪਾਸਿਆਂ ਵਿਚ ਬਹੁਤ ਘੱਟ ਹੁੰਦੇ ਹਨ।

ਜਿਵੇਂ ਕਈ ਆਦਮੀਆਂ ਨੂੰ ਰਾਗ ਚੰਗਾ ਨਹੀਂ ਲਗਦਾ, ਕਈਆਂ ਨੂੰ ਇਲਮ ਹਿਸਾਬ ਨਾਲ ਦਿਲਚਸਪੀ ਨਹੀਂ ਹੁੰਦੀ, ਕਈਆ ਨੂੰ ਕਵਿਤਾ ਦੀ ਲੋੜ ਨਹੀਂ ਭਾਸਦੀ, ਇਸੇ ਤਰ੍ਹਾਂ ਇਹ ਗੱਲ ਮੰਨਣ ਵਾਸਤੇ ਤਿਆਰ ਹਾਂ ਕਿ ਕਈਆਂ ਸੱਜਣਾਂ ਨੂੰ ਮਜ਼੍ਹਬ, ਸੱਚੇ ਧਰਮ ਦੀ ਲੋੜ ਪ੍ਰਤੀਤ ਨਾ ਹੋਵੇ, ਕਈ ਦੁਨੀਆਂ ਦੇ ਆਰਜ਼ੀ ਸੁਖਾਂ ਵਿਚ ਇਤਨੇ ਲੀਨ ਹੋਣ ਕਿ ਉਨ੍ਹਾਂ ਨੂੰ ਦੁਨੀਆਂ ਦੇ ਸੁਖਾਂ ਜਾਂ ਇੰਦਰੀਆਂ ਦੇ ਵਿਸ਼ਿਆਂ ਤੋਂ ਪਰ੍ਹੇ ਕੋਈ ਹੋਰ ਸੁਖ ਨਾ ਭਾਸੇ, ਪਰ ਐਸੇ ਸੱਜਣਾਂ ਦਾ ਮਜ਼੍ਹਬ ਨੂੰ ਬੁਰਾ ਭਲਾ ਕਹਿਣਾ ਜਾਂ ਰੱਬ ਦੀ ਹਸਤੀ ਸਬੰਧੀ ਨਾਜਾਇਜ਼ ਇਤਰਾਜ਼ ਕਰਨੇ ਉਸੇ ਤਰ੍ਹਾਂ ਦੀ ਭੁੱਲ ਹੈ, ਜਿਸ ਤਰ੍ਹਾਂ ਰਾਗ ਨੂੰ ਨਾ ਸਮਝਣ ਕਰਕੇ ਪੱਕੇ ਰਾਗਾਂ ਨੂੰ ਰੌਲਾ ਤੇ ਸ਼ੋਰ ਆਖਣਾ ਹੈ।





ਅਗਰ ਕੋਈ ਡਾਕਟਰ ਨਕਲੀ ਡਾਕਟਰ ਸਾਬਤ ਹੋ ਜਾਵੇ, ਜਾਂ ਕਿਸੇ ਡਾਕਟਰ ਨੂੰ ਆਪਣਾ ਕੰਮ ਚੰਗੀ ਤਰ੍ਹਾਂ ਨਾ ਆਵੇ, ਤਾਂ ਉਸ ਦੀ ਮਿਸਾਲ ਦੇ ਕੇ ਇਹ ਨਤੀਜਾ ਕੱਢਣਾ ਕਿ ਦਵਾਈਆਂ ਦਾ ਇਲਮ (Science of Medicine) ਹੀ ਮਾੜਾ ਹੈ, ਜਾ ਦਵਾਈਆ ਦੀ ਜ਼ਰੂਰਤ ਹੀ ਨਹੀਂ, ਇਸ ਇਲਮ ਨਾਲ ਧੱਕੇਸ਼ਾਹੀ ਕਰਨੀ ਹੈ। ਏਸੇ ਤਰ੍ਹਾਂ ਕਿਸੇ ਪਾਦਰੀ, ਮੁੱਲਾਂ ਜਾਂ ਗ੍ਰੰਥੀ ਦੀ ਗਲਤੀ ਜਾਂ ਕਮਜ਼ੋਰੀ ਦੇ ਕਾਰਨ ਪਵਿੱਤਰ ਅੰਜੀਲ, ਕੁਰਾਨ ਸ਼ਰੀਫ ਜਾਂ ਗੁਰੂ ਗ੍ਰੰਥ ਜੀ ਨੂੰ ਮਾੜਾ ਆਖਣਾ ਜਾਂ ਮਜ਼੍ਹਬ ਨੂੰ ਪਾਖੰਡ ਤੇ ਧੋਖਾ ਦਸਣਾ, ਮਜ਼੍ਹਬ ਨਾਲ ਭਾਰੀ ਅਨਿਆਇ ਕਰਨਾ ਹੈ। ਇਕ ਸੱਜਣ ਜੋ ਰੱਬ ਨੂੰ ਬਹੁਤ ਬੁਰਾ ਭਲਾ ਕਿਹਾ ਕਰਦੇ ਸਨ, ਇਸ ਦਾ ਸਬੱਬ ਪੁਛਣ ਤੇ ਆਖਣ ਲੱਗੇ - ਸਾਡੇ ਪਿੰਡ ਦਾ ਗ੍ਰੰਥੀ ਚੋਰੀ ਕਰਦਾ ਪਕੜਿਆ ਗਿਆ ਸੀ, ਜਿਸ ਰੱਬ ਦੇ ਏਜੰਟ (ਭਾਈ, ਮੁੱਲਾਂ, ਗ੍ਰੰਥੀ) ਇਤਨੇ ਮਾੜੇ ਹੋਣ ਉਹ ਆਪ ਖਵਰੇ ਕਿੱਡਾ ਮਾੜਾ ਹੋਵੇਗਾ, ਇਸ ਕਰਕੇ ਮੈਂ ਮਜ਼੍ਹਬ ਨੂੰ ਮਾੜੇ ਕੰਮ ਕਰਨ ਦੀ ਆੜ ਤੇ ਦੁਨੀਆਂ ਨੂੰ ਧੋਖਾ ਦੇਣ ਦਾ ਅੱਡਾ ਸਮਝਦਾ ਹਾਂ।

ਡਾਕਟਰਾਂ ਪਾਸੋਂ ਗਲਤ ਦਵਾਈਆਂ ਦਿੱਤੇ ਜਾਣ ਦੇ ਕਾਰਨ ਜਾਂ ਮਰੀਜ਼ਾਂ ਨੂੰ ਰਾਜ਼ੀ ਨਾ ਕਰ ਸਕਣ ਕਰਕੇ, ਜਾਂ ਆਪ ਬੀਮਾਰ ਹੋ ਜਾਣ ਕਰਕੇ ਦਵਾਈ ਦੇ ਇਲਮ, ਜਾਂ ਦਵਾਈਆਂ ਦੀਆਂ ਪੁਸਤਕਾਂ ਨੂੰ ਬੁਰਾ ਤੇ ਫਜ਼ੂਲ ਆਖੀਏ ਜਾਂ ਹਸਪਤਾਲਾਂ ਨੂੰ ਕਤਲਗਾਹ ਤੇ ਲੋਕਾਂ ਨੂੰ ਮਾਰਨ ਦਾ ਅੱਡਾ ਸਮਝੀਏ ਤਾਂ ਸਾਡੀ ਭੁੱਲ ਹੋਵੇਗੀ। ਸਾਨੂੰ ਤਸਵੀਰ ਦੇ ਦੋਵੇਂ ਪਾਸੇ ਵੇਖ ਕੇ ਰਾਏ ਕਾਇਮ ਕਰਨੀ ਚਾਹੀਦੀ ਹੈ। ਹਸਪਤਾਲਾਂ ਵਿਚ ਲੱਖਾਂ ਮਰੀਜ਼ ਆਉਂਦੇ ਹਨ ਅਤੇ ਉਨ੍ਹਾਂ ਵਿਚੋਂ ਜੇ ਕੁਝ ਹਜ਼ਾਰ ਰਾਜ਼ੀ ਨਾ ਹੋ ਸਕਣ ਤਾਂ ਹਸਪਤਾਲਾਂ ਜਾਂ ਡਾਕਟਰਾਂ ਜਾਂ ਡਾਕਟਰੀ ਦੀਆਂ ਪੁਸਤਕਾਂ ਨੂੰ ਫਜ਼ੂਲ ਆਖਣਾ ਆਪਣੀ ਵਿਚਾਰ ਸ਼ਕਤੀ ਨੂੰ ਹਾਸੋ-ਹੀਣਿਆਂ ਬਨਾਣਾ ਹੈ। ਮਜ਼੍ਹਬ ਦੇ ਨਾਂ ਉਤੇ ਅਗਰ ਕਈ ਜ਼ੁਲਮ ਹੋਏ ਹਨ ਤਾਂ ਮਜ਼੍ਹਬ ਦੇ ਨਾਮ ਉਤੇ ਕ੍ਰੋੜਾਂ ਨੇਕ ਕੰਮ ਵੀ ਹੋਏ ਹਨ। ਮਜ਼੍ਹਬ ਦੀ ਆੜ ਹੇਠਾਂ ਜੇ ਕਿਸੇ ਵੇਲੇ ਦੁਨੀਆਂ ਨੂੰ ਧੋਖਾ ਦਿਤਾ ਗਿਆ ਹੈ ਤਾਂ ਮਜ਼੍ਹਬ ਦੇ ਸਾਏ ਹੇਠਾਂ ਕ੍ਰੋੜਾਂ ਦੁਖੀਆਂ ਤੇ ਨਿਆਸਰਿਆਂ ਨੂੰ ਤਸੱਲੀ ਤੇ ਆਸ ਵੀ ਮਿਲੀ ਹੈ, ਬੇਅੰਤ ਅਸੰਤੁਸ਼ਟ ਰੂਹਾਂ ਨੂੰ ਸੱਚੀ ਰਾਹਤ ਵੀ ਹਾਸਲ ਹੋਈ ਹੈ।

ਮਜ਼੍ਹਬ ਸਬੰਧੀ ਕਹਿਣਾ ਕਿ ਇਹ ਦਿਖਾਵਾ ਤੇ ਪਾਖੰਡ ਸਿਖਾਂਦਾ ਹੈ, ਮਜ਼੍ਹਬ ਤੋਂ ਅਨਜਾਣਪੁਣਾ ਜ਼ਾਹਿਰ ਕਰਨਾ ਹੈ। ਅਸਲੀਅਤ ਇਹ ਹੈ ਕਿ ਖ਼ੁਦਗਰਜ਼ੀ ਤੇ ਪਾਖੰਡ ਨੂੰ ਮਜ਼੍ਹਬ ਖ਼ੁਦ ਪਾਪ ਕਰਾਰ ਦੇਂਦਾ ਹੈ। ਦਿਖਾਵੇ, ਝੂਠ, ਦੰਭ ਦਾ ਮਜ਼੍ਹਬ ਨਾਲੋਂ ਹੋਰ ਕੌਣ ਵੱਡਾ ਵੈਰੀ ਹੈ?

*ਅਵਰ ਉਪਦੇਸੈ ਆਪਿ ਨਾ ਕਰੈ॥*
*ਆਵਤ ਜਾਵਤ ਜਨਮੈ ਮਰੈ॥* *ਪੰਨਾ - 269*

*ਭੇਖ ਦਿਖਾਇਓ ਜਗਤ ਕੋ ਲੋਗਨ ਕੋ ਬਸ ਕੀਨ।*
*ਅੰਤ ਕਾਲ ਕਾਤੀ ਕਟਿਓ ਵਾਸ ਨਰਕ ਮੋ ਲੀਨ।*

*ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ*
*ਬੈਠਿ ਰਹਿਓ ਬਕ ਧਿਆਨ ਲਗਾਇਓ॥* *ਸਵਯੈ ਪਾਤਸ਼ਾਹੀ ੧੦*

ਮਜ਼੍ਹਬ ਨਾਲ ਜੋ ਬੇਇਨਸਾਫੀ ਹੋਈ ਹੈ, ਉਸ ਦਾ ਨਤੀਜਾ ਅੱਜ ਸਾਰੀ ਦੁਨੀਆਂ ਅਸ਼ਾਂਤੀ, ਈਰਖਾ, ਬੇਸਬਰੀ, ਨਫ਼ਰਤ ਅਤੇ ਖ਼ੂਨ-ਖਰਾਬੇ ਦੀ ਸ਼ਕਲ ਵਿਚ ਭੁਗਤ ਰਹੀ ਹੈ। ਇਨਸਾਨ ਤਦ ਤਕ ਸੁਖੀ ਹੋ ਕੇ ਨਹੀਂ ਵਸ ਸਕਦਾ ਜਦ ਤਕ ਇਹ ਮਜ਼੍ਹਬ (Religion) ਦੀ ਸਹੀ ਅਰਥਾਂ ਵਿਚ ਸ਼ਰਨ ਨਹੀਂ ਪਕੜਦਾ। ਦੁਨੀਆਂ ਦੀਆਂ ਸਾਰੀਆਂ ਗੁੰਝਲਾਂ, ਸਾਰੇ ਝਗੜਿਆਂ, ਸਭ ਮੁਸੀਬਤਾਂ ਦਾ ਇਲਾਜ ਮਜ਼੍ਹਬ ਦੇ ਅਸਲੀ ਅਰਥਾਂ ਨੂੰ ਸਮਝਣਾ ਅਤੇ ਮਜ਼੍ਹਬ ਦੀ ਉਚ ਸਿਖਸ਼ਾ ਉਤੇ ਅਮਲ ਕਰਨਾ ਹੈ।





# ਈਰਖਾ

ਈਰਖਾ ਕਰਨ ਵਾਲਾ ਪੁਰਸ਼ ਬੜਾ ਦੁਖੀ ਤੇ ਤਰਸਯੋਗ ਹੁੰਦਾ ਹੈ। ਉਸ ਨੂੰ ਦੂਸਰੇ ਦੀ ਉਚਤਾ ਤੇ ਆਪਣੀ ਨੀਚਤਾ ਦਾ ਖਿਆਲ ਸਦਾ ਬੇਚੈਨ ਰਖਦਾ ਹੈ। ਈਰਖਾ ਦੀ ਅਸਲ ਤਸਵੀਰ ਉਹ ਦਿਮਾਗ ਹੁੰਦਾ ਹੈ, ਜਿਸ ਵਿਚ ਆਪ ਉਚੇ ਹੋਣ ਦੀ ਹਿੰਮਤ ਜਾਂ ਖਾਹਿਸ਼ ਨਾ ਹੋਵੇ, ਸਗੋਂ ਇਹ ਇਛਿਆ ਹੋਵੇ ਕਿ ਦੂਜਾ ਵੀ ਨੀਵਾਂ ਹੋ ਜਾਵੇ। ਇਸ ਦਿਮਾਗ ਜਾਂ ਜ਼ਹਿਨੀਅਤ ਵਾਲਾ ਆਦਮੀ ਜੇ ਕਦੀ ਆਪਣੇ ਇਰਾਦੇ ਵਿਚ ਕਾਮਯਾਬ ਹੋ ਵੀ ਜਾਵੇ ਤਾਂ ਖੱਟਦਾ ਕੁਝ ਨਹੀਂ, ਜੇ ਉਹ ਕੋਸ਼ਿਸ਼ ਕਰਕੇ ਕਿਸੇ ਦੂਜੇ ਨੂੰ ਨੀਵਾਂ ਕਰ ਵੀ ਲਵੇ ਤਾਂ ਉਸ ਵਿਚ ਉਸ ਦਾ ਆਪਣਾ ਜਾਂ ਦੁਨੀਆਂ ਦਾ ਕੋਈ ਭਲਾ ਨਹੀਂ ਹੁੰਦਾ।

ਜੇਕਰ ਈਰਖਾ ਕਰਨ ਵਾਲੇ ਮਨੁੱਖ ਨੂੰ ਆਤਮ ਗਿਆਨ ਹੋਵੇ ਤਾਂ ਕਦੀ 'ਈਰਖਾ' ਵਰਗੀ ਭੁੱਲ ਨਾ ਕਰੇ। ਆਤਮ-ਸਾਇੰਸ ਅਨੁਸਾਰ ਆਦਮੀ ਦੇ ਇਰਾਦੇ ਦ੍ਰਿੜ੍ਹ ਹੁੰਦੇ ਹੁੰਦੇ ਕਿਸੇ ਦਿਨ ਸਾਖਸ਼ਾਤ ਸੱਚ ਹੋ ਜਾਂਦੇ ਹਨ। ਜੋ ਕੁਝ ਆਦਮੀ ਸੋਚਦਾ ਰਹੇ, ਉਸ ਨੂੰ ਉਹੀ ਕੁਝ ਭਾਸਣ ਲਗ ਜਾਂਦਾ ਹੈ, ਉਸ ਦੀ ਦੁਨੀਆਂ ਵਿਚ ਉਹੀ ਕੁਝ ਨਜ਼ਰ ਆਉਣ ਲਗ ਜਾਂਦਾ ਹੈ। ਈਰਖਾ ਕਰਨ ਵਾਲਾ ਨਾ ਆਪਣਾ ਭਲਾ ਸੋਚਦਾ ਹੈ ਨਾ ਦੂਜੇ ਦਾ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਜੇਕਰ ਉਹ ਆਪਣੇ ਇਰਾਦੇ ਵਿਚ ਸਫਲਤਾ ਪ੍ਰਾਪਤ ਵੀ ਕਰ ਲਵੇ ਤਾਂ ਆਪ ਸੱਖਣਾ ਹੀ ਰਹਿੰਦਾ ਹੈ। ਜੇਕਰ ਇਕ ਹਲਵਾਈ, ਜਿਸ ਦਾ ਕੰਮ ਮਾਮੂਲੀ ਚਲਦਾ ਹੋਵੇ, ਦੂਸਰੇ ਹਲਵਾਈ ਨਾਲ, ਜਿਸ ਦਾ ਕੰਮ ਬਹੁਤ ਅੱਛਾ ਚਲਦਾ ਹੋਵੇ, ਈਰਖਾ ਕਰਨ ਲਗ ਜਾਵੇ ਅਤੇ ਚਾਹੇ ਕਿ ਕਿਸੇ ਤਰ੍ਹਾਂ ਕਾਮਯਾਬ ਹਲਵਾਈ ਦਾ ਕੰਮ ਵੀ ਮਾੜਾ ਪੈ ਜਾਵੇ ਅਤੇ ਫਰਜ਼ ਕਰ ਲਵੇ ਕਿ ਉਸ ਦੀਆਂ ਸ਼ਰਾਰਤਾਂ ਜਾਂ ਗਲਤ ਪ੍ਰਾਪੇਗੰਡੇ ਨਾਲ ਕਿਸੇ ਤਰ੍ਹਾਂ ਕਾਮਯਾਬ ਹਲਵਾਈ ਦਾ ਕੰਮ ਵੀ ਖਰਾਬ ਹੋ ਜਾਵੇ ਤਾਂ ਉਸ ਤੋਂ ਈਰਖਾ ਕਰਨ ਵਾਲੇ ਦਾ ਕੀ ਸੌਰਿਆ?

'ਰੀਸ' ਅਤੇ 'ਈਰਖਾ' ਵਿਚ ਇਹ ਫਰਕ ਹੁੰਦਾ ਹੈ ਕਿ ਰੀਸ ਕਰਨ ਵਾਲੇ ਆਦਮੀ ਦੇ ਦਿਲ ਵਿਚ, ਜਿਸ ਦੀ ਉਹ ਰੀਸ ਕਰੇ, ਉਸ ਵਰਗਾ

ਬਣ ਜਾਣ ਦੀ ਖਿੱਚ ਪੈਦਾ ਹੁੰਦੀ ਹੈ, ਪਰ ਈਰਖਾ ਕਰਨ ਵਾਲੇ ਵਿਚ ਆਪ ਕੁਝ ਬਣਨ ਦੀ ਖਿੱਚ ਨਹੀਂ ਹੁੰਦੀ, ਸਗੋਂ ਉਸ ਦੀ ਖਾਹਿਸ਼ ਇਹ ਹੁੰਦੀ ਹੈ ਕਿ ਦੂਜਾ ਵੀ ਡਿੱਗ ਕੇ ਉਸ ਵਰਗਾ ਹੋ ਜਾਵੇ। ਇਸ ਕਰਕੇ ਈਰਖਾ ਨੂੰ ਇਕ ਪਾਪ ਮੰਨਿਆ ਹੈ। ਜਿਥੇ ਚੰਗੀ ਰੀਸ ਕਰਨੀ ਉਨਤੀ ਦਾ ਕਾਰਨ ਹੋ ਸਕਦਾ ਹੈ, ਉਥੇ ਈਰਖਾ ਕਰਨੀ ਅਪਰਾਧ ਬਣ ਜਾਂਦਾ ਹੈ।

ਈਰਖਾ ਤੋਂ ਗੁੱਸਾ ਤੇ ਵੈਰ ਪੈਦਾ ਹੁੰਦੇ ਹਨ ਅਤੇ ਗੁੱਸਾ ਤੇ ਵੈਰ ਦੀ ਖਾਹਿਸ਼ ਇਨਸਾਨ ਦੀ ਸੋਚ ਸ਼ਕਤੀ ਨੂੰ ਖਰਾਬ ਕਰ ਦੇਂਦੀ ਹੈ। ਗੁੱਸੇ ਵਿਚ ਆਦਮੀ ਹਮੇਸ਼ਾਂ ਗਲਤੀਆਂ ਕਰਦਾ ਹੈ ਅਤੇ ਗਲਤੀਆਂ ਦੀ ਸਜ਼ਾ ਕੁਦਰਤ ਵਲੋਂ ਦੁਖ, ਭੁੱਖ, ਬੀਮਾਰੀ ਅਤੇ ਅਸ਼ਾਂਤੀ ਦੀ ਸ਼ਕਲ ਵਿਚ ਭੁਗਤਦਾ ਹੈ।

ਇਨਸਾਨ ਨਾਵਾਕਫੀਅਤ ਕਰਕੇ ਆਖਦਾ ਹੈ ਕਿ ਕੁਦਰਤ ਮੈਨੂੰ ਤਕਲੀਫ ਦੇ ਰਹੀ ਹੈ ਪਰ ਉਹ ਇਹ ਨਹੀਂ ਜਾਣਦਾ ਕਿ ਉਸ ਦੇ ਆਪਣੇ ਮੰਦੇ ਕਰਮ ਉਸ ਦੀ ਤਕਲੀਫ ਤੇ ਚਿੰਤਾ ਦਾ ਕਾਰਨ ਹਨ।

ਜਦ ਮਨ ਵਿਚ ਈਰਖਾ ਪੈਦਾ ਹੋ ਜਾਵੇ ਤਾਂ ਉਸ ਨੂੰ ਇਕ ਬੀਮਾਰੀ ਸਮਝ ਕੇ ਉਸ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਮਨ ਨੂੰ ਨੀਵਾਂ ਕਰਨ ਦੀ ਜਗ੍ਹਾ ਚੜ੍ਹਦੀ ਕਲਾ ਵਿਚ ਲੈ ਜਾਣਾ ਚਾਹੀਦਾ ਹੈ। ਐਸੇ ਖਿਆਲ ਮਨ ਵਿਚ ਪੈਦਾ ਕਰਨੇ ਚਾਹੀਦੇ ਹਨ, ਜਿਨ੍ਹਾਂ ਨਾਲ ਈਰਖਾ, ਸ਼ੁਭ ਰੀਸ ਦੀ ਸਕਲ ਇਖਤਿਆਰ ਕਰ ਜਾਵੇ। ਜੋ ਆਦਮੀ ਅਮੀਰ ਨੂੰ ਵੇਖ ਕੇ ਈਰਖਾ ਕਰਦਾ ਹੈ, ਉਸ ਨੂੰ ਖੁਦ ਅਮੀਰ ਬਣਨ ਦੀ ਕੋਸ਼ਿਸ਼ ਵਿਚ ਰੁਝ ਜਾਣਾ ਚਾਹੀਦਾ ਹੈ, ਜੋ ਸੁਖੀ ਨੂੰ ਵੇਖ ਕੇ ਉਸ ਨਾਲ ਈਰਖਾ ਕਰਦਾ ਹੈ, ਉਸ ਨੂੰ ਇਸ ਕੋਸ਼ਿਸ ਵਿਚ ਰੁਝਣਾ ਚਾਹੀਦਾ ਹੈ ਕਿ ਉਹ ਵੀ ਸੁਖੀ ਬਣਨ ਦਾ ਵਲ ਸਿਖੇ ਅਤੇ ਸੁਖੀ ਬਣ ਜਾਵੇ।

ਇਹ ਖਿਆਲ ਕਿ ਸਾਰੀ ਦੁਨੀਆਂ ਸੁਖੀ ਜਾਂ ਅਮੀਰ ਨਹੀਂ ਹੋ ਸਕਦੀ, ਗਲਤ ਹੈ। ਆਤਮ-ਗਿਆਨ ਅਨੁਸਾਰ ਕੁਲ ਦੁਨੀਆਂ ਥੁੜ ਤੋਂ ਉਚੀ ਅਤੇ ਪੂਰਨ ਸੁਖੀ ਹੋ ਸਕਦੀ ਹੈ ਕਿਉਂਕਿ ਕੁਦਰਤ ਦਾ ਮਨਸ਼ਾ ਇਨਸਾਨ ਨੂੰ ਪੂਰਨ ਸੁਖੀ, ਪੂਰਨ ਅਰੋਗ ਬਣਾ ਕੇ ਰੱਖਣ ਦਾ ਹੈ। ਈਰਖਾ ਕਰਨ ਵਾਲਾ ਆਦਮੀ ਆਪਣੇ ਉਚੇ ਤੇ ਸੁਖੀ ਹੋਣ ਵਿਚ ਸ਼ੱਕ ਕਰਦਾ ਹੈ ਅਤੇ ਉਸ ਦੇ ਦਿਲ ਦੀ ਕਿਤੇ ਲੁਕਵੀਂ ਤਹਿ ਵਿਚ Inferior com-





plex ਜਾਂ ਇਹ ਖਿਆਲ ਹੁੰਦਾ ਹੈ ਕਿ ਮੈਂ ਤਾਂ ਉਚਾ ਹੋ ਨਹੀਂ ਸਕਦਾ, ਕਿਉਂ ਨਾ ਦੂਜੇ ਨੂੰ ਨੀਵਾਂ ਕਰਕੇ ਆਪਣੇ ਵਰਗਾ ਬਣਾ ਲਵਾਂ, ਪਰ ਉਸ ਦਾ ਐਸਾ ਸੋਚਣਾ ਵਿਚਾਰ ਸ਼ਕਤੀ ਦੀ ਗਲਤ ਵਰਤੋਂ ਹੈ। ਈਸ਼ਵਰ ਦੇ ਭੰਡਾਰ ਇਤਨੇ ਭਰਪੂਰ ਹਨ ਕਿ ਸਭ ਜੀਅ ਜੰਤ ਦੀਆਂ ਲੋੜਾਂ ਜੇ ਕਰੋੜਾਂ ਗੁਣਾਂ ਵੀ ਵੱਧ ਜਾਣ ਤਾਂ ਵੀ ਪੂਰੀਆਂ ਹੋ ਕੇ ਉਹ ਭੰਡਾਰੇ ਫੇਰ ਵੀ ਭਰਪੂਰ ਰਹਿਣਗੇ।

# ਰੱਬ ਦੀ ਹੋਂਦ

ਭਾਵੇਂ ਰੱਬ ਦੀ ਹੋਂਦ ਸਬੰਧੀ ਅਸਲ ਯਕੀਨ ਸਿਮਰਨ ਅਭਿਆਸ ਦਵਾਰਾ ਪ੍ਰਤੱਖ ਦੇਖੇ ਬਿਨਾਂ ਨਹੀਂ ਆ ਸਕਦਾ, ਫਿਰ ਵੀ, ਅਕਲ ਦਲੀਲ ਉਸ ਦੀ ਹੋਂਦ ਸਿੱਧ ਕਰਨ ਵਿਚ ਕਿਸੇ ਹੱਦ ਤਕ ਜ਼ਰੂਰ ਮਦਦ ਕਰਦੇ ਹਨ।

ਘੜੀ ਨੂੰ ਦੇਖ ਕੇ ਜਿਵੇਂ ਕੋਈ ਘੜੀਆਂ ਬਨਾਣ ਦਾ ਕਾਰਖਾਨਾ ਸਾਬਤ ਹੁੰਦਾ ਹੈ ਅਤੇ ਕਾਰਖਾਨਾ ਜਿਵੇਂ ਉਸ ਦੇ ਬਨਾਣ ਵਾਲੇ ਕਿਸੇ ਇਨਸਾਨੀ ਦਿਮਾਗ ਨੂੰ ਸਿੱਧ ਕਰਦਾ ਹੈ, ਉਸੇ ਤਰ੍ਹਾਂ ਇਸ ਜਗਤ ਰਚਨਾ ਨੂੰ ਦੇਖ ਕੇ ਇਨਸਾਨ ਦੀ ਸੋਚ ਨੂੰ ਵੀ ਏਸ ਨਤੀਜੇ ਤੇ ਪਹੁੰਚਣਾ ਪੈਂਦਾ ਹੈ ਕਿ ਇਸ ਦਾ ਕਰਤਾ ਕੋਈ ਨਾ ਕੋਈ ਜ਼ਰੂਰ ਹੋਣਾ ਹੈ।

ਜਦ ਅਸੀਂ ਕਿਸੇ ਆਲੀਸ਼ਾਨ ਬਿਲਡਿੰਗ ਨੂੰ ਦੇਖੀਏ ਤਾਂ ਉਸ ਦੇ ਬਨਾਉਣ ਵਾਲੇ ਰਾਜ ਮਜ਼ਦੂਰਾਂ ਤੋਂ ਇਲਾਵਾ ਉਸਦਾ ਨਕਸ਼ਾ, ਉਸ ਦਾ ਡੀਜ਼ਾਇਨ ਬਨਾਉਣ ਵਾਲੇ ਕਿਸੇ ਇੰਜਨੀਅਰ ਦਾ ਦਿਮਾਗ ਮੰਨਣਾ ਪੈਂਦਾ ਹੈ, ਏਸੇ ਤਰ੍ਹਾਂ ਸਾਰੇ ਬ੍ਰਹਿਮੰਡ ਨੂੰ ਦੇਖ ਕੇ ਸਾਡੀ ਵਿਚਾਰ ਸਾਨੂੰ ਇਹ ਮੰਨਣ ਤੇ ਮਜ਼ਬੂਰ ਕਰਦੀ ਹੈ ਕਿ ਜਗਤ ਨੂੰ ਰਚਣ ਵਾਲਾ ਕੋਈ ਸਿਰਫ ਹੈ ਹੀ ਨਹੀਂ, ਸਗੋਂ ਉਹ ਕੋਈ ਦਿਮਾਗ ਵਾਲੀ, ਸੋਚ ਸਮਝ ਵਾਲੀ, ਚੇਤਨ ਹਸਤੀ ਹੈ।

ਸਿਤਾਰਿਆਂ ਦੇ ਇਲਮਦਾਨਾਂ ਨੇ ਹੁਣ ਇਹ ਸਿੱਧ ਕੀਤਾ ਹੈ ਕਿ ਸਿਤਾਰੇ ਆਪ ਮੁਹਾਰੇ ਬਗੈਰ ਕਿਸੇ ਤਰਤੀਬ ਜਾਂ ਹਿਸਾਬ ਦੇ ਨਹੀਂ ਉਡ ਰਹੇ, ਇਨ੍ਹਾਂ ਦੀ ਉਡਾਰੀ ਹਿਸਾਬ (Mathematics) ਦੇ ਪੂਰਨ ਨਿਯਮਾਂ ਅਨੁਸਾਰ ਹੈ। ਇਸ ਵਾਸਤੇ ਇਸ ਦਾ ਰਚਨਹਾਰ ਕੋਈ ਪੂਰਾ ਹਿਸਾਬਦਾਨ ਹੋਣਾ ਜ਼ਰੂਰੀ ਹੈ।

ਸਿਤਾਰਿਆਂ ਦੀ ਗਰਦਸ਼ ਜਾਂ ਚਾਲ ਨੂੰ ਸਮਝਣ ਵਾਸਤੇ ਇਨਸਾਨ ਨੇ ਕਈ ਤਜਰਬੇ ਕੀਤੇ ਹਨ ਅਤੇ ਉਹ ਮੈਗਨਾਟਾਈਜ਼ਡ (Magnatized)-ਕਮਰੇ ਵਿਚ ਲੋਹੇ ਦੇ ਗੋਲੇ ਉਡਾਉਣ ਵਿਚ ਕਾਮਯਾਬ ਵੀ ਹੋ ਗਿਆ





ਹੈ, ਪਰ ਦੋ ਜਾਂ ਤਿੰਨਾਂ ਲੋਹੇ ਦੇ ਗੋਲਿਆਂ ਦੀ ਰਫ਼ਤਾਰ ਜਾਂ ਚਾਲ ਤਾਂ ਇਸ ਹਿਸਾਬ ਨਾਲ ਬੰਨ੍ਹ ਸਕਿਆ ਹੈ ਜੋ ਹਮੇਸ਼ਾ ਉਡਦੇ ਰਹਿਣ ਅਤੇ ਆਪਸ ਵਿਚ ਕਦੀ ਟੱਕਰ ਨਾ ਖਾਣ, ਪਰ ਇਸ ਤੋਂ ਵੱਧ ਉਸ ਦਾ ਦਿਮਾਗ ਕੰਮ ਨਹੀਂ ਕਰ ਸਕਿਆ। ਏਥੇ ਪਹੁੰਚ ਕੇ ਇਨਸਾਨੀ ਦਿਮਾਗ ਨੂੰ ਕਿਸੇ ਆਪਣੇ ਤੋਂ ਬੇਅੰਤ ਗੁਣਾਂ ਪੂਰਨ ਦਿਮਾਗ ਦਾ ਅਨੁਮਾਨ ਜਾਂ ਖੁਰਾ ਮਿਲਦਾ ਹੈ। ਸਾਡੇ ਆਪਣੇ ਸਿਤਾਰਿਆਂ ਦੇ ਜੱਥੇ (Solar System) ਤੋਂ ਇਲਾਵਾ ਬੇਸ਼ੁਮਾਰ ਹੋਰ ਸਿਤਾਰਿਆਂ ਦੇ ਗਰੁੱਪ ਜਾਂ ਟੋਲੇ ਐਸੇ ਹਨ ਜੋ ਇਕ ਦੂਸਰੇ ਤੋਂ ਬਿਲਕੁਲ ਖੁਦਮੁਖਤਿਆਰ ਰਹਿੰਦੇ ਹੋਏ ਕਦੀਮੀ ਬੱਧੀ ਚਾਲ ਜਾਂ ਨਿਯਮਾਂ ਅਨੁਸਾਰ ਗਰਦਸ਼ ਕਰ ਰਹੇ ਹਨ। ਮੌਜੂਦਾ ਸਿਤਾਰਿਆਂ ਦੀ ਸਾਇੰਸ ਦਾ ਇਹ ਸਾਬਤ ਕਰਨਾ ਕਿ ਏਸ ਬ੍ਰਹਿਮੰਡ ਵਿਚ ਅਨੇਕਾਂ ਸ੍ਰਿਸ਼ਟੀਆਂ ਹਨ, ਜਿਨ੍ਹਾਂ ਦੇ ਆਪਣੇ-ਆਪਣੇ (Solar System) ਜਾਂ ਸਿਤਾਰਿਆਂ ਦੇ ਗਰੁੱਪ, ਅਲਹਿਦਾ ਹਨ। ਅਲਹਿਦਾ ਸੂਰਜ ਤੇ ਉਨ੍ਹਾਂ ਸੂਰਜਾਂ ਦੇ ਇਰਦ-ਗਿਰਦ ਭੌਣ ਵਾਲੇ ਅਲਹਿਦਾ ਚੰਦ ਤੇ ਤਾਰੇ ਸਾਨੂੰ ਏਸ ਬੇਅੰਤ ਰਚਨਾ ਦੇ ਪਿਛੇ ਇਸ ਦੀ ਤਹਿ ਵਿਚ ਕੰਮ ਕਰ ਰਹੀ ਕਿਸੇ ਪੂਰਨ ਦਿਮਾਗ ਵਾਲੀ, ਸੋਚ ਸਮਝ ਵਾਲੀ ਚੇਤਨ ਕਲਾ ਦੀ ਹੋਂਦ ਨੂੰ ਮੰਨਣ ਵਾਸਤੇ ਮਜ਼ਬੂਰ ਕਰਦੇ ਹਨ।

ਜਿਸ ਤਰ੍ਹਾਂ ਘੜੀ ਦਾ ਹੋਣਾ, ਆਲੀਸ਼ਾਨ ਬਿਲਡਿੰਗ ਦਾ ਹੋਣਾ, ਉਨ੍ਹਾਂ ਦੇ ਬਨਾਣ ਵਾਲਿਆਂ, ਉਨ੍ਹਾਂ ਦੇ ਘੜਨ ਵਾਲਿਆਂ ਦੀ ਹੋਂਦ ਨੂੰ ਸਾਬਤ ਕਰਦਾ ਹੈ, ਉਸੇ ਤਰ੍ਹਾਂ ਇਸ ਜਗਤ ਰਚਨਾ ਦਾ ਹੋਣਾ, ਇਸ ਵਿਚ ਜੀਉਂਦੇ ਜਾਗਦੇ ਸੋਚ ਤੇ ਵਿਚਾਰ ਵਾਲੇ ਇਨਸਾਨ ਦਾ ਹੋਣਾ ਹੀ ਇਸ ਬਾਤ ਦੀ ਭਾਰੀ ਦਲੀਲ ਹੈ ਕਿ ਇਸ ਰਚਨਾ ਦਾ ਕੋਈ ਰਚਨਹਾਰ ਹੈ, ਇਸ ਇਨਸਾਨ ਦਾ ਕੋਈ ਸਿਰਜਨਹਾਰ ਹੈ।

ਇਕ ਯਾਦ ਵਿਚ ਰੰਗੇ ਮਹਾਂਪੁਰਖ ਤੋਂ ਪੁਛਣ ਤੇ ਕਿ 'ਰੱਬ ਨੂੰ ਸਾਬਤ ਕਰੋ?' ਆਪ ਨੇ ਮੁਸਕਰਾ ਕੇ ਆਖਿਆ - ਜਿਵੇਂ ਲਹਿਰਾਂ ਸਮੁੰਦਰ ਦੀ ਹਸਤੀ ਸਾਬਤ ਕਰਦੀਆਂ ਹਨ, ਮੇਰਾ ਹੋਣਾ ਹੀ ਮੇਰੇ ਰੱਬ ਦੇ ਹੋਣ ਦਾ ਸਭ ਤੋਂ ਵੱਡਾ ਸਬੂਤ ਹੈ।

# ਮਜ਼੍ਹਬ

ਮਜ਼੍ਹਬ ਜੀਵਨ ਦੇ ਹਰ ਪਾਸੇ ਨੂੰ ਕਾਮਯਾਬ ਬਣਾਨ ਵਿਚ ਸਹਾਇਤਾ ਕਰਦਾ ਹੈ। ਇਸ ਵਰਗਾ ਮਿਤਰ ਨਾ ਪਿਤਾ, ਨਾ ਮਾਤਾ, ਨਾ ਭੈਣ, ਨਾ ਸਾਕ, ਨਾ ਦੋਸਤ ਕੋਈ ਨਹੀਂ। ਇਹ ਉਹ ਮਿੱਤਰ ਹੈ ਜੋ ਇਨਸਾਨ ਨਾਲ ਲੋਕ-ਪਰਲੋਕ, ਹਰ ਥਾਂ ਮਿਤਰਤਾ ਪਾਲਦਾ ਹੈ। ਦੁਖਾਂ ਦੇ ਸਮੇਂ ਚੜ੍ਹਦੀ ਕਲਾ ਵਿਚ ਲੈ ਜਾਂਦਾ ਹੈ ਅਤੇ ਸੁੱਖਾਂ ਦੇ ਸਮੇਂ ਨਿਰਮਾਣ ਬਣਨ ਵਾਸਤੇ ਪ੍ਰੇਰਦਾ ਹੈ। ਜ਼ਿੰਦਗੀ ਨੂੰ ਇਕ ਰਸ ਤੇ ਅਡੋਲ ਬਣਾਂਦਾ ਹੈ। ਇਨਸਾਨ ਨੂੰ ਰੱਬੀ ਨਿਗ੍ਹਾ ਨਾਲ ਵੇਖਣ ਅਤੇ ਅਰਸ਼ੀ ਜੀਵਨ ਬਤੀਤ ਕਰਨ ਦੇ ਯੋਗ ਕਰਦਾ ਹੈ।

ਘਰ ਦੇ ਜੀਵਨ ਵਿਚ ਇਹ ਇਨਸਾਨ ਨੂੰ ਆਦਰਸ਼ਕ ਪਤੀ, ਆਦਰਸ਼ਕ ਪਤਨੀ, ਆਦਰਸ਼ਕ ਪਿਤਾ, ਆਦਰਸ਼ਕ ਮਾਤਾ, ਆਦਰਸ਼ਕ ਭੈਣ, ਆਦਰਸ਼ਕ ਭਰਾ ਬਣਨ ਦਾ ਵਲ ਦਸਦਾ ਹੈ।

ਭਾਈਚਾਰਕ ਜੀਵਨ ਵਿਚ ਇਹ ਸੇਵਾ, ਪਰਉਪਕਾਰ, ਨੇਕੀ, ਪਿਆਰ, ਸਮਾਨਤਾ, ਹਮਦਰਦੀ, ਕੁਰਬਾਨੀ ਆਦਿ ਉਚੇ ਜਜ਼ਬੇ ਪੈਦਾ ਕਰਕੇ ਇਨਸਾਨ ਨੂੰ ਆਦਰਸ਼ਕ ਸ਼ਹਿਰੀ ਬਣਨਾ ਸਿਖਾਂਦਾ ਹੈ।

ਆਤਮਕ ਜੀਵਨ ਵਿਚ ਇਹ ਇਨਸਾਨ ਨੂੰ ਫਰਿਸ਼ਤਾ, ਕਾਇਰ ਨੂੰ ਸੂਰਮਾ, ਮੂੜ੍ਹ ਨੂੰ ਗਿਆਨਵਾਨ ਅਤੇ ਅੰਧੇ ਨੂੰ ਸੁਜਾਖਾ ਬਣਾ ਦੇਂਦਾ ਹੈ ਤੇ ਆਦਮੀ ਦੀ ਕਾਇਆ ਪਲਟ ਦੇਂਦਾ ਹੈ। ਇਸ ਦੀਆਂ ਅੰਤਰ ਸ਼ਕਤੀਆਂ ਜਗਾ ਕੇ ਇਨਸਾਨ ਨੂੰ ਕਾਇਨਾਤ ਦਾ ਅਸਲੀ ਅਰਥਾਂ ਵਿਚ ਸਰਦਾਰ ਬਣਾਂਦਾ ਹੈ, ਉਸ ਨੂੰ ਨਿਰਵੈਰ ਅਤੇ ਨਿਰਭੈ ਕਰਦਾ ਹੈ। ਇਨਸਾਨ ਨੂੰ ਉਸ ਦੀ ਅਸਲੀਅਤ ਸਮਝਾ ਕੇ ਪੂਰਨ ਪੁਰਸ਼ ਬਣਾਂਦਾ ਹੈ, ਉਸ ਨੂੰ ਉਹ ਗੁਰ ਜਾਂ ਫਾਰਮੂਲਾ ਦਸਦਾ ਹੈ ਜਿਸ ਦੀ ਸਹਾਇਤਾ ਨਾਲ ਉਹ ਜੀਵਨ ਨੂੰ ਹਰ ਪਾਸੇ ਤੋਂ ਕਾਮਯਾਬ ਬਣਾ ਸਕੇ, ਜੀਵਨ ਦੀ ਅਸਲੀਅਤ ਨੂੰ ਖੋਹਲ ਕੇ ਇਹ ਮੌਤ ਦਾ ਡਰ ਦੂਰ ਕਰਦਾ ਹੈ। ਪਾਪ, ਡਰ, ਥੋੜ, ਚਿੰਤਾ, ਬੀਮਾਰੀ ਉਤੇ ਇਨਸਾਨ ਨੂੰ ਕਾਬੂ ਪਾਣ ਦੇ ਤਰੀਕੇ ਦਸਦਾ ਹੈ। ਬੰਦੇ ਨੂੰ ਸਾਹਿਬੀ ਦਰਜੇ ਤੇ ਪਹੁੰਚਾ ਦੇਣਾ ਕੇਵਲ ਮਜ਼੍ਹਬ ਦਾ ਹੀ ਕੰਮ ਹੈ।





ਇਹ ਆਦਮੀ ਨੂੰ ਅਕਾਲ ਪੁਰਖ ਨਾਲ ਜੋੜ ਕੇ ਐਸਾ ਇਸਸੁਰ ਕਰਦਾ ਹੈ ਕਿ ਉਹ ਆਪਣੇ ਆਪ ਨੂੰ ਅਕਾਲ ਪੁਰਖ ਦਾ ਪੁੱਤਰ ਜਾਂ ਨੁਮਾਇੰਦਾ ਸਮਝਣ ਲਗ ਜਾਂਦਾ ਹੈ ਅਤੇ ਸ੍ਰਿਸਟੀ ਤੇ ਸਦਾ ਪਾਤਸ਼ਾਹ ਬਣ ਕੇ ਵਿਚਰਦਾ ਹੈ।

ਸੰਸਾਰ ਵਿਚ ਅਗਰ ਸੱਚੇ ਅਰਥਾਂ ਵਿਚ ਕੋਈ ਚੰਗੀ ਚੀਜ਼ ਹੈ ਤਾਂ ਉਹ ਮਜ਼੍ਹਬ ਹੈ। ਮੈਂ ਮੰਨਦਾ ਹਾਂ ਕਿ ਹਰ ਚੰਗੀ ਚੀਜ਼ ਦਾ ਮੂਰਖ ਲੋਕ ਗ਼ਲਤ ਇਸਤੇਮਾਲ ਕਰ ਸਕਦੇ ਹਨ ਅਤੇ ਮਜ਼੍ਹਬ ਦਾ ਵੀ ਖੁਦਗਰਜ਼, ਅਨਜਾਣ ਤੇ ਛੋਟੀ ਦ੍ਰਿਸ਼ਟੀ ਦੇ ਲੋਕਾਂ ਨੇ ਕਈ ਵਾਰੀ ਨਾਮੁਨਾਸਬ ਇਸਤੇਮਾਲ ਕੀਤਾ ਹੈ। ਪਰ ਇਸ ਕਰਕੇ ਮਜ਼੍ਹਬ ਦੀ ਅਸਲੀ ਕੀਮਤ (Intrinsic value) ਵਿਚ ਕੋਈ ਫ਼ਰਕ ਨਹੀਂ ਆ ਸਕਦਾ।

ਮਿਸ ਮਿਓ ਨੇ ਹਿੰਦੁਸਤਾਨ ਬਾਰੇ ਕੇਵਲ ਮਾੜੀਆਂ ਹੀ ਗੱਲਾਂ ਲਿਖ ਕੇ ਜਿਵੇਂ ਆਪਣੀ ਤੰਗ-ਦਿਲੀ ਤੇ ਛੋਟੇ-ਪਨ ਦਾ ਸਬੂਤ ਦਿਤਾ ਸੀ; ਉਸੇ ਤਰ੍ਹਾਂ ਮਜ਼੍ਹਬ ਦੇ ਨੁਕਤਾਚੀਨ ਸਿਰਫ ਮਜ਼੍ਹਬ ਦੇ ਨਾਮ ਉਤੇ ਹੋਈਆਂ ਅਨਜਾਣ ਜਾਂ ਖੁਦਗਰਜ਼ ਲੋਕਾਂ ਦੀਆਂ ਭੁੱਲਾਂ ਉਤੇ ਜ਼ੋਰ ਦੇ ਕੇ ਮਜ਼੍ਹਬ ਨਾਲ ਭਾਰੀ ਬੇਇਨਸਾਫ਼ੀ ਹੀ ਨਹੀਂ ਕਰਦੇ ਸਗੋਂ ਆਪਣੇ ਆਪ ਨੂੰ ਤੰਗ-ਦਿਲ ਅਤੇ ਛੋਟੀ ਦ੍ਰਿਸ਼ਟੀ ਵਾਲਾ ਇਨਸਾਨ ਵੀ ਸਾਬਤ ਕਰਦੇ ਹਨ।

ਇਨਸਾਨ ਨੂੰ ਸੁਖੀ ਬਨਾਣ ਵਾਸਤੇ, ਦੁਖਾਂ ਵਿਚ ਧੀਰਜ ਦਿਲਾਣ ਵਾਸਤੇ, ਮੁਸੀਬਤਾਂ ਦਾ ਮੁਕਾਬਲਾ ਕਰਨ ਵਾਸਤੇ; ਇਸ ਨੂੰ ਸੱਚੀ ਸ਼ਾਂਤੀ ਦਿਲਾਣ ਵਾਸਤੇ, ਜੋ ਮਜ਼੍ਹਬ ਨੇ ਕੀਤਾ ਹੈ, ਉਹ ਐਸਾ ਰੀਕਾਰਡ ਹੈ ਜੋ ਸੂਰਜ ਦੀ ਤਰ੍ਹਾਂ ਕਦੀ ਮਾਤ ਨਹੀਂ ਪਵੇਗਾ।

ਮਜ਼੍ਹਬ ਨੇ ਅਰਬਾਂ ਰੁਪਏ ਅਮੀਰਾਂ ਦੀ ਜੇਬ 'ਚੋਂ ਕੱਢ ਕੇ ਗਰੀਬਾਂ ਅਨਾਥਾਂ ਦੇ ਫ਼ਾਇਦੇ ਵਿਚ ਖਰਚ ਕਰਾਏ ਹਨ, ਕ੍ਰੋੜਾਂ ਵਿਧਵਾਵਾਂ ਦੇ ਅੱਥਰੂ ਪੂੰਝੇ ਹਨ, ਬੇਸ਼ੁਮਾਰ ਨਿਆਸਰਿਆਂ ਨੂੰ ਆਸਰਾ ਦਿਤਾ ਹੈ, ਅਨੇਕਾਂ ਅਸ਼ਾਂਤ ਹਿਰਦਿਆਂ ਨੂੰ ਸਦੀਵੀ ਸ਼ਾਂਤੀ ਬਖਸ਼ੀ ਹੈ। ਇਸ ਨੇ ਅਨੇਕਾਂ ਹਸਪਤਾਲ ਖੋਲ੍ਹੇ ਹਨ ਤੇ ਅਨੇਕਾਂ ਖੈਰਾਇਤੀ ਸਭਾ ਸੁਸਾਇਟੀਆਂ ਕਾਇਮ ਕੀਤੀਆਂ ਹਨ।

ਭਾਵੇਂ ਚਲਾਕ ਨਾਸਤਕਾਂ ਨੇ ਅਨਜਾਣ ਆਸਤਕਾਂ ਦੀਆਂ ਭੁੱਲਾਂ ਤੇ ਜ਼ੋਰ ਦੇ ਕੇ ਮਜ਼੍ਹਬ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ

ਇਨਸਾਨ ਦੀ ਬਹੁ-ਗਿਣਤੀ ਦੇ ਜੀਵਨ ਵਿਚ ਅਜੇ ਵੀ ਮਜ਼ਬ ਇਕ ਜੀਊਂਦੀ ਜਾਗਦੀ ਸ਼ਕਤੀ (Living force) ਬਣ ਕੇ ਅਗਵਾਈ ਕਰ ਰਿਹਾ ਹੈ।

ਮਜ਼ਬ ਦੀ ਇਨਸਾਨ ਨੂੰ ਸੰਤੁਸ਼ਟ ਤੇ ਸੁਖੀ ਬਨਾਣ ਵਾਸਤੇ ਉਤਨੀ ਹੀ ਜ਼ਰੂਰਤ ਹੈ ਜਿਤਨੀ ਉਸ ਦੇ ਕਾਇਮ ਰਹਿਣ ਵਾਸਤੇ ਹਵਾ, ਪਾਣੀ ਤੇ ਖੁਰਾਕ।





# ਸੁਖ ਦੁਖ

ਦੁਨੀਆਂ ਤੇ ਜੋ ਸੁਖ ਜਾਂ ਦੁਖ ਨਜ਼ਰ ਆਉਂਦਾ ਹੈ, ਉਸ ਦਾ ਕਰਤਾ ਸਿਵਾਏ ਆਦਮੀ ਦੇ ਹੋਰ ਕੋਈ ਨਹੀਂ। ਅਕਾਲ ਪੁਰਖ ਦਾ ਸ੍ਰਿਸ਼ਟੀ ਨੂੰ ਰਚਨ ਦਾ ਭਾਵ ਇਸ ਵਿਚ ਰਹਿਣ ਵਾਲੇ ਜੀਅ ਜੰਤ ਨੂੰ ਖੁਸ਼ ਤੇ ਪ੍ਰਫੁਲਤ ਦੇਖਣਾ ਹੈ। ਇਸਨਾਨ ਦੁਖੀ ਹਮੇਸ਼ਾ ਆਪਣੀ ਬੇਵਕੂਫੀ ਜਾਂ ਅਨਜਾਣਤਾ ਕਰਕੇ ਹੁੰਦਾ ਹੈ। ਕੁਦਰਤ ਨੇ ਦੁਨੀਆਂ ਵਿਚ ਅਨੇਕਾਂ ਚੀਜ਼ਾਂ ਪੈਦਾ ਕੀਤੀਆਂ ਹਨ, ਜਿਨ੍ਹਾਂ ਦੇ ਠੀਕ ਇਸਤੇਮਾਲ ਨਾਲ ਇਨਸਾਨ ਸੁਖੀ ਤੇ ਗਲਤ ਇਸਤੇਮਾਲ ਨਾਲ ਦੁਖੀ ਹੁੰਦਾ ਹੈ। ਧਿਆਨ ਨਾਲ ਦੇਖਿਆਂ ਹਰ ਇਕ ਸੁਖ ਦੀ ਤਹਿ ਵਿਚ ਅਕਾਲ ਪੁਰਖ ਦੇ ਨਿਯਮਾਂ ਦੀ ਪਾਲਣਾ ਤੇ ਦੁਖ ਵਿਚ ਉਸ ਦੇ ਨਿਯਮਾਂ ਦੀ ਉਲੰਘਣਾ ਨਜ਼ਰ ਆਵੇਗੀ।

ਇਕ ਪਿਤਾ ਆਪਣੀ ਦੌਲਤ ਵਿਚੋਂ ਆਪਣੇ ਚਾਰ ਪੁੱਤਰਾਂ ਨੂੰ ਇਕ-ਇਕ ਲੱਖ ਰੁਪਿਆ ਦੇਂਦਾ ਹੈ ਅਤੇ ਨਾਲ ਹੀ ਆਪਣੀ ਰਾਏ ਤੇ ਤਜਰਬਾ ਵੀ ਸਭ ਪੁੱਤਰਾਂ ਦੇ ਪੇਸ਼ ਕਰਦਾ ਹੈ, ਜਿਸ ਨਾਲ ਉਹ ਰੁਪਏ ਨੂੰ ਚੰਗੇ ਤਰੀਕਿਆਂ ਵਿਚ ਵਰਤ ਕੇ ਸੁਖੀ ਬਣ ਸਕਣ।

ਇਕ ਪੁੱਤਰ ਆਪਣੇ ਪਿਤਾ ਦੀ ਸਿਖਸ਼ਾ ਅਨੁਸਾਰ ਰੁਪਏ ਨੂੰ ਕਾਰੋਬਾਰ ਵਿਚ ਲਗਾਂਦਾ ਅਤੇ ਲੱਖ ਰੁਪਏ ਨਾਲ ਕਈ ਲੱਖ ਹੋਰ ਪੈਦਾ ਕਰਕੇ ਬੜਾ ਧਨੀ ਹੋ ਜਾਂਦਾ ਹੈ। ਦੂਸਰਾ ਪੁੱਤਰ ਵੀ ਆਪਣੇ ਪਿਤਾ ਦੀ ਸਿਖਸ਼ਾ ਅਨੁਸਾਰ ਆਪਣੇ ਲੱਖ ਰੁਪਏ ਨਾਲ ਹਸਪਤਾਲ ਤੇ ਸਕੂਲ ਉਸਾਰਦਾ ਹੈ। ਸਕੂਲ ਵਿਚ ਬੱਚਿਆਂ ਨੂੰ ਪੜ੍ਹਾਂਦਾ ਤੇ ਹਸਪਤਾਲ ਵਿਚ ਬੀਮਾਰਾਂ ਦੀ ਸੇਵਾ ਕਰਦਾ ਹੈ। ਇਸ ਤਰ੍ਹਾਂ ਉਹ ਆਪਣਾ ਜੀਵਨ ਨੇਕੀ ਤੇ ਪਰਉਪਕਾਰ ਵਿਚ ਲਗਾਂਦਾ ਹੈ। ਤੀਸਰਾ ਲੜਕਾ ਪਿਤਾ ਦੀ ਸਿਖਸ਼ਾ ਦੀ ਪਰਵਾਹ ਨਹੀਂ ਕਰਦਾ ਅਤੇ ਆਪਣੇ ਲੱਖ ਰੁਪਏ ਨਾਲ ਡਾਕੂਆਂ ਦੀ ਟੋਲੀ ਤਿਆਰ ਕਰਕੇ ਡਾਕੇ ਮਾਰਨੇ ਸ਼ੁਰੂ ਕਰ ਦੇਂਦਾ ਹੈ। ਪੁਲੀਸ ਹਰ ਵਕਤ ਉਸ ਦੀ ਤਲਾਸ਼ ਵਿਚ ਰਹਿੰਦੀ ਹੈ, ਜਿਸ ਕਰਕੇ ਉਹ ਆਪਣੀ ਰਿਹਾਇਸ਼ ਜੰਗਲਾਂ ਜਾਂ ਪਹਾੜਾਂ ਦੀਆਂ ਗ਼ਾਰਾਂ ਵਿਚ ਲੈ ਜਾਂਦਾ ਹੈ।

ਸ਼ਹਿਰਾਂ ਵਿਚ ਲੁਕ-ਛਿਪ ਕੇ ਆਉਂਦਾ ਹੈ ਤੇ ਰਸਤਿਆਂ ਵਿਚ

ਮੁਸਾਫਰਾਂ ਨੂੰ ਲੁੱਟਦਾ ਹੈ। ਚੌਥਾ ਪੁੱਤਰ ਵੀ ਪਿਤਾ ਦੀ ਸਿਖਸ਼ਾ ਤੋਂ ਮੂੰਹ ਮੋੜ ਕੇ ਆਪਣੇ ਲੱਖ ਰੁਪਏ ਨਾਲ ਅੱਯਾਸ਼ੀ ਕਰਦਾ, ਜੂਆ ਖੇਡਦਾ ਤੇ ਸ਼ਰਾਬ ਪੀਂਦਾ ਹੈ। ਐਸ਼-ਇਸ਼ਰਤ ਵਿਚ ਸਾਰਾ ਰੁਪਿਆ ਵੀ ਗੁਆ ਦੇਂਦਾ ਹੈ ਅਤੇ ਆਪਣੀ ਸਿਹਤ ਵੀ ਬਰਬਾਦ ਕਰ ਲੈਂਦਾ ਹੈ।

ਪਿਤਾ ਨੇ ਚਵਾਂ ਪੁੱਤਰਾਂ ਨੂੰ ਇਕੋ ਜਿਹਾ ਰੁਪਿਆ ਦਿਤਾ ਸੀ। ਉਸ ਦੀ ਖਾਹਿਸ਼ ਵੀ ਇਹ ਸੀ ਕਿ ਉਸ ਦੇ ਪੁੱਤਰ ਉਸ ਰੁਪਏ ਨਾਲ ਸੁਖੀ ਵਸਣ, ਪਰ ਆਪਣੀ ਸਮਝ ਅਨੁਸਾਰ ਚਵਾਂ ਪੁੱਤਰਾਂ ਨੇ ਉਸ ਰੁਪਏ ਨੂੰ ਵੱਖੋ-ਵਖਰੇ ਤਰੀਕਿਆਂ ਵਿਚ ਖਰਚ ਕੀਤਾ ਜਿਸ ਦੇ ਨਤੀਜੇ ਚਵਾਂ ਵਾਸਤੇ ਹੀ ਅਲਹਿਦਾ ਅਲਹਿਦਾ ਨਿਕਲੇ।

ਏਸੇ ਤਰ੍ਹਾਂ ਵਾਹਿਗੁਰੂ ਦੀਆਂ ਦਾਤਾਂ ਵੀ ਸਭ ਵਾਸਤੇ ਇਕੋ ਜਿਹੀਆਂ ਹਨ, ਪਰ ਹਰ ਇਨਸਾਨ ਉਨ੍ਹਾਂ ਤੋਂ ਫ਼ਾਇਦਾ ਆਪਣੀ ਮਰਜ਼ੀ ਜਾਂ ਵਿਚਾਰ ਅਨੁਸਾਰ ਉਠਾਂਦਾ ਹੈ। ਬਿਜਲੀ ਵਾਹਿਗੁਰੂ ਦੀ ਇਕ ਦਾਤ ਹੈ। ਇਸ ਦਾ ਜਾਇਜ਼ ਇਸਤੇਮਾਲ ਆਦਮੀ ਦਾ ਹਨ੍ਹੇਰਾ ਘਰ ਰੌਸ਼ਨ ਕਰਦਾ, ਗਰਮੀਆਂ ਵਿਚ ਪੱਖੇ ਚਲਵਾਂਦਾ ਤੇ ਸਰਦੀਆਂ ਵਿਚ ਅੰਗੀਠੀਆਂ ਗਰਮ ਕਰਵਾਂਦਾ ਹੈ ਪਰ ਏਸੇ ਬਿਜਲੀ ਦਾ ਗ਼ਲਤ ਇਸਤੇਮਾਲ ਇਨਸਾਨ ਨੂੰ ਕਰੰਟ ਮਾਰ ਕੇ ਸਕਿੰਟਾਂ ਵਿਚ ਤਬਾਹ ਕਰ ਦੇਂਦਾ ਹੈ।

ਬਿਜਲੀ ਸਭ ਵਾਸਤੇ ਮੌਜੂਦ ਹੈ। ਜਿਨ੍ਹਾਂ ਕੌਮਾਂ ਨੇ ਇਸ ਦੇ ਅਸੂਲਾਂ ਨੂੰ ਸਮਝਿਆ ਹੈ, ਉਹ ਇਸ ਤੋਂ ਬੇਸ਼ੁਮਾਰ ਫ਼ਾਇਦੇ ਉਠਾ ਰਹੀਆਂ ਹਨ, ਪਰ ਅਫ਼ਗਾਨਿਸਤਾਨ ਅਤੇ ਅਰਬ ਦੇ ਲੋਕ ਬਿਜਲੀ ਦੇ ਅਸੂਲਾਂ ਨੂੰ ਨਾ ਜਾਣਦੇ ਹੋਏ ਅਜੇ ਤਕ ਬਿਜਲੀ ਦੇ ਲਾਭਾਂ ਤੋਂ ਸੱਖਣੇ ਹਨ। ਬਿਜਲੀ ਅਫ਼ਗਾਨਿਸਤਾਨ ਤੇ ਅਰਬ ਵਿਚ ਵੀ ਹੈ ਪਰ ਉਥੋਂ ਦੇ ਲੋਕ ਇਸ ਤੋਂ ਕੋਈ ਖਾਸ ਫ਼ਾਇਦਾ ਨਹੀਂ ਉਠਾ ਰਹੇ। ਏਸੇ ਤਰ੍ਹਾਂ ਕਈ ਜਗ੍ਹਾ ਤੇ ਬਿਜਲੀ ਦੀ ਗ਼ਲਤ ਵਰਤੋਂ ਨਾਲ ਮਨੁੱਖ ਜਾਤੀ ਬਜਾਏ ਸੁਖੀ ਦੇ ਦੁਖੀ ਹੋ ਰਹੀ ਹੈ। ਫੌਜਾਂ ਦੇ ਇਰਦ-ਗਿਰਦ ਬਿਜਲੀ ਦੀਆਂ ਤਾਰਾਂ ਲਗਾਈਆਂ ਜਾਂਦੀਆਂ ਹਨ ਜੋ ਉਨ੍ਹਾਂ ਤਾਰਾਂ ਨਾਲ ਛੋਹ ਜਾਵੇ, ਅੱਖ ਦੇ ਫੁਰਨੇ ਵਿਚ ਸਵਾਹ ਹੋ ਜਾਂਦਾ ਹੈ।

ਪਿਤਾ ਦੇ ਸਾਰੇ ਲੜਕਿਆਂ ਨੂੰ ਲੱਖ-ਲੱਖ ਰੁਪਏ ਦੇਣ ਦਾ ਭਾਵ ਉਨ੍ਹਾਂ ਸਭ ਨੂੰ ਇਕੋ ਜਿਹਾ ਸੁਖੀ ਦੇਖਣ ਦਾ ਖਿਆਲ ਸੀ। ਜੇ ਕਿਸੇ ਨੇ





ਉਸ ਰੁਪਏ ਦੇ ਗ਼ਲਤ ਇਸਤੇਮਾਲ ਨਾਲ ਆਪਣੇ ਆਪ ਨੂੰ ਦੁਖੀ ਬਣਾ ਲਿਆ ਤਾਂ ਉਸ ਵਿਚ ਪਿਤਾ ਦਾ ਕੀ ਕਸੂਰ? ਪਿਤਾ ਦੀ ਨੇਕ ਹਿਦਾਇਤ ਸਭ ਵਾਸਤੇ ਸੀ, ਪਰ ਜੇ ਕਿਸੇ ਨੇ ਫ਼ਾਇਦਾ ਨਾ ਉਠਾਇਆ ਤਾਂ ਪਿਤਾ ਦਾ ਕੀ ਦੋਸ਼? ਅਕਾਲ ਪੁਰਖ ਨੇ ਸਭ ਨੂੰ ਅਕਲ ਤੇ ਵਿਚਾਰ ਸ਼ਕਤੀ ਦਿਤੀ ਹੈ, ਜਿਸ ਦੇ ਠੀਕ ਇਸਤੇਮਾਲ ਨਾਲ ਆਦਮੀ ਹਮੇਸ਼ਾਂ ਸੁਖੀ ਤੇ ਗਲਤ ਇਸਤੇਮਾਲ ਨਾਲ ਹਮੇਸ਼ਾਂ ਦੁਖੀ ਰਹਿੰਦਾ ਰਿਹਾ ਹੈ ਅਤੇ ਰਹਿੰਦਾ ਰਹੇਗਾ।

ਸਾਡੇ ਸਭ ਦੁਖ, ਝਗੜੇ, ਮੁਸ਼ਕਲਾਂ, ਗਲਤ ਸੋਚਣ ਦਾ ਨਤੀਜਾ ਹੁੰਦੇ ਹਨ। ਬਜਾਏ ਸੋਚਣ ਦੇ ਕਿ ਇਹ ਧਰਤੀ ਸਭ ਇਨਸਾਨਾਂ ਦੀ ਸਾਂਝੀ ਹੈ ਅਤੇ ਸਭ ਨੂੰ ਇਸ ਵਿਚੋਂ ਆਪਣੀ ਜ਼ਰੂਰਤ ਅਨੁਸਾਰ ਖੁਰਾਕ ਪੈਦਾ ਕਰਨ ਦਾ ਇਕੋ ਜਿਹਾ ਹੱਕ ਹੈ, ਇਨਸਾਨ ਧਰਤੀ ਤੇ ਕਬਜ਼ਾ ਕਰਕੇ, ਦੂਸਰੇ ਇਨਸਾਨਾਂ ਦੇ ਹੱਕ ਦਬਾਉਣਾ ਚਾਹੁੰਦਾ ਹੈ। ਇਨਸਾਨ ਦੀ ਏਸ ਗ਼ਲਤ ਸੋਚ ਨੇ ਧਰਤੀ ਦੀਆਂ ਵੰਡੀਆਂ ਪਾ ਕੇ ਇਨਸਾਨ ਨੂੰ ਕੌਮਾਂ ਤੇ ਮੁਲਕਾਂ ਵਿਚ ਤਕਸੀਮ ਕਰ ਦਿਤਾ ਹੈ, ਫੌਜਾਂ ਰੱਖਣ ਦੀ ਲੋੜ ਭਾਸੀ, ਲੜਾਈਆਂ ਤੇ ਯੁੱਧ ਉਤਪੰਨ ਹੋਏ, ਇਨਸਾਨ ਨੇ ਇਨਸਾਨ ਦੇ ਗਲ਼ੇ ਕੱਟੇ। ਇਸ ਸਾਰੀ ਦੁਰਘਟਨਾ ਦਾ ਮੁੱਢ ਇਨਸਾਨ ਦੀ ਵਿਚਾਰ-ਸ਼ਕਤੀ ਦਾ ਗ਼ਲਤ ਵਰਤਾਰਾ ਸੀ।

ਵਿਚਾਰ-ਸ਼ਕਤੀ ਦਾ ਸਹੀ ਵਰਤਾਰਾ ਹਮੇਸ਼ਾ ਇਨਸਾਨ ਨੂੰ ਸੁਖੀ, ਸਿਹਤਵੰਦ, ਨਿਰਭੈ, ਨਿਰਵੈਰ, ਸੰਤੋਖੀ, ਨਿਰਛਲ ਤੇ ਬੇਫਿਕਰ ਬਣਾਂਦਾ ਹੈ ਅਤੇ ਗਲਤ ਵਰਤਾਰਾ ਇਸ ਦੇ ਉਲਟ ਉਸ ਦੀਆਂ ਸਭ ਦੁਰਘਟਨਾਵਾਂ, ਮੁਸ਼ਕਲਾਂ ਤੇ ਦੁਖਾਂ ਦਾ ਕਾਰਨ ਬਣਦਾ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਜਦ ਸਾਡੇ ਦੁਖ ਸੁਖ ਸਾਡੀ ਆਪਣੀ ਅਕਲ ਜਾਂ ਬੇਵਕੂਫੀ ਦਾ ਨਤੀਜਾ ਹੁੰਦੇ ਹਨ ਤਾਂ ਫਿਰ ਰੱਬ ਦੀ ਫੰਕਸ਼ਨ (function) ਕੀ ਹੋਈ? ਰੱਬ ਦੀ ਜ਼ਰੂਰਤ ਕੀ ਰਹੀ? ਇਸ ਦਾ ਜਵਾਬ ਸਾਫ ਹੈ। ਜਿਵੇਂ ਆਪਣੇ ਲੜਕਿਆਂ ਨੂੰ ਲੱਖ-ਲੱਖ ਰੁਪਏ ਦਾ ਸਰਮਾਇਆ ਦੇ ਕੇ ਬਾਪ ਨੇ ਉਨ੍ਹਾਂ ਨੂੰ ਇਸ ਕਾਬਲ ਬਣਾ ਦਿਤਾ ਸੀ ਕਿ ਉਹ ਉਸ ਸਰਮਾਏ ਨਾਲ ਸੁਖੀ ਵੱਸ ਸਕਣ, ਇਸੇ ਤਰ੍ਹਾਂ ਇਨਸਾਨ ਨੂੰ ਅਕਾਲ ਪੁਰਖ ਵਿਚਾਰ-ਸ਼ਕਤੀ ਦਾ ਸਰਮਾਇਆ ਦੇ ਕੇ ਉਸ ਨੂੰ ਇਸ ਕਾਬਲ ਬਣਾ

ਦੇਂਦਾ ਹੈ ਕਿ ਉਹ ਸੁਖੀ ਤੇ ਅਰੋਗ ਜੀਵਨ ਬਤੀਤ ਕਰੇ। ਜੇ ਪਿਤਾ ਲੱਖ-ਲੱਖ ਰੁਪਿਆ ਨਾ ਦੇਂਦਾ ਤਾਂ ਪੁੱਤਰਾਂ ਲਈ ਸੁਖੀ ਬਣਨ ਦਾ ਮੌਕਾ ਹੀ ਨਹੀਂ ਸੀ। ਜੇਕਰ ਅਕਾਲ ਪੁਰਖ ਇਨਸਾਨ ਨੂੰ ਵਿਚਾਰ-ਸ਼ਕਤੀ ਨਾ ਦੇਂਦਾ ਤਾਂ ਇਨਸਾਨ ਵਾਸਤੇ ਤਰੱਕੀ ਤੇ ਸੁਖ ਨਾ-ਮੁਮਕਿਨ ਸੀ। ਸਾਡੀ ਵਿਚਾਰ ਸ਼ਕਤੀ ਅਕਾਲ ਪੁਰਖ ਵਲੋਂ ਬਖਸ਼ਿਆ ਹੋਇਆ ਦੁਰਲੱਭ ਸਰਮਾਇਆ ਹੈ ਜਿਸ ਨਾਲ ਆਪਣੀ ਕਿਸਮਤ ਨੂੰ ਚੰਗਿਆਂ ਬਣਾ ਸਕਦੇ ਹਾਂ।

ਇਸ ਵਿਚਾਰ-ਸ਼ਕਤੀ ਦਾ ਕਿਸ ਤਰ੍ਹਾਂ ਜ਼ਿਆਦਾ ਤੋਂ ਜ਼ਿਆਦਾ ਫ਼ਾਇਦਾ ਉਠਾਇਆ ਜਾਵੇ? ਜਿਸ ਤਰ੍ਹਾਂ ਕੁਝ ਪੁੱਤਰਾਂ ਨੇ ਆਪਣੇ ਸਰਮਾਏ ਨੂੰ ਪਿਤਾ ਦੀਆਂ ਹਦਾਇਤਾਂ ਅਨੁਸਾਰ ਵਰਤ ਕੇ ਲਾਭ ਉਠਾਇਆ ਸੀ, ਉਸੇ ਤਰ੍ਹਾਂ ਅਸੀਂ ਵਿਚਾਰ-ਸ਼ਕਤੀ ਨੂੰ ਰੱਬ ਜੀ ਦੀਆਂ ਹਦਾਇਤਾਂ ਅਨੁਸਾਰ ਵਰਤ ਕੇ ਇਸ ਦਾ ਪੂਰਨ ਲਾਭ ਉਠਾ ਸਕਦੇ ਹਾਂ। ਰੱਬ ਜੀ ਵਲੋਂ ਇਨਸਾਨ ਦੀ ਰਹਿਨੁਮਾਈ ਉਸ ਦੇ ਪੈਗੰਬਰਾਂ ਰਾਹੀਂ ਹੁੰਦੀ ਆਈ ਹੈ। ਸਭ ਪੈਗੰਬਰਾਂ ਨੇ ਵੱਖੋ-ਵੱਖ ਸਮਿਆਂ ਤੇ ਵੱਖੋ-ਵੱਖ ਹਾਲਾਤ ਵਿਚ ਇਨਸਾਨ ਨੂੰ ਵਾਹਿਗੁਰੂ ਦੀ ਮਰਜ਼ੀ ਤੋਂ ਜਾਣੂੰ ਕਰਾਇਆ ਹੈ। ਇਨਸਾਨ ਨੂੰ ਐਸੇ ਤਰੀਕੇ ਦੱਸੇ ਹਨ ਜਿਨ੍ਹਾਂ ਨਾਲ ਉਹ ਵਾਹਿਗੁਰੂ ਨੂੰ ਅੰਦਰੋਂ ਲੱਭ ਕੇ ਉਸ ਤੋਂ ਹਰ ਹਾਲ ਵਿਚ ਅਗਵਾਈ ਕਰਾ ਸਕਦਾ ਹੈ, ਹਰ ਮਾਮਲੇ ਵਿਚ ਰੱਬ ਦੀ ਸਲਾਹ ਤੇ ਮਦਦ ਲੈ ਸਕਦਾ ਹੈ।

ਇਸ ਵਿਚਾਰ-ਸ਼ਕਤੀ ਨੂੰ ਪਹਿਲੇ ਪੈਗੰਬਰਾਂ, ਅਵਤਾਰਾਂ ਦੀ ਸਿਖਿਆ ਅਨੁਸਾਰ ਵਰਤ ਕੇ ਤੇ ਅਖੀਰ ਜਦ ਅਕਾਲ ਪੁਰਖ ਦਾ ਆਪਣੇ ਅੰਦਰ ਪ੍ਰਕਾਸ਼ ਹੋ ਜਾਵੇ ਤਾਂ ਅਕਾਲ ਪੁਰਖ ਦੀ ਰਹਿਨੁਮਾਈ ਹੇਠਾਂ ਵਰਤ ਕੇ ਇਨਸਾਨ ਇਸ ਯੋਗ ਹੋ ਜਾਂਦਾ ਹੈ ਕਿ ਕਦੀ ਗਲਤੀ ਨਾ ਕਰੇ ਜਾਂ ਘੱਟ ਤੋਂ ਘੱਟ ਗਲਤੀ ਕਰੇ। ਵਿਚਾਰ ਸ਼ਕਤੀ ਦੀ ਰੱਬੀ ਰੌਂਅ ਨਾਲ ਇਕ ਸੁਰ ਹੋ ਜਾਣ ਨਾਲ, ਗਲਤ ਇਸਤੇਮਾਲ ਦੇ ਮੌਕੇ ਬਹੁਤ ਘੱਟ ਜਾਂਦੇ ਹਨ।

*ਨਾ ਓਹਿ ਮਰਹਿ ਨ ਠਾਗੇ ਜਾਹਿ॥*
*ਜਿਨ ਕੈ ਰਾਮੁ ਵਸੈ ਮਨ ਮਾਹਿ॥* ਪੰਨਾ - 7

ਗੁਰਮੁਖ ਆਪਣੀ ਵਿਚਾਰ-ਸ਼ਕਤੀ ਨੂੰ ਪਹਿਲੇ ਗੁਰਮਤਿ ਦੇ ਅਧੀਨ ਰਖਦੇ ਹਨ ਅਤੇ ਜਦ ਇਨ੍ਹਾਂ ਦੇ ਅੰਦਰ ਅਕਾਲ ਪੁਰਖ ਪ੍ਰਗਟ ਹੋ ਜਾਵੇ ਤਦ ਉਸਦੀ ਰਹਿਨੁਮਾਈ ਤੇ ਛੱਡ ਦੇਂਦੇ ਹਨ। ਐਸਾ ਕਰਨ ਨਾਲ ਉਨ੍ਹਾਂ





ਦੀ ਵਿਚਾਰ-ਸ਼ਕਤੀ ਕਦੀ ਗਲਤੀ ਨਹੀਂ ਕਰਦੀ, ਜਿਸ ਕਰਕੇ ਸ੍ਰਿਸ਼ਟੀ ਦੇ ਸਭ ਸੁਖ ਗੁਰਮੁਖਾਂ ਵਲ ਖਿਚੇ ਤੁਰੇ ਆਉਂਦੇ ਹਨ। ਦੁਨੀਆਂ ਨੂੰ ਤੇ ਦੁਨੀਆਂ ਦੇ ਪਾਤਸ਼ਾਹਾਂ ਨੂੰ ਉਹ ਸੁਖ ਨਸੀਬ ਨਹੀਂ ਹੁੰਦੇ, ਉਨ੍ਹਾਂ ਸੁਖਾਂ ਦਾ ਪਰਛਾਵਾਂ ਵੀ ਨਸੀਬ ਨਹੀਂ ਹੁੰਦਾ ਜਿਹੜੇ ਸੁਖ ਵਿਚਾਰ-ਸ਼ਕਤੀ ਨੂੰ ਅਕਾਲ ਪੁਰਖ ਦੀ ਮਰਜ਼ੀ ਨਾਲ ਇਕ ਸੁਰ ਕਰਨ ਵਾਲੇ ਗੁਰਮੁਖ ਦੇ ਚਰਨਾਂ ਵਿਚ ਅੱਠੇ ਪਹਿਰ ਡਿੱਗੇ ਰਹਿੰਦੇ ਹਨ।

*ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ॥* ਪੰਨਾ - 1366

# ਸਿਦਕ

ਮੇਰੇ ਇਕ ਮਿੱਤਰ ਆਸਾਮ ਵਿਚ ਰਹਿੰਦੇ ਸਨ ਅਤੇ ਆਪਣੇ ਆਪ ਨੂੰ ਬੜੇ ਸੋਸ਼ਲਿਸਟ ਸਮਝਦੇ ਸਨ ਅਤੇ ਸੋਸ਼ਲਿਸਟ ਹੋਣ ਕਰਕੇ ਰੱਬ ਅਤੇ ਧਰਮ ਦੋਹਾਂ ਨੂੰ ਪਾਖੰਡ ਆਖਣਾ ਆਪਣਾ ਫਰਜ਼ ਖਿਆਲ ਕਰਦੇ ਸਨ। ਉਨ੍ਹਾਂ ਨੇ ਸੋਸ਼ਲਿਸਟ ਲਿਟਰੇਚਰ ਕਾਫੀ ਪੜ੍ਹੀ ਸੀ ਅਤੇ ਸੋਸ਼ਲਿਸਟ ਥਿਊਰੀਜ਼ (ਸਿਧਾਂਤਾਂ) ਨੂੰ ਬੜੀ ਚੰਗੀ ਤਰ੍ਹਾਂ ਬਿਆਨ ਕਰ ਸਕਦੇ ਸਨ। ਆਪ ਬੜੇ ਆਜ਼ਾਦ ਖਿਆਲ ਸਨ ਅਤੇ ਖਿਆਲਾਂ ਦੀ ਆਜ਼ਾਦੀ ਦੇ ਹਾਮੀ ਸਨ। ਆਪ ਦੇ ਖਿਆਲ ਅਨੁਸਾਰ ਇਨਸਾਨ ਨੂੰ ਇਕ ਦਰਜੇ ਤੇ ਲਿਆਉਣ ਦੀ ਤਜਵੀਜ਼ ਜਾਂ ਕਾਢ ਸਿਰਫ ਸੋਸ਼ਲਿਜ਼ਮ ਨੇ ਹੀ ਕੱਢੀ ਸੀ। ਜਦ ਮੈਂ ਉਨ੍ਹਾਂ ਦੀ ਸੇਵਾ ਵਿਚ ਆਖਦਾ ਹੁੰਦਾ ਸਾਂ ਕਿ ਇਨਸਾਨ ਦੀ ਏਕਤਾ ਤੇ ਬਰਾਬਰੀ ਦਾ ਖਿਆਲ ਤਾਂ ਦੁਨੀਆਂ ਦੇ ਸਭ ਤੋਂ ਪੁਰਾਣੇ ਧਰਮਾਂ ਵਿਚ ਵੀ ਨਜ਼ਰ ਆਉਂਦਾ ਹੈ ਤਾਂ ਆਪ ਕਹਿੰਦੇ ਸਨ ਕਿ ਧਰਮ ਪੁਸਤਕਾਂ ਵਿਚ ਜੋ ਗੱਲਾਂ ਲਿਖੀਆਂ ਹਨ ਉਹ ਤੁਸਾਂ ਕਦੀ ਕੀਤੀਆਂ ਨਹੀਂ ਪਰ ਅਸੀਂ ਜੋ ਕਹਿੰਦੇ ਹਾਂ, ਕਰਕੇ ਦਿਖਾਵਾਂਗੇ ਅਤੇ ਦੁਨੀਆਂ ਦੇ ਕਈ ਹਿੱਸਿਆਂ ਵਿਚ ਹੁਣ ਵੀ ਕਰਕੇ ਦਿਖਾ ਰਹੇ ਹਾਂ। ਆਪ ਦੇ ਖਿਆਲ ਅਨੁਸਾਰ ਦੁਨੀਆਂ ਤੇ ਜੋ ਜ਼ੁਲਮ, ਅਨਿਆਏ ਅਤੇ ਖੂਨ-ਖ਼ਰਾਬੇ ਹੋਏ ਸਨ, ਉਹ ਸਭ ਧਰਮ ਦੀ ਮਿਹਰਬਾਨੀ ਕਰਕੇ ਹੋਏ। ਜੇ ਧਰਮ ਨਾ ਹੁੰਦਾ ਤਾਂ ਦੁਨੀਆਂ ਬੜੀ ਸੁਖੀ ਵਸਦੀ।

ਕੁਦਰਤ ਬੜੀ ਬੇਨਿਆਜ਼ ਹੈ। ਏਸੇ ਮਿੱਤਰ ਦੀ ਇਸਤਰੀ ਬੜੀ ਧਾਰਮਕ ਖਿਆਲਾਂ ਵਾਲੀ ਪੜ੍ਹੀ ਲਿਖੀ ਬੀਬੀ ਹੈ। ਮੈਂ ਹੈਰਾਨ ਹੁੰਦਾ ਸੀ ਕਿ ਇਸ ਦੇਵੀ ਤੇ ਆਪਣੇ ਪਤੀ ਦੇ ਖਿਆਲਾਂ ਦਾ ਅਸਰ ਕਿਉਂ ਨਹੀਂ ਪਿਆ। ਕੁਝ ਚਿਰ ਹੋਇਆ ਤਾਂ ਇਹ ਦੋਵੇਂ ਪਤੀ ਪਤਨੀ ਬੱਚਿਆਂ ਸਮੇਤ ਪੰਜਾਬ ਆਏ ਅਤੇ ਲਾਹੌਰ ਮੇਰੇ ਪਾਸ ਠਹਿਰੇ। ਇਕ ਦਿਨ ਇਨ੍ਹਾਂ ਦੀ ਆਪਸ ਵਿਚ ਜੋ ਗੱਲਬਾਤ ਹੋਈ, ਉਹ ਪਾਠਕਾਂ ਦੀ ਦਿਲਚਸਪੀ ਵਾਸਤੇ ਏਥੇ ਦਰਜ ਕੀਤੀ ਜਾਂਦੀ ਹੈ।





ਪਤਨੀ - ਅਸੀਂ ਸਬੱਬ ਨਾਲ ਪੰਜਾਬ ਆਏ ਹਾਂ। ਇਸ ਵਾਸਤੇ ਚੰਗਾ ਹੋਵੇ ਜੇ ਸ੍ਰੀ ਅੰਮ੍ਰਿਤਸਰ ਜੀ ਚੱਲ ਕੇ ਦਰਬਾਰ ਸਾਹਿਬ ਦੇ ਦਰਸ਼ਨ ਵੀ ਕਰੀਏ ਅਤੇ ਕੜਾਹ ਪ੍ਰਸ਼ਾਦ ਕਰਾ ਕੇ ਮੱਥਾ ਵੀ ਟੇਕੀਏ?

ਪਤੀ - ਕੋਈ ਜ਼ਰੂਰਤ ਨਹੀਂ। ਅਵਲ ਤਾਂ ਰੱਬ ਹੈ ਹੀ ਨਹੀਂ, ਪਰ ਜੇ ਮੰਨ ਲਈਏ ਕਿ ਉਹ ਹੈ, ਤਾਂ ਉਹ ਖੁਸ਼ਾਮਦੀ ਹਰਗਿਜ਼ ਨਹੀਂ ਹੋ ਸਕਦਾ। ਉਸ ਨੂੰ ਸਾਡੇ ਮੱਥੇ ਟੇਕਣ ਦੀ ਅਤੇ ਕੜਾਹ ਪ੍ਰਸ਼ਾਦ ਦੀ ਕੀ ਲੋੜ ਹੈ?

ਪਤਨੀ - ਆਪ ਦੀ ਸਖਤ ਬੀਮਾਰੀ ਵੇਲੇ ਮੈਂ ਸੁਖਣਾ ਸੁਖੀ ਸੀ ਕਿ ਜੇਕਰ ਆਪ ਦੀਆਂ ਭੁੱਲਾਂ ਬਖਸ਼ ਕੇ ਸੱਚਾ ਪਾਤਸ਼ਾਹ ਆਪ ਨੂੰ ਆਰਾਮ ਦੇ ਦੇਵੇ ਤਾਂ ਆਪ ਨੂੰ ਨਾਲ ਲੈ ਜਾ ਕੇ ਸ੍ਰੀ ਦਰਬਾਰ ਸਾਹਿਬ ਮੈਂ ਕੜਾਹ ਪ੍ਰਸ਼ਾਦ ਕਰਾਵਾਂਗੀ ਅਤੇ ਆਪ ਦੇ ਅਤੇ ਬੱਚਿਆਂ ਦੇ ਸਮੇਤ ਮੱਥਾ ਟੇਕਾਂਗੀ।

ਪਤੀ - ਤਾਂ ਇਹ ਰੱਬ ਵੱਢੀ ਖੋਰ ਹੈ। ਸਾਡੇ ਮੱਥੇ ਟੇਕਣ ਤੇ ਕੜਾਹ ਪ੍ਰਸ਼ਾਦ ਦੀ ਰਿਸ਼ਵਤ ਮੰਗਦਾ ਹੈ।

ਪਤਨੀ - ਮੈਨੂੰ ਦਲੀਲਬਾਜ਼ੀ ਨਹੀਂ ਆਉਂਦੀ। ਮੈਂ ਸਿਰਫ ਇਤਨਾ ਜਾਣਦੀ ਹਾਂ ਕਿ ਜਦ ਆਪ ਸਖਤ ਬੀਮਾਰ ਸੀ, ਬੇਹੋਸ਼ ਸੀ, ਡਾਕਟਰ ਆਪ ਦੀ ਜ਼ਿੰਦਗੀ ਦੀ ਕੋਈ ਉਮੀਦ ਨਹੀਂ ਦਸਦੇ ਸੀ, ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ, ਗਲ ਵਿਚ ਪੱਲਾ ਪਾ ਕੇ ਰੋਂਦੀ ਰੋਂਦੀ ਨੇ ਅਰਦਾਸ ਕੀਤੀ ਸੀ ਕਿ ਹੇ ਅਕਾਲ ਪੁਰਖ! ਜੇ ਮੇਰਾ ਪਤੀ ਤੇਰੀ ਹਸਤੀ ਨੂੰ ਪਾਖੰਡ ਸਮਝਦਾ ਹੈ ਤਾਂ ਮੈਂ ਤੇਰੀ ਹਸਤੀ ਨੂੰ ਸ਼ਾਖਸ਼ਾਤ ਮੰਨਦੀ ਹਾਂ, ਮੈਂ ਤੇ ਤੈਨੂੰ ਅੰਗ-ਸੰਗ ਰਹਿਣ ਵਾਲਾ, ਘਟ ਘਟ ਵਿਚ ਵਸਣ ਵਾਲਾ, ਰੋਮ ਰੋਮ ਵਿਚ ਰਮਿਆ ਹੋਇਆ, ਆਖਦੀ ਹਾਂ। ਜੇ ਮੇਰੇ ਪਤੀ ਨੂੰ ਕੁਝ ਹੋ ਗਿਆ ਤਾਂ ਮੇਰਾ ਸੁਹਾਗ ਮਿਟ ਜਾਵੇਗਾ, ਮੈਂ ਵਿਧਵਾ ਹੋ ਜਾਵਾਂਗੀ, ਦੁਖੀ ਤੇ ਅਬਲਾ ਬਣ ਜਾਵਾਂਗੀ। ਹੇ ਕਿਰਪਾ ਸਾਗਰ! ਮੇਰੇ ਪਤੀ ਨੂੰ ਮੇਰੇ ਵਾਸਤੇ ਰਾਜ਼ੀ ਕਰੋ। ਹੋ ਸਕਦਾ ਹੈ ਕਦੀ ਉਹ ਭੀ ਆਪ ਦੇ ਭਗਤ ਬਣ ਜਾਣ। ਇਸ ਤਰ੍ਹਾਂ ਦੀ ਅਰਦਾਸ ਕਰਨ ਮਗਰੋਂ ਮੈਂ ਗੁਰਵਾਕ ਲੀਤਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਇਹ ਆਵਾਜ਼ ਆਈ :-

ਬਿਲਾਵਲ ਮਹਲਾ ੫

*ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥*
*ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥ ੧॥*
*ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ॥*
*ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ॥ ੧॥ ਰਹਾਉ।*
*ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ॥*
*ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥ ਪੰਨਾ - 819*

ਇਹ ਗੁਰਵਾਕ ਸੁਣ ਕੇ ਮੈਨੂੰ ਯਕੀਨ ਹੋ ਗਿਆ ਕਿ ਆਪ ਜ਼ਰੂਰ ਰਾਜ਼ੀ ਹੋ ਜਾਵੋਗੇ। ਉਸ ਵਕਤ ਤੋਂ ਮੈਂ ਆਪ ਨੂੰ ਰਾਜ਼ੀ ਸਮਝਣ ਲਗ ਗਈ, ਭਾਵੇਂ ਆਪ ਦੀ ਜ਼ਾਹਿਰਾ ਹਾਲਤ ਵਿਚ ਕੁਝ ਦਿਨ ਮਗਰੋਂ ਫ਼ਰਕ ਪੈਣਾ ਸ਼ੁਰੂ ਹੋਇਆ, ਪਰ ਮੈਨੂੰ ਯਕੀਨ ਸੀ ਕਿ ਆਪ ਰਾਜ਼ੀ ਹੋ ਗਏ ਹੋ। ਮੇਰਾ ਦਿਲ ਆਖਦਾ ਸੀ ਕਿ ਹੁਣ ਆਪ ਨੂੰ ਕੋਈ ਤਾਕਤ ਬੀਮਾਰ ਨਹੀਂ ਰਖ ਸਕਦੀ। ਇਸ ਤੋਂ ਬਾਅਦ ਦਿਨ-ਬ-ਦਿਨ ਆਪ ਰਾਜ਼ੀ ਹੋਣੇ ਸ਼ੁਰੂ ਹੋ ਗਏ। ਡਾਕਟਰ ਆਖਦੇ ਸਨ ਉਨ੍ਹਾਂ ਨੇ ਰਾਜ਼ੀ ਕੀਤਾ ਹੈ, ਆਪ ਵੀ ਇਹੋ ਸਮਝਦੇ ਸੀ, ਪਰ ਮੈਂ ਜਾਣਦੀ ਸੀ ਕਿ ਆਪ ਨੂੰ ਕਿਸ ਨੇ ਰਾਜ਼ੀ ਕੀਤਾ ਹੈ। ਹੁਣ ਮੈਂ ਅੰਮ੍ਰਿਤਸਰ ਜਾ ਕੇ ਮੱਥਾ ਟੇਕਣਾ ਜਾਂ ਕੜਾਹ ਪ੍ਰਸ਼ਾਦ ਕਰਾਣਾ ਰੱਬ ਨੂੰ ਰਿਸ਼ਵਤ ਦੇਣੀ ਨਹੀਂ ਸਮਝਦੀ, ਸਗੋਂ ਆਪਣਾ ਸੁਹਾਵਣਾ ਫਰਜ਼ ਸਮਝਦੀ ਹਾਂ। ਜਦ ਕੋਈ ਮਾਮੂਲੀ ਆਦਮੀ ਸਾਡਾ ਕੰਮ ਕਰ ਦੇਵੇ ਤਾਂ ਅਸੀਂ ਉਸ ਦਾ ਸ਼ੁਕਰੀਆ ਕਰਦੇ ਹਾਂ। ਜੇ ਰੱਬ ਜੀ ਨੇ ਸਾਡਾ ਐਡਾ ਭਾਰਾ ਕੰਮ ਕੀਤਾ ਹੈ ਤਾਂ ਅਸੀਂ ਉਸ ਦੇ ਦਰਬਾਰ ਵਿਚ ਸ਼ੁਕਰੀਆ ਪੇਸ਼ ਕਰਨ ਜਾਣਾ ਹੈ। ਸਾਡੇ ਪਾਸ ਸਭ ਕੁਝ ਉਸੇ ਦਾ ਦਿਤਾ ਹੈ। ਅਸੀਂ ਇਸ ਵਿਚੋਂ ਉਸ ਨੂੰ ਰਿਸ਼ਵਤ ਕੀ ਦੇ ਸਕਦੇ ਹਾਂ? ਰਿਸ਼ਵਤ ਬੇਈਮਾਨ ਬੇਈਮਾਨਾਂ ਨੂੰ ਦਿੰਦੇ ਹਨ। ਚੰਗੇ ਆਦਮੀ ਆਪਣੇ ਨਾਲ ਮਿਹਰਬਾਨੀ ਕਰਨ ਵਾਲੇ ਦਾ ਸ਼ੁਕਰੀਆ ਅਦਾ ਕਰਿਆ ਕਰਦੇ ਹਨ। ਸਾਡੇ ਕੜਾਹ ਪ੍ਰਸ਼ਾਦ ਕਰਾਣ ਨਾਲ ਰੱਬ ਦਾ ਕੁਝ ਸੰਵਰਦਾ ਨਹੀਂ ਅਤੇ ਨਾ ਕਰਾਣ ਨਾਲ ਕੁਝ ਵਿਗੜਦਾ ਨਹੀਂ? ਪਰ ਅਸੀਂ ਕੜਾਹ ਪ੍ਰਸ਼ਾਦ ਕਰਾ ਕੇ ਆਪਣੇ ਸ਼ੁਕਰੀਏ ਦੇ ਵਲਵਲਿਆਂ ਦਾ ਇਜ਼ਹਾਰ ਕਰਦੇ ਹਾਂ ਜਿਸ ਤੋਂ ਫੇਰ ਸਾਨੂੰ ਹੀ ਫਾਇਦਾ ਪਹੁੰਚਦਾ ਹੈ, ਕਿਉਂਕਿ ਐਸਾ ਕਰਨ ਨਾਲ ਅਸੀਂ ਰੱਬ ਦੀ





ਆਉਣ ਵਾਲੀ ਕ੍ਰਿਪਾਲਤਾ ਦੇ ਪਾਤਰ ਬਣਦੇ ਹਾਂ। ਜਦ ਗਰਮੀ ਦੇ ਦਿਨਾਂ ਵਿਚ ਪਹਾੜ ਤੇ ਜਾਈਏ, ਤਾਂ ਪਹਾੜ ਨੂੰ ਖੁਸ਼ ਕਰਨ ਜਾਂ ਪਹਾੜ ਨੂੰ ਰਿਸ਼ਵਤ ਦੇਣ ਨਹੀਂ ਜਾਈਦਾ ਸਗੋਂ ਆਪਣੀ ਤਪਸ਼ ਦੂਰ ਕਰਨ ਜਾਈਦਾ ਹੈ। ਸਾਡਾ ਮੈਦਾਨਾਂ ਤੋਂ ਤੁਰ ਕੇ ਪਹਾੜ ਦੀ ਚੋਟੀ ਤਕ ਜਾਣਾ ਸਾਡੇ ਆਪਣੇ ਤਪਦੇ ਹਿਰਦੇ ਨੂੰ ਠੰਢਾ ਕਰਨ ਦੀ ਗਰਜ਼ ਨਾਲ ਹੁੰਦਾ ਹੈ। ਪਹਾੜ ਤੇ ਅਹਿਸਾਨ ਨਹੀਂ ਹੁੰਦਾ। ਪਹਾੜ ਦਾ ਕਰਤਵ ਹੈ, ਸੁਭਾਵ ਹੈ ਕਿ ਉਸ ਤਕ ਜੋ ਪਹੁੰਚਣ ਦੀ ਖੇਚਲ ਕਰੇ, ਉਹ ਉਸ ਨੂੰ ਠੰਡਕ ਦੇਵੇ। ਰੱਬ ਜੀ ਦਾ ਕਰਤਵ ਹੈ, ਨਿਯਮ ਹੈ, ਸੁਭਾਵ ਹੈ ਕਿ ਜੋ ਉਸ ਤਕ ਪਹੁੰਚੇ, ਉਸ ਦੀ ਸ਼ਰਨ ਲਵੇ ਉਸ ਦਾ ਆਸਰਾ ਤੱਕੇ, ਉਸ ਦੀ ਰਖਸ਼ਾ ਕਰਨੀ, ਉਸ ਦੇ ਦੁਖ ਦੂਰ ਕਰਨੇ ਪਰ ਮੈਂ ਤੁਹਾਡੇ ਕੋਲੋਂ ਦਲੀਲਾਂ ਵਿਚ ਨਹੀਂ ਵਧ ਸਕਾਂਗੀ। ਸਿਰਫ ਇਹੋ ਬੇਨਤੀ ਹੈ ਕਿ ਜੇ ਰੱਬ ਜੀ ਵਾਸਤੇ ਨਹੀਂ ਅੰਮ੍ਰਿਤਸਰ ਜਾਣਾ ਚਾਹੁੰਦੇ ਤਾਂ ਮੇਰੇ ਵਾਸਤੇ ਸਹੀ; ਜਾਣਾ ਜ਼ਰੂਰ ਹੋਵੇਗਾ। ਜਿਵੇਂ ਮੈਂ ਰੱਬ ਜੀ ਨੂੰ ਆਖਿਆ ਸੀ ਕਿ ਮੇਰੇ ਵਾਸਤੇ ਮੇਰੇ ਪਤੀ ਜੀ ਨੂੰ ਰਾਜ਼ੀ ਕਰੇ, ਉਵੇਂ ਮੈਂ ਆਪਣੇ ਪਤੀ ਜੀ ਨੂੰ ਆਖਦੀ ਹਾਂ ਕਿ ਉਹ ਮੇਰੇ ਵਾਸਤੇ ਰੱਬ ਜੀ ਦੇ ਦਰਬਾਰ ਤੱਕ ਚੱਲਣ। ਮੁਮਕਿਨ ਹੈ ਮੈਂ ਰੱਬ ਜੀ ਦੀ ਤੇ ਆਪਣੀ ਪਤੀ ਦੀ ਕਦੀ ਸੁਲਾਹ ਵੀ ਕਰਾ ਸਕਾਂ।

ਪਤੀ - ਸੁਲਾਹ ਤੇ ਸਾਡੀ ਕਦੇ ਨਹੀਂ ਹੋਣੀ, ਪਰ ਤੇਰੀ ਖੁਸ਼ੀ ਵਾਸਤੇ ਜੇ ਕਹੇਂ ਤਾਂ ਜਾ ਸਕਦਾ ਹਾਂ, ਅੰਮ੍ਰਿਤਸਰ ਦੀ ਸੈਰ ਹੀ ਸਹੀ।

# ਖੁਸ਼ੀ

ਖੁਸ਼ੀ ਸਬੰਧੀ ਇਨਸਾਨ ਜਿਤਨਾ ਧੋਖੇ ਵਿਚ ਹੈ, ਉਤਨਾ ਹੋਰ ਕਿਤੇ ਘਟ ਹੀ ਹੋਣਾ ਹੈ। ਖੁਸ਼ੀ ਦਾ ਅੰਦਾਜ਼ਾ ਗ਼ਲਤ ਹੋਣ ਕਰਕੇ ਇਨਸਾਨ ਨੂੰ ਬਾਵਜੂਦ ਦਿਨ ਰਾਤ ਦੀ ਭਟਕਣਾ ਦੇ ਖੁਸ਼ੀ ਨਸੀਬ ਨਹੀਂ ਹੁੰਦੀ। ਦੁਨੀਆਂ ਵਿਚ ਖੁਸ਼ ਇਨਸਾਨ ਵਿਰਲੇ ਹੁੰਦੇ ਹਨ ਭਾਵੇਂ ਖੁਸ਼ੀ ਦਾ ਪਰਛਾਵਾਂ ਇਨਸਾਨ ਦੀ ਅੱਖ ਨੂੰ ਧੋਖਾ ਦੇਣ ਵਾਸਤੇ ਚਾਰ-ਚੁਫੇਰੇ ਵਿਆਪ ਰਿਹਾ ਹੈ।

ਅਸੀਂ ਆਮ ਤੌਰ ਤੇ ਖੁਸ਼ ਉਸ ਨੂੰ ਸਮਝਦੇ ਹਾਂ ਜੋ ਅਮੀਰ ਹੋਵੇ। ਐਸਾ ਸਮਝਣ ਵਿਚ ਅਸੀਂ ਉਸ ਆਦਮੀ ਦੀ ਜ਼ਾਹਿਰਾ ਹਾਲਤ ਤੋਂ, ਉਸ ਦੇ ਦਿਲ ਦੀ ਹਾਲਤ ਦਾ ਅੰਦਾਜ਼ਾ ਲਗਾਂਦੇ ਹਾਂ। ਜੋ ਸਖਸ਼ ਅੱਛੀ ਪੋਸ਼ਾਕ ਪਹਿਨੀ, ਵਧੀਆ ਮੋਟਰਕਾਰ ਵਿਚ ਸਾਡੇ ਕੋਲੋਂ ਲੰਘ ਜਾਵੇ, ਅਸੀਂ ਉਸ ਨੂੰ ਡਾਢਾ ਖੁਸ਼ੀ ਸਮਝਦੇ ਹਾਂ। ਸਾਨੂੰ ਇਹ ਖਿਆਲ ਤੱਕ ਨਹੀਂ ਆਉਂਦਾ ਕਿ ਮੁਮਕਿਨ ਹੈ ਉਹ ਡਾਕਟਰ ਵੱਲ ਜਾ ਰਿਹਾ ਹੋਵੇ, ਜਾਂ ਕਿਸੇ ਵਕੀਲ ਪਾਸ ਨਿਸ਼ਚਿਤ ਸਮੇਂ ਤੇ ਪੁੱਜਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਅਸੀਂ ਇਨਸਾਨ ਦੀ ਜ਼ਾਹਿਰਾ ਹਾਲਤ ਤੋਂ ਉਸ ਦੀ ਅੰਦਰਲੀ ਖੁਸ਼ੀ ਦਾ ਅੰਦਾਜ਼ਾ ਲਗਾਂਦੇ ਹਾਂ ਅਤੇ ਜਿਸ ਦੀ ਜ਼ਾਹਿਰਾ ਹਾਲਤ ਚੰਗੀ ਨਜ਼ਰ ਆਵੇ, ਉਸ ਨੂੰ ਸੱਚੀ ਮੁਚੀ ਸੁਖੀ ਸਮਝਦੇ ਹਾਂ।

ਸਾਰੀ ਦੁਨੀਆਂ ਏਸੇ ਹੀ ਗ਼ਲਤ-ਫਹਿਮੀ ਦਾ ਸ਼ਿਕਾਰ ਹੋ ਰਹੀ ਹੈ, ਜਿਸ ਦੇ ਬਾਹਰ ਦੇ ਹਾਲਾਤ ਚੰਗੇ ਦੇਖਦੀ ਹੈ, ਉਸ ਨੂੰ ਡਾਢਾ ਸੁਖੀ ਸਮਝਦੀ ਹੈ ਅਤੇ ਏਸੇ ਕਸਵੱਟੀ ਅਨੁਸਾਰ ਹਰ ਆਦਮੀ ਕੋਸ਼ਿਸ਼ ਕਰਦਾ ਹੈ ਕਿ ਜੇ ਉਸ ਦੇ ਬਾਹਰ ਦੇ ਹਾਲਾਤ ਚੰਗੇ ਹੋ ਜਾਣ ਤਾਂ ਉਹ ਬੜਾ ਸੁਖੀ ਹੋ ਜਾਵੇਗਾ, ਇਸ ਵਾਸਤੇ ਆਪਣੇ ਜਤਨਾਂ ਨੂੰ ਆਪਣੀ ਬਾਹਰ ਦੀ ਹਾਲਤ ਸੁਧਾਰਨ ਵਲ ਲਗਾਂਦਾ ਹੈ।

ਜੋ ਆਦਮੀ ਖੁਦ ਅਮੀਰ ਨਹੀਂ ਪਰ ਅਮੀਰੀ ਨੂੰ ਖੁਸ਼ੀ ਵਾਸਤੇ ਜ਼ਰੂਰੀ ਸਮਝਦਾ ਹੈ, ਉਸ ਨੂੰ ਆਪਣੇ ਜਤਨਾਂ ਦਾ ਰੁਖ ਅਮੀਰ ਬਣਨ ਵਲ ਲਗਾਣ ਤੋਂ ਪਹਿਲਾਂ ਇਹ ਦੇਖਣਾ ਬੜਾ ਜ਼ਰੂਰੀ ਹੈ ਕਿ ਜੋ ਅਮੀਰ ਦਿਸਦੇ ਹਨ, ਆਇਆ ਉਹ ਸੱਚੇ ਅਰਥਾਂ ਵਿਚ ਖੁਸ਼ੀ ਹਨ ਵੀ ਕਿ ਨਹੀਂ? ਅਤੇ





ਜੇ ਉਸ ਦੀ ਪੁਛ-ਪੜਤਾਲ ਦਾ ਨਤੀਜਾ 'ਨਹੀਂ' ਨਿਕਲੇ ਤਾਂ ਉਸ ਨੂੰ 'ਅਮੀਰ' ਬਣਨ ਦੀ ਬਜਾਏ ਆਪਣਾ ਸਮਾਂ 'ਖੁਸ਼ੀ' ਜਾਂ ਸੁਖੀ ਬਣਨ ਵਲ ਲਗਾਣਾ ਚਾਹੀਦਾ ਹੈ।

ਆਮ ਤੌਰ ਤੇ ਮੇਰੇ ਮਿੱਤਰ, ਦੋਸਤ, ਰਿਸ਼ਤੇਦਾਰ ਅਮੀਰ ਹਨ ਅਤੇ ਮੈਂ ਉਨ੍ਹਾਂ ਦੀ ਜ਼ਿੰਦਗੀ ਨੂੰ ਗੌਰ ਨਾਲ ਦੇਖਣ ਮਗਰੋਂ ਇਸ ਨਤੀਜੇ ਤੇ ਪੁੱਜਿਆ ਹਾਂ ਕਿ ਅਮੀਰੀ ਅਤੇ ਖੁਸ਼ੀ ਇਕੋ ਚੀਜ਼ ਦੇ ਨਾਮ ਨਹੀਂ, ਸਗੋਂ ਇਹ ਬਿਲਕੁਲ ਦੋ ਵੱਖ-ਵੱਖਰੀਆਂ ਚੀਜ਼ਾਂ ਹਨ ਅਤੇ ਜੋ ਇਨ੍ਹਾਂ ਦੋਹਾਂ ਨੂੰ ਇਕ ਚੀਜ਼ ਸਮਝਦਾ ਹੈ ਉਹ ਡਾਢੇ ਭੁਲੇਖੇ ਵਿਚ ਹੈ।

ਇਹ ਤੇ ਹੋ ਸਕਦਾ ਹੈ ਕਿ ਕਿਤੇ ਕਿਤੇ ਕੋਈ ਖੁਸ਼ ਆਦਮੀ ਅਮੀਰ ਵੀ ਹੋਵੇ, ਪਰ ਖੁਸ਼ੀ ਵਾਸਤੇ ਅਮੀਰੀ ਦੀ ਸ਼ਰਤ ਹਰਗਿਜ਼ ਨਹੀਂ। ਸੋਚਣ ਨਾਲ ਪਤਾ ਲਗੇਗਾ ਕਿ 'ਖੁਸ਼ੀ' ਇਕ ਮਨ ਦੀ ਅਵਸਥਾ ਹੈ, ਮਨ ਦੀ ਇਕ ਦਸ਼ਾ ਜਾਂ ਸੋਚਣੀ ਹੈ, ਜੋ ਇਨਸਾਨ ਦੇ ਬਾਹਰ ਦੇ ਹਾਲਾਤ ਉਤੇ ਨਿਰਭਰ ਨਹੀਂ। ਗ਼ਰੀਬ ਉਤੇ ਵੀ ਇਹ ਸੋਚਣੀ ਆ ਸਕਦਾ ਹੈ, ਅਮੀਰ ਤੇ ਵੀ ਆ ਸਕਦਾ ਹੈ। ਮੈਂ ਇਕ ਵਾਰੀ ਲਾਹੌਰ ਦਿੱਲੀ ਦਰਵਾਜ਼ੇ ਕੋਲੋਂ ਲੰਘ ਰਿਹਾ ਸੀ, ਚੌਰਸਤੇ ਉਤੇ ਸਿਪਾਹੀ ਨੇ ਹੱਥ ਦੇ ਕੇ ਸੜਕ ਬੰਦ ਕੀਤੀ ਹੋਈ ਸੀ ਅਤੇ ਟਰੈਫ਼ਿਕ ਰੁਕੀ ਪਈ ਸੀ। ਇਕ ਗੰਦਗੀ ਦੇ ਗੱਡੇ ਉਤੇ ਇਕ ਮੁੰਡਾ ਬੈਠਾ ਸੀ, ਜਿਸ ਨੂੰ ਸੜਕ ਬੰਦ ਹੋਣ ਦਾ ਆਲੇ-ਦੁਆਲੇ ਟਾਂਗੇ, ਗੱਡੀਆਂ ਮੋਟਰਾਂ ਦੇ ਖੜ੍ਹੇ ਹੋਣ ਦਾ ਉਕਾ ਖਿਆਲ ਨਹੀਂ ਸੀ ਅਤੇ ਆਪਣੀ ਧੁਨੀ ਵਿਚ ਮਸਤ ਉਚੀ ਉਚੀ ਗਾ ਰਿਹਾ ਸੀ –

*ਤੇਰੇ ਦੰਦ ਮੋਤੀਆਂ ਦੇ ਦਾਣੇ,*
*ਹਸਦੀ ਦੇ ਕਿਰ ਜਾਣਗੇ। ਬਲੀਏ......*

ਉਸ ਮੁੰਡੇ ਦੇ ਬੇਫ਼ਿਕਰ ਮਨ ਤੋਂ ਨਿਕਲੀ ਆਵਾਜ਼ ਆਲੇ-ਦੁਆਲੇ ਸਾਰਿਆਂ ਨੂੰ ਖੁਸ਼ੀ ਦਾ ਪ੍ਰਸ਼ਾਦ ਵੰਡ ਰਹੀ ਸੀ। ਮੋਟਰ ਵਿਚ ਬੈਠਿਆਂ ਅਮੀਰਾਂ ਅਤੇ ਇਸ ਮੁੰਡ (ਸੋਚਣੀ) ਦੇ ਮਨ ਦੀ ਅਵਸਥਾ ਵਿਚ ਖੁਸ਼ੀ ਦੇ ਲਿਹਾਜ਼ ਨਾਲ ਦਿਨ ਰਾਤ ਦਾ ਫ਼ਰਕ ਸੀ।

ਅਗਰ ਇਨਸਾਨ ਕੋਲੋਂ ਸਾਫ਼-ਸਾਫ਼ ਪੁਛਿਆ ਜਾਵੇ ਕਿ ਤੂੰ ਅਮੀਰੀ ਚਾਹੁੰਦਾ ਹੈਂ ਕਿ ਖੁਸ਼ੀ? ਤਾਂ ਉਹ ਜ਼ਰੂਰ ਆਖੇਗਾ ਕਿ ਖੁਸ਼ੀ, ਪਰ ਉਸ ਨੂੰ ਬਚਪਨ ਤੋਂ ਹੀ ਦੱਸਿਆ ਜਾਂਦਾ ਹੈ ਕਿ ਖੁਸ਼ੀ ਅਮੀਰੀ ਵਿਚ ਹੈ, ਇਸ

ਵਾਸਤੇ ਉਹ ਸਾਰੀ ਉਮਰ ਖੁਸ਼ੀ ਨੂੰ ਅਮੀਰੀ ਵਿਚ ਭਾਲਣ ਦੀ ਕੋਸ਼ਿਸ਼ ਕਰਦਾ ਹੈ ਅਤੇ ਕਿਉਂਕਿ ਖੁਸ਼ੀ ਤੇ ਅਮੀਰੀ ਦਾ ਆਪਸ ਵਿਚ ਕੋਈ ਸਬੰਧ ਨਹੀਂ, ਆਖਰ ਨਿਰਾਸ਼ ਹੁੰਦਾ ਹੈ।

ਜੋ ਅਮੀਰ ਹਨ ਉਨ੍ਹਾਂ ਨੂੰ ਵੀ ਅਤੇ ਜੋ ਗ਼ਰੀਬ ਹਨ ਉਨ੍ਹਾਂ ਨੂੰ ਵੀ ਸੱਚੀ ਤੇ ਨਿਰੋਲ ਖੁਸ਼ੀ ਦੀ ਭਾਲ ਕਰਨੀ ਚਾਹੀਦੀ ਹੈ ਜੋ ਕਿ ਬਾਹਰ ਦੇ ਹਾਲਾਤ ਨਾਲ ਕੋਈ ਸਬੰਧ ਨਹੀਂ ਰਖਦੀ, ਸਗੋਂ ਮਨ ਦੀ ਇਕ ਅਵਸਥਾ ਹੈ ਜੋ ਕਿ ਇਨਸਾਨ ਦੇ ਆਪਣੇ ਅੰਦਰੋਂ ਉਪਜੀ ਹੈ।

*ਵਡੇ ਵਡੇ ਜੋ ਦੀਸਹਿ ਲੋਗ॥*
*ਤਿਨ ਕਉ ਬਿਆਪੈ ਚਿੰਤਾ ਰੋਗ॥* ਪੰਨਾ - 188

ਖੁਸ਼ ਰਹਿਣਾ ਆਤਮਾ ਦਾ ਜਮਾਂਦਰੂ ਸੁਭਾਅ ਹੈ। ਜਿਵੇਂ ਪਾਣੀ ਆਪਣੇ ਅਸਲੀ ਸੁਭਾਅ ਵਿਚ ਸੀਤਲ ਹੈ ਪਰ ਜੇ ਇਸ ਨੂੰ ਧੁੱਪ ਜਾਂ ਅੱਗ ਤੇ ਰੱਖ ਛੱਡੀਏ ਤਾਂ ਗਰਮ ਹੋ ਜਾਂਦਾ ਹੈ, ਇਸੇ ਤਰ੍ਹਾਂ ਇਨਸਾਨ ਦੀ ਆਤਮਾ ਆਪਣੇ ਅਸਲੀ ਰੂਪ ਵਿਚ ਪ੍ਰਸੰਨ ਹੈ, ਸੀਤਲ ਤੇ ਖੁਸ਼ ਹੈ ਪਰ ਫ਼ਿਕਰ, ਚਿੰਤਾ, ਡਰ, ਤੁਅੱਸਬ ਤੇ ਅਗਿਆਨਤਾ ਦੀ ਅੱਗ ਇਸ ਨੂੰ ਆਪਣੇ ਅਸਲ ਸਰੂਪ ਦੇ ਉਲਟ ਦੁਖੀ, ਪਰੇਸ਼ਾਨ ਤੇ ਅਸੰਤੁਸ਼ਟ ਬਣਾ ਦੇਂਦੀ ਹੈ। ਗਰਮ ਪਾਣੀ ਨੂੰ ਜਦ ਅੱਗ ਤੋਂ ਪਰ੍ਹੇ ਕਰਕੇ ਕੁਝ ਚਿਰ ਲਈ ਰੱਖਿਆ ਜਾਵੇ ਤਦ ਉਹ ਖੁਦ-ਬ-ਖੁਦ ਆਪਣੇ ਅਸਲੇ ਅਨੁਸਾਰ ਠੰਡਾ ਹੋ ਜਾਂਦਾ ਹੈ। ਏਸੇ ਤਰ੍ਹਾਂ ਆਤਮਾ ਨੂੰ ਜਦ ਫ਼ਿਕਰ, ਚਿੰਤਾ, ਡਰ, ਤੁਅੱਸਬ ਆਦਿ ਤੋਂ ਨਖੇੜ ਕੇ ਕੁਝ ਮੌਕਾ ਆਪਣੇ ਆਪ ਵਿਚ ਠਹਿਰਣ ਦਾ ਦਿਤਾ ਜਾਵੇ ਤਾਂ ਇਹ ਵੀ ਆਪਣੇ ਅਸਲ ਸੁਭਾਉ ਅਨੁਸਾਰ ਸੀਤਲ ਤੇ ਪ੍ਰਸੰਨ ਹੋ ਜਾਂਦੀ ਹੈ।

ਮਜ਼ਹਬ ਦੀ ਖੋਜ ਨੇ ਇਨਸਾਨ ਵਾਸਤੇ ਐਸੇ ਤਰੀਕੇ ਤੇ ਗੁਰ ਲੱਭੇ ਹਨ, ਜਿਨ੍ਹਾਂ ਦੀ ਵਰਤੋਂ ਨਾਲ ਇਨਸਾਨ ਆਪਣੀ ਆਤਮਾ ਨੂੰ ਬਾਹਰ ਦੇ ਬੁਰੇ ਅਸਰਾਂ ਤੋਂ ਅਲਹਿਦਾ ਰੱਖ ਕੇ ਆਪਣੀ ਅੰਦਰਲੀ ਖੁਸ਼ੀ ਨੂੰ ਸਦਾ ਮਾਣ ਸਕਦਾ ਹੈ। ਇਨ੍ਹਾਂ ਤਰੀਕਿਆਂ ਦਾ ਸਰਦਾਰ ਤਰੀਕਾ ਸਿਮਰਨ ਅਭਿਆਸ ਹੈ, ਜਿਸ ਦੁਆਲੇ ਆਪਣੀ ਆਤਮਾ ਨੂੰ, ਬਾਹਰ ਮੁਖੀ ਇੰਦਰਿਆਂ ਤੋਂ ਮੋੜ ਕੇ ਆਪਣੇ ਅਸਲੇ ਨਾਲ ਅਭੇਦ ਕਰ ਸਕਦਾ ਹੈ।





# ਭਾਵੇਂ ਰੱਬ ਦਿਸਦਾ ਨਹੀਂ, ਪਰ ਉਹ ਹੈ

ਰੱਬ ਸਬੰਧੀ ਵੱਡਾ ਭੁਲੇਖਾ ਜੋ ਆਮ ਆਦਮੀਆਂ ਨੂੰ ਲਗਦਾ ਹੈ ਉਹ ਇਹ ਹੈ ਕਿ ਰੱਬ ਦਿਸਦਾ ਨਹੀਂ ਅਤੇ ਇਸ ਦੇ ਨਾ ਦਿਸਣ ਕਰਕੇ ਆਮ ਆਦਮੀਆਂ ਨੂੰ ਇਸ ਦੀ ਹਸਤੀ ਸਬੰਧੀ ਵੀ ਸ਼ੱਕ ਪੈ ਜਾਂਦਾ ਹੈ।

ਸਾਡੀਆਂ ਅਰਦਾਸਾਂ ਏਸੇ ਲਈ ਆਮ ਤੌਰ ਤੇ ਪੂਰੀਆਂ ਨਹੀਂ ਹੁੰਦੀਆਂ ਕਿ ਜਿਸ ਰੱਬ ਅੱਗੇ ਅਸੀਂ ਅਰਦਾਸ ਕਰਦੇ ਹਾਂ ਉਸ ਸਬੰਧੀ ਦਿਲ ਵਿਚ ਸ਼ੱਕ ਰਖਦੇ ਹਾਂ ਕਿ ਖਬਰੇ ਉਹ ਹੈ ਵੀ ਕਿ ਨਹੀਂ। ਜੋ ਮਿੱਤਰ, ਉਤੋਂ ਰੱਬ ਦੀ ਹੋਂਦ ਵਿਚ ਯਕੀਨ ਰਖਦੇ ਹਨ, ਉਨ੍ਹਾਂ ਵਿਚੋਂ ਵੀ ਬਹੁਤੇ ਰੱਬ ਦੀ ਹਸਤੀ ਤੇ ਸ਼ੱਕ ਕਰਦੇ ਹਨ। ਬਹੁਤੇ ਲੋਕ ਏਸ ਵਾਸਤੇ ਆਖਦੇ ਹਨ ਕਿ ਰੱਬ ਹੈ, ਕਿ ਉਨ੍ਹਾਂ ਦੇ ਮਾਤਾ ਪਿਤਾ ਜਾਂ ਧਰਮ ਆਖਦਾ ਹੈ ਕਿ ਰੱਬ ਹੈ। ਜਦ ਉਨ੍ਹਾਂ ਨੂੰ ਸਵਾਲ ਕੀਤਾ ਜਾਵੇ ਕਿ ਉਨ੍ਹਾਂ ਦਾ ਆਪਣਾ ਸੱਚਾ ਖਿਆਲ ਰੱਬ ਸਬੰਧੀ ਕੀ ਹੈ? ਤਾਂ ਬੜੀ ਹੈਰਾਨੀ ਨਾਲ ਤੱਕਦੇ ਤੇ ਭੰਬਲਭੂਸੇ ਖਾਂਦੇ ਹਨ। ਸਾਡਾ ਆਪਣਾ ਅੰਦਾਜ਼ਾ ਤਾਂ ਇਹ ਹੈ ਕਿ ਰੱਬ ਨੂੰ ਮੰਨਣ ਵਾਲੇ ਲੋਕਾਂ ਦੀ ਬਹੁ-ਗਿਣਤੀ ਰੱਬ ਨੂੰ ਸੱਚੇ ਹਿਰਦੇ ਨਾਲ ਨਹੀਂ ਮੰਨਦੀ ਅਤੇ ਉਤੋਂ ਉਤੋਂ ਜ਼ਾਹਿਰਾ ਤੌਰ ਤੇ ਰੱਬ-ਰੱਬ ਆਖਦੀ ਹੈ। ਰੱਬ ਵਿਚ ਬੇਯਕੀਨੀ ਦਾ ਵੱਡਾ ਕਾਰਨ ਇਹੀ ਹੈ ਕਿ ਉਹ ਪ੍ਰਤੱਖ ਤੌਰ ਤੇ ਸਾਡੀ ਅੱਖ ਨੂੰ ਨਹੀਂ ਦਿਸਦਾ, ਪਰ ਇਸ ਮੁਸ਼ਕਿਲ ਕਰਕੇ ਕੀ ਸਾਨੂੰ ਨਿਰਾਸ (Pessimistic) ਹੋ ਜਾਣਾ ਚਾਹੀਦਾ ਹੈ? ਹਰਗਿਜ਼ ਨਹੀਂ। ਰੱਬ ਦਾ ਸਾਡੀ ਮਾਦੀ (Material) ਅੱਖ ਨੂੰ ਨਾ ਦਿਸਣਾ ਬਹਾਦਰ ਖੋਜੀ ਦੇ ਦਿਲ ਵਿਚ ਉਸ ਨੂੰ ਲੱਭਣ ਜਾਂ ਖੋਜਣ ਦਾ ਉਤਸ਼ਾਹ ਪੈਦਾ ਕਰਦਾ ਹੈ। ਜੇ ਰੱਬ ਦਰਖਤਾਂ ਜਾਂ ਪੱਥਰਾਂ ਵਾਂਗਰ ਸਾਨੂੰ ਦਿਸਣ ਹੀ ਲੱਗ ਪੈਂਦਾ ਤਾਂ ਉਸ ਦੀ ਕੀਮਤ ਤੇ ਕਦਰ ਵੀ ਲੱਕੜੀ ਜਾਂ ਪੱਥਰ ਤੋਂ ਵੱਧ ਨਾ ਹੁੰਦੀ।

ਸੰਸਾਰ ਵਿਚ ਬਹੁਤ ਸਾਰੀਆਂ ਐਸੀਆਂ ਚੀਜ਼ਾਂ ਹਨ ਜੋ ਦਿਸਦੀਆਂ ਨਹੀਂ ਪਰ ਮੌਜੂਦ ਹਨ। ਕੀ ਕੋਈ ਬਿਜਲੀ ਦੀ ਹਸਤੀ ਤੋਂ ਇਨਕਾਰ ਕਰ ਸਕਦਾ ਹੈ? ਪਰ ਉਹ ਕਦੀ ਕਿਸੇ ਨੂੰ ਦਿਸੀ ਨਹੀਂ। ਇਹ ਜੋ ਚਾਨਣ ਹੁੰਦਾ ਹੈ ਕੀ ਇਹ ਬਿਜਲੀ ਨਹੀਂ? ਇਹ ਜਮਾਂ ਤੇ ਨਫੀ ਬਿਜਲੀ ਦੇ ਮੇਲ ਦਾ ਨਤੀਜਾ ਹੈ। ਹਜ਼ਾਰਾਂ ਮਣਾਂ ਦੇ ਲੋਹੇ ਨੂੰ ਬਿਜਲੀ ਗੇਂਦ ਵਾਂਗਰ

ਆਸਾਨੀ ਨਾਲ ਹਿਲਾ-ਜੁਲਾ ਸਕਦੀ ਹੈ ਪਰ ਆਪ ਕਦੀ ਕਿਸੇ ਨੂੰ ਨਾ ਦਿਸੀ ਹੈ ਨਾ ਦਿਸ ਸਕਦੀ ਹੈ।

ਕਾਨੂੰਨੇ-ਕਸ਼ਸ਼ (Law of gravitation) ਇਕ ਬੜੀ ਭਾਰੀ ਮੰਨੀ-ਪ੍ਰਮੰਨੀ ਤਾਕਤ ਹੈ ਜਿਸ ਦੇ ਆਸਰੇ ਤੇ ਸਿਤਾਰੇ ਆਪੋ ਆਪਣੀ ਜਗ੍ਹਾ ਤੇ ਖੜ੍ਹੇ ਹਨ, ਪਰ ਇਸ ਕਸ਼ਸ਼ (Gravitation) ਨੂੰ ਕੋਈ ਅੱਖ ਵੇਖ ਨਹੀਂ ਸਕਦੀ।

ਸਾਇੰਸ ਨੇ ਇਹ ਬਾਤ ਸਿੱਧ ਕੀਤੀ ਹੈ ਕਿ ਦੁਨੀਆਂ ਵਿਚ ਦੋ ਚੀਜ਼ਾਂ ਹਨ। ਇਕ ਤਾਂ ਮਾਦਾ (Matter) ਦੂਜੀ ਸ਼ਕਤੀ (Energy)। ਇਸ ਮਾਦੇ ਨੂੰ ਸ਼ਕਤੀ ਹਰ ਵੇਲੇ ਹਿਲਾਂਦੀ-ਜੁਲਾਂਦੀ ਤੇ ਰੂਪ ਰੰਗ ਦੇਂਦੀ ਰਹਿੰਦੀ ਹੈ। ਮਾਦੇ ਵਿਚ ਸਭ ਤਬਦੀਲੀਆਂ ਸ਼ਕਤੀ ਦੇ ਕਾਰਨ ਪੈਦਾ ਹੁੰਦੀਆਂ ਹਨ। ਭਾਵੇਂ ਇਹ ਸ਼ਕਤੀ ਦਿਸਦੀ ਨਹੀਂ ਪਰ ਇਸ ਦੀ ਹਸਤੀ ਨੂੰ ਹਰ ਸਾਇੰਸਦਾਨ ਮੰਨਦਾ ਹੈ ਅਤੇ ਇਹ ਵੀ ਜਾਣਦਾ ਹੈ ਕਿ ਇਸ ਸ਼ਕਤੀ ਤੋਂ ਬਗੈਰ ਸੰਸਾਰ ਇਕ ਮਿੰਟ ਕਾਇਮ ਨਹੀਂ ਰਹਿ ਸਕਦਾ।

ਇਨਸਾਨ ਨੂੰ ਕਾਇਮ ਰੱਖਣ ਵਾਸਤੇ ਸਭ ਤੋਂ ਜ਼ਰੂਰੀ ਚੀਜ਼ ਹਵਾ ਹੈ। ਹਵਾ ਬਗੈਰ ਇਨਸਾਨ ਇਕ ਘੜੀ ਨਹੀਂ ਜਿਉਂ ਸਕਦਾ, ਪਰ ਹਵਾ ਵੀ ਦਿਸਦੀ ਨਹੀਂ। ਕੀ ਇਹ ਕੋਈ ਕਹਿ ਸਕਦਾ ਹੈ ਕਿ ਹਵਾ ਨਹੀਂ ਹੋ ਸਕਦੀ, ਕਿਉਂਕਿ ਇਹ ਦਿਸਦੀ ਨਹੀਂ?

ਕਈ ਐਸੀਆਂ ਚੀਜ਼ਾਂ ਹਨ ਜੋ ਇਨਸਾਨ ਦੀ ਅੱਖ ਨੂੰ ਦੂਰਬੀਨ ਲਾਇਆਂ ਤਾਂ ਦਿਸ ਪੈਂਦੀਆਂ ਹਨ, ਪਰ ਉਂਜ ਨਹੀਂ ਦਿਸਦੀਆਂ, ਜਿਵੇਂ ਹਵਾ ਤੇ ਪਾਣੀ ਵਿਚ ਕੀੜੇ। ਇਹ ਕੀੜੇ ਸਾਡੀ ਅੱਖ ਨੂੰ ਐਵੇਂ ਨਹੀਂ ਦਿਸਦੇ ਪਰ ਦੂਰਬੀਨ ਨਾਲ ਦਿਸ ਪੈਂਦੇ ਹਨ। ਏਸੇ ਤਰ੍ਹਾਂ ਦੂਰਬੀਨ ਲਾਇਆਂ ਸਾਡੀਆਂ ਅੱਖਾਂ ਨੂੰ ਅਨੇਕਾਂ ਨਵੇਂ ਸਿਤਾਰੇ ਦਿਸ ਪੈਂਦੇ ਹਨ ਜੋ ਐਵੇਂ ਨਹੀਂ ਦਿਸਦੇ।

ਅਨੇਕਾਂ ਚੀਜ਼ਾਂ ਐਸੀਆਂ ਹਨ ਜਿਨ੍ਹਾਂ ਦੀ ਹੋਂਦ ਤੇ ਸ਼ਕਤੀ ਦਾ ਇਨਸਾਨ ਕਾਇਲ ਹੈ, ਪਰ ਉਹ ਦੂਰਬੀਨ ਨਾਲ ਵੀ ਨਹੀਂ ਦਿਸ ਸਕਦੀਆਂ, ਜਿਵੇਂ ਬਿਜਲੀ।

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀ ਸ਼ਕਲ ਕਦੀ ਕਿਸੇ ਨੇ ਨਹੀਂ ਦੇਖੀ, ਪਰ ਇਨ੍ਹਾਂ ਦੀ ਹਸਤੀ ਤੋਂ ਕੌਣ ਹੈ ਜੋ ਇਨਕਾਰ ਕਰ ਸਕੇ? ਕੌਣ ਹੈ ਜਿਸ ਨੇ ਕਦੀ ਨਾ ਕਦੀ ਇਨ੍ਹਾਂ ਮਹਾਂ ਸ਼ਕਤੀਆਂ ਦੀ ਗੁਲਾਮੀ ਨਾ ਕੀਤੀ ਹੋਵੇ? ਇਨ੍ਹਾਂ ਦਾ ਪਾਣੀ ਨਾ ਭਰਿਆ ਹੋਵੇ? ਇਹ ਉਹ ਸ਼ਕਤੀਆਂ





ਹਨ ਜੋ ਕੌਮਾਂ ਦੀਆਂ ਕੌਮਾਂ ਨੂੰ ਆਪਣੀਆਂ ਉਂਗਲੀਆਂ ਤੇ ਨਚਾਂਦੀਆਂ ਰਹਿੰਦੀਆਂ ਹਨ ਪਰ ਕਦੀ ਕਿਸੇ ਨੂੰ ਦਿਸਦੀਆਂ ਨਹੀਂ। ਅਸੀਂ ਗੁੱਸੇ ਜਾਂ ਕਾਮ ਦੀ ਹਸਤੀ ਨੂੰ ਮਹਿਸੂਸ ਤਾਂ ਕਰ ਸਕਦੇ ਹਾਂ ਪਰ ਇਸ ਨੂੰ ਦੇਖ ਨਹੀਂ ਸਕਦੇ, ਇਸ ਦੀ ਸ਼ਕਲ ਨਹੀਂ ਦੱਸ ਸਕਦੇ।

ਇਸ ਲੇਖ ਦਾ ਭਾਵ, ਮਾਨਯੋਗ ਪਾਠਕਾਂ ਦੇ ਚਰਨਾਂ ਵਿਚ ਇਹ ਬੇਨਤੀ ਕਰਨੀ ਹੈ ਕਿ ਰੱਬ ਦੀ ਹੋਂਦ ਵਾਸਤੇ ਜ਼ਰੂਰੀ ਨਹੀਂ ਕਿ ਉਹ ਦਿਸੇ। ਦੁਨੀਆਂ ਵਿਚ ਜਿਉਂ ਜਿਉਂ ਚੀਜ਼ਾਂ ਸੂਖਸ਼ਮ ਹੁੰਦੀਆਂ ਜਾਂਦੀਆਂ ਹਨ ਤਿਉਂ-ਤਿਉਂ ਉਹ ਦਿਸਣੋਂ ਰਹਿੰਦੀਆਂ ਜਾਂਦੀਆਂ ਹਨ। ਬਹੁਤ ਸੂਖਸ਼ਮ ਚੀਜ਼ਾਂ ਦਿਸਦੀਆਂ ਨਹੀਂ। ਕਈ ਚੀਜ਼ਾਂ ਤਾਂ ਆਦਿ ਜੁਗਾਦ ਤੋਂ ਨਹੀਂ ਦਿਸੀਆਂ ਪਰ ਉਨ੍ਹਾਂ ਦੀ ਹਸਤੀ ਹੈ ਤੇ ਇਨਸਾਨ ਉਨ੍ਹਾਂ ਦੀ ਹਸਤੀ ਨੂੰ ਸ਼ੁਰੂ ਤੋਂ ਹੀ ਮੰਨਦਾ ਆਇਆ ਹੈ।

ਸੂਖਸ਼ਮ ਚੀਜ਼ਾਂ ਦਾ ਨਾ ਦਿਸਣਾ ਕਸੂਰ ਨਹੀਂ, ਇਨਸਾਨ ਦੀ ਅੱਖ ਦਾ ਕਸੂਰ ਹੈ ਕਿ ਉਹ ਇਕ ਖਾਸ ਹੱਦ ਤੋਂ ਪਰ੍ਹੇ ਨਹੀਂ ਦੇਖ ਸਕਦੀ।

ਪਰ ਇਨਸਾਨ ਖੋਜੀ ਹੈ, ਉਹ ਆਪਣੀਆਂ ਮੁਸ਼ਕਲਾਂ ਤੇ ਫਤਹਿ ਹਾਸਲ ਕਰਨੀ ਆਪਣਾ ਵੱਡਾ ਸ਼ੁਗਲ ਸਮਝਦਾ ਹੈ। ਉਸ ਨੇ ਬਾਹਰ ਦੀ ਦੁਨੀਆਂ ਅਤੇ ਅੰਦਰਲੀ ਦੁਨੀਆਂ ਦੋਹਾਂ ਨੂੰ ਦੇਖਣ ਵਾਸਤੇ ਆਪਣੀ ਅੱਖ ਦੀ ਸਹਾਇਤਾ ਲਈ ਕਾਢਾਂ ਕੱਢੀਆਂ ਹਨ। ਬਾਹਰਲੀ ਦੁਨੀਆਂ (Material world) ਦੇਖਣ ਵਾਸਤੇ ਇਨਸਾਨ ਨੇ ਦੂਰਬੀਨ ਈਜਾਦ ਕੀਤੀ ਹੈ, ਜਿਸ ਦੀ ਮਦਦ ਨਾਲ ਉਹ ਅੱਖ ਨੂੰ ਐਵੇਂ ਨਾ ਦਿੱਸਣ ਵਾਲੀਆਂ ਚੀਜ਼ਾਂ ਵੀ ਵਿਖਾ ਲੈਂਦਾ ਹੈ। ਏਸੇ ਤਰ੍ਹਾਂ ਅੰਦਰਲੀ ਦੁਨੀਆਂ (Spiritual world) ਦੇ ਦੇਖਣ ਵਾਸਤੇ ਇਨਸਾਨ ਨੇ 'ਅਨੁਭਵ ਦੇ ਨੇਤਰ' ਇਕ ਛੇਵੇਂ ਇੰਦਰੇ (Sixth Sense) ਦੀ ਕਾਢ ਕੱਢੀ ਹੈ। 'ਅਨੁਭਵ ਦੇ ਨੇਤਰ' ਜਿਨ੍ਹਾਂ ਨਾਲ ਇਨਸਾਨ ਆਤਮਕ ਮੰਡਲਾਂ ਨੂੰ ਦੇਖ ਸਕਦਾ ਹੈ, ਅਭਿਆਸ ਨਾਲ ਖੁਲ੍ਹਦੇ ਹਨ। ਜਦ ਇਹ ਨੇਤਰ ਖੁਲ੍ਹ ਜਾਣ ਫੇਰ ਏਹੀਓ ਇਨਸਾਨ ਰੱਬ ਜੀ ਨੂੰ ਮੁਖਾਤਬ ਕਰਕੇ ਆਖਣ ਲੱਗ ਜਾਂਦਾ ਹੈ -

*ਵਾਰਿਆ ਨ ਜਾਵਾ ਏਕ ਵਾਰ॥*
*ਜੋ ਤੁਧੁ ਭਾਵੈ ਸਾਈ ਭਲੀ ਕਾਰ॥*
*ਤੂ ਸਦਾ ਸਲਾਮਤਿ ਨਿਰੰਕਾਰ॥* *ਪੰਨਾ - 4*

# ਨੀਂਦਰ

ਜੋ ਜਾਨਦਾਰ ਚੀਜ਼ ਹੈ, ਉਹ ਸਭ ਕੁਝ ਚਿਰ ਜਾਗਦੀ ਤੇ ਕੁਝ ਚਿਰ ਸੌਂਦੀ ਹੈ। ਇਨਸਾਨ ਸਾਰੇ ਦਿਨ ਦੀ ਥਕਾਵਟ ਸੌਂ ਕੇ ਉਤਾਰਦਾ ਹੈ। ਕਿਹਾ ਜਾਂਦਾ ਹੈ ਕਿ ਦਰਖਤ ਵੀ ਰਾਤ ਨੂੰ ਆਰਾਮ ਕਰਦੇ ਹਨ।

ਇਸ ਲੇਖ ਵਿਚ ਅਸੀਂ ਪਾਠਕਾਂ ਦੇ ਸਾਮ੍ਹਣੇ ਇਹ ਵਿਚਾਰ ਪੇਸ਼ ਕਰਨੀ ਚਾਹੁੰਦੇ ਹਾਂ ਕਿ ਸੌਣ ਦਾ ਕੰਮ (The phenomina of sleep) ਦਰਅਸਲ ਹੈ ਕੀ? ਜਦ ਅਸੀਂ ਸੌਂ ਜਾਂਦੇ ਹਾਂ, ਸਾਨੂੰ ਕੀ ਹੋ ਜਾਂਦਾ ਹੈ? ਅਸੀਂ ਉਸ ਵੇਲੇ ਅਧਮੋਈ ਹਾਲਤ ਵਿਚ ਜੋ ਹੋ ਜਾਂਦੇ ਹਾਂ, ਇਹ ਕਿਉਂ ਹੁੰਦਾ ਹੈ? ਸੌਂ ਕੇ ਉਠਣ ਨਾਲ ਜੋ ਸਾਡੀ ਥਕਾਵਟ ਲਹਿ ਜਾਂਦੀ ਹੈ, ਸਾਡੀਆਂ ਨਾੜੀਆਂ (Nervous system) ਸ਼ਕਤੀਵਾਨ ਹੋ ਜਾਂਦੀਆਂ ਹਨ, ਸਾਡਾ ਬਦਨ ਹਲਕਾ ਤੇ ਜੀਵਨ ਦੇ ਫਰਜ਼ ਨਿਭਾਣ ਦੇ ਕਾਬਲ ਹੋ ਜਾਂਦਾ ਹੈ, ਇਹ ਇੰਜ ਕਿਉਂ ਹੁੰਦਾ ਹੈ? ਇਹ ਤਾਕਤ ਤਰੋਤਾਜ਼ਗੀ, ਇਹ ਨਵਾਂ-ਪਨ ਕਿਉਂ ਤੇ ਕਿਥੋਂ ਆ ਜਾਂਦਾ ਹੈ?

ਭਾਵੇਂ ਆਦਮੀ ਕਿਤਨਾ ਦੁਖੀ ਹੋਵੇ, ਕਿਤਨੇ ਫ਼ਿਕਰ ਚਿੰਤਾ ਵਿਚ ਹੋਵੇ, ਕਿਤਨਾ ਬੀਮਾਰ ਤੇ ਪੀੜ ਨਾਲ ਹਾਏ-ਹਾਏ ਕਰਦਾ ਹੋਵੇ, ਸੌਂ ਜਾਣ ਨਾਲ ਸਭ ਦੁਖ, ਤਕਲੀਫ, ਬੀਮਾਰੀ ਤੇ ਚਿੰਤਾ ਭੁੱਲ ਜਾਂਦੇ ਹਨ। ਸੌਣ ਦੀ ਹਾਲਤ ਵਿਚ ਜਾਣ ਨਾਲ ਇਹ ਦੁਖ, ਪੀੜ, ਚਿੰਤਾ ਫ਼ਿਕਰ ਕਿਥੇ ਚਲੇ ਜਾਂਦੇ ਹਨ ਅਤੇ ਇਨ੍ਹਾਂ ਦੀ ਜਗ੍ਹਾ ਸ਼ਾਂਤੀ ਤੇ ਅਨੰਦ ਕਿਥੋਂ ਆ ਜਾਂਦੇ ਹਨ?

ਪੰਜਾਬੀ ਵਿਚ ਇਕ ਕਹਾਵਤ ਹੈ ਕਿ ਸੁੱਤੇ ਤੇ ਮੋਏ ਵਿਚ ਕੋਈ ਫ਼ਰਕ ਨਹੀਂ ਹੁੰਦਾ। ਇਹ ਗੱਲ ਕਿਸੇ ਹੱਦ ਤੱਕ ਠੀਕ ਹੈ। ਸੁੱਤੇ ਆਦਮੀ ਨੂੰ ਦੁਨੀਆਂ ਦੀ, ਦੁਨੀਆਂ ਨਾਲ ਆਪਣੇ ਸਬੰਧ ਦੀ ਅਤੇ ਇਸ ਸਬੰਧ ਤੋਂ ਪੈਦਾ ਹੋਏ ਸੁਖ-ਦੁਖ ਦੀ ਕੋਈ ਖਬਰ ਨਹੀਂ ਹੁੰਦੀ। ਘੂਕ ਨੀਂਦਰ ਵਿਚ ਤਾਂ ਆਦਮੀ ਆਪਣਾ ਆਪ ਉਕਾ ਹੀ ਭੁੱਲ ਜਾਂਦਾ ਹੈ। ਉਸ ਵੇਲੇ ਸੌਣ ਵਾਲੇ ਆਦਮੀ ਦੀ ਚੇਤਨਤਾ ਕਿਥੋਂ ਆ ਜਾਂਦੀ ਹੈ?





ਨੀਂਦਰ ਸਬੰਧੀ ਉਕਤ ਖਿਆਲ ਕਈ ਲੇਖਾਂ ਜਾਂ ਲੈਕਚਰਾਂ ਦੀ ਸ਼ਕਲ ਵਿਚ ਦੁਨੀਆਂ ਦੇ ਵਿਚਾਰਵਾਨਾਂ ਵਲੋਂ ਲੋਕਾਂ ਦੇ ਸਾਮ੍ਹਣੇ ਆਉਂਦੇ ਰਹਿੰਦੇ ਹਨ, ਪਰ ਇਨ੍ਹਾਂ ਦਾ ਜਵਾਬ ਕਿਸੇ ਪਾਸਿਓਂ ਵੀ ਤਸੱਲੀਬਖਸ਼ ਨਹੀਂ ਮਿਲਦਾ। ਬੜੇ-ਬੜੇ ਡਾਕਟਰ ਵੀ ਇਹ ਦੱਸਣੋਂ ਲਾਚਾਰ ਹਨ ਕਿ ਨੀਂਦਰ ਦੀ ਤਹਿ ਵਿਚ ਕੀ ਅਸਲੀਅਤ ਹੈ, ਕੀ ਰਾਜ਼ ਹੈ?

ਆਪਣੇ ਆਪੇ ਦੀ ਢੂੰਡ ਕਰਨ ਵਾਲੇ ਅਭਿਆਸੀ ਲੋਕਾਂ ਵਾਸਤੇ ਆਪਣੀ ਖੋਜ ਦੇ ਦੌਰਾਨ ਵਿਚ 'ਨੀਂਦਰ' ਦੀ ਫਿਲਾਸਫੀ ਨੂੰ ਸਮਝਣਾ ਬੜਾ ਜ਼ਰੂਰੀ ਹੁੰਦਾ ਹੈ, ਕਿਉਂਕਿ 'ਨੀਂਦਰ' ਜ਼ਿੰਦਗੀ ਦਾ ਤਕਰੀਬਨ ਅੱਧਾ ਹਿੱਸਾ ਹੈ। ਜ਼ਿੰਦਗੀ ਨੂੰ ਸਮਝਣ ਵਾਸਤੇ ਜ਼ਰੂਰੀ ਹੈ ਕਿ ਇਸ ਦੇ 'ਜਾਗਰਤ' ਅਤੇ 'ਨੀਂਦਰ' ਦੋਹਾਂ ਪਹਿਲੂਆਂ ਨੂੰ ਚੰਗੀ ਤਰ੍ਹਾਂ ਸਮਝਿਆ ਜਾਵੇ।

ਹਕੀਕਤ ਦੇ ਮੁਤਲਾਸ਼ੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪਣੇ ਸਫਰ ਸਬੰਧੀ ਬੜੇ-ਬੜੇ ਇਸ਼ਾਰੇ ਮਿਲਦੇ ਰਹਿੰਦੇ ਹਨ। ਇਸ ਪਵਿੱਤਰ ਗ੍ਰੰਥ ਵਿਚ ਇਕ ਜਗ੍ਹਾ ਲਿਖਿਆ ਹੈ -

*ਧਨ ਪਿਰ ਕਾ ਇਕ ਹੀ ਸੰਗਿ ਵਾਸਾ॥*
*ਵਿਚਿ ਹਉਮੈ ਭੀਤਿ ਕਰਾਰੀ॥* *ਪੰਨਾ - 1263*

ਜਿਸ ਤੋਂ ਖੋਜੀ ਨੂੰ ਬੜੀ ਮਦਦ ਮਿਲਦੀ ਹੈ। ਇਸ ਮਹਾਂਵਾਕ ਅਨੁਸਾਰ ਧਨ, ਪਿਰ: ਜੀਵ ਈਸ਼ਵਰ:, ਮਨ ਤੇ ਆਤਮਾ ਬਿਲਕੁਲ ਨੇੜੇ-ਨੇੜੇ ਰਹਿੰਦੇ ਹਨ ਪਰ ਇਨ੍ਹਾਂ ਦੇ ਵਿਚਕਾਰ 'ਹਉਮੈ' ਦਾ ਪੜਦਾ ਹੋਣ ਕਰਕੇ 'ਧਨ' ਨੂੰ, ਜੀਵ ਨੂੰ, ਮਨ ਨੂੰ ਪਤਾ ਨਹੀਂ ਲਗਦਾ ਕਿ 'ਪਿਰ' ਈਸ਼ਵਰ ਜਾਂ ਆਤਮਾ ਕਿਤਨੇ ਨੇੜੇ ਹਨ।

ਹਰ ਰੋਜ਼ ਆਦਮੀ ਦੇ ਸੌਣ ਦੀ ਹਾਲਤ ਵਿਚ, ਉਸ ਦੀ ਹਉਮੈ ਆਰਜ਼ੀ ਅਰਸੇ ਵਾਸਤੇ ਹਟ ਜਾਂਦੀ ਹੈ. ਉਸ ਨੂੰ ਮੈਂ ਮੇਰੀ, ਮੇਰੀ ਦੁਨੀਆਂ ਦੇ ਸਬੰਧ ਤੋਂ ਪੈਦਾ ਹੋਏ ਦੁਖ-ਸੁਖ ਦਾ ਗਿਆਨ ਆਰਜ਼ੀ ਅਰਸੇ ਵਾਸਤੇ ਮੂਰਛਾ (Unconsciousness) ਦੀ ਹਾਲਤ ਵਿਚ ਭੁੱਲ ਜਾਂਦਾ ਹੈ। ਆਦਮੀ ਦਾ ਸਬੰਧ ਇਕ ਪਾਸਿਓਂ ਦੁਨੀਆਂ ਨਾਲੋਂ ਟੁੱਟ ਜਾਂਦਾ ਹੈ ਅਤੇ ਦੂਸਰੇ ਪਾਸੇ ਆਪਣੇ ਮੁੱਢ, ਆਪਣੇ ਸੋਮੇ 'ਬ੍ਰਹਮ' ਨਾਲ ਜੁੜ ਜਾਂਦਾ ਹੈ।

ਜਿਵੇਂ ਬੈਟਰੀ ਜਦ ਕਮਜ਼ੋਰ ਹੋ ਜਾਵੇ ਤਾਂ ਉਸ ਨੂੰ ਬਿਜਲੀ ਦੀਆਂ

ਤਾਰਾਂ ਜੋੜ ਦੇਣ ਨਾਲ ਉਹ ਮੁੜ ਕੇ ਰੀਚਾਰਜ (Recharge) ਹੋ ਜਾਂਦੀ ਹੈ, ਉਸੇ ਤਰ੍ਹਾਂ ਇਨਸਾਨ ਜਦ ਥਕ ਜਾਵੇ, ਕਮਜ਼ੋਰੀ ਮਹਿਸੂਸ ਕਰੇ, ਤਾਂ ਨੀਂਦਰ ਦੇ ਜ਼ਰੀਏ ਆਪਣੇ ਬਾਹਰ ਦੇ ਦਰਵਾਜ਼ੇ (ਦਿਸਦੀ ਦੁਨੀਆਂ ਦੇ ਸਬੰਧ) ਬੰਦ ਕਰਕੇ ਆਪਣੇ ਨਾਲ ਬਿਰਾਜਮਾਨ ਸ਼ਕਤੀ ਤੇ ਅਨੰਦ ਦੇ ਸਾਗਰ ਨਾਲ ਆਪਣਾ ਰਿਸ਼ਤਾ ਜੋੜ ਦਿੰਦਾ ਹੈ, ਜਿਸ ਕਰਕੇ ਬੈਟਰੀ ਦੀ ਤਰ੍ਹਾਂ ਆਪਣੇ ਸਰੋਤ ਵਿਚੋਂ ਤਾਕਤ ਤੇ ਤਰੋਤਾਜ਼ਗੀ ਖਿੱਚ ਕੇ ਨੌਂ-ਬਰ-ਨੌਂ ਹੋ ਜਾਂਦਾ ਹੈ।

ਜਿਤਨੀ ਹਲਕੀ ਨੀਂਦਰ ਹੋਵੇ ਉਤਨੀ ਹੀ ਕਮ ਮਿਕਦਾਰ ਵਿਚ ਜੀਵ ਆਪਣੇ ਸੋਮੇ, ਬ੍ਰਹਮ ਵਿਚੋਂ ਸ਼ਕਤੀ ਤੇ ਅਨੰਦ ਖਿਚਦਾ ਹੈ ਅਤੇ ਜਿਤਨੀ ਨੀਂਦਰ ਗਾੜ੍ਹੀ ਹੋਵੇ ਉਤਨੀ ਜ਼ਿਆਦਾ।

ਸਿਮਰਨ ਅਭਿਆਸੀ ਜੀਵਨ ਕਲਾ ਦੇ ਇਸ ਭੇਤ ਨੂੰ ਸਮਝ ਜਾਂਦਾ ਹੈ ਅਤੇ ਜਦ ਜੀ ਕਰੇ, ਜ਼ਰੂਰਤ ਅਨੁਸਾਰ, ਆਪਣੇ ਇੰਦਰਿਆਂ ਨੂੰ ਬਾਹਰ ਦੀ ਦੁਨੀਆਂ ਨਾਲੋਂ ਤੋੜ ਕੇ ਆਪਣੇ ਅੰਦਰ ਬਿਰਾਜ ਰਹੇ ਅਕਾਲ ਪੁਰਖ ਨਾਲ ਜੋੜ ਲੈਂਦਾ ਹੈ ਅਤੇ ਜ਼ਰੂਰਤ ਅਨੁਸਾਰ ਸ਼ਕਤੀ ਹਾਸਲ ਕਰ ਲੈਂਦਾ ਹੈ। ਉਸ ਵਾਸਤੇ ਜ਼ਰੂਰੀ ਨਹੀਂ ਕਿ ਸੌਂ ਕੇ ਹੀ ਬ੍ਰਹਮ ਨਾਲ ਜੁੜੇ, ਉਸ ਵਾਸਤੇ ਬ੍ਰਹਮ ਦਾ ਸ਼ਾਹੀ ਦਰਵਾਜ਼ਾ ਸਦਾ ਖੁਲ੍ਹਾ ਰਹਿੰਦਾ ਹੈ।

*ਗੁਰਮੁਖਿ ਆਵੈ ਜਾਇ ਨਿਸੰਗੁ ॥* *ਪੰਨਾ - 932*





# ਸਫ਼ਰ

ਸਫ਼ਰ ਕਿਤੇ ਪਹੁੰਚਣ ਵਾਸਤੇ ਕਰੀਦਾ ਹੈ। ਇਸ ਦਾ ਕੋਈ ਨਿਸ਼ਾਨਾ ਹੋਣਾ ਜ਼ਰੂਰੀ ਹੈ। ਜਿਸ ਮੁਸਾਫ਼ਰ ਨੂੰ ਸਫ਼ਰ ਕਰਨ ਤੋਂ ਪਹਿਲੇ ਹੀ ਪਤਾ ਹੋਵੇ ਕਿ ਉਸ ਨੇ ਕਿਤੇ ਵਿਸ਼ੇਸ਼ ਥਾਂ ਪਹੁੰਚਣਾ ਹੈ, ਉਹ ਉਥੇ ਕਦੀ ਨਾ ਕਦੀ ਪਹੁੰਚ ਹੀ ਜਾਵੇਗਾ ਪਰ ਇਸ ਦੇ ਉਲਟ ਜੋ ਮੁਸਾਫ਼ਰ ਨੂੰ ਪਤਾ ਹੀ ਨਾ ਹੋਵੇ ਕਿ ਉਸ ਨੇ ਕਿਥੇ ਪਹੁੰਚਣਾ ਹੈ ਤਾਂ ਉਹ ਰਸਤੇ ਵਿਚ ਹੀ ਭਟਕਦਾ ਰਹੇਗਾ ਅਤੇ ਕਦੀ ਇਹ ਨਹੀਂ ਆਖ ਸਕੇਗਾ ਕਿ ਉਸ ਦਾ ਸਫ਼ਰ ਖਤਮ ਹੋ ਗਿਆ ਹੈ ਜਾਂ ਮੰਜ਼ਲ ਤੇ ਪੁੱਜਣ ਲਈ ਹੋਰ ਕਿਤਨਾ ਸਫ਼ਰ ਬਾਕੀ ਹੈ।

ਮਿਸਾਲ ਦੇ ਤੌਰ 'ਤੇ ਜਿਸ ਮੁਸਾਫ਼ਰ ਨੂੰ ਪਿਸ਼ਾਵਰ ਤੋਂ ਤੁਰਨ ਵੇਲੇ ਪਤਾ ਹੈ ਕਿ ਉਸ ਨੇ ਦਿੱਲੀ ਜਾਣਾ ਹੈ, ਉਹ ਕਦੀ ਨਾ ਕਦੀ ਦਿੱਲੀ ਪਹੁੰਚੇਗਾ। ਜੇ ਉਹ ਰਸਤੇ ਵਿਚ ਰਾਵਲਪਿੰਡੀ ਜਾਂ ਲਾਹੌਰ ਠਹਿਰੇ ਤਾਂ ਆਪਣੇ ਠਹਿਰਨ ਦੇ ਸਮੇਂ ਵਿਚ ਵੀ ਆਪਣੇ ਆਪ ਨੂੰ ਮੁਸਾਫ਼ਰ ਹੀ ਸਮਝੇਗਾ ਅਤੇ ਦਿਲ ਵਿਚ ਜਾਣਦਾ ਰਹੇਗਾ ਕਿ ਉਸ ਨੇ ਸਫ਼ਰ ਦਿੱਲੀ ਪਹੁੰਚਣ ਵਾਸਤੇ ਸ਼ੁਰੂ ਕੀਤਾ ਸੀ ਜੋ ਅਜੇ ਕਾਇਮ ਹੈ ਤੇ ਖਤਮ ਨਹੀਂ ਹੋਇਆ। ਇਸ ਦੇ ਉਲਟ ਜੋ ਆਦਮੀ ਪਿਸ਼ਾਵਰੋਂ ਬਗੈਰ ਫੈਸਲਾ ਕਰਨ ਦੇ ਕਿ ਉਸ ਨੇ ਕਿਥੇ ਪਹੁੰਚਣਾ ਹੈ, ਸਫ਼ਰ ਸ਼ੁਰੂ ਕਰ ਦੇਵੇ ਤਾਂ ਉਹ ਅਵਲ ਤੇ ਦਿੱਲੀ ਬੜੀ ਮੁਸ਼ਕਲ ਨਾਲ ਪਹੁੰਚੇਗਾ ਅਤੇ ਜੇਕਰ ਪਹੁੰਚ ਵੀ ਜਾਵੇ ਤਾਂ ਵੀ ਤਸੱਲੀ ਨਾਲ ਨਹੀਂ ਆਖ ਸਕੇਗਾ ਕਿ ਉਸ ਦਾ ਸਫ਼ਰ ਖਤਮ ਹੋ ਗਿਆ ਹੈ। ਉਹ ਰਸਤੇ ਵਿਚ ਪਿਸ਼ਾਵਰ ਤੋਂ ਦਿੱਲੀ ਤੱਕ ਦੇ ਸ਼ਹਿਰਾਂ ਵਿਚ ਜਿਥੇ ਉਸ ਦਾ ਦਿਲ ਲਗ ਜਾਵੇ ਉਥੇ ਹੀ ਅਟਕ ਸਕਦਾ ਹੈ। ਉਸ ਨੂੰ ਮੁਸਾਫ਼ਰ ਵਾਲੀ ਸਫ਼ਰ ਨੂੰ ਖਤਮ ਕਰਨ ਦੀ ਤਾਂਘ ਹੀ ਨਹੀਂ ਹੋਵੇਗੀ। ਉਹ, ਕਵੀ ਜੌਕ ਦੀ ਉਸ ਕਿਸ਼ਤੀ ਦੀ ਤਰ੍ਹਾਂ ਹੈ ਜਿਸ ਸਬੰਧੀ ਆਪ ਨੇ ਆਖਿਆ ਹੈ-

*ਜਿਸ ਜਗ੍ਹਾ ਪਰ ਜਾ ਲਗੀ ਵੋਹੀ ਕਿਨਾਰਾ ਹੋ ਗਿਆ।*

ਐਸਾ ਮੁਸਾਫ਼ਰ ਪਿਸ਼ਾਵਰ ਤੋਂ ਦਿੱਲੀ ਦੇ ਸਫ਼ਰ ਵਿਚ ਸਾਰੀ ਉਮਰ ਬਤੀਤ ਕਰ ਸਕਦਾ ਹੈ ਅਤੇ ਇਹ ਵੀ ਮੁਮਕਿਨ ਹੈ ਕਿ ਲਾਹੌਰ ਆ ਕੇ ਮੁਲਤਾਨ ਵਲ ਮੂੰਹ ਕਰ ਲਵੇ ਅਤੇ ਐਸੀ ਸਮਤ ਵਲ ਤੁਰਨਾ ਸ਼ੁਰੂ ਕਰ ਦੇਵੇ ਕਿ ਦਿੱਲੀ ਪਹੁੰਚਣਾ ਅਸੰਭਵ ਹੀ ਹੋ ਜਾਵੇ।

ਇਸ ਲਈ ਕਾਮਯਾਬ ਮੁਸਾਫ਼ਰ ਵਾਸਤੇ ਸਫ਼ਰ ਤੋਂ ਪਹਿਲੇ ਇਹ ਜਾਨਣਾ ਕਿ ਉਸ ਨੇ ਕਿਥੇ ਪਹੁੰਚਣਾ ਹੈ, ਡਾਹਢਾ ਜ਼ਰੂਰੀ ਹੈ। ਐਸਾ ਮੁਸਾਫ਼ਰ ਰਸਤੇ ਵਿਚ ਡਿਕੋ-ਡੋਲੇ ਨਹੀਂ ਖਾਵੇਗਾ, ਆਪਣਾ ਸਮਾਂ ਜ਼ਾਇਆ ਨਹੀਂ ਕਰੇਗਾ, ਸਫ਼ਰ ਨੂੰ ਖਤਮ ਕਰਨ ਤਕ ਆਪਣੇ ਆਪ ਨੂੰ ਮੁਸਾਫ਼ਰ ਹੀ ਸਮਝੇਗਾ ਅਤੇ ਸਫ਼ਰ ਖਤਮ ਕਰਕੇ ਜਾਣੇਗਾ ਕਿ ਉਸ ਦਾ ਸਫ਼ਰ ਖਤਮ ਹੋ ਗਿਆ ਹੈ, ਉਹ ਹੁਣ ਮੁਸਾਫ਼ਰ ਨਹੀਂ।

ਜੀਵ ਤੋਂ ਈਸ਼ਵਰ ਤੱਕ, ਸਿੱਖ ਤੋਂ ਵਾਹਿਗੁਰੂ ਤੱਕ ਦ੍ਰਿਸ਼ਟੀਮਾਨ ਸੰਸਾਰ ਤੋਂ ਅਦ੍ਰਿਸ਼ਟ ਅਗੋਚਰ ਵਾਹਿਗੁਰੂ ਤੱਕ ਪਹੁੰਚਣਾ ਆਤਮਾ ਦਾ ਸਭ ਤੋਂ ਲੰਬਾ ਸਫ਼ਰ ਹੈ। ਇਸ ਸਫ਼ਰ ਨੂੰ ਤੈਅ ਕਰਨ ਤੋਂ ਪਹਿਲਾਂ ਹੀ ਸਫ਼ਰ ਦਾ ਇਰਾਦਾ ਕਰਨ ਵਾਲੇ ਵਿਚ, ਮੁਸਾਫ਼ਰ ਵਾਲੀਆਂ ਸਭ ਖੂਬੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਸਭ ਤੋਂ ਪਹਿਲੇ ਉਸ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਸ ਦੇ ਆਤਮ ਮਾਰਗ ਦਾ ਨਿਸ਼ਾਨਾ ਕੀ ਹੈ? ਉਸ ਨੇ ਕਿਥੇ ਪਹੁੰਚਣਾ ਹੈ, ਜਿਥੇ ਪਹੁੰਚ ਕੇ ਉਹ ਆਖ ਸਕੇ ਕਿ ਉਸ ਦਾ ਸਫ਼ਰ ਖਤਮ ਹੋ ਗਿਆ ਹੈ, ਅੱਗੇ ਹੋਰ ਪੈਂਡਾ ਨਹੀਂ ਰਿਹਾ।

ਆਤਮ ਸਫ਼ਰ ਵਿਚ ਵੀ ਮੁਸਾਫ਼ਰ ਜੇਕਰ ਆਪਣੇ ਨਿਸ਼ਾਨੇ ਤੇ ਕਾਇਮ ਨਾ ਰਹੇ, ਆਪਣੇ ਇਰਾਦੇ ਵਿਚ ਦ੍ਰਿੜ੍ਹ ਨਾ ਹੋਵੇ ਤਾਂ ਰਸਤੇ ਵਿਚ ਹੀ ਅਟਕ ਜਾਣ ਦੇ ਅਨੇਕਾਂ ਮੌਕੇ ਹਨ। ਆਤਮ ਸਫ਼ਰ ਦੇ ਰਸਤੇ ਵਿਚ ਐਸੇ-ਐਸੇ ਪੜਾਓ ਆਉਂਦੇ ਹਨ, ਜਿਨ੍ਹਾਂ ਵਿਚ ਆਪਣੇ ਵਲ ਖਿਚਣ ਦੀ ਅਤੇ ਆਖਰੀ ਮੰਜ਼ਲ ਦੇ ਦ੍ਰਿਸ਼ ਮੁਸਾਫ਼ਰ ਦੇ ਦਿਲੋਂ ਭੁਲਾਣ ਦੀ ਡਾਹਢੀ ਸ਼ਕਤੀ ਹੁੰਦੀ ਹੈ। ਪਹਿਲੇ ਇਸ ਮਾਰਗ ਵਿਚ ਨਿਰਾਸਤਾ, ਥਕਾਵਟ, ਨੀਂਦਰ, ਆਲਸ, ਇੰਦ੍ਰੀਆਂ ਦੇ ਸੁਖਾਂ ਦੀ ਯਾਦ ਆਦਿ ਮੁਸਾਫ਼ਰ ਨੂੰ ਠੋਕਰਾਂ ਲਗਾਂਦੇ ਤੇ ਸਫ਼ਰ ਕਾਇਮ ਰੱਖਣ ਤੋਂ ਵਰਜਦੇ ਰਹਿੰਦੇ ਹਨ ਪਰ ਜੇਕਰ ਮੁਸਾਫ਼ਰ ਪੱਕੇ ਇਰਾਦੇ ਵਾਲਾ ਨਿਕਲੇ ਤਾਂ ਫਿਰ ਇਹ ਵਿਘਨ ਹੋਰ ਰੂਪ ਧਾਰ ਕੇ ਮੁਸਾਫ਼ਰ ਨੂੰ ਧੋਖਾ ਦੇਣ ਜਾਂ ਗੁਮਰਾਹ ਕਰਨ ਦੇ ਯਤਨ





ਕਰਦੇ ਹਨ। ਹੁਣ ਇਜ਼ਤ, ਮਾਨ, ਵਡਿਆਈ, ਕਾਮਯਾਬੀ, ਸ਼ਲਾਘਾ, ਆਤਮ ਸ਼ਕਤੀਆਂ, ਰਿੱਧੀਆਂ-ਸਿੱਧੀਆਂ ਆਦਿ ਮੁਸਾਫ਼ਰ ਨੂੰ ਆਪਣੇ ਚਕਮੇ ਦੇਂਦੀਆਂ ਤੇ ਕਦਮ-ਕਦਮ ਤੇ ਗਿਰਾਣ ਦੀ ਕੋਸ਼ਿਸ਼ ਕਰਦੀਆਂ ਹਨ। ਪਰ ਜਿਸ ਮੁਸਾਫ਼ਰ ਨੇ ਤੁਰਨ ਤੋਂ ਪਹਿਲਾਂ ਆਪਣੇ ਸਫ਼ਰ ਦਾ ਨਿਸ਼ਾਨਾ ਕਾਇਮ ਕੀਤਾ ਹੋਵੇ ਅਤੇ ਆਪਣੇ ਇਰਾਦੇ ਦਾ ਪੱਕਾ ਹੋਵੇ ਉਹ ਰਸਤੇ ਦੇ ਦਿਲ ਫਰੇਬ ਨਜ਼ਾਰਿਆਂ ਤੇ ਖਿੱਚਾਂ ਵਿਚ ਫਸਦਾ ਨਹੀਂ। ਉਹ ਆਤਮ ਮਾਰਗ ਦੇ ਸਭ ਸ਼ਹਿਰਾਂ ਜਾਂ ਸਟੇਸ਼ਨਾਂ ਥਾਣੀਂ ਲੰਘਦਾ ਆਪਣੇ ਸਫ਼ਰ ਨੂੰ ਕਾਇਮ ਰਖਦਾ ਹੈ ਅਤੇ ਸਫ਼ਰ ਦੇ ਕਿਸੇ ਹਿੱਸੇ ਵਿਚ ਵੀ ਆਪਣੇ ਦਿਲੋਂ ਮੁਸਾਫ਼ਰ ਹੋਣ ਦਾ ਖਿਆਲ ਨਹੀਂ ਭੁਲਾਂਦਾ।

ਆਤਮ ਮਾਰਗ ਦੇ ਪਾਂਧੀ, ਆਪਣੇ ਅਸਲੇ ਦੇ ਖੋਜੀ, ਹਸਤੀ ਦੇ ਰਾਜ਼ ਨੂੰ ਲੱਭਣ ਦੇ ਚਾਹਵਾਨ ਨੂੰ ਸਫ਼ਰ ਦੇ ਸ਼ੁਰੂ ਤੋਂ ਹੀ ਆਪਣੇ ਨਿਸ਼ਾਨੇ ਦਾ ਪਤਾ ਹੋਣਾ ਲਾਜ਼ਮੀ ਹੈ ਅਤੇ ਇਸ ਨਿਸ਼ਾਨੇ ਨੂੰ ਸਫ਼ਰ ਦੇ ਸਭ ਹਿੱਸਿਆਂ ਵਿਚ ਅੱਖੋਂ ਓਹਲੇ ਨਹੀਂ ਹੋਣ ਦੇਣਾ ਚਾਹੀਦਾ। ਆਤਮ ਮਾਰਗ ਦਾ ਨਿਸ਼ਾਨਾ ਕੀ ਹੈ? ਇਸ ਦਾ ਜਵਾਬ ਆਤਮਾ ਦੇ ਸਫ਼ਰ ਨੂੰ ਤੈਅ ਕਰ ਚੁੱਕੇ ਮਹਾਂਪੁਰਖਾਂ ਨੇ ਆਤਮ ਪਾਂਧੀਆਂ ਦੀ ਰਹਿਨੁਮਾਈ ਵਾਸਤੇ ਬੜੇ ਸਪਸ਼ਟ ਅੱਖਰਾਂ ਵਿਚ ਦੱਸਿਆ ਹੈ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥* *ਪੰਨਾ - 12*

ਮਨੁੱਖ ਦਾ ਦੇਹ ਧਾਰਨ ਦਾ ਮਨੋਰਥ ਗੋਬਿੰਦ ਨੂੰ ਮਿਲਣਾ ਹੈ।

*ਜਿਸੁ ਕਾਰਣਿ ਤਨੁ ਧਾਰਿਆ ਸੋ ਪ੍ਰਭੁ ਡਿਠਾ ਨਾਲਿ ॥*
*ਪੰਨਾ - 48*

ਪ੍ਰਭ ਜੀ ਨੂੰ ਮਿਲਣ ਤੇ ਵੇਖਣ ਵਾਸਤੇ ਹੀ ਜੀਵ ਸਰੀਰ ਧਾਰਨ ਕਰਦਾ ਹੈ ਅਤੇ ਆਤਮ ਮਾਰਗ ਤੇ ਚੱਲ ਕੇ ਕਿਸੇ ਵੇਲੇ ਪ੍ਰਭੂ ਨੂੰ ਆਪਣੇ ਨਾਲ ਵੇਖਦਾ ਹੈ। ਦੂਸਰੇ ਅੱਖਰਾਂ ਵਿਚ ਤਨ ਧਾਰਨ ਦਾ ਮਕਸਦ ਪ੍ਰਭੂ ਜੀ ਨੂੰ ਮਿਲਣਾ ਤੇ ਅੰਗ-ਸੰਗ ਦੇਖਣਾ ਹੈ।

ਭਾਈ ਨੰਦ ਲਾਲ ਜੀ ਨੇ ਸਰੀਰ ਧਾਰਨ ਕਰਨ ਦਾ ਕਾਰਨ, 'ਬੰਦਗੀ' (ਆਤਮ ਮਾਰਗ ਦਾ ਸਫ਼ਰ) ਹੀ ਦਸਿਆ ਹੈ -

*ਹਵਾਏ ਬੰਦਗੀ ਆਵਰੁਦ ਦਰ ਵਜੂਦ ਮਰਾ।*
*ਵਗਰਨਾ ਜ਼ੇਕੇ ਚੁਨੀ ਆਮਦਨ ਨਬੂਦ ਮਰਾ।*

ਉਲਥਾ - ਭਗਤੀ (ਆਤਮ ਮਾਰਗ ਦੇ ਸਫ਼ਰ) ਵਾਸਤੇ ਹੀ ਮੈਂ ਵਜੂਦ ਵਿਚ ਆਇਆ ਸਾਂ, ਨਹੀਂ ਤਾਂ ਇਸ ਤਰ੍ਹਾਂ ਆਉਣ (ਭਟਕਣ) ਦੀ ਮੈਨੂੰ ਕੀ ਲੋੜ ਹੈ?

ਆਤਮ ਪਾਂਧੀ ਦਾ ਨਿਸ਼ਾਨਾ ਆਪਣੇ ਕਰਤਾਰ ਨੂੰ ਆਪਣੇ ਆਪ ਵਿਚੋਂ ਲੱਭਣਾ ਅਤੇ ਸਮਝਣਾ ਹੈ ਅਤੇ ਅੰਤ ਵਿਚ ਕਰਤਾਰ ਵਰਗਾ ਬਣਨ ਦੀ ਕੋਸ਼ਿਸ਼ ਕਰਦਿਆਂ ਕਰਦਿਆਂ ਆਪਣੇ ਮਾਲਕ ਵਿਚ ਸਮਾਅ ਜਾਣਾ ਜਾਂ ਮਾਲਕ ਰੂਪ ਹੋ ਜਾਣਾ ਹੈ। ਜਿਨ੍ਹਾਂ ਵਡਭਾਗੇ ਆਤਮ ਪਾਂਧੀਆਂ ਨੂੰ ਉਕਤ ਨਿਸ਼ਾਨੇ ਦਾ ਪਤਾ ਹੈ, ਉਨ੍ਹਾਂ ਨੂੰ ਰਸਤੇ ਦੀਆਂ ਅੜਾਉਣੀਆਂ, ਖਿੱਚਾਂ, ਸੁੰਦਰ ਦ੍ਰਿਸ਼ ਠੱਗ ਨਹੀਂ ਸਕਣਗੇ। ਉਨ੍ਹਾਂ ਨੂੰ ਮੌਤ ਵੀ ਆਪਣੇ ਇਰਾਦੇ ਤੋਂ ਨਹੀਂ ਹਟਾ ਸਕੇਗੀ। ਮੌਤ ਉਨ੍ਹਾਂ ਵਾਸਤੇ ਕੋਈ ਅਰਥ ਨਹੀਂ ਰੱਖਦੀ।

*ਨਾ ਓਹਿ ਮਰਹਿ ਨ ਠਾਗੇ ਜਾਹਿ॥*
*ਜਿਨ ਕੈ ਰਾਮੁ ਵਸੈ ਮਨਿ ਮਾਹਿ॥* *ਪੰਨਾ - 8*





# ਕਾਮਯਾਬੀ

ਜਦ ਆਦਮੀ ਨੂੰ ਆਪਣੀ ਅਸਲੀਅਤ ਦਾ ਪਤਾ ਲਗ ਜਾਵੇ ਕਿ ਉਹ ਵਾਹਿਗੁਰੂ ਦਾ ਪੁੱਤਰ ਹੈ ਅਤੇ ਵਾਹਿਗੁਰੂ ਦੇ ਸਭ ਖਜ਼ਾਨਿਆਂ, ਸਭ ਸ਼ਕਤੀਆਂ ਦਾ ਉਸੇ ਤਰ੍ਹਾਂ ਮਾਲਕ ਹੈ ਜਿਵੇਂ ਪਿਤਾ ਦੀਆਂ ਚੀਜ਼ਾਂ ਤੇ ਜਾਇਦਾਦ ਦਾ ਮਾਲਕ ਪੁੱਤਰ ਹੁੰਦਾ ਹੈ, ਤਾਂ ਉਸ ਆਦਮੀ ਦਾ ਸਾਰਾ ਦ੍ਰਿਸ਼ਟੀਕੋਣ 'ਦੈਵੀ' ਜਾਂ 'ਈਸ਼ਵਰੀ' ਹੋ ਜਾਂਦਾ ਹੈ।

ਉਸ ਵਾਸਤੇ ਹੁਣ ਇਹ ਗੱਲ ਜਾਨਣ ਵਾਲੀ ਰਹਿ ਜਾਂਦੀ ਹੈ ਕਿ ਉਹ ਪਿਤਾ ਦੀਆਂ ਸ਼ਕਤੀਆਂ ਤੇ ਖਜ਼ਾਨਿਆਂ ਨੂੰ ਕਿਵੇਂ ਵਰਤ ਸਕਦਾ ਹੈ। ਏਥੇ ਫੇਰ ਉਸ ਦਾ ਆਪਣਾ ਤੇ ਆਪਣੇ ਪਿਤਾ ਨਾਲ 'ਰਿਸ਼ਤਾ' ਹੀ ਸਹਾਇਤਾ ਕਰਦਾ ਹੈ। ਉਹ ਦੇਖਦਾ ਹੈ ਕਿ ਪਿਤਾ ਜਾਂ ਈਸ਼ਵਰ ਉਸ ਦੇ ਹਰ ਵਕਤ ਅੰਗ-ਸੰਗ ਰਹਿੰਦਾ ਹੈ ਅਤੇ ਉਸ ਦੀ ਹਰ ਵੇਲੇ ਸਹਾਇਤਾ ਫੁਰਨਿਆਂ ਜਾਂ ਖਿਆਲਾਂ ਦੀ ਸ਼ਕਲ ਵਿਚ ਕਰਦਾ ਹੈ। ਉਸ ਦੇ ਦਿਮਾਗ ਦੇ ਪਿਛੋਂ, ਕਿਸੇ ਅਨੰਤ ਸੋਮੇ ਤੋਂ ਉਸ ਨੂੰ 'ਖਿਆਲ' ਜਾਂ 'ਫੁਰਨਿਆਂ' ਦੀ ਸ਼ਕਲ ਵਿਚ ਰਹਿਨੁਮਾਈ ਹੁੰਦੀ ਹੈ।

ਇਹ ਰਹਿਨੁਮਾਈ ਜਾਂ ਸਹਾਇਤਾ ਉਸ ਨੂੰ ਹਰ ਵੇਲੇ ਨਹੀਂ ਹੁੰਦੀ, ਪਰ ਜਦ ਉਹ ਆਪਣੇ ਮਨ ਨੂੰ ਹੋਰ ਸਾਰੇ ਖਿਆਲਾਂ ਤੋਂ ਆਜ਼ਾਦ ਕਰਕੇ, ਆਪਣੇ ਅੰਦਰ ਰਹਿਣ ਵਾਲੇ ਆਪਣੇ ਪਿਤਾ ਪਰਮੇਸ਼ੁਰ ਨਾਲ ਇਕ ਸੁਰ ਕਰਦਾ ਹੈ ਤਾਂ ਉਸ ਵੇਲੇ ਉਸ ਦੇ ਮਨ ਵਿਚ ਬੜੇ ਉਤਸ਼ਾਹ ਤੇ ਚੜ੍ਹਦੀਆਂ ਕਲਾਂ ਵਾਲੇ ਫੁਰਨੇ ਫੁਰਦੇ ਹਨ। ਹੁਣ ਉਸ ਨੂੰ ਇਸ ਭੇਦ ਦਾ ਪਤਾ ਲਗ ਜਾਂਦਾ ਹੈ ਕਿ ਵਾਹਿਗੁਰੂ ਮਨ ਦੀ ਇਕਾਗਰਤਾ ਵੇਲੇ ਉਤਸ਼ਾਹੀ ਤੇ ਚੜ੍ਹਦੀਆਂ ਕਲਾਂ ਵਾਲੇ ਫੁਰਨੇ ਜਾਂ ਖਿਆਲ ਤਰੰਗਾਂ ਭੇਜ ਕੇ ਅਗਵਾਈ ਜਾਂ ਸਹਾਇਤਾ ਕਰਦਾ ਹੈ।

ਦੂਸਰੀ ਗੱਲ ਜੋ ਉਸ ਨੂੰ ਪਤਾ ਲਗਦੀ ਹੈ, ਉਹ ਇਹ ਹੈ ਕਿ ਜੋ ਫੁਰਨੇ ਉਸ ਨੂੰ ਰੱਬ ਵਲੋਂ ਆਪਣੇ ਮਨ ਦੀ ਇਕਾਗਰਤਾ ਵੇਲੇ ਆਉਂਦੇ

ਹਨ, ਅਗਰ ਉਹ ਉਨ੍ਹਾਂ ਤੇ ਵਿਸ਼ਵਾਸ਼ ਕਰੇ ਤੇ ਦ੍ਰਿੜ੍ਹ ਰਹੇ ਤਾਂ ਉਹ ਫੁਰਨੇ ਜਗਤ ਵਿਚ ਕਿਸੇ ਵੇਲੇ ਹੂ-ਬ-ਹੂ ਸੱਚ ਅਤੇ ਮਾਮੂਲੀ ਬਣ ਕੇ ਨਜ਼ਰ ਆਉਣ ਲਗ ਪੈਂਦੇ ਹਨ। ਹੁਣ ਉਹ ਆਦਮੀ ਮਨ ਨੂੰ ਇਕ ਮਾਮੂਲੀ ਚੀਜ਼ ਨਹੀਂ ਸਮਝਦਾ, ਸਗੋਂ ਆਪਣੇ ਤੇ ਆਪਣੇ ਪਿਤਾ ਕਰਤਾਰ ਦੇ ਦਰਮਿਆਨ ਗੱਲਬਾਤ ਕਰਨ ਦਾ ਵਸੀਲਾ ਸਮਝਦਾ ਹੈ ਅਤੇ ਆਪਣੇ ਮਨ ਨੂੰ ਹਰ ਵੇਲੇ ਸ਼ੀਸ਼ੇ ਦੀ ਤਰ੍ਹਾਂ ਸਾਫ, ਸੁਥਰਾ ਤੇ ਵਿਹਲੇ ਨਿਕੰਮੇ ਖਿਆਲਾਂ ਤੋਂ ਆਜ਼ਾਦ ਰਖਦਾ ਹੈ। ਉਸ ਨੂੰ ਪਤਾ ਲਗ ਜਾਂਦਾ ਹੈ ਕਿ ਮੇਰਾ ਪਿਤਾ ਮੇਰੇ ਨਾਲ ਗੱਲਾਂ ਮੇਰੇ ਮਨ ਵਿਚ ਸ਼ੁਭ, ਨੇਕ ਤੇ ਉਤਸ਼ਾਹ ਭਰੀਆਂ ਖਿਆਲ ਤਰੰਗਾਂ ਰਾਹੀਂ ਕਰਦਾ ਹੈ ਅਤੇ ਜੋ ਸਲਾਹਾਂ ਮਸ਼ਵਰੇ ਮੈਨੂੰ ਮੇਰੇ ਫੁਰਨਿਆਂ ਰਾਹੀਂ ਵਾਹਿਗੁਰੂ ਵਲੋਂ ਆਉਂਦੇ ਹਨ, ਜੇ ਮੈਂ ਉਨ੍ਹਾਂ ਉਤੇ ਦ੍ਰਿੜ੍ਹ ਵਿਸ਼ਵਾਸ਼ ਰੱਖਾਂ ਤਾਂ ਉਹ ਦੁਨੀਆਂ ਵਿਚ ਇਕ ਦਿਨ ਸੱਚ ਹੋ ਕੇ ਭਾਸਣਗੇ।

ਐਸੇ ਗੁਰਮੁਖ ਨੂੰ ਹੁਣ ਇਹ ਵੀ ਪਤਾ ਲਗ ਜਾਂਦਾ ਹੈ ਕਿ ਜੋ ਮਾੜੇ, ਨੀਚ, ਢਹਿੰਦੀਆਂ ਕਲਾਂ ਵਾਲੇ, ਨਿਰਾਸਤਾ ਭਰੇ ਖਿਆਲ ਜਾਂ ਫੁਰਨੇ ਉਸ ਦੇ ਮਨ ਵਿਚ ਉਠਦੇ ਸਨ, ਉਹ ਉਸ ਦੀ ਸਦੀਆਂ ਤੇ ਜਨਮ ਜਨਮਾਂਤਰਾਂ ਦੀ ਆਪਣੀ ਅਸਲੀਅਤ, ਆਪਣੇ ਰੁਤਬੇ ਅਤੇ ਆਪਣੇ ਤੇ ਆਪਣੇ ਪਿਤਾ ਦੇ ਅਰਸ਼ੀ ਰਿਸ਼ਤੇ ਦੀ ਨਾਵਾਕਫ਼ੀਅਤ ਕਰਕੇ ਸੀ। ਸਭ ਮਾੜੇ ਫੁਰਨੇ ਉਸ ਦੀ ਨੀਵੀਂ ਖਸਲਤ (Lower Nature) ਜਾਂ ਆਪਣੀ ਉਚਤਾ ਦੀ ਨਾਵਾਕਫ਼ੀ ਕਰਕੇ ਸੀ, ਇਸ ਲਈ ਉਹ ਹੁਣ ਮਾੜੇ ਤੇ ਨੀਚ ਖਿਆਲਾਂ ਨੂੰ ਆਪਣੇ ਮਨ ਵਿਚ ਵੜਨ ਨਹੀਂ ਦੇਂਦਾ ਅਤੇ ਉਨ੍ਹਾਂ ਦੀ ਥਾਂ ਵਾਹਿਗੁਰੂ ਦੇ ਦੇਸ਼ ਤੋਂ ਭੇਜੇ ਹੋਏ, ਵਾਹਿਗੁਰੂ ਨਾਲ ਇਕ ਸੁਰ ਹੋਣ ਵੇਲੇ ਆਏ ਸ਼ੁਭ ਖਿਆਲਾਂ ਜਾਂ ਫੁਰਨਿਆਂ ਨੂੰ ਅੱਠੇ ਪਹਿਰ ਮਨ ਵਿਚ ਦ੍ਰਿੜ੍ਹ ਕਰਦਾ ਹੈ। ਨਿਵਾਸ ਕਰਨ ਵਾਲੇ ਖਿਆਲ ਦ੍ਰਿੜ੍ਹਤਾ ਦਾ ਦਰਜਾ ਅਖਤਿਆਰ ਕਰਦੇ ਹਨ ਅਤੇ ਦ੍ਰਿੜ੍ਹਤਾ ਦਾ ਦਰਜਾ ਅਖਤਿਆਰ ਕਰਨ ਵਾਲੇ ਖਿਆਲ ਜਗਤ ਵਿਚ ਸੱਚ ਹੋ ਕੇ ਭਾਸਦੇ ਜਾਂ ਜ਼ਹੂਰ ਵਿਚ ਆਉਂਦੇ ਹਨ। ਐਸੇ ਗੁਰਮੁਖ ਨੂੰ ਹੁਣ ਆਪਣੀ ਕਿਸਮਤ ਆਪ ਘੜਨ ਦਾ ਵਲ, ਯਕੀਨ ਤੇ ਹੌਸਲਾ ਆ ਜਾਂਦਾ ਹੈ। ਉਹ ਹੁਣ ਆਲੇ-ਦੁਆਲੇ ਦੇ ਹਾਲਾਤ ਦਾ ਗ਼ੁਲਾਮ ਨਹੀਂ ਰਹਿੰਦਾ ਸਗੋਂ ਆਪਣੇ





ਦ੍ਰਿੜ੍ਹ ਤੇ ਨੇਕ ਖਿਆਲਾਂ ਨਾਲ ਆਲੇ-ਦੁਆਲੇ ਦੇ ਹਾਲਾਤ ਨੂੰ ਮਰਜ਼ੀ ਅਨੁਸਾਰ ਨਿਵਾਂਦਾ ਤੇ ਢਾਲਦਾ ਹੈ।

ਜਿਉਂ-ਜਿਉਂ ਗੁਰਮੁਖ ਦਾ ਆਪਣੇ ਕਰਤਾਰ ਨਾਲ ਰਿਸ਼ਤਾ ਪੱਕਾ ਹੁੰਦਾ ਜਾਵੇ ਅਤੇ ਉਸ ਕਰਤਾਰ ਦੇ ਸੁਭਾਅ ਤੋਂ ਵਾਕਿਫ਼ ਹੁੰਦਾ ਜਾਵੇ, ਉਸ ਨੂੰ ਪਤਾ ਲਗਦਾ ਜਾਂਦਾ ਹੈ ਕਿ ਉਸ ਦਾ ਕਰਤਾਰ ਉਸ ਦੀ ਕੇਵਲ ਆਤਮਕ ਜਾਂ ਧਾਰਮਕ ਰਹਿਨੁਮਾਈ ਹੀ ਕਰਨ ਵਾਸਤੇ ਤਿਆਰ ਨਹੀਂ, ਸਗੋਂ ਉਸ ਦੇ ਘਰੇਗੀ, ਆਰਥਕ, ਭਾਈਚਾਰਕ ਅਤੇ ਕੌਮਾਂਤਰੀ ਸਭ ਕੰਮਾਂ ਵਿਚ ਵੀ ਉਸ ਦੇ ਪਰਮ ਮਿੱਤਰ ਦੀ ਹੈਸੀਅਤ ਵਿਚ ਉਸ ਦੀ ਅਗਵਾਈ ਤੇ ਸਹਾਇਤਾ ਕਰਕੇ ਖੁਸ਼ ਹੁੰਦਾ ਹੈ। ਗੁਰਮੁਖ ਨੂੰ ਇਹ ਮਲੂਮ ਕਰਕੇ ਬੜੀ ਪ੍ਰਸੰਨਤਾ ਹੁੰਦੀ ਹੈ ਕਿ ਉਸ ਦਾ ਕਰਤਾਰ ਉਸ ਦੇ ਜਗਤ ਵਿਚ ਹਰ ਪਾਸੇ ਕਾਮਯਾਬ ਦੇਖਣਾ ਚਾਹੁੰਦਾ ਹੈ। ਉਹ ਚਾਹੁੰਦਾ ਹੈ ਕਿ ਉਸ ਦਾ ਪੁੱਤਰ ਸਦਾ ਰੋਗ, ਡਰ, ਫ਼ਿਕਰ, ਚਿੰਤਾ, ਨਿਰਾਸਤਾ, ਅਸਫਲਤਾ ਤੋਂ ਆਜ਼ਾਦ ਰਹੇ ਅਤੇ ਐਸਾ ਹੋਣ ਵਿਚ ਆਪਣੇ ਪੁੱਤਰ ਦੀ ਹਰ ਪ੍ਰਕਾਰ ਸਹਾਇਤਾ ਕਰਨੀ ਚਾਹੁੰਦਾ ਹੈ। ਪੁੱਤਰ ਦੀ ਹਰ ਉਚੀ ਤੇ ਚੰਗੀ ਖੇਡ ਵਿਚ ਉਸ ਦਾ ਹਮਰਾਜ਼, ਦਰਦੀ ਤੇ ਭਾਈਵਾਲ ਬਣਨਾ ਚਾਹੁੰਦਾ ਹੈ। ਐਸੇ ਗੁਰਮੁਖ ਨੂੰ ਹੁਣ ਚਾਅ ਪੈਦਾ ਹੁੰਦਾ ਹੈ ਕਿ ਉਹ ਜਿਥੇ ਆਪਣੇ ਮਨ ਮਗਰ ਲਗ ਕੇ ਅਸ਼ਾਂਤ ਤੇ ਦੁਖੀ ਰਿਹਾ ਹੈ ਉਥੇ ਹੁਣ ਅੰਦਰੋਂ ਆ ਰਹੀ ਗੁਰੂ ਦੀ ਪ੍ਰੇਰਨਾ ਮਗਰ ਲੱਗ ਕੇ ਲੋਕ ਸੁਖੀ ਪਰਲੋਕ ਸੁਹੇਲਾ ਹੋ ਜਾਵੇ।

# ਪਾਪ ਪੁੰਨ

ਕਰਮ ਆਪਣੇ ਆਪ ਵਿਚ ਨਾ ਪਾਪ ਹੁੰਦੇ ਹਨ ਨਾ ਪੁੰਨ। ਇਨ੍ਹਾਂ ਨੂੰ ਜਿਸ ਨੀਅਤ ਨਾਲ ਕੀਤਾ ਜਾਵੇ ਉਹੋ ਬਣ ਜਾਂਦੇ ਹਨ। ਜੇ ਚੰਗੀ ਨੀਅਤ ਨਾਲ ਕੀਤਾ ਜਾਵੇ ਉਹ ਕਰਮ ਚੰਗਾ (ਪੁੰਨ) ਹੈ, ਜੇ ਮਾੜੀ ਨੀਅਤ ਨਾਲ ਕੀਤਾ ਜਾਵੇ ਤਾਂ ਉਹੋ ਕਰਮ ਮਾੜਾ (ਪਾਪ) ਹੈ।

ਮਿਸਾਲ ਦੇ ਤੌਰ ਤੇ ਕਿਸੇ ਆਦਮੀ ਨੂੰ ਛੁਰਾ ਮਾਰ ਕੇ ਇਸ ਨੀਅਤ ਨਾਲ ਜ਼ਖਮੀ ਕਰ ਦੇਣਾ ਕਿ ਉਸ ਨੂੰ ਪੀੜ ਹੋਵੇ, ਉਹ ਦੁਖੀ ਹੋਵੇ ਅਤੇ ਕਈ ਦਿਨ ਬਿਸਤਰੇ ਤੇ ਬਿਮਾਰ ਰਹੇ ਜਾਂ ਤੜਫ-ਤੜਫ ਕੇ ਮਰ ਜਾਵੇ, ਮਹਾਂ ਪਾਪ ਹੈ। ਪਰ ਕਿਸੇ ਦੇ ਬਦਨ ਨੂੰ ਤੇਜ਼ ਛੁਰੇ ਨਾਲ ਇਸ ਨੀਅਤ ਨਾਲ ਜ਼ਖਮੀ ਕਰਨਾ ਕਿ ਜਿਸਮ ਵਿਚੋਂ ਗੰਦਾ ਖੂਨ, ਪਾਕ ਅਤੇ ਅਲਾਇਸ਼, ਜ਼ਹਿਰ ਬਣਨ ਦੀ ਬਜਾਏ ਖਾਰਜ ਹੋ ਜਾਵੇ, ਪਾਪ ਨਹੀਂ। ਹਸਪਤਾਲਾਂ ਵਿਚ ਸਰਜਨ ਰੋਜ਼ ਸੈਂਕੜੇ ਮਰੀਜ਼ਾਂ ਦਾ ਉਪਰੇਸ਼ਨ ਕਰਦੇ ਹਨ, ਉਨ੍ਹਾਂ ਨੂੰ ਪਹਿਲੇ ਬੇਹੋਸ਼ ਕਰ ਦੇਂਦੇ ਹਨ ਫੇਰ ਉਨ੍ਹਾਂ ਦ ਨਿਰਦੋਸ਼ ਜਿਸਮ ਉਤੇ ਤੇਜ਼ ਚਾਕੂ ਜਾਂ ਛੁਰੀਆਂ ਚਲਾਂਦੇ, ਮਾਸ ਨੂੰ ਚੀਰਦੇ, ਫਾੜਦੇ ਹਨ। ਪਰ ਡਾਕਟਰਾਂ ਦਾ ਐਸਾ ਕਰਨਾ ਪਾਪ ਨਹੀਂ ਹੁੰਦਾ ਸਗੋਂ ਸੇਵਾ ਜਾਂ ਪੁੰਨ ਸਮਝਿਆ ਜਾਂਦਾ ਹੈ। ਡਾਕਟਰਾਂ ਪਾਸੋਂ ਪੁਰਸ਼ ਉਪਰੇਸ਼ਨ ਕਰਾਣ ਆਏ ਮਰ ਵੀ ਜਾਂਦੇ ਹਨ, ਪਰ ਫੇਰ ਵੀ ਉਨ੍ਹਾਂ ਨੂੰ ਕੋਈ ਡੰਨ ਨਹੀਂ ਦਿਤਾ ਜਾਂਦਾ। ਭਾਵੇਂ ਖੂਨੀ ਦੇ ਛੁਰੇ ਮਾਰਨ ਅਤੇ ਡਾਕਟਰ ਦੇ ਛੁਰੇ ਮਾਰਨ ਦੇ ਕਰਮ ਜ਼ਾਹਿਰਾ ਤੌਰ ਤੇ ਇਕੋ ਜਿਹੇ ਨਿਰਦਈ ਤੇ ਮਾੜੇ ਜਾਪਦੇ ਹਨ, ਪਰ ਇਕ ਨੂੰ ਫਾਂਸੀ ਤੇ ਲਟਕਾਇਆ ਜਾਂਦਾ ਹੈ ਅਤੇ ਦੂਸਰੇ ਨੂੰ ਹਜ਼ਾਰਾਂ ਰੁਪਏ ਮਾਹਵਾਰ ਤਨਖਾਹ ਦਿਤੀ ਜਾਂਦੀ ਹੈ। ਕਿਉਂ? ਕਿਉਂਕਿ ਇਨ੍ਹਾਂ ਦੋਹਾਂ ਪੁਰਸ਼ਾਂ ਦੀ ਨੀਯਤ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੁੰਦਾ ਹੈ। ਇਕ ਜਾਨ ਲੈਣ ਦੇ ਖਿਆਲ ਨਾਲ ਛੁਰਾ ਮਾਰ ਕੇ ਜ਼ਖਮੀ ਕਰਦਾ ਹੈ, ਦੂਸਰਾ ਜਾਨ ਬਚਾਉਣ ਦੇ ਖਿਆਲ ਨਾਲ ਛੁਰਾ ਮਾਰ ਕੇ ਜ਼ਖਮੀ ਕਰਦਾ ਹੈ। ਇਸੇ ਕਰਕੇ ਪਹਿਲਾ ਅਤਿ ਨੀਚ ਅਤੇ ਦੂਸਰਾ ਅਤਿ ਉਤਮ ਕਰਮ ਹੈ।





ਝੂਠ ਬੋਲਣਾ ਦੁਨੀਆਂ ਦੇ ਇਖ਼ਲਾਕ ਵਿਚ ਬੜਾ ਮਾੜਾ ਕਰਮ ਅਤੇ ਪਾਪ ਗਿਣਿਆ ਗਿਆ ਹੈ ਪਰ ਰਾਣਾ ਸਾਂਗਾ ਨੂੰ ਜਦ ਦੁਸ਼ਮਣ ਕਤਲ ਕਰਨ ਆਏ ਤਾਂ ਉਸ ਦੀ ਦਾਈ ਨੇ ਡਾਹਢਾ ਝੂਠ ਬੋਲਿਆ ਅਤੇ ਰਾਣਾ ਸਾਂਗਾ ਨੂੰ ਆਪਣਾ ਪੁੱਤਰ ਦੱਸਿਆ ਅਤੇ ਉਸੇ ਉਮਰ ਦੇ ਆਪਣੇ ਪੁੱਤਰ ਨੂੰ ਰਾਣਾ ਸਾਂਗਾ ਦੱਸਿਆ। ਨਤੀਜਾ ਇਹ ਨਿਕਲਿਆ ਕਿ ਉਸ ਦਾਈ ਦਾ ਬੱਚਾ, ਰਾਣਾ ਸਾਂਗਾ ਸਮਝ ਕੇ ਕਤਲ ਕੀਤਾ ਗਿਆ ਅਤੇ ਰਾਣਾ ਸਾਂਗਾ ਉਸ ਦਾਈ ਦਾ ਪੁੱਤਰ ਸਮਝ ਕੇ ਬਚ ਗਿਆ। ਇਹ ਕਿਉਂ ਹੋਇਆ? ਕਿਉਂਕਿ ਉਸ ਦਾਈ ਨੇ ਝੂਠ ਬੋਲਿਆ। ਕੀ ਇਹ ਝੂਠ ਵੀ ਪਾਪ ਸੀ? ਹਰਗਿਜ਼ ਨਹੀਂ। ਇਹ ਝੂਠ ਸੀ, ਜਿਸ ਤੋਂ ਹਜ਼ਾਰਾਂ ਸੱਚ ਨਿਛਾਵਰ ਕੀਤੇ ਜਾ ਸਕਦੇ ਹਨ। ਜੇ ਨਿਰਾ ਝੂਠ ਬੋਲਣਾ ਹੀ ਪਾਪ ਹੁੰਦਾ ਤਾਂ ਇਸ ਦਾਈ ਨੂੰ ਝੂਠ ਬੋਲ ਕੇ ਪੁੱਤਰ ਕਤਲ ਕਰਵਾ ਦੇਣ ਦੀ ਸਜ਼ਾ ਮਿਲਦੀ ਪਰ ਐਸਾ ਨਹੀਂ ਹੋਇਆ। ਇਸ ਦਾਈ ਨੂੰ ਰਿਆਸਤ ਮੇਵਾੜ ਦੀਆਂ ਰਾਣੀਆਂ ਤੋਂ ਵੱਧ ਰੁਤਬਾ ਪ੍ਰਾਪਤ ਹੋਇਆ। ਦਾਈ ਦੇ ਝੂਠ ਬੋਲਣ ਦੇ ਪਿਛੇ ਨੀਯਤ ਵਿਚ ਸ਼ੁਭ ਇੱਛਾ, ਤਿਆਗ ਅਤੇ ਨੇਕੀ ਸੀ ਜਿਸ ਕਰਕੇ ਉਸ ਦਾ ਝੂਠ ਮਹਾਂ ਉਤਮ ਕਰਮ ਗਿਣਿਆ ਗਿਆ। ਇਸ ਦੇ ਉਲਟ ਅਗਰ ਇਕ ਆਦਮੀ ਜ਼ਾਹਿਰਾ ਤੌਰ ਤੇ ਬੜਾ ਪਵਿੱਤਰ ਜੀਵਨ ਬਤੀਤ ਕਰਦਾ ਹੈ, ਪੰਜਾਂ ਬਾਣੀਆਂ ਦੇ ਪਾਠ ਦਾ ਨਿਤਨੇਮੀ ਹੈ, ਗੁਰੂ ਸ਼ਬਦ ਅੱਖਾਂ ਮੀਟ ਮੀਟ ਕੇ ਪੜ੍ਹਦਾ ਹੈ, ਗੁਰਦਵਾਰੇ ਵਿਚ ਬੜੀ ਸੇਵਾ ਕਰਦਾ ਹੈ, ਪਰ ਉਸ ਦੇ ਦਿਲ ਵਿਚ ਇਹ ਸਭ ਕੁਝ ਕਰਨ ਦਾ ਭਾਵ ਕੇਵਲ ਲੋਕਾਂ ਤੋਂ ਆਪਣੀ ਵਾਹ ਵਾਹ ਕਰਾਣਾ, ਅਨਜਾਣਾਂ ਨੂੰ ਛਲਣਾ ਅਤੇ ਆਪਣੀ ਪਾਰਸਾਈ ਦੀ ਆੜ ਵਿਚ ਮੰਦੀਆਂ ਵਾਸ਼ਨਾਵਾਂ ਨੂੰ ਪੂਰਾ ਕਰਨਾ ਹੋਵੇ, ਤਾਂ ਉਸ ਦੇ ਪਵਿੱਤਰ ਕਰਮ ਹੀ ਪਾਪ ਬਣ ਜਾਂਦੇ ਹਨ।

*ਭੇਖ ਦਿਖਾਇਓ ਜਗਤ ਕੋ ਲੋਗਨ ਕੋ ਬਸਕੀਨ।*
*ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮਹਿ ਲੀਨ।*

ਪਾਪ ਪੁੰਨ ਦੇ ਸਮਝਣ ਲਈ ਜਿਉਂ ਜਿਉਂ ਡੂੰਘੀ ਵਿਚਾਰ ਕਰੀਏ, ਇਸ ਸਿੱਟੇ ਤੇ ਪੁੱਜੀਦਾ ਹੈ ਕਿ ਪਾਪ ਪੁੰਨ ਅਸਲ ਵਿਚ ਕਰਮਾਂ ਵਿਚ ਨਹੀਂ ਵਸਦੇ ਬਲਕਿ ਨੀਯਤ ਵਿਚ ਵਸਦੇ ਹਨ। ਮਾੜੀ ਤੇ ਮਲੀਨ ਨੀਯਤ ਨਾਲ ਕੀਤੇ ਕਰਮ ਚਾਹੇ ਜ਼ਾਹਿਰਾ ਤੌਰ ਤੇ ਚੰਗੇ ਦਿਸਣ, ਦਰਅਸਲ ਪਾਪ ਹੁੰਦੇ ਹਨ ਅਤੇ ਚੰਗੀ ਨੀਯਤ ਅਤੇ ਸ਼ੁਭ ਇੱਛਾ ਨਾਲ ਕੀਤੇ ਕਰਮ ਚਾਹੇ ਉਤੋਂ ਮਾੜੇ ਲੱਗਣ, ਅਸਲ ਵਿਚ ਪੁੰਨ ਹੁੰਦੇ ਹਨ। ਸ੍ਰੀ ਰਾਮਚੰਦਰ ਜੀ

ਅੱਗੇ ਭੀਲਣੀ ਨੇ ਆਪਣੇ ਜੂਠੇ ਬੇਰ ਲਿਆ ਕੇ ਰੱਖੇ ਤਾਂ ਲੱਛਮਣ ਦੀ ਅੱਖ ਨੂੰ ਉਨ੍ਹਾਂ ਦੀ ਜ਼ਾਹਿਰਾ ਸ਼ਕਲ ਹੀ ਦਿੱਸੀ ਅਤੇ ਉਸ ਨੇ ਰਾਮਚੰਦਰ ਜੀ ਨੂੰ ਬੇਰ ਖਾਣ ਤੋਂ ਵਰਜਿਆ, ਪਰ ਰਾਮਚੰਦਰ ਜੀ ਨੂੰ ਉਨ੍ਹਾਂ ਜੂਠੇ ਬੇਰਾਂ ਦੇ ਪਿਛੇ ਭੀਲਣੀ ਦੀ ਨੇਕਨੀਤੀ, ਪ੍ਰੇਮ ਤੇ ਸ਼ੁਭ ਇੱਛਾ ਨਜ਼ਰ ਆਈ, ਇਸ ਕਰਕੇ ਸ੍ਰੀ ਰਾਮ ਜੀ ਨੇ ਆਪ ਵੀ ਉਹ ਬੇਰ ਸਵਾਦ ਨਾਲ ਖਾਧੇ ਤੇ ਲੱਛਮਣ ਨੂੰ ਵੀ ਭਰਮ ਛੱਡ ਕੇ ਐਸਾ ਕਰਨ ਵਾਸਤੇ ਆਖਿਆ। ਇਸੀ ਤਰ੍ਹਾਂ ਬਿਦਰ ਜੀ ਦੇ ਘਰ ਜਦ ਸ੍ਰੀ ਕ੍ਰਿਸ਼ਨ ਆਏ ਤਾ ਉਸ ਦੀ ਇਸਤ੍ਰੀ ਖੁਸ਼ੀ ਦੀ ਤੀਬਰਤਾ ਵਿਚ ਕੇਲੇ ਦੀਆਂ ਫਲੀਆਂ ਭੁੰਜੇ ਸੁਟਦੀ ਗਈ ਅਤੇ ਛਿੱਲੜ ਕ੍ਰਿਸ਼ਨ ਜੀ ਨੂੰ ਦੇਂਦੀ ਗਈ ਅਤੇ ਆਪ ਖਾਂਦੇ ਗਏ, ਕਿਉਂਕਿ ਉਨ੍ਹਾਂ ਛਿਲੜਾਂ ਦੇ ਦੇਣ ਵਾਲੇ ਹੱਥਾਂ ਦੇ ਪਿਛੇ ਬਿਦਰ ਦੀ ਇਸਤ੍ਰੀ ਦੇ ਮਨ ਦੀ ਸ਼ੁਭ ਅਤੇ ਸਤਿਕਾਰ ਭਰੀ ਇੱਛਾ ਸੀ, ਇਸ ਲਈ ਮਹਾਂਪੁਰਖ ਨੇ ਉਸ ਦੇ ਜ਼ਾਹਿਰਾ ਕਰਮ ਵੱਲ ਨਾ ਤੱਕਿਆ, ਸਗੋਂ ਉਸ ਦੇ ਪਿਛੇ, ਉਸ ਕਰਮ ਨੂੰ ਉਪਜਾਣ ਵਾਲੀ ਸ਼ੁਭ, ਪਵਿੱਤਰ ਤੇ ਨੇਕ ਇਛਿਆ ਨੂੰ ਦੇਖਿਆ।

ਇਸ ਲੇਖ ਦੇ ਲਿਖਣ ਤੋਂ ਸਾਡਾ ਭਾਵ ਉਨ੍ਹਾਂ ਮਿਤਰਾ ਦੀ ਅੱਖ ਖੋਲ੍ਹਣੀ ਹੈ, ਜਿਹੜੇ ਕੇਵਲ ਕਰਮ ਨੂੰ ਹੀ ਸਭ ਕੁਝ ਸਮਝਦੇ ਹਨ। ਕਰਮ ਆਪਣੇ ਆਪ ਵਿਚ ਕੋਈ ਚੀਜ਼ ਨਹੀਂ ਹੁੰਦੇ। ਇਨ੍ਹਾਂ ਨੂੰ ਚੰਗਾ ਜਾਂ ਮੰਦਾ ਬਨਾਣ ਵਾਲੀ ਸਿਰਫ ਇਨਸਾਨ ਦੀ ਨੀਯਤ ਹੁੰਦੀ ਹੈ। ਨੇਕ ਨੀਤੀ ਤੇ ਸ਼ੁਭ ਇੱਛਾ ਨਾਲ ਕੀਤੇ ਸਭ ਕਰਮ ਚੰਗੇ ਹਨ ਅਤੇ ਬੁਰੀ ਨੀਯਤ ਤੇ ਖੁਦਗਰਜ਼ੀ ਨਾਲ ਕੀਤੇ ਕਰਮ ਚਾਹੇ ਅਨਜਾਣ ਲੋਕਾਂ ਦੀ ਨਜ਼ਰ ਨੂੰ ਧੋਖਾ ਦੇ ਸਕਣ, ਦਰਅਸਲ ਹਨ ਮਾੜੇ।

ਸਾਥੋਂ ਜੇ ਕੋਈ ਪਾਪ ਪੁੰਨ ਦੀ ਤਾਰੀਫ਼ (Definition) ਪੁਛੇ ਤਾਂ ਅਸੀਂ ਏਹੋ ਆਖਾਂਗੇ ਕਿ ਆਪਣੀ ਆਤਮਾ ਦੀ ਆਵਾਜ਼ ਦੇ ਬਰਖਿਲਾਫ਼ ਜੋ ਕਰਮ ਵੀ ਕੀਤੇ ਜਾਣ, ਨਖਿੱਧ ਮਾੜੇ ਅਤੇ ਪਾਪ ਹਨ। ਆਪਣੀ ਆਤਮਾ ਦੀ ਆਵਾਜ਼ ਦੇ ਅਨੁਸਾਰ ਜੋ ਕਰਮ ਕੀਤੇ ਜਾਣ, ਉਹ ਚੰਗੇ ਅਤੇ ਪੁੰਨ ਹਨ। ਦੂਸਰੇ ਅੱਖਰਾਂ ਵਿਚ ਆਪਣੇ 'ਆਪੇ' ਨਾਲ ਧੋਖਾ ਕਰਨਾ ਪਾਪ ਹੈ ਅਤੇ 'ਆਪੇ' ਨਾਲ ਇਨਸਾਫ਼ ਕਰਨਾ, ਉਸ ਦੀ ਪ੍ਰੇਰਨਾ ਅਨੁਸਾਰ ਪੂਰੀ ਈਮਾਨਦਾਰੀ ਨਾਲ ਕੰਮ ਕਰਨਾ ਪੁੰਨ ਹੈ।





# ਅਕਾਸ਼ਬਾਣੀ

ਅਕਾਲ ਪੁਰਖ ਦੀ ਸੂਖਸ਼ਮ ਮੰਡਲਾਂ ਤੋਂ ਇਨਸਾਨ ਦੀ ਅਸਥੂਲ ਮੰਡਲਾਂ ਵਿਚ ਅਸਥੂਲ ਤਰੀਕੇ ਨਾਲ ਰਹਿਨੁਮਾਈ ਜਾਂ ਸੰਦੇਸ਼ ਨੂੰ ਧਾਰਮਕ ਬੋਲੀ ਵਿਚ ਅਕਾਸ਼ ਬਾਣੀ ਆਖਦੇ ਹਨ। ਉਂਜ ਤਾਂ ਇਨਸਾਨ ਦੀ ਸਦਾ ਰਹਿਨੁਮਾਈ ਅਕਾਲ ਪੁਰਖ ਵਲੋਂ ਹੀ ਹੁੰਦੀ ਰਹਿੰਦੀ ਹੈ, ਪਰ ਕਿਸੇ ਖਾਸ ਵੇਲੇ ਰੱਬ ਹਲੂਣਾ ਦੇ ਕੇ ਆਪਣੇ ਬੰਦਿਆਂ ਨੂੰ ਆਪਣਾ ਖਾਸ ਪੈਗ਼ਾਮ ਵੀ ਦੇ ਜਾਂਦਾ ਹੈ। ਮੈਂ ਆਪਣੀ ਸੰਸਾਰ ਯਾਤਰਾ ਵਿਚ ਕਈ ਵਾਰੀ ਇਸ ਕਿਸਮ ਦੀਆਂ ਘਟਨਾਵਾਂ ਹੁੰਦੀਆਂ ਵੇਖੀਆਂ ਹਨ। ਨਾਮਧਾਰੀ ਗੁਰਸਿੱਖਾਂ ਵਿਚ ਰੱਬ ਵਲੋਂ ਬੰਦਿਆਂ ਵਲ ਅਸਥੂਲ ਮੰਡਲਾਂ ਬਾਣੀਂ ਆਏ॥ ਇਸ ਕਿਸਮ ਦੀ ਰਹਿਨੁਮਾਈ ਨੂੰ 'ਗੋਬਿੰਦ ਬੋਲਿਆ' ਆਖਦੇ ਹਨ। ਜਦ ਮੈਨੂੰ ਪਹਿਲੇ ਇਸ ਆਤਮਕ ਘਟਨਾ ਦਾ ਪਤਾ ਲੱਗਾ ਤਾਂ ਬੜੀ ਹੈਰਾਨੀ ਹੋਈ ਪਰ ਹੁਣ ਇਹ ਇਕ ਸੁਭਾਵਕ ਘਟਨਾ ਪ੍ਰਤੀਤ ਹੁੰਦੀ ਹੈ। ਮੇਰੀ ਪਹਿਲੀ ਹੈਰਾਨੀ ਦਾ ਅਸਲੀ ਕਾਰਨ ਇਹ ਸੀ ਕਿ ਉਸ ਵੇਲੇ ਰੱਬ ਦੀ ਹਸਤੀ ਵਿਚ ਉਤੋਂ ਉਤੋਂ ਮੇਰੇ ਜ਼ਬਾਨੀ ਕੀਤੇ ਦਾਵਿਆਂ ਦੀ ਤਹਿ ਵਿਚ ਉਹ ਨਿਸ਼ਚਾ ਨਹੀਂ ਸੀ ਜਿਹੜਾ ਕਿ ਇਕ ਸੱਚੇ ਗੁਰਸਿੱਖ ਨੂੰ ਹੋਣਾ ਚਾਹੀਦਾ ਹੈ।

ਮੇਰਾ ਹੁਣ ਯਕੀਨ ਹੈ ਕਿ ਜਦ ਮੈਨੂੰ ਕਿਸੇ ਗੱਲ ਦੀ ਸਮਝ ਨਾ ਆਵੇ ਅਤੇ ਮੈਂ ਉਸ ਦੋਚਿਤੀ ਦੀ ਹਾਲਤ ਵਿਚ ਵਾਹਿਗੁਰੂ ਅੱਗੇ ਨਿਰਮਾਣ ਹੋ ਕੇ ਅਕਾਲੀ ਹੁਕਮ ਜਾਂ ਸਲਾਹ ਜਾਂ ਰਹਿਨੁਮਾਈ ਵਾਸਤੇ ਪ੍ਰਾਰਥਨਾ ਕਰਾਂ ਤਾਂ ਅਕਾਲਪੁਰਖ ਮੇਰੀ ਕਿਸੇ ਤਰੀਕੇ ਵਿਚ ਅਸਥੂਲ ਮੰਡਲਾਂ (Material chanels) ਬਾਣੀ ਅਗਵਾਈ ਕਰਦੇ ਹਨ ਅਤੇ ਜੇਕਰ ਮੇਰਾ ਨਿਸ਼ਚਾ ਉਸ ਅਗਵਾਈ ਉਤੇ ਪੱਕਾ ਤੇ ਅਡੋਲ ਹੋਵੇ ਤਾਂ ਉਹ ਰਹਿਨੁਮਾਈ ਸੋਲ੍ਹਾਂ ਆਨੇ ਸੱਚ ਨਿਕਲਦੀ ਹੈ। ਮੈਂ ਇਸ ਕਿਸਮ ਦੇ ਬਹੁਤ ਸਾਰੇ ਵਾਕਿਅਤ ਬਿਆਨ ਕਰ ਸਕਦਾ ਹਾਂ ਜਦ ਕਿਸੇ ਮੁਸ਼ਕਲ, ਮੁਸੀਬਤ, ਦੋਚਿਤੀ ਦੀ ਹਾਲਤ ਵਿਚ ਮੈਨੂੰ ਰੱਬ ਵਲੋਂ ਪ੍ਰਤੱਖ ਰਹਿਨੁਮਾਈ ਮਿਲੀ ਹੋਵੇ, ਪਰ ਅੱਜ ਮੈਂ 'ਆਤਮ-ਸਾਇੰਸ' ਦੇ ਪਾਠਕਾਂ ਦੇ ਚਰਨਾਂ ਵਿਚ ਦੋ ਵਾਕਿਆਤ ਬਿਆਨ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਦਾ ਅੱਜ ਕਲ੍ਹ ਦੇ ਸਮੇਂ ਨਾਲ ਸਿੱਧਾ ਸਬੰਧ ਹੈ।

ਕਲਕੱਤੇ ਵਿਚ ਅਸੀਂ ਇਕ ਛੋਟਾ ਜਿਹਾ 'ਆਤਮ-ਸਾਇੰਸ' ਸਤਿਸੰਗ ਕਾਇਮ ਕੀਤਾ ਹੋਇਆ ਹੈ। ਇਸ ਦੀਆਂ ਹਫ਼ਤਾਵਾਰੀ ਮੀਟਿੰਗਾਂ ਬਾਕਾਇਦਾ ਕਈ ਸਾਲ ਤੋਂ ਹੋ ਰਹੀਆਂ ਹਨ। ਪਹਿਲੇ ਪਹਿਲ, ਸ਼ੁਰੂ ਵਿਚ ਇਸ 'ਆਤਮ-ਸਾਇੰਸ' ਸਤਿਸੰਗ ਦੀ ਇਕ ਇਕੱਤਰਤਾ ਸਰਦਾਰ ਮਧੂਸੂਦਨ ਸਿੰਘ ਜੀ ਦੇ ਮਕਾਨ ਤੇ ਹੋਈ। ਇਸ ਇਕੱਤਰਤਾ ਵਿਚ ਵਾਹਿਗੁਰੂ ਦੀ ਰਖਸ਼ਕ ਸ਼ਕਤੀ ਸਬੰਧੀ ਵਿਚਾਰਾਂ ਹੋਈਆਂ। ਇਹ ਉਹ ਸਮਾਂ ਸੀ ਕਿ ਜਦ ਜਾਪਾਨੀ ਫੌਜਾਂ ਸਿੰਘਾਪੁਰ ਫਤਹਿ ਕਰਨ ਮਗਰੋਂ, ਬਰਮਾ ਵਿਚ ਦਬਾਦਬ ਵੱਧ ਰਹੀਆਂ ਸਨ ਅਤੇ ਰੰਗੂਨ ਉਤੇ ਪਹਿਲੇ ਹਵਾਈ ਹਮਲਿਆਂ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਮਨੁੱਖਾਂ ਦੇ ਨੁਕਸਾਨ ਦੀਆਂ ਖ਼ਬਰਾਂ ਆ ਚੁੱਕੀਆਂ ਸਨ। ਕਲਕੱਤਾ ਸਰਕਾਰੀ ਤੌਰ ਤੇ ਖਤਰੇ ਦੇ ਦਾਇਰੇ ਵਿਚ ਸ਼ੁਮਾਰ ਕੀਤਾ ਗਿਆ ਸੀ ਤੇ ਗਵਰਨਮੈਂਟ ਨੇ ਐਲਾਨ ਕੀਤਾ ਸੀ ਕਿ ਜੋ ਛੱਡ ਸਕਦੇ ਹਨ ਉਹ ਫੌਰਨ ਕਲਕੱਤੇ ਨੂੰ ਖਾਲੀ ਕਰ ਦੇਣ। ਲੱਖਾਂ ਦੀ ਤਾਦਾਦ ਵਿਚ ਲੋਕੀਂ ਕਲਕੱਤੇ ਤੋਂ ਬਾਹਰ ਨੱਸ ਰਹੇ ਸਨ ਅਤੇ ਇੰਜ ਜਾਪਦਾ ਸੀ ਕਿ ਹੁਣ ਜਾਪਾਨੀ ਹਮਲਾ ਹੋਇਆ ਕਿ ਹੋਇਆ।

ਐਸੇ ਹਾਲਾਤ ਅੰਦਰ ਸਾਡੇ ਆਤਮ ਸਾਇੰਸ ਦੇ ਸਤਿਸੰਗ ਵਿਚ ਜੋ ਰੱਬ ਦੀ ਰਖਸ਼ਕ ਸ਼ਕਤੀ ਸਬੰਧੀ ਵਿਚਾਰ ਹੋਈ ਉਸ ਦਾ ਸਾਰ ਇਸ ਪ੍ਰਕਾਰ ਸੀ -

'ਵਾਹਿਗੁਰੂ ਸਰਬ-ਵਿਆਪਕ' (Omnipresent) ਹੈ, ਇਸ ਲਈ ਕਲਕੱਤੇ ਵਿਚ ਵੀ ਉਸੇ ਤਰ੍ਹਾਂ ਮੌਜੂਦ ਹੈ, ਜਿਸ ਤਰ੍ਹਾਂ ਕਿ ਕਲਕੱਤਾ ਛੱਡ ਕੇ ਜਾਣ ਵਾਲੇ ਅਸਥਾਨਾਂ ਵਿਚ। ਵਾਹਿਗੁਰੂ ਸਰਬਸ਼ਕਤੀਮਾਨ (Omnipotent) ਹੈ, ਇਸ ਲਈ ਉਹ ਕਲਕੱਤੇ ਵਿਚ ਵੀ ਸਿਦਕ ਭਰੋਸੇ ਵਾਲੇ ਜੀਵਾਂ ਦੀ ਉਸੇ ਤਰ੍ਹਾਂ ਰੱਛਿਆ ਕਰਨ ਦੇ ਸਮਰੱਥ ਹੈ, ਜਿਵੇਂ ਕਲਕੱਤੇ ਤੋਂ ਬਾਹਰ ਹੋਰ ਅਸਥਾਨਾਂ ਵਿਚ। ਨਿਰਮਾਣ ਹੋ ਕੇ ਆਪਣੀ ਸ਼ਰਨ ਆਏ ਬੰਦਿਆਂ ਦੇ ਐਬ ਜਾਂ ਕਮਜ਼ੋਰੀਆਂ ਨੂੰ ਵਾਹਿਗੁਰੂ ਨਹੀ ਵਿਚਾਰਦਾ, ਸਗੋਂ ਬਿਰਦ ਦੀ ਲਾਜ ਰਖਦਾ ਹੈ।

*ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨਾ ਚਿਤਾਰੇ॥*
*ਪੰਨਾ - 784*

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥*
*ਪੰਨਾ - 544*





ਇਸ ਲਈ ਰੱਬ ਦੀ ਰਖਸ਼ਕ ਸ਼ਕਤੀ ਤੋਂ ਪੂਰਨ ਲਾਭ ਉਠਾਣ ਲਈ ਇਨਸਾਨ ਨੂੰ ਮਨ ਦੀ ਨਿਰਮਾਣ ਅਤੇ ਅਧੀਨ ਅਵਸਥਾ ਵਿਚ ਸਰਬਸ਼ਕਤੀਮਾਨ ਤੇ ਸਰਬ-ਵਿਆਪਕ ਅਕਾਲ ਪੁਰਖ ਦੀ ਸ਼ਰਨ ਜਾਣਾ ਚਾਹੀਦਾ ਹੈ ਅਤੇ ਨਾ ਇਹ ਭਰਮ ਕਰਨਾ ਚਾਹੀਦਾ ਹੈ ਕਿ ਮੈਂ ਤਾਂ ਬੜਾ ਮਾੜਾ ਹਾਂ, ਮੈਂ ਪਵਿੱਤਰ ਰੱਬ ਦੀ ਸ਼ਰਨ ਵਿਚ ਕਿਸ ਮੂੰਹ ਨਾਲ ਜਾਵਾਂ? ਅਤੇ ਨਾ ਹੀ ਇਹ ਸ਼ੱਕ ਕਰਨਾ ਚਾਹੀਦਾ ਹੈ ਕਿ ਖਵਰੇ ਅਕਾਲ ਪੁਰਖ ਮੇਰੀ ਰਖਸ਼ਾ ਕਰੇ ਕਿ ਨਾ ਕਰੇ? ਜਦ ਜੀਵ ਮਨ ਦੀ ਇਸ ਦ੍ਰਿੜ੍ਹ ਅਵਸਥਾ ਵਿਚ ਨਿਰਮਾਣ ਹੋ ਕੇ ਰੱਬ ਦੀ ਸ਼ਰਨ ਪਹੁੰਚੇ ਤਾਂ ਰੱਬੀ ਕਾਨੂੰਨ ਖ਼ੁਦ-ਬਖ਼ੁਦ ਹਰਕਤ ਵਿਚ ਆਉਣੇ ਸ਼ੁਰੂ ਹੋ ਜਾਂਦੇ ਹਨ ਅਤੇ ਰੱਬ ਆਪਣੇ ਬੰਦੇ ਦੀ ਤੁਰਤ ਰਖਸ਼ਾ ਕਰਦਾ ਹੈ।

ਇਸ ਵਿਚਾਰ ਮਗਰੋਂ ਸਾਰੇ ਸਤਿਸੰਗੀਆਂ ਨੇ ਬੜੀ ਅਧੀਨਗੀ ਨਾਲ ਅਰਦਾਸ ਕੀਤੀ। ਅਰਦਾਸ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂਵਾਕ ਲਿਆ ਗਿਆ - ਮੇਰਾ ਯਕੀਨ ਹੈ ਕਿ ਉਸ ਮਹਾਂਵਾਕ ਦੁਆਰਾ ਅਕਾਲ ਪੁਰਖ ਨੇ ਉਸ ਵੇਲੇ ਸਾਡੀ ਅਸਥੂਲ ਮੰਡਲਾਂ ਰਾਹੀਂ ਪਰਪੱਕ ਰਹਿਨੁਮਾਈ ਕੀਤੀ ਅਤੇ ਉਸ ਤੋਂ ਪਿਛੋਂ ਹੋਈਆਂ ਘਟਨਾਵਾਂ ਮੇਰੇ ਇਸ ਯਕੀਨ ਦੀ ਪ੍ਰੋੜ੍ਹਤਾ ਕਰਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਉਸ ਸਮੇਂ ਆਇਆ ਅਕਾਲੀ ਹੁਕਮ ਇਸ ਪ੍ਰਕਾਰ ਸੀ -

*ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥*
*ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ॥*
*ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ॥*
*ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ॥ ਰਹਾਉ॥*
*ਮਨਿ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ॥*
*ਹਰਿ ਸਿਮਰਿ ਸਿਮਰਿ ਆਨਦ ਕਰ ਨਾਨਕ*
*ਪ੍ਰਭਿ ਪੂਰਨ ਪੈਜ ਰਖਾਈ॥* *ਪੰਨਾ - 682*

ਜਦ ੧੯੪੨ ਦੇ ਦਸੰਬਰ ਵਿਚ ਸੱਚੀਮੁਚੀ ਕਲਕੱਤੇ ਤੇ ਜਾਪਾਨੀ ਹਵਾਈ ਹਮਲੇ ਹੋਣੇ ਸ਼ੁਰੂ ਹੋਏ ਅਤੇ ਲੱਖਾਂ ਦੀ ਗਿਣਤੀ ਵਿਚ ਫੇਰ ਲੋਕੀਂ ਕਲਕੱਤਾ ਛੱਡ ਕੇ ਚਲੇ ਗਏ ਤਾਂ ਕੁਦਰਤੀ ਤੌਰ ਉਤੇ 'ਆਤਮ-ਸਾਇੰਸ' ਸਤਿਸੰਗ ਦੇ ਕਈ ਮੈਂਬਰਾਂ ਦੇ ਦਿਲਾਂ ਵਿਚ ਫੇਰ ਦੋਚਿਤੀ ਸੀ, ਜਿਸਨੂੰ ਫੇਰ ਕਰਤਾਰ ਨੇ ਆਪਣੀ ਅਪਾਰ ਕਿਰਪਾ ਦੁਆਰਾ ਅਸਥੂਲ ਮੰਡਲਾਂ ਰਾਹੀਂ ਸੰਦੇਸ਼ ਭੇਜ ਕੇ ਦੂਰ ਕੀਤਾ। ਇਹ ਘਟਨਾ ਇਸ ਪ੍ਰਕਾਰ ਹੈ -

ਮੇਰੇ ਮਕਾਨ ਦੇ ਉਤਲੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸਵੇਰ ਤੋਂ ਰਾਤ ਤੱਕ ਹੋਇਆ ਰਹਿਦਾ ਹੈ। ਰਾਤ ਸੌਣ ਵੇਲੇ ਦੇ ਕਰੀਬ ਘਰ ਦਾ ਕੋਈ ਮੈਂਬਰ ਮਹਾਰਾਜ ਦਾ ਜਾ ਕੇ ਸੁਖ ਆਸਨ ਕਰ ਆਉਂਦਾ ਸੀ। ੨੪-੧੨-੪੨ ਦੀ ਰਾਤ ਨੂੰ ਨੌਂ ਵਜੇ ਹਵਾਈ ਹਮਲੇ ਦਾ ਸਾਇਰਨ (Siren) ਵੱਜਿਆ। ਕੁਝ ਦਿਨਾਂ ਤੋਂ ਕਲਕੱਤੇ ਵਿਚ ਇਹ ਅਫਵਾਹ ਬੜੇ ਜ਼ੋਰਾਂ ਵਿਚ ਚੱਕਰ ਲਗਾ ਰਹੀ ਸੀ ਕਿ ਕਿਉਂਕਿ ੨੫ ਦਸੰਬਰ ਨੂੰ ਵੱਡਾ ਦਿਨ ਹੈ, ਇਸ ਲਈ ੨੪ ਦੀ ਰਾਤ ਨੂੰ ਸਖਤ ਹਵਾਈ ਹਮਲਾ ਹੋਵੇਗਾ। ਇਸ ਲਈ ੨੪ ਰਾਤ ਨੂੰ ਜਦ ਸਾਇਰਨ ਵੱਜਿਆ ਤਾਂ ਕੁਝ ਚਿਰ ਲਈ ਕੁਦਰਤੀ ਤੌਰ ਤੇ ਸਭ ਨੇ ਡਰ ਅਨੁਭਵ ਕੀਤਾ, ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਅਜੇ ਸੁਖ ਆਸਨ ਨਹੀਂ ਸਨ ਕਰਾਏ ਗਏ, ਇਸ ਲਈ ਘਰ ਦੀ ਇਕ ਬੀਬੀ ਨੂੰ, ਉਸ ਸਮੇਂ ਜਦ ਕਿ ਸ਼ਹਿਰ ਦੇ ਆਮ ਲੋਕਾਂ ਵਿਚ ਹਫੜਾ-ਦਵਫੜੀ ਪਈ ਹੋਈ ਸੀ, ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਖ ਆਸਨ ਦੀ ਸੇਵਾ ਯਾਦ ਆਈ ਅਤੇ ਫੌਰਨ ਹੇਠਲੀ ਛੱਤ ਵਿਚ ਸ਼ੈਲਟਰ (Shelter) ਵਿਚ ਜਾਣ ਦੀ ਬਜਾਏ, ਉਹ ਘਰ ਦੀ ਉਤਲੀ ਛੱਤ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਦੌੜੀ। ਗੁਰੂ ਗ੍ਰੰਥ ਸਾਹਿਬ ਜੀ ਵਿਚੋਂ, ਉਸ ਵੇਲੇ ਜਦ ਕਿ ਸ਼ਹਿਰ ਵਿਚ ਬੰਬ ਡਿੱਗ ਰਹੇ ਸੀ ਅਤੇ ਬੰਬਾਂ ਦੇ ਨਜ਼ਦੀਕ ਦੇ ਘਰਾਂ ਨੂੰ ਭੂਚਾਲ ਦੀ ਤਰ੍ਹਾਂ ਹਿਲਾ ਰਹੇ ਸਨ, ਫੇਰ ਅਕਾਲਪੁਰਖ ਨੇ ਆਪਣੀ ਸ਼ਰਨ ਆਉਣ ਵਾਲੇ ਪ੍ਰਾਣੀਆਂ ਦੀ ਅਸਥੂਲ ਮੰਡਲਾਂ ਬਾਣੀ ਇਸ ਪ੍ਰਕਾਰ ਸਹਾਇਤਾ ਕੀਤੀ ਤੇ ਧੀਰਜ ਬਝਵਾਇਆ। ਉਸ ਸਮੇਂ ਆਇਆ ਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂਵਾਕ ਇਹ ਸੀ -

*ਸੋਰਠਿ ਮਹਲਾ ੫*
*ਦੂਰਤੁ ਗਵਾਇਆ ਹਰਿ ਪ੍ਰਭਿ ਆਪੇ ਸਭੁ ਸੰਸਾਰੁ ਉਬਾਰਿਆ॥*
*ਪਾਰਬ੍ਰਹਮਿ ਪ੍ਰਭਿ ਕਿਰਪਾ ਧਾਰੀ ਅਪਣਾ ਬਿਰਦੁ ਸਮਾਰਿਆ॥੧॥*
*ਹੋਈ ਰਾਜੇ ਰਾਮ ਕੀ ਰਖਵਾਲੀ॥*
*ਸੂਖ ਸਹਿਜ ਆਨਦ ਗੁਣ ਗਾਵਹੁ ਮਨੁ ਤਨੁ ਦੇਹ ਸੁਖਾਲੀ॥ ਰਹਾਉ॥*
*ਪਤਿਤ ਉਧਾਰਣੁ ਸਤਿਗੁਰੁ ਮੇਰਾ ਮੋਹਿ ਤਿਸ ਕਾ ਭਰਵਾਸਾ॥*
*ਬਖਸਿ ਲਏ ਸਭਿ ਸਚੈ ਸਾਹਿਬਿ ਸੁਣਿ ਨਾਨਕ ਕੀ ਅਰਦਾਸਾ॥*
*ਪੰਨਾ - 621*

ਆਦਮੀ ਦੇ ਮਨ ਵਿਚ ਫੁਰਨੇ (Thoughts) ਉਤਪੰਨ ਹੋਣ ਦੇ





ਤਰੀਕੇ (Process) ਨੂੰ ਜਦ ਅਭਿਆਸ ਵਿਚ ਬੈਠ ਕੇ ਗਹੁ ਨਾਲ ਦੇਖਿਆ ਜਾਏ ਤਾਂ ਪਤਾ ਲਗੇਗਾ ਕਿ ਆਦਮੀ ਦੇ ਦਿਮਾਗ ਵਿਚ ਹਮੇਸ਼ਾਂ ਕਿਸੇ ਨਾ-ਮਾਲੂਮ ਸੋਮੇ ਤੋਂ ਖਿਆਲ ਉਠਦੇ ਰਹਿੰਦੇ ਹਨ, ਜਿਨ੍ਹਾਂ ਦੀ ਰੋਸ਼ਨੀ ਜਾਂ ਪ੍ਰੇਰਨਾ ਅਨੁਸਾਰ ਆਦਮੀ ਆਪਣੇ ਕੰਮ ਕਾਰਜ ਕਰਦਾ ਹੈ। ਇਹ ਖਿਆਲ ਹਰ ਇਕ ਆਦਮੀ ਦੀ ਆਤਮਕ ਅਵਸਥਾ ਦੇ ਹਿਸਾਬ ਨਾਲ ਆਉਂਦੇ ਹਨ ਪਰ ਇਨ੍ਹਾਂ ਦੇ ਆਉਣ ਦਾ ਸੋਮਾ ਇਕੋ ਹੀ ਹੈ। ਇਸ ਸੋਮੇ ਨੂੰ ਆਤਮਕ ਬੋਲੀ ਵਿਚ 'ਬ੍ਰਹਮ' ਆਖਦੇ ਹਨ। ਇਸ ਕਰਕੇ ਕੁਲ ਦੁਨੀਆ ਦੇ ਜੀਵਾਂ ਦੀ ਰਹਿਨੁਮਾਈ 'ਬ੍ਰਹਮ' ਤੋਂ ਹਰ ਇਕ ਜੀਵ ਦੀ ਅਵਸਥਾ ਅਨੁਸਾਰ ਹੁੰਦੀ ਰਹਿੰਦੀ ਹੈ -

*ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥* *ਪੰਨਾ - 134*

ਭਾਵੇਂ ਇਹ ਰਹਿਨੁਮਾਈ ਆਮ ਤੌਰ ਤੇ ਜੀਵਾਂ ਦੇ ਅੰਦਰੋਂ ਉਤਪੰਨ ਹੁੰਦੀ ਹੈ ਪਰ ਇਹ ਕਹਿਣਾ ਦਰੁਸਤ ਨਹੀਂ ਕਿ ਇਸ ਰਹਿਨੁਮਾਈ ਦਾ ਸਿਵਾਏ ਜੀਵਾਂ ਦੇ ਅੰਦਰੋਂ ਆਉਣ ਦੇ ਹੋਰ ਕੋਈ ਜ਼ਰੀਆ ਜਾਂ ਰਸਤਾ ਨਹੀਂ। ਜਦ ਜੀਵ ਆਪਣੇ ਅੰਦਰੋਂ ਇਸ ਰਹਿਨੁਮਾਈ ਨੂੰ ਚੰਗੀ ਤਰ੍ਹਾਂ ਅਨੁਭਵ ਨਾ ਕਰੇ ਜਾਂ ਇਸ ਦੇ ਚੰਗੀ ਤਰ੍ਹਾਂ ਅਰਥ ਨਾ ਸਮਝ ਸਕੇ ਤਾਂ ਕਈ ਵਾਰੀ ਇਹ ਰਹਿਨੁਮਾਈ ਬਾਹਰੋਂ ਕਿਸੇ ਅਸਥੂਲ ਜ਼ਰੀਏ ਰਾਹੀਂ ਵੀ ਹੋ ਸਕਦੀ ਹੈ। ਸੱਚ ਦੇ ਖੋਜੀਆਂ ਦੀਆਂ ਆਤਮਕ ਰਸਤੇ ਤੇ ਆਈਆਂ ਕਈ ਰੁਕਾਵਟਾਂ ਇਸ ਤਰੀਕੇ ਨਾਲ 'ਬ੍ਰਹਮ' ਵਲੋਂ ਦੂਰ ਹੁੰਦੀਆਂ ਰਹਿੰਦੀਆਂ ਹਨ।

ਜੋ ਸ਼ਖਸ਼ ਇਨਸਾਨ ਦੀਆਂ ਖਿਆਲ ਤਰੰਗਾਂ (Thought waves) ਦਾ ਸੋਮਾ 'ਬ੍ਰਹਮ' ਮੰਨਦਾ ਹੈ, ਉਸ ਲਈ ਇਹ ਗੱਲ ਸਮਝਣੀ ਮੁਸ਼ਕਲ ਨਹੀਂ ਕਿ 'ਬ੍ਰਹਮ' ਜੇ ਚਾਹੇ ਤਾਂ ਅੰਦਰ ਦੀ ਬਜਾਏ, ਬਾਹਰ ਦੇ ਅਨੇਕ ਤਰੀਕਿਆਂ ਰਾਹੀਂ ਇਨਸਾਨ ਦੀ ਅਗਵਾਈ ਕਰ ਸਕਦਾ ਹੈ। ਇਨਸਾਨ ਦੇ ਕਰਮ ਉਸ ਦੇ ਖਿਆਲਾਂ ਅਨੁਸਾਰ ਹੁੰਦੇ ਹਨ ਅਤੇ ਇਹ ਖਿਆਲ ਉਸ ਨੂੰ ਉਸ ਦੀ ਅਵਸਥਾ ਅਨੁਸਾਰ ਅਕਾਲ ਪੁਰਖ ਤੋਂ ਆਉਂਦੇ ਰਹਿੰਦੇ ਹਨ। ਕਦੀ ਅੰਦਰੋਂ ਅਤੇ ਕਦੀ ਬਾਹਰ ਦੇ ਵਸੀਲਿਆਂ ਤੋਂ ਲੱਭੀ ਰਹਿਨੁਮਾਈ ਨੂੰ ਮੈਂ 'ਅਕਾਸ਼ ਬਾਣੀ' ਆਖਦਾ ਹਾਂ -

*ਜਿਤੁ ਮਾਰਗਿ ਤੁਮ ਪ੍ਰੇਰਹੁ ਸੁਆਮੀ॥*
*ਤਿਤੁ ਮਾਰਗਿ ਹਮ ਜਾਤੇ॥* *ਪੰਨਾ - 169*

# ਸਬਰ

ਜਿਸ ਆਦਮੀ ਵਿਚ ਸਬਰ ਨਾਲ ਇੰਤਜ਼ਾਰ ਕਰ ਸਕਣ ਦੀ ਖੂਬੀ ਹੈ, ਉਹ ਜੋ ਚਾਹੇ ਕਰ ਸਕਦਾ ਹੈ, ਉਸ ਦੀ ਡਿਕਸ਼ਨਰੀ (Dictionary) ਵਿਚ ਨਾਮੁਮਕਿਨ ਲਫਜ਼ ਹੁੰਦਾ ਹੀ ਨਹੀਂ। ਐਸਾ ਆਦਮੀ ਇਕ ਸ਼ਕਤੀ ਹੈ ਜਿਸ ਵਿਚ ਅਕਲ ਚਕ੍ਰਿਤ ਕਰਨ ਵਾਲੇ ਕਾਰਨਾਮੇ ਕਰਨ ਦੀ ਸਮਰੱਥਾ ਹੁੰਦੀ ਹੈ।

ਸ਼ਹਿਦ ਦੇ ਭਰੇ ਛੱਤੇ ਵਲ ਤੱਕਿਆਂ ਸਬਰ ਦੀ ਤਸਵੀਰ ਸਾਫ ਨਜ਼ਰ ਆਵੇਗੀ। ਮੱਖੀਆਂ ਦਾ ਫੁਲਾਂ ਵਿਚੋਂ ਸ਼ਹਿਦ ਦੇ ਜ਼ੱਰਿਆਂ (Atoms) ਨੂੰ ਖਿੱਚ ਕੇ ਲਿਆਉਣਾ, ਛੱਤੇ ਵਰਗੀ ਖੂਬਸੂਰਤ ਇਮਾਰਤ ਤਿਆਰ ਕਰਕੇ ਉਸ ਵਿਚ ਜਮ੍ਹਾਂ ਕਰਨਾ, ਸਬਰ ਦੇ ਫਲ ਦਾ ਜੀਉਂਦਾ ਸਬੂਤ ਹੈ।

ਮੈਂ ਕਾਲਜ ਦੇ ਦਿਨਾਂ ਵਿਚ ਹਾਫਜ਼ ਸ਼ੀਰਾਜ਼ੀ (ਪਰਸ਼ੀਆ ਦੇ ਪ੍ਰਸਿੱਧ ਕਵੀ) ਦਾ ਇਕ ਸ਼ੇਅਰ ਆਪਣੇ ਮੌਲਵੀ ਸਾਹਿਬ ਤੋਂ ਸੁਣਿਆ ਸੀ -

*ਰੋਜ਼ੇ ਬਰਸੀ ਬਵਸਲ ਹਾਫਜ਼*
*ਗਰ ਤਾਕਤੇ ਇੰਤਜ਼ਾਰ ਦਾਰੀ।*

ਉਲਥਾ -

*ਇਕ ਦਿਨ ਵਸਲ ਮਾਹੀ ਦਾ ਪਾਵੇ।*
*ਜਿਸ ਨੂੰ ਵਲ ਉਡੀਕਣ ਆਵੇ।*

ਇਸ ਸ਼ੇਅਰ ਨੇ ਮੇਰੀ ਜ਼ਿੰਦਗੀ ਤੇ ਇਕ ਅਜੀਬ ਅਸਰ ਪੈਦਾ ਕੀਤਾ। ਮੈਨੂੰ ਇਸ ਮਹਾਂਵਾਕ ਨੂੰ ਅਗਰ ਆਪਣੇ ਖੂਨ ਨਾਲ ਲਿਖ ਕੇ ਦੁਨੀਆਂ ਵਿਚ ਵੰਡਣਾ ਪਵੇ ਤਾਂ ਵੀ ਮਹਿੰਗਾ ਸੌਦਾ ਨਹੀਂ ਸਮਝਦਾ। ਇਸ ਨੇ ਮੇਰੇ ਹੌਂਸਲੇ ਤੇ ਸਬਰ ਨੂੰ ਖਾਸੀ ਦ੍ਰਿੜ੍ਹਤਾ ਦਿਤੀ।

ਸਚਾਈ ਦੀ ਢੂੰਡ ਵਿਚ ਇਸ ਮਹਾਂਵਾਕ ਨੇ ਜੋ ਰੰਗ ਦਿਖਾਇਆ ਹੈ, ਉਹ ਤਾਂ ਵਖਰਾ ਰਿਹਾ, ਮੈਂ ਸਬਰ ਦੇ ਅਸੂਲ ਨੂੰ ਹੋਰ ਕਈ ਪਾਸੇ ਅਜ਼ਮਾ ਕੇ ਵੇਖਿਆ ਹੈ, ਇਸ ਦੇ ਨਤੀਜੇ ਅਚੰਭਾ ਭਰੀ ਕਾਮਯਾਬੀ ਦੇ





ਹੋਏ ਹਨ। ਮਿਸਾਲ ਦੇ ਤੌਰ ਤੇ ਆਪਣੇ ਜੀਵਨ ਦੇ ਦੋ ਵਾਕਿਆਤ ਏਥੇ ਦਸਦਾ ਹਾਂ।

ਅੱਜ ਤੋਂ ਵੀਹ-ਪੰਝੀ ਸਾਲ ਪਹਿਲੇ ਮੇਰੇ ਪਿਤਾ ਜੀ ਸੱਚ ਬੋਲਣ ਦੇ ਆਦੀ ਹੋਣ ਕਰਕੇ ਕਈ ਵਾਰ ਆਖਿਆ ਕਰਦੇ ਸੀ ਕਿ ਰੱਬ ਕੋਈ ਚੀਜ਼ ਨਹੀਂ, ਅਗਰ ਹੈ ਤੇ ਮੈਨੂੰ ਇਸ ਦਾ ਕੋਈ ਪਤਾ ਨਹੀਂ, ਜਿਸ ਦਾ ਮਤਲਬ ਇਹ ਹੈ ਕਿ ਮੇਰੇ ਵਾਸਤੇ ਉਹ ਨਹੀਂ ਹੈ। ਆਪ ਕਈ ਵਾਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਲੱਗੇ ਪਹਿਲੀ ਤੁਕ ਜਾਂ ਪਹਿਲਾ ਸ਼ਬਦ ਪੜ੍ਹ ਕੇ ਛੱਡ ਦੇਂਦੇ ਸੀ ਅਤੇ ਆਖਦੇ ਸਨ ਇਹ ਜੋ ਕੁਝ ਲਿਖਿਆ ਹੈ ਮੇਰੇ ਵਾਸਤੇ ਨਹੀਂ, ਮੇਰੇ ਵਾਸਤੇ ਇਹ ਸਭ ਕੁਝ ਬੇ-ਅਰਥ ਚੀਜ਼ ਹੈ।

ਆਪ ਅਕਲ ਤੇ ਦਲੀਲ ਵਿਚ ਮੈਥੋਂ ਬਹੁਤ ਅੱਗੇ ਹੋਣ ਕਰਕੇ ਮੇਰਾ ਹੀਆ ਹੀ ਨਹੀਂ ਸੀ ਪੈਂਦਾ ਕਿ ਆਪ ਨੂੰ ਕੁਝ ਸਮਝਾਣ ਦਾ ਹੌਂਸਲਾ ਕਰਾਂ। ਇਕ ਦੋ ਵਾਰੀ ਮੈਂ ਕੋਸ਼ਿਸ਼ ਕੀਤੀ ਪਰ ਆਪ ਮੈਨੂੰ ਦਲੀਲਾਂ ਦੇ ਕੇ ਹਮੇਸ਼ਾ ਲਾ-ਜਵਾਬ ਕਰ ਦੇਂਦੇ ਸਨ। ਆਪ ਦੇ ਉਚੇ ਆਚਰਨ ਤੇ ਜ਼ਬਰਦਸਤ ਸ਼ਖਸੀਅਤ ਦਾ ਮੇਰੇ ਤੇ ਕੁਝ ਐਸਾ ਰੋਅਬ ਸੀ ਕਿ ਮੈਂ ਉਨ੍ਹਾਂ ਦੇ ਸਾਮ੍ਹਣੇ ਦਲੀਲਬਾਜ਼ੀ ਵਿਚ ਫੌਰਨ ਹਾਰ ਜਾਂਦਾ ਸੀ; ਆਖਰ ਮੈਂ ਫੈਸਲਾ ਕੀਤਾ ਕਿ ਪਿਤਾ ਜੀ ਨਾਲ 'ਰੱਬ' ਸਬੰਧੀ ਕਦੀ ਕੋਈ ਬਹਿਸ ਨਹੀਂ ਕਰਨੀ। ਪਰ ਇਸ ਦੇ ਨਾਲ ਹੀ ਆਪਣੇ ਸਿਮਰਨ ਅਭਿਆਸ ਦੇ ਸਮੇਂ ਮੈਂ ਪਿਤਾ ਜੀ ਦੇ ਪੂਰਨ ਆਤਮਕ ਅਤੇ ਭਗਤ ਬਣਨ ਵਾਸਤੇ ਪ੍ਰਾਰਥਨਾ ਕਰਨੀ ਸ਼ੁਰੂ ਕੀਤੀ।

ਇਹ ਪ੍ਰਾਰਥਨਾ ਮੈਨੂੰ ਦਸ ਬਾਰਾਂ ਸਾਲ ਬਗ਼ੈਰ ਕਿਸੇ ਸਫਲਤਾ ਦੇ ਕਰਨੀ ਪਈ। ਪਿਤਾ ਜੀ ਵਿਚ ਮਜ਼ਹਬ ਵਲ ਝੁਕਣ ਦੇ ਕੋਈ ਖਾਸ ਆਸਾਰ ਨਜ਼ਰ ਨਾ ਆਏ। ਪਰ ਮੈਂ ਵੀ ਆਪਣੀ ਲਗਨ ਦਾ ਪੱਕਾ ਹੋਣ ਕਰਕੇ ਪ੍ਰਾਰਥਨਾ ਜਾਰੀ ਰੱਖੀ। ਮੇਰੇ ਦਿਲ ਦੀ ਆਵਾਜ਼ ਆਖਦੀ ਸੀ ਕਿ ਮੇਰੇ ਪਿਤਾ ਜੀ ਦਾ ਸਿਵਾਏ ਨਿਰਮਾਣ ਪ੍ਰਾਰਥਨਾ ਦੇ ਹੋਰ ਕੋਈ ਇਲਾਜ ਨਹੀਂ, ਇਸ ਸਬਰ ਤੇ ਉਡੀਕ ਦਾ ਅੱਜ ਸ਼ਾਨਦਾਰ ਨਤੀਜਾ ਆਪਣੀਆਂ ਅੱਖਾਂ ਸਾਮ੍ਹਣੇ ਦੇਖ ਰਿਹਾ ਹਾਂ।

ਮੇਰੇ ਪਿਤਾ ਜੀ ਅੱਜ ਸੱਚੇ ਅਰਥਾਂ ਵਿਚ ਧਾਰਮਕ ਜ਼ਿੰਦਗੀ ਬਤੀਤ ਕਰ ਰਹੇ ਹਨ, ਵਾਹਿਗੁਰੂ ਉਤੇ ਆਪ ਦਾ ਨਿਸਚਾ ਅਹਿਲ ਹੈ, ਆਪ

ਬਿਮਾਰੀ ਵਿਚ ਦਵਾ ਤਕ ਨਹੀਂ ਖਾਂਦੇ, ਅਕਾਲ ਪੁਰਖ ਉਤੇ ਆਪ ਦਾ ਭਰੋਸਾ, ਪ੍ਰਾਰਥਨਾ ਵਿਚ ਆਪ ਦਾ ਯਕੀਨ, ਪੈਗੰਬਰਾਂ ਅਵਤਾਰਾਂ ਦੇ ਮਹਾਂਵਾਕਾਂ ਉਤੇ ਆਪ ਦਾ ਨਿਸ਼ਚਾ ਵੇਖ ਕੇ ਮੈਨੂੰ ਰਸ਼ਕ ਆਉਂਦਾ ਹੈ। ਆਪ ਦੇ ਅਸਰ ਹੇਠਾਂ ਆਇਆ ਇਨਸਾਨ ਵਾਹਿਗੁਰੂ ਦਾ ਪਿਆਰਾ ਬਣ ਕੇ ਜਾਂਦਾ ਹੈ, ਉਹ ਰੱਬ ਦੀ ਹਸਤੀ ਨੂੰ ਮਹਿਸੂਸ ਕਰਨ ਲੱਗ ਜਾਂਦਾ ਹੈ।

ਸਬਰ ਦਾ ਦੂਸਰਾ ਫਲ ਮੈਂ ਆਪਣੀ ਸੁਪਤਨੀ ਦੇ ਮਾਮਲੇ ਵਿਚ ਦੇਖਿਆ ਹੈ। ਇਹ ਭਾਵੇਂ ਮੁੱਢ ਤੋਂ ਹੀ ਪੂਜਾ ਪਾਠ ਕਰਨ ਵਾਲੇ ਅਤੇ ਸਤਸੰਗੀ ਸਨ, ਪਰ ਮੈਂ ਚਾਹੁੰਦਾ ਸੀ ਕਿ ਇਹ ਵੀ ਰਾਤ ਨੂੰ ਦੋ ਤਿੰਨ ਵਜੇ ਉਠ ਕੇ ਭਜਨ ਕਰਿਆ ਕਰਨ। ਜਦ ਮੈਂ ਇਨ੍ਹਾਂ ਨੂੰ ਉਸ ਵਕਤ ਡਾਹਢੀ ਗਾੜ੍ਹੀ ਨੀਂਦ ਵਿਚ ਦੇਖਦਾ ਤਾਂ ਆਪ ਦੇ ਆਰਾਮ ਵਿਚ ਭੰਗ ਪਾਣਾ ਇਕ ਅਪਰਾਧ ਸਮਝਦਾ ਸੀ। ਮੈਂ ਇਹ ਵੀ ਜਾਣਦਾ ਸੀ ਕਿ ਜੇ ਮੈਂ ਇਨ੍ਹਾਂ ਨੂੰ ਰਾਤ ਦੋ-ਤਿੰਨ ਵਜੇ ਉਠ ਕੇ ਭਜਨ ਕਰਨ ਵਾਸਤੇ ਆਖਿਆ ਤੇ ਭਾਵੇਂ ਆਪ ਮੇਰੇ ਕਹਿਣ ਉਤੇ ਐਸਾ ਕਰਨਾ ਮੈਨੂੰ ਖੁਸ਼ ਕਰਨ ਵਾਸਤੇ ਹੋਵੇਗਾ, ਆਪਣੀ ਅੰਦਰਲੀ ਪ੍ਰੇਰਨਾ ਕਰਕੇ ਨਹੀਂ। ਉਨ੍ਹਾਂ ਵਾਸਤੇ ਵੀ ਮੈਂ ਅੱਠ ਦਸ ਸਾਲ ਪ੍ਰਾਰਥਨਾ ਕੀਤੀ, ਜਿਸ ਦਾ ਪਹਿਲੇ ਉਕਾ ਕੋਈ ਅਸਰ ਨਹੀਂ ਸੀ ਜਾਪਦਾ ਪਰ ਅੱਜ ਮੈਂ ਆਪਣੇ ਸਫ਼ਰ ਦੇ ਸਾਥੀ ਨੂੰ ਆਪਣੀ ਖੁਸ਼ੀ ਨਾਲ ਆਪਣੇ ਨਾਲੋਂ ਵੀ ਕਈ ਵਾਰੀ ਪਹਿਲੇ ਜਾਗ ਕੇ ਰੱਬ ਦੀ ਅਰਾਧਨਾ ਕਰਦੇ ਜਦ ਦੇਖਦਾ ਹਾਂ ਮੇਰੇ ਲੂੰ-ਲੂੰ ਵਿਚੋਂ ਖੁਸ਼ੀ ਤੇ ਸ਼ੁਕਰੀਏ ਦੀਆਂ ਤਰੰਗਾਂ ਨਿਕਲ ਕੇ ਸਬਰ ਦੀ ਤਾਕਤ ਦੀ ਦਾਦ ਦੇਂਦੀਆਂ ਹਨ।

ਹੁਣ ਮੈਂ ਸਬਰ ਦਾ ਪੁਜਾਰੀ ਹਾਂ। ਸਬਰ ਮੇਰਾ ਹਮ ਸਫ਼ਰ ਹੈ। ਇਸ ਦੇ ਆਸਰੇ ਜੋ ਮੈਂ ਹਾਸਲ ਕੀਤਾ ਹੈ ਉਸ ਤੋਂ ਕਾਫ਼ੀ ਉਮੀਦ ਬੱਝ ਸਕਦੀ ਹੈ ਕਿ ਮੇਰੇ ਸਫ਼ਰ ਦੀਆਂ ਬਾਕੀ ਮੰਜ਼ਲਾਂ ਵੀ ਖੈਰ ਨਾਲ ਤੈਅ ਹੋ ਜਾਣਗੀਆਂ।





# ਮਸਤੀ ਜਾਂ ਖੁਮਾਰੀ

ਖੁਮਾਰੀ ਮਨ ਦੀ ਇਕ ਅਵਸਥਾ ਹੈ। ਇਸ ਅਵਸਥਾ ਵਿਚ ਮਨ ਆਪਣਾ ਆਪ, ਆਪਣਾ ਆਲਾ-ਦੁਆਲਾ, ਆਪਣੀ ਚਿੰਤਾ ਤੇ ਫਿਕਰ ਭੁਲਾ ਕੇ ਆਪਣੇ ਆਪ ਵਿਚ ਅਡੋਲ ਖਲੋ ਜਾਂਦਾ ਹੈ। ਜਦ ਮਨ ਬਾਹਰ ਦੇ ਸੰਸਾਰ ਵਲੋਂ ਸੁਰਤ ਮੋੜ ਕੇ ਆਪਣੇ ਆਪ ਵਿਚ ਟਿਕੇ, ਇਸ ਨੂੰ ਸਵਾਦ ਆਉਂਦਾ ਹੈ, ਮਸਤੀ ਆਉਂਦੀ ਹੈ, ਖੁਸ਼ੀ ਹੁੰਦੀ ਹੈ।

ਕਿਉਂਕਿ ਮਨ ਦੇ ਖਲੋਣ ਵਿਚੋਂ ਰਸ, ਖੁਸ਼ੀ ਤੇ ਮਸਤੀ ਪੈਦਾ ਹੁੰਦੀ ਹੈ, ਇਸ ਲਈ ਇਨਸਾਨ ਪੁਰਾਤਨ ਸਮਿਆਂ ਤੋਂ ਹੀ ਐਸੇ ਕੰਮ ਖੁਸ਼ੀ ਤੇ ਚਾਅ ਨਾਲ ਕਰਦਾ ਆਇਆ ਹੈ ਜਿਸ ਨਾਲ ਉਸ ਦਾ ਮਨ ਭਟਕਣੋਂ ਬੰਦ ਹੋ ਕੇ ਆਪਣੇ ਆਪ ਵਿਚ ਖਲੋ ਜਾਵੇ। ਸ਼ਰਾਬ ਵਰਗੀ ਕੌੜੀ ਤੇ ਬਦਬੂਦਾਰ ਚੀਜ਼ ਇਨਸਾਨ ਕਿਉਂ ਪੀਂਦਾ ਹੈ? ਅਫੀਮ ਵਰਗੀ ਕੌੜੀ ਤੇ ਜ਼ਹਿਰੀਲੀ ਚੀਜ਼ ਕਿਉਂ ਵਰਤਦਾ ਹੈ? ਕਿਉਂਕਿ ਇਨ੍ਹਾਂ ਚੀਜ਼ਾਂ ਵਿਚ ਇਹ ਸਿਫਤ ਹੈ ਕਿ ਉਹ ਇਨਸਾਨ ਨੂੰ ਆਪਣਾ ਆਪ, ਆਪਣਾ ਆਲਾ-ਦੁਆਲਾ, ਆਪਣੀ ਫ਼ਿਕਰ ਚਿੰਤਾ ਭੁਲਾਣ ਵਿਚ ਅਤੇ ਮਨ ਨੂੰ ਅਡੋਲ ਤੇ ਇਕਾਗਰ ਕਰਨ ਵਿਚ ਮਦਦ ਕਰਦੀਆਂ ਹਨ। ਉਰਦੂ ਦੇ ਮਸ਼ਹੂਰ ਤੇ ਸਭ ਤੋਂ ਵੱਡੇ ਕਵੀ ਉਸਤਾਦ ਗ਼ਾਲਿਬ ਨੇ ਆਪਣੇ ਸ਼ਰਾਬ ਪੀਣ ਦਾ ਅਸਲੀ ਕਾਰਨ ਆਪਣੇ ਇਕ ਸ਼ੇਅਰ ਵਿਚ ਦੱਸਿਆ ਹੈ -

*ਮੈ ਸੇ ਤੱਲਬ ਨਿਸ਼ਾਤ ਹੈ,*
*ਇਕ ਰੂਹ ਸਿਆਹ ਕੋ,*
*ਇਕ ਗੁਨਾ ਖੁਦੀ ਮੁਝੇ,*
*ਹਰ ਵਕਤ ਚਾਹੀਏ।*

ਹਜ਼ਰਤ ਗ਼ਾਲਿਬ ਇਸ ਸ਼ੇਅਰ ਵਿਚ ਕੇਵਲ ਆਪਣੇ ਸ਼ਰਾਬ ਪੀਣ ਦਾ ਹੀ ਨਹੀਂ ਸਗੋਂ ਸਾਰੇ ਇਨਸਾਨਾਂ ਦੇ ਸ਼ਰਾਬ ਪੀਣ ਜਾਂ ਨਸ਼ੀਲੀਆਂ ਚੀਜ਼ਾਂ ਦੇ ਵਰਤਣ ਦਾ ਭੇਤ ਖੋਲ੍ਹਦੇ ਹਨ। ਆਪ ਕਹਿੰਦੇ ਹਨ ਕਿ ਮੈਂ ਸ਼ਰਾਬ ਕਿਸੇ ਬਾਹਰ ਦੀ ਖੁਸ਼ੀ ਹਾਸਲ ਕਰਨ ਜਾਂ ਦੁਖਾਵੇ ਲਈ ਨਹੀਂ

ਪੀਂਦਾ, ਮੈਂ ਤੇ ਇਸ ਨੂੰ ਇਸ ਲਈ ਪੀਂਦਾ ਹਾਂ ਕਿ ਮੈਨੂੰ ਹਰ ਵੇਲੇ ਮਸਤੀ ਜਾਂ ਖੁਮਾਰੀ ਦੀ ਲੋੜ ਹੈ ਅਤੇ ਸ਼ਰਾਬ ਮੈਨੂੰ ਮਸਤ ਬਨਾਉਣ ਵਿਚ ਸਹਾਇਤਾ ਕਰਦੀ ਹੈ। ਸਭ ਨਸ਼ਿਆਂ ਦੇ ਵਰਤਣ ਵਾਲਿਆਂ ਦਾ ਇਕੋ ਹੀ ਮਨੋਰਥ ਹੁੰਦਾ ਹੈ ਕਿ ਉਹ ਨਸ਼ੇ ਵਰਤ ਕੇ ਮਸਤੀ ਜਾਂ ਖੁਮਾਰੀ ਹਾਸਲ ਕਰਨ।

ਜੇਕਰ ਚੰਗੀ ਤਰ੍ਹਾਂ ਪੜਤਾਲ ਕਰੀਏ ਤਾਂ ਪਤਾ ਲੱਗੇਗਾ ਕਿ ਮਸਤੀ ਜਾਂ ਖੁਮਾਰੀ ਹਾਸਲ ਕਰਨ ਵਾਸਤੇ ਕੇਵਲ ਨਸ਼ੇ ਵਰਤਣ ਵਾਲੇ ਪੁਰਸ਼ ਹੀ ਕੋਸ਼ਿਸ਼ ਨਹੀਂ ਕਰਦੇ ਸਗੋਂ ਸਭ ਦੁਨੀਆਂ ਕੋਸ਼ਿਸ਼ ਕਰਦੀ ਹੈ। ਭਾਵੇਂ ਸਾਰੀ ਦੁਨੀਆਂ ਮਸਤ ਹੋਣ ਵਾਸਤੇ ਸ਼ਰਾਬ, ਅਫੀਮ, ਪੋਸਤ, ਕੁਕੀਨ ਆਦਿ ਨਸ਼ੀਲੀਆਂ ਚੀਜ਼ਾਂ ਨਹੀਂ ਵਰਤਦੀ, ਪਰ ਭਾਲਦੀ ਸਾਰੀ ਦੁਨੀਆਂ ਮਸਤੀ ਜਾਂ ਖੁਮਾਰੀ ਹੀ ਹੈ। ਇਨਸਾਨ ਦੌਲਤ ਕਿਉਂ ਇਕੱਠੀ ਕਰਦਾ ਹੈ? ਕਿਉਂਕਿ ਦੌਲਤ ਹੋਵੇ ਤਾਂ ਮਨ ਵਿਚ ਇਕ ਕਿਸਮ ਦੀ ਖੁਮਾਰੀ ਪੈਦਾ ਹੁੰਦੀ ਹੈ। ਇਨਸਾਨ ਇੱਜ਼ਤ ਕਿਉਂ ਹਾਸਲ ਕਰਨੀ ਚਾਹੁੰਦਾ ਹੈ? ਕਿਉਂਕਿ ਇੱਜ਼ਤ ਇਨਸਾਨ ਨੂੰ ਖੁਮਾਰੀ ਦੇਂਦੀ ਹੈ। ਦੌਲਤ ਵਾਸਤੇ, ਇੱਜ਼ਤ ਵਾਸਤੇ, ਅਰੋਗਤਾ ਵਾਸਤੇ, ਗੱਲ ਕੀ ਸਭ ਸੁੱਖਾਂ ਵਾਸਤੇ ਇਨਸਾਨ ਦੀ ਕੋਸ਼ਿਸ਼ ਇਸ ਲਈ ਜਾਰੀ ਹੈ ਕਿ ਦੌਲਤਮੰਦ ਹੋ ਕੇ, ਇੱਜ਼ਤ ਵਾਲਾ ਬਣ ਕੇ, ਅਰੋਗ ਸਰੀਰ ਹੋਣ ਨਾਲ, ਸੁੱਖਾਂ ਨੂੰ ਹਾਸਲ ਕਰਕੇ ਇਨਸਾਨ ਦੇ ਮਨ ਵਿਚੋਂ ਚਿੰਤਾ, ਫ਼ਿਕਰ ਦੂਰ ਹੋ ਕੇ, ਬੇ-ਫ਼ਿਕਰੀ, ਬੇ-ਪ੍ਰਵਾਹੀ, ਮਸਤੀ, ਖੁਮਾਰੀ ਪੈਦਾ ਹੁੰਦੀ ਹੈ।

ਜਦ ਕੋਈ ਚੰਗਾ ਗਵੱਈਆ ਰਾਗ ਗਾਵੇ ਤਾਂ ਸੁਣਨ ਵਾਲੇ ਮਸਤੀ ਵਿਚ ਆ ਜਾਂਦੇ ਹਨ, ਜਦ ਕਿਸੇ ਚੰਗੀ ਤਸਵੀਰ ਨੂੰ ਦੇਖੀਏ ਤਾਂ ਮਨ ਵਿਚ ਖੁਸ਼ੀ ਤੇ ਸਰੂਰ ਪੈਦਾ ਹੁੰਦਾ ਹੈ। ਸਭ ਕੋਮਲ ਹੁਨਰ ਇਨਸਾਨ ਦੇ ਮਨ ਵਿਚ ਮਸਤੀ ਪੈਦਾ ਕਰਦੇ ਹਨ। ਦੂਜੇ ਅਰਥਾਂ ਵਿਚ ਸਭ ਹੁਨਰ ਇਨਸਾਨ ਦੇ ਮਨ ਨੂੰ ਇਕ ਐਸੀ ਹਾਲਤ ਵਿਚ ਲਿਜਾਂਦੇ ਹਨ, ਜਿਥੇ ਉਹ ਕੁਝ ਚਿਰ ਲਈ ਆਪਣੇ ਆਪ ਨੂੰ, ਆਪਣੇ ਆਲੇ-ਦੁਆਲੇ ਨੂੰ ਆਪਣੀ ਬਣਾਈ ਹੋਈ ਤੰਗ ਦੁਨੀਆਂ ਨੂੰ ਭੁਲਾ ਕੇ, ਆਪਣੇ ਆਪ ਵਿਚ ਖਲੋਂਦਾ ਤੇ ਆਪਣੇ ਅੰਦਰੋਂ ਨਿਕਲ ਰਹੇ ਰਸ ਨੂੰ ਮਾਣਦਾ ਤੇ ਮਸਤ ਹੁੰਦਾ ਹੈ।

ਖੁਮਾਰੀ ਜਾਂ ਮਸਤੀ ਦੀ ਹਾਲਤ ਮਨ ਵਿਚ ਉਸ ਵੇਲੇ ਪੈਦਾ ਹੁੰਦੀ





ਹੈ, ਜਦੋਂ ਮਨ ਵਿਚ ਖੁਸ਼ੀ, ਬੇ-ਫ਼ਿਕਰੀ, ਬੇ-ਪ੍ਰਵਾਹੀ ਹੋਵੇ ਅਤੇ ਸੋਗ, ਚਿੰਤਾ, ਫ਼ਿਕਰ, ਪ੍ਰੇਸ਼ਾਨੀ ਤੋਂ ਮਨ ਆਜ਼ਾਦ ਹੋਵੇ।

ਇਸ ਦ੍ਰਿਸ਼ਟੀਕੋਣ ਤੋਂ ਵੇਖਿਆਂ ਸਭ ਇਨਸਾਨ ਆਪਣੇ ਆਪ ਨੂੰ ਅਨੇਕਾਂ ਤਰੀਕਿਆਂ ਨਾਲ ਮਸਤੀ ਜਾਂ ਖੁਮਾਰੀ ਦੀ ਹਾਲਤ ਵਿਚ ਲੈ ਜਾਣ ਦੀ ਕੋਸ਼ਿਸ਼ ਕਰਦੇ ਨਜ਼ਰ ਆਉਣਗੇ ਅਤੇ ਮਸਤੀ ਜਾਂ ਖੁਮਾਰੀ ਦੀ ਹਾਲਤ ਵਿਚ ਮਨ ਪਹੁੰਚਾਣਾ, ਇਨਸਾਨ ਦੇ ਸਭ ਜਤਨਾਂ ਦਾ ਮਨੋਰਥ ਨਜ਼ਰ ਆਵੇਗਾ। ਇਨਸਾਨ ਰਸੀਆ ਹੈ, ਜਿਥੋਂ ਇਸ ਨੂੰ ਕੋਈ ਰਸ ਲੱਭੇ, ਉਸ ਨੂੰ ਹਾਸਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਰਸ ਇਨਸਾਨ ਦੇ ਮਨ ਨੂੰ ਖੁਸ਼ੀ, ਬੇ-ਫ਼ਿਕਰੀ ਤੇ ਬੇ-ਪ੍ਰਵਾਹੀ ਦੀ ਅਵਸਥਾ ਵਿਚ ਲੈ ਜਾਂਦੇ ਹਨ ਤੇ ਮਸਤ ਬਣਾਂਦੇ ਹਨ।

## ਨਾਮ ਖੁਮਾਰੀ

ਇਨਸਾਨ ਨੇ ਜਦ ਆਪਣੇ ਮਨੋਰਥਾਂ ਦੀ ਚੰਗੀ ਤਰ੍ਹਾਂ ਭਾਲ ਜਾਂ ਖੋਜ ਕੀਤੀ ਜਾਂ ਇਸ ਨੂੰ ਪਤਾ ਲੱਗਾ ਕਿ ਉਹ ਇਕੋ ਹੀ ਚੀਜ਼ ਅਨੇਕਾਂ ਤਰੀਕਿਆਂ ਨਾਲ ਲੱਭ ਰਿਹਾ ਹੈ ਅਤੇ ਉਹ ਚੀਜ਼ ਹੈ ਮਸਤੀ ਜਾਂ ਖੁਮਾਰੀ। ਇਨਸਾਨ ਦੀਆਂ ਸਭ ਕੋਸ਼ਿਸ਼ਾਂ, ਸਭ ਜਤਨਾਂ ਦਾ ਨਿਸ਼ਾਨਾ, ਆਪਣੇ ਮਨ ਵਿਚ ਐਸੀ ਹਾਲਤ ਪੈਦਾ ਕਰਨਾ ਹੈ ਜਿਸ ਹਾਲਤ ਵਿਚ ਫ਼ਿਕਰ, ਚਿੰਤਾ, ਸੋਗ ਨਾ ਹੋਵੇ ਅਤੇ ਸੁਖ, ਖੁਸ਼ੀ, ਬੇ-ਪ੍ਰਵਾਹੀ, ਅਡੋਲਤਾ ਤੇ ਮਗਨਤਾ ਹੋਵੇ। ਸੁਖ, ਖੁਸ਼ੀ, ਬੇ-ਪ੍ਰਵਾਹੀ ਅਡੋਲਤਾ ਤੇ ਮਗਨਤਾ, ਜਿਸ ਮਨ ਵਿਚ ਨਿਵਾਸ ਕਰਨ ਉਹ ਮਨ ਮਸਤੀ ਜਾਂ ਖੁਮਾਰੀ ਦੀ ਹਾਲਤ ਵਿਚ ਰਹਿੰਦਾ ਹੈ।

ਖੋਜ ਜਾਂ ਭਾਲ ਨੇ ਜਿਥੇ ਇਨਸਾਨ ਨੂੰ ਇਸ ਨਤੀਜੇ ਤੇ ਪੁਚਾਇਆ ਹੈ ਕਿ ਉਸ ਦੇ ਸਭ ਜਤਨਾਂ ਦਾ ਨਿਸ਼ਾਨਾ ਮਸਤੀ ਜਾਂ ਖੁਮਾਰੀ ਹੈ ਉਥੇ ਉਸ ਨੂੰ ਇਹ ਵੀ ਦੱਸ ਦਿਤਾ ਕਿ ਉਸ ਦੇ ਮਸਤੀ ਜਾਂ ਖੁਮਾਰੀ ਨੂੰ ਹਾਸਲ ਕਰਨ ਵਾਲੇ ਪ੍ਰਚਲਤ ਤਰੀਕੇ ਉਸ ਨੂੰ ਬੜੇ ਥੋੜ੍ਹੇ ਚਿਰ ਲਈ ਮਸਤ ਕਰਦੇ ਹਨ। ਹਮੇਸ਼ਾ ਮਸਤੀ ਦੀ ਹਾਲਤ ਵਿਚ ਨਹੀਂ ਰੱਖ ਸਕਦੇ, ਇਸ ਲਈ ਨੁਕਸ ਵਾਲੇ ਜਾਂ ਅਧੂਰੇ ਹਨ। ਇਨ੍ਹਾਂ ਪ੍ਰਚਲਤ ਤਰੀਕਿਆਂ ਵਿਚ ਇਕ ਹੋਰ ਨੁਕਸ ਹੈ ਕਿ ਇਹ ਇਨਸਾਨ ਨੂੰ ਆਰਜ਼ੀ ਤੌਰ ਤੇ ਮਸਤ

ਤਾਂ ਕਰ ਦੇਂਦੇ ਹਨ ਪਰ ਮਸਤੀ ਲਹਿ ਜਾਣ ਉਤੇ, ਉਸ ਨੂੰ ਅੱਗੇ ਨਾਲੋਂ ਵਧੇਰੇ ਰੋਗੀ, ਚਿੰਤਾਵਾਨ ਤੇ ਪ੍ਰੇਸ਼ਾਨ ਬਣਾ ਦੇਂਦੇ ਹਨ। ਦੌਲਤ, ਇੱਜ਼ਤ, ਅਰੋਗਤਾ, ਪਰਿਵਾਰ, ਜਦ ਮਿਲ ਜਾਣ ਤਾਂ ਇਨਸਾਨ ਮਸਤ ਹੋ ਜਾਂਦਾ ਹੈ, ਜਦ ਖੁਸ ਜਾਣ ਤਾਂ ਸਗੋਂ ਵਧੇਰੇ ਦੁਖੀ ਹੋ ਜਾਂਦਾ ਹੈ। ਇਸੇ ਤਰ੍ਹਾਂ ਨਸ਼ੀਲੀਆਂ ਚੀਜ਼ਾਂ ਦਾ ਜਦ ਤਕ ਮਨ ਤੇ ਅਸਰ ਰਹੇ ਤਦ ਤਕ ਮਨ ਮਸਤੀ ਜਾ ਖੁਮਾਰੀ ਮਾਣਦਾ ਹੈ, ਜਦ ਉਤਰ ਜਾਣ ਮਨ ਸਗੋਂ ਵਧੇਰੇ ਡਾਵਾਂਡੋਲ ਤੇ ਦੁਖੀ ਹੋ ਜਾਂਦਾ ਹੈ। ਜਦ ਇਨਸਾਨ ਨੇ ਆਪਣੇ ਮਨ ਨੂੰ ਮਸਤ ਬਨਾਣ ਵਾਲੇ ਸਭ ਤਰੀਕੇ, ਫਿਕੇ, ਆਰਜ਼ੀ ਤੇ ਨਾਸ਼ਵੰਦ ਦੇਖੇ ਤਾਂ ਇਸ ਨੇ ਕੋਈ ਐਸਾ ਤਰੀਕਾ ਜਾਂ ਉਪਾਅ ਲੱਭਣ ਵੱਲ ਆਪਣੀ ਰੁਚੀ ਲਗਾਈ ਜਿਸ ਨਾਲ ਇਸ ਨੂੰ ਉਹ ਮਸਤੀ ਆਵੇ, ਉਹ ਖੁਮਾਰੀ ਚੜ੍ਹੇ, ਜਿਹੜੀ ਕਦੇ ਨਾ ਉਤਰੇ ਅਤੇ ਜਿਸ ਨਾਲ ਮਨ ਕਦੀ ਚਿੰਤਾ, ਫਿਕਰ ਤੇ ਪ੍ਰੇਸ਼ਾਨੀ ਦੀ ਹਾਲਤ ਵਿਚ ਨਾ ਆਵੇ।

ਇਨਸਾਨ ਦੀ ਖੋਜ ਦਾ ਰੁਖ ਬਦਲਿਆ ਅਤੇ ਉਸ ਨੇ ਸਭ ਤੋਂ ਪਹਿਲੇ ਇਹ ਗੱਲ ਤਾੜੀ ਕਿ ਬਾਹਰ ਦੇ ਨਸ਼ੇ, ਸੁਖ, ਪਦਾਰਥ ਉਸ ਨੂੰ ਮਸਤ ਬਨਾਣ ਵੇਲੇ ਕੋਈ ਚੀਜ਼ ਬਾਹਰੋਂ ਲਿਆ ਕੇ ਉਸ ਦੇ ਮਨ ਵਿਚ ਨਹੀਂ ਪਾ ਦਿੰਦੇ ਸਗੋਂ ਉਸ ਦੇ ਮਨ ਦੀ ਹੀ ਹਾਲਤ ਬਦਲ ਦੇਂਦੇ ਹਨ ਜਿਸ ਨਾਲ ਉਹ ਮਸਤੀ ਵਿਚ ਆ ਜਾਂਦਾ ਹੈ। ਇਸ ਤੋਂ ਅੱਗੇ ਇਨਸਾਨ ਨੂੰ ਖਿਆਲ ਆਇਆ ਕਿ ਜੇਕਰ ਉਸ ਦੇ ਮਨ ਦੀ ਹਾਲਤ ਵਿਚੋਂ ਮਸਤੀ ਨਿਕਲਦੀ ਹੈ ਤਾਂ ਕੀ ਉਹ ਮਨ ਦੀ ਇਹ ਹਾਲਤ ਪ੍ਰਚਲਤ ਤਰੀਕਿਆਂ ਨਾਲ ਅੱਡਰੇ ਕਿਸੇ ਸਹਿਲ ਤੇ ਚੰਗੇ ਤਰੀਕੇ ਨਾਲ ਕਰ ਸਕਦਾ ਹੈ?

ਇਸ ਤੋਂ ਅੱਗੇ ਸਦੀਆਂ ਭਰ ਦੇ ਇਕਾਂਤ ਵਿਚ ਕੀਤੇ ਤਜਰਬਿਆਂ ਨੇ ਇਨਸਾਨ ਨੂੰ ਦੱਸਿਆ ਕਿ ਇਨਸਾਨ ਦੇ ਮਨ ਦੇ ਪਿਛੇ ਇਕ ਐਸੀ ਚੇਤਨ ਸ਼ਕਤੀ ਰਵੀ ਹੋਈ ਹੈ ਜਿਸ ਵਿਚੋਂ ਹਰ ਵੇਲੇ ਮਸਤੀ, ਖੁਮਾਰੀ, ਅਨੰਦ ਤੇ ਖੁਸ਼ੀ ਦੀਆਂ ਲਹਿਰਾਂ ਉਪਜਦੀਆਂ ਰਹਿੰਦੀਆਂ ਹਨ ਅਤੇ ਜਦ ਇਨਸਾਨ ਦਾ ਮਨ ਫੁਰਨਿਆਂ, ਸੰਕਲਪਾਂ, ਖਿਆਲ ਤਰੰਗਾਂ ਤੋਂ ਖਹਿੜਾ ਛੁਡਾ ਕੇ ਇਸ ਚੇਤਨ ਸ਼ਕਤੀ ਨਾਲ ਲਗਦਾ ਜਾਂ ਛੋਂਹਦਾ ਹੈ ਤਾਂ ਇਸ ਸ਼ਕਤੀ ਤੋਂ ਨਿਕਲ ਰਹੀਆਂ ਅਨੰਦ ਤੇ ਸਰੂਰ ਦੀਆਂ ਲਹਿਰਾਂ ਉਸ ਨੂੰ ਖੇੜੇ ਵਿਚ, ਵਜਦ ਵਿਚ, ਮਸਤੀ ਵਿਚ ਲੈ ਜਾਂਦੀਆਂ ਹਨ।

ਇਨਸਾਨ ਦੀਆਂ ਹੁਣ ਅੱਖਾਂ ਖੁਲ੍ਹੀਆਂ ਤੇ ਪਤਾ ਲੱਗਾ ਕਿ ਅਨੰਦ





ਜਾਂ ਮਸਤੀ ਦਰਅਸਲ ਉਸ ਦੇ ਮਨ ਦੇ ਖਲੋ ਜਾਣ ਅਤੇ ਆਪਣੇ ਨਾਲ ਬਿਰਾਜ ਰਹੀ ਅਨੰਦਮਈ ਚੇਤਨ ਸ਼ਕਤੀ ਨਾਲ ਛੋਹਣ ਵਿਚ ਹੈ। ਜਦ ਆਦਮੀ ਸ਼ਰਾਬ ਪੀਂਦਾ ਹੈ ਜਾਂ ਹੋਰ ਨਸ਼ੀਲੀਆਂ ਚੀਜ਼ਾਂ ਵਰਤਦਾ ਹੈ ਤਾਂ ਉਸ ਦਾ ਮਨ ਕੁਝ ਚਿਰ ਲਈ ਖਲੋ ਜਾਂਦਾ ਹੈ ਅਤੇ ਆਪਣੇ ਨਾਲ ਬਿਰਾਜ ਰਹੀ ਅਨੰਦਮਈ ਸ਼ਕਤੀ ਨੂੰ ਛੋਹ ਕੇ ਅਨੰਦ ਤੇ ਸਰੂਰ ਮਹਿਸੂਸ ਕਰਦਾ ਹੈ। ਮਸਤੀ ਅਸਲ ਵਿਚ ਸ਼ਰਾਬ ਵਿਚ ਨਹੀਂ, ਸ਼ਰਾਬ ਕੇਵਲ ਮਨ ਨੂੰ ਕੁਝ ਅਰਸੇ ਲਈ ਖੜ੍ਹਾ ਕਰ ਦੇਂਦੀ ਹੈ। ਮਸਤੀ ਅਸਲ ਵਿਚ ਮਨ ਦੇ ਆਪਣੇ ਟਿਕਾਉ ਵਿਚ ਹੁੰਦੀ ਹੈ।

ਅੱਗੇ ਚੱਲ ਕੇ ਇਨਸਾਨ ਨੂੰ ਪਤਾ ਲੱਗਾ ਕਿ ਮਸਤੀ ਕੇਵਲ ਮਨ ਦੇ ਟਿਕਾਉ ਵਿਚ ਹੈ ਅਤੇ ਇਹ ਟਿਕਾਉ ਨਸ਼ੀਲੀਆਂ ਚੀਜ਼ਾਂ ਵਰਤਣ, ਜਾਂ ਹੋਰ ਦੁਨੀਆਂ ਦੇ ਪ੍ਰਚਲਤ ਤਰੀਕਿਆਂ ਨਾਲ ਪੈਦਾ ਕਰਨ ਦੀ ਬਜਾਏ ਸਿਮਰਨ ਜਾਂ ਨਾਮ ਨਾਲ ਵੀ ਪੈਦਾ ਹੋ ਸਕਦਾ ਹੈ। ਇਸ ਸਬੰਧ ਵਿਚ ਕੀਤੇ ਇਨਸਾਨੀ ਤਜਰਬਿਆਂ ਨੇ ਇਨਸਾਨ ਨੂੰ ਯਕੀਨ ਦਵਾਇਆ ਕਿ ਨਾਮ ਤੋਂ ਪੈਦਾ ਹੋਈ ਮਸਤੀ ਅਨੰਦ ਜਾਂ ਖੇੜੇ ਦੀ ਹਾਲਤ ਬਹੁਤ ਚਿਰ ਤਕ ਕਾਇਮ ਰਹਿੰਦੀ ਹੈ। ਜਿਥੇ ਨਸ਼ਿਆਂ ਜਾਂ ਹੋਰ ਤਰੀਕਿਆਂ ਦੀ ਸਹਾਇਤਾ ਨਾਲ ਪੈਦਾ ਹੋਈ ਮਸਤੀ ਮਨ ਨੂੰ ਨਿਰਬਲ ਬਣਾਂਦੀ ਤੇ ਉਸ ਦੀਆਂ ਪਸ਼ੂ ਬਿਰਤੀਆਂ ਨੂੰ ਬਲਵਾਨ ਕਰਦੀ ਹੈ, ਉਥੇ ਨਾਮ ਸਿਮਰਨ ਦੀ ਸਹਾਇਤਾ ਨਾਲ ਪੈਦਾ ਹੋਈ ਮਸਤੀ ਮਨ ਨੂੰ ਬਲਵਾਨ ਬਣਾਂਦੀ ਤੇ ਮਨ ਦੀਆਂ ਪਸ਼ੂ ਬਿਰਤੀਆਂ ਨੂੰ ਕਮਜ਼ੋਰ ਕਰਦੀ ਹੈ।

ਪੂਰਬ ਦੇ ਮਹਾਂਪੁਰਖਾਂ ਨੇ ਮਨ ਨੂੰ ਅਨੰਦ, ਖੇੜੇ, ਮਸਤੀ ਤੇ ਖੁਮਾਰੀ ਦੀ ਹਾਲਤ ਵਿਚ ਲਿਆਉਣ ਵਾਸਤੇ ਜੋ ਨਾਮ ਸਿਮਰਨ ਦੀ ਕਾਢ ਕੱਢੀ ਸੀ, ਇਸ ਦੇ ਸਾਮ੍ਹਣੇ ਪੱਛਮ ਦੇ ਵਿਦਵਾਨਾਂ ਦੀਆਂ ਸਾਰੀਆਂ ਵਿਗਿਆਨਕ ਕਾਢਾਂ ਇਸ ਲਈ ਮਾਤ ਹਨ ਤੇ ਮਾਤ ਰਹਿਣਗੀਆਂ ਕਿਉਂਕਿ ਪੱਛਮ ਦੀਆਂ ਕਾਢਾਂ ਵਿਚ ਇਨਸਾਨ ਦੇ ਮਨ ਨੂੰ ਸਦਾ ਲਈ ਖੁਸ਼ੀ, ਸ਼ਾਂਤੀ, ਪ੍ਰਸੰਨ, ਸੁਖੀ ਤੇ ਮਸਤ ਬਨਾਣ ਦੀ ਖੂਬੀ ਨਹੀਂ।

*ਪੋਸਤ ਚਰਸ ਅਫੀਮ ਮਦ ਉਤਰ ਜਾਹਿ ਪਰਭਾਤ।*
*ਨਾਮ ਖੁਮਾਰੀ ਨਾਨਕਾ ਚੜ੍ਹੀ ਰਹੈ ਦਿਨ ਰਾਤ।*

# ਆਦਮੀ

ਆਦਮੀ ਦੀਆਂ ਸਾਰੀਆਂ ਮੁਸ਼ਕਲਾਂ, ਮੁਸੀਬਤਾਂ, ਨਾ-ਕਾਮਯਾਬੀਆਂ, ਉਸ ਦੀ ਸਾਰੀ ਪ੍ਰੇਸ਼ਾਨੀ, ਨਿਰਾਸਤਾ, ਚਿੰਤਾ, ਡਰ, ਬਿਮਾਰੀ ਆਪਣੇ ਆਪ ਦੇ ਨਾ ਸਮਝਣ ਕਰਕੇ ਹੈ। ਦੁਨੀਆਂ ਵਿਚ ਅਨੇਕਾਂ ਚੀਜ਼ਾਂ ਹਨ ਜਿਨ੍ਹਾਂ ਦਾ ਗਿਆਨ ਹਾਸਲ ਕਰਨ ਵਾਸਤੇ ਇਨਸਾਨ ਸਾਰੀ ਉਮਰ ਖਰਚ ਕਰ ਦੇਂਦਾ ਹੈ, ਪਰ ਆਪਣੇ ਆਪ ਨੂੰ ਸਮਝਣ ਵਾਸਤੇ ਹਜ਼ਾਰਾਂ ਵਿਚੋਂ ਇਕ ਆਦਮੀ ਤਿਆਰ ਨਹੀਂ ਦਿਸਦਾ। ਆਪਣੇ ਆਪ ਦੀ ਅਗਿਆਨਤਾ ਕਰਕੇ ਆਦਮੀ ਨੂੰ ਆਪਣੇ ਆਪ ਨੂੰ ਹਾਲਾਤ ਦੇ ਤਰਸ ਉਤੇ ਛੱਡਣਾ ਪੈਂਦਾ ਹੈ। ਜਿਵੇਂ ਹਵਾ ਸੜਕ ਦੇ ਪੱਤੇ ਨੂੰ ਜਿਸ ਤਰਫ ਜੀ ਕਰੇ ਉਡਾ ਲੈ ਜਾਂਦੀ ਹੈ, ਉਸੇ ਤਰ੍ਹਾਂ ਆਦਮੀ ਨੂੰ ਆਪਣਾ ਗਿਆਨ ਨਾ ਹੋਣ ਕਰਕੇ ਸਮੇਂ ਦੇ ਹਾਲਾਤ ਆਪਣੇ ਰੁਖ ਅਨੁਸਾਰ ਭਟਕਾਂਦੇ ਹਨ। ਆਪਣੇ ਆਪ ਦੀ ਨਾਵਾਕਫ਼ੀ ਕਰਕੇ ਹਜ਼ਾਰਾਂ ਵਿਚੋਂ ਇਕ ਆਦਮੀ ਵੀ ਐਸਾ ਨਜ਼ਰ ਨਹੀਂ ਆਉਂਦਾ, ਜਿਸ ਦੀ ਖਾਸ ਆਪਣੀ ਕੋਈ ਸ਼ਖਸੀਅਤ (Personality) ਹੋਵੇ, ਜੋ ਹਾਲਾਤ ਨੂੰ ਆਪਣੀ ਮਰਜ਼ੀ ਅਨੁਸਾਰ ਜੋੜਨ ਦਾ ਬਲ ਰਖਦਾ ਹੋਵੇ।

ਹੁੰਦਿਆਂ ਸੁੰਦਿਆਂ ਜੇ ਕੋਈ ਥੁੜ ਕੇ ਰਹੇ ਤਾਂ ਉਸ ਵਰਗਾ ਕੋਈ ਬਦਕਿਸਮਤ ਨਹੀਂ। ਮਿਸਾਲ ਦੇ ਤੌਰ ਤੇ ਜਿਸ ਆਦਮੀ ਦੇ ਪਿਤਾ ਦੀ ਅਲਮਾਰੀ ਵਿਚ ਲੱਖਾਂ ਰੁਪਏ ਪਏ ਹੋਣ ਅਤੇ ਪਿਤਾ ਨੇ ਉਸ ਦੀਆਂ ਚਾਬੀਆਂ ਪੁੱਤਰ ਦੇ ਹੱਥ ਸੌਂਪ ਦਿਤੀਆਂ ਹੋਣ, ਜੇ ਉਹ ਚਾਬੀ ਲਾ ਕੇ ਅਲਮਾਰੀ ਖੋਲ੍ਹਣ ਦਾ ਵਲ ਸਿਖਣ ਦੀ ਬਜਾਏ ਗਵਾਂਢੀਆਂ ਦੀ ਸੇਵਾ ਕਰਕੇ ਰੋਟੀ ਖਾਵੇ, ਜਾਂ ਬਾਜ਼ਾਰ ਵਿਚ ਆਉਂਦੇ ਜਾਂਦੇ ਪਾਸੋਂ ਹੱਥ ਟੱਡ ਕੇ ਭੀਖ ਮੰਗਦਾ ਫਿਰੇ ਤਾਂ ਉਸ ਨਾਲੋਂ ਜ਼ਿਆਦਾ ਬਦਕਿਸਮਤ ਹੋਰ ਕੌਣ ਹੋ ਸਕਦਾ ਹੈ? ਅਨਜਾਣ ਆਦਮੀ ਦੀ ਮੈਨ ਐਸੀ ਹਾਲਤ ਹੈ। ਇਸ ਦੇ ਅੰਦਰ ਬੜੇ ਬੜੇ ਖਜ਼ਾਨੇ ਮੌਜੂਦ ਹਨ ਪਰ ਉਨ੍ਹਾਂ ਦੇ ਹਾਸਲ





ਕਰਨ ਦਾ ਵਲ ਇਸ ਨੂੰ ਨਾ ਆਉਣ ਕਰਕੇ, ਇਹ ਪਾਤਸ਼ਾਹ ਹੁੰਦਾ ਹੋਇਆ ਭੀਖ ਮੰਗਦਾ ਫਿਰਦਾ ਹੈ।

*ਮਤਿ ਵਿਚਿ ਰਤਨ ਜਵਾਹਰ ਮਾਣਿਕ*
*ਜੇ ਇਕ ਗੁਰ ਕੀ ਸਿਖ ਸੁਣੀ।।* ਪੰਨਾ - 2

ਜਿਨ੍ਹਾਂ ਮਹਾਂਪੁਰਖਾਂ ਨੇ ਆਪਣੀ ਅਸਲੀਅਤ ਦੀ ਢੂੰਡ ਕੀਤੀ ਹੈ, ਉਹ ਖੁਦ ਵੀ ਸੱਚੇ ਪਾਤਸ਼ਾਹ ਬਣ ਗਏ ਅਤੇ ਭੁੱਖੀ, ਕੰਗਾਲ, ਵਿਲਕਦੀ ਤੇ ਤਰਸਦੀ ਦੁਨੀਆਂ ਨੂੰ ਪੁਕਾਰ ਪੁਕਾਰ ਕੇ ਆਪਣੇ ਅੰਦਰ ਲੁਕੀ ਪਾਤਸ਼ਾਹੀ ਲੱਭਣ ਵਾਸਤੇ ਪ੍ਰੇਰਦੇ ਰਹੇ। ਜੇ ਪੁੱਤਰ ਆਪਣੇ ਪਿਤਾ ਦੀ ਅਲਮਾਰੀ, ਜਿਸ ਦੀ ਚਾਬੀ ਉਸ ਦੀ ਜੇਬ ਵਿਚ ਹੋਵੇ, ਨਾ ਖੋਲ੍ਹੇ ਅਤੇ ਆਪਣੀਆਂ ਜ਼ਰੂਰਤਾਂ ਪੂਰੀਆਂ ਨਾ ਕਰੇ ਅਤੇ ਉਸ ਦਾ ਧਿਆਨ ਉਸ ਦੇ ਪਿਤਾ ਦੀ ਦੌਲਤ ਅਤੇ ਉਸ ਦੀ ਜੇਬ ਵਿਚ ਪਈ ਚਾਬੀ ਵੱਲ ਦਿਵਾਇਆਂ ਵੀ, ਉਹ ਮੰਗਤਾ ਬਣਿਆ ਰਹੇ ਤਾਂ ਉਸ ਦੇ ਪਿਤਾ ਦਾ ਕੀ ਕਸੂਰ? ਉਸ ਨੂੰ ਸਮਝਾਣ ਵਾਲੇ ਦਾ ਕੀ ਕਸੂਰ? ਆਪਣੀ ਕੰਗਾਲੀ ਦਾ ਉਹ ਆਪ ਜ਼ੁੰਮੇਵਾਰ ਹੈ, ਆਪਣੀ ਬਦਕਿਸਮਤੀ ਦਾ ਉਹ ਆਪ ਕਰਤਾ ਹੈ।

ਆਪਣੇ ਅਸਲੇ ਦੀ ਖੋਜ ਕਰਨ ਵਾਲੇ, ਭਾਵੇਂ ਉਹ ਯੂਨਾਨ ਵਿਚ ਹੋਵੇ, ਭਾਵੇਂ ਚੀਨ ਵਿਚ, ਭਾਵੇਂ ਮਿਸਰ ਵਿਚ, ਭਾਵੇਂ ਹਿੰਦੁਸਤਾਨ ਵਿਚ, ਭਾਵੇਂ ਦਸ ਹਜ਼ਾਰ ਸਾਲ ਪਹਿਲੇ ਹੋਏ, ਸਭ ਦੇ ਸਭ ਇਸ ਨਤੀਜੇ ਤੇ ਪਹੁੰਚੇ ਹਨ ਕਿ ਆਦਮੀ ਇਕ ਮਹਾਂ-ਸ਼ਕਤੀ ਹੈ। ਇਸ ਵਰਗੀ ਸੋਹਣੀ, ਮੁਕੰਮਲ, ਆਜ਼ਾਦ, ਖੁਸ਼ਹਾਲ, ਸੁਖੀ, ਸ਼ਕਤੀਵਾਨ ਚੀਜ਼ ਕਰਤਾਰ ਨੇ ਹੋਰ ਬਣਾਈ ਹੀ ਨਹੀਂ।

ਈਸਾਈ ਤੇ ਮੁਸਲਮਾਨ ਖੋਜੀਆਂ ਨੇ ਆਮ ਲੋਕਾਂ ਨੂੰ ਆਪਣਾ ਭਾਵ ਸਮਝਾਣ ਵਾਸਤੇ ਆਖਿਆ ਹੈ ਕਿ ਜਦ ਖੁਦਾ ਨੇ ਸਭ ਰਚਨਾ ਤਿਆਰ ਕਰ ਲਈ ਤਾਂ ਆਦਮੀ ਨੂੰ ਸਭ ਤੋਂ ਅਖੀਰ ਆਪਣੇ ਵਰਗਾ, ਆਪਣੇ ਨਮੂਨੇ ਦਾ ਘੜਿਆ ਅਤੇ ਆਪਣੇ ਸਾਰੇ ਫਰਿਸ਼ਤਿਆਂ ਨੂੰ ਆਖਿਆ, ਇਸ ਨੂੰ ਸਜਦਾ ਕਰੋ, ਇਹ ਮੇਰਾ ਰੂਪ ਹੈ, ਮੇਰੇ ਵਰਗਾ ਹੈ।

ਹਿੰਦੂਸਤਾਨੀ ਖੋਜੀਆਂ ਨੇ ਆਪਣੀ ਆਤਮਾ, ਆਪਣੇ ਆਪੇ ਦੀ ਕਈ ਸਦੀਆਂ ਤਕ ਢੂੰਡ ਕਰਕੇ ਇਥੋਂ ਤਕ ਕਹਿ ਦਿਤਾ ਕਿ ਆਦਮੀ

ਤੇ ਇਸ ਦੇ ਬਨਾਣ ਵਾਲੇ ਰੱਬ ਵਿਚ ਕੋਈ ਫਰਕ ਹੀ ਨਹੀਂ, ਆਦਮੀ ਰੱਬ ਹੀ ਹੈ। ਵੇਦਾਂਤ ਦਾ ਸਾਰ ਦੋ ਅੱਖਰਾਂ ਵਿਚ 'ਅਹੋ ਬ੍ਰਹਮ ਅਸਮੀ' ਦੱਸਿਆ ਜਾ ਸਕਦਾ ਹੈ। ਹਿੰਦੂ ਰਿਸ਼ੀਆਂ ਦਾ ਇਹ ਕਥਨ ਕਿਉਂਕਿ ਔਸਤ ਦਰਜੇ ਦੇ ਆਦਮੀ ਨੂੰ ਬੜੇ ਟਪਲੇ ਵਿਚ ਪਾਣ ਵਾਲਾ ਸੀ, ਇਸ ਵਾਸਤੇ ਸਿੱਖ ਗੁਰੂ ਸਾਹਿਬਾਨ ਨੇ ਉਕਤ ਭੁਲੇਖੇ ਜਾਂ ਟਪਲੇ ਨੂੰ ਸਾਫ ਕਰ ਦਿਤਾ। ਆਪ ਦੀ ਖੋਜ ਦਾ ਸਿੱਟਾ ਇਹ ਸੀ -

ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਨੇ ਰਾਗ ਆਸਾ ਵਿਚ ਆਦਮੀ ਦਾ ਅਸਲ ਰੁਤਬਾ ਅਤੇ ਉਸ ਦਾ ਆਪਣੇ ਕਰਤਾਰ ਨਾਲ ਰਿਸ਼ਤਾ ਬਿਆਨ ਕਰਦੇ ਹੋਏ ਦੱਸਿਆ ਹੈ -

*ਆਸਾ ਮਹਲਾ ੫*

*ਨਾ ਓਹੁ ਮਰਤਾ ਨਾ ਹਮ ਡਰਿਆ॥*
*ਨਾ ਓਹੁ ਬਿਨਸੈ ਨਾ ਹਮ ਕੜਿਆ॥*
*ਨਾ ਓਹੁ ਨਿਰਧਨੁ ਨਾ ਹਮ ਭੂਖੇ॥*
*ਨਾ ਓਸੁ ਦੂਖੁ ਨ ਹਮ ਕਉ ਦੂਖੇ॥*
*ਅਵਰੁ ਨ ਕੋਊ ਮਾਰਨਵਾਰਾ॥*
*ਜੀਅਉ ਹਮਾਰਾ ਜੀਉ ਦੇਨਹਾਰਾ॥ ੧॥ ਰਹਾਉ॥*
*ਨਾ ਉਸੁ ਬੰਧਨ ਨਾ ਹਮ ਬਾਧੇ॥*
*ਨਾ ਉਸੁ ਧੰਧਾ ਨਾ ਹਮ ਧਾਧੇ॥*
*ਨਾ ਉਸੁ ਮੈਲੁ ਨ ਹਮ ਕਉ ਮੈਲਾ॥*
*ਓਸੁ ਅਨੰਦੁ ਤ ਹਮ ਸਦ ਕੇਲਾ॥*
*ਨਾ ਉਸੁ ਸੋਚੁ ਨ ਹਮ ਕਉ ਸੋਚਾ॥*
*ਨਾ ਉਸੁ ਲੇਪੁ ਨ ਹਮ ਕਉ ਪੋਚਾ॥*
*ਨਾ ਉਸੁ ਭੂਖ ਨਾ ਹਮ ਕਉ ਤ੍ਰਿਸਨਾ॥*
*ਜਾ ਉਹੁ ਨਿਰਮਲੁ ਤਾ ਹਮ ਜਚਨਾ॥*
*ਹਮ ਕਿਛੁ ਨਾਹੀ ਏਕੈ ਓਹੀ॥*
*ਆਗੈ ਪਾਛੈ ਏਕੋ ਸੋਈ॥*
*ਨਾਨਕ ਗੁਰਿ ਖੋਏ ਭ੍ਰਮ ਭੰਗਾ॥*
*ਹਮ ਓਇ ਮਿਲਿ ਹੋਏ ਇਕ ਰੰਗਾ॥* *ਪੰਨਾ - 391*





ਸਿੱਖ ਫਿਲਾਸਫੀ ਵਿਚ ਆਦਮੀ ਨੂੰ ਰੱਬ ਦਾ ਸਰੂਪ, ਰਾਮ ਕੀ 'ਅੰਸ' ਤਾਂ ਕਿਹਾ ਹੈ ਪਰ ਆਦਮੀ ਨੂੰ 'ਰੱਬ' ਨਹੀਂ ਬਣਾਇਆ। ਆਦਮੀ ਰੱਬ ਦੀ ਰਚਨਾ ਦਾ ਸਭ ਤੋਂ ਚੰਗਾ ਤੇ ਉਚਾ ਅੰਗ ਹੈ ਪਰ ਰੱਬ, ਰੱਬ ਹੀ ਹੈ ਤੇ ਆਦਮੀ ਆਦਮੀ ਹੈ।

ਸਿਮਰਨ ਅਭਿਆਸ ਦਵਾਰਾ ਉਤਲੀ ਆਤਮਕ ਅਵਸਥਾ ਵਿਚ ਪਹੁੰਚਣ ਵਾਲੇ ਖਿਡਾਰੀ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ ਕਿ ਅਭਿਆਸ ਵਿਚ ਬੈਠਿਆਂ ਆਦਮੀ ਤੇ ਰੱਬ ਇਕੋ ਹੋ ਜਾਂਦੇ ਹਨ ਅਤੇ ਉਸ ਵਕਤ ਏਕਤਾ ਦੀ ਐਸੀ ਲਹਿਰ ਚਲਦੀ ਹੈ ਕਿ ਅਭਿਆਸੀ ਨੂੰ ਭਾਸਦਾ ਹੈ ਕਿ ਉਹ ਕਦੀ ਵੀ ਕਰਤਾਰ ਨਾਲੋਂ ਵੱਖ ਨਹੀਂ ਹੋਇਆ, ਉਹ ਆਪ ਹੋਇਆ ਹੀ ਕਦੀ ਨਹੀਂ, ਕਰਤਾਰ ਹੀ ਕਰਤਾਰ ਜੁਗਾਂ ਜੁਗਾਂਤਰਾਂ ਤੋਂ 'ਸਦਾ ਸਲਾਮਤ' ਹਸਤੀ ਕਾਇਮ ਸੀ ਪਰ ਅਭਿਆਸ ਤੋਂ ਬਾਅਦ ਫੇਰ ਆਦਮੀ, ਆਦਮੀ ਬਣ ਜਾਂਦਾ ਹੈ ਅਤੇ ਰੱਬ ਰੱਬ ਰਹਿੰਦਾ ਹੈ।

ਅਭਿਆਸ ਤੋਂ ਮਗਰੋਂ ਆਦਮੀ ਦਾ ਆਪਣੇ ਆਪ ਨੂੰ ਰੱਬ ਸਮਝਣਾ ਉਸ ਨੂੰ ਤੇ ਦੁਨੀਆਂ ਨੂੰ ਬੜੇ ਟਪਲੇ ਵਿਚ ਪਾ ਸਕਦਾ ਹੈ। ਗੁਰੂ ਨਾਨਕ ਸੱਚੇ ਪਾਤਸ਼ਾਹ, ਹਰ ਇਕ ਅਰਥ ਵਿਚ ਰੱਬ ਨਾਲ ਇਕ ਸਨ, ਪਰ ਆਪਣੇ ਆਪ ਨੂੰ ਰੱਬ ਆਖਣ ਦੀ ਭੁੱਲ ਕਦੀ ਨਹੀਂ ਸੀ ਕਰਦੇ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਹੁਕਮ ਹੀ ਕਰ ਦਿਤਾ ਸੀ -

*ਜੋ ਮੋਹ ਕੌ ਪਰਮੇਸ਼ਰ ਉਚਰਹੈਂ।*
*ਤਿਹ ਨਰ ਨਰਕ ਕੁੰਡ ਮੈਂ ਪਰਹੈਂ।*

ਇਸ ਵਿਚਾਰ ਸਬੰਧੀ ਅਮਰੀਕਾ ਦੇ ਇਕ ਆਤਮ ਖੋਜੀ ਲਿਖਦੇ ਹਨ -

In the revelation of the oneness, the co-existence of God and man, there is no thought that in any sense, man is God. 'Man is never God' but spiritual man, made in God's likeness reflects God.

Man is the created, not the creator. Man is effect never cause. Man is derivative not the original. Man is the outcome, the emanation, not the source. Man is

the manifestation of infinite mind, not the infinitude of mind itself.Man is, God's inseperable expression of Himself - always the expression but never the original which alone is God.

Thus in the infinity of divine oneness God and man co-exist, God being God and man his reflection being man.

Oneness means that which can never be disjoined, the same in quality, the same in consciousness, the same in inseparable existence. In this oneness with divine mind, Jesus found his resurrection, his ascenssion. There must all mankind find it.

ਉਤਲੀਆਂ ਮਿਸਾਲਾਂ ਦੇਣ ਤੋਂ ਸਾਡਾ ਭਾਵ ਇਹ ਦੱਸਣਾ ਸੀ ਕਿ ਆਦਮੀ ਦੀ ਅਸਲੀਅਤ ਕਿੱਡੀ ਸ਼ਾਨਦਾਰ ਹੈ। ਇਹ ਆਪਣੀ ਅਸਲੀਅਤ ਦਾ ਗਿਆਨ ਨਾ ਹੋਣ ਕਰਕੇ ਦੁਖੀ ਤੇ ਅਸੰਤੁਸ਼ਟ ਰਹਿੰਦਾ ਹੈ। ਗਿਆਨ ਇਕ ਮਹਾਨ ਸ਼ਕਤੀ ਹੈ। ਜਦ ਆਦਮੀ ਨੂੰ ਆਪਣੇ ਆਪ ਦਾ ਗਿਆਨ ਹੋ ਜਾਵੇ ਤਦ ਉਸ ਦੇ ਹਾਲਾਤ ਆਪਣੇ ਆਪ ਬਦਲ ਜਾਂਦੇ ਹਨ। ਗਿਆਨ ਖਿਆਲਾਂ ਨੂੰ ਬਦਲਦਾ ਹੈ, ਖਿਆਲ ਕਰਮਾਂ ਨੂੰ ਬਦਲ ਦੇਂਦੇ ਹਨ, ਕਰਮ ਹਾਲਾਤ ਬਦਲ ਦੇਂਦੇ ਹਨ, ਹਾਲਾਤ ਬਦਲਣ ਨਾਲ ਆਦਮੀ ਦੀ ਦੁਨੀਆਂ ਬਦਲ ਜਾਂਦੀ ਹੈ। ਆਪਣੇ ਆਪ ਦਾ ਗਿਆਨ, ਆਦਮੀ ਦੇ ਦੁਖ ਨੂੰ, ਸੁਖ ਵਿਚ, ਪਰੇਸ਼ਾਨੀ ਨੂੰ ਸ਼ਾਂਤੀ ਵਿਚ, ਨਾਕਾਮਯਾਬੀ ਨੂੰ ਕਾਮਯਾਬੀ ਵਿਚ ਬਦਲ ਸੁਟਦਾ ਹੈ। ਆਪਣੇ ਆਪ ਦਾ ਗਿਆਨ ਆਦਮੀ ਨੂੰ ਰੱਬ ਵਰਗਾ ਸੁਖੀ ਬਣਾ ਦੇਂਦਾ ਹੈ।

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥* *ਪੰਨਾ - 397*





# ਸੁਖ

ਜਦ ਇਨਸਾਨ ਦੇ ਸੁਭਾਓ ਦੀ ਪੜਤਾਲ ਕੀਤੀ ਜਾਵੇ ਤਾਂ ਮੂਲਮ ਹੋਵੇਗਾ ਕਿ ਇਹ ਸੁਭਾਵ ਦਾ ਖ਼ੁਦਗਰਜ਼ ਹੈ। ਕਰਤਾਰ ਨੇ ਇਸ ਦੀ ਫ਼ਿਤਰਤ ਦੀ ਤਹਿ ਵਿਚ ਖ਼ੁਦਗਰਜ਼ੀ ਜਾਂ ਸਵਾਰਥ ਰੱਖਿਆ ਹੈ। ਇਕ ਗੱਲ ਹੋਰ ਦੇਖੀ ਜਾਵੇਗੀ ਕਿ ਇਨਸਾਨ ਦੀ ਗਰਜ਼ ਜਿਸ ਪਾਸਿਓਂ ਪੂਰੀ ਹੋਵੇ, ਉਹ ਉਸ ਪਾਸੇ ਨੂੰ ਪਸੰਦ ਏ, ਜਿਸ ਪਾਸਿਓਂ ਇਸ ਦੀ ਗਰਜ਼ ਪੂਰੀ ਨਾ ਹੋਵੇ ਉਸ ਪਾਸੇ ਵਲੋਂ ਬੇ-ਪਰਵਾਹੀ ਕਰੇਗਾ। ਇਨਸਾਨ ਦੇ ਸੁਭਾਓ ਵਿਚ ਇਕ ਹੋਰ ਬੁਨਿਆਦੀ ਅਸੂਲ ਇਹ ਹੈ ਕਿ ਇਸ ਦੀ ਹਰ ਗਰਜ਼ ਦਾ ਮਨੋਰਥ ਸੁਖ ਹੈ। ਦੂਸਰੇ ਅੱਖਰਾਂ ਵਿਚ ਇਨਸਾਨ ਦਾ ਸੁਭਾਓ ਹੈ ਸੁਖ ਲੱਭਣੇ ਅਤੇ ਜਿਸ ਪਾਸਿਓਂ ਸੁਖ ਲੱਭਣ ਉਸ ਪਾਸੇ ਨੂੰ ਚੰਗਾ ਸਮਝਣਾ।

ਇਤਿਹਾਸ ਦੱਸਦਾ ਹੈ ਕਿ ਇਨਸਾਨਾਂ ਦੀ ਬਹੁ-ਗਿਣਤੀ ਨੇ ਸ਼ੁਰੂ ਤੋਂ ਸੁਖ ਨੂੰ ਬਾਹਰ ਦੇ ਪਦਾਰਥਾਂ ਵਿਚੋਂ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਇਸ ਦੀ ਸਰੀਰ ਨੂੰ ਪਾਲਣ, ਖ਼ੁਰਾਕ ਪੈਦਾ ਕਰਨ, ਪਰਿਵਾਰ ਕਾਇਮ ਕਰਨ, ਮਕਾਨ ਕੋਠੀਆਂ, ਕਿਲ੍ਹੇ ਬਨਾਣ, ਧਨ ਦੌਲਤ ਜੋੜਨ ਦੀ ਕੋਸ਼ਿਸ਼ ਸਿੱਧ ਕਰਦੀ ਹੈ ਕਿ ਇਸ ਨੇ ਮੁੱਢ ਤੋਂ ਸੁਖ ਇਨ੍ਹਾਂ ਬਾਹਰ ਦੀਆਂ ਚੀਜ਼ਾਂ ਵਿਚ ਸਮਝਿਆ ਅਤੇ ਇਨ੍ਹਾਂ ਚੀਜ਼ਾਂ ਨੂੰ ਹਾਸਲ ਕਰਨ ਦੀ ਕੋਸ਼ਿਸ਼ ਵਿਚ ਜੀਵਨ ਬਤੀਤ ਕੀਤਾ। ਇਤਿਹਾਸ ਇਹ ਗੱਲ ਵੀ ਸਿੱਧ ਕਰਦਾ ਹੈ ਕਿ ਅੱਜ ਤੱਕ ਕੋਈ ਐਸਾ ਇਨਸਾਨ ਨਹੀਂ ਹੋਇਆ ਜਿਸ ਨੇ ਸੁਖ ਨੂੰ ਬਾਹਰ ਦੇ ਪਦਾਰਥਾਂ ਵਿਚੋਂ ਲੱਭ ਕੇ ਆਖਿਆ ਹੋਵੇ ਕਿ ਮੈਨੂੰ ਪੂਰਨ ਸੁਖ ਮਿਲ ਗਿਆ ਹੈ, ਹੁਣ ਹੋਰ ਕਿਸੇ ਚੀਜ਼ ਦੀ ਲੋੜ ਨਹੀਂ ਰਹੀ। ਐਸੇ ਇਨਸਾਨ ਤਾਂ ਬਹੁਤ ਹੋਏ ਹਨ ਜਿਨ੍ਹਾਂ ਪਾਸ ਬਾਹਰ ਦੇ ਪਦਾਰਥ ਇਤਨੇ ਸਨ ਕਿ ਉਨ੍ਹਾਂ ਦੇ ਜੀਵਨ ਵਿਚ ਵਰਤਿਆਂ ਕਦੀ ਨਾ ਮੁਕਦੇ ਪਰ ਉਨ੍ਹਾਂ ਨੇ ਆਪਣੀ ਜ਼ਬਾਨੀ ਇਹ ਕਦੀ ਨਹੀਂ ਆਖਿਆ ਕਿ ਸਾਨੂੰ ਹੋਰ ਪਦਾਰਥਾਂ ਦੀ ਲੋੜ ਨਹੀਂ, ਅਸੀਂ ਪੂਰਨ ਸੁਖੀ ਹੋ ਗਏ ਹਾਂ। ਇਸ ਸ਼੍ਰੇਣੀ ਵਿਚ ਵੱਡੇ ਰਾਜੇ, ਮਹਾਰਾਜੇ, ਪਾਤਸ਼ਾਹ, ਧਨਾਢ ਜੋ ਬੇਅੰਤ ਹੋ ਚੁੱਕੇ ਹਨ, ਸ਼ਾਮਲ ਕੀਤੇ ਜਾ ਸਕਦੇ ਹਨ। ਇੰਜ ਤਾਂ ਆਮ ਤੌਰ ਤੇ ਹੁੰਦਾ ਰਿਹਾ ਹੈ ਕਿ ਜਿਉਂ-ਜਿਉਂ ਇਨਸਾਨ ਪਾਸ ਬਾਹਰ ਦੇ ਪਦਾਰਥ ਵਧੇ ਤਿਉਂ ਤਿਉਂ ਇਸ

ਦੀਆਂ ਖਾਹਿਸ਼ਾਂ ਵਧੀਆਂ, ਤਿਉਂ-ਤਿਉਂ ਇਹ ਹੋਰ ਬੇ-ਸੰਤੋਖਾ ਹੋਇਆ ਪਰ ਇਤਿਹਾਸ ਨੇ ਅੱਜ ਤਕ ਐਸਾ ਆਦਮੀ ਵੀ ਪੈਦਾ ਨਹੀਂ ਕੀਤਾ, ਜਿਸ ਨੇ ਬਾਹਰ ਦੇ ਪਦਾਰਥ ਹਾਸਲ ਕਰਕੇ ਆਖਿਆ ਹੋਵੇ ਕਿ ਮੈਨੂੰ ਹੋਰ ਲੋੜ ਨਹੀਂ ਰਹੀ, ਮੈਂ ਪੂਰਨ ਸੁਖੀ ਹੋ ਗਿਆ ਹਾਂ।

ਇਸ ਤੋਂ ਇਕ ਅਸੂਲ ਸਾਬਤ ਹੁੰਦਾ ਹੈ ਅਤੇ ਉਹ ਇਹ ਕਿ ਬਾਹਰ ਦੇ ਪਦਾਰਥਾਂ ਵਿਚ ਇਨਸਾਨ ਨੂੰ ਪੂਰਨ ਸੁਖੀ ਬਨਾਣ ਦੀ ਸ਼ਕਤੀ ਨਹੀਂ। ਬਾਹਰ ਦੇ ਸੁਖ ਆਰਜ਼ੀ ਤੌਰ ਤੇ ਤਾਂ ਇਨਸਾਨ ਨੂੰ ਸੁਖੀ ਬਣਾਂਦੇ ਹਨ, ਪਰ ਉਹ ਇਨ੍ਹਾਂ ਨੂੰ ਭੋਗ ਕੇ ਫੇਰ ਭੁੱਖਾ, ਫੇਰ ਅਸੰਤੁਸ਼ਟ ਹੀ ਰਹਿੰਦਾ ਹੈ।

ਅਵਲ ਤਾਂ ਬਾਹਰ ਦੇ ਸੰਸਾਰਕ ਪਦਾਰਥ ਇਤਨੀ ਜ਼ਿਆਦਤੀ ਵਿਚ ਕਿਸੇ ਨੂੰ ਮਿਲਦੇ ਹੀ ਨਹੀਂ ਕਿ ਉਹ ਆਖ ਸਕੇ ਕਿ ਮੈਨੂੰ ਹੋਰ ਲੋੜ ਨਹੀਂ, ਪਰ ਜੇਕਰ ਅਸੀਂ ਫਰਜ਼ ਕਰ ਵੀ ਲਈਏ ਕਿ ਐਸੇ ਇਨਸਾਨ ਹੋਏ ਹਨ ਜਾਂ ਅੱਗੇ ਨੂੰ ਹੋ ਸਕਦੇ ਹਨ ਜਿਹੜੇ ਬਾਹਰ ਦੇ ਸੰਸਾਰਕ ਪਦਾਰਥਾਂ ਨੂੰ ਹਾਸਲ ਕਰਕੇ ਪੂਰੇ ਸੰਤੁਸ਼ਟ ਜਾਂ ਪੂਰੇ ਸੁਖੀ ਹੋ ਜਾਣ ਤਾਂ ਫੇਰ ਵੀ ਇਕ ਗੱਲ ਅਟੱਲ ਰਹੇਗੀ ਕਿ ਸੰਸਾਰ ਦੇ ਪਦਾਰਥਾਂ ਨੂੰ ਭੋਗਦਾ ਭੋਗਦਾ ਇਨਸਾਨ ਖੁਦ ਖਤਮ ਹੋ ਜਾਂਦਾ ਹੈ, ਪਰ ਉਸ ਦੀ ਤ੍ਰਿਸ਼ਨਾ ਖਤਮ ਨਹੀਂ ਹੁੰਦੀ। ਚਾਲੀ ਪੰਜਾਹ ਸਾਲ ਤੱਕ ਬੜੀ ਮਿਹਨਤ ਨਾਲ ਬਾਹਰ ਦੇ ਪਦਾਰਥ ਇਕੱਠੇ ਕਰਕੇ ਇਨਸਾਨ ਸਮਝਦਾ ਹੈ ਕਿ ਸ਼ਾਇਦ ਉਹ ਅੱਗੇ ਨੂੰ ਸੁਖੀ ਜੀਵਨ ਬਤੀਤ ਕਰ ਸਕੇ, ਪਰ ਉਸ ਦੀ ਇਹ ਹਿਰਸ ਪੂਰੀ ਨਹੀਂ ਹੁੰਦੀ, ਕਿਉਂਕਿ ਉਮਰ ਦੇ ਵਧਣ ਨਾਲ ਇਨਸਾਨ ਦੀਆਂ ਸਰੀਰਕ ਸ਼ਕਤੀਆਂ ਘਟਣ ਲਗ ਜਾਂਦੀਆਂ ਹਨ। ਬਲ ਘਟ ਜਾਂਦਾ ਹੈ, ਦੰਦ ਕੰਮ ਕਰਨੋਂ ਜਵਾਬ ਦੇ ਦੇਂਦੇ ਹਨ, ਅੱਖਾਂ ਦੀ ਜੋਤ ਘੱਟ ਜਾਂਦੀ ਹੈ ਅਤੇ ਅਖੀਰ ਮੌਤ ਆ ਕੇ ਇਨਸਾਨ ਦੀਆਂ ਸਭ ਉਮੀਦਾਂ ਤੇ ਪਾਣੀ ਫੇਰ ਦੇਂਦੀ ਹੈ।

ਇਸ ਵਿਚਾਰ ਅਨੁਸਾਰ ਸੰਸਾਰ ਦੇ ਪਦਾਰਥਕ ਸੁਖ, ਨਾ ਕਦੀ ਪਿਛੇ ਇਨਸਾਨ ਨੂੰ ਪੂਰਨ ਸੁਖੀ ਬਣਾ ਸਕੇ ਹਨ ਅਤੇ ਨਾ ਅੱਗੇ ਨੂੰ ਪੂਰੇ ਸੁਖੀ ਬਨਾਣ ਦੀ ਆਸ ਦਿਵਾ ਸਕਦੇ ਹਨ।

ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਆਦਮੀ ਦਾ ਸਰੀਰ ਹੀ ਕੇਵਲ ਆਦਮੀ ਨਹੀਂ ਹੁੰਦਾ। ਅਸਲ ਆਦਮੀ ਇਸ ਸਰੀਰ ਵਿਚ ਰਹਿਣ ਵਾਲੀ ਆਤਮਾ ਹੁੰਦੀ ਹੈ। ਸਰੀਰ ਦੀਆਂ ਜ਼ਰੂਰਤਾਂ ਪੂਰੀਆਂ ਹੋਣ ਮਗਰੋਂ ਆਤਮਾ ਦੀਆਂ ਜ਼ਰੂਰਤਾਂ ਪੂਰੀਆਂ ਕੀਤੇ ਬਗ਼ੈਰ ਇਨਸਾਨ ਦੀ ਕਦੀ ਤਸੱਲੀ ਨਹੀਂ ਹੋ ਸਕਦੀ। ਰੋਟੀ ਖਾ ਕੇ, ਕੱਪੜੇ ਪਹਿਨ ਕੇ, ਚੰਗੇ ਘਰ ਵਿਚ ਰਹਿ ਕੇ ਜੇਕਰ ਸਰੀਰ ਕਿਸੇ ਹੱਦ ਤੱਕ ਸੁਖੀ ਹੋ ਜਾਵੇ ਤਾਂ ਵੀ





ਜਦ ਤਕ ਆਤਮਾ ਨੂੰ ਖ਼ੁਰਾਕ ਨਾ ਮਿਲੇ ਉਹ ਸਦਾ ਅਸੰਤੁਸ਼ਟ ਰਹੇਗੀ। ਆਤਮਾ ਦੀ ਖ਼ੁਰਾਕ ਇਖਲਾਕ, ਪ੍ਰੇਮ, ਬੰਦਗੀ, ਭਜਨ, ਸਿਮਰਨ ਤੇ ਗਿਆਨ ਹੈ। ਇਸ ਲਈ ਇਨਸਾਨ ਨੂੰ ਪੂਰੇ ਤੌਰ ਤੇ ਸੁਖੀ ਹੋਣ ਲਈ ਸਰੀਰ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਨਾਲ-ਨਾਲ ਆਤਮਾ ਦੀ ਖ਼ੁਰਾਕ, ਰੂਹ ਦੀ ਗਿਜ਼ਾ ਵੀ ਹਾਸਲ ਕਰਨੀ ਜ਼ਰੂਰੀ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਇਨਸਾਨ ਨੂੰ ਪੂਰਨ ਸੁਖੀ ਬਨਾਣ ਵਾਸਤੇ ਬਾਹਰ ਭਟਕਣ ਦੀ ਬਜਾਏ ਆਪਣੇ ਅੰਦਰ ਸੁਖਾਂ ਦੇ ਸਾਗਰ ਅਕਾਲ ਪੁਰਖ ਨੂੰ ਲੱਭਣ, ਮਿਲਣ ਅਤੇ ਸਮਝਣ ਵਾਸਤੇ ਪ੍ਰੇਰਦੀ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਅਨੁਸਾਰ ਜੇਕਰ ਇਨਸਾਨ ਨੇਕ ਤੇ ਆਤਮਕ ਜੀਵਨ ਬਤੀਤ ਕਰਨ ਲਗ ਜਾਵੇ ਤਾਂ ਉਸ ਨੂੰ ਅੰਦਰੋਂ ਸੁਖਾਂ ਦਾ ਖਜ਼ਾਨਾ ਮਿਲ ਜਾਣ ਉਤੇ ਬਾਹਰ ਦੇ ਦੁਨਿਆਵੀ ਤੇ ਸਰੀਰਕ ਸੁਖ ਵੀ ਅੱਗੇ ਪਿਛੇ ਫਿਰਨ ਲਗ ਜਾਂਦੇ ਹਨ।

*ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ॥*
*ਸੋ ਧਨੁ ਹਰਿ ਸੇਵਾ ਤੇ ਪਾਵਹਿ॥* ਪੰਨਾ - 288

*ਕੋਟਿ ਅਨੰਦ ਜਹ ਹਰਿ ਗੁਨ ਗਾਹੀ॥* ਪੰਨਾ - 197

ਗੁਰਮੁਖ ਦੀ ਇਹ ਅਵਸਥਾ ਏਥੋਂ ਤੱਕ ਪੱਕਦੀ ਤੇ ਪੂਰਨ ਹੁੰਦੀ ਹੈ ਕਿ ਗੁਰਮੁਖ ਦਾ ਹਰ ਫੁਰਨਾ, ਹਰ ਖਿਆਲ ਵਾਹਿਗੁਰੂ ਦੀ ਅਪਾਰ ਸ਼ਕਤੀ ਪੂਰਾ ਕਰਨਾ ਆਪਣੀ ਪ੍ਰਸੰਨਤਾ ਸਮਝਦੀ ਹੈ।

*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥*
ਪੰਨਾ - 403

*ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥*
ਪੰਨਾ - 403

ਗੁਰਮੁਖ ਨੂੰ ਅਖੀਰ ਵਿਚ ਉਹ ਅੰਦਰਲਾ ਤੇ ਬਾਹਰ ਦਾ, ਆਤਮਕ ਤੇ ਸੰਸਾਰਕ ਸੁਖ ਪ੍ਰਾਪਤ ਹੁੰਦਾ ਹੈ ਕਿ ਉਸ ਦੀ ਸਭ ਤ੍ਰਿਸ਼ਨਾ, ਸਭ ਦੁਖ, ਸਭ ਭਟਕਣਾ ਖਤਮ ਹੋ ਜਾਂਦੀ ਹੈ।

*ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ ਜੋ ਹਰਿ ਨਾਮੁ ਧਿਆਵੈ॥*
ਪੰਨਾ - 451

*ਸਭਿ ਦੂਖ ਭੂਖ ਰੋਗ ਗਏ ਹਰਿ ਸੇਵਕ ਕੇ*
*ਸਭਿ ਜਨ ਕੇ ਬੰਧਨ ਤੋੜੀਐ॥* ਪੰਨਾ - 550

# ਮਹਾਂਪੁਰਖਾਂ ਦਾ ਸੰਗ

ਮਹਾਂਪੁਰਖਾਂ ਦਾ ਦਰਸ਼ਨ ਕਰਨਾ ਵੀ ਲਾਭ ਤੋਂ ਖਾਲੀ ਨਹੀਂ ਹੁੰਦਾ। ਉਨ੍ਹਾਂ ਦੇ ਪਾਸ ਰਹਿਣਾ ਤੇ ਸੇਵਾ ਕਰਨੀ ਇਸ ਤੋਂ ਵੀ ਚੰਗੀ ਤੇ ਲਾਭਦਾਇਕ ਗੱਲ ਹੈ। ਪਰ ਸਭ ਤੋਂ ਚੰਗੀ ਤੇ ਲਾਭਦਾਇਕ ਗੱਲ ਮਹਾਂਪੁਰਖਾਂ ਦੇ ਅਸਲ ਅਰਥਾਂ ਵਿਚ ਨਜ਼ਦੀਕ ਹੋਣਾ ਹੈ।

ਮਹਾਂਪੁਰਖਾਂ ਦੇ ਨਜ਼ਦੀਕ ਹੋਣ ਦਾ ਮਾਣ ਕਿਸੇ ਸੁਭਾਗੀ ਪੁਰਸ਼ ਨੂੰ ਪ੍ਰਾਪਤ ਹੁੰਦਾ ਹੈ। ਮਹਾਂਪੁਰਖ ਦੇ ਆਲੇ-ਦੁਆਲੇ ਹਜ਼ਾਰਾਂ ਲੋਕ ਰਹਿੰਦੇ ਹੋਏ ਵੀ ਉਸ ਤੋਂ ਅਸਲ ਅਰਥਾਂ ਵਿਚ ਬਹੁਤ ਦੂਰ ਰਹਿ ਜਾਂਦੇ ਹਨ। ਮਹਾਂਪੁਰਖ ਦੀ ਦਿਨ ਰਾਤ ਦੀ ਸੇਵਾ ਕਰਨ ਵਿਚ ਜੀਵਨ ਬਤੀਤ ਕਰਨ ਵਾਲੇ ਵੀ ਜ਼ਰੂਰੀ ਨਹੀਂ ਕਿ ਮਹਾਂਪੁਰਖ ਦੇ ਨਿਕਟਵਰਤੀ ਕਹਾ ਸਕਣ।

ਗੁਰੂ ਨਾਨਕ ਦੇ ਦਰਸ਼ਨ ਲੱਖਾਂ ਪੁਰਸ਼ਾਂ ਨੇ ਕੀਤੇ ਹੋਣਗੇ, ਆਪ ਦੀ ਸੇਵਾ ਵਿਚ ਵੀ ਹਜ਼ਾਰਾਂ ਆਦਮੀ ਰਹੇ ਹੋਣਗੇ, ਪਰ ਆਪ ਦਾ ਹਮ-ਰਾਜ਼ ਅਸਲ ਅਰਥਾਂ ਵਿਚ ਭਾਈ ਲਹਿਣਾ ਹੀ ਬਣ ਸਕਿਆ। ਇਸ ਦਾ ਕੀ ਸਬੱਬ ਸੀ? ਇਸ ਵਿਚ ਕੀ ਭੇਦ ਸੀ? ਕੀ ਮਹਾਂਪੁਰਖ ਕਿਸੇ ਆਦਮੀ ਦਾ ਖਾਸ ਲਿਹਾਜ਼ ਕਰਦੇ ਹਨ? ਐਸਾ ਕਰਨ ਤਾਂ ਉਹ ਮਹਾਂਪੁਰਖ ਕਾਹਦੇ? ਉਨ੍ਹਾਂ ਦੀ ਨਜ਼ਰ ਵਿਚੋਂ ਤਾਂ ਦ੍ਵੈਤ ਉਕਾ ਹੀ ਦੂਰ ਹੋ ਚੁਕੀ ਹੁੰਦੀ ਹੈ।

ਮਹਾਂਪੁਰਖ ਕਿਸੇ ਕੋਲੋਂ ਕੁਝ ਵੀ ਲੁਕਾ ਕੇ ਨਹੀਂ ਰਖਦੇ, ਆਪਣਾ ਸਭ ਕੁਝ ਸੰਸਾਰ ਨੂੰ ਦੇਣ ਵਾਸਤੇ ਤਿਆਰ ਹੁੰਦੇ ਹਨ, ਪਰ ਜੋ ਅਜ਼ਲ ਦਾਤ (Divine Knowledge) ਉਹ ਇਨਸਾਨ ਨੂੰ ਦੇਣਾ ਚਾਹੁੰਦੇ ਹਨ, ਉਸ ਨੂੰ ਕਬੂਲਣ ਤੇ ਸੰਭਾਲਣ ਲਈ, ਉਸ ਨੂੰ ਸਾਂਭ ਕੇ ਵਰਤਣ ਲਈ ਇਨਸਾਨ ਨੂੰ ਖਾਸ ਤਿਆਰੀ ਕਰਨੀ ਪੈਂਦੀ ਹੈ, ਆਪਣੇ ਆਪ ਵਿਚ ਖਾਸ ਸਿਫ਼ਤਾਂ ਪੈਦਾ ਕਰਨੀਆਂ ਪੈਂਦੀਆਂ ਹਨ। ਆਪਣੇ ਦਿਲ ਦਿਮਾਗ ਨੂੰ, ਆਪਣੇ ਜੀਵਨ ਨੂੰ ਇਕਖਾਸ ਸੰਚੇ ਵਿਚ ਢਾਲਣਾ ਪੈਂਦਾ ਹੈ।

ਜਿਵੇਂ ਸ਼ਸਤਰ ਵਿਦਿਆ ਸਿਖਾਣ ਤੋਂ ਪਹਿਲੇ ਡਾਕਟਰ, ਸਿਪਾਹੀ





ਦੀ ਜਿਸਮਾਨੀ ਹਾਲਤ ਪਾਸ ਕਰਦੇ ਹਨ, ਜਿਵੇਂ ਸਿਤਾਰਿਆਂ ਦਾ ਇਲਮ ਸਿਖਾਣ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਮੈਥੇਮੈਟਿਕਸ (ਇਲਮ ਹਿਸਾਬ) ਦਾ ਆਉਣਾ ਜ਼ਰੂਰੀ ਹੈ, ਏਸੇ ਤਰ੍ਹਾਂ ਆਤਮ ਗਿਆਨ ਸਿਖਾਣ ਤੋਂ ਪਹਿਲੇ ਸਿੱਖ ਨੂੰ ਆਪਣਾ ਜੀਵਨ ਇਕ ਖਾਸ ਤਰ੍ਹਾਂ ਦਾ ਬਨਾਣਾ ਜ਼ਰੂਰੀ ਹੈ।

ਆਤਮਕ ਗਿਆਨ ਕੁਲ ਇਲਮਾਂ ਤੋਂ ਉਚਾ ਤੇ ਮੁਸ਼ਕਿਲ ਹੈ। ਹਰ ਇਕ ਇਲਮ ਹਾਸਲ ਕਰਨ ਨਾਲ ਇਨਸਾਨ ਦੀ ਇੱਜ਼ਤ ਤੇ ਤਾਕਤ ਵੱਧ ਜਾਂਦੀ ਹੈ, ਪਰ ਆਤਮ ਗਿਆਨ ਦੇ ਹਾਸਲ ਹੋਣ ਨਾਲ ਤਾਂ ਇਨਸਾਨ ਦੀ ਇੱਜ਼ਤ ਤੇ ਤਾਕਤ ਦਾ ਕੁਝ ਠਿਕਾਣਾ ਨਹੀਂ ਰਹਿੰਦਾ। ਇਸ ਇੱਜ਼ਤ ਤੇ ਤਾਕਤ ਨੂੰ ਪਛਾਨਣ, ਸੰਭਾਲਣ, ਠੀਕ ਵਰਤੋਂ ਵਿਚ ਲਿਆਉਣ ਵਾਸਤੇ ਜ਼ਰੂਰੀ ਹੈ ਕਿ ਇਨਸਾਨ ਦੀ ਤਬੀਅਤ, ਇੱਜ਼ਤ ਤੇ ਤਾਕਤ ਤੋਂ ਬੇਪ੍ਰਵਾਹੀ ਕੀਤੀ ਜਾਵੇ।

ਮਹਿਆਈ ਉਹ ਆਦਮੀ ਠੀਕ ਤੌਰ ਤੇ ਵੰਡ ਸਕਦਾ ਹੈ ਜਿਸ ਦੀ ਆਪਣੀ ਤਬੀਅਤ ਮਹਿਆਈ ਤੋਂ ਰੱਜੀ ਹੋਈ ਹੋਵੇ, ਦੌਲਤ ਉਹ ਆਦਮੀ ਚੰਗੀ ਤਰ੍ਹਾਂ ਵੰਡ ਸਕਦਾ ਹੈ ਜਿਹੜਾ ਖੁਦ ਦੌਲਤ ਵਿਚੋਂ ਰੱਜਿਆ ਤੇ ਬੇ-ਪ੍ਰਵਾਹ ਹੋਵੇ, ਏਸੇ ਤਰ੍ਹਾਂ ਇੱਜ਼ਤ ਦਾ ਭੁੱਖਾ ਦੁਨੀਆਂ ਨੂੰ ਇੱਜ਼ਤ, ਮਰਤਬੇ, ਉਚੀਆਂ ਪਦਵੀਆਂ ਨਹੀਂ ਵੰਡ ਸਕਦਾ ਅਤੇ ਜੀਵਨ ਦਾ ਭੁੱਖਾ ਲੋਕਾਂ ਨੂੰ ਜੀਵਨ ਦਾਨ ਨਹੀਂ ਕਰ ਸਕਦਾ।

ਆਤਮ ਗਿਆਨੀ ਸੰਸਾਰ ਦੀ ਜੀਵਨ ਕਲਾ ਦੇ ਭੇਤ ਤੋਂ ਵਾਕਫ਼ ਹੋ ਚੁਕਾ ਹੈ, ਜੀਵਨ ਦੀ ਘਟਨਾ ਦੇ ਸਭ ਰਾਜ਼ ਉਸ ਅੱਗੇ ਖੁਲ੍ਹ ਜਾਂਦੇ ਹਨ। ਅਨੰਤ ਜੀਵਨ (infinite life) ਦਾ ਗਿਆਨ ਹਾਸਲ ਕਰਕੇ ਉਹ ਇਸ ਜੀਵੀ ਜੀਵਨ (moral life) ਤੋਂ ਰੱਜ ਜਾਂਦਾ ਹੈ, ਏਥੋਂ ਤੱਕ ਕਿ ਇਸ ਤੋਂ ਬੇ-ਪ੍ਰਵਾਹ ਹੋ ਕੇ ਆਖਦਾ ਹੈ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥* *ਪੰਨਾ - 1366*

ਏਹੀ ਕਾਰਨ ਹੈ ਕਿ ਪੂਰਨ ਸਤਿਗੁਰੂ ਆਪਣੇ ਸਿੱਖਾਂ ਨੂੰ, ਸੱਚ ਦੇ ਖੋਜੀਆਂ ਨੂੰ, ਹੱਕ ਦੇ ਤਾਲਬਾਂ ਨੂੰ ਆਖਰੀ ਮੰਜ਼ਲ - ਨਿਰਭੈ-ਪਦ ਤੇ ਪਹੁੰਚਣ ਦੀ ਔਖੀ ਪਰ ਜ਼ਰੂਰੀ ਸ਼ਰਤ ਦੱਸਦਿਆਂ ਬੜੀ ਸਾਫ਼ ਗੋਈ ਤੋਂ ਕੰਮ ਲੈਂਦੇ ਹਨ, ਕੋਈ ਸਬਜ਼-ਬਾਗ ਨਹੀਂ ਦਿਖਾਂਦੇ, ਕਿਸੇ ਸਵਰਗ ਦਾ

ਲਾਲਚ ਨਹੀਂ ਦੇਂਦੇ। ਆਤਮਕ ਜੀਵਨ ਦੀ ਟੀਸੀ ਤੇ ਚੜ੍ਹਨ ਦੇ ਅਭਿਲਾਖੀਆਂ ਨੂੰ ਆਪ ਫ਼ਰਮਾਂਦੇ ਹਨ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*

*ਪੰਨਾ - 1102*

ਮਹਾਂਪੁਰਖ ਪਾਸ ਉਸ ਦਾ ਸਭ ਕੁਝ ਸਾਂਭਣ ਵਾਸਤੇ, ਉਸ ਨਾਲ ਅਭੇਦ ਹੋਣ ਵਾਸਤੇ, ਉਸ ਦਾ ਹਮ-ਰਾਜ਼ ਬਣਨ ਵਾਸਤੇ, ਉਹੋ ਸ਼ਖਸ ਆ ਸਕਦਾ ਹੈ ਜੋ ਸੱਚ ਦੀ ਖੋਜ ਵਿਚ ਸਭ ਕੁਝ ਕੁਰਬਾਨ ਕਰਨ ਵਾਸਤੇ ਤਿਆਰ ਹੋਵੇ।

ਸਭ ਕੁਰਬਾਨੀਆਂ ਨਾਲੋਂ ਵੱਡੀ ਕੁਰਬਾਨੀ 'ਹਉਮੈ' ਦੀ ਕੁਰਬਾਨੀ ਹੈ। ਅਕਾਲ ਪੁਰਖ ਹਉਮੈ ਤੋਂ ਰਹਿਤ ਹਸਤੀ ਹੈ, ਮਹਾਂਪੁਰਖ ਹਉਮੈ ਤੋਂ ਰਹਿਤ ਹੋ ਜਾਂਦੇ ਹਨ। ਜਿਨ੍ਹਾਂ ਨੂੰ ਮਹਾਂਪੁਰਖਾਂ ਦੀ ਨਜ਼ਰ ਵਿਚ ਕਬੂਲੇ ਜਾਣ ਦਾ ਸ਼ੌਕ ਹੋਵੇ, ਉਨ੍ਹਾਂ ਨੂੰ ਆਪਣੀ ਹਉਮੈ ਤਿਆਗਣ ਵਾਸਤੇ ਖਿੜੇ ਮੱਥੇ ਤਿਆਰ ਹੋਣਾ ਚਾਹੀਦਾ ਹੈ ਅਤੇ ਹਉਮੈ ਦੇ ਤਿਆਗਣ ਦਾ ਮਤਲਬ ਹਉਮੈ ਨਾਲ ਸਬੰਧ ਰੱਖਣ ਵਾਲਾ ਸਭ ਕੁਝ ਤਿਆਗਣਾ ਹੈ।

ਹੇਠ ਲਿਖੀਆਂ ਅੰਗਰੇਜ਼ੀ ਵਿਚ ਕਿਸੇ ਮਹਾਂਪੁਰਖ ਦੀਆਂ ਸਤਰਾਂ ਸਾਬਤ ਕਰਦੀਆਂ ਹਨ ਕਿ ਸਭ ਮੁਲਕਾਂ ਦੇ ਮਹਾਂਪੁਰਖ ਆਤਮ ਮਾਰਗ ਉਤੇ ਚਲਣ ਵਾਲਿਆਂ ਤੋਂ ਪਹਿਲੀ ਮੰਗ ਵਿਚ ਹੀ ਸਭ ਕੁਝ ਲੈ ਲੈਂਦੇ ਹਨ।

Before the eyes can see, they must be incapable of tears. Before the ear can hear, it must have lost its sensitiveness. Before the voice can speak in the presence of the Master, it must have lost the power to wound. Before the soul can stand in the presence of the Master its feet must be washed in the blood of the heart.'

ਜੋ ਕੋਈ ਇਹ ਕੁਝ ਕਰ ਸਕਣ ਦਾ ਹੌਸਲਾ ਰੱਖੇ, ਉਹ ਮਹਾਂਪੁਰਖਾਂ ਦਾ ਨਿਕਟਵਰਤੀ ਤੇ ਹਮ-ਰਾਜ਼ ਬਣ ਸਕਦਾ ਹੈ, ਉਹ ਮਹਾਂਪੁਰਖਾਂ ਦਾ





ਸਭ ਕੁਝ ਸਾਂਭ ਸਕਦਾ ਹੈ, ਮਹਾਂਪੁਰਖ ਆਪਣਾ ਸਭ ਕੁਝ ਐਸੇ ਆਦਮੀ ਤੋਂ ਵਾਰਨ ਵਾਸਤੇ ਉਤਾਵਲੇ ਹੁੰਦੇ ਹਨ।

ਇਥੇ ਨੁਕਤਾਚੀਨ ਆਦਮੀ ਸਵਾਲ ਕਰ ਸਕਦਾ ਹੈ ਕਿ ਜੇ ਧਰਮ ਦੀ ਆਖਰੀ ਮੰਜ਼ਲ ਐਡੀ ਕਠਿਨ ਹੈ, ਜਿਥੇ ਕਿ ਮੌਤ ਮਨਜ਼ੂਰ ਕਰਨੀ ਤੇ ਜੀਵਨ ਦੀ ਆਸ ਛੱਡਣੀ ਪੈਂਦੀ ਹੈ ਤਾਂ ਧਰਮ ਦੀ ਸਹਾਇਤਾ ਮੰਗਣੀ ਤੇ ਇਸ ਦੀ ਚਾਹ ਕਰਨੀ ਹੀ ਫਜ਼ੂਲ ਹੈ, ਕਿਉਂਕਿ ਜ਼ਿੰਦਗੀ ਨੂੰ ਗਵਾ ਕੇ ਜੋ ਕੁਝ ਮਿਲੇ, ਉਹ ਕਿਸ ਕੰਮ ਦਾ ਹੋ ਸਕਦਾ ਹੈ?

ਜ਼ਰਾ ਗੌਰ ਨਾਲ ਉਤਲੇ ਮਹਾਂਵਾਕ ਨੂੰ ਪੜ੍ਹਿਆਂ ਪਤਾ ਲਗੇਗਾ ਕਿ ਪਹਿਲੀ ਤੁਕ 'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ' (ਪੰਨਾ - 1102) ਦੇ ਅਸਲੀ ਮਤਲਬ ਨੂੰ ਦੂਸਰੀ ਤੁਕ - 'ਹੋਹੁ ਸਭਨਾ ਕੀ ਰੇਣੁਕਾ ਹਉ ਆਉ ਹਮਾਰੇ ਪਾਸਿ' (ਪੰਨਾ - 1102) ਸਾਫ ਕਰ ਦੇਂਦੀ ਹੈ। ਪਹਿਲੀ ਤੁਕ ਵਿਚ ਮਰਨ ਦਾ ਅਰਥ ਸੱਚਮੁਚ ਮਰਨਾ ਨਹੀਂ, ਐਪਰ ਮਨ ਨੂੰ ਐਸੇ ਨਿਰਮਾਣਤਾ ਦੇ ਦਰਜੇ ਤਕ ਨਿਵਾਣਾ ਹੈ, ਜਿਥੇ 'ਸਭਨਾ ਕੀ ਰੇਣੁਕਾ', ਦਾ ਅਰਥ ਘਟ ਸਕੇ। 'ਸਭਨਾ ਕੀ ਰੇਣੁਕਾ', ਹਉਮੈ ਭਰੇ ਮਨ ਕੋਲੋਂ ਮੌਤ ਦੇ ਬਰਾਬਰ ਦੀ ਮੰਗ ਹੈ। ਮਰਿਆ ਹੋਇਆ ਆਦਮੀ ਮੁਕੰਮਲ ਤੌਰ ਤੇ ਨਿਰਮਾਣ ਹੁੰਦਾ ਹੈ, ਐਪਰ ਜੀਉਂਦੇ ਕੋਲੋਂ ਮੋਏ ਹੋਏ ਆਦਮੀ ਵਰਗੀ ਨਿਮਰਤਾ ਮੰਗਣੀ ਬੜੀ ਔਖੀ ਤੇ ਕਰੜੀ ਮੰਗ ਹੈ।

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਇਹੋ ਮੰਗ ਭਰੇ ਦੀਵਾਨ ਵਿਚ ਕੀਤੀ ਸੀ। ਪੰਜਾਂ ਸਿੱਖਾਂ ਦੇ ਸਿਰ ਮੰਗਣ ਤੋਂ ਹਜ਼ੂਰ ਦੀ ਅਸਲੀ ਮੁਰਾਦ ਸਿਰਾਂ ਨੂੰ ਲਾਹ ਕੇ ਸਰੀਰ ਤੋਂ ਅੱਡ ਕਰ ਦੇਣ ਦੀ ਨਹੀਂ, ਸਗੋਂ ਹਉਮੈ ਦਾ ਪੂਰਨ ਤਿਆਗ ਸੀ। ਇਨਸਾਨ ਨੂੰ ਜਾਨ ਬੜੀ ਪਿਆਰੀ ਹੁੰਦੀ ਹੈ, ਜੋ ਆਦਮੀ ਜਾਨ ਵਾਰਨ ਤਕ ਤਿਆਰ ਹੋ ਜਾਵੇ, ਉਹ ਹਉਮੈ ਉਤੇ ਫਤਹਿਯਾਬ ਜਾਂ 'ਸਭਨਾ ਕੀ ਰੇਣੁਕਾ' ਹੋਣ ਦੇ ਕਾਬਿਲ ਸਮਝਿਆ ਜਾ ਸਕਦਾ ਹੈ। ਜੀਵਨ ਦੀ ਕੁਰਬਾਨੀ ਹਉਮੈ ਦੇ ਤਿਆਗ ਦੀ ਅਸਲੀ ਕਸੌਟੀ ਹੈ।

'ਆਉ ਹਮਾਰੈ ਪਾਸਿ' ਦੇ ਉਚੀ ਅਵਸਥਾ ਦੇ ਸਿਮਰਨ ਅਭਿਆਸੀਆਂ ਲਈ ਇਕ ਨਵੇਂ ਅਰਥ ਹੋ ਜਾਂਦੇ ਹਨ। ਸਿਮਰਨ ਅਭਿਆਸੀ ਜਦ ਇੰਦ੍ਰੀਆਂ ਨਾਲੋਂ ਆਪਣੀ ਸੁਰਤੀ ਨਖੇੜ ਕੇ ਆਪਣੇ ਅਸਲੇ ਨਾਲ ਰਲ ਮਿਲ ਜਾਂਦਾ ਹੈ ਤਾਂ ਉਸ ਨੂੰ ਇੰਦ੍ਰੀਆਂ ਦੀ ਦੁਨੀਆਂ

ਵਿਚ ਆਉਣਾ ਤਲਖ ਮਹਿਸੂਸ ਹੁੰਦਾ ਹੈ। ਇਸ ਮੰਡਲ ਵਿਚ ਆਉਣਾ ਕਿਸੇ ਡਾਢੀ ਕੰਡਿਆਂ ਭਰੀ ਧਰਤੀ ਤੇ ਡਿੱਗਣ ਦੇ ਬਰਾਬਰ ਪ੍ਰਤੀਤ ਹੁੰਦਾ ਹੈ। ਏਥੇ ਸੰਸਾਰੀ ਜੀਵਨ ਦੀ ਉਕੀ ਆਸ ਖਤਮ ਹੋ ਚੁਕਦੀ ਹੈ। ਏਸ ਅਵਸਥਾ ਵਲ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਇਸ਼ਾਰਾ ਹੈ, ਜਦ ਆਪ ਫੁਰਮਾਉਂਦੇ ਹਨ 'ਚਿਤ ਨ ਭਯੋ ਹਮਰੋ ਆਵਨ ਕਹ। ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹ।

ਏਸ ਅਵਸਥਾ ਦੇ ਤਾਂਘੀ ਨੂੰ ਵੀ ਜੀਵੀ ਜ਼ਿੰਦਗੀ ਤੋਂ 'ਮਰਨ' ਕਬੂਲਣਾ ਪੈਂਦਾ ਹੈ ਅਤੇ ਇੰਦ੍ਰੀਆਂ ਦੀ ਦੁਨੀਆਂ ਦੀ ਆਸ ਛੱਡਣੀ ਪੈਂਦੀ ਹੈ। ਇਸ ਨੂੰ ਛੱਡਿਆਂ ਉਸ ਨੂੰ ਉਹ 'ਗੁੰਗੇ ਦੀ ਮਠਿਆਈ' ਮਿਲਦੀ ਹੈ ਜਿਸ ਦਾ ਵਰਨਣ ਇਨਸਾਨੀ ਬੋਲੀ ਵਿਚ ਨਾ ਕਦੇ ਹੋਇਆ ਹੈ, ਨਾ ਹੋ ਸਕਦਾ ਹੈ ਅਤੇ ਮਾਤ ਲੋਕ ਦੀ ਖੇਡ ਨੂੰ ਕਾਇਮ ਰੱਖਣ ਵਾਸਤੇ, ਨਾ ਕਦੀ ਹੋਣਾ ਚਾਹੀਦਾ ਹੈ।





# ਮੌਤ ਕੀ ਹੈ?

## (੧)

ਉਹ ਕਿਹੜਾ ਹੈ ਜਿਸ ਨੂੰ ਮੌਤ ਦੇ ਨਾਂ ਤੋਂ ਡਰ ਨਾ ਆਉਂਦਾ ਹੋਵੇ, ਜਿਸ ਦੇ ਸਾਮ੍ਹਣੇ ਮੌਤ ਦਾ ਨਾਮ ਸੁਣ ਕੇ ਇਕ ਡਰਾਵਣੀ, ਮਨਹੂਸ ਤੇ ਬੁਰੀ ਤਸਵੀਰ ਨਾ ਖਿੱਚੀ ਜਾਂਦੀ ਹੋਵੇ। ਦੁਨੀਆ ਦੇ ਆਮ ਮਨੁੱਖ ਕਿਸੇ ਚੀਜ਼ ਤੋਂ ਇਤਨਾ ਨਹੀਂ ਡਰਦੇ ਜਿਤਨਾ ਮੌਤ ਤੋਂ। ਇਹ ਇਤਨੀ ਭਿਆਨਕ ਤੇ ਸ਼ਕਤੀਵਾਨ ਗਿਣੀ ਗਈ ਹੈ ਕਿ ਰਾਜੇ, ਮਹਾਰਾਜ, ਯੋਧੇ, ਸੂਰਮੇ, ਅਮੀਰ, ਗਰੀਬ, ਪੰਡਤ, ਵਿਦਵਾਨ ਸਭ ਦੁਨੀਆਂ ਦੇ ਲੋਕ ਇਸ ਦਾ ਨਾਮ ਸੁਣ ਕੇ ਕੰਬ ਉਠਦੇ ਹਨ।

*ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨਾ ਕਾਨੀ ਰੇ॥*
*ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ॥*

*ਪੰਨਾ - 855*

ਇਨਸਾਨ ਹੀ ਨਿਰਾ ਮੌਤ ਤੋਂ ਨਹੀਂ ਡਰਦਾ ਸਗੋਂ ਪੰਛੀ, ਜਾਨਵਰ ਆਦਿ ਵੀ ਮੌਤ ਤੋਂ ਡਰਦੇ ਤੇ ਘਬਰਾਂਦੇ ਹਨ। ਮੌਤ ਸਬੰਧੀ ਤਾਂ ਇਥੋਂ ਤਕ ਆਖਿਆ ਗਿਆ ਹੈ –

*ਸਭੁ ਕੋ ਜਮ ਕੇ ਚੀਰੇ ਵਿਚਿ ਹੈ ਜੇਤਾ ਸਭੁ ਆਕਾਰੁ॥*

*ਪੰਨਾ - 851*

ਜਿਥੇ ਆਮ ਦੁਨੀਆਂ ਦੇ ਖਿਆਲ ਵਿਚ ਮੌਤ ਅਤਿਅੰਤ ਡਰਾਵਣੀ ਚੀਜ਼ ਹੈ ਉਥੇ ਇਸ ਨੂੰ ਇਕ ਡਾਹਢੀ ਯਕੀਨੀ ਜਾਂ ਨਾ ਟਲਣ ਵਾਲੀ ਚੀਜ਼ ਵੀ ਮੰਨਿਆ ਜਾਂਦਾ ਹੈ। ਅਗਰ ਇਨਸਾਨ ਨੂੰ ਕਿਸੇ ਚੀਜ਼ ਦਾ ਪੂਰਾ ਯਕੀਨ ਹੈ ਤਾਂ ਉਹ ਮੌਤ ਹੈ। ਇਨਸਾਨ ਦੇ ਖਿਆਲ ਵਿਚ ਐਸਾ ਕੋਈ ਨਹੀਂ ਜਿਸ ਨੂੰ ਮੌਤ ਨਹੀਂ ਆਉਣੀ।

ਮੌਤ ਦੀ ਭਿਆਨਕ ਝਾਕੀ ਨੇ ਮਹਾਤਮਾ ਬੁੱਧ ਨੂੰ ਰਾਜ ਛੱਡ ਕੇ ਯੋਗੀ ਬਣਨ ਤੇ ਮਜਬੂਰ ਕੀਤਾ ਅਤੇ ਕਬੀਰ ਜੀ ਤੋਂ ਇਹ ਸਤਰਾਂ ਲਿਖਵਾਈਆਂ।

*ਹਾਡ ਜਲੇ ਜੈਸੇ ਲਕਰੀ ਕਾ ਤੂਲਾ॥*
*ਕੇਸ ਜਲੇ ਜੈਸੇ ਘਾਸ ਕਾ ਪੂਲਾ॥* *ਪੰਨਾ - 870*

(੨)

ਇਨਸਾਨ ਦੇ ਹੱਥ ਵਿਚ ਖੋਜ ਇਕ ਐਸੀ ਜ਼ਬਰਦਸਤ ਜੁਗਤੀ ਹੈ ਜਿਹੜੀ ਇਸ ਨੂੰ ਹਰ ਮਾਮਲੇ ਦੀ ਤਹਿ ਤਕ ਪੁਚਾ ਦੇਂਦੀ ਹੈ ਅਤੇ ਲੁਕੀ ਸਚਾਈ ਨੂੰ ਦਰਸਾ ਦੇਂਦੀ ਹੈ। ਆਮ ਤੌਰ ਤੇ ਹਰ ਮਾਮਲੇ ਦੀ ਅਸਲੀਅਤ, ਖੋਜ ਕੀਤਿਆਂ ਉਸ ਦੀ ਜ਼ਾਹਿਰਾ ਸ਼ਕਲ ਤੋਂ ਉਲਟ ਜਾਂ ਵਖਰੀ ਨਿਕਲਦੀ ਹੈ। ਧਰਤੀ ਖਲੋਤੀ ਜਾਪਦੀ ਹੈ ਪਰ ਖੋਜ ਕੀਤਿਆਂ ਪਤਾ ਲਗਦਾ ਹੈ ਕਿ ਇਹ ਇਕ ਸਕਿੰਟ ਵਿਚ ਕਰੀਬਨ ਸਾਢੇ ਅਠਾਰਾਂ ਮੀਲ ਦੀ ਤੇਜ਼ ਰਫਤਾਰ ਨਾਲ ਘੁੰਮ ਰਹੀ ਹੈ। ਪਾਣੀ ਦੀ ਖੋਜ ਕੀਤਿਆਂ ਪਤਾ ਲਗਦਾ ਹੈ ਕਿ ਇਹ ਦੋ ਅਦ੍ਰਿਸ਼ਟ ਗੈਸਾਂ ਦੇ ਮਿਲਣ ਨਾਲ ਪੈਦਾ ਹੁੰਦਾ ਹੈ, ਜੋ ਇਸ ਦੀ ਜ਼ਾਹਿਰਾ ਸ਼ਕਲ ਤੋਂ ਬਿਲਕੁਲ ਵਖਰੀਆਂ ਤੇ ਉਲਟ ਹੁੰਦੀਆਂ ਹਨ। ਏਸੇ ਤਰ੍ਹਾਂ ਮੌਤ ਸਬੰਧੀ ਇਨਸਾਨ ਨੂੰ ਡਾਹਢੇ ਚਕਿਰਤ ਕਰਨ ਵਾਲੇ ਨਤੀਜਿਆਂ ਤੇ ਪਹੁੰਚਾਇਆ ਹੈ ਜੋ ਕਿ ਮੌਤ ਦੀ ਜ਼ਾਹਿਰਾ ਭਿਆਨਕ ਸ਼ਕਲ ਸੂਰਤ ਦੇ ਬਿਲਕੁਲ ਉਲਟ ਹਨ।

ਜਦ ਅਸੀਂ ਮੌਤ ਸਬੰਧੀ ਗਹੁ ਨਾਲ ਵਿਚਾਰ ਕਰੀਏ ਅਤੇ ਇਸ ਦੀ ਜ਼ਾਹਿਰਾ ਭਿਆਨਕ ਸ਼ਕਲ ਦੇ ਪਰਦੇ ਹੇਠਾਂ ਲੁਕੀ ਅਸਲੀਅਤ ਨੂੰ ਲੱਭਣ ਤੁਰੀਏ ਤਾਂ ਸਭ ਤੋਂ ਪਹਿਲਾਂ ਇਹ ਸਵਾਲ ਪੈਦਾ ਹੋਵੇਗਾ ਕਿ ਕੀ ਇਹ ਸਾਡਾ ਸਰੀਰ ਜਿਹੜਾ ਮੌਤ ਆਉਣ ਉਤੇ ਬੇਤਰਸੀ ਨਾਲ ਜਲਾਇਆ ਜਾਂ ਸੈਂਕੜੇ ਮਣਾਂ ਦੀ ਮਿਟੀ ਹੇਠ ਦਬਾਇਆ ਜਾਂਦਾ ਹੈ, ਇਸ ਨੂੰ ਸਾੜਨ ਜਾਂ ਦਬਾਣ ਦਾ ਕੋਈ ਦੁਖ, ਪੀੜ ਜਾਂ ਡਰ ਹੁੰਦਾ ਵੀ ਹੈ? ਜ਼ਰਾ ਸੋਚਣ ਨਾਲ ਪਤਾ ਲਗੇਗਾ ਕਿ ਸਾਡਾ ਸਰੀਰ ਤਾਂ ਜੜ੍ਹ ਵਸਤੂ ਹੈ। ਜੈਸਾ ਪੱਥਰ, ਲੱਕੜੀ, ਲੋਹਾ, ਤੈਸਾ ਹੀ ਸਾਡਾ ਸਰੀਰ ਮੌਤ ਮਗਰੋਂ ਹੀ ਪੱਥਰ ਲੱਕੜੀ ਵਾਂਗਰ ਜੜ੍ਹ (lifeless) ਨਹੀਂ ਬਣਦਾ, ਸਗੋਂ ਇਸ ਵਿਚ ਜਾਨ, ਪਰਾਨ ਹੁੰਦਿਆਂ ਵੀ ਜੜ੍ਹ ਵਸਤੂ ਹੀ ਹੁੰਦਾ ਹੈ। ਇਸ ਵਿਚ ਮਹਿਸੂਸ ਕਰਨ ਦੀ ਸ਼ਕਤੀ ਨਾ ਜਿਊਂਦਿਆਂ ਨਾ ਮੋਇਆਂ ਕਦੀ ਵੀ ਨਹੀਂ ਹੁੰਦੀ। ਮਿਸਾਲ ਦੇ ਤੌਰ ਤੇ ਜਦ ਆਦਮੀ ਨੂੰ ਡਾਕਟਰ ਬੇਹੋਸ਼ ਕਰ ਦੇਣ ਤਾਂ ਉਸ ਵਿਚ ਜਾਨ ਹੁੰਦੀ ਹੈ ਪਰ ਉਸ ਦੇ ਸਰੀਰ ਨੂੰ ਚੀਰੋ, ਕੱਟੋ, ਵੱਢੋ, ਕੁਝ ਪਤਾ ਨਹੀਂ ਲਗਦਾ। ਮਹਿਸਸ ਕਰਨ ਦੀ ਸ਼ਕਤੀ ਸਰੀਰ ਵਿਚ ਨਹੀਂ ਹੁੰਦੀ ਸਗੋਂ ਇਨਸਾਨ ਦੀ ਚੇਤਨਤਾ ਵਿਚ ਹੁੰਦੀ ਹੈ, ਸਰੀਰ ਆਪਣੇ ਆਪ ਵਿਚ ਕਦੀ ਵੀ ਕੁਝ ਮਹਿਸੂਸ ਨਹੀਂ ਕਰਦਾ।

ਜੇਕਰ ਸਾੜਨ ਜਾਂ ਦਬਾਣ ਨਾਲ ਆਦਮੀ ਦੇ ਸਰੀਰ ਨੂੰ ਕੋਈ





ਤਕਲੀਫ ਨਹੀਂ ਹੁੰਦੀ, ਨਾ ਹੀ ਸਰੀਰ ਨੂੰ ਕੋਈ ਡਰ ਲਗਦਾ ਹੈ, ਤਾਂ ਮੌਤ ਦਾ ਆਦਮੀ ਦੇ ਸਰੀਰ ਨੂੰ ਸਾੜਨ ਵਾਲਾ ਹਿੱਸਾ, ਭੈ-ਭੀਤ ਜਾਂ ਡਰਾਉਣਾ ਨਾ ਰਿਹਾ। ਹੁਣ ਦੂਜਾ ਸਵਾਲ ਪੈਦਾ ਹੁੰਦਾ ਹੈ ਕਿ ਕੀ ਆਦਮੀ 'ਸਰੀਰ' ਹੈ ਜਾਂ 'ਸਰੀਰ' ਵਿਚ ਰਹਿਣ ਵਾਲੀ ਕੋਈ ਚੀਜ਼? ਇਕ ਮਿੱਤਰ ਨੂੰ ਜਦ ਇਕ ਵਾਰੀ ਪੁਛਿਆ ਗਿਆ ਕਿ ਆਪ ਕੌਣ ਹੋ? ਤਾਂ ਇਸ ਸਵਾਲ ਦੇ ਜਵਾਬ ਵਿਚ ਪਹਿਲੇ ਤਾਂ ਉਸ ਨੇ ਆਪਣਾ ਨਾਮ ਤੇ ਪਤਾ ਦਸ ਦਿਤਾ ਪਰ ਜਦ ਉਸ ਨੂੰ ਆਖਿਆ ਗਿਆ ਕਿ ਇਹ ਨਾਮ ਤੇ ਪਤਾ ਤਾਂ ਤੇਰੀਆਂ ਆਪਣੀਆਂ ਬਣਾਈਆਂ ਫਰਜ਼ੀ ਚੀਜ਼ਾਂ ਹਨ, ਤੂੰ ਅਸਲ ਵਿਚ ਦਸ ਕੌਣ ਹੈਂ? ਤਾਂ ਉਸ ਨੇ ਝੱਟ ਆਪਣੇ ਸਰੀਰ ਨੂੰ ਹੱਥ ਲਾ ਕੇ ਆਖਿਆ ਕਿ ਮੈਂ 'ਇਹ' ਹਾਂ। ਜਦ ਉਸ ਨੂੰ ਫੇਰ ਕਿਹਾ ਗਿਆ ਕਿ ਇਹ ਤਾਂ ਤੇਰਾ ਸਰੀਰ ਹੈ ਤੂੰ ਆਪ ਕੌਣ ਹੈਂ, ਜੋ ਇਸ ਸਰੀਰ ਵਿਚ ਰਹਿੰਦਾ ਹੈਂ ਅਤੇ ਪਿਆ ਆਖਦਾ ਹੈਂ - ਕਿ ਮੈਂ ਸਰੀਰ ਹਾਂ? ਤਾਂ ਉਹ ਬੜਾ ਹੈਰਾਨ ਹੋਇਆ ਤੇ ਆਖਣ ਲੱਗਾ ਕਿ ਇਸ ਦਾ ਤਾਂ ਮੈਨੂੰ ਪਤਾ ਨਹੀਂ, ਮੈਂ ਤਾਂ ਅੱਜ ਤਕ ਸਰੀਰ ਨੂੰ ਆਪਣਾ ਆਪ ਸਮਝਦਾ ਸੀ। ਸੰਸਾਰ ਵਿਚ ਆਮ ਲੋਕ ਸਰੀਰ ਨੂੰ ਹੀ ਆਪਣਾ ਆਪ ਸਮਝਦੇ ਹਨ ਪਰ ਖੋਜ ਸਾਬਤ ਕਰਦੀ ਹੈ ਕਿ ਆਦਮੀ ਸਰੀਰ ਨਹੀਂ ਸਗੋਂ ਸਰੀਰ ਤੋਂ ਵਖਰੀ ਸਰੀਰ ਵਿਚ ਰਹਿਣ ਵਾਲੀ ਕੋਈ ਚੀਜ਼ ਹੈ।

ਅਸੀਂ ਉਤੇ ਦੱਸ ਆਏ ਹਾਂ ਕਿ ਸਰੀਰ ਨੂੰ ਜੜ੍ਹ ਵਸਤੂ ਹੋਣ ਕਰਕੇ ਮੌਤ ਦਾ ਕੋਈ ਡਰ, ਭੈ, ਦੁਖ ਨਹੀਂ ਹੁੰਦਾ ਤਾਂ ਫਿਰ ਮੌਤ ਦਾ ਡਰ ਤੇ ਦੁਖ ਕਿਸ ਨੂੰ ਹੁੰਦਾ ਹੈ? ਸਰੀਰ ਵਿਚ ਰਹਿਣ ਵਾਲੇ ਜੀਵ, ਰੂਹ ਜਾਂ ਆਤਮਾ ਨੂੰ ਮੌਤ ਦਾ ਦੁਖ ਹੁੰਦਾ ਹੈ? ਜਿਨ੍ਹਾਂ ਮਹਾਂਪੁਰਸ਼ਾਂ ਨੇ ਜੀਵ ਜਾਂ ਆਤਮਾ ਦੀ ਖੋਜ ਕੀਤੀ ਹੈ ਉਨ੍ਹਾਂ ਦੱਸਿਆ ਹੈ -

*ਮਰਣਹਾਰੁ ਇਹੁ ਜੀਅਰਾ ਨਾਹੀ॥* ਪੰਨਾ - 188

*ਦੇਹੀ ਅੰਦਰਿ ਨਾਮੁ ਨਿਵਾਸੀ॥*
*ਆਪੇ ਕਰਤਾ ਹੈ ਅਬਿਨਾਸੀ॥* ਪੰਨਾ - 1026
*ਨਾ ਜੀਉ ਮਰੈ ਨਾ ਮਾਰਿਆ ਜਾਈ॥*
*ਕਰਿ ਦੇਖੈ ਸਬਦਿ ਰਜਾਈ ਹੇ॥* ਪੰਨਾ - 1026

ਜੇਕਰ ਸਰੀਰ ਜੜ੍ਹ ਵਸਤੂ ਹੈ, ਮਹਿਸੂਸ ਕਰਨ ਦੀ ਸ਼ਕਤੀ ਹੀ ਇਸ ਵਿਚ ਨਹੀਂ ਅਤੇ ਸਰੀਰ ਵਿਚ ਰਹਿਣ ਵਾਲੀ ਰੂਹ, ਜਾਂ ਜੀਵ ਆਤਮਾ, ਮੌਤ ਤੋਂ ਪਰ੍ਹੇ ਕਦੀ ਮਰਨ ਵਾਲੀ ਚੀਜ਼ ਨਹੀਂ ਤਾਂ ਫਿਰ ਇਹ ਮੌਤ ਕਿਸ ਨੂੰ

ਭਿਆਨਕ ਲਗਦੀ ਹੈ? ਵਿਚਾਰ ਕੀਤਿਆਂ ਸਾਨੂੰ ਪਤਾ ਲਗੇਗਾ ਕਿ ਜੀਵ ਜਾਂ ਰੂਹ ਜੋ ਆਪਣੀ ਅਸਲੀਅਤ ਭੁੱਲ ਕੇ, ਆਪਣੇ ਆਪ ਨੂੰ ਸਰੀਰ ਮੰਨੀ ਬੈਠੀ ਹੈ ਅਤੇ ਸਰੀਰਾਂ ਨੂੰ ਮੌਤ ਮਗਰੋਂ ਸਾੜਦੇ ਦਫਨੀਂਦੇ ਵੇਖਦੀ ਹੈ, ਉਹ ਆਪਣੀ ਨਾਵਾਕਫ਼ੀ ਕਰਕੇ, ਅਵਿਦਿਆ ਕਰਕੇ ਮੌਤ ਤੋਂ ਡਰਦੀ ਹੈ। ਦੂਸਰੇ ਅੱਖਰਾਂ ਵਿਚ ਮੌਤ ਦਾ ਦੁੱਖ, ਡਰ ਤੇ ਕਲੇਸ਼, ਜੀਵ ਜਾਂ ਰੂਹ ਨੂੰ ਆਪਣੀ ਅਗਿਆਨਤਾ ਅਤੇ ਨਾਵਾਕਫ਼ੀਅਤ ਕਰਕੇ ਹੁੰਦਾ ਹੈ।

ਕਬੀਰ ਨੇ ਜਦ ਪਹਿਲੇ ਮੌਤ ਨੂੰ ਦੇਖਿਆ ਤਾਂ ਹੱਡਾਂ ਨੂੰ ਲੱਕੜੀ ਅਤੇ ਕੇਸਾਂ ਨੂੰ ਘਾਹ ਵਾਂਗਰ ਸੜਦਿਆਂ ਦੇਖ ਕੇ ਘਬਰਾਇਆ ਅਤੇ ਉਦਾਸ ਹੋ ਤੁਰਿਆ, ਪਰ ਇਸ ਦੀ ਉਦਾਸੀ ਵਿਚ ਜਦ ਉਸ ਨੇ ਆਪਣੀ ਅਸਲੀਅਤ ਦੀ ਖੋਜ ਕੀਤੀ ਤਾਂ ਕੁਝ ਚਿਰ ਮਗਰੋਂ ਬਾਹਾਂ ਖੜ੍ਹੀਆਂ ਕਰਕੇ ਪੁਕਾਰ ਪੁਕਾਰ ਕੇ ਆਖਣ ਲੱਗਾ –

*ਜਿਹ ਮਰਨੈ ਸਭੁ ਜਗਤੁ ਤਰਾਸਿਆ ॥*
*ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥*
*ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥*
*ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥*
*ਮਰਨੋ ਮਰਨੁ ਕਹੈ ਸਭੁ ਕੋਈ ॥*
*ਸਹਜੇ ਮਰੈ ਅਮਰੁ ਹੋਇ ਸੋਈ ॥*
*ਕਹੁ ਕਬੀਰ ਮਨਿ ਭਇਆ ਅਨੰਦਾ ॥*
*ਗਇਆ ਭਰਮੁ ਰਹਿਆ ਪਰਮਾਨੰਦਾ ॥* *ਪੰਨਾ - 327*

ਮੌਤ ਸਬੰਧੀ ਇਹ ਕੋਈ ਨਿਰੀ ਕਬੀਰ ਜੀ ਦੀ ਖੋਜ ਦਾ ਹੀ ਸਿੱਟਾ ਨਹੀਂ, ਇਸ ਪਾਸੇ ਜਿਤਨੇ ਮਹਾਂਪੁਰਸ਼ਾਂ ਨੇ ਖੋਜ ਕੀਤੀ ਹੈ ਸਭ ਨੇ ਇਸੀ ਪ੍ਰਕਾਰ ਨਤੀਜੇ ਕੱਢੇ ਹਨ। ਏਸੇ ਸਬੰਧ ਵਿਚ ਗੁਰੂ ਅਰਜਨ ਦੇਵ ਜੀ ਨੇ ਦੱਸਿਆ ਹੈ –

*ਪਵਨੈ ਮਹਿ ਪਵਨੁ ਸਮਾਇਆ ॥*
*ਜੋਤੀ ਮਹਿ ਜੋਤਿ ਰਲਿ ਜਾਇਆ ॥*
*ਮਾਟੀ ਮਾਟੀ ਹੋਈ ਏਕ ॥*
*ਰੋਵਨਹਾਰੇ ਕੀ ਕਵਨ ਟੇਕ ॥*
*ਕਉਨੁ ਮੂਆ ਰੇ ਕਉਨੁ ਮੂਆ ॥*





*ਬ੍ਰਹਮਗਿਆਨੀ ਮਿਲਿ ਕਰਹੁ ਬੀਚਾਰਾ ॥*
*ਇਹੁ ਤਉ ਚਲਤੁ ਭਇਆ ॥*

... ... ...

*ਨਹ ਕੋ ਮੂਆ ਨਾ ਮਰਣੈ ਜੋਗੁ ॥*
*ਨਹਿ ਬਿਨਸੈ ਅਬਿਨਾਸੀ ਹੋਗੁ ॥*
*ਜੋ ਇਹੁ ਜਾਣਹੁ ਸੋ ਇਹੁ ਨਾਹਿ ॥*
*ਜਾਨਣਹਾਰੇ ਕਉ ਬਲਿ ਜਾਉ ॥* *ਪੰਨਾ - 885*

ਮੌਤ ਸਬੰਧੀ ਅੱਜਕਲ੍ਹ ਦੇ ਇਕ ਸਾਇੰਸਦਾਨ ਮਿਸਟਰ ਹੈਰੀਸ ਐਮ.ਡੀ. ਆਪਣੀ ਪੁਸਤਕ ਇਮੋਰਟੈਲਿਟੀ (Immortality) ਵਿਚ ਲਿਖਦੇ ਹਨ –

Since the law of conservation of energy was established, our idea of mortality has changed considerably. We know nothing dies, everything changes. Complete annihilation is impossible; matter and energy are eternal since one is unable either to create or destroy matter.

ਜਦ ਇਨਸਾਨ ਨੂੰ ਆਪਣੀ ਅਸਲੀਅਤ ਦਾ ਹੋਰ ਚੰਗੀ ਤਰ੍ਹਾਂ ਪਤਾ ਲੱਗ ਜਾਵੇ ਤਾਂ ਉਹ ਮਰਨ ਤੋਂ ਕੇਵਲ ਨਿਸਚਿੰਤ ਹੀ ਨਹੀਂ ਹੋ ਜਾਂਦਾ ਸਗੋਂ ਮੌਤ ਨੂੰ ਚਾਅ ਨਾਲ ਉਡੀਕਣ ਲੱਗ ਜਾਂਦਾ ਹੈ। ਉਸ ਨੂੰ ਮੌਤ ਦੇ ਪਰਦੇ ਤੋਂ ਪਰ੍ਹੇ ਦੀ ਖੇਡ ਦਿਸਣ ਲੱਗ ਜਾਂਦੀ ਹੈ ਅਤੇ ਕਿਉਂਕਿ ਉਹ ਖੇਡ ਮੌਤ ਦੇ ਇਸ ਪਾਸੇ ਦੀ ਖੇਡ ਨਾਲੋਂ ਚੰਗੇਰੀ ਹੁੰਦੀ ਹੈ, ਉਹ ਉਸ ਨੂੰ ਉਤਸ਼ਾਹ ਨਾਲ ਉਡੀਕਦਾ ਹੈ। ਜਦ ਪਹਿਲੇ ਮੌਤ ਨੂੰ ਦੇਖ ਕੇ ਉਦਾਸ ਹੋ ਜਾਣ ਵਾਲੇ ਕਬੀਰ ਜੀ ਉਤੇ ਇਹ ਅਵਸਥਾ ਆਈ ਤਾਂ ਆਪ ਆਖਦੇ ਹੁੰਦੇ ਸਨ –

*ਕਬੀਰਾ ਜਾ ਦਿਨ ਹਉ ਮੂਆ ਪਾਛੈ ਭਇਆ ਅਨੰਦੁ ॥*
*ਮੋਹਿ ਮਿਲਿਓ ਪ੍ਰਭੁ ਆਪਨਾ ਸੰਗੀ ਭਜਹਿ ਗੁੋਬਿੰਦੁ ॥*
*ਪੰਨਾ - 1364*

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥* *ਪੰਨਾ - 1364*

## (੩)

ਮੌਤ ਸਬੰਧੀ ਇਨਸਾਨ ਦੀ ਖੋਜ ਦਾ ਆਖਰੀ ਸਿੱਟਾ ਜਾਂ ਨਤੀਜਾ ਬੜਾ ਅਜੀਬ ਹੈ। ਇਸ ਵਿਚ ਮੌਤ ਦੀ ਹੋਂਦ ਹੀ ਨਹੀਂ ਰਹਿੰਦੀ। ਜਦ ਇਨਸਾਨ ਨੂੰ ਪਤਾ ਲੱਗ ਜਾਵੇ ਕਿ ਉਸ ਦੇ ਸਬੰਧ ਦੇ ਪੰਜੇ ਤੱਤ, (ਹਵਾ, ਪਾਣੀ, ਅੱਗ, ਮਿੱਟੀ, ਆਕਾਸ਼) ਮੌਤ ਮਗਰੋਂ ਉਸੇ ਤਰ੍ਹਾਂ ਜਿਉਂ ਦੇ ਤਿਉਂ ਰਹਿੰਦੇ ਹਨ ਅਤੇ ਆਤਮਾ ਅਮਰ ਅਜੋਨੀ ਹੋਣ ਕਰਕੇ ਆਦਿ ਤੋਂ ਤੱਤਾਂ ਨਾਲ ਵੱਖ-ਵੱਖਰੀਆਂ ਸ਼ਕਲਾਂ ਬਣਾ-ਬਣਾ ਕੇ ਤੇ ਢਾਹ ਢਾਹ ਕੇ ਖੇਡਦੀ ਰਹਿੰਦੀ ਹੈ ਤਾਂ ਉਹ ਸਾਰੀ ਸੰਸਾਰ ਰਚਨਾ ਵਿਚ ਦੇਖਦਾ ਹੈ ਕਿ ਮੌਤ ਤਾਂ ਕਿਤੇ ਹੈ ਹੀ ਨਹੀਂ। ਅਮਰ ਆਤਮਾ, ਸਦੀਵੀ ਤੱਤਾਂ ਨਾਲ ਉਸੇ ਤਰ੍ਹਾਂ ਖੇਡ ਰਹੀ ਦਿਖਾਈ ਦੇਂਦੀ ਹੈ ਜਿਵੇਂ ਹਵਾ ਸਮੁੰਦਰ ਦੇ ਪਾਣੀ ਨਾਲ ਖੇਡਦੀ ਰਹਿੰਦੀ ਹੈ। ਹਵਾ ਦੇ ਚੱਲਣ ਨਾਲ ਸਮੁੰਦਰ ਵਿਚ ਬੁਲਬੁਲੇ, ਲਹਿਰਾਂ, ਤੂਫ਼ਾਨ ਪੈਦਾ ਹੁੰਦੇ ਹਨ ਪਰ ਹਵਾ ਦੇ ਖਲੋ ਜਾਣ ਨਾਲ ਪਾਣੀ ਮੁੜ ਆਪਣੀ ਅਸਲ ਸ਼ਾਂਤ ਹਾਲਤ ਵਿਚ ਆ ਜਾਂਦਾ ਹੈ। ਹਵਾ ਵੀ ਜਿਉਂ ਦੀ ਤਿਉਂ ਤੇ ਪਾਣੀ ਵੀ ਜਿਉਂ ਦਾ ਤਿਉਂ ਰਹਿੰਦਾ ਹੈ।

ਖੋਜੀ ਇਨਸਾਨ ਨੂੰ ਇਸ ਤੋਂ ਅੱਗੇ ਜਦ ਇਹ ਪਤਾ ਲੱਗ ਜਾਵੇ ਕਿ ਇਸ ਸੰਸਾਰ ਰਚਨਾ ਵਿਚ ਜੋ ਪੰਜੇ ਤੱਤ ਦਿਸਦੇ ਹਨ, ਇਹ ਵੀ ਆਤਮਾ, ਪਰਮ-ਆਤਮਾ, ਪਰਮ-ਤੱਤ ਵਿਚੋਂ ਹੀ ਉਤਪੰਨ ਹੁੰਦੇ ਹਨ।

*ਏਕਸੁ ਤੇ ਸਭਿ ਰੂਪ ਹਹਿ ਰੰਗਾ॥* ਪੰਨਾ - 160

*ਓਅੰਕਾਰਿ ਉਤਪਾਤੀ॥*
*ਕੀਆ ਦਿਨਸੁ ਸਭ ਰਾਤੀ॥*
*ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥*
*ਚਾਰਿ ਬੇਦ ਚਾਰੇ ਖਾਣੀ॥*
*ਖੰਡ ਦੀਪ ਸਭਿ ਲੋਆ॥*
*ਏਕ ਕਵਾਵੈ ਤੇ ਸਭਿ ਹੋਆ॥* ਪੰਨਾ - 1003

ਜਦ ਖੋਜੀ ਇਨਸਾਨ ਨੂੰ ਪਤਾ ਲੱਗ ਜਾਵੇ ਕਿ ਸਾਰੀ ਜਗਤ ਰਚਨਾ ਤੋਂ ਪਹਿਲੇ ਕੇਵਲ ਵਾਹਿਗੁਰੂ ਹੀ ਸੀ ਅਤੇ ਸਾਰੀ ਜਗਤ ਰਚਨਾ ਕੇਵਲ ਵਾਹਿਗੁਰੂ ਤੋਂ ਪੈਦਾ ਹੋਈ, ਤਾਂ ਉਸ ਨੂੰ ਇਹ ਜਗਤ ਉਸੇ ਤਰ੍ਹਾਂ 'ਹਰੀ ਦਾ ਰੂਪ' ਦਿਸਣ ਲਗ ਜਾਂਦਾ ਹੈ ਜਿਵੇਂ ਨਜ਼ਰ ਵਾਲੇ ਆਦਮੀ ਨੂੰ ਸਮੁੰਦਰ ਦੇ





ਸਭ ਬੁਲਬਲੇ, ਸਭ ਲਹਿਰਾਂ, ਸਭ ਛੱਲਾਂ ਕੇਵਲ ਪਾਣੀ ਦਾ ਹੀ ਰੂਪ ਦਿਸਦੀਆਂ ਹਨ। ਜਿਵੇਂ ਬੁਲਬਲਿਆਂ, ਛੱਲਾਂ, ਲਹਿਰਾਂ ਵਿਚ ਸਿਵਾਏ ਪਾਣੀ ਤੋਂ ਕੁਝ ਹੋਰ ਨਹੀਂ ਹੁੰਦਾ, ਤਿਵੇਂ ਜਗਤ ਰਚਨਾ ਵਿਚ ਸਿਵਾਏ ਕਰਤਾਰ ਦੇ ਹੋਰ ਕੋਈ ਦੂਸਰੀ ਚੀਜ਼ ਹੈ ਹੀ ਨਹੀਂ। ਜਿਵੇਂ ਬੁਲਬਲਿਆਂ ਤੇ ਲਹਿਰਾਂ ਦੇ ਬਣਨ ਤੇ ਲੀਨ ਹੋਣ ਵਿਚ ਨਾ ਪਾਣੀ ਜੰਮਦਾ ਹੈ, ਨਾ ਮਰਦਾ ਹੈ ਕੇਵਲ ਸ਼ਕਲ ਬਦਲਦਾ ਰਹਿੰਦਾ ਹੈ, ਤਿਵੇਂ ਸੰਸਾਰ ਰਚਨਾ ਦੇ ਬਣਨ ਅਤੇ ਲੀਨ ਹੋਣ ਵਿਚ ਨਾ ਵਾਹਿਗੁਰੂ ਜੰਮਦਾ ਹੈ ਨਾ ਮਰਦਾ ਹੈ, ਕੇਵਲ ਸ਼ਕਲਾਂ ਬਦਲਦਾ ਰਹਿੰਦਾ ਹੈ। ਇਸ ਲਈ ਮੌਤ ਸਬੰਧੀ ਇਨਸਾਨ ਦੀ ਸਦੀਆਂ ਦੀ ਖੋਜ ਦਾ ਅੰਤਮ ਨਤੀਜਾ ਇਹ ਹੈ ਕਿ -

*ਨਹ ਕਿਛੁ ਜਨਮੈ ਨਹ ਕਿਛੁ ਮਰੈ॥*
*ਆਪਨ ਚਲਿਤੁ ਆਪ ਹੀ ਕਰੈ॥* ਪੰਨਾ - 281

*ਨਾ ਕਿਛੁ ਆਵਤ ਨ ਕਿਛੁ ਜਾਵਤ॥*
*ਸਭੁ ਖੇਲੁ ਕੀਓ ਹਰਿ ਰਾਇਓ॥* ਪੰਨਾ - 209

*ਮਰੈ ਨਾਹੀ ਸਦ ਸਦ ਹੀ ਜੀਵੈ*
*ਅਮਰੁ ਭਇਆ ਅਬਿਨਾਸੀ ਥੀਵੈ॥*
*ਨਾ ਕੋ ਆਵੈ ਨਾ ਕੋ ਜਾਵੈ*
*ਗੁਰਿ ਦੂਰਿ ਕੀਆ ਭਰਮੀਜਾ ਹੇ॥* ਪੰਨਾ - 1074

ਮੌਤ ਭਿਆਨਕ ਤੇ ਮਾੜੀ ਉਸ ਆਦਮੀ ਨੂੰ ਲਗਦੀ ਹੈ ਜਿਹੜਾ ਮੌਤ ਲਈ ਤਿਆਰ ਨਾ ਹੋਵੇ, ਜਿਹੜਾ ਆਪਣੇ ਜੀਵਨ ਵਿਚ ਮੌਤ ਦੀ ਅਸਲੀਅਤ ਨੂੰ ਸਮਝ ਕੇ, ਆਪਣੀ ਅੰਤਮ ਤਬਦੀਲੀ ਲਈ ਤਿਆਰ ਹੋ ਜਾਂਦਾ ਹੈ, ਉਸ ਨੂੰ ਮੌਤ ਉਸੇ ਤਰ੍ਹਾਂ ਚੰਗੀ ਲਗਦੀ ਹੈ ਜਿਵੇਂ ਥੱਕੇ ਟੁੱਟੇ ਆਦਮੀ ਨੂੰ ਨੀਂਦਰ।

ਮੌਤ ਦੇ ਭਿਆਨਕ ਲੱਗਣ ਦਾ ਸਭ ਤੋਂ ਵੱਡਾ ਕਾਰਨ ਇਨਸਾਨ ਦਾ ਇਸ ਲਈ ਤਿਆਰ ਨਾ ਹੋਣਾ ਹੈ। ਜੀਵਨ ਇਕ ਸਫਰ ਹੈ। ਜਿਹੜਾ ਪੁਰਸ਼ ਇਸ ਸਫਰ ਨੂੰ ਸਫਰ ਨਾ ਸਮਝੇ ਅਤੇ ਇਸ ਨੂੰ ਕੋਈ ਸਦਾ ਰਹਿਣ ਵਾਲੀ ਸਦੀਵੀ ਚੀਜ਼ ਖਿਆਲ ਕਰਦਾ ਰਹੇ ਤਾਂ ਸਫਰ ਦੇ ਮੁੱਕਣ ਉਤੇ ਉਹ ਕਿਉਂ ਨਾ ਨਿਰਾਸ ਹੋਵੇ? ਅਸੀਂ ਰੇਲ ਵਿਚ ਸਫਰ ਕਰਦੇ ਹਾਂ, ਸਾਨੂੰ ਸ਼ੁਰੂ ਤੋਂ ਅਖੀਰ ਤੱਕ ਪਤਾ ਹੁੰਦਾ ਹੈ ਕਿ ਅਸੀਂ ਮੁਸਾਫਰ ਹਾਂ ਅਤੇ ਆਪਣਾ ਸਟੇਸ਼ਨ ਆਉਣ ਉਤੇ ਰੇਲ ਤੋਂ ਉਤਰ ਜਾਣਾ ਹੈ। ਇਸ ਲਈ

ਅਸੀਂ ਰਾਹ ਵਿਚ ਅਨੇਕ ਸਟੇਸ਼ਨਾਂ ਦੀ ਸੈਰ ਕਰਦੇ ਉਨ੍ਹਾਂ ਸਟੇਸ਼ਨਾਂ ਦੇ ਮੁਸਾਫਰ ਉਤਰਦੇ ਚੜ੍ਹਦੇ ਦੇਖਦੇ ਹੋਏ, ਰਸਤੇ ਦੇ ਹਮਸਫਰਾਂ ਨਾਲ ਗੱਲਾਂ ਬਾਤਾਂ ਕਰਦੇ, ਹੱਸਦੇ-ਖੇਡਦੇ ਆਪਣੇ ਸਟੇਸ਼ਨ ਆਉਣ ਉਤੇ ਖੁਸ਼ੀ ਨਾਲ ਉਤਰ ਜਾਂਦੇ ਹਾਂ। ਰੇਲ ਤੋਂ ਉਤਰਨ ਵੇਲੇ ਸਾਨੂੰ ਤਕਲੀਫ ਤੇ ਨਿਰਾਸਤਾ ਕਿਉਂ ਨਹੀਂ ਹੁੰਦੀ? ਇਸ ਕਰਕੇ ਅਸੀਂ ਰੇਲ ਵਿਚ ਬੈਠਣ ਤੋਂ ਪਹਿਲੇ ਤੇ ਰੇਲ ਵਿਚ ਸਫਰ ਕਰਦਿਆਂ ਹੋਇਆਂ, ਇਸ ਨੂੰ ਆਪਣਾ ਘਰ ਨਹੀਂ ਸਮਝਿਆ ਹੁੰਦਾ। ਸਾਨੂੰ ਪਤਾ ਹੁੰਦਾ ਹੈ ਕਿ ਸਾਡੇ ਸਫਰ ਲਈ ਰੇਲ ਵਿਚ ਚੜ੍ਹਨਾ ਜਿਥੇ ਜ਼ਰੂਰੀ ਹੈ, ਉਥੇ ਸਫਰ ਦੇ ਖਤਮ ਹੋ ਜਾਣ ਉਤੇ ਰੇਲ ਤੋਂ ਉਤਰਨਾ ਵੀ ਜ਼ਰੂਰੀ ਹੈ। ਜੋ ਆਦਮੀ ਜੀਵਨ ਨੂੰ ਸਫਰ ਸਮਝੇ ਉਹ ਇਸ ਦੇ ਅੰਤ ਨੂੰ ਡਰਾਵਣਾ ਨਹੀਂ ਸਮਝੇਗਾ। ਇਸ ਦੇ ਉਲਟ ਜੋ ਆਦਮੀ ਜੀਵਨ ਨੂੰ ਸਫਰ ਸਮਝਣ ਦੀ ਥਾਂ ਸਦੀਵੀ ਚੀਜ਼ ਸਮਝੇ ਅਤੇ ਇਸ ਧੋਖੇ ਵਿਚ ਜੀਵਨ ਬਤੀਤ ਕਰੇ, ਉਸ ਦਾ ਜੀਵਨ ਦੇ ਅੰਤ ਸਮੇਂ ਨਿਰਾਸ ਹੋਣਾ ਤੇ ਡਰਨਾ ਲਾਜ਼ਮੀ ਹੈ। ਸਾਡੀ ਇਹ ਡਾਹਢੀ ਭੁੱਲ ਹੈ ਕਿ ਅਸੀਂ ਆਪਣੇ ਜੀਵਨ ਵਿਚ ਮੌਤ ਦਾ ਨਾਮ ਤਕ ਨਹੀਂ ਸੁਨਣਾ ਚਾਹੁੰਦੇ। ਮੌਤ ਦੇ ਵਿਸ਼ੇ ਨੂੰ ਡਾਹਢਾ ਮਨਹੂਸ ਤੇ ਭੈੜਾ ਵਿਸ਼ਾ ਸਮਝਦੇ ਹਾਂ। ਆਪਣੇ ਆਪ ਨੂੰ ਤੇ ਆਪਣੇ ਬਾਲ ਬੱਚਿਆਂ ਨੂੰ 'ਮੌਤ' ਦੀ ਸਚਾਈ ਤੋਂ ਅਨਜਾਣ ਰੱਖਣਾ ਆਪਣਾ ਫਰਜ਼ ਸਮਝਦੇ ਹਾਂ। ਆਪਣੇ ਬਾਲ ਬੱਚਿਆਂ ਨੂੰ ਐਸੀ ਤਾਲੀਮ ਦਿੰਦੇ ਹਾਂ ਜਿਸ ਵਿਚ ਮੌਤ ਦਾ ਜ਼ਿਕਰ ਤਕ ਨਹੀਂ ਹੁੰਦਾ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਛਿਨ ਛਿਨ, ਪਲ ਪਲ ਮੌਤ ਵਲ ਵਧਦਿਆਂ ਹੋਇਆਂ ਵੀ ਸਾਨੂੰ ਮੌਤ ਸਬੰਧੀ ਜ਼ਰਾ ਵੀ ਸਮਝ ਨਹੀਂ ਆਉਂਦੀ।

ਇਹ ਖਿਆਲ ਗ਼ਲਤ ਹੈ ਕਿ ਮੌਤ ਨੂੰ ਯਾਦ ਰੱਖਿਆਂ ਅਸੀਂ ਜੀਵਨ ਵਿਚ ਖੁਸ਼ ਨਹੀਂ ਰਹਿ ਸਕਦੇ ਜਾਂ ਮੌਤ ਨੂੰ ਯਾਦ ਰੱਖਿਆਂ ਅਸੀਂ ਦੁਨੀਆਂ ਵਿਚ ਤਰੱਕੀ ਨਹੀਂ ਕਰ ਸਕਦੇ। ਇਸ ਦੇ ਉਲਟ ਅਸਲੀਅਤ ਇਹ ਹੈ ਕਿ ਮੌਤ ਨੂੰ ਯਾਦ ਰੱਖਿਆਂ ਅਸੀਂ ਆਪਣੇ ਜੀਵਨ ਨੂੰ ਐਸੇ ਸੁਚੱਜੇ ਤਰੀਕੇ ਨਾਲ ਗੁਜ਼ਾਰ ਸਕਦੇ ਹਾਂ ਕਿ ਜੀਵਨ ਵਿਚ ਵੀ ਪੂਰੀ ਖੁਸ਼ੀ ਤੇ ਸੁਖ ਆਰਾਮ ਭੋਗ ਸਕੀਏ ਅਤੇ ਜੀਵਨ ਦੇ ਅੰਤ ਉਤੇ ਇਸ ਨੂੰ ਉਸੇ ਖੁਸ਼ੀ ਨਾਲ ਤਿਆਗ ਸਕੀਏ ਜਿਸ ਖੁਸ਼ੀ ਨਾਲ ਕਿ ਪੁਰਾਣੇ ਕੱਪੜੇ ਤਿਆਗ ਕੇ ਨਵੇਂ ਕੱਪੜੇ ਪਾਏ ਜਾਂਦੇ ਹਨ। ਸਾਨੂੰ ਰੇਲ ਦੇ ਸਫਰ ਕਰਨ ਵੇਲੇ ਪਤਾ ਹੁੰਦਾ ਹੈ ਕਿ ਅਸਾਂ ਕੁਝ ਸਮੇਂ ਮਗਰੋਂ ਆਪਣਾ ਸਟੇਸ਼ਨ ਆਉਣ ਉਤੇ





ਉਤਰ ਜਾਣਾ ਹੈ, ਪਰ ਇਹ ਪਤਾ ਹੁੰਦਿਆਂ ਹੋਇਆਂ ਵੀ ਅਸੀਂ ਆਪਣੇ ਸਫਰ ਨੂੰ ਪੂਰੇ ਆਰਾਮ ਵਾਲਾ ਤੇ ਸੁਖੀ ਬਨਾਣ ਦੀ ਕੋਸ਼ਿਸ਼ ਕਰਦੇ ਹਾਂ। ਘਰੋਂ ਚੀਜ਼ਾਂ ਲੈ ਕੇ ਚਲਦੇ ਹਾਂ, ਜਿਨ੍ਹਾਂ ਦੀ ਸਫਰ ਵਿਚ ਲੋੜ ਪੈਣੀ ਹੈ। ਰੇਲ ਵਿਚ ਉਚੇ ਤੋਂ ਉਚੇ ਦਰਜੇ ਵਿਚ (ਆਪਣੇ ਵਿਤ ਅਨੁਸਾਰ) ਸਫਰ ਕਰਦੇ ਹਾਂ, ਰਸਤੇ ਵਿਚ ਸਟੇਸ਼ਨਾਂ ਉਤੋਂ ਜਾਂ ਖਾਣੇ ਦੀ ਨਾਲ ਲੱਗੀ ਗੱਡੀ ਵਿਚੋਂ ਵਿਤ ਅਨੁਸਾਰ ਚੰਗੀਆਂ-ਚੰਗੀਆਂ ਚੀਜ਼ਾਂ ਖਾਂਦੇ-ਪੀਂਦੇ ਚਲੇ ਜਾਂਦੇ ਹਾਂ, ਪਰ ਨਾਲ ਹੀ ਸਾਨੂੰ ਸਦਾ ਇਹ ਪਤਾ ਵੀ ਹੁੰਦਾ ਹੈ ਕਿ ਅਸੀਂ ਸਫਰ ਕਰ ਰਹੇ ਹਾਂ ਅਤੇ ਸਫਰ ਮੁਕਣ ਤੇ ਰੇਲ ਨੂੰ ਛੱਡ ਜਾਣਾ ਹੈ। ਜਿਵੇਂ ਰੇਲ ਦੇ ਸਫਰ ਵਿਚ ਇਹ ਜਾਣਦਿਆਂ ਹੋਇਆਂ ਕਿ ਇਹ ਸਫਰ ਹੈ, ਸਾਡੀ ਖਾਹਿਸ਼ ਇਸ ਸਫਰ ਨੂੰ ਪੂਰੇ ਸੁਖ ਤੇ ਆਰਾਮ ਵਾਲਾ ਬਨਾਣ ਦੀ ਹੁੰਦੀ ਹੈ, ਇਸੇ ਤਰ੍ਹਾਂ ਜੀਵਨ ਦੇ ਸਫਰ ਨੂੰ ਸਮਝਦਿਆਂ ਹੋਇਆਂ ਵੀ ਇਨਸਾਨ ਇਸ ਸਫਰ ਨੂੰ ਸੁਹਾਵਣਾ, ਸੁਖੀ ਤੇ ਆਰਾਮ ਵਾਲਾ ਬਣਾ ਸਕਦਾ ਹੈ।

ਜਿਵੇਂ ਰੇਲ ਦੇ ਸਫਰ ਵਿਚ ਅੱਵਲ ਦਰਜੇ ਦੇ ਮੁਸਾਫਰ ਸਪਰਿੰਗ ਵਾਲੀਆਂ ਸੀਟਾਂ ਤੇ ਬਹਿੰਦੇ ਹਨ, ਸ਼ਾਵਰ ਬਾਥ (Shower Bath) ਪੱਖੇ, ਬਿਜਲੀ ਬੱਤੀਆਂ ਅਤੇ ਹੋਰ ਆਰਾਮ ਭੋਗਦੇ ਹੋਏ ਵੀ ਇਨ੍ਹਾਂ ਚੀਜ਼ਾਂ ਨੂੰ ਆਪਣੀ ਮਲਕੀਅਤ ਨਹੀਂ ਸਮਝਦੇ, ਏਸੇ ਤਰ੍ਹਾਂ ਜੀਵਨ ਦੇ ਸਫਰ ਵਿਚ ਵੀ ਇਨਸਾਨ, ਬਾਲ ਬੱਚਿਆਂ, ਕੋਠੀਆਂ, ਮਹੱਲਾਂ, ਦੌਲਤ, ਇੱਜ਼ਤ ਸਭ ਚੀਜ਼ਾਂ ਨੂੰ ਭੋਗਦਾ ਹੋਇਆ ਸਫਰ ਦੇ ਅੰਤ ਵਿਚ ਉਸੇ ਤਰ੍ਹਾਂ ਖੁਸ਼ੀ ਤੇ ਅਡੋਲ ਰਹਿ ਸਕਦਾ ਹੈ, ਜਿਵੇਂ ਅੱਵਲ ਦਰਜੇ ਦਾ ਮੁਸਾਫਰ ਆਪਣਾ ਸਟੇਸ਼ਨ ਆਉਣ ਉਤੇ ਰੇਲ ਨੂੰ ਛੱਡ ਕੇ ਖੁਸ਼ ਹੁੰਦਾ ਹੈ।

ਮੌਤ ਦੀ ਤਿਆਰੀ ਜੀਵਨ ਵਿਚ ਹੋਣੀ ਚਾਹੀਦੀ ਹੈ। ਜੋ ਇਸ ਵੱਡੇ ਫਰਜ਼ ਨੂੰ ਭੁਲਾ ਕੇ ਜੀਵਨ ਬਤੀਤ ਕਰਨਗੇ, ਉਨ੍ਹਾਂ ਨੂੰ ਅੰਤ ਸਮੇਂ ਰੋਣਾ, ਤੇ ਕੁਰਲਾਣਾ ਪਵੇਗਾ। ਜੋ ਇਸ ਜੀਵਨ ਵਿਚ ਮੌਤ ਦੇ ਭੇਦ ਨੂੰ, ਮੌਤ ਦੀ ਅਸਲੀਅਤ ਨੂੰ ਸਮਝ ਜਾਣਗੇ, ਉਹ ਉਸੇ ਤਰ੍ਹਾਂ ਅਡੋਲ ਰਹਿ ਕੇ ਸਰੀਰ ਤਿਆਗ ਸਕਣਗੇ, ਜਿਵੇਂ ਪਤਝੜ ਦੇ ਆਉਣ ਉਤੇ ਦਰਖਤ ਪੱਤਰਾਂ ਨੂੰ ਤਿਆਗਦੇ ਹਨ।

# ਗੁਰਮਤਿ ਦੀ ਵਡਿਆਈ

ਦੁਨੀਆਂ ਦੇ ਇਨਸਾਨਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਕ ਮਨਮੁਖ ਦੂਸਰੇ ਗੁਰਮੁਖ। ਮਨਮੁਖ ਉਹ ਹੁੰਦੇ ਹਨ ਜਿਨ੍ਹਾਂ ਨੂੰ ਮਨ ਰਾਹੀਂ ਜੋ ਦਿਸੇ, ਸੁਣੇ, ਉਸ ਨੂੰ ਸੱਚ ਸਮਝਦੇ ਹਨ। ਮਨ ਨੂੰ ਧਾਰਮਕ ਗ੍ਰੰਥਾਂ ਵਿਚ ਇੰਦਰੀਆਂ ਦਾ ਸਰਦਾਰ ਇਕ ਇੰਦਰਾ ਹੀ ਮੰਨਿਆ ਜਾਂਦਾ ਹੈ। ਇਸ ਨੂੰ ਸਭ ਇੰਦਰੀਆਂ (nerves) ਬਾਹਰ ਜਗਤ ਦੀਆਂ ਖ਼ਬਰਾਂ ਲਿਆ ਕੇ ਦੇਂਦੀਆਂ ਹਨ ਅਤੇ ਇਹ ਉਨ੍ਹਾਂ ਖ਼ਬਰਾਂ ਨੂੰ ਇਕੱਠਿਆਂ ਕਰਦਾ, ਉਨ੍ਹਾਂ ਤੋਂ ਨਤੀਜੇ ਕੱਢਦਾ ਅਤੇ ਆਪਣੇ ਆਪ ਉਤੇ ਉਨ੍ਹਾਂ ਨਤੀਜਿਆਂ ਦੇ ਅਸਰ ਨੂੰ ਹੋਣ ਦੇਂਦਾ ਹੈ।

ਗੁਰਮੁਖ ਉਹ ਪੁਰਸ਼ ਹੁੰਦਾ ਹੈ ਜਿਹੜਾ ਇੰਦਰੀਆਂ ਰਾਹੀਂ ਮਨ ਤੱਕ ਪਹੁੰਚੀਆਂ ਖ਼ਬਰਾਂ ਦੇ ਆਧਾਰ ਉਤੇ ਕੀਤੇ ਮਨ ਦੇ ਫੈਸਲਿਆਂ ਨੂੰ ਇਸ ਵਾਸਤੇ ਦਰੁਸਤ ਨਹੀਂ ਸਮਝਦਾ ਕਿਉਂਕਿ ਨਾ ਤੇ ਮਨ ਅਤੇ ਇੰਦਰੀਆਂ ਬਾਹਰ ਜਗਤ ਦੀਆਂ ਖ਼ਬਰਾਂ ਨੂੰ ਸੋਲ੍ਹਾਂ ਆਨੇ ਪੂਰੀਆਂ ਪਹੁੰਚਾਣ ਦੇ ਸਮਰੱਥ ਹਨ ਤੇ ਨਾ ਹੀ ਜਗਤ ਇਕ ਅਵਸਥਾ ਵਿਚ ਰਹਿੰਦਾ ਹੈ। ਇਸ ਲਈ ਇਨ੍ਹਾਂ ਖ਼ਬਰਾਂ ਨੂੰ ਸੋਲ੍ਹਾਂ ਆਨੇ ਸੱਚ ਸਮਝਣ ਵਾਲਾ ਅਤੇ ਉਨ੍ਹਾਂ ਦੇ ਆਧਾਰ ਉਤੇ ਨਤੀਜੇ ਕੱਢਣ ਵਾਲਾ ਮਨ ਗੁਰਮੁਖ ਦੇ ਖਿਆਲ ਵਿਚ ਇਤਬਾਰ ਦੇ ਯੋਗ ਨਹੀਂ ਹੋ ਸਕਦਾ। ਗੁਰਮੁਖ ਇਸ ਕਰਕੇ ਮਨ ਦੀ ਮਤ ਉਤੇ ਭਰੋਸਾ ਨਹੀਂ ਕਰਦਾ ਕਿਉਂਕਿ ਗੁਰੂ ਦੀ ਮਤ ਦੇ ਪੈਦਾ ਹੋਣ ਦਾ ਜ਼ਰੀਆ ਇੰਦਰੀਆਂ ਤੇ ਇੰਦਰੀਆਂ ਦਾ ਜਗਤ ਨਹੀਂ ਹੁੰਦਾ, ਸਗੋਂ ਜਗਤ ਦਾ ਮੂਲ ਪਰਮਾਤਮਾ ਅਤੇ ਉਸ ਦੇ ਅਟੱਲ ਨਿਯਮ ਹੁੰਦੇ ਹਨ।

ਕਿਉਂਕਿ ਮਨਮੁਖ ਅਤੇ ਗੁਰਮੁਖ ਦਾ ਸੰਸਾਰ ਸਬੰਧੀ ਮੁੱਢਲਾ ਦ੍ਰਿਸ਼ਟੀਕੋਣ ਹੀ ਵੱਖਰਾ ਹੁੰਦਾ ਹੈ ਇਸ ਲਈ ਮਨਮੁਖ ਤੇ ਗੁਰਮੁਖ ਦੇ ਨਿਸ਼ਚੇ, ਰਾਵਾਂ, ਸਭ ਵੱਖੋ-ਵੱਖ ਤੇ ਇਕ ਦੂਸਰੇ ਦੇ ਉਲਟ ਹੁੰਦੇ ਹਨ। ਇਸ ਲਈ ਗੁਰੂ ਨਾਨਕ ਦੇਵ ਦੇ ਘਰ ਵਿਚ ਮਨਮੁਖ ਅਤੇ ਗੁਰਮੁਖ ਨੂੰ ਸਮਝਾਣ ਦੇ, ਸੱਚੇ ਮਾਰਗ ਤੇ ਲਿਆਉਣ ਦੇ ਅਤੇ ਸੱਚੇ ਮਾਰਗ ਤੇ ਤੋਰਨ ਦੇ ਤਰੀਕੇ ਵੀ ਬਿਲਕੁਲ ਵੱਖੋ-ਵੱਖ ਹਨ।





ਗੁਰੂ ਨਾਨਕ ਦੇਵ ਦਾ 'ਘਰ' ਗੁਰੂ ਗ੍ਰੰਥ ਸਾਹਿਬ ਹਨ। ਗੁਰੂ ਗ੍ਰੰਥ ਜੀ ਵਿਚ ਗੁਰ-ਉਪਦੇਸ਼ ਹੈ। ਇਸ ਲਈ ਇਹ ਮਨ ਦੇ ਮਗਰ ਲੱਗਣ ਵਾਲੇ ਜੀਵਾਂ ਅਤੇ ਗੁਰੂ ਦੇ ਮਗਰ ਲੱਗਣ ਵਾਲੇ ਜੀਵਾਂ ਵਾਸਤੇ ਇਕ ਨਹੀਂ ਹੋ ਸਕਦਾ। ਏਹੀ ਕਾਰਨ ਹੈ ਕਿ ਸਰਸਰੀ ਨਜ਼ਰ ਨਾਲ ਪੜ੍ਹਿਆਂ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਕਈ ਵਾਰੀ ਸਵੈ-ਵਿਰੋਧੀ ਮਲੂਮ ਹੁੰਦੇ ਹਨ। ਇਹ ਭੁਲੇਖਾ ਉਦੋਂ ਦੂਰ ਹੁੰਦਾ ਹੈ ਜਦ ਸਿੱਖ ਨੂੰ ਪਤਾ ਲੱਗ ਜਾਵੇ ਕਿ ਗੁਰ ਉਪਦੇਸ਼ ਮਨਮੁਖ ਵਾਸਤੇ ਹੋਰ ਅਤੇ ਗੁਰਮੁਖ ਵਾਸਤੇ ਹੋਰ ਹੋਣੇ ਜ਼ਰੂਰੀ ਹਨ।

ਮਨਮੁਖ ਇੰਦਰੀਆਂ ਰਾਹੀਂ ਦਿਸਣ ਵਾਲੇ ਜਗਤ ਨੂੰ ਸੱਚ ਸਮਝਦਾ ਹੈ ਅਤੇ ਇਸ ਨੂੰ ਹਮੇਸ਼ਾ ਕਾਇਮ ਰਹਿਣ ਵਾਲੀ ਚੀਜ਼ ਮੰਨਦਾ ਹੈ, ਇਸ ਕਰਕੇ ਗੁਰੂ ਗ੍ਰੰਥ ਜੀ ਮਨਮੁਖ ਨੂੰ ਸੰਬੋਧਨ ਕਰਕੇ ਆਖਦੇ ਹਨ -

*ਸਲੋਕ ਮਹਲਾ ੧*

*ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥*
*ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥*
*ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨਣਹਾਰ ॥*
*ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥*
*ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥*
*ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥*
*ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥*
*ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥*
*ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥* *ਪੰਨਾ - 468*

*ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥*
*ਪੰਨਾ - 1427*

*ਇਹੁ ਜਗੁ ਧੂਏ ਕਾ ਪਹਾਰ ॥*
*ਤੈ ਸਾਚਾ ਮਾਨਿਆ ਕਿਹ ਬੀਚਾਰਿ ॥* *ਪੰਨਾ - 1186*

ਗੁਰਮੁਖ ਜੋ ਇੰਦਰੀਆਂ ਦੀ ਝੂਠੀ ਦੁਨੀਆਂ ਦੀ ਬਜਾਏ ਆਤਮਾ ਦੀ ਅਟੱਲ ਦੁਨੀਆਂ ਵਿਚ ਨਿਵਾਸ ਕਰਦਾ ਹੈ ਉਸ ਨੂੰ ਉਪਦੇਸ਼ ਦਵਾਰਾ ਗੁਰੂ ਗ੍ਰੰਥ ਜੀ ਆਖਦੇ ਹਨ -

*ਸਲੋਕ ਮਹਲਾ ੧*
*ਸਚੇ ਤੇਰੇ ਖੰਡ ਸਚੇ ਬ੍ਰਹਮੰਡ॥*
*ਸਚੇ ਤੇਰੇ ਲੋਅ ਸਚੇ ਆਕਾਰ॥*
*ਸਚੇ ਤੇਰੇ ਕਰਣੇ ਸਰਬ ਬੀਚਾਰ॥*
*ਸਚਾ ਤੇਰਾ ਅਮਰੁ ਸਚਾ ਦੀਬਾਣੁ॥*
*ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥*
*ਸਚਾ ਤੇਰਾ ਕਰਮੁ ਸਚਾ ਨੀਸਾਣੁ॥*
*ਸਚੇ ਤੁਧੁ ਆਖਹਿ ਲਖ ਕਰੋੜਿ॥*
*ਸਚੈ ਸਭਿ ਤਾਣਿ ਸਚੈ ਸਭਿ ਜੋਰਿ॥*
*ਸਚੀ ਤੇਰੀ ਸਿਫਤਿ ਸਚੀ ਸਾਲਾਹ॥*
*ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥*
*ਨਾਨਕ ਸਚੁ ਧਿਆਇਨਿ ਸਚੁ॥*
*ਜੋ ਮਰਿ ਜੰਮੇ ਸੁ ਕਚੁ ਨਿਕਚੁ॥* *ਪੰਨਾ - 463*
*ਇਹ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥*
*ਪੰਨਾ -463*

*ਸਭੋ ਸਚੁ ਸਚੁ ਸਚੁ ਵਰਤੈ ਗੁਰਮੁਖਿ ਕੋਈ ਜਾਣੈ॥* *ਪੰਨਾ - 754*

ਮਾਇਆ ਦੀ ਫੁਲਵਾੜੀ ਨੂੰ ਸੱਚ ਸਮਝਣ ਵਾਲੇ ਮਨਮੁਖ ਨੂੰ ਗੁਰ ਉਪਦੇਸ਼ ਆਖਦਾ ਹੈ ਕਿ ਜਿਨਾ ਮੋਹ ਪ੍ਰੀਤ ਸਵਾਦ ਤੂੰ ਇਸ ਮਾਇਆ ਦੇ ਛਲ (ਇੰਦਰੀਆਂ ਦੀ ਦੁਨੀਆਂ) ਵਿਚੋਂ ਪਰਤੀਤ ਕਰ ਰਿਹਾ ਹੈਂ, ਉਤਨਾ ਹੀ ਦੁਖੀ ਹੋਵੇਂਗਾ। ਤੇਰਾ ਇਸ ਮਾਇਆ ਦੇ ਧੋਖੇ ਨੂੰ ਨਾ ਸਮਝਣਾ ਤੇਰੀ ਹਾਰ ਹੈ, ਤੇਰੇ ਮੱਥੇ ਤੇ ਕਾਲਖ ਦਾ ਟਿੱਕਾ ਹੈ, ਜੋ ਤੈਨੂੰ ਅੱਗੇ ਦਰਗਾਹ ਵਿਚ ਆਦਰ ਤੇ ਮਾਣ ਨਹੀਂ ਦਿਲਾਵੇਗਾ।

*ਜੇਤਾ ਮੋਹੁ ਪਰੀਤਿ ਸੁਆਦ॥*
*ਸਭਾ ਕਾਲਖ ਦਾਗਾ ਦਾਗ॥*
*ਦਾਗ ਦੋਸ ਮੁਹਿ ਚਲਿਆ ਲਾਇ॥*
*ਦਰਗਹ ਬੈਸਣ ਨਾਹੀ ਜਾਇ॥* *ਪੰਨਾ - 662*

ਐਪਰ ਗੁਰਮੁਖ ਨੂੰ ਜਿਸ ਦਾ ਜੀਵਨ ਮਾਇਆ ਵਿਚ ਖਚਤ ਨਹੀਂ, ਜਿਹਦਾ ਇੰਦਰੀਆਂ ਦੇ ਸੁਖਾਂ ਤੋਂ ਪਰ੍ਹੇ ਆਤਮਾ ਦੇ ਸੁਖਾਂ ਵਿਚ ਨਿਵਾਸ





ਹੈ, ਉਸ ਲਈ 'ਗੁਰ ਉਪਦੇਸ਼' ਹੋਰ ਹੈ। ਉਸ ਨੂੰ ਗੁਰੂ ਗ੍ਰੰਥ ਜੀ ਆਖਦੇ ਹਨ ਕਿਉਂਕਿ ਤੂੰ ਗੁਰੂ ਦੀ ਹਿਦਾਇਤ ਅਨੁਸਾਰ ਜੀਵਨ ਬਤੀਤ ਕਰ ਰਿਹਾ ਹੈਂ, ਆਪਣੇ ਮਨ ਨੂੰ ਮਾਇਆ ਦੇ ਝੂਠੇ ਤੇ ਆਰਜ਼ੀ ਰਸਾਂ ਤੋਂ ਮੋੜ ਕੇ ਨਾਮ ਦੇ ਮਹਾਂਰਸ ਦਾ ਮਤਵਾਲਾ ਬਣਾ ਲਿਆ ਹੈ ਅਤੇ ਮਾਇਆ ਨੂੰ ਵਾਹਿਗੁਰੂ ਦੀ ਦਾਤ ਸਮਝ ਕੇ ਸਭ ਭਲੇ ਪੁਰਸ਼ਾਂ ਨਾਲ ਵੰਡ ਛਕਦਾ ਹੈਂ, ਇਸ ਵਾਸਤੇ ਤੇਰੇ ਉਤੇ ਮਾਇਆ ਦੇ ਰਸ ਆਪਣਾ ਰੰਗ ਨਹੀਂ ਚੜ੍ਹਾ ਸਕਦੇ। ਤੂੰ ਬੇਸ਼ਕ ਮਾਇਆ ਦੇ ਸੁਖਾਂ ਨੂੰ ਗ੍ਰਹਿਣ ਕਰ ਅਤੇ ਵਾਹਿਗੁਰੂ ਦੇ ਬੱਚਿਆਂ ਨਾਲ ਵੰਡ ਕੇ ਭੋਗ। ਤੇਰੀ ਸੇਵਾ ਵਾਸਤੇ ਮਾਇਆ ਹਾਜ਼ਰ ਰਹੇਗੀ ਪਰ ਤੇਰਾ ਮਨ ਕਰਤਾਰ ਦੇ ਚਰਨਾਂ ਵਿਚ ਜੁੜਿਆ ਹੋਣ ਕਰਕੇ, ਮਾਇਆ ਤੈਨੂੰ ਡੋਗ ਨਹੀਂ ਸਕੇਗੀ।

*ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ*
*ਜੋ ਨਾਮਿ ਹਰ ਰਾਤੇ॥*
*ਤਿਨ ਕੇ ਘਰ ਮੰਦਰ ਮਹਲ ਸਰਾਈ ਸਭੁ ਪਵਿਤੁ ਹਹਿ*
*ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ॥*
*ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ*
*ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ॥*
*ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ*
*ਜੋ ਬੋਲਹਿ ਹਰਿ ਹਰਿ ਨਾਮੁ ਹਰਿ ਸਾਤੇ॥* *ਪੰਨਾ - 648*

ਜਿਥੇ ਮਾਇਆ ਵਿਚ ਖਚਤ ਮਨਮੁਖ ਨੂੰ ਗੁਰ-ਉਪਦੇਸ਼ ਮਾਇਆ ਤੋਂ ਦੂਰ ਰਹਿਣ, ਮਾਇਆ ਨੂੰ ਝੂਠ ਤੇ ਦੁਖਾਂ ਦੀ ਕਾਨ ਜਾਨਣ, ਮਾਇਆ ਨੂੰ ਸੱਪਣੀ ਜਾਂ ਨਾਗ ਸਮਝਣ ਦੀ ਹਿਦਾਇਤ ਕਰਦਾ ਹੈ -

*ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ॥* *ਪੰਨਾ - 39*

*ਮਾਇਆ ਮੋਹੁ ਗੁਬਾਰੁ ਹੈ ਤਿਸ ਦਾ ਨ ਦਿਸੈ ਉਰਵਾਰੁ ਨ ਪਾਰੁ॥*
*ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ ਡੁਬੇ ਹਰਿ ਨਾਮੁ ਵਿਸਾਰਿ॥*
*ਪੰਨਾ - 89*

*ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ਰਾਮ॥*
*ਪੰਨਾ - 570*

ਉਥੇ ਗੁਰਮੁਖ ਲਈ ਇਸੇ ਮਾਇਆ ਸਬੰਧੀ ਹੋਰ ਉਪਦੇਸ਼ ਹੈ। ਗੁਰਮੁਖ

ਨੂੰ ਗੁਰ-ਉਪਦੇਸ਼ ਮਾਇਆ ਦੇ ਤਿਆਗ ਕਰਨ ਦੀ ਬਜਾਏ ਗੁਰ-ਉਪਦੇਸ਼ ਮਾਇਆ ਦੇ ਚਲ ਨੂੰ ਜਿੱਤਣ ਵਾਸਤੇ, ਜਿੱਤ ਕੇ ਆਪਣੇ ਜੀਵਨ ਸਫਰ ਵਿਚ ਇਸ ਨੂੰ ਯੋਗ ਤਰੀਕੇ ਵਿਚ ਵਰਤਣ ਵਾਸਤੇ ਅਤੇ ਸਿਰ ਚੜ੍ਹਣ ਦੀ ਬਜਾਏ ਚਰਨਾਂ ਦੀ ਦਾਸੀ ਬਣਾ ਕੇ ਰੱਖਣ ਦੀ ਹਿਦਾਇਤ ਕਰਦਾ ਹੈ। ਜਿਥੇ ਮਨਮੁਖ ਲਈ ਮਾਇਆ ਸੱਪ ਹੈ ਉਥੇ ਗੁਰਮੁਖ ਨੂੰ ਗਾਰੜੂ (ਸੱਪ ਮਾਰਨ ਵਾਲਾ ਪੰਛੀ) ਆਖਿਆ ਹੈ ਜੋ ਮਾਇਆ ਨੂੰ ਮਾਰ ਕੇ ਪੈਰਾਂ ਹੇਠਾਂ ਲਤਾੜਦਾ ਰਹਿੰਦਾ ਹੈ।

*ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥*
*ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥*
*ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥*
*ਪੰਨਾ - 510*

*ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ॥*
*ਸਾਧਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ॥*
*ਪੰਨਾ - 500*

*ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥*
*ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥*
*ਪੰਨਾ - 514*

ਕਿਉਂਕਿ ਮਨਮੁਖ ਦੇ ਤੇ ਗੁਰਮੁਖ ਦੇ ਬੁਨਿਆਦੀ ਦ੍ਰਿਸ਼ਟੀਕੋਣ ਵਿਚ ਫਰਕ ਹੁੰਦਾ ਹੈ ਇਸ ਲਈ ਉਨ੍ਹਾਂ ਦੀ ਦੁਨੀਆਂ ਵੀ ਵੱਖ-ਵੱਖਰੀ ਹੁੰਦੀ ਹੈ। ਇਨ੍ਹਾਂ ਦੀ ਵੱਖ ਵੱਖ ਦੁਨੀਆਂ ਵਿਚ ਹਰ ਇਕ ਘਟਨਾ ਸਬੰਧੀ ਵੱਖ ਵੱਖ ਨਿਸ਼ਚੇ ਹੁੰਦੇ ਹਨ। ਗੁਰੂ ਗ੍ਰੰਥ ਜੀ ਵੀ ਏਸੇ ਵਾਸਤੇ ਇਕੋ ਘਟਨਾ ਲਈ ਮਨਮੁਖ ਨੂੰ ਹੋਰ ਉਪਦੇਸ਼ ਅਤੇ ਗੁਰਮੁਖ ਨੂੰ ਹੋਰ ਉਪਦੇਸ਼ ਦੇਂਦੇ ਹਨ। ਮੌਤ ਇਕ ਐਸੀ ਘਟਨਾ ਹੈ ਜੋ ਜ਼ਾਹਿਰਾ ਤੌਰ ਤੇ ਸਭ ਲਈ ਇਕੋ ਜਿਹੀ ਪਰਤੀਤ ਹੁੰਦੀ ਹੈ ਪਰ ਇਸ ਸਬੰਧੀ ਉਪਦੇਸ਼ ਮਨਮੁਖ ਲਈ ਹੋਰ ਤੇ ਗੁਰਮੁਖ ਲਈ ਹੋਰ ਹੈ। ਮਨਮੁਖ ਨੂੰ ਗੁਰੂ ਗ੍ਰੰਥ ਸਾਹਿਬ ਜੀ ਆਖਦੇ ਹਨ-

*ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ॥*
*ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ॥*
*ਪੰਨਾ - 855*





*ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥*
*ਪੰਨਾ - 474*

*ਸਭੁ ਕੋ ਜਮ ਕੇ ਚੀਰੇ ਵਿਚਿ ਹੈ ਜੇਤਾ ਸਭੁ ਆਕਾਰੁ॥*
*ਪੰਨਾ - 851*

*ਹਉਮੈ ਕਰਦਿਆ ਜਨਮੁ ਗਵਾਇਆ॥*
*ਆਗੈ ਮੋਹੁ ਨ ਚੂਕੈ ਮਾਇਆ॥*
*ਅਗੈ ਜਮਕਾਲੁ ਲੇਖਾ ਲੇਵੈ*
*ਜਿਉ ਤਿਲ ਘਾਣੀ ਪੀੜਾਇਦਾ॥ ਪੰਨਾ - 1063*

*ਤਜਿ ਕੂੜੁ ਕੁਟੰਬੁ ਹਉਮੈ ਬਿਖੁ ਤ੍ਰਿਸਨਾ ਚਲਣੁ ਰਿਦੈ ਸਮ੍ਹਾਲਿ॥*
*ਪੰਨਾ - 1258*

*ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ॥*
*ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ॥*
*ਪੰਨਾ - 1258*

ਐਪਰ ਏਸੇ ਮੌਤ ਸਬੰਧੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਮੁਖ ਲਈ ਹੋਰ ਉਪਦੇਸ਼ ਹੈ। ਗੁਰਮੁਖਾਂ ਨੂੰ ਗੁਰਬਾਣੀ ਦਸਦੀ ਹੈ ਕਿ -

*ਜਿਸੁ ਰਾਖੈ ਤਿਸੁ ਕੋਇ ਨ ਮਾਰੈ॥*
*ਸੋ ਮੂਆ ਜਿਸੁ ਮਨਹੁ ਬਿਸਾਰੈ॥ ਪੰਨਾ - 1426*

*ਜਿਹ ਮਰਨੈ ਸਭੁ ਜਗਤੁ ਤਰਾਸਿਆ॥*
*ਸੋ ਮਰਨਾ ਗੁਰ ਸਬਦਿ ਪ੍ਰਗਾਸਿਆ॥*

*ਅਬ ਕੈਸੇ ਮਰਉ ਮਰਨਿ ਮਨੁ ਮਾਨਿਆ॥*
*ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ॥ ਪੰਨਾ - 327*

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ ਕੀ ਕਥਾ ਨਿਆਰੀ ਰੇ॥*
*ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥*
*ਪੰਨਾ - 855*

*ਸਿਮਰਤ ਨਾਮੁ ਨਾਹੀ ਫਿਰਿ ਮਰਣ॥*
*ਹਰਿ ਗੁਣ ਰਮਤ ਨਾਹੀ ਜਮ ਪੰਥ॥ ਪੰਨਾ - 867*

*ਗੁਰਮੁਖਿ ਹੋਵੈ ਸੁ ਸੁਖੁ ਕਮਾਏ॥*
*ਮਰਣ ਜੀਵਣ ਕੀ ਸੋਝੀ ਪਾਏ॥* *ਪੰਨਾ - 1059*

*ਨਹ ਕਿਛੁ ਜਨਮੈ ਨਾ ਕਿਛੁ ਮਰੈ॥*
*ਆਪਨ ਚਲਿਤੁ ਆਪ ਹੀ ਕਰੈ॥* *ਪੰਨਾ - 281*

ਇਥੇ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਇਹ ਜ਼ਰੂਰੀ ਨਹੀਂ ਕਿ ਇਕ ਮਨੁੱਖ ਸਾਰੀ ਉਮਰ ਮਨਮੁਖ ਹੀ ਰਹਿੰਦਾ ਹੈ ਜਾਂ ਇਕ ਗੁਰਮੁਖ ਸਾਰਾ ਜੀਵਨ ਗੁਰਮੁਖ ਹੀ ਰਹੇ। ਜਤਨ ਤੇ ਚੰਗੀ ਸੰਗਤ ਨਾਲ, ਗੁਰ-ਉਪਦੇਸ਼ ਅਨੁਸਾਰ ਜੀਵਨ ਬਤੀਤ ਕਰਨ ਨਾਲ ਮਨਮੁਖ ਗੁਰਮੁਖ ਬਣ ਸਕਦਾ ਹੈ ਅਤੇ ਬੇ-ਪਰਵਾਹੀ ਅਤੇ ਗੁਰ-ਉਪਦੇਸ਼ ਅਨੁਸਾਰ ਜੀਵਨ ਨਾ ਬਤੀਤ ਕਰਨ ਨਾਲ ਇਕ ਗੁਰਮੁਖ ਮਨਮੁਖ ਬਣ ਸਕਦਾ ਹੈ। ਆਮ ਤੌਰ ਤੇ ਦੇਖਿਆ ਇਹ ਜਾਂਦਾ ਹੈ ਕਿ ਇਕੋ ਆਦਮੀ ਆਪਣੇ ਜੀਵਨ ਵਿਚ ਕਿਸੇ ਵੇਲੇ ਮਨਮੁਖ ਅਤੇ ਕਿਸੇ ਵੇਲੇ ਗੁਰਮੁਖ ਬਣਦਾ ਰਹਿੰਦਾ ਹੈ। ਇਨਸਾਨ ਅੰਦਰ ਇੰਦਰੀਆਂ ਦੇ ਜੀਵਨ ਦੀ ਰੁਚੀ ਉਸ ਨੂੰ ਸਦਾ ਮਨਮੁਖਤਾਈ ਦੀ ਨੀਵੀਂ ਅਵਸਥਾ ਵਿਚ ਰਖਣਾ ਚਾਹੁੰਦੀ ਹੈ ਅਤੇ ਇੰਦਰੀਆਂ ਤੋਂ ਪਰ੍ਹੇ ਆਤਮਾ ਦੇ ਜੀਵਨ ਦੀ ਰੁਚੀ ਵੀ ਕਦੀ ਕਦੀ ਆ ਕੇ ਇਨਸਾਨ ਨੂੰ ਉਸ ਦੇ ਅਟੱਲ ਤੇ ਨਾ ਖੁਸਣ ਵਾਲੇ ਸਦਾ ਸੁਖਦਾਈ ਜੀਵਨ ਵਲ ਪ੍ਰੇਰਦੀ ਰਹਿੰਦੀ ਹੈ। ਇਨ੍ਹਾਂ ਦੋਹਾਂ ਰੁਚੀਆਂ ਵਿਚੋਂ ਜਿਹੜੀ ਰੁਚੀ ਪਰੱਬਲ ਹੋਵੇ ਉਸੇ ਅਨੁਸਾਰ ਹੀ ਇਨਸਾਨ ਜੀਵਨ ਬਤੀਤ ਕਰਦਾ ਹੈ। ਇਸ ਲਈ ਕੋਈ ਨਿਯਮ ਨਹੀਂ ਬਣ ਸਕਦਾ ਕਿ ਇਕ ਮਨਮੁਖ ਸਾਰਾ ਜੀਵਨ ਮਨਮੁਖ ਹੀ ਰਹੇਗਾ ਜਾਂ ਇਕ ਗੁਰਮੁਖ ਸਾਰਾ ਜੀਵਨ ਗੁਰਮੁਖ ਹੀ ਰਹੇਗਾ। ਇਸ ਵਾਸਤੇ ਮਨ ਮਗਰ ਚਲਣ ਤੇ ਮਜਬੂਰ ਹੋਏ ਲੋਕਾਂ ਨੂੰ ਨਿਰਾਸ ਨਹੀਂ ਹੋਣਾ ਚਾਹੀਦਾ ਅਤੇ ਗੁਰਮਤਿ ਮਗਰ ਚਲਣ ਵਾਲੇ ਲੋਕਾਂ ਨੂੰ ਬੇਪਰਵਾਹ ਤੇ ਮਗਰੂਰ ਨਹੀਂ ਹੋਣਾ ਚਾਹੀਦਾ।

ਜਿਸ ਤਰ੍ਹਾਂ ਇੰਦਰੀਆਂ ਦੇ ਜੀਵਨ ਨੂੰ ਸੱਚ ਤੇ ਅਟੱਲ ਸਮਝਣ ਵਾਲੇ ਮਨਮੁਖ ਨੂੰ ਗੁਰਬਾਣੀ ਦਸਦੀ ਹੈ ਕਿ ਇਹ ਜੀਵਨ ਉਤੋਂ ਭਾਵੇਂ ਸੱਚਾ ਅਤੇ ਅਟੱਲ ਲੱਗੇ, ਅਸਲ ਵਿਚ ਝੂਠ ਹੈ, ਇਕ ਧੂੰਏ ਦਾ ਪਹਾੜ ਹੈ, ਨਾਸਵੰਦ ਹੈ, ਇਸੇ ਤਰ੍ਹਾਂ ਉਸ ਆਦਮੀ ਨੂੰ ਜਿਹੜਾ ਗੁਰਬਾਣੀ ਦੀ





ਪਰੇਰਨਾ ਅਨੁਸਾਰ ਇੰਦਰੀਆਂ ਦੇ ਜੀਵਨ ਤੋਂ ਉਤਲੇ ਆਤਮਾ ਦੇ ਜੀਵਨ ਵਲ ਮੋੜਾ ਪਾਂਦਾ ਹੈ ਅਤੇ ਗੁਰਮੁਖ ਬਣਨਾ ਚਾਹੁੰਦਾ ਹੈ ਉਸ ਨੂੰ ਗੁਰਬਾਣੀ ਉਭਾਰਨਾ, ਹੌਸਲਾ ਦੇਣਾ ਅਤੇ ਆਤਮਕ ਜੀਵਨ ਦੀ ਵਡਿਆਈ ਦਰਸਾਣਾ ਸ਼ੁਰੂ ਕਰਦੀ ਹੈ ਅਤੇ ਦਸਦੀ ਹੈ ਕਿ ਗੁਰਮੁਖ ਦਾ ਜੀਵਨ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ -

*ਸਗਲ ਸਿਆਣਪ ਛਾਡਿ॥*
*ਕਰਿ ਸੇਵਾ ਸੇਵਕ ਸਾਜਿ॥*
*ਅਪਨਾ ਆਪੁ ਸਗਲ ਮਿਟਾਇ॥*
*ਮਨ ਚਿੰਦੇ ਸੇਈ ਫਲ ਪਾਇ॥*
*ਹੋਹੁ ਸਾਵਧਾਨ ਅਪੁਨੇ ਗੁਰ ਸਿਉ॥*
*ਆਸਾ ਮਨਸਾ ਪੂਰਨ ਹੋਵੈ*
*ਪਾਵਹਿ ਸਗਲ ਨਿਧਾਨ ਗੁਰ ਸਿਉ॥ ਰਹਾਉ॥* *ਪੰਨਾ - 895*

*ਨਾਨਕ ਤਿਸੁ ਸਰਣਾਈ ਭਜਿ ਪਉ ਆਪੇ ਬਖਸਿ ਮਿਲਾਇ॥*
*ਪੰਨਾ - 995*

*ਚਲਤ ਬੈਸਤ ਸੋਵਤ ਜਾਗਤ ਗੁਰ ਮੰਤ੍ਰੁ ਰਿਦੈ ਚਿਤਾਰਿ॥*
*ਪੰਨਾ - 1006*

*ਹਰਿ ਸੇਵਹੁ ਖਿਨੁ ਖਿਨੁ ਢਿਲ ਮੂਲਿ ਨ ਕਰਿਹੁ॥*
*ਜਿਤੁ ਅਸਥਿਰੁ ਜੁਗੁ ਜੁਗੁ ਹੋਵਹੁ॥*
*ਹਰਿ ਸੇਤੀ ਸਦ ਮਾਣਹੁ ਰਲੀਆ*
*ਜਨਮ ਮਰਣ ਦੁਖ ਖੋਵਹੁ॥* *ਪੰਨਾ - 77*

*ਪਰ ਕਾ ਬੁਰਾ ਨ ਰਾਖਹੁ ਚੀਤ॥*
*ਤੁਮ ਕਉ ਦੁਖੁ ਨਹੀ ਭਾਈ ਮੀਤ॥* *ਪੰਨਾ - 386*

*ਕੂੜੁ ਛੋਡਿ ਸਾਚੇ ਕਉ ਧਾਵਹੁ॥*
*ਜੋ ਇਛਹੁ ਸੋਈ ਫਲੁ ਪਾਵਹੁ॥* *ਪੰਨਾ - 1028*

*ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ॥*
*ਪੰਨਾ - 456*

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥*

*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥*
*ਪੰਨਾ - 522*

ਜਿਥੇ ਮਨਮੁਖ ਅਤੇ ਗੁਰਮੁਖ ਲਈ ਗੁਰਬਾਣੀ ਦਾ ਉਪਦੇਸ਼ ਵੱਖਰਾ ਵੱਖਰਾ ਹੈ, ਉਥੇ ਆਤਮ ਮਾਰਗ ਦੀਆਂ ਪਹਿਲੀਆਂ ਅਵਸਥਾਵਾਂ ਦੇ ਗੁਰਮੁਖਾਂ ਅਤੇ ਪਿਛਲੀਆਂ ਅਵਸਥਾਵਾਂ ਦੇ ਗੁਰਮੁਖਾਂ ਲਈ ਵੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼ ਵੱਖੋ ਵੱਖਰਾ ਹੈ। ਜਿਉਂ ਜਿਉਂ ਸਿੱਖ ਦੀ ਆਤਮਕ ਅਵਸਥਾ ਬਦਲਦੀ ਜਾਂਦੀ ਹੈ, ਤਿਉਂ ਤਿਉਂ ਗੁਰੂ ਗ੍ਰੰਥ ਸਾਹਿਬ ਜੀ ਦੀ ਅਵਗਾਈ ਵੀ ਬਦਲਦੀ ਜਾਂਦੀ ਹੈ। ਪਹਿਲੀ ਅਵਸਥਾ ਦੇ ਗੁਰਮੁਖ ਨੂੰ ਜਿਥੇ ਗੁਰੂ ਜੀ ਉਦਮ ਕਰਨ ਵਾਸਤੇ, ਨਾਮ ਜਪਣ ਵਾਸਤੇ, ਝੂਠ ਛੱਡ ਕੇ ਸੱਚ ਨਾਲ ਪਿਆਰ ਕਰਨ ਵਾਸਤੇ, ਸਰਬੱਤ ਦਾ ਭਲਾ ਮੰਗਣ ਵਾਸਤੇ, ਗੁਰ-ਉਪਦੇਸ਼ ਨੂੰ ਸਾਵਧਾਨ ਹੋ ਕੇ ਸੁਣਨ ਵਾਸਤੇ ਪ੍ਰੇਰਦੇ ਹਨ, ਜਦ ਗੁਰਸਿਖ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਲਗ ਜਾਂਦਾ ਹੈ, ਨਾਮ ਜਪਣ ਲਗ ਜਾਂਦਾ ਹੈ, ਸੇਵਾ ਤੇ ਘਾਲਣਾ ਦਾ ਜੀਵਨ ਬਤੀਤ ਕਰਨ ਲਗ ਜਾਂਦਾ ਹੈ, ਤਦ ਉਸ ਨੂੰ ਗੁਰਬਾਣੀ ਇਹ ਆਖਣਾ ਸ਼ੁਰੂ ਕਰਦੀ ਹੈ ਕਿ ਦੇਖੀਂ ਕਿਤੇ ਆਪਣੀ ਸੇਵਾ, ਘਾਲਣਾ, ਭਗਤੀ, ਨਾਮ ਕਮਾਈ ਉਤੇ ਮਾਣ ਕਰਨ ਲਗ ਜਾਵੇਂ! ਭਾਵੇਂ ਇਹ ਸਭ ਚੀਜ਼ਾਂ ਚੰਗੀਆਂ ਹਨ, ਪਰ ਕਰਤਾਰ ਦੀ ਪ੍ਰਾਪਤੀ, ਭਗਤੀ, ਘਾਲਣਾ ਕਰਕੇ ਨਹੀਂ ਹੁੰਦੀ, ਇਹ ਸਭ ਕੁਝ ਕਰਨ ਮਗਰੋਂ ਆਪਣੇ ਆਪ ਨੂੰ ਕਰਤਾਰ ਦੀ ਮੇਹਰ ਉਤੇ ਛੱਡ ਕੇ ਨਿਰਮਾਣ ਉਡੀਕ ਕੀਤਿਆਂ ਹੁੰਦੀ ਹੈ। ਸੇਵਾ, ਭਗਤੀ, ਨਾਮ ਕਮਾਈ ਮਗਰੋਂ ਜਿਹੜੀ ਨਿਰਮਾਣਤਾ ਹੁੰਦੀ ਹੈ, ਵਾਹਿਗੁਰੂ ਉਸ ਨਿਰਮਾਣਤਾ ਦਾ ਬੜਾ ਆਸ਼ਕ ਹੈ, ਬੜਾ ਚਾਹਵਾਨ ਹੈ। ਜਿਥੇ ਇਹ ਅਵਸਥਾ ਪੈਦਾ ਹੋ ਜਾਵੇ, ਉਥੇ ਵਾਹਿਗੁਰੂ ਜ਼ਰੂਰ ਆਣ ਮਿਲਦਾ ਹੈ। ਭਗਤੀ, ਸੇਵਾ, ਨਾਮ ਕਮਾਈ ਕਰਨਾ ਇਨਸਾਨ ਦਾ ਕਰਤੱਵ ਹੈ, ਪਰ ਕਰਤਾਰ ਪ੍ਰਾਪਤੀ ਵਾਹਿਗੁਰੂ ਦੀ ਖੁਸ਼ੀ ਤੇ ਮੇਹਰ ਦਾ ਸਦਕਾ ਹੈ।

*ਕਹਿਐ ਕਥੀਐ ਨ ਪਾਈਐ ਅਨਦਿਨੁ ਰਹੈ ਸਦਾ ਗੁਣ ਗਾਇ॥*
*ਵਿਣੁ ਕਰਮੈ ਕਿਨੈ ਨ ਪਾਇਓ ਭਉਕਿ ਮੁਏ ਬਿਲਲਾਇ॥*
*ਗੁਰ ਕੈ ਸਬਦਿ ਮਨੁ ਤਨੁ ਭਿਜੈ ਆਪਿ ਵਸੈ ਮਨਿ ਆਇ॥*
*ਨਾਨਕ ਨਦਰੀ ਪਾਈਐ ਆਪੇ ਲਏ ਮਿਲਾਇ॥ ਪੰਨਾ - 551*





*ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ॥*
*ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ॥*
*ਸਤਿਗੁਰੁ ਅਲਖੁ ਕਹਹੁ ਕਿਉ ਲਖੀਐ*
*ਜਿਸੁ ਬਖਸੇ ਤਿਸਹਿ ਪਛਾਤਾ ਹੇ॥ ਪੰਨਾ - 1032*

*ਘਾਲ ਨ ਮਿਲਿਓ ਸੇਵ ਨ ਮਿਲਿਓ*
*ਮਿਲਿਓ ਆਇ ਅਚਿੰਤਾ॥ ਪੰਨਾ - 672*

*ਜਿਨ ਕਉ ਠਾਕੁਰਿ ਕਿਰਪਾ ਧਾਰੀ॥*
*ਬਾਹ ਪਕਰਿ ਨਾਨਕ ਕਢਿ ਲਈਆ॥ ਪੰਨਾ - 837*

ਜਦ ਗੁਰਮੁਖ ਗੁਰੂ ਗ੍ਰੰਥ ਸਾਹਿਬ ਜੀ ਦੇ ਆਖੇ ਲਗ ਕੇ, ਜਪ ਤਪ ਸਿਮਰਨ ਕਮਾਈ, ਘਾਲਣਾ ਮਗਰੋਂ ਨਿਮਾਣਾ, ਨਿਥਾਵਾਂ ਹੋ ਕੇ ਰੱਬ ਦੀ ਮੇਹਰ ਦੇ ਆਸਰੇ ਉਡੀਕਣਾ ਸ਼ੁਰੂ ਕਰ ਦੇਂਦੇ ਹਨ। ਹੁਣ ਗੁਰੂ ਗ੍ਰੰਥ ਜੀ ਦੀ ਅਗਵਾਈ ਇਸ ਕਰਕੇ ਬਦਲ ਜਾਂਦੀ ਹੈ ਕਿਉਂਕਿ ਗੁਰਮੁਖ ਦੀ ਆਤਮਕ ਅਵਸਥਾ ਅੰਦਰੋਂ ਬਦਲ ਗਈ ਹੁੰਦੀ ਹੈ। ਹੁਣ ਗੁਰਮੁਖ ਦੇ ਮਨ ਉਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਪ੍ਰਕਾਰ ਦੇ ਮਹਾਂਵਾਕ, ਅਸਰ ਕਰਨਾ ਜਾਂ ਪਕੜ ਕਰਨੀ ਸ਼ੁਰੂ ਕਰਦੇ ਹਨ –

*ਆਪਿ ਉਪਦੇਸੈ ਸਮਝੈ ਆਪਿ॥*
*ਆਪੇ ਰਚਿਆ ਸਭ ਕੈ ਸਾਥਿ॥*
*ਆਪਿ ਕੀਨੋ ਆਪਨ ਬਿਸਥਾਰੁ॥*
*ਸਭੁ ਕਿਛੁ ਉਸ ਕਾ ਓਹੁ ਕਰਨੈਹਾਰ॥*
*ਉਸ ਤੇ ਭਿੰਨ ਕਹਹੁ ਕਿਛੁ ਹੋਇ॥*
*ਥਾਨ ਥਨੰਤਰਿ ਏਕੈ ਸੋਇ॥*
*ਅਪੁਨੇ ਚਲਿਤ ਆਪਿ ਕਰਣੈਹਾਰ॥*
*ਕਉਤਕ ਕਰੈ ਰੰਗ ਅਪਾਰ॥*
*ਮਨ ਮਹਿ ਆਪਿ ਮਨ ਅਪੁਨੇ ਮਾਹਿ॥*
*ਨਾਨਕ ਕੀਮਤਿ ਕਹਨੁ ਨ ਜਾਇ॥ ਪੰਨਾ - 279*

*ਹਰਿ ਬਿਨੁ ਦੂਜਾ ਨਾਹੀ ਕੋਇ॥*
*ਸਰਬ ਨਿਰੰਤਰਿ ਏਕੋ ਸੋਇ॥ ਪੰਨਾ - 287*

*ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ*
*ਕਿਆ ਨਾਨਕ ਜੰਤ ਵਿਚਾਰਾ॥* *ਪੰਨਾ - 348*

*ਹਰਿ ਆਪੇ ਠਾਕੁਰੁ ਸੇਵਕੁ ਭਗਤੁ ਹਰਿ ਆਪੇ ਕਰੇ ਕਰਾਏ॥*
*ਹਰਿ ਆਪੇ ਵੇਖੈ ਵਿਗਸੈ ਜਿਤੁ ਭਾਵੈ ਤਿਤੁ ਲਾਇ॥*
*ਪੰਨਾ - 550*

ਜਦ ਗੁਰਮੁਖ ਨੂੰ ਇਹ ਪਤਾ ਲਗ ਜਾਂਦਾ ਹੈ ਕਿ ਉਸ ਦੀ ਭਗਤੀ, ਨਾਮ ਕਮਾਈ, ਉਦਮ, ਘਾਲਣਾ ਵਿਚ ਕਰਤਾਰ ਦੀ ਹੀ ਪ੍ਰੇਰਨਾ ਸੀ ਅਤੇ ਭਗਤੀ ਕਰਾਵਨ ਵਾਲਾ ਅਸਲ ਵਿਚ ਇਕੋ ਕਰਤਾਰ ਦੇ ਦੋ ਰੰਗ, ਇਕੋ ਕਰਤਾਰ ਦੀਆਂ ਦੋ ਤਸਵੀਰਾਂ, ਇਕੋ ਕਰਤਾਰ ਦੇ ਦੋ ਪਾਸੇ ਸਨ, ਤਾਂ ਗੁਰਮੁਖ ਦੇ ਮਨ ਤੋਂ ਸਦਾ ਲਈ ਹਉਮੈ ਦੀ ਮੈਲ ਲੱਥ ਜਾਂਦੀ ਹੈ ਤੇ ਗੁਰਮੁਖ 'ਆਪੇ ਆਪ' ਦੀ ਮਹਾਂ ਅਨੰਦਮਈ ਮੌਜ ਵਿਚ ਜੀਵਨ ਮੁਕਤ ਹੋ ਕੇ ਰੰਗ ਮਾਣਦਾ ਹੈ।

*ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ॥*
*ਅਨਦ ਰੂਪੁ ਸਭੁ ਨੈਨ ਅਲੋਇਆ॥* *ਪੰਨਾ - 387*

*ਨਾਨਕ ਗੁਰਿ ਖੋਇ ਭ੍ਰਮ ਭੰਗਾ॥*
*ਹਮ ਓਇ ਮਿਲਿ ਹੋਏ ਇਕ ਰੰਗਾ॥* *ਪੰਨਾ - 391*





# ਖਤਰੇ

ਜਿਥੇ ਜੀਵਨ ਹੈ ਉਥੇ ਖਤਰੇ ਕਿਸੇ ਨਾ ਕਿਸੇ ਸ਼ਕਲ ਵਿਚ ਮੌਜੂਦ ਹੋਣਗੇ। ਇਕੱਲੇ ਇਕੱਲੇ ਆਦਮੀ ਨੂੰ ਵੀ ਅਤੇ ਕੌਮਾਂ ਦੀਆਂ ਕੌਮਾਂ ਨੂੰ ਵੀ, ਕੋਈ ਨਾ ਕੋਈ ਖਤਰਾ ਭਾਸਦਾ ਰਹੇਗਾ। ਇਹ ਜੀਵਨ ਦਾ ਨਿਯਮ ਹੈ ਕਿ ਜੀਵਨ ਨੂੰ ਕਾਇਮ ਰੱਖਣ ਵਾਸਤੇ ਖਤਰਿਆਂ ਦਾ ਮੁਕਾਬਲਾ ਕੀਤਾ ਜਾਵੇ।

ਖਤਰਿਆਂ ਨੂੰ ਉਪਰ ਦੱਸੇ ਅਨੁਸਾਰ ਦੋ ਹਿੱਸਿਆਂ ਵਿਚ ਵੰਡ ਸਕਦੇ ਹਾਂ, ਸ਼ਖਸੀ ਖਤਰੇ ਅਤੇ ਕੌਮੀ ਖਤਰੇ। ਆਦਮੀ ਘਰ ਤੋਂ ਨਿਕਲਦਾ ਹੈ, ਉਸ ਨੂੰ ਕਦਮ ਕਦਮ ਤੇ ਕਿਸੇ ਨਾ ਕਿਸੇ ਹਾਦਸੇ ਦਾ ਖਤਰਾ ਹੈ। ਮੋਟਰ ਹੇਠ ਆ ਜਾਣ ਦਾ ਖਤਰਾ, ਟੁਰਦਿਆਂ ਟੁਰਦਿਆਂ ਕਿਸੇ ਮਕਾਨ ਦੀ ਕੰਧ ਦਾ ਉਤੇ ਡਿੱਗ ਪੈਣ ਦਾ ਖਤਰਾ, ਜੇਬ ਵਿਚੋਂ ਰੁਪਏ ਚੁਰਾਏ ਜਾਣ ਦਾ ਖਤਰਾ, ਇਸੇ ਤਰ੍ਹਾਂ ਬੀਮਾਰੀ ਦਾ ਖਤਰਾ, ਵਿਉਪਾਰ ਵਿਚ ਨੁਕਸਾਨ ਦਾ ਖਤਰਾ, ਨੌਕਰ ਨੂੰ ਮਾਲਕ ਦੇ ਗੁੱਸੇ ਦਾ ਤੇ ਨੌਕਰੀ ਹਟ ਜਾਣ ਦਾ ਖਤਰਾ, ਆਦਿ ਸ਼ਖਸੀ ਖਤਰਿਆਂ ਦੇ ਕੁਝ ਨਮੂਨੇ ਹਨ। ਕੌਮਾਂ ਤੇ ਮੁਲਕਾਂ ਨੂੰ ਵੀ ਕੁਝ ਖਤਰੇ ਰਹਿੰਦੇ ਹਨ ਜਿਹਾ ਕਿ ਬਾਹਰੋਂ ਕਿਸੇ ਦੁਸ਼ਮਣ ਦੇ ਹਮਲੇ ਦਾ ਖਤਰਾ, ਅੰਦਰੂਨੀ ਲੜਾਈ ਝਗੜੇ (Civil war) ਦਾ ਖਤਰਾ, ਕਾਲ ਪੈਣ ਦਾ ਖਤਰਾ, ਰਾਜੇ ਨੂੰ ਰਾਜ ਖੁਸ ਜਾਣ ਤੇ ਭਿਖਾਰੀ ਨੂੰ ਆਪਣੀ ਕੱਖਾਂ ਦੀ ਝੌਂਪੜੀ ਦੇ ਹਵਾ ਨਾਲ ਡਿੱਗ ਪੈਣ ਦਾ ਜਾਂ ਅੱਗ ਨਾਲ ਸੜ ਜਾਣ ਦਾ ਸਦਾ ਖਤਰਾ ਰਹਿੰਦਾ ਹੈ। ਗੱਲ ਕੀ ਜੋ ਜੀਉਂਦਾ ਹੈ ਉਸ ਨੂੰ ਕੋਈ ਨਾ ਕੋਈ ਖਤਰਾ ਡਰਾਂਦਾ ਰਹਿੰਦਾ ਹੈ। ਮੌਤ ਦਾ ਖਤਰਾ ਤਾਂ ਜੀਵਨ ਨਾਲ ਪਰਛਾਵੇਂ ਦੀ ਤਰ੍ਹਾਂ ਚੰਬੜਿਆ ਰਹਿੰਦਾ ਹੈ।

ਦੀਰਘ ਵਿਚਾਰ ਕੀਤਿਆਂ ਪਤਾ ਲਗੇਗਾ ਕਿ ਇਨਸਾਨੀ ਜ਼ਿੰਦਗੀ ਨੂੰ ਖਤਰੇ, ਫਿਕਰ, ਚਿੰਤਾ ਹਰ ਵਕਤ ਆਪਣੇ ਘੇਰੇ ਵਿਚ ਅਜਿਹਾ ਫਸਾਈ ਰਖਦੇ ਹਨ ਕਿ ਉਸ ਵਾਸਤੇ ਜੀਵਨ ਭਾਰੂ ਹੋ ਜਾਂਦਾ ਹੈ। ਇਨਸਾਨੀ ਜੀਵਨ ਵਿਚ ਪੂਰਨ ਸੁਖ ਦੇ ਸਾਹ ਬਹੁਤ ਘੱਟ ਆਉਂਦੇ ਹਨ।

ਖਤਰਿਆਂ ਤੋਂ ਨਿਸਚਿੰਤ ਹੋਣ ਦਾ ਕੀ ਕੋਈ ਉਪਾਊ ਹੈ?

ਦੁਨੀਆਂਦਾਰ ਸਿਆਣੇ ਆਖਣਗੇ ਕਿ ਖਤਰਿਆਂ ਤੋਂ ਚੌਕੰਨਾ ਰਹਿਣਾ, ਖਤਰਿਆਂ ਵਿਰੁੱਧ ਤਿਆਰੀ ਕਰ ਰੱਖਣੀ; ਖਤਰਿਆਂ ਦਾ ਇਲਾਜ ਹੈ, ਪਰ ਅਸੀਂ ਦੇਖਦੇ ਹਾਂ ਕਿ ਇਨਸਾਨ ਦੀ ਹੁਸ਼ਿਆਰੀ, ਚਾਲਾਕੀ ਤੇ ਦੂਰਅੰਦੇਸ਼ੀ ਦੇ ਬਾਵਜੂਦ ਵੀ ਖਤਰੇ ਘਟੇ ਨਹੀਂ, ਉਸੇ ਤਰ੍ਹਾਂ ਕਾਇਮ ਹਨ। ਜਿਉਂ ਜਿਉਂ ਇਨਸਾਨ ਖਤਰਿਆਂ ਤੇ ਕਾਬੂ ਪਾਣ ਦਾ ਜਤਨ ਕਰਦਾ ਹੈ, ਤਿਉਂ ਤਿਉਂ ਖਤਰਿਆਂ ਦੀਆਂ ਕਿਸਮਾਂ ਵਧਦੀਆਂ ਹਨ ਅਤੇ ਖਤਰੇ ਸ਼ਕਲਾਂ ਵਟਾ ਵਟਾ ਕੇ ਕਾਇਮ ਰਹਿੰਦੇ ਹਨ। ਜੇ ਇਕ ਕੌਮ ਦੂਸਰੀ ਕੌਮ ਦੇ ਹਮਲੇ ਤੋਂ ਬਚਣ ਵਾਸਤੇ ਸ਼ਸਤ੍ਰਬੰਦ ਹੁੰਦੀ ਹੈ ਤਾਂ ਦੂਸਰੀ ਕੌਮ ਪਹਿਲੇ ਨਾਲੋਂ ਦੋ ਗੁਣਾਂ ਸ਼ਸਤ੍ਰਬੰਦ ਹੋ ਜਾਂਦੀ ਹੈ। ਜੇ ਇਨਸਾਨ ਇਕ ਬੀਮਾਰੀ ਦਾ ਇਲਾਜ ਕਢਦਾ ਹੈ ਤਾਂ ਬੀਮਾਰੀ ਕਿਸੇ ਨਵੀਂ ਸ਼ਕਲ ਵਿਚ ਇਨਸਾਨ ਦੇ ਸਾਮ੍ਹਣੇ ਆ ਖਲੋਂਦੀ ਹੈ। ਕਿਸੇ ਆਰਜ਼ੀ ਸਮੇਂ ਵਾਸਤੇ ਕੋਈ ਖਤਰਾ ਹਟ ਸਕਦਾ ਹੈ, ਪਰ ਉਕੇ ਤੌਰ ਤੇ ਕਦੀ ਨਹੀਂ ਹਟਦਾ, ਵੇਲਾ ਪਾ ਕੇ ਜਿਉਂ ਦਾ ਤਿਉਂ ਫੇਰ ਇਨਸਾਨ ਨੂੰ ਡਰਾਣ ਵਾਸਤੇ ਮੌਜੂਦ ਹੁੰਦਾ ਹੈ। ਅਗਰ ਇਨਸਾਨ ਦੀ ਅਕਲ ਤੇ ਕੋਸ਼ਿਸ਼ ਕਿਸੇ ਪਾਸੇ ਚੰਗੀ ਤਰ੍ਹਾਂ ਅਸਫਲ ਹੋਈ ਹੈ ਤਾਂ ਖਤਰਿਆਂ ਤੇ ਕਾਬੂ ਪਾਣ ਵਿਚ ਹੋਈ ਹੈ।

ਧਰਮ ਦੀ ਖੋਜ ਨੇ ਨਿਰਾਸ ਇਨਸਾਨ ਵਾਸਤੇ ਖਤਰਿਆਂ ਤੋਂ ਬਚ ਕੇ ਪਰਮ ਸੁਖੀ ਜੀਵਨ ਬਤੀਤ ਕਰਨ ਦਾ ਖੂਬ ਉਪਰਾਲਾ ਕੀਤਾ ਹੈ। ਇਹ ਉਪਰਾਲਾ ਕਾਮਯਾਬ ਹੋਇਆ ਹੈ ਕਿ ਨਹੀਂ? ਇਸ ਦਾ ਜਵਾਬ ਉਹ ਲੋਕ 'ਹਾਂ' ਦੀ ਸ਼ਕਲ ਵਿਚ ਦੇਂਦੇ ਚਲੇ ਆਏ ਹਨ ਜਿਨ੍ਹਾਂ ਧਰਮ ਦੀ ਸੱਚੇ ਅਰਥਾਂ ਵਿਚ ਸ਼ਰਨ ਪਕੜੀ ਹੈ।

*ਜਨਮ ਮਰਨ ਕੇ ਮਿਟੇ ਅੰਦੇਸੇ॥*
*ਸਾਧੂ ਕੇ ਪੂਰਨ ਉਪਦੇਸੇ॥* *ਪੰਨਾ - 1349*

ਧਰਮ ਦਾ ਦਾਅਵਾ ਹੈ ਕਿ ਮੇਰੀ ਸ਼ਰਨ ਸੱਚੇ ਦਿਲੋਂ ਜੋ ਵੀ ਆਵੇ, ਨੇਕ ਨੀਤੀ ਨਾਲ ਮੇਰੀ ਗੱਲ ਸੁਣੇ, ਮੰਨੇ ਤੇ ਕਮਾਵੇ ਤਾਂ ਉਸ ਦੇ ਸਾਰੇ ਡਰ, ਅੰਦੇਸੇ, ਖਤਰੇ, ਸਦਾ ਲਈ ਦੂਰ ਹੋ ਜਾਣਗੇ। ਉਸ ਨੂੰ ਨਿਸਚਿੰਤ ਜੀਵਨ, ਜਿਸ ਵਿਚ ਸਿਹਤ, ਖੁਸ਼ਹਾਲੀ, ਬੇਫ਼ਿਕਰੀ ਅਤੇ ਮਸਤੀ ਠਾਠਾਂ ਮਾਰੇਗੀ, ਨਸੀਬ ਹੋਵੇਗਾ।

ਧਰਮ ਦੀ ਸ਼ਰਨ ਆਉਣਾ ਕੀ ਹੈ? ਇਹ ਆਪਣੇ ਕਰਤਾਰ ਨਾਲ





ਵਾਕਫੀ ਪੈਦਾ ਕਰਨਾ ਹੈ, ਉਸ ਨਾਲ ਪਿਆਰ ਪਾਣਾ, ਉਸ ਨੂੰ ਸਮਝਣਾ, ਉਸ ਨੂੰ ਆਪਣਾ ਮਿਤ੍ਰ ਬਨਾਣਾ ਅਤੇ ਉਸ ਦੀਆਂ ਬੇਅੰਤ ਤਾਕਤਾਂ ਤੇ ਬਰਕਤਾਂ ਨੂੰ ਆਪਣੇ ਤੇ ਦੁਨੀਆਂ ਦੇ ਭਲੇ ਵਾਸਤੇ ਵਰਤਣਾ ਹੈ। ਕਰਤਾਰ ਦੀ ਸ਼ਰਨ ਆਉਣ ਵਾਲੇ ਮਨੁੱਖ ਨੂੰ ਧਰਮ ਦੇ ਦਾਅਵੇ ਅਨੁਸਾਰ ਤੱਤੀ ਵਾਉ ਨਹੀਂ ਲਗ ਸਕਦੀ।

*ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥*
*ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥੧॥*
*ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ॥*
*ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ॥੧॥ ਰਹਾਉ॥*
*ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ॥*
*ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥੨॥* *ਪੰਨਾ - 819*

# ਮੁਸੀਬਤ ਅਤੇ ਧੀਰਜ

ਮੁਸੀਬਤ ਵਿਚ 'ਧੀਰਜ' ਸਭ ਤੋਂ ਵੱਡਾ ਗੁਣ ਅਤੇ ਮਿਤ੍ਰ ਹੈ। ਜਿਸ ਆਦਮੀ ਨੂੰ ਮੁਸੀਬਤ ਤੇ ਮੁਸ਼ਕਿਲ ਦੇ ਸਮੇਂ ਧੀਰਜ ਵਿਚ ਦੇਖੋ, ਸਮਝ ਲਓ ਕਿ ਉਹ ਮੁਸੀਬਤ ਉੱਤੇ ਸੌ ਵਿਸਵੇ ਫਤਹਿ ਪਾਵੇਗਾ।

ਕੋਈ ਮੁਸੀਬਤ ਆਪਣੇ ਆਪ ਵਿਚ ਇਤਨੀ ਭਿਆਨਕ ਨਹੀਂ ਹੁੰਦੀ ਜਿਤਨਾ ਕਿ ਉਸ ਦਾ ਡਰ, ਆਦਮੀ ਦੀ ਵਿਚਾਰ ਸ਼ਕਤੀ ਨੂੰ ਖਰਾਬ ਕਰਕੇ, ਉਸ ਤੋਂ ਘਬਰਾਹਟ ਤੇ ਜਲਦੀ ਵਿਚ ਗਲਤੀਆਂ ਕਰਾ ਕੇ, ਉਸ ਮੁਸੀਬਤ ਨੂੰ ਭਿਆਨਕ ਬਣਾ ਦੇਂਦਾ ਹੈ।

ਮੁਸੀਬਤ ਨੂੰ ਜਿੱਤਣ ਵਾਸਤੇ ਆਦਮੀ ਦੀ ਵਿਚਾਰ ਸ਼ਕਤੀ ਦਾ ਦਰੁੱਸਤ ਹਾਲਤ ਵਿਚ ਰਹਿਣਾ ਤੇ ਡਰ ਨੂੰ ਆਪਣੇ ਤੇ ਗ਼ਲਬਾ ਨਾ ਪਾਣ ਦੇਣਾ, ਡਾਹਢੀ ਜ਼ਰੂਰੀ ਸ਼ਰਤ ਹੈ।

ਮੁਸੀਬਤ ਵੇਲੇ ਆਮ ਤੌਰ ਤੇ ਆਦਮੀ ਦਾ ਦਿਮਾਗ ਸਹਿਜ ਜਾਂ ਸੁਭਾਵਿਕ ਅਵਸਥਾ ਤੋਂ ਜਾਂ ਨੀਵੇਂ ਜਾਂ ਉਚੇ ਹੋ ਜਾਂਦਾ ਹੈ। ਕਈ ਆਦਮੀਆਂ ਦਾ ਦਿਮਾਗ ਕੰਮ ਕਰਨੋਂ ਨਾਂਹ ਕਰ ਦੇਂਦਾ ਹੈ ਤੇ ਆਦਮੀ ਬੇਕਾਰ ਹੋ ਕੇ ਹੱਕਾ ਬੱਕਾ ਹੋ ਜਾਂਦਾ ਹੈ, ਕੁਝ ਸਮਝ ਵਿਚ ਨਹੀਂ ਆਉਂਦਾ ਕਿ ਮੁਸੀਬਤ ਦੇ ਮੁਕਾਬਲੇ ਵਾਸਤੇ ਕੀ ਉਪਾਵ ਕਰੇ। ਇਸ ਹਾਲਤ ਵਿਚ ਦਿਮਾਗ ਸੁਭਾਵਿਕ ਅਵਸਥਾ ਤੋਂ ਨੀਵਾਂ ਹੋ ਜਾਂਦਾ ਹੈ ਅਤੇ ਬਜਾਏ ਆਦਮੀ ਦੀ ਮਦਦ ਦੇ ਉਸ ਨੂੰ ਸਗੋਂ ਹੱਥਾਂ ਪੈਰਾਂ ਦੀ ਪਾ ਦੇਂਦਾ ਹੈ, ਪਰ ਕਈ ਮੁਸੀਬਤ ਵੇਲੇ ਇਨਸਾਨ ਦਾ ਦਿਮਾਗ ਅੱਗੇ ਨਾਲੋਂ ਜ਼ਿਆਦਾ ਚਾਤੁਰ ਹੋ ਜਾਂਦਾ ਹੈ, ਮੁਸੀਬਤ ਨੂੰ ਖਿਆਲੀ ਤੌਰ ਤੇ ਭਿਆਨਕ ਸ਼ਕਲ ਦੇਂਦਾ ਤੇ ਉਸ ਦੇ ਮੁਕਾਬਲੇ ਵਾਸਤੇ ਬੜੀ ਤੇਜ਼ੀ ਨਾਲ ਕਈ ਤਜਵੀਜ਼ਾਂ ਸੋਚਦਾ ਹੈ। ਆਦਮੀ ਨੂੰ ਹਫੜਾ ਦਫੜੀ ਪੈ ਜਾਂਦੀ ਹੈ। ਕਦੀ ਇਕ ਤਜਵੀਜ਼ ਮਨ ਵਿਚ ਆਉਂਦੀ ਹੈ ਕਿ ਇਸ ਤਰ੍ਹਾਂ ਕੀਤਾ ਜਾਵੇ, ਕਦੀ ਦੂਸਰੀ ਤੇ ਕਦੀ ਤੀਸਰੀ। ਇਸ ਅਵਸਥਾ ਵਿਚ ਦਿਮਾਗ ਸੁਭਾਵਿਕ ਸੋਚਣ ਦੀ ਅਵਸਥਾ ਤੋਂ ਉਚਾ ਹੁੰਦਾ ਹੈ ਅਤੇ ਜ਼ਿਆਦਾ ਤੇਜ਼ੀ ਨਾਲ ਕੰਮ ਕਰਦਾ ਹੈ।

ਮੁਸੀਬਤ ਦਾ ਟਾਕਰਾ ਜਦ ਦਿਮਾਗ ਦੀਆ ਉਕਤ ਦੋਹਾਂ ਹਾਲਤਾਂ





ਵਿਚ ਕੀਤਾ ਜਾਵੇ ਤਦ ਅਸਫਲ ਸਾਬਤ ਹੁੰਦਾ ਹੈ। ਪਹਿਲੀ ਹਾਲਤ ਵਿਚ ਜ਼ਰੂਰਤ ਤੋਂ ਘੱਟ ਦਰਜੇ ਦੇ ਉਪਾਉ ਤੇ ਦੂਸਰੀ ਹਾਲਤ ਵਿਚ ਜ਼ਰੂਰਤ ਤੋਂ ਵੱਧ ਦਰਜੇ ਦੇ ਉਪਾਉ ਸੁਝਦੇ ਹਨ, ਜੋ ਕਿ ਮੁਸੀਬਤ ਉੱਤੇ ਫਤਹਿ ਪਾਣ ਵਾਸਤੇ ਦੋਵੇਂ ਹੀ ਊਣੇ ਹੁੰਦੇ ਹਨ।

ਦੁਨੀਆਂ ਵਿਚ ਕੋਈ ਘਟਨਾ ਜਾਂ ਮੁਸ਼ਕਲ ਐਸੀ ਨਹੀਂ ਉਪਜਦੀ ਜਿਸ ਦਾ ਧੀਰਜ ਨਾਲ ਵਿਚਾਰ ਕੀਤਿਆਂ ਤਸੱਲੀਬਖਸ਼ ਹੱਲ ਨਾ ਲੱਭ ਸਕੇ। ਕੋਈ ਮੁਸੀਬਤ ਐਸੀ ਨਹੀਂ ਹੁੰਦੀ ਜਿਸ ਦਾ ਸਫਲਤਾ ਨਾਲ ਇਨਸਾਨ ਮੁਕਾਬਲਾ ਨਾ ਕਰ ਸਕੇ। ਆਦਮੀ ਦੀ ਬਨਾਵਟ ਵਿਚ ਕੁਦਰਤ ਨੇ ਹਰ ਮੁਸ਼ਕਲ ਤੇ ਫਤਹਿ ਪਾਉਣ ਦੀ ਯੋਗਤਾ ਜਾਂ ਅਨਸਰ ਰੱਖੇ ਹਨ। ਮੁਸੀਬਤ ਵੇਲੇ ਜੋ ਇਨਸਾਨ ਬਜਾਏ ਆਪਣੇ ਅੰਦਰੋਂ ਮੁਸੀਬਤ ਤੇ ਫਤਹਿ ਪਾਉਣ ਦੇ ਸਾਧਨ ਲੱਭਣ ਦੇ ਆਪਣੀ ਵਿਚਾਰ ਸ਼ਕਤੀ ਵਿਚ ਗੜਬੜ ਪੈਦਾ ਕਰਕੇ ਘਬਰਾ ਜਾਂਦਾ ਹੈ, ਉਸ ਨੂੰ ਆਪਣੀ ਬਨਾਵਟ, ਆਪਣੀ ਤਾਕਤ, ਆਪਣੀ ਬੁਨਿਆਦ ਦੀ ਪੂਰਨਤਾ ਦਾ ਪਤਾ ਨਹੀਂ।

ਇਨਸਾਨ ਦੀ ਲਾਚਾਰੀ, ਘਬਰਾਹਟ, ਨਿਰਾਸਤਾ, ਕਾਇਰਤਾ ਦਾ ਸਭ ਤੋਂ ਮੁੱਖ ਕਾਰਨ ਉਸ ਦੀ ਆਪਣੀ ਜ਼ਾਤ ਸਬੰਧੀ ਨਾਵਾਕਫੀਅਤ ਹੈ। ਕੁਦਰਤ ਨੇ ਇਨਸਾਨ ਨੂੰ, ਮੁਕੰਮਲ, ਨਿਰਭੈ, ਨਿਰਵੈਰ, ਬੇ-ਮੁਥਾਜ ਤੇ ਬੇਪ੍ਰਵਾਹ ਬਣਾਇਆ ਹੈ, ਇਸ ਵਿਚ ਉਚੀ ਤੋਂ ਉਚੀ ਵਡਿਆਈ ਦੇ ਬੀਜ ਰੱਖੇ ਹਨ। ਇਨਸਾਨ ਆਪਣੀ ਹਸਤੀ ਦੇ ਭੇਦਾਂ ਤੋਂ ਅਣਜਾਣ ਹੋਣ ਕਰਕੇ ਆਮ ਤੌਰ ਤੇ ਹਾਲਾਤ ਦਾ ਤੇ ਆਲੇ ਦਵਾਲੇ ਦਾ ਗੁਲਾਮ ਬਣ ਕੇ, ਸਦਾ ਡਰ ਤੇ ਚਿੰਤਾ ਵਿਚ ਜੀਵਨ ਬਤੀਤ ਕਰਦਾ ਹੈ।

ਜਿਥੇ ਇਨਸਾਨ ਨੂੰ ਅਨੇਕਾਂ ਇਲਮਾਂ ਦੇ ਹਾਸਲ ਕਰਨ ਦਾ ਸ਼ੌਕ ਹੈ, ਉਥੇ ਜੇਕਰ ਇਹ ਆਪਣੇ ਅਸਲੇ, ਆਪਣੀ ਬੁਨਿਆਦ, ਆਪਣੇ ਆਪ ਦੇ ਇਲਮ ਨੂੰ ਹਾਸਲ ਕਰਨ ਵਾਸਤੇ ਦੂਜੇ ਇਲਮਾਂ ਵਾਸਤੇ ਖਰਚ ਕੀਤੇ ਆਪਣੇ ਸਮੇਂ ਦਾ ਦਸਵਾਂ ਹਿੱਸਾ ਵੀ ਖਰਚ ਕਰਦਾ ਤਾਂ ਇਸ ਦੀ ਸ਼ਕਲ ਅੱਜ ਉਦਾਸ ਤੇ ਮੁਰਝਾਈ ਹੋਈ ਨਾ ਦਿਸਦੀ।

ਆਪਣੇ ਆਪ ਦੀ ਖੋਜ ਵਾਸਤੇ ਸਭ ਤੋਂ ਜ਼ਰੂਰੀ ਚੀਜ਼ 'ਧੀਰਜ' ਹੈ। ਧੀਰਜ ਦੀਆਂ ਅੱਖਾਂ ਨਾਲ ਆਦਮੀ ਜਿਸ ਮੁਸ਼ਕਲ, ਜਿਸ ਮੁਸੀਬਤ, ਜਿਸ ਔਕੜ ਵਲ ਤੱਕੇ, ਉਹ ਧੂੰਏ ਦੇ ਪਹਾੜ ਦੀ ਤਰ੍ਹਾਂ ਗਾਇਬ ਹੋ ਜਾਂਦੀ ਹੈ।

# ਸੁਖ ਕਿਥੇ ਹੈ?

ਜਦ ਤੋਂ ਇਨਸਾਨ ਨੇ ਹੋਸ਼ ਸੰਭਾਲੀ ਹੈ, ਤਦ ਤੋਂ ਇਸ ਦੀਆਂ ਕੋਸ਼ਿਸ਼ਾਂ ਦਾ ਮਨੋਰਥ ਪੂਰਨ ਸੁਖ ਲੱਭਣਾ ਹੈ। ਇਸ ਦੀ ਫਿਤਰਤ ਦਾ ਖਾਸਾ ਹੈ ਕਿ ਇਹ ਅਪੂਰਨ ਸੁਖ ਨਾਲ ਸਤੁੰਸ਼ਟ ਨਹੀਂ ਹੁੰਦਾ। ਇਨਸਾਨ ਚਾਹੁੰਦਾ ਹੈ ਕਿ ਇਸ ਦੇ ਜੀਵਨ ਵਿਚ ਜ਼ਰਾ ਜਿੰਨਾ ਦੁਖ, ਸੰਤਾਪ, ਬਿਮਾਰੀ, ਚਿੰਤਾ, ਫਿਕਰ, ਥੋੜ੍ਹ ਤੇ ਮੁਥਾਜੀ ਨਾ ਰਹੇ। ਇਹ ਚਾਹੁੰਦਾ ਹੈ ਕਿ ਇਸ ਦੀ ਦੁਨੀਆਂ ਵਿਚ ਮਾੜੀਆਂ ਸਭ ਘਟਨਾਵਾਂ ਦੂਰ ਹੋ ਜਾਣ ਅਤੇ ਉਨ੍ਹਾਂ ਦੀ ਥਾਂ ਖੁਸ਼ੀ, ਸੁਖ, ਸਿਹਤ, ਰਜੇਵਾਂ, ਬੇਪਰਵਾਹੀ, ਅਨੰਦ ਤੇ ਬੇਫਿਕਰੀ ਆਣ ਮੱਲੇ।

ਇਨਸਾਨ ਨੇ ਉਕਤ ਆਦਰਸ਼ ਦੀ ਪੂਰਤੀ ਲਈ ਵੱਡੇ ਪੈਮਾਨੇ ਤੇ ਦੋ ਮਹਾਨ ਤਜਰਬੇ ਕੀਤੇ ਹਨ ਪਰ ਇਨ੍ਹਾਂ ਦੋ ਤਜਰਬਿਆਂ ਦਾ ਨਤੀਜਾ ਇਨਸਾਨ ਲਈ ਅਸਫਲਤਾ ਤੇ ਨਿਰਾਸਤਾ ਨਿਕਲਿਆ ਹੈ। ਇਨ੍ਹਾਂ ਦੋਹਾਂ ਤਜਰਬਿਆਂ ਨੇ ਇਨਸਾਨ ਨੂੰ ਪੂਰਨ ਸੁਖੀ ਨਹੀਂ ਬਣਾਇਆ। ਹੁਣ ਇਨਸਾਨ ਭੌਂਦਲ ਕੇ, ਪਰੇਸ਼ਾਨ ਹੋ ਕੇ ਪਿਆ ਆਪਣੇ ਆਪ ਨੂੰ ਪੁਛਦਾ ਹੈ ਕਿ ਅਸਲੀ, ਸੱਚਾ ਤੇ ਪੂਰਨ ਸੁਖ ਕਿਥੇ ਹੈ?

ਪੂਰਨ ਸੁਖ ਦੀ ਪ੍ਰਾਪਤੀ ਹਿਤ ਇਨਸਾਨ ਨੇ ਪਹਿਲਾਂ ਤਜਰਬਾ ਪੂਰਬੀ ਦੇਸਾਂ ਵਿਚ ਕੀਤਾ। ਇਸ ਤਜਰਬੇ ਦੀ ਬੁਨਿਆਦ ਵਿਚ ਇਨਸਾਨ ਦਾ ਇਹ ਖਿਆਲ ਕੰਮ ਕਰਦਾ ਸੀ ਕਿ ਸਰੀਰ ਨਾਸਵੰਦ ਹੈ, ਸਰੀਰ ਨਾਲ ਸਬੰਧ ਰੱਖਣ ਵਾਲੀ ਸਾਰੀ ਦੁਨੀਆਂ ਨਾਸੁਵੰਦ ਹੈ, ਇਸ ਲਈ ਨਾਸਵੰਦ ਚੀਜ਼ ਵਿਚ ਪੂਰਨ ਸੁਖ ਕਦੀ ਨਹੀਂ ਮਿਲ ਸਕੇਗਾ। ਸਰੀਰ ਦੇ ਅੰਦਰ ਰਹਿਣ ਵਾਲੀ ਆਤਮਾ ਅਮਰ ਹੈ, ਇਹ ਨਾਸ ਨਹੀਂ ਹੁੰਦੀ, ਇਸ ਲਈ ਆਤਮਾ ਵਿਚੋਂ ਹੀ ਪੂਰਨ ਸੁਖ ਦੀ ਪ੍ਰਾਪਤੀ ਹੋ ਸਕਦੀ ਹੈ। ਇਸ ਵਾਸਤੇ ਸਰੀਰ ਤੇ ਸਰੀਰਕ ਸੁਖਾਂ ਨੂੰ ਤਿਆਗਣਾ ਚਾਹੀਦਾ ਹੈ ਅਤੇ ਆਤਮਕ ਸੁਖ ਲੱਭ ਕੇ ਉਸ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ।

ਸਰੀਰ ਦੇ ਸੁਖਾਂ ਨੂੰ ਤਿਆਗ ਕੇ ਆਤਮਾ ਦੇ ਸੁਖਾਂ ਨੂੰ ਗ੍ਰਹਿਣ ਕਰਨ ਦਾ ਤਜਰਬਾ ਪੂਰਬ ਦੇ ਕਰੋੜਾਂ ਇਨਸਾਨਾਂ ਨੇ ਕਈ ਸਦੀ ਤਕ





ਕੀਤਾ। ਇਸ ਤਜਰਬੇ ਅੰਦਰ ਅਨੇਕਾਂ ਪੁਰਸ਼ਾਂ ਨੇ ਗ੍ਰਹਿਸਤ ਦੇ ਆਰਾਮ, ਪਰਿਵਾਰ ਦੇ ਸੁਖ ਤਿਆਗ ਕੇ ਅਤੇ ਜੰਗਲਾਂ ਅੰਦਰ ਆਸ਼ਰਮ ਬਣਾ ਕੇ, ਪਹਾੜਾਂ ਅੰਦਰ ਗਾਰਾਂ ਖੋਜ ਕੇ, ਆਤਮਾਂ ਵਿਚੋਂ ਪਰ ਸੁਖ ਲੱਭਣ ਦੀ ਕੋਸ਼ਿਸ਼ ਕੀਤੀ। ਇਸ ਤਰੀਕੇ ਅੰਦਰ ਰਾਜਿਆਂ ਨੇ ਰਾਜ ਛੱਡੇ, ਕੰਨ ਪੜਵਾਏ, ਤਨ ਤੇ ਰਾਖ ਮਲੀ, ਆਮ ਲੋਕਾਂ ਨੇ ਆਪਣੇ ਸਰੀਰਾਂ ਨੂੰ ਅਨੇਕਾਂ ਪ੍ਰਕਾਰ ਦੇ ਕਸ਼ਟ ਦਿਤੇ ਤਾਂ ਕਿ ਨਾਸਵੰਦ ਸੁਖਾਂ ਦੀ ਬਜਾਏ ਉਨ੍ਹਾਂ ਨੂੰ ਆਤਮਾ ਦਾ ਪੂਰਨ ਤੇ ਸਦੀਵੀ ਸੁਖ ਹਾਸਲ ਹੋਵੇ।

ਆਤਮਕ ਸੁਖਾਂ ਦੀ ਪ੍ਰਾਪਤੀ ਲਈ ਸਰੀਰਕ ਸੁਖਾਂ ਦੇ ਤਿਆਗ ਦਾ ਤਜਰਬਾ ਇਸ ਲਈ ਕਾਮਯਾਬ ਨਾ ਹੋ ਸਕਿਆ ਕਿ ਦੁਨੀਆਂ ਦੇ ਆਮ ਲੋਕ ਸਰੀਰਕ ਸੁਖਾਂ ਦੀ ਕੁਰਬਾਨੀ ਸਦਾ ਲਈ ਕਰਨ ਵਾਸਤੇ ਸੁਭਾਵਿਕ ਹੀ ਤਿਆਰ ਨਹੀਂ ਹੁੰਦੇ। ਇਨਸਾਨਾਂ ਦੀ ਬਹੁਗਿਣਤੀ ਦੀ ਜ਼ਰੂਰਤ ਪਹਿਲੇ ਸਰੀਰਕ ਸੁਖ ਅਤੇ ਪਿਛੋਂ ਆਤਮਕ ਸੁਖ ਹੁੰਦੀ ਹੈ। ਇਸ ਲਈ ਆਤਮਕ ਸੁਖ ਲਈ ਸਰੀਰਕ ਸੁਖਾਂ ਦੇ ਬਿਲਕੁਲ ਤਿਆਗ ਦੀ ਮੰਗ ਕਰਨ ਵਾਲਾ ਤਜਰਬਾ ਆਮ ਲੋਕਾਂ ਵਿਚ ਕਾਮਯਾਬ ਨਾ ਹੋ ਸਕਿਆ।

ਇਸ ਦੇ ਉਲਟ ਸੰਸਾਰ ਦੇ ਪੱਛਮੀ ਦੇਸ਼ਾਂ ਨੇ ਆਤਮਾ ਦੇ ਸੁਖ ਨੂੰ ਬੇ-ਲੋੜਾ ਆਖ ਕੇ ਆਪਣੀ ਸਾਰੀ ਰੁਚੀ ਸਰੀਰਕ ਸੁਖਾਂ ਦੇ ਪ੍ਰਾਪਤ ਕਰਨ ਵਲ ਮੋੜੀ। ਕੌਮਾਂ ਦੀਆਂ ਕੌਮਾਂ ਦੇਸਾਂ ਦੇ ਦੇਸ ਇਸ ਖਿਆਲ ਵਿਚ ਜੀਵਨ ਬਤੀਤ ਕਰਨ ਲੱਗੇ ਕਿ ਸਰੀਰਕ ਸੁਖ ਜੇ ਹਾਸਲ ਕੀਤੇ ਜਾਣ ਤਾਂ ਇਨਸਾਨ ਪੂਰੇ ਤੌਰ ਤੇ ਖੁਸ਼ ਤੇ ਸੁਖੀ ਹੋ ਜਾਵੇਗਾ। ਕਈ ਸਦੀਆਂ ਦੀ ਇਨਸਾਨ ਦੀ ਲਗਾਤਾਰ ਤੇ ਅਣਥੱਕ ਮਿਹਨਤ ਨੇ ਇਨਸਾਨ ਦੇ ਸਰੀਰ ਵਾਸਤੇ ਅਨੇਕ ਪ੍ਰਕਾਰ ਦੇ ਸੁਖ ਪੈਦਾ ਕੀਤੇ। ਚੜ੍ਹਨ ਵਾਸਤੇ ਮੋਟਰਾਂ, ਰੇਲਾਂ, ਹਵਾਈ ਜਹਾਜ਼ ਬਣਾਏ, ਰਹਿਣ ਵਾਸਤੇ ਸੌ ਸੌ ਛੱਤਾਂ ਵਾਲੇ ਮਕਾਨ ਬਣਾਏ, ਬੈਠਣ ਤੇ ਸੌਣ ਵਾਸਤੇ ਬੜੇ ਬੜੇ ਨਰਮ ਤੇ ਕੀਮਤੀ ਕਾਊਚ, ਸੋਫਾ ਸੈਟ, ਸਪਰਿੰਗਾਂ ਵਾਲੇ ਤੇ ਰਬੜ ਦੇ ਗਦੇਲੇ ਬਣਾਏ। ਮਸ਼ੀਨ ਦੀ ਮਦਦ ਨਾਲ ਸਰੀਰ ਨੂੰ ਸੁਖੀ ਕਰਨ ਵਾਲੀਆਂ ਚੀਜ਼ਾਂ ਇਤਨੀ ਗਿਣਤੀ ਵਿਚ ਬਣਾਈਆਂ ਗਈਆਂ ਜਿਨ੍ਹਾਂ ਨੇ ਪੱਛਮੀ ਦੇਸਾਂ ਵਿਖੇ ਸਾਧਾਰਨ ਆਦਮੀ ਦਾ ਜੀਵਨ ਮਿਆਰ ਪਹਿਲੇ ਸਮਿਆਂ ਦੇ ਰਾਜਿਆਂ ਦੇ ਬਰਾਬਰ ਕਰ ਦਿਤਾ। ਕਈ ਸੁਖਾਂ ਵਿਚ ਤਾਂ ਅੱਜਕਲ੍ਹ ਦਾ ਸਾਧਾਰਨ

ਆਤਮੀ ਪਹਿਲੇ ਸਮੇਂ ਦੇ ਰਾਜਿਆਂ ਨਾਲੋਂ ਵੀ ਵੱਧ ਗਿਆ ਹੈ। ਰੇਡੀਓ, ਸਿਨੇਮਾ, ਟੈਲੀਗ੍ਰਾਫੀ, ਹਵਾਈ ਜਹਾਜ਼ ਆਦਿ ਵਰਤਮਾਨ ਸਮੇਂ ਦੀਆਂ ਐਸੀਆਂ ਸਹੂਲਤਾਂ ਤੇ ਸੁਖ ਹਨ ਜਿਹੜੇ ਪਹਿਲੇ ਸਮੇਂ ਵਿਚ ਵੱਡੇ ਤੋਂ ਵੱਡੇ ਪਾਤਸ਼ਾਹ ਨੂੰ ਵੀ ਨਸੀਬ ਨਹੀਂ ਸਨ।

ਪੂਰਨ ਸੁਖ ਨੂੰ ਸਰੀਰਕ ਸੁਖਾਂ ਵਿਚੋਂ ਲੱਭਣ ਦਾ ਤਜਰਬਾ ਵੀ ਚੰਗੀ ਤਰ੍ਹਾਂ ਅਸਫਲ ਹੋਇਆ। ਇਨਸਾਨ ਦੇ ਸਰੀਰਕ ਸੁਖ ਵਧਣ ਨਾਲ ਇਨਸਾਨ ਦੇ ਸਰੀਰ ਦੇ ਰੋਗ ਤੇ ਮਨ ਦੀ ਭਟਕਣਾ ਵੀ ਵੱਧ ਗਈ। ਆਲੀਸ਼ਾਨ ਕੋਠੀਆਂ ਤੇ ਬੰਗਲਿਆਂ ਵਿਚ ਰਹਿਣ ਵਾਲਾ, ਮੋਟਰਾਂ ਤੇ ਹਵਾਈ ਜਹਾਜ਼ਾਂ ਵਿਚ ਚੜ੍ਹਨ ਵਾਲਾ, ਸਿਨੇਮੇ ਦੇਖਣ ਤੇ ਰੇਡੀਓ ਸੁਣਨ ਵਾਲਾ ਇਨਸਾਨ, ਸਰੀਰ ਦੇ ਸੁਖਾਂ ਦੇ ਸਭ ਸਾਮਾਨ ਪ੍ਰਾਪਤ ਹੋਣ ਉਤੇ ਭੀ ਪੂਰਨ ਸੁਖੀ ਨਾ ਹੋ ਸਕਿਆ। ਉਸ ਦੀਆਂ ਪਸ਼ੂ ਬਿਰਤੀਆਂ, ਉਸ ਦੇ ਮਨ ਦੀ ਤ੍ਰਿਸ਼ਨਾ, ਈਰਖਾ, ਭੁੱਖ ਤੇ ਜੁੱਧ ਕਰਨ ਦੀ ਲਾਲਸਾ ਨਾ ਮਿਟ ਸਕਦੀ। ਸਾਡੇ ਇਸ ਖਿਆਲ ਦੀ ਪ੍ਰੋੜ੍ਹਤਾ ਅਮਰੀਕਾ ਦਾ ਪ੍ਰਸਿੱਧ ਲਿਖਾਰੀ ਹਰਬਰਟ ਕੈਸਨ ਇਨ੍ਹਾਂ ਸ਼ਬਦਾਂ ਵਿਚ ਕਰਦਾ ਹੈ –

(1) The tragedy of our generation is this that the wealthy have found no peace nor happiness in wealth and the poor have no inner faith to console them for their poverty. Neither rich nor poor are content.

(2) We have developed everything but ourselves. We have studied every nature except our own nature. We have filled the outside world with miracles but we have neglected the development of our inner lives. We have sacrificed culture to prosperity.

(3) The scientists confine themselves to tne study of the lower grades of life. They have little interest in higher grades. They are interested mainly in what can be tested in their laboratories. They can not test thoughts and feelings. They can not make an analy-





sis of the spiritusl nature of a man. They are absorbed in their chemistry, astronomy and mathematics. They have no answer to give to us when we ask,'what is the meaning of life.'

4. We are busy. We are driven from day to day by pressure and compulsion and habit. We die without knowing why we lived. This is the reason of our unhappiness. This is why prosperity brings so little satisfaction. This is why there is more discontent in the world than there has ever been. We have no inward peace. It is an amazing phenomenon. Never before men's minds have been so active or so confused. Never before have we had such an affluence of things and such a concious poverty of soul.

We travel. We are always moving. We go to the theatres, we seek for all our pleasures in the outside world. We listen in. We have gramophones. We live amidst noises. We are absorbed in the details of business. All this prevents us from developing our innerselves. It prevents our conciousness from having any depth. We are small and shallow. We gain the whole world and lose our souls.

While our achievements are great, we, as individuals are small.

ਸੰਸਾਰ ਦੇ ਭਿਆਨਕ ਜੰਗ ਖਤਮ ਹੋਣ ਮਗਰੋਂ ਅਮਰੀਕਾ, ਰੂਸ ਤੇ ਬਰਤਾਨੀਆਂ, ਸੰਸਾਰ ਦੀਆਂ ਤਿੰਨ ਵੱਡੀਆਂ ਤਾਕਤਾਂ ਰਹਿ ਗਈਆਂ ਹਨ। ਇਨ੍ਹਾਂ ਤਿੰਨਾਂ ਦੇਸ਼ਾਂ ਦੇ ਵਸਨੀਕ ਆਪਣੇ ਸਭ ਵੈਰੀਆਂ ਨੂੰ ਜਿੱਤਣ ਮਗਰੋਂ ਅਤੇ ਸਾਇੰਸ ਰਾਹੀਂ ਸਰੀਰਕ ਸੁਖਾਂ ਦੇ ਪੂਰੇ ਸਾਮਾਨ ਪ੍ਰਾਪਤ ਹੋਣ

ਮਗਰੋਂ ਵੀ ਨਿਰਭੈ ਤੇ ਨਿਸਚਿੰਤ ਨਹੀਂ ਹੋ ਸਕੇ। ਇਹ ਤਿੰਨੇ ਦੇਸ਼ ਆਪਣੇ ਦੁਸ਼ਮਣਾਂ ਤੇ ਜਿੱਤ ਪ੍ਰਾਪਤ ਕਰਨ ਮਗਰੋਂ ਹੁਣ ਆਪਸ ਵਿਚ ਇਕ ਦੂਸਰੇ ਤੋਂ ਪਏ ਡਰਦੇ ਤੇ ਇਕ ਦੂਸਰੇ ਨੂੰ ਨਾਸ ਕਰਨ ਦੇ ਉਪਾਵਾਂ ਵਿਚ ਲੱਗੇ ਹੋਏ ਹਨ। ਇਨ੍ਹਾਂ ਤਿੰਨਾਂ ਦੇਸ਼ਾਂ ਦੇ ਵਿਚਾਰਵਾਨਾਂ ਨੇ ਇਸ ਡਰ ਦੇ ਅਧੀਨ ਹੋ ਕੇ ਕਿ ਆਉਣ ਵਾਲੀ ਕਸ਼ਮਕਸ਼ ਵਿਚ ਸ਼ਾਇਦ ਸਾਡੇ ਸਾਰੇ ਦੇਸ਼ ਵਾਸੀ ਨਾਸ਼ ਹੋ ਜਾਣ, ਆਪੋ ਆਪਣੇ ਦੇਸ਼ਾਂ ਵਿਚ ਖਾਸ ਖਾਸ ਅਸਥਾਨਾਂ ਤੇ ਕਈ ਸੌ ਫੁੱਟ ਜ਼ਮੀਨ ਪੁੱਟ ਕੇ ਐਸੀਆਂ ਧਾਤਾਂ ਦੇ ਕਮਰੇ ਬਣਾਏ ਹਨ ਜਿਨ੍ਹਾਂ ਨੂੰ ਪਾਣੀ, ਜੰਗ ਤੇ ਮਿੱਟੀ ਹਜ਼ਾਰਾਂ ਸਾਲ ਤੱਕ ਨੁਕਸਾਨ ਨਹੀਂ ਪੁਚਾ ਸਕਦੇ ਅਤੇ ਉਨ੍ਹਾਂ ਕਮਰਿਆਂ ਵਿਚ ਇਸ ਵੇਲੇ ਦੀ ਸਾਇੰਸ ਦੀ ਤਰੱਕੀ ਦੇ ਸਭ ਭੇਦ, ਇਸ ਵੇਲੇ ਬੋਲੀਆਂ ਜਾਣ ਵਾਲੀਆਂ ਸਭ ਜ਼ਬਾਨਾਂ ਵਿਚ ਲਿਖ ਕੇ ਦਬਾ ਦਿਤੇ ਹਨ। ਉਨ੍ਹਾਂ ਦਾ ਐਸਾ ਕਰਨ ਦਾ ਭਾਵ ਇਹ ਹੈ ਕਿ ਜੇਕਰ ਸਰੀਰਕ ਸੁਖਾਂ ਦੇ ਹਾਸਲ ਕਰਨ ਉਤੇ ਵੀ ਇਨਸਾਨ ਦਾ ਮਨ ਸੰਤੁਸ਼ਟ ਨਾ ਹੋਇਆ ਅਤੇ ਈਰਖਾ ਤੇ ਵੈਰ ਦੇ ਅਧੀਨ ਹੋ ਕੇ ਇਨਸਾਨ ਆਪਸ ਵਿਚ ਲੜ ਲੜ ਕੇ ਕੱਟ ਮਰਿਆ ਤਾਂ ਇਸ ਵਕਤ ਤੱਕ ਹਾਸਲ ਕੀਤਾ ਹੋਇਆ ਸਾਇੰਸ ਦਾ ਸਾਰਾ ਗਿਆਨ ਇਨ੍ਹਾਂ ਜ਼ਮੀਨ ਹੇਠਾਂ ਦੱਬੇ ਕਮਰਿਆਂ ਵਿਚ ਉਦੋਂ ਤਕ ਦੱਬਿਆ ਰਹੇ, ਜਦ ਤੱਕ ਕਿ ਇਨਸਾਨ ਆਪਣੇ ਮਨ ਦੇ ਰੋਗਾਂ ਨੂੰ ਨਹੀਂ ਜਿੱਤ ਲੈਂਦਾ।

ਅਮਰੀਕਾ ਵਿਚ ਵਰਤਮਾਨ ਸਾਇੰਸ ਦੇ ਸਾਰੇ ਇਲਮ ਨੂੰ ਆਉਣ ਵਾਲੇ ਇਨਸਾਨਾਂ ਦੇ ਲਾਭ ਹਿਤ ਜ਼ਮੀਨ ਹੇਠਾਂ ਦਬਾਣ ਲੱਗਿਆਂ ਉਥੋਂ ਦੇ ਪ੍ਰਸਿੱਧ ਵਿਚਾਰਵਾਨ ਡਾਕਟਰ ਆਇਨਸਟਾਇਨ ਨੇ ਆਉਣ ਵਾਲੇ ਇਨਸਾਨ ਨੂੰ ਸੰਬੋਧਨ ਕਰਕੇ ਇਕ ਚਿੱਠੀ ਵੀ ਇਸ ਇਲਮ ਤੇ ਖਜ਼ਾਨੇ ਨਾਲ ਦਬਾਈ ਹੈ। ਇਸ ਚਿੱਠੀ ਵਿਚ ਲਿਖਿਆ ਹੈ।

Dr. Einstein wrote, our time is rich in inventive minds. We are crossing the seas by power and utilise power to relieve humanity of tiring muscular work. We have learned to fly and are able to send messages and news over the entire world through electric waves. But the production and distribution of commodities is





entirely unorganized so that everybody must live in fear of being eliminated from the economic cycle. Furthermore people living in different countries kill each other at irregular time intervales, so that anyone who thinks about the future must live in fear. I trust that posterity will read these statements with a feeling of proud and justifiable superiority.

ਇਸ ਚਿੱਠੀ ਦੀਆਂ ਪਿਛਲੀਆਂ ਸਤਰਾਂ ਸਿੱਧ ਕਰਦੀਆਂ ਹਨ ਕਿ ਸਰੀਰਕ ਸੁਖਾਂ ਦੀ ਪ੍ਰਾਪਤੀ ਨੇ ਇਨਸਾਨ ਨੂੰ ਪੂਰਨ ਸੁਖੀ ਨਹੀਂ ਬਣਾਇਆ ਅਤੇ ਉਹ ਆਉਣ ਵਾਲੇ ਇਨਸਾਨਾਂ ਤੋਂ ਇਹ ਆਸ ਰਖਦਾ ਹੈ ਕਿ ਉਹ ਪੂਰਨ ਸੁਖੀ ਹੋਣ ਦਾ ਹੋਰ ਕੋਈ ਤਰੀਕਾ ਲੱਭ ਕੇ ਅੱਜਕਲ੍ਹ ਦੇ ਇਨਸਾਨਾਂ ਦੀ ਹਾਲਤ ਨੂੰ ਯਾਦ ਕਰਕੇ ਅਫਸੋਸ ਕਰਿਆ ਕਰਨਗੇ।

ਆਉਣ ਵਾਲਾ ਇਨਸਾਨ ਪੂਰਨ ਸੁਖੀ ਹੋਣ ਦਾ ਕਿਹੜਾ ਤਰੀਕਾ ਕੱਢੇਗਾ? ਇਸ ਸਵਾਲ ਦਾ ਜਵਾਬ ਸੁਣਨ ਤੋਂ ਪਹਿਲਾਂ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਇਨਸਾਨ ਤਿੰਨ ਹਿੱਸਿਆਂ ਦਾ ਬਣਿਆ ਹੋਇਆ ਹੈ - ਸਰੀਰ, ਮਨ ਤੇ ਆਤਮਾ। ਉਹ ਜਦ ਤਕ ਇਕ ਹਿੱਸੇ ਨੂੰ ਸੁਖੀ ਬਣਾਉਣ ਦੀ ਕੋਸ਼ਿਸ਼ ਵਿਚ ਦੂਸਰੇ ਹਿੱਸਿਆਂ ਨੂੰ ਭੁੱਲਦਾ ਰਹੇਗਾ, ਕਦੀ ਪੂਰਨ ਸੁਖੀ ਨਹੀਂ ਹੋ ਸਕੇਗਾ। ਇਨਸਾਨ ਦੇ ਪੂਰਨ ਸੁਖੀ ਹੋਣ ਵਾਸਤੇ ਜਿਥੇ ਉਸ ਦੇ ਸਰੀਰ ਨੂੰ ਪੂਰੀ ਸਰੀਰਕ ਖੁਰਾਕ ਮਿਲਣੀ ਜ਼ਰੂਰੀ ਹੈ, ਉਥੇ ਉਸ ਦੇ ਮਨ ਨੂੰ ਸੁੱਚੇ ਤੇ ਉਚੇ ਖਿਆਲਾਂ ਦੀ ਖੁਰਾਕ ਅਤੇ ਆਤਮਾ ਨੂੰ ਆਤਮਕ ਖੁਰਾਕ ਦੀ ਜ਼ਰੂਰਤ ਹੈ। ਜਦ ਇਨਸਾਨ ਦੇ ਸਰੀਰ ਨੂੰ ਸਾਰੇ ਸਰੀਰਕ ਸੁਖ ਅਤੇ ਆਤਮਾ ਨੂੰ ਸਾਰੇ ਆਤਮਕ ਸੁਖ ਮਿਲਣ ਲਗ ਜਾਣਗੇ ਤਦ ਇਨਸਾਨ ਆਪਣੇ ਆਪ ਨੂੰ ਪੂਰਨ ਸੁਖੀ ਬਣਾ ਸਕੇਗਾ। ਆਉਣ ਵਾਲੇ ਇਨਸਾਨ ਨੂੰ ਪੂਰਨ ਸੁਖੀ ਹੋਣ ਵਾਸਤੇ ਸਰੀਰਕ, ਮਾਨਸਿਕ ਤੇ ਆਤਮਕ ਸੁੱਖਾਂ ਨੂੰ ਮਿਲਾ ਕੇ ਇਕ ਐਸਾ ਨੁਸਖਾ ਤਿਆਰ ਕਰਨਾ ਪਵੇਗਾ ਜਿਸ ਦੀ ਵਰਤੋਂ ਉਸ ਨੂੰ ਜਗਤ ਵਿਚ ਸਭ ਜੂਨਾਂ ਦਾ ਸਰਦਾਰ ਬਣਾ ਦੇਵੇਗੀ।

ਆਉਣ ਵਾਲੇ ਇਨਸਾਨ ਨੂੰ ਪੂਰਨ ਸੁਖੀ ਹੋਣ ਵਾਸਤੇ ਕੋਈ ਐਸੀ

ਜੀਵਨ ਜਾਚ ਲੱਭਣੀ ਪਵੇਗੀ, ਜਿਸ ਵਿਚ ਪਿਛਲੇ ਕੀਤੇ ਸਭ ਇਨਸਾਨੀ ਤਜਰਬਿਆਂ ਦਾ ਚੰਗਾ ਪਾਸਾ ਆ ਜਾਵੇ ਅਤੇ ਮਾੜਾ ਪਾਸਾ ਛੱਡਿਆ ਜਾਵੇ। ਦੂਸਰੇ ਅੱਖਰਾਂ ਵਿਚ ਆਉਣ ਵਾਲੇ ਇਨਸਾਨ ਨੂੰ ਪੂਰਨ ਸੁਖੀ ਹੋਣ ਵਾਸਤੇ ਉਹ ਜੀਵਨ ਬਤੀਤ ਕਰਨਾ ਪਵੇਗਾ ਜਿਸ ਵਿਚ ਨਾ ਤੇ ਸਰੀਰਕ ਸੁਖ ਤਿਆਗ ਕੇ ਜੰਗਲਾਂ ਵਿਚ ਜਾਣਾ ਪਵੇ ਅਤੇ ਨਾ ਹੀ ਸਰੀਰਕ ਸੁਖਾਂ ਦੀ ਗੁਲਾਮੀ ਕਰਨੀ ਪਵੇ, ਸਗੋਂ ਸਰੀਰਕ ਸੁਖਾਂ ਨੂੰ ਭੋਗਦਿਆਂ ਹੋਇਆਂ ਮਨ ਪੂਰਨ ਵੈਰਾਗੀ ਅਤੇ ਆਤਮਾ ਪੂਰਨ ਸ਼ਾਂਤ ਰਹੇ।

ਆਉਣ ਵਾਲੇ ਇਨਸਾਨ ਨੂੰ ਐਸਾ ਕਰਨ ਵਿਚ ਗੁਰੂ ਗ੍ਰੰਥ ਜੀ ਦੀ ਸਿਖਸ਼ਾ ਵਰਗੀ ਸਹਾਇਤਾ ਕਿਤੋਂ ਨਹੀਂ ਮਿਲ ਸਕੇਗੀ। ਗੁਰੂ ਗ੍ਰੰਥ ਜੀ ਵਿਚ ਕਰੀਬਨ ਤਿੰਨ ਸੌ ਸਾਲ ਪਹਿਲੇ ਇਨਸਾਨ ਨੂੰ ਸੰਬੋਧਨ ਕਰਕੇ ਉਹ ਸਚਾਈ ਦੱਸੀ ਗਈ ਜਿਸ ਵਿਚ ਸਚਾਈ ਨੂੰ ਸਦੀਆਂ ਦੀ ਅਣਥੱਕ ਮਿਹਨਤ ਕਰਨ ਮਗਰੋਂ ਵਰਤਮਾਨ ਇਨਸਾਨ ਦਾ ਪਰੇਸ਼ਾਨ ਤੇ ਨਿਰਾਸ਼ ਮਨ ਹੁਣ ਅਨੁਭਵ ਕਰਨ ਲੱਗਾ ਹੈ -

*ਸੁਖੁ ਨਾਹੀ ਬਹੁਤੈ ਧਨਿ ਖਾਟੇ॥*
*ਸੁਖੁ ਨਾਹੀ ਪੇਖੇ ਨਿਰਤਿ ਨਾਟੇ॥*
*ਸੁਖੁ ਨਾਹੀ ਬਹੁ ਦੇਸ ਕਮਾਏ॥*
*ਸਰਬ ਸੁਖਾ ਹਰਿ ਹਰਿ ਗੁਣ ਗਾਏ॥*
*ਸੂਖ ਸਹਜ ਆਨੰਦ ਲਹਹੁ॥*
*ਸਾਧਸੰਗਤਿ ਪਾਈਐ ਵਡਭਾਗੀ*
*ਗੁਰਮੁਖਿ ਹਰਿ ਹਰਿ ਨਾਮੁ ਕਹਹੁ॥* *ਪੰਨਾ - 1147*

ਗੁਰੂ ਗ੍ਰੰਥ ਜੀ ਦੀ ਸਿਖਸ਼ਾ ਅਨੁਸਾਰ ਸੁਖ ਵਾਹਿਗੁਰੂ ਦੀ ਯਾਦ ਅਤੇ ਉਸ ਦੀ ਯਾਦ ਮਸਤੀ ਵਿਚ ਕੀਤੇ ਸ਼ੁਭ ਕਰਮਾਂ ਵਿਚ ਹੈ। ਵਾਹਿਗੁਰੂ ਦੀ ਯਾਦ ਲਈ ਜੰਗਲਾਂ ਦਾ ਜੀਵਨ ਬਤੀਤ ਕਰਨ ਵਾਲੇ ਪੁਰਸ਼ਾਂ ਨੂੰ ਸੰਬੋਧਨ ਕਰਕੇ ਗੁਰੂ ਗ੍ਰੰਥ ਜੀ ਆਖਦੇ ਹਨ -

*ਕਾਹੇ ਰੇ ਬਨ ਖੋਜਨ ਜਾਈ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ਪੰਨਾ - 684*

ਸ਼ੁਭ ਕਰਮ, ਜਗਤ ਵਿਚ ਰਹਿ ਕੇ, ਦਸਾਂ ਨੌਹਾਂ ਦੀ ਕਿਰਤ ਕਰਕੇ, ਬਦੀ ਦਾ, ਪਾਪ ਦਾ ਕਦਮ ਕਦਮ ਤੇ ਮੁਕਾਬਲਾ ਕਰਕੇ ਹੀ ਹੋ ਸਕਦੇ





ਹਨ। ਜੰਗਲ ਵਿਚ ਤਾਂ ਸ਼ੁਭ ਕਰਮ ਕਰਨ ਦਾ ਮੌਕਾ ਹੀ ਨਹੀਂ ਮਿਲਦਾ। ਜਗਤ ਵਿਚ ਰਹਿ ਕੇ ਹੀ ਕੋਈ ਗੁਰਮੁਖ ਕਹਿ ਸਕਦਾ ਹੈ ਕਿ ਉਸ ਨੇ ਸੱਚ ਬੋਲਿਆ ਤੇ ਪੂਰਾ ਤੋਲਿਆ ਹੈ, ਜੰਗਲ ਵਿਚ ਸੱਚ ਬੋਲਣ ਤੇ ਪੂਰਾ ਤੋਲਣ ਦੇ ਮੌਕੇ ਹੀ ਨਹੀਂ ਮਿਲਦੇ।

ਪਰ ਜਿਹੜੇ ਪੁਰਸ਼ ਜਗਤ ਵਿਚ ਸਰੀਰਕ ਸੁਖਾਂ ਨੂੰ ਹੀ ਸਭ ਕੁਝ ਸਮਝਦੇ ਹਨ ਅਤੇ ਜਗਤ ਦੇ ਰੁਤਬਿਆਂ ਤੇ ਰਿਸ਼ਤਿਆਂ ਨੂੰ ਬੜਾ ਕੁਝ ਤੇ ਸਦੀਵੀ ਸਮਝਦੇ ਹਨ, ਉਨ੍ਹਾਂ ਨੂੰ ਗੁਰੂ ਗ੍ਰੰਥ ਜੀ ਟੁੰਬ ਕੇ ਆਖਦੇ ਹਨ-

*ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ॥*
*ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ॥* *ਪੰਨਾ - 15*

*ਜੇ ਲਖ ਇਸਤਰੀਆ ਭੋਗ ਕਰਹਿ ਨਵਖੰਡ ਰਾਜੁ ਕਮਾਹਿ॥*
*ਬਿਨੁ ਸਤਗੁਰ ਸੁਖੁ ਨ ਪਾਵਈ ਫਿਰਿ ਫਿਰਿ ਜੋਨੀ ਪਾਹਿ॥*
*ਪੰਨਾ - 26*

ਗੁਰੂ ਗ੍ਰੰਥ ਜੀ ਦੀ ਸਿਖਸ਼ਾ ਦੀ ਅਸਲ ਮਹਾਨਤਾ ਤਿਉਂ ਤਿਉਂ ਵਧਦੀ ਜਾਵੇਗੀ ਜਿਉਂ ਜਿਉਂ ਇਨਸਾਨ ਪੂਰਨ ਸੁਖ ਨੂੰ ਬਾਹਰਲੀ, ਇੰਦਰੀਆਂ ਦੀ ਦੁਨੀਆਂ (world of senses) ਵਿਚੋਂ ਲੱਭਣ ਵਿਚ ਅਸਫਲ ਹੋਵੇਗਾ। ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਸ਼ਾ ਅਨੁਸਾਰ ਸੁਖ ਦਾ ਸਾਗਰ ਬਾਹਰ ਦੁਨੀਆਂ ਵਿਚ ਨਹੀਂ, ਸਗੋਂ ਇਨਸਾਨ ਦੇ ਆਪਣੇ ਅੰਦਰ ਹੈ ਅਤੇ ਜੇ ਇਨਸਾਨ ਆਪਣੇ ਮਨ ਦਾ ਮੂੰਹ ਬਾਹਰ ਦੀ ਬਜਾਏ ਅੰਦਰ ਆਤਮਾ ਵਲ ਮੋੜ ਲਵੇ ਤਾਂ ਬਾਹਰ ਦੇ ਸਾਰੇ ਜ਼ਰੂਰੀ ਸੁਖ ਖੁਦ-ਬ-ਖੁਦ ਇਨਸਾਨ ਦੇ ਇਰਦ ਗਿਰਦ ਇਕੱਠੇ ਹੋ ਜਾਂਦੇ ਹਨ -

*ਇਛਾ ਪੂਰਕੁ ਸਰਬ ਸੁਖਦਾਤਾ ਹਰਿ*
*ਜਾ ਕੈ ਵਸਿ ਹੈ ਕਾਮਧੇਨਾ॥*
*ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ*
*ਤਾ ਸਰਬ ਸੁਖ ਪਾਵਹਿ ਮੇਰੇ ਮਨਾ॥* *ਪੰਨਾ - 669*

# ਬਦੀ ਦੀ ਅਸਲੀਅਤ

## (Reality of Evil)

ਸੰਸਾਰ ਵਿਚ ਜਦ ਬਦੀ (evil) ਨੂੰ ਹਰ ਪਾਸੇ ਫੈਲਿਆ ਦੇਖੀਏ ਤਾਂ ਕੁਦਰਤੀ ਤੌਰ ਤੇ ਖਿਆਲ ਆਉਂਦਾ ਹੈ ਕਿ ਵਾਹਿਗੁਰੂ ਦੀ ਰਚਨਾ ਵਿਚ ਬਦੀ ਕਿਥੋਂ ਪੈਦਾ ਹੋ ਗਈ? ਬਦੀ ਤੋਂ ਸਾਡੀ ਮੁਰਾਦ ਪਾਪ, ਦੁਖ, ਬੀਮਾਰੀ ਅਤੇ ਮੌਤ ਹੈ। ਦੁਨੀਆਂ ਦੀਆਂ ਸਭ ਮਾੜੀਆਂ ਚੀਜ਼ਾਂ ਪਾਪ, ਦੁਖ, ਬੀਮਾਰੀ ਅਤੇ ਮੌਤ ਦੇ ਦਾਇਰੇ ਵਿਚ ਆ ਜਾਂਦੀਆਂ ਹਨ। ਪਾਪ ਤੋਂ ਸਾਡੀ ਮੁਰਾਦ ਇਨਸਾਨ ਦੇ ਸਭ ਉਹ ਕੰਮ ਜਿਹੜੇ ਕਿ ਉਹ ਖੁਦਗਰਜ਼ੀ ਵਿਚ ਇਨਸਾਨ ਤੇ ਸਚਾਈ ਦਾ ਤਿਆਗ ਕਰਕੇ ਕਰਦਾ ਹੈ ਅਤੇ ਦੁਖਾਂ ਤੋਂ ਸਾਡੀ ਮੁਰਾਦ ਉਹ ਸਜ਼ਾਵਾਂ ਹਨ ਜੋ ਇਸਨਾਨ ਨੂੰ ਖੁਦਗਰਜ਼ੀ ਵਿਚ ਇਨਸਾਫ ਤੇ ਸਚਾਈ ਦਾ ਤਿਆਗ ਕਰਕੇ ਕੀਤੇ ਸਭ ਕਰਮਾਂ ਦੇ ਫਲ ਦੀ ਸ਼ਕਲ ਵਿਚ ਭੁਗਤਣੀਆਂ ਪੈਂਦੀਆਂ ਹਨ। ਬਿਮਾਰੀ ਤੋਂ ਸਾਡੀ ਮੁਰਾਦ ਤਨ ਤੇ ਮਨ ਦੇ ਸਭ ਰੋਗ ਹਨ। ਦੁਨੀਆਂ ਵਿਚ ਬਦੀ ਅਤੇ ਇਸ ਤੋਂ ਪੈਦਾ ਹੋਣ ਵਾਲੇ ਸਭ ਤਲਖ ਨਤੀਜੇ ਕਿਥੋਂ ਪੈਦਾ ਹੋਏ? ਇਹ ਹੈ ਸਵਾਲ ਜੋ ਕਿ ਇਨਸਾਨ ਦੇ ਮਨ ਅੰਦਰ, ਦੁਨੀਆਂ ਵਿਚ ਬਦੀ ਦਾ ਜ਼ੋਰ ਵੇਖ ਕੇ ਕਈ ਵਾਰ ਪੈਦਾ ਹੁੰਦਾ ਹੈ। ਆਓ, ਜ਼ਰਾ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਸ਼ਾ ਦੀ ਰੌਸ਼ਨੀ ਵਿਚ ਇਸ ਸਵਾਲ ਦਾ ਜਵਾਬ ਲੱਭਣ ਦੀ ਕੋਸ਼ਿਸ਼ ਕਰੀਏ।

ਗੁਰੂ ਗ੍ਰੰਥ ਜੀ ਵਿਚ ਲਿਖਿਆ ਹੈ ਕਿ ਸਾਰੀ ਸੰਸਾਰ ਰਚਨਾ ਵਿਚ ਸਿਵਾਏ ਵਾਹਿਗੁਰੂ ਦੇ ਹੋਰ ਕੋਈ ਹੈ ਹੀ ਨਹੀਂ।

*ਗੁਰੁ ਏਹੋ ਹੋਰੁ ਨਾਹੀ ਕੋਇ॥*
*ਨਾ ਕੋ ਹੋਆ ਨਾ ਕੋ ਹੋਇ॥* *ਪੰਨਾ - 9*





ਅਨੰਦ, ਬੇ-ਮੁਥਾਜੀ, ਨਿਰਭੈਤਾ, ਨਿਰਵੈਰਤਾ ਅਤੇ ਬੇ-ਪ੍ਰਵਾਹੀ ਦੇ ਹੋਰ ਕੁਝ ਹੈ ਹੀ ਨਹੀਂ।

ਗੁਰ ਉਪਦੇਸ਼ ਦਵਾਰਾ ਨਜ਼ਰ ਆਉਣ ਵਾਲੀ ਦੁਨੀਆਂ ਦੀ ਤਸਵੀਰ ਗੁਰੂ ਅਰਜਨ ਦੇਵ ਮਹਾਰਾਜ ਇਸ ਪ੍ਰਕਾਰ ਖਿਚਦੇ ਹਨ -

*ਸੋਰਠਿ ਮਹਲਾ ੫*

*ਕਰਨ ਕਰਾਵਨ ਹਰਿ ਅੰਤਰਜਾਮੀ ਜਨ ਅਪੁਨੇ ਕੀ ਰਾਖੈ॥*
*ਜੈ ਜੈ ਕਾਰੁ ਹੋਤੁ ਜਗ ਭੀਤਰਿ ਸਬਦੁ ਗੁਰੂ ਰਸੁ ਚਾਖੈ॥*
*ਪ੍ਰਭ ਜੀ ਤੇਰੀ ਓਟ ਗੁਸਾਈ॥*
*ਤੂ ਸਮਰਥੁ ਸਰਨਿ ਕਾ ਦਾਤਾ॥*
*ਆਠ ਪਹਰ ਤੁਮ ਧਿਆਈ॥ ਰਹਾਉ॥*
*ਜੋ ਜਨੁ ਭਜਨੁ ਕਰੇ ਪ੍ਰਭ ਤੇਰਾ ਤਿਸੈ ਅੰਦੇਸਾ ਨਾਹੀ॥*
*ਸਤਿਗੁਰ ਚਰਨ ਲਗੇ ਭਉ ਮਿਟਿਆ ਹਰਿ ਗੁਨ ਗਾਏ ਮਨ ਮਾਹੀ*
*ਸੁਖ ਸਹਜ ਆਨੰਦ ਘਨੇਰੇ ਸਤਿਗੁਰ ਦੀਆ ਦਿਲਾਸਾ॥*
*ਜਿਣਿ ਘਰ ਆਏ ਸੋਭਾ ਸੇਤੀ ਪੂਰਨ ਹੋਈ ਆਸਾ॥*
*ਪੂਰਾ ਗੁਰੁ ਪੂਰੀ ਮਤਿ ਜਾ ਕੀ ਪੂਰਨ ਪ੍ਰਭ ਕੇ ਕਾਮਾ॥*
*ਗੁਰ ਚਰਨੀ ਲਾਗਿ ਤਰਿਓ ਭਵ ਸਾਗਰੁ*
*ਜਪਿ ਨਾਨਕ ਹਰਿ ਹਰਿ ਨਾਮਾ॥* *ਪੰਨਾ - 630*

# ਵਾਹਿਗੁਰੂ ਜੀ ਕਾ ਖਾਲਸਾ

ਖਾਲਸਾ ਦੁਨੀਆਂ ਦਾ ਨਹੀਂ, ਕਿਸੇ ਦੇਸ਼ ਜਾਂ ਕੌਮ ਦਾ ਨਹੀਂ, ਖਾਲਸਾ ਵਾਹਿਗੁਰੂ ਜੀ ਕਾ ਹੈ। ਵਾਹਿਗੁਰੂ ਜੀ ਦਾ ਹੋਣ ਕਰਕੇ, ਖਾਲਸੇ ਦਾ ਆਦਰਸ਼ ਵਾਹਿਗੁਰੂ ਜੀ ਦੀ ਸੇਵਾ ਹੈ। ਵਾਹਿਗੁਰੂ ਜੀ ਦੀ ਸੇਵਾ ਉਹ ਹੈ ਜਿਹੜੀ ਵਾਹਿਗੁਰੂ ਜੀ ਨੂੰ ਭਾਵੇ। ਵਾਹਿਗੁਰੂ ਜੀ ਨੂੰ ਉਹ ਸੇਵਾ ਭਾਂਵਦੀ ਹੈ ਜਿਹੜੀ ਵਾਹਿਗੁਰੂ ਜੀ ਦੇ ਸੁਭਾਉ ਦੇ ਅਨੁਕੂਲ ਹੋਵੇ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਵਾਹਿਗੁਰੂ ਦਾ ਸੁਭਾਉ ਜਾਂ ਵਾਹਿਗੁਰੂ ਜੀ ਦੇ ਅਨੇਕ ਗੁਣ ਦੱਸੇ ਹਨ। ਗੁਰੂ ਗ੍ਰੰਥ ਜੀ ਅਨੁਸਾਰ ਵਾਹਿਗੁਰੂ ਨਿਰਭੌ, ਨਿਰਵੈਰ, ਸਰਬਸ਼ਕਤੀਮਾਨ, ਕਿਰਪਾ ਰੂਪ, ਔਗੁਣਾਂ ਨੂੰ ਨਾ ਚਿਤਾਰਨ ਵਾਲਾ, ਸ਼ਰਨ ਆਏ ਦੀ ਲਾਜ ਰੱਖਣ ਵਾਲਾ, ਜ਼ੁਲਮ ਤੇ ਅਨਿਆਏ ਦਾ ਵਿਰੋਧੀ ਅਤੇ ਗਰੀਬਾਂ, ਅਨਾਥਾਂ ਦਾ ਸਹਾਰਾ ਹੈ। ਵਾਹਿਗੁਰੂ ਜੀ ਦਾ ਹੋਣ ਕਰਕੇ ਅਤੇ ਵਾਹਿਗੁਰੂ ਜੀ ਦੀ ਪ੍ਰਸੰਨਤਾ ਨੂੰ ਜੀਵਨ ਦਾ ਆਦਰਸ਼ ਸਮਝਣ ਕਰਕੇ, ਖਾਲਸਾ ਵੀ ਸ਼ੁਰੂ ਤੋਂ ਉਹੀ ਕੰਮ ਕਰਦਾ ਆਇਆ ਹੈ ਜਿਨ੍ਹਾਂ ਵਿਚੋਂ ਵਾਹਿਗੁਰੂ ਜੀ ਦੇ ਗੁਣ ਪ੍ਰਗਟ ਹੁੰਦੇ ਹਨ। ਖਾਲਸੇ ਦਾ ਸ਼ੁਰੂ ਤੋਂ ਆਦਰਸ਼ ਜ਼ੁਲਮ, ਝੂਠ ਤੇ ਬੇਇਨਸਾਫ਼ੀ ਦਾ, ਚਾਹੇ ਉਹ ਕਿਸੇ ਵੀ ਸ਼ਕਲ ਵਿਚ ਹੋਣ, ਮੁਕਾਬਲਾ; ਅਤੇ ਮਜ਼ਲੂਮਾਂ, ਅਨਾਥਾਂ ਤੇ ਗਰੀਬਾਂ ਦੀ ਚਾਹੇ ਉਹ ਕੋਈ ਵੀ ਹੋਣ, ਰਖਸ਼ਾ ਕਰਨਾ ਰਿਹਾ ਹੈ।

ਜ਼ਾਲਮ ਦੇ ਮੁਕਾਬਲੇ ਅਤੇ ਮਜ਼ਲੂਮਾਂ ਦੀ ਰਛਿਆ ਦਾ ਉਤਸ਼ਾਹ ਖਾਲਸੇ ਵਿਚ ਇਸ ਕਰਕੇ ਹੈ ਕਿ ਉਹ ਵਾਹਿਗੁਰੂ ਜੀ ਕਾ ਹੈ ਅਤੇ ਉਹ ਕੰਮ ਕਰਦਾ ਹੈ ਜੋ ਵਾਹਿਗੁਰੂ ਜੀ ਨੂੰ ਭਾਵਣ। ਵਾਹਿਗੁਰੂ ਜੀ ਨੂੰ ਜ਼ੁਲਮ ਨਹੀਂ ਭਾਂਵਦਾ, ਇਸ ਕਰਕੇ ਖਾਲਸਾ ਜ਼ੁਲਮ ਦਾ ਡਟ ਕੇ ਮੁਕਾਬਲਾ ਕਰਦਾ ਹੈ।

ਜ਼ੁਲਮ ਦੇ ਮੁਕਾਬਲੇ ਵਿਚ ਖਾਲਸਾ ਪਿਛਲੇ ਕਿਹੜੇ ਹਥਿਆਰ ਤੇ ਵਸੀਲੇ ਸਫਲਤਾ ਨਾਲ ਵਰਤਦਾ ਰਿਹਾ ਹੈ? ਇਸ ਸਵਾਲ ਦਾ ਜਵਾਬ ਖਾਲਸੇ ਨੂੰ ਜ਼ੁਲਮ ਦਾ ਅੱਗੇ ਲਈ ਸਫਲਤਾ ਨਾਲ ਮੁਕਾਬਲਾ ਕਰਨ ਵਿਚ ਬੜਾ ਸਹਾਈ ਹੋਵੇਗਾ। ਇਤਿਹਾਸ ਗਵਾਹ ਹੈ ਕਿ ਖਾਲਸੇ ਨੇ ਸਮੇਂ ਵਿਚ ਜ਼ੁਲਮ ਅਤੇ ਨੀਚਤਾ ਦਾ ਮੁਕਾਬਲਾ, ਜ਼ੁਲਮ ਬੇਇਨਸਾਫ਼ੀ ਅਤੇ ਨੀਚਤਾ





ਨਾਲ ਨਹੀਂ ਕੀਤਾ। ਖਾਲਸੇ ਨੇ ਪਿਛੇ ਜ਼ੁਲਮ ਦਾ ਨਾਸ ਕਰਨ ਲੱਗਿਆਂ ਵੀ ਇਖ਼ਲਾਕ, ਸਚਾਈ ਅਤੇ ਰਹਿਮ ਨੂੰ ਹੱਥੋਂ ਨਹੀਂ ਛੱਡਿਆ। ਇਤਿਹਾਸ ਭਾਵੇਂ ਮੁਸਲਮਾਨ ਇਤਿਹਾਸਕਾਰਾਂ ਦਾ ਲਿਖਿਆ ਹੋਇਆ ਦੇਖੀਏ ਭਾਵੇਂ ਗੈਰ-ਮੁਸਲਮਾਨਾਂ ਦਾ, ਇਸ ਤੋਂ ਕਦੀ ਇਹ ਸਿੱਧ ਨਹੀਂ ਕੀਤਾ ਜਾ ਸਕਦਾ ਕਿ ਖਾਲਸੇ ਨੇ ਆਪਣੇ ਦੁਸ਼ਮਣਾਂ ਦੀਆਂ ਔਰਤਾਂ, ਬੱਚਿਆਂ ਅਤੇ ਬਿਰਧਾਂ ਉਤੇ ਹੱਥ ਚੁੱਕਿਆ ਹੋਵੇ। ਬਾਬਾ ਬੰਦਾ ਸਿੰਘ ਬਹਾਦਰ ਅਤੇ ਜਰਨੈਲ ਹਰੀ ਸਿੰਘ ਨਲੂਆ ਵੇਲੇ ਖਾਲਸੇ ਨੇ ਜ਼ਾਲਮਾਂ ਦਾ ਜ਼ਰੂਰ ਨੱਕ ਵਿਚ ਦਮ ਕਰ ਦਿਤਾ ਸੀ, ਐਪਰ ਉਦੋਂ ਵੀ ਐਸਾ ਕੋਈ ਵਾਕਿਆ ਨਹੀ ਹੋਇਆ ਜਦ ਕਿ ਮਾਸੂਮ ਤੇ ਨਿਰਦੋਸ਼ ਬੰਦਿਆਂ ਉਤੇ ਕਿਸੇ ਕਿਸਮ ਦੀ ਸਖਤੀ ਕੀਤੀ ਗਈ ਹੋਵੇ। ਮੁਸਲਮਾਨ ਇਤਿਹਾਸਕਾਰ ਵੀ ਖਾਲਸੇ ਵਿਰੁੱਧ ਇਹ ਦੋਸ਼ ਨਹੀਂ ਲਗਾ ਸਕੇ ਕਿ ਖਾਲਸੇ ਨੇ ਵੱਡੀ ਤੋਂ ਵੱਡੀ ਮੁਹਿਮ ਵੇਲੇ ਵੀ ਕਦੀ ਆਜਜ਼ਾਂ ਗਰੀਬਾਂ, ਔਰਤਾਂ, ਬੱਚਿਆਂ ਅਤੇ ਬੁਢਿਆਂ ਉਤੇ ਜ਼ੁਲਮ ਕੀਤਾ ਹੋਵੇ।

ਜ਼ੁਲਮ ਅਤੇ ਅਤਿਆਚਾਰ ਜਿਉਂ ਜਿਉਂ ਵਧਣ, ਖਾਲਸੇ ਦੀ ਗੈਰਤ, ਖਾਲਸੇ ਦਾ ਜੋਸ਼, ਖਾਲਸੇ ਦੀ ਸੂਰਮਗਤੀ ਤਿਉਂ ਤਿਉਂ ਜੋਸ਼ ਵਿਚ ਆਉਂਦੀ ਅਤੇ ਤਿਉਂ ਤਿਉਂ ਖਾਲਸੇ ਨੂੰ ਜ਼ੁਲਮ ਅਤੇ ਅਤਿਆਚਾਰ ਨਾਸ਼ ਕਰਨ ਵਾਸਤੇ ਤਿਆਰ-ਬਰ-ਤਿਆਰ ਕਰਦੀ ਹੈ। ਐਸਾ ਕਿਉਂ ਹੁੰਦਾ ਹੈ? ਕਿਉਂਕਿ ਖਾਲਸਾ ਵਾਹਿਗੁਰੂ ਜੀ ਕਾ ਹੈ ਅਤੇ ਵਾਹਿਗੁਰੂ ਜੀ ਨੂੰ ਜ਼ੁਲਮ, ਅਤਿਆਚਾਰ, ਝੂਠ ਅਤੇ ਬੇ-ਇਨਸਾਫ਼ੀ ਭਾਂਵਦੇ ਨਹੀਂ।

ਜ਼ੁਲਮ ਦਾ ਮੁਕਾਬਲਾ ਜ਼ੁਲਮ ਨਾਲ ਕਿਉਂ ਨਹੀਂ ਕਰਨਾ ਚਾਹੀਦਾ? ਇਸ ਵਾਸਤੇ ਕਿ ਜ਼ੁਲਮ ਦਾ ਨਾਸ਼ ਜ਼ੁਲਮ ਨਾਲ ਨਹੀਂ ਹੋ ਸਕਦਾ ਤੇ ਐਸਾ ਕਰਨਾ ਖਾਲਸੇ ਵਾਸਤੇ ਲਾਭਵੰਦ ਨਹੀਂ ਹੋਵੇਗਾ।

ਆਮ ਤੌਰ ਤੇ ਪਿਛੇ ਲੁਕ ਕੇ ਕਿਸੇ ਮਾਸੂਮ ਨੂੰ ਛੁਰਾ ਮਾਰਨ ਵਾਲਾ ਚਾਹੇ ਉਹ ਕਿਸੇ ਕੌਮ ਜਾਂ ਫਿਰਕੇ ਦਾ ਕਿਉਂ ਨਾ ਹੋਵੇ, ਆਪਣੇ ਆਪ ਵਿਚ ਨੀਚ ਤੇ ਕਾਇਰ ਬਣਦਾ ਚਲਾ ਜਾਂਦਾ ਹੈ। ਚੁੱਪ ਕਰਕੇ ਕਿਸੇ ਮਾਸੂਮ ਨੂੰ ਮਾਰਨ ਨਾਲ ਇਨਸਾਨ ਦੀ ਬੀਰਤਾ, ਕਾਇਰਤਾ ਵਿਚ ਤਬਦੀਲ ਹੋ ਜਾਂਦੀ ਹੈ। ਐਸਾ ਆਦਮੀ ਮੈਦਾਨ ਵਿਚ ਖਲੋ ਕੇ ਦੁਸ਼ਮਣ ਦਾ ਬਹਾਦਰੀ ਨਾਲ ਮੁਕਾਬਲਾ ਕਰਨ ਦੇ ਯੋਗ ਨਹੀਂ ਰਹਿੰਦਾ। ਯਾਦ ਰੱਖਣ ਵਾਲੀ ਅਤੇ ਸਮਝਣ ਵਾਲੀ ਗੱਲ ਇਹ ਹੈ ਕਿ ਜ਼ੁਲਮ ਹੋਰ ਚੀਜ਼ ਹੈ ਅਤੇ ਬਹਾਦਰੀ ਹੋਰ ਚੀਜ਼ ਹੈ। ਜ਼ੁਲਮ ਵੇਲੇ ਜ਼ਾਲਮ ਆਪਣੇ ਦੁਸ਼ਣ ਦੀ ਬੇਬਸੀ

ਤੋਂ ਲਾਭ ਉਠਾਂਦਾ ਹੈ ਅਤੇ ਉਸ ਸਬੰਧੀ ਆਪਣੇ ਨੀਵੇਂ ਤੇ ਨੀਚ ਜਜ਼ਬਿਆਂ ਨੂੰ ਵਰਤਦਾ ਹੈ। 'ਆਤਮ-ਸਾਇੰਸ' ਅਨੁਸਾਰ ਇਨਸਾਨ ਦੇ ਕਰਮ ਉਸ ਉਤੇ ਭਰਪੂਰ ਅਸਰ ਪਾਂਦੇ ਹਨ। ਜਿਥੇ ਨੇਕ, ਨਿਰਮਲ, ਸ਼ੁਭ ਆਸ਼ਿਆਂ ਨੂੰ ਲੈ ਕੇ ਕੀਤੇ ਕਰਮ, ਇਨਸਾਨ ਨੂੰ ਵਧੇਰੇ ਨੇਕ, ਵਧੇਰੇ ਨਿਰਮਲ ਬਣਾਂਦੇ ਹਨ, ਉਥੇ ਨੀਚ ਕਰਮ ਇਨਸਾਨ ਨੂੰ ਹੋਰ ਨੀਚ ਬਣਾਂਦੇ ਹਨ। ਜਦ ਕੋਈ ਆਦਮੀ ਕਿਸੇ ਨਿਰਦੋਸ਼ ਔਰਤ ਨੂੰ ਜਾਂ ਕਿਸੇ ਮਾਸੂਮ ਬੱਚੇ ਨੂੰ ਮਾਰਦਾ ਹੈ ਤਾਂ ਉਸ ਦਾ ਐਸਾ ਕਰਨਾ ਵੀ ਉਸ ਨੂੰ ਨੀਚ ਤੇ ਕਾਇਰ ਬਣਾਂਦਾ ਹੈ। ਜ਼ਾਲਮ ਆਦਮੀ ਬਹਾਦਰ ਆਦਮੀ ਨਾਲ ਆਹਮੋ ਸਾਮ੍ਹਣੇ ਹੋ ਕੇ ਸਦਾ ਲੜਨੋਂ ਝਿਜਕਦਾ ਹੈ ਅਤੇ ਸਦਾ ਬਹਾਦੁਰ ਆਦਮੀ ਤੋਂ ਆਪਣੇ ਦਿਲ ਵਿਚ ਡਰਦਾ ਹੈ। ਜ਼ੁਲਮ ਕਰਨ ਵਾਲੇ ਜਾਂ ਲੁਕ ਛੁਪ ਕੇ ਹਮਲੇ ਕਰਨ ਵਾਲੇ ਆਦਮੀ ਬਹਾਦਰ ਨਹੀਂ ਰਹਿੰਦੇ। ਉਹ ਆਪ ਵੀ ਬਹਾਦਰੀ ਦੇ ਕੰਮ ਨਹੀਂ ਕਰ ਸਕਦੇ ਅਤੇ ਬਹਾਦਰ ਆਦਮੀ ਤੋਂ ਸਦਾ ਡਰਦੇ ਹਨ। ਬਹਾਦਰ ਆਦਮੀ ਮਰਨ ਵਾਸਤੇ ਤਿਆਰ ਹੋ ਕੇ ਦੁਸ਼ਮਣ ਦੇ ਮੁਕਾਬਲੇ ਵਿਚ ਆਉਂਦਾ ਹੈ, ਇਸ ਲਈ ਨਿਰਭੈ ਹੋ ਕੇ ਲੜ ਸਕਦਾ ਹੈ, ਸਿਰ ਦੇ ਸਕਦਾ ਹੈ ਜਾਂ ਸਿਰ ਲੈ ਸਕਦਾ ਹੈ। ਜ਼ਾਲਮ ਆਦਮੀ ਮਰਨਾ ਨਹੀਂ ਚਾਹੁੰਦਾ, ਮੌਤ ਤੋਂ ਡਰਦਾ ਹੈ, ਇਸ ਵਾਸਤੇ ਜਿਥੇ ਇਸ ਨੂੰ ਸਾਮ੍ਹਣੇ ਮੌਤ ਦਿਸੇ ਉਥੋਂ ਨੱਸਦਾ ਹੈ।

ਇਸ ਅਸੂਲ ਅਨੁਸਾਰ ਜਿਹੜੀ ਕੌਮ ਆਪਣੇ ਮੈਂਬਰਾਂ ਨੂੰ ਜ਼ੁਲਮ ਅਤਿਆਚਾਰ ਕਰਨ ਦਾ ਪ੍ਰਚਾਰ ਕਰਦੀ ਹੈ ਉਹ ਆਪਣੀ ਕੌਮ ਵਿਚੋਂ ਬੀਰਤਾ ਦੇ ਜਜ਼ਬੇ ਦਾ ਨਾਸ ਕਰ ਰਹੀ ਅਤੇ ਕਾਇਰਤਾ ਦੇ ਜ਼ੁਲਮ ਨੂੰ ਵਧਾ ਰਹੀ ਹੈ। ਐਸੇ ਲੋਕਾਂ ਦੀ ਖਾਲਸੇ ਨੇ ਨਾ ਕਦੀ ਪਿਛੇ ਰੀਸ ਕੀਤੀ ਹੈ ਤੇ ਨਾ ਅੱਗੇ ਨੂੰ ਰੀਸ ਕਰਨੀ ਹੈ। ਖਾਲਸਾ ਵਾਹਿਗੁਰੂ ਜੀ ਕਾ ਹੈ ਅਤੇ ਇਸ ਨੇ ਬਦੀ ਦਾ, ਜ਼ੁਲਮ ਦਾ ਮੁਕਾਬਲਾ ਵਾਹਿਗੁਰੂ ਜੀ ਦਾ ਹੋ ਕੇ ਹੀ ਕਰਨਾ ਹੈ। ਐਸਾ ਕਰਨ ਵਿਚ ਵਾਹਿਗੁਰੂ ਜੀ ਇਸ ਦੇ ਸਦਾ ਅੰਗ ਸੰਗ ਰਹਿਣਗੇ। ਐਸਾ ਕਰਨ ਵਿਚ ਵਾਹਿਗੁਰੂ ਜੀ ਖਾਲਸੇ ਦੀ ਹਰ ਮੈਦਾਨ, ਹਰ ਮੋਰਚੇ ਵਿਚ ਫਤਹਿ ਕਰਨਗੇ। ਵਾਹਿਗੁਰੂ ਸਰਬ ਸ਼ਕਤੀਮਾਨ ਹੈ, ਸਦਾ ਫਤਹਿ ਦਾ ਰੂਪ ਹੈ, ਇਸ ਲਈ ਖਾਲਸਾ ਜਦੋਂ ਵੀ ਵਾਹਿਗੁਰੂ ਜੀ ਕਾ ਰਹੇਗਾ, ਸਦਾ ਫਤਹਿ ਪ੍ਰਾਪਤ ਕਰਦਾ ਰਹੇਗਾ।

ਵਾਹਿਗੁਰੂ ਜੀ ਕੀ ਫਤਹਿ।

ਚੜ੍ਹਦੀ ਕਲਾ





# ਕਾਦਰ ਅਤੇ ਕੁੱਦਰਤ

ਕਈ ਮਿੱਤਰ, ਜਿਨ੍ਹਾਂ ਦਾ ਵਾਹਿਗੁਰੂ ਵਿਚ ਵਿਸ਼ਵਾਸ਼ ਨਹੀਂ, ਸਾਰੀ ਜਗਤ ਰਚਨਾ ਦਾ ਕਰਤਾ ਅਤੇ ਪ੍ਰਤਿਪਾਲਕ 'ਕੁਦਰਤ' ਨੂੰ ਦੱਸ ਕੇ ਆਪਣੇ ਆਪ ਨੂੰ ਅਤੇ ਆਪਣੇ ਅਸਰ ਹੇਠ ਆਉਣ ਵਾਲਿਆਂ ਨੂੰ ਬੜੇ ਧੋਖੇ ਵਿਚ ਰਖਦੇ ਹਨ। ਦੁਨੀਆਂ ਦੀਆਂ ਸਭ ਘਟਨਾਵਾਂ ਸਬੰਧੀ ਇਹ ਆਖਣਾ ਕਿ ਕੁਦਰਤ ਵਲੋਂ ਹੋ ਰਹੀਆਂ ਹਨ ਅਤੇ ਕੁਦਰਤ ਨੂੰ ਵਾਹਿਗੁਰੂ ਦਾ ਦਰਜਾ ਦੇਣ ਨਾਲ, ਵਾਹਿਗੁਰੂ ਦੀ ਹਸਤੀ ਤੋਂ ਮੁਨਕਰ ਹੋ ਸਕਣਾ ਕਠਿਨ ਹੀ ਨਹੀਂ, ਸਗੋਂ ਡੂੰਘੀ ਵਿਚਾਰ ਕਰਨ ਲੱਗਿਆਂ ਅਸੰਭਵ ਹੋ ਜਾਂਦਾ ਹੈ। ਲੋਹੇ ਦੀ ਮੋਟਰਕਾਰ ਵਿਚ ਚੜ੍ਹਿਆ ਹੋਇਆ ਆਦਮੀ ਜੇ ਆਖਣ ਲਗ ਜਾਵੇ ਕਿ ਇਹ ਮੋਟਰਕਾਰ ਲੋਹੇ ਨੇ ਬਣਾਈ ਹੈ ਅਤੇ ਫਲਾਣੇ ਕਾਰਖਾਨੇ ਵਿਚ ਬਣੀ ਹੈ ਤਾਂ ਉਸ ਦੇ ਇਤਨੇ ਆਖਣ ਨਾਲ ਮਨੁੱਖ ਦੀ ਹਸਤੀ ਤੋਂ ਇਨਕਾਰ ਕਰ ਸਕਣਾ ਅਸੰਭਵ ਹੈ। ਜੇਕਰ ਮਨੁੱਖ ਨਾ ਹੋਵੇ ਤਾਂ ਲੋਹੇ ਦੀ ਮੋਟਰਕਾਰ ਦੇ ਵਜੂਦ ਵਿਚ ਆਉਣ ਦਾ ਮੌਕਾ ਹੀ ਨਹੀਂ ਮਿਲ ਸਕਦਾ, ਇਸੇ ਤਰ੍ਹਾਂ ਕੁਦਰਤ ਨੂੰ ਸਭ ਘਟਨਾਵਾਂ ਦਾ ਕਰਤਾ ਆਖ ਕੇ 'ਕੁਦਰਤ' ਦੇ ਕਰਤਾ 'ਕਾਦਰ' ਤੋਂ ਇਨਕਾਰ ਨਹੀਂ ਹੋ ਸਕਦਾ।

ਕੁਦਰਤ ਕੀ ਹੈ? ਸੰਸਾਰ ਰਚਨਾ ਦੇ ਸਾਰੇ ਪਾਸਿਆਂ ਦੀ ਪੜਤਾਲ ਕਰਨ ਲੱਗਿਆਂ ਪਤਾ ਲਗਦਾ ਹੈ ਕਿ ਸੰਸਾਰ ਰਚਨਾ ਵਿਚ ਹਰ ਚੀਜ਼ ਅਸੂਲਾਂ ਜਾਂ ਨਿਯਮਾਂ ਦੇ ਆਧਾਰ ਤੇ ਬਣੀ ਹੈ ਅਤੇ ਨਿਯਮਾਂ ਦੇ ਆਧਾਰ ਤੇ ਹੀ ਕਾਇਮ ਹੈ। ਸੰਸਾਰ ਰਚਨਾ ਦੇ ਸਾਰੇ ਪਹਿਲੂਆਂ ਵਿਚ ਜੋ ਸਾਰੇ ਨਿਯਮ ਹਨ ਇਨ੍ਹਾਂ ਨਿਯਮਾਂ ਦੇ ਇਕੱਠ ਨੂੰ ਜਾਂ ਮਜਮੂਏ ਨੂੰ ਕੁਦਰਤ ਆਖਦੇ ਹਨ। ਦੁਨੀਆਂ ਦੀ ਹਰ ਸ਼ੈ ਕਿਉਂਕਿ ਨਿਯਮਾਂ ਦੇ ਆਧਾਰ ਤੇ ਬਣੀ ਨਜ਼ਰ ਆਉਂਦੀ ਹੈ ਇਸ ਲਈ ਇਹ ਆਖ ਲੈਣਾ ਸੌਖਾ ਹੈ ਕਿ ਦੁਨੀਆਂ ਦਾ ਕਰਤਾ ਦੁਨੀਆਂ ਦੀ ਬੁਨਿਆਦ ਵਿਚ ਲੁਕੇ ਨਿਯਮ ਹਨ ਜਾਂ ਇਨ੍ਹਾਂ ਨਿਯਮਾਂ ਦਾ ਇਕੱਠ 'ਕੁਦਰਤ' ਹੈ ਪਰ ਖੋਜੀ ਪੁਰਸ਼ਾਂ ਦੀ ਏਥੇ ਤਸੱਲੀ ਨਹੀਂ ਹੁੰਦੀ, ਕਿਉਂਕਿ ਜੇਕਰ ਦੁਨੀਆਂ 'ਕੁਦਰਤ' ਜਾਂ ਨਿਯਮਾਂ ਦੇ ਮਜਮੂਏ ਤੋਂ ਬਣੀ ਹੈ ਤਾਂ ਨਿਯਮ ਕਿਸ ਨੇ ਬਣਾਏ ਹਨ ਜਾਂ ਨਿਯਮਾਂ ਦਾ ਇਕੱਠ 'ਕੁਦਰਤ' ਕਿਸ ਨੇ ਬਣਾਈ ਹੈ?

ਮੰਤਕ (ਦਲੀਲ ਵਿਦਿਆ ਜਾਂ Logic) ਦਾ ਮੰਨਿਆ ਪ੍ਰਮੰਨਿਆ

ਅਸੂਲ ਹੈ ਕਿ ਨੇਸਤੀ ਵਿਚੋਂ ਹਸਤੀ ਪੈਦਾ ਨਹੀਂ ਹੋ ਸਕਦੀ (Something can not come out of nothing) ਇਸ ਅਸੂਲ ਅਨੁਸਾਰ ਸੰਸਾਰ ਜਾਂ ਕੁਦਰਤ ਨੇਸਤੀ ਵਿਚੋਂ ਪੈਦਾ ਹੋਣੀ ਅਸੰਭਵ ਹੈ। ਕੁਦਰਤ ਦਾ ਹੋਣਾ ਹੀ ਕਾਦਰ ਦੀ ਸਭ ਤੋਂ ਵੱਡੀ ਦਲੀਲ ਹੈ।

ਜਿਸ ਤਰ੍ਹਾਂ ਕਿਸੇ ਦੇਸ਼ ਦੀ ਸਰਕਾਰ ਉਸ ਦੇਸ਼ ਦੇ ਕਾਨੂੰਨਾਂ ਦਾ ਮਜਮੂਆ ਜਾਂ ਇਕੱਠ ਅਤੇ ਉਨ੍ਹਾਂ ਕਾਨੂੰਨਾਂ ਨੂੰ ਅਮਲ ਵਿਚ ਲਿਆਉਣ ਵਾਲੀ ਮਸ਼ੀਨ ਦਾ ਨਾਮ ਹੁੰਦਾ ਹੈ, ਇਸ ਤਰ੍ਹਾਂ ਸੰਸਾਰ ਰਚਨਾ ਦੀ ਤਹਿ ਵਿਚ ਲੁਕੇ ਸਭ ਕਾਨੂੰਨਾਂ ਅਤੇ ਉਨ੍ਹਾਂ ਕਾਨੂੰਨਾਂ ਨੂੰ ਅਮਲ ਵਿਚ ਲਿਆਉਣ ਲਈ ਮਸ਼ੀਨਰੀ ਦਾ ਨਾਮ 'ਕੁਦਰਤ' ਹੈ। ਜਿਸ ਤਰ੍ਹਾਂ ਕਿਸੇ ਦੇਸ਼ ਦੀ ਗਵਰਨਮੈਂਟ ਦੇ ਕਾਨੂੰਨ ਬਨਾਉਣ ਵਾਲੇ ਨੂੰ ਬਾਦਸ਼ਾਹ ਜਾਂ ਉਸ ਦੇਸ਼ ਦੇ ਚੁਣੇ ਲੋਕਾਂ ਦੀ ਕੌਂਸਲ ਜਾਂ ਪਾਰਲੀਮੈਂਟ ਆਖਦੇ ਹਨ, ਇਸ ਤਰ੍ਹਾਂ ਕੁਦਰਤ ਦੇ ਨਿਯਮਾਂ ਨੂੰ ਬਨਾਉਣ ਵਾਲੇ ਦਾ ਨਾਮ 'ਕਾਦਰ' ਜਾਂ ਵਾਹਿਗੁਰੂ ਹੈ। ਜਿਸ ਤਰ੍ਹਾਂ ਗਵਰਨਮੈਂਟ ਦੇ ਬਣੇ ਕਾਨੂੰਨਾਂ ਦੀ ਬਾਦਸ਼ਾਹ ਜਾਂ ਪਾਰਲੀਮੈਂਟ ਦੇ ਮੈਂਬਰ ਆਪ ਇਜ਼ਤ ਕਰਦੇ ਤੇ ਦੂਸਰਿਆਂ ਪਾਸੋਂ ਪਾਲਣਾ ਕਰਵਾਂਦੇ ਹਨ, ਇਸੇ ਤਰ੍ਹਾਂ ਕੁਦਰਤ ਨੂੰ ਸਾਜ ਕੇ ਕਾਦਰ ਆਪ ਕੁਦਰਤ ਦੇ ਨਿਯਮਾਂ ਦੀ ਪਾਲਣਾ ਕਰਵਾਂਦਾ ਹੈ। ਜਿਸ ਤਰ੍ਹਾਂ ਬਾਦਸ਼ਾਹ ਨੂੰ ਜਾਂ ਪਾਰਲੀਮੈਂਟ ਨੂੰ ਦੇਸ਼ ਦੇ ਕਾਨੂੰਨ ਬਦਲਣ ਦਾ ਅਧਿਕਾਰ ਹੁੰਦਾ ਹੈ, ਏਸੇ ਤਰ੍ਹਾਂ 'ਕਾਦਰ' ਨੂੰ ਕੁਦਰਤ ਦੇ ਨਿਯਮਾਂ ਵਿਚ ਅਦਲਾ ਬਦਲੀ ਕਰਨ ਦੀ ਪੂਰੀ ਸਮਰੱਥਾ ਹੈ, ਪਰ ਕਿਉਂਕਿ ਇਨਸਾਨੀ ਬਾਦਸ਼ਾਹ ਜਾਂ ਇਨਸਾਨੀ ਪਾਰਲੀਮੈਂਟਾਂ ਵਾਂਗਰ ਵਾਹਿਗੁਰੂ ਅਪੂਰਨ ਨਹੀਂ, ਇਸ ਲਈ ਵਾਹਿਗੁਰੂ ਜਾਂ ਕਾਦਰ ਨੂੰ ਕੁਦਰਤ ਦੇ ਨਿਯਮ ਬਣਾ ਕੇ ਉਨ੍ਹਾਂ ਵਿਚ ਅਦਲਾ ਬਦਲੀ ਕਰਨ ਦੀ ਲੋੜ ਨਹੀਂ ਪੈਂਦੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਸ਼ਾ ਅਨੁਸਾਰ ਵਾਹਿਗੁਰੂ ਆਪਣੇ ਆਪ ਵਿਚੋਂ ਸੰਸਾਰ ਅਤੇ ਸੰਸਾਰ ਦੇ ਨਿਯਮ (ਕੁਦਰਤ) ਪੈਦਾ ਕਰਦਾ ਹੈ। ਇਸ ਸੰਸਾਰ ਰਚਨਾ ਵਿਚ ਆਪ ਵਰਤ ਕੇ ਕੌਤਕ ਦੇਖਦਾ ਹੈ। ਸਾਰੀ ਰਚਨਾ ਦਾ ਆਪ ਹੀ ਆਧਾਰ ਹੈ, ਸਭ ਨੂੰ ਆਪ ਦਾਤਾਂ ਦਿੰਦਾ ਹੈ, ਸਭ ਨੂੰ ਜ਼ਿੰਦਗੀ ਅਤੇ ਮੌਤ ਵਾਹਿਗੁਰੂ ਦੇ ਹੁਕਮ ਜਾਂ ਵਾਹਿਗੁਰੂ ਦੇ ਨਿਯਮਾਂ ਅਨੁਸਾਰ ਮਿਲਦੇ ਹਨ। ਕੁਦਰਤ ਵਿਚ ਆਪ ਵਾਹਿਗੁਰੂ ਵਰਤ ਕੇ ਕੌਤਕ ਦੇਖਦਾ ਅਤੇ ਪ੍ਰਸੰਨ ਹੁੰਦਾ ਹੈ।

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*





*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥*
*ਕਰਿ ਆਸਣੁ ਡਿਠੋ ਚਾਉ॥* *ਪੰਨਾ - 463*

ਗੁਰਮਤਿ ਵਿਚ ਕੁਦਰਤ ਦੀ ਉਹ ਮਹੱਤਤਾ ਨਹੀਂ ਜਿਹੜੀ ਕਾਦਰ ਜਾਂ ਵਾਹਿਗੁਰੂ ਦੀ ਹੈ। ਗੁਰਸਿੱਖ ਨੂੰ ਗੁਰਮਤਿ ਕੁਦਰਤ ਦੀ ਬਜਾਏ ਕਾਦਰ ਦੀਆਂ ਸਿਫਤਾਂ ਦੱਸ ਕੇ ਗੁਰਸਿੱਖ ਦੇ ਸਾਮ੍ਹਣੇ ਵਾਹਿਗੁਰੂ ਦਾ ਨਿਸ਼ਾਨਾ ਰਖਦੀ ਹੈ। ਗੁਰਸਿੱਖ ਦਾ ਮੁਖ ਮੰਤਵ ਵਾਹਿਗੁਰੂ ਨੂੰ ਮਿਲਣਾ ਹੈ, ਕਿਉਂਕਿ ਮਨ ਨੂੰ ਸ਼ਾਂਤੀ ਵਾਹਿਗੁਰੂ ਨੂੰ ਸਮਝਿਆਂ ਅਤੇ ਮਿਲਿਆਂ ਹੁੰਦੀ ਹੈ। ਕੁਦਰਤ ਸਬੰਧੀ ਜਿਤਨਾ ਗਿਆਨ ਹੈ, ਮੌਜੂਦਾ ਜਿਤਨੀਆਂ ਸਾਇੰਸ ਦੀਆਂ ਕਾਢਾਂ ਹਨ, ਉਹ ਇਨਸਾਨ ਦੇ ਸਰੀਰ ਨੂੰ ਸੁਖੀ ਬਨਾਣ ਵਿਚ ਕਾਫੀ ਸਫਲ ਹੋਈਆਂ ਹਨ, ਪਰ ਇਨਸਾਨ ਦੇ ਮਨ ਨੂੰ ਸੁਖੀ ਨਹੀਂ ਬਣਾ ਸਕੀਆਂ। ਮਨ ਨੂੰ ਸੁਖੀ ਵਾਹਿਗੁਰੂ ਜਾਂ ਕਾਦਰ ਦਾ ਗਿਆਨ ਹੀ ਬਣਾ ਸਕਦਾ ਹੈ।

ਜੇਕਰ ਕੁਦਰਤ ਦਾ ਰਚਨਹਾਰ ਅਕਾਲ ਪੁਰਖ ਜਾਂ ਕਾਦਰ ਹੈ ਤਾਂ ਕਾਦਰ ਦਾ ਜਾਂ ਅਕਾਲ ਪੁਰਖ ਦਾ ਬਨਾਣ ਵਾਲਾ ਵੀ ਕੋਈ ਹੋ ਸਕਦਾ ਹੈ। ਐਸਾ ਸਵਾਲ ਕਰਨਾ ਵਾਹਿਗੁਰੂ ਜਾਂ ਕਾਦਰ ਨੂੰ ਨਾ ਜਾਨਣਾ ਹੈ। ਆਤਮਕ ਖੋਜ ਅਨੁਸਾਰ ਕੁਦਰਤ ਜਾਂ ਸਾਰੀ ਜਗਤ ਰਚਨਾ 'ਮਨ' ਤੋਂ ਉਪਜਦੀ ਅਤੇ ਮਨ ਵਿਚ ਹੀ ਲੀਨ ਹੁੰਦੀ ਹੈ।

*ਜਾਤੋ ਜਾਇ ਕਹਾ ਤੇ ਆਵੈ॥*
*ਕਹ ਉਪਜੈ ਕਹਾ ਜਾਇ ਸਮਾਵੈ॥* *ਪੰਨਾ - 152*

*ਸਹਜੇ ਆਵੈ ਸਹਜੇ ਜਾਇ॥*
*ਮਨ ਤੇ ਉਪਜੈ ਮਨ ਮਾਹਿ ਸਮਾਇ॥* *ਪੰਨਾ - 152*

ਜਿਥੇ ਮਨ ਹੈ ਉਥੇ ਕੁਦਰਤ ਜਾਂ ਜਗਤ ਰਚਨਾ ਵੀ ਹੈ ਅਤੇ ਕਾਦਰ ਜਾਂ ਵਾਹਿਗੁਰੂ ਵੀ ਹੈ, ਪਰ ਜਿਥੇ ਮਨ ਨਹੀਂ ਉਥੇ ਜਗਤ ਰਚਨਾ ਜਾਂ ਕੁਦਰਤ ਤਾਂ ਨਹੀਂ ਪਰ ਕਾਦਰ ਜਾਂ ਵਾਹਿਗੁਰੂ ਹੈ। ਵਾਹਿਗੁਰੂ ਜਾਂ ਕਾਦਰ 'ਮਨ' ਤੋਂ ਪਰ੍ਹੇ ਵੀ ਹੈ। ਇਸ ਵਿਚਾਰ ਅਨੁਸਾਰ ਕਾਦਰ ਤੋਂ ਸ੍ਰਿਸ਼ਟੀ ਜਾਂ ਕੁਦਰਤ ਤਾਂ ਪੈਦਾ ਹੁੰਦੀ ਹੈ ਐਪਰ ਕਾਦਰ ਨੂੰ ਬਨਾਣ ਵਾਲਾ ਕੋਈ ਨਹੀਂ। ਉਹ ਅਕਾਲ ਹੈ, ਅਜੂਨੀ ਹੈ, ਸੈਭੰ (ਆਪਣੇ ਆਪ ਤੋਂ ਕਾਇਮ) ਹੈ।

# ਨਿਸਚੇ ਦੀ ਟੀਸੀ

*ਗੰਗ ਜਮੁਨ ਜਉ ਉਲਟੀ ਬਹੈ॥*
*ਤਉ ਨਾਮਾ ਹਰਿ ਕਰਤਾ ਰਹੈ॥* *ਪੰਨਾ - 1166*

ਜਦ ਕਿਤੇ ਬਿਜਲੀ ਫੇਲ੍ਹ ਹੋ ਜਾਵੇ, ਬੱਤੀਆਂ ਤੇ ਪੱਖੇ ਚੱਲਣੋਂ ਬੰਦ ਹੋ ਜਾਣ ਅਤੇ ਬਿਜਲੀ ਮਿਸਤ੍ਰੀ ਬੁਲਾਇਆ ਜਾਵੇ ਤਾਂ ਬਿਜਲੀ ਮਿਸਤ੍ਰੀ ਆ ਕੇ ਇਸ ਸ਼ੱਕ ਵਿਚ ਨਹੀਂ ਪੈ ਜਾਂਦਾ ਕਿ ਬਿਜਲੀ ਦੇ ਨਿਯਮ ਕਿਤੇ ਬਦਲ ਨਾ ਗਏ ਹੋਣ ਜਾਂ ਬਿਜਲੀ ਨੇ ਆਪਣਾ ਪੁਰਾਤਨ ਸੁਭਾਓ ਨਾ ਬਦਲ ਦਿਤਾ ਹੋਵੇ। ਬਿਜਲੀ ਮਿਸਤ੍ਰੀ ਆ ਕੇ ਕੇਵਲ ਇਹ ਦੇਖਭਾਲ ਕਰੇਗਾ ਕਿ ਫਿਊਜ਼ ਦੀ ਤਾਰ ਤਾਂ ਨਹੀਂ ਜਲ ਗਈ ਜਾਂ ਸਵਿੱਚ ਵਿਚ ਕਿਤੇ ਕੋਈ ਖਰਾਬੀ ਤਾਂ ਨਹੀਂ ਹੋ ਗਈ? ਉਹ ਐਸਾ ਕਿਉਂ ਕਰਦਾ ਹੈ? ਕਿਉਂਕਿ ਉਸ ਨੂੰ ਯਕੀਨ ਹੁੰਦਾ ਹੈ ਕਿ ਬਿਜਲੀ ਦੇ ਨਿਯਮ ਅਤੇ ਬਿਜਲੀ ਦਾ ਸੁਭਾਓ ਅਟਲ ਹੈ, ਬਦਲ ਸਕਦਾ ਹੀ ਨਹੀਂ, ਇਸ ਵਾਸਤੇ ਪੱਖਾ ਨਾ ਚਲਣ ਦਾ ਜਾਂ ਬੱਤੀਆਂ ਨਾ ਜਲਣ ਦਾ ਕਾਰਨ ਕੋਈ ਇਨਸਾਨੀ ਗਲਤੀ ਹੈ। ਇਸ ਕਰਕੇ ਉਹ ਇਨਸਾਨੀ ਗਲਤੀ ਨੂੰ ਦਰੁਸਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਪੱਖਿਆਂ ਦੇ ਨਾ ਚੱਲਣ ਜਾਂ ਬੱਤੀਆਂ ਦੇ ਨਾ ਜਲਣ ਦੇ ਕਾਰਨ ਬਿਜਲੀ ਦੇ ਅਸੂਲਾਂ ਦੀ ਵਰਤੋਂ ਵਿਚ ਲਿਆਉਣ ਅੰਦਰ ਕਿਤੇ ਗਲਤੀ ਜਾਂ ਗਫਲਤ ਹੁੰਦੀ ਹੈ। ਬਿਜਲੀ ਮਿਸਤ੍ਰੀ ਦਾ ਬਿਜਲੀ ਦੇ ਸੁਭਾਓ ਜਾਂ ਬਿਜਲੀ ਦੇ ਅਸੂਲਾਂ ਸਬੰਧੀ ਵਿਸ਼ਵਾਸ਼ ਅਟੱਲ ਹੁੰਦਾ ਹੈ, ਜੋ ਪੱਖੇ ਨਾ ਚੱਲਣ ਅਤੇ ਬੱਤੀਆਂ ਨਾ ਜਲਣ ਵੇਲੇ ਵੀ ਡੋਲਦਾ ਨਹੀਂ।

ਵਾਹਿਗੁਰੂ ਦਾ ਸੁਭਾਓ ਵੀ ਅਟੱਲ ਹੈ। ਵਾਹਿਗੁਰੂ ਤੋਂ ਉਤਪੰਨ ਹੋਈਆਂ ਸ਼ਕਤੀਆਂ ਜਦ ਆਪਣੇ ਸੁਭਾਓ ਅਟੱਲ ਰਖਦੀਆਂ ਹਨ ਤਾਂ ਵਾਹਿਗੁਰੂ ਦਾ ਸੁਭਾਓ ਕਿਸ ਤਰ੍ਹਾਂ ਅਟੱਲ ਨਾ ਹੋਵੇ? ਆਤਮਾ ਦੀ ਸਾਇੰਸ ਦੇ ਗਿਆਨੀਆਂ ਨੂੰ ਵੀ ਇਸ ਗੱਲ ਦਾ ਪਤਾ ਹੁੰਦਾ ਹੈ ਕਿ ਵਾਹਿਗੁਰੂ ਦਾ ਸੁਭਾਓ ਅਟੱਲ ਹੈ। ਇਸ ਕਰਕੇ ਉਹ ਜਦ ਕੋਈ ਦੁਰਘਟਨਾ ਹੋਵੇ ਤਾਂ ਆਪਣਾ ਵਿਸ਼ਵਾਸ਼ ਵਾਹਿਗੁਰੂ ਵਿਚ ਅਟੱਲ ਰਖਦੇ ਹਨ। ਜਦ ਬੱਤੀਆਂ ਬੁਝ ਜਾਣ ਤਦ ਅੱਖਾਂ ਆਖਦੀਆਂ ਹਨ ਕਿ ਬਿਜਲੀ ਫੇਲ੍ਹ ਹੋ ਗਈ ਹੈ,





ਚਾਨਣ ਦੀ ਥਾਂ ਹਨੇਰੇ ਨੇ ਆਣ ਮੱਲੀ ਹੈ, ਪਰ ਬਿਜਲੀ ਦਾ ਗਿਆਨੀ ਆਪਣੀ ਅੱਖ ਦੀ ਗਵਾਹੀ ਨੂੰ ਗਲਤ ਸਮਝਦਾ ਹੈ। ਉਹ ਜਾਣਦਾ ਹੈ ਕਿ ਬਿਜਲੀ ਦਰਅਸਲ ਫੇਲ੍ਹ ਨਹੀਂ ਹੋਈ, ਉਸ ਦੇ ਅਸੂਲਾਂ ਦੀ ਵਰਤੋਂ ਕਰਨ ਵਿਚ ਕਿਤੇ ਇਨਸਾਨੀ ਗਲਤੀ ਹੋਈ ਹੈ। ਏਸੇ ਤਰ੍ਹਾਂ ਜਦ ਕਿਤੇ ਇਨਸਾਨੀ ਜੀਵਨ ਵਿਚ ਕੋਈ ਦੁਰਘਟਨਾ ਹੋ ਜਾਵੇ ਤਾਂ ਆਤਮਾ ਦੇ ਗਿਆਨੀ ਉਸ ਵੇਲੇ ਆਪਣੀਆਂ ਅੱਖਾਂ ਦੀ ਗਵਾਹੀ ਨੂੰ ਗਲਤ ਸਮਝਦੇ ਹਨ ਅਤੇ ਵਾਹਿਗੁਰੂ ਦੇ ਸੁਭਾਓ ਅਤੇ ਵਾਹਿਗੁਰੂ ਦੀਆਂ ਸਿਫਤਾਂ ਨੂੰ ਅਟੱਲ ਜਾਣ ਕੇ ਅਡੋਲ ਰਹਿੰਦੇ ਹਨ।

ਨਾਮਦੇਵ ਜੀ ਇਕ ਬੜੇ ਆਤਮ ਗਿਆਨੀ ਹੋਏ ਹਨ। ਇਨ੍ਹਾਂ ਨੂੰ ਵਾਹਿਗੁਰੂ ਦੇ ਕ੍ਰਿਪਾਲੂ ਅਤੇ ਸਰਬ ਸ਼ਕਤੀਮਾਨ ਹੋਣ ਵਿਚ ਪੂਰਾ ਨਿਸ਼ਚਾ ਸੀ, ਪਰ ਇਕ ਵਾਰੀ ਇਨ੍ਹਾਂ ਦੀਆਂ ਅੱਖਾਂ ਨੇ ਇਨ੍ਹਾਂ ਨੂੰ ਅਜੀਬ ਧੋਖਾ ਦੇਣਾ ਸ਼ੁਰੂ ਕੀਤਾ। ਕਹਿਣ ਲੱਗੀਆਂ 'ਤੇਰੀ ਝੌਂਪੜੀ ਨੂੰ ਅੱਗ ਲਗ ਗਈ ਹੈ।' ਇਹ ਆਖ ਕੇ ਅੱਖਾਂ ਨੇ ਨਾਮਦੇਵ ਦੇ ਸਾਮ੍ਹਣੇ ਇਕ ਅਤਿ ਭਿਆਨਕ ਨਜ਼ਾਰਾ ਲਿਆ ਖੜ੍ਹਾ ਕੀਤਾ। ਝੁੱਗੀ ਸੜ ਰਹੀ ਸੀ, ਅੱਗ ਦੀਆਂ ਲਾਟਾਂ ਅਸਮਾਨ ਵਲ ਉਠ ਰਹੀਆਂ ਸਨ ਅਤੇ ਲੋਕ ਰੌਲਾ ਪਾ ਰਹੇ ਸਨ। ਨਾਮਦੇਵ ਜੀ ਵਾਹਿਗੁਰੂ ਦੀ ਸਾਇੰਸ ਦੇ ਪੂਰਨ ਗਿਆਨੀ ਹੋਣ ਕਰਕੇ, ਅੱਖਾਂ ਨੂੰ ਦਿਸਣ ਵਾਲੀ ਸਾਰੀ ਦੁਰਘਟਨਾ ਵਲ— ਉਸ ਅੱਗ ਤੇ ਅੱਗ ਦੀਆਂ ਭਿਆਨਕ ਲਾਟਾਂ ਵਲ—ਮੁਸਕਰਾ ਕੇ ਤੱਕਦੇ ਅਤੇ ਆਖਦੇ ਸਨ ਕਿ ਮੇਰੇ ਸਿਰ ਤੇ ਮੇਰਾ ਰਾਖਾ ਤੇ ਸਹਾਰਾ ਮੇਰਾ ਭਗਵਾਨ ਸਦਾ ਸਲਾਮਤ ਹੈ। ਉਸ ਦੇ ਹੁੰਦਿਆਂ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਕੋਈ ਤਕਲੀਫ ਨਹੀਂ ਆ ਸਕਦੀ। ਮੇਰੇ ਭਗਵਾਨ ਸਰਬ-ਸ਼ਕਤੀਮਾਨ ਅਤੇ ਸਰਬ-ਵਿਆਪਕ ਹਨ। ਇਸ ਅੱਗ ਵਿਚ ਵੀ ਮੇਰਾ ਭਗਵਾਨ ਹੈ। ਮੇਰੇ ਭਗਵਾਨ ਤੋਂ ਬਗੈਰ ਇਸ ਜਗਤ ਵਿਚ ਹੋਰ ਕੋਈ ਨਹੀਂ। ਇਸ ਅੱਗ ਵਿਚ ਸਿਵਾਏ ਮੇਰੇ ਭਗਵਾਨ ਦੇ ਹੋਰ ਕੋਈ ਨਹੀਂ। ਇਹ ਆਖ ਕੇ ਆਪਣੀ ਇਸਤ੍ਰੀ ਅਤੇ ਬੱਚਿਆਂ ਨੂੰ ਅਡੋਲ ਰਹਿਣ ਵਾਸਤੇ ਪ੍ਰੇਰਦੇ ਸਨ। ਜਦ ਲੋਕਾਂ ਨੇ ਰੌਲਾ ਪਾਇਆ ਕਿ ਭਗਤ ਜੀ ਤੁਹਾਡਾ ਸਭ ਕੁਝ ਸੜ ਜਾਵੇਗਾ, ਆਪਣਾ ਮਾਲ ਅਸਬਾਬ ਬਾਹਰ ਕੱਢ ਲਵੋ, ਤਾਂ ਨਾਮਦੇਵ ਨੇ ਲੋਕਾਂ ਨੂੰ ਆਖਿਆ ਕਿ ਇਸ ਜਗਤ ਵਿਚ ਕੇਵਲ ਵਾਹਿਗੁਰੂ ਹੀ ਵਾਹਿਗੁਰੂ ਹੈ, ਵਾਹਿਗੁਰੂ

ਤੋਂ ਸਿਵਾ ਹੋਰ ਕੁਝ ਨਹੀਂ। ਮੇਰੇ ਘਰ ਅੱਗ ਨਹੀਂ, ਮੇਰੇ ਘਰ ਭਗਵਾਨ ਆਏ ਹਨ। ਅੱਖ ਜਿਸ ਨੂੰ ਅੱਗ ਆਖਦੀ ਹੈ, ਮੇਰੀ ਸਾਇੰਸ, ਮੇਰਾ ਗਿਆਨ ਉਸ ਨੂੰ ਭਗਵਾਨ ਆਖਦਾ ਹੈ। ਅੱਖ ਝੂਠ ਦਰਸਾ ਸਕਦੀ ਹੈ, ਸਾਇੰਸ ਜਾਂ ਗਿਆਨ ਝੂਠ ਨਹੀਂ ਦਰਸਾ ਸਕਦਾ। ਇਹ ਅੱਗ ਨਹੀਂ ਇਹ ਮੇਰਾ ਭਗਵਾਨ ਹੈ। ਤੁਸੀਂ ਆਖਦੇ ਹੋ ਅੱਗ ਤੋਂ ਆਪਣਾ ਅਸਬਾਬ ਬਚਾ ਲਵਾਂ, ਪਰ ਮੇਰੇ ਗਿਆਨ ਅਨੁਸਾਰ ਇਸ ਅੱਗ ਅੰਦਰ ਮੇਰਾ ਭਗਵਾਨ ਹੈ, ਇਸ ਲਈ ਮੈਂ ਆਪਣਾ ਮਾਲ ਅਸਬਾਬ ਆਪਣੇ ਭਗਵਾਨ ਦੀ ਭੇਟਾ ਕਰਾਂਗਾ। ਸ਼ੁਕਰ ਹੈ ਮੇਰਾ ਭਗਵਾਨ ਮੇਰੇ ਘਰ ਆਇਆ ਹੈ। ਇਹ ਕਹਿ ਕੇ ਭਗਤ ਨਾਮਦੇਵ ਨੇ ਆਪਣਾ ਸਾਰਾ ਅਸਬਾਬ ਅੱਗ ਦੀ ਭੇਟਾ ਕਰਨਾ ਅਰਥਾਤ ਅੱਗ ਵਿਚ ਸੁੱਟਣਾ ਸ਼ੁਰੂ ਕਰ ਦਿਤਾ। ਨਾਲੇ ਆਪਣਾ ਮਾਲ ਅਸਬਾਬ ਅੱਗ ਵਿਚ ਸੁਟ ਰਹੇ ਸੀ ਨਾਲ ਆਖਦੇ ਸੀ, "ਭਗਵਾਨ ਮੈਂ ਗਰੀਬ ਹਾਂ, ਤੇਰੀ ਭੇਟ ਇਹ ਗਰੀਬਾਂ ਵਾਲਾ ਸਾਮਾਨ ਹੀ ਕਰ ਸਕਦਾ ਹਾਂ, ਤੂੰ ਮੇਰੀ ਇਸ ਤੁਛ ਭੇਟਾ ਨੂੰ ਕਬੂਲ ਕਰੀਂ।"

ਜਦ ਭਗਤ ਨੇ ਆਪਣੀ ਸਾਰੀ ਝੁੱਗੀ ਅਤੇ ਉਸ ਵਿਚ ਪਿਆ ਸਾਰਾ ਸਾਮਾਨ ਭਗਵਾਨ ਦੀ ਭੇਟ ਕਰ ਦਿਤਾ ਤਾਂ ਅੱਗ ਸਭ ਕੁਝ ਭਸਮ ਕਰਕੇ ਬੁਝ ਗਈ। ਰਾਤ ਹੋ ਜਾਣ ਕਰਕੇ ਸਭ ਸੌਂ ਗਏ, ਪਰ ਭਗਤ ਜਾਗਦਾ ਰਿਹਾ ਅਤੇ ਆਪਣੇ ਭਗਵਾਨ ਨੂੰ ਆਖਦਾ ਰਿਹਾ ਕਿ ਮਹਾਰਾਜ! ਤੁਸੀਂ ਸਰਬ-ਸ਼ਕਤੀਮਾਨ, ਸਰਬ-ਵਿਆਪਕ ਅਤੇ ਸਰਬ-ਪ੍ਰਤਿਪਾਲਕ ਹੋ। ਇਹ ਮੇਰੀਆਂ ਅੱਖਾਂ ਦਾ ਕਸੂਰ ਸੀ ਕਿ ਇਨ੍ਹਾਂ ਨੇ ਆਪ ਤੋਂ ਸਿਵਾ ਅੱਗ ਵਿਚ ਕਿਸੇ ਹੋਰ ਨੂੰ ਡਿੱਠਾ। ਤੁਸੀਂ ਕ੍ਰਿਪਾਲੂ ਹੋ, ਮੇਰੀਆ ਅੱਖਾਂ ਨੂੰ ਮੁਆਫ ਕਰਨਾ। ਇਨ੍ਹਾਂ ਨੂੰ ਹਰ ਘਟਨਾ ਦੀ ਬਾਹਰ ਦੀ ਸੂਰਤ ਹੀ ਦਿਸਦੀ ਹੈ, ਅੰਦਰ ਦੀ ਅਸਲੀਅਤ ਨਹੀਂ ਦਿਸਦੀ। ਇਸ ਅੱਗ ਤੋਂ ਪਹਿਲੇ ਅਤੇ ਪਿਛੋਂ ਮੇਰੇ ਅਤੇ ਤੁਹਾਡੇ ਅੰਦਰੂਨੀ ਰਿਸ਼ਤੇ ਵਿਚ ਕੋਈ ਫਰਕ ਨਹੀਂ ਆਇਆ। ਇਹ ਝੌਂਪੜੀ ਆਪ ਦੀ ਬਖਸ਼ੀ ਹੋਈ ਸੀ, ਆਪ ਦੀ ਹੀ ਚੀਜ਼ ਸੀ। ਆਪ ਦਾ ਇਸ ਝੌਂਪੜੀ ਨੂੰ ਲੈਣਾ ਜ਼ਰੂਰੀ ਮੇਰੇ ਵਾਸਤੇ ਚੰਗਾ ਹੋਣਾ ਹੈ। ਆਪ ਮੇਰੇ ਪਿਤਾ ਹੋ, ਮੈਂ ਆਪ ਦਾ ਪੁੱਤਰ ਹਾਂ। ਪਿਤਾ ਪੁਤਰ ਵਾਸਤੇ ਜੋ ਕਰਦਾ ਹੈ, ਉਸ ਵਿਚ ਪੁਤਰ ਦਾ ਭਲਾ ਹੋਣਾ ਜ਼ਰੂਰੀ ਹੈ। ਮੇਰੀ ਅਲਪੱਗ ਦ੍ਰਿਸ਼ਟੀ ਨੂੰ ਕੀ ਪਤਾ ਕਿ ਇਸ ਘਟਨਾ ਵਿਚ ਮੇਰੀ ਆਪ ਨੇ ਕੀ ਭਲਾਈ ਦੇਖੀ ਹੈ।





ਭਗਵਾਨ ਨਾਲ ਪਿਆਰ ਅਤੇ ਸਿਦਕ ਦੀਆਂ ਇਸ ਤਰ੍ਹਾਂ ਗੱਲਾਂ ਕਰਦਿਆਂ ਜਦ ਰਾਤ ਬੀਤ ਗਈ ਤਾਂ ਸਵੇਰੇ ਉਠ ਕੇ ਨਾਮਦੇਵ ਨੇ ਆਪਣੀ ਸੜੀ ਝੁੱਗੀ ਦੀ ਥਾਂ ਉਤੇ ਇਕ ਸੁੰਦਰ ਤੇ ਪੱਕਾ ਉਸਰਿਆ ਮਕਾਨ ਵੇਖਿਆ। ਨਾਮਦੇਵ ਨੂੰ ਆਪਣੇ ਪਰਿਵਾਰ ਸਮੇਤ ਇਸ ਪੱਕੇ ਤੇ ਸੁੰਦਰ ਮਕਾਨ ਵਿਚ ਰਹਿੰਦਿਆਂ ਦੇਖ ਕੇ ਆਲੇ ਦਵਾਲੇ ਦੇ ਹਮਸਾਏ ਬੜੇ ਅਸਚਰਜ ਹੋਏ ਅਤੇ ਨਾਮਦੇਵ ਤੋਂ ਆ ਕੇ ਪੁੱਛਣ ਲੱਗੇ ਕਿ ਐਸਾ ਸੁੰਦਰ ਮਕਾਨ ਤੂੰ ਰਾਤ ਰਾਤ ਵਿਚ ਕਿਸ ਤਰ੍ਹਾਂ ਖੜ੍ਹਾ ਕਰ ਲਿਆ ਹੈ? ਐਸਾ ਕਿਹੜਾ ਤਰਖਾਣ ਸੀ ਜਿਸ ਨੇ ਰਾਤੋ ਰਾਤ ਤੇਰਾ ਮਕਾਨ ਉਸਾਰ ਦਿਤਾ ਹੈ? ਇਨ੍ਹਾਂ ਪੁਛਾਂ ਦਾ ਜਵਾਬ ਸ੍ਰੀ ਨਾਮਦੇਵ ਜੀ ਨੇ ਇਕ ਸ਼ਬਦ ਉਚਾਰਨ ਕਰਕੇ ਦਿਤਾ। ਉਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਪ੍ਰਕਾਰ ਹੈ -

*ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ॥*
*ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ॥*
*ਰੀ ਬਾਈ ਬੇਢੀ ਦੇਨੁ ਨ ਜਾਈ॥ ਦੇਖੁ ਬੇਢੀ ਰਹਿਓ ਸਮਾਈ॥*
*ਹਮਾਰੈ ਬੇਢੀ ਪ੍ਰਾਨ ਅਧਾਰਾ॥ ਰਹਾਉ॥*
*ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ॥*
*ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥*
*ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਠਾਂਈ ਹੋ॥*
*ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ॥*
*ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ॥*
*ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ॥*

*ਪੰਨਾ - 657*

ਅਰਥ - ਨਾਮਦੇਵ ਤੋਂ ਹਮਸਾਇਆਂ ਨੇ ਪੁਛਿਆ ਕਿ ਤੂੰ ਇਤਨੀ ਜਲਦੀ ਘਰ ਕਿਸ ਕੋਲੋਂ ਬਣਵਾਇਆ ਹੈ? ਅਸੀਂ ਤੇਰੇ ਨਾਲੋਂ ਦੂਣੀ ਮਜ਼ੂਰੀ ਉਸ ਤਰਖਾਣ ਮਿਸਤ੍ਰੀ ਨੂੰ ਦੇਣ ਲਈ ਤਿਆਰ ਹਾਂ, ਜਿਸ ਨੇ ਤੇਰਾ ਘਰ ਰਾਤੋ ਰਾਤ ਬਣਾ ਦਿਤਾ ਹੈ। ਕੀ ਤੂੰ ਉਸ ਤਰਖਾਣ ਦਾ ਪਤਾ ਦੱਸ ਸਕਦਾ ਹੈਂ? ਇਸ ਦੇ ਉਤਰ ਵਿਚ ਨਾਮਦੇਵ ਜੀ ਹਮਸਾਇਆਂ ਨੂੰ ਆਖਦੇ ਹਨ ਕਿ ਮੈਂ ਤੁਹਾਨੂੰ ਆਪਣੇ ਤਰਖਾਣ ਦਾ ਕੀ ਪਤਾ ਦੇਵਾਂ, ਉਹ ਤੇ ਅਰੂਪ ਹੈ ਅਤੇ ਸਰਬਵਿਆਪੀ ਹੈ। ਇਹ ਤਰਖਾਣ ਮੇਰੇ ਪ੍ਰਾਣਾਂ ਤੋਂ ਮੈਨੂੰ

ਪਿਆਰਾ ਹੈ। ਉਹ ਸਿਵਾਏ ਪਿਆਰ ਦੇ ਹੋਰ ਕੋਈ ਮਜ਼ੂਰੀ ਲੈ ਕੇ ਪ੍ਰਸੰਨ ਨਹੀਂ ਹੁੰਦਾ। ਉਹ ਕੇਵਲ ਪਿਆਰ ਦਾ ਹੀ ਭੁੱਖਾ ਹੈ।

ਉਹ ਕੇਵਲ ਉਸ ਦੇ ਘਰ ਆਉਂਦਾ ਹੈ, ਜੋ ਆਪਣੇ ਮਨ ਵਿਚੋਂ ਦੁਨਿਆਵੀ ਗਲਤ ਨਿਸ਼ਚੇ ਤਿਆਗ ਕੇ ਉਨ੍ਹਾਂ ਦੀ ਥਾਂ ਸੱਚੇ ਆਤਮਕ ਨਿਸ਼ਚੇ ਵਸਾ ਸਕੇ। ਐਸਾ ਕਰਨ ਨਾਲ ਸਾਕ, ਕੁਟੰਬ ਅਤੇ ਰਿਸ਼ਤੇਦਾਰਾਂ ਨਾਲ (ਜਿਨ੍ਹਾਂ ਦੇ ਗਲਤ ਅਤੇ ਦੁਨਿਆਵੀ ਖਿਆਲ ਹੁੰਦੇ ਹਨ) ਮੇਲ ਜੋਲ ਕਾਇਮ ਨਹੀਂ ਰਹਿ ਸਕਦਾ। ਐਸਾ ਤਰਖਾਣ ਜੋ ਹਰ ਥਾਂ ਹਾਜ਼ਰਾ-ਹਜ਼ੂਰ ਹੈ, ਕਿਸੇ ਨੂੰ ਦਿਤਾ ਜਾਂ ਦੱਸਿਆ ਨਹੀਂ ਜਾ ਸਕਦਾ। ਉਹ ਕੇਵਲ ਪ੍ਰੇਮ ਨਾਲ ਹੀ ਵਸ ਆਉਂਦਾ ਹੈ। ਉਸ ਨੂੰ ਮਿਲ ਕੇ ਜੋ ਖੁਸ਼ੀ ਤੇ ਆਨੰਦ ਆਉਂਦਾ ਹੈ, ਉਹ ਬਿਆਨ ਤੋਂ ਬਾਹਰ ਹੈ। ਉਸ ਨੇ ਸਮੁੰਦਰ ਨੂੰ ਬੰਨ੍ਹ ਕੇ ਰੱਖਿਆ ਹੋਇਆ ਹੈ ਅਤੇ ਧਰੂ ਤਾਰੇ ਨੂੰ ਆਪਣੇ ਅਸਥਾਨ ਤੇ ਟਿਕਾਇਆ ਹੋਇਆ ਹੈ। ਨਾਮਦੇਵ ਦੇ ਸਵਾਮੀ ਹਰੀ ਨੇ ਸੀਤਾ ਨੂੰ ਮੋੜ ਕੇ ਲਿਆਂਦਾ ਸੀ ਅਤੇ ਲੰਕਾ ਦਾ ਰਾਜ ਭਭੀਖਣ ਨੂੰ ਦੇ ਦਿਤਾ ਸੀ।





# ਅਸੀਂ ਤੇ ਸਾਡਾ ਜਗਤ

ਜਦ ਸਾਨੂੰ ਸੁਫਨਾ ਆਵੇ ਤਾਂ ਕੀ ਹੁੰਦਾ ਹੈ? ਅਸੀਂ ਤਾਂ ਪਲੰਘ ਉਤੇ ਸੁੱਤੇ ਪਏ ਹੁੰਦੇ ਹਾਂ ਪਰ ਸਾਡੇ ਮਨ ਵਿਚੋਂ ਇਕ ਜਗਤ ਰਚਨਾ ਪੈਦਾ ਹੋ ਕੇ ਸਾਡੇ ਸਾਮ੍ਹਣੇ ਆ ਜਾਂਦੀ ਹੈ। ਉਹ ਜਗਤ ਰਚਨਾ ਉਸੇ ਤਰ੍ਹਾਂ ਹੀ ਹੂ-ਬ-ਹੂ ਲਗਦੀ ਹੈ ਜਿਸ ਤਰ੍ਹਾਂ ਦੀ ਜਗਤ ਰਚਨਾ ਸਾਨੂੰ ਜਾਗਦਿਆਂ ਨਜ਼ਰ ਆਉਂਦੀ ਹੈ। ਜਾਗਦਿਆਂ ਨਜ਼ਰ ਆਉਣ ਵਾਲੀ ਜਗਤ ਰਚਨਾ ਵਿਚ ਸਾਨੂੰ ਮਰ ਚੁੱਕੇ ਮਿਤਰ, ਸਾਕ ਸਬੰਧੀ ਕੋਸ਼ਿਸ਼ ਕਰਨ ਤੇ ਵੀ ਉਥੇ ਨਜ਼ਰ ਨਹੀਂ ਆਉਂਦੇ, ਐਪਰ ਸੁਫਨੇ ਦੀ ਜਗਤ ਰਚਨਾ ਵਿਚ ਇਹ ਵਾਧਾ ਹੁੰਦਾ ਹੈ ਕਿ ਉਸ ਵਿਚ ਸਾਨੂੰ ਸਾਡੇ ਮਰ ਚੁੱਕੇ ਮਿੱਤਰ ਤੇ ਸਬੰਧੀ ਵੀ ਨਜ਼ਰ ਆਉਂਦੇ ਹਨ। ਸੁਫਨੇ ਦੇ ਜਗਤ ਵਿਚ ਨਿਰ੍ਹੇ ਸਾਡੇ ਰਿਸ਼ਤੇਦਾਰ ਤੇ ਮਿਤਰ ਹੀ ਨਜ਼ਰ ਨਹੀਂ ਆਉਂਦੇ ਉਸ ਵਿਚ ਪਿਛਲਾ ਗੁਜ਼ਰਿਆ ਸਮਾਂ ਵੀ ਸਾਡੇ ਸਾਮ੍ਹਣੇ ਜਿਉਂ ਦਾ ਤਿਉਂ ਆ ਜਾਂਦਾ ਹੈ। ਦਸ ਦਸ ਵੀਹ ਵੀਹ ਵਰ੍ਹਿਆਂ ਦੀਆਂ ਪਿਛਲੀਆਂ ਘਟਨਾਵਾਂ ਸੁਫਨੇ ਵਿਚ ਇੰਜ ਭਾਸਦੀਆਂ ਹਨ ਜਿਵੇਂ ਕਿ ਹੁਣ ਫੇਰ ਸਾਡੇ ਸਾਮ੍ਹਣੇ ਹੋ ਰਹੀਆਂ ਹਨ।

ਸੁਫਨੇ ਦਾ ਜਗਤ ਸਾਡੇ ਮਨ ਵਿਚੋਂ ਪੈਦਾ ਹੋ ਕੇ ਸਾਨੂੰ ਆਪਣੇ ਆਪ ਵਿਚ ਲਪੇਟ ਲੈਂਦਾ ਹੈ ਅਤੇ ਇੰਜ ਜਾਪਦਾ ਹੈ ਕਿ ਇਕ ਵੱਡੀ ਜਗਤ ਰਚਨਾ ਵਿਚ ਅਸੀਂ ਇਕ ਛੋਟੇ ਜਿਹੇ ਜੀਵ ਬਣ ਕੇ ਕਦੀ ਕੋਈ, ਕਦੀ ਕੋਈ ਪਾਰਟ ਅਦਾ ਕਰ ਰਹੇ ਹਾਂ। ਦਰਅਸਲ ਸੁਫਨੇ ਦੀ ਸਾਰੀ ਜਗਤ ਰਚਨਾ ਸਾਡੇ ਮਨ ਤੋਂ ਉਪਜਦੀ ਹੈ ਪਰ ਸਾਨੂੰ ਸੁਫਨੇ ਵਿਚ ਇਹ ਮਲੂਮ ਹੁੰਦਾ ਹੈ ਕਿ ਜਗਤ ਰਚਨਾ ਤਾਂ ਅੱਗੇ ਹੀ ਕਾਇਮ ਸੀ, ਅਸੀਂ ਉਸ ਜਗਤ ਰਚਨਾ ਵਿਚੋਂ ਪੈਦਾ ਹੋਏ ਹਾਂ। ਇਹ ਸਾਡਾ ਭਾਰਾ ਭੁਲੇਖਾ ਹੈ ਜੋ ਕਿ ਵਿਚਾਰ ਕਰਨ ਨਾਲ ਦੂਰ ਹੋ ਜਾਵੇਗਾ। ਜਦ ਸਾਡੀ ਨੀਂਦਰ ਖੁਲ੍ਹ ਜਾਵੇ ਤਾਂ ਸੁਫਨਾ ਅਤੇ ਸੁਫਨੇ ਦਾ ਜਗਤ ਅਤੇ ਸੁਫਨੇ ਦੇ ਜਗਤ ਵਾਲੀ ਸਾਡੀ ਹਸਤੀ ਸਭ ਛਿਨ ਵਿਚ ਖਤਮ ਹੋ ਜਾਂਦੇ ਹਨ, ਇਸ ਤੋਂ ਸਾਨੂੰ ਪਤਾ ਲੱਗੇਗਾ ਕਿ ਸੁਫਨਾ, ਸੁਫਨੇ ਦਾ ਜਗਤ ਅਤੇ ਉਸ ਜਗਤ

ਵਿਚ ਸਾਡੀ ਹਸਤੀ ਕੇਵਲ ਸਾਡੀ ਨੀਂਦਰ ਵੇਲੇ ਸਾਡੇ ਮਨ ਤੋਂ ਉਪਜੇ ਸਨ, ਦਰਅਸਲ ਕੁਝ ਨਹੀਂ ਸਨ, ਪਰ ਇਹ ਪਤਾ ਸਾਨੂੰ ਨੀਂਦਰ ਖੁਲ੍ਹਣ ਉਤੇ ਹੀ ਲਗ ਸਕਦਾ ਹੈ। ਸੁਫਨੇ ਵਿਚ ਅਸੀਂ ਸੁਫਨੇ ਦੀ ਅਸਲੀਅਤ ਨੂੰ ਮੰਨਣ ਵਾਸਤੇ ਕਦੀ ਤਿਆਰ ਨਹੀਂ ਹੁੰਦੇ। ਸੁਫਨੇ ਵਿਚ ਸੁਫਨੇ ਦੀ ਜਗਤ ਰਚਨਾ ਉਸੇ ਤਰ੍ਹਾਂ ਸੱਚ ਭਾਸਦੀ ਹੈ ਜਿਸ ਤਰ੍ਹਾਂ ਜਾਗਦਿਆਂ ਜਾਗਣ ਵੇਲੇ ਦੀ ਜਗਤ ਰਚਨਾ।

ਆਤਮਕ ਸਾਇੰਸਦਾਨ ਸਦੀਆਂ ਦੀ ਖੋਜ ਮਗਰੋਂ ਇਸ ਨਤੀਜੇ ਤੇ ਪਹੁੰਚੇ ਹਨ ਕਿ ਜਿਵੇਂ ਸੁਫਨੇ ਦੀ ਜਗਤ ਰਚਨਾ ਕੇਵਲ ਸਾਡੇ ਮਨ ਤੋਂ ਉਪਜਦੀ ਹੈ ਤੇ ਅਸਲ ਵਿਚ ਨਹੀਂ ਹੁੰਦੀ, ਇਸੇ ਤਰ੍ਹਾਂ ਜਾਗਦਿਆਂ ਨਜ਼ਰ ਆਉਣ ਵਾਲੀ ਸਾਡੀ ਜਗਤ ਰਚਨਾ ਵੀ ਕੇਵਲ ਸਾਡੇ ਮਨ ਤੋਂ ਉਪਜਦੀ ਹੈ, ਅਸਲ ਵਿਚ ਕੁਝ ਨਹੀਂ ਹੁੰਦੀ, ਪਰ ਸਾਨੂੰ ਇਹ ਸੱਚੀ ਉਸੇ ਤਰ੍ਹਾਂ ਭਾਸਦੀ ਹੈ ਜਿਵੇਂ ਸੁਫਨੇ ਵੇਲੇ ਸੁਫਨੇ ਦੀ ਜਗਤ ਰਚਨਾ। ਜਿਵੇਂ ਸੁਫਨੇ ਦੀ ਜਗਤ ਰਚਨਾ ਨੀਂਦਰ ਖੁਲ੍ਹਣ ਉਤੇ ਅਲੋਪ ਹੋ ਜਾਂਦੀ ਹੈ ਤਿਵੇਂ ਜਾਗਣ ਵੇਲੇ ਦੀ ਜਗਤ ਰਚਨਾ ਜੀਵਨ ਦੀ ਮੌਤ ਸਮੇਂ ਜਾਂ ਸਰੀਰ ਛੱਡਣ ਵੇਲੇ ਅਲੋਪ ਹੋ ਜਾਂਦੀ ਹੈ।

ਜਗਤ ਰਚਨਾ ਨੂੰ ਸੱਚ ਸਮਝਣ ਵਾਲਾ ਏਥੇ ਇਹ ਸ਼ੰਕਾ ਜਾਂ ਸਵਾਲ ਕਰ ਸਕਦਾ ਹੈ ਕਿ ਮੌਤ ਮਗਰੋਂ ਜੋ ਕੁਝ ਵੀ ਹੁੰਦਾ ਹੈ, ਉਸ ਸਬੰਧੀ ਕੇਵਲ ਕਿਆਫੇ ਹੀ ਲਗਾਏ ਜਾ ਸਕਦੇ ਹਨ, ਤਜਰਬੇ ਵਿਚ ਲਿਆ ਕੇ ਦੇਖਿਆ ਨਹੀਂ ਜਾ ਸਕਦਾ। ਮੌਤ ਮਗਰੋਂ ਜਗਤ ਰਚਨਾ ਅਲੋਪ ਹੋ ਜਾਂਦੀ ਹੈ ਜਾਂ ਨਹੀਂ, ਇਹ ਇਕ ਐਸੀ ਥਿਊਰੀ ਜਾਂ ਸਿਧਾਂਤ ਹੈ ਜੋ ਕੇਵਲ ਫਰਜ਼ ਹੀ ਕੀਤਾ ਜਾ ਸਕਦਾ ਹੈ, ਪਰਤਾ ਕੇ ਜਾਂ ਅਜ਼ਮਾ ਕੇ ਨਹੀਂ ਦੇਖਿਆ ਜਾ ਸਕਦਾ। ਜਿਥੇ ਸੁਫਨੇ ਦੀ ਜਗਤ ਰਚਨਾ ਦਾ ਸੌਂ ਕੇ ਅਤੇ ਮੁੜ ਜਾਗ ਕੇ, ਤਜਰਬਾ ਹੋ ਸਕਦਾ ਹੈ, ਜਾਗਣ ਵੇਲੇ ਦੀ ਜਗਤ ਰਚਨਾ ਸਬੰਧੀ ਕੋਈ ਵਿਗਿਆਨਕ ਤਜਰਬਾ ਨਹੀਂ ਕੀਤਾ ਜਾ ਸਕਦਾ।

ਆਤਮਕ ਸਾਇੰਸਦਾਨ (ਸੰਤ, ਭਗਤ, ਰਿਸ਼ੀ, ਮੁਨੀ, ਅਵਤਾਰ, ਸਿਮਰਨ ਅਭਿਆਸੀ) ਇਸ ਸਵਾਲ ਦਾ ਜਵਾਬ ਜਾਂ ਹੱਲ ਇਸ ਤਰ੍ਹਾਂ ਪੇਸ਼ ਕਰਦੇ ਹਨ। ਆਤਮਕ ਸਾਇੰਸਦਾਨ ਆਖਦੇ ਹਨ ਕਿ ਜਗਤ ਰਚਨਾ





ਭਾਵੇਂ ਜਾਗਣ ਵੇਲੇ ਦੀ ਹੋਵੇ ਭਾਵੇਂ ਨੀਂਦਰ ਵੇਲੇ ਦੀ, ਕੇਵਲ ਜੀਵ ਜਾਂ ਆਦਮੀ ਦੇ ਮਨ ਤੋਂ ਉਪਜਦੀ ਹੈ ਅਤੇ ਜਦ ਤਕ ਮਨ ਕਾਇਮ ਰਹੇ, ਜਗਤ ਰਚਨਾ ਵੀ ਕਿਸੇ ਨਾ ਕਿਸੇ ਸ਼ਕਲ ਵਿਚ ਕਾਇਮ ਰਹਿੰਦੀ ਹੈ। ਜਿਥੇ ਮਨ ਨਹੀਂ ਉਥੇ ਜਗਤ ਰਚਨਾ ਵੀ ਨਹੀਂ। ਆਤਮਕ ਸਾਇੰਸਦਾਨ ਏਥੇ ਪਹੁੰਚ ਕੇ ਦਸਦੇ ਹਨ ਕਿ ਮਨ ਨੂੰ ਅਭਿਆਸ ਦਵਾਰਾ ਅਸੀ ਆਤਮਾ ਵਿਚ ਲੀਨ ਕਰ ਸਕਦੇ ਹਾਂ ਅਤੇ ਜਦ ਮਨ ਆਤਮਾ ਵਿਚ ਲੀਨ ਹੋ ਜਾਵੇ ਤਾਂ ਹਰ ਪ੍ਰਕਾਰ ਦਾ ਜਗਤ (ਸੁਫਨੇ ਅਤੇ ਜਾਗਣ ਵੇਲੇ ਨਜ਼ਰ ਆਉਣ ਵਾਲਾ) ਵੀ ਲੀਨ ਹੋ ਜਾਂਦਾ ਹੈ। ਜਗਤ ਨੂੰ ਮਿਥਿਆ ਸਾਬਤ ਕਰਨ ਵਾਸਤੇ ਜ਼ਰੂਰੀ ਨਹੀਂ ਕਿ ਅਸੀਂ ਮੌਤ ਦਾ ਇੰਤਜ਼ਾਰ ਕਰੀਏ, ਸਗੋਂ ਜੀਊਂਦੇ ਹੋਇਆਂ, ਸਰੀਰ ਵਿਚ ਰਹਿੰਦੇ ਹੋਇਆਂ ਅਸੀਂ ਯੋਗ ਅਭਿਆਸ ਜਾਂ ਸਿਮਰਨ ਅਭਿਆਸ ਦਵਾਰਾ ਮਨ ਨੂੰ ਆਤਮਾ ਵਿਚ ਲੀਨ ਕਰ ਸਕਦੇ ਹਾਂ ਅਤੇ ਜਗਤ ਦੇ ਖਿਆਲੀ (mental) ਮਿਥਿਆ (unreal) ਹੋਣ ਦਾ ਤਜਰਬਾ ਕਰ ਸਕਦੇ ਹਾਂ। ਇਹ ਤਜਰਬਾ ਆਦਮੀ ਨੂੰ ਜਗਤ ਦੀ ਸਚਾਈ ਸਬੰਧੀ ਅਸਲੀਅਤ ਤੋਂ ਵਾਕਫ਼ ਕਰ ਸਕਦਾ ਹੈ।

ਆਤਮਕ ਸਾਇੰਸਦਾਨ ਜਗਤ ਨੂੰ ਮਿਥਿਆ (ਉਹ ਚੀਜ਼ ਜੋ ਅਸਲ ਵਿਚ ਤਾਂ ਸੱਚ ਨਹੀਂ ਪਰ ਅਗਿਆਨਤਾ ਕਰਕੇ ਸੱਚ ਭਾਸਦੀ ਹੈ) ਸਾਬਤ ਕਰਕੇ ਅੱਗੇ ਇਹ ਦਸਦੇ ਹਨ ਕਿ ਜੀਵ ਦੇ ਮਨ ਤੋਂ ਜਗਤ ਰਚਨਾ ਪੈਦਾ ਹੋ ਕੇ ਉਸ ਨੂੰ ਆਪਣੇ ਅੰਦਰ ਵਲੇਟ ਲੈਂਦੀ ਹੈ ਅਤੇ ਜਦ ਤਕ ਉਸ ਦੀ ਭੁਲੇਖੇ ਦੀ ਅੱਖ, ਗਿਆਨ ਦੇ ਹਲੂਣੇ ਨਾਲ ਨਾ ਖੁਲ੍ਹੇ ਉਸ ਨੂੰ ਮਨ ਦੀ ਜਗਤ ਰਚਨਾ ਸੱਚੀ ਅਤੇ ਅਟੱਲ ਭਾਸਦੀ ਰਹਿੰਦੀ ਹੈ, ਐਪਰ ਦਰਅਸਲ ਜੀਵ ਖੁਦ ਅਟੱਲ ਹੈ ਅਤੇ ਉਸ ਦੀ ਜਗਤ ਰਚਨਾ ਉਸ ਵਿਚੋਂ ਉਪਜਦੀ ਅਤੇ ਉਸੇ ਵਿਚ ਲੀਨ ਹੁੰਦੀ ਰਹਿੰਦੀ ਹੈ। ਜਿਵੇਂ ਅਸੀਂ ਸਿਨੇਮੇ ਦੀਆਂ ਫ਼ਿਲਮਾਂ ਦੇਖਦੇ ਹਾਂ ਅਤੇ ਦੇਖਣ ਮਗਰੋਂ ਫ਼ਿਲਮਾਂ ਖਤਮ ਹੁੰਦੀਆਂ ਜਾਂ ਮੁਕਦੀਆਂ ਹਨ, ਅਸੀਂ ਨਹੀਂ ਮੁਕਦੇ ਜਾਂ ਖਤਮ ਹੁੰਦੇ, ਸਗੋਂ ਹੋਰ ਨਵੇਂ ਸਿਨੇਮੇ ਦੇਖਣ ਲਈ ਜਿਉਂ ਦੇ ਤਿਉਂ ਕਾਇਮ ਰਹਿੰਦੇ ਹਾਂ, ਏਸੇ ਤਰ੍ਹਾਂ ਹਰ ਮੌਤ ਵੇਲੇ ਸਾਡੀ ਜਗਤ ਰਚਨਾ ਸਾਡੇ ਅੰਦਰ ਹੀ ਲੀਨ ਹੋ ਜਾਂਦੀ ਹੈ ਅਤੇ ਅਸੀਂ ਜਿਉਂ ਤੇ ਤਿਉਂ ਕਾਇਮ ਰਹਿੰਦੇ ਹਾਂ ਅਤੇ ਆਪਣੀ ਇਛਿਆ (ਆਤਮਕ ਅਵਸਥਾ) ਅਨੁਸਾਰ ਫੇਰ ਆਪਣੇ ਅੰਦਰੋਂ

ਹੋਰ ਨਵੀਂ ਜਗਤ ਰਚਨਾ ਪੈਦਾ ਕਰਕੇ ਉਸ ਦਾ ਤਮਾਸ਼ਾ ਦੇਖਦੇ ਹਾਂ। ਏਸੇ ਤਰ੍ਹਾਂ ਜਗਤ ਰਤਨਾ ਦੀ ਫ਼ਿਲਮ ਸਾਡੇ ਲਈ ਸਾਡੇ ਅੰਦਰ ਨਿਤ ਨਵੀਂ ਬਣ ਕੇ ਸਾਡੇ ਹੀ ਸਾਮ੍ਹਣੇ ਆਉਂਦੀ ਰਹਿੰਦੀ ਹੈ ਪਰ ਅਸੀਂ ਨਾਵਾਕਫ਼ੀ ਦੇ ਕਾਰਨ ਇਹ ਸਮਝਦੇ ਹਾਂ ਕਿ ਅਸੀਂ ਪਏ ਮਰਦੇ ਹਾ ਪਰ ਜਗਤ ਰਚਨਾ ਕਾਇਮ ਹੈ।

ਆਤਮਕ ਅਭਿਆਸੀਆਂ ਨੇ ਇਸ ਤੋਂ ਅੱਗੇ ਇਹ ਦਰਯਾਫਤ ਕੀਤਾ ਹੈ ਕਿ ਜਗਤ ਰਚਨਾ ਤਾਂ ਜੀਵ ਦੇ ਮਨ ਤੋਂ ਪੈਦਾ ਹੁੰਦੀ ਹੈ ਅਤੇ ਉਸ ਦੇ ਮਨ ਵਿਚ ਲੀਨ ਹੁੰਦੀ ਰਹਿੰਦੀ ਹੈ ਪਰ ਜੀਵ ਆਪਣੀ ਅਸਲੀਅਤ ਵਿਚ ਮਨ ਤੋਂ ਪਰ੍ਹੇ ਅਤੇ ਮਨ ਤੋਂ ਉਰ੍ਹੇ ਹੈ। ਜਦ ਅਭਿਆਸ ਕਰਕੇ ਜੀਵ ਆਪਣੇ ਮਨ ਨੂੰ ਆਪਣੇ ਅਸਲੇ, ਆਪਣੇ ਆਤਮਾ-ਪ੍ਰਮਾਤਮਾ ਵਿਚ ਲੀਨ ਕਰ ਲਵੇ ਤਾਂ ਉਸ ਲਈ ਜਗਤ ਰਚਨਾ ਤਾਂ ਮੁਕ ਜਾਂਦੀ ਪਰ ਉਹ ਆਪ ਨਹੀਂ ਮੁਕਦਾ, ਜਿਉਂ ਦਾ ਤਿਉਂ ਆਪਣੇ ਆਤਮਕ ਰੂਪ ਵਿਚ ਕਾਇਮ ਰਹਿੰਦਾ ਹੈ। ਇਸ ਅਵਸਥਾ ਦਾ ਜੀਵ ਉਸ ਆਦਮੀ ਵਾਂਗਰ ਹੀ ਹੁੰਦਾ ਹੈ ਜਿਸ ਦਾ ਦਿਲ ਰੋਜ਼ ਸਿਨੇਮੇ ਦੇਖ ਕੇ ਥੱਕ ਗਿਆ ਹੋਵੇ ਅਤੇ ਅੱਗੋ ਨੂੰ ਹੋਰ ਸਿਨੇਮੇ ਦੇਖਣੇ ਬੰਦ ਕਰ ਦੇਵੇ। ਇਸ ਅਵਸਥਾ ਦੇ ਆਤਮ ਅਭਿਆਸੀ ਨੂੰ ਮੋਖਸ਼ ਜਾਂ ਮੁਕਤੀ ਦਾ ਉਚਾ ਤੇ ਦੁਰਲੱਭ ਦਰਜਾ ਪ੍ਰਾਪਤ ਹੁੰਦਾ ਹੈ।

ਮੋਖਸ਼ ਦਾ ਦੁਰਲੱਭ ਦਰਜਾ ਜੀਵ ਨੂੰ ਤਦ ਪ੍ਰਾਪਤ ਹੁੰਦਾ ਹੈ ਜਦ ਉਸ ਦੀ ਹਰ ਪ੍ਰਕਾਰ ਦੀ ਇਿਛਆ ਖਤਮ ਹੋ ਜਾਵੇ। ਸਿਮਰਨ ਅਭਿਆਸੀ ਜਾਂ ਆਤਮਕ ਸ਼ਾਇੰਸਦਾਨ ਮੁਕਤੀ ਦੇ ਦਰਜੇ ਤੋਂ ਪਹਿਲੇ ਆਪਣੇ ਮਨ ਤੋਂ ਜਗਤ ਰਚਨਾ ਪੈਦਾ ਕਰਕੇ ਆਪਣੀ ਇਛਿਆ ਅਤੇ ਖੁਸ਼ੀ ਅਨੁਸਾਰ ਆਪਣੇ ਮਨ ਤੋਂ ਪੈਦਾ ਕੀਤੀ ਜਗਤ ਰਚਨਾ ਵਿਚ ਜੋ ਜੀਅ ਕਰੇ, ਉਹੋ ਕੁਝ ਬਣ ਕੇ ਪੂਰਨ ਸੁਖੀ ਜੀਵਨ ਬਤੀਤ ਕਰਦੇ ਹਨ। ਅਗਿਆਨੀ ਅਤੇ ਗਿਆਨੀ ਪੁਰਸ਼ ਵਿਚ ਫਰਕ ਇਹ ਹੁੰਦਾ ਹੈ ਕਿ ਅਗਿਆਨੀ ਪੁਰਸ਼ ਨੂੰ ਜਗਤ ਰਚਨਾ ਅਤੇ ਆਪਣੇ ਮਨ ਦੇ ਸਬੰਧ ਦਾ ਪਤਾ ਨਾ ਹੋਣ ਕਰਕੇ ਉਹ ਆਪਣੀ ਇਛਿਆ ਜਾਂ ਮਰਜ਼ੀ ਉਸ ਦ੍ਰਿੜਤਾ ਦੀ ਨਹੀਂ ਬਣਾ ਸਕਦਾ ਜਿਸ ਦ੍ਰਿੜ੍ਹਤਾ ਦੀ ਇਛਿਆ ਗਿਆਨੀ ਪੁਰਸ਼ ਬਣਾ ਸਕਦਾ ਹੈ। ਇਸ ਕਰਕੇ ਅਗਿਆਨੀ ਪੁਰਸ਼ ਦੀ ਇਛਿਆ ਅਨੇਕ ਜਨਮ ਲੈਣ ਨਾਲ ਵੀ





ਅਨੰਦ, ਬੇ-ਮੁਥਾਜੀ, ਨਿਰਭੈਤਾ, ਨਿਰਵੈਰਤਾ ਅਤੇ ਬੇ-ਪ੍ਰਵਾਹੀ ਦੇ ਹੋਰ ਕੁਝ ਹੈ ਹੀ ਨਹੀਂ।

ਗੁਰ ਉਪਦੇਸ਼ ਦਵਾਰਾ ਨਜ਼ਰ ਆਉਣ ਵਾਲੀ ਦੁਨੀਆਂ ਦੀ ਤਸਵੀਰ ਗੁਰੂ ਅਰਜਨ ਦੇਵ ਮਹਾਰਾਜ ਇਸ ਪ੍ਰਕਾਰ ਖਿਚਦੇ ਹਨ -

*ਸੋਰਠਿ ਮਹਲਾ ੫*

*ਕਰਨ ਕਰਾਵਨ ਹਰਿ ਅੰਤਰਜਾਮੀ ਜਨ ਅਪੁਨੇ ਕੀ ਰਾਖੈ॥*
*ਜੈ ਜੈ ਕਾਰੁ ਹੋਤੁ ਜਗ ਭੀਤਰਿ ਸਬਦੁ ਗੁਰੂ ਰਸੁ ਚਾਖੈ॥*
*ਪ੍ਰਭ ਜੀ ਤੇਰੀ ਓਟ ਗੁਸਾਈ॥*
*ਤੂ ਸਮਰਥੁ ਸਰਨਿ ਕਾ ਦਾਤਾ॥*
*ਆਠ ਪਹਰ ਤੁਮ ਧਿਆਈ॥ ਰਹਾਉ॥*
*ਜੋ ਜਨੁ ਭਜਨੁ ਕਰੇ ਪ੍ਰਭ ਤੇਰਾ ਤਿਸੈ ਅੰਦੇਸਾ ਨਾਹੀ॥*
*ਸਤਿਗੁਰ ਚਰਨ ਲਗੇ ਭਉ ਮਿਟਿਆ ਹਰਿ ਗੁਨ ਗਾਏ ਮਨ ਮਾਹੀ*
*ਸੁਖ ਸਹਜ ਆਨੰਦ ਘਨੇਰੇ ਸਤਿਗੁਰ ਦੀਆ ਦਿਲਾਸਾ॥*
*ਜਿਣਿ ਘਰ ਆਏ ਸੋਭਾ ਸੇਤੀ ਪੂਰਨ ਹੋਈ ਆਸਾ॥*
*ਪੂਰਾ ਗੁਰੁ ਪੂਰੀ ਮਤਿ ਜਾ ਕੀ ਪੂਰਨ ਪ੍ਰਭ ਕੇ ਕਾਮਾ॥*
*ਗੁਰ ਚਰਨੀ ਲਾਗਿ ਤਰਿਓ ਭਵ ਸਾਗਰੁ*
*ਜਪਿ ਨਾਨਕ ਹਰਿ ਹਰਿ ਨਾਮਾ॥* *ਪੰਨਾ - 630*

# ਵਾਹਿਗੁਰੂ ਜੀ ਕਾ ਖਾਲਸਾ

ਖਾਲਸਾ ਦੁਨੀਆਂ ਦਾ ਨਹੀਂ, ਕਿਸੇ ਦੇਸ਼ ਜਾਂ ਕੌਮ ਦਾ ਨਹੀਂ, ਖਾਲਸਾ ਵਾਹਿਗੁਰੂ ਜੀ ਕਾ ਹੈ। ਵਾਹਿਗੁਰੂ ਜੀ ਦਾ ਹੋਣ ਕਰਕੇ, ਖਾਲਸੇ ਦਾ ਆਦਰਸ਼ ਵਾਹਿਗੁਰੂ ਜੀ ਦੀ ਸੇਵਾ ਹੈ। ਵਾਹਿਗੁਰੂ ਜੀ ਦੀ ਸੇਵਾ ਉਹ ਹੈ ਜਿਹੜੀ ਵਾਹਿਗੁਰੂ ਜੀ ਨੂੰ ਭਾਵੇ। ਵਾਹਿਗੁਰੂ ਜੀ ਨੂੰ ਉਹ ਸੇਵਾ ਭਾਂਵਦੀ ਹੈ ਜਿਹੜੀ ਵਾਹਿਗੁਰੂ ਜੀ ਦੇ ਸੁਭਾਉ ਦੇ ਅਨੁਕੂਲ ਹੋਵੇ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਵਾਹਿਗੁਰੂ ਦਾ ਸੁਭਾਉ ਜਾਂ ਵਾਹਿਗੁਰੂ ਜੀ ਦੇ ਅਨੇਕ ਗੁਣ ਦੱਸੇ ਹਨ। ਗੁਰੂ ਗ੍ਰੰਥ ਜੀ ਅਨੁਸਾਰ ਵਾਹਿਗੁਰੂ ਨਿਰਭੌ, ਨਿਰਵੈਰ, ਸਰਬਸ਼ਕਤੀਮਾਨ, ਕਿਰਪਾ ਰੂਪ, ਔਗੁਣਾਂ ਨੂੰ ਨਾ ਚਿਤਾਰਨ ਵਾਲਾ, ਸਰਨ ਆਏ ਦੀ ਲਾਜ ਰੱਖਣ ਵਾਲਾ, ਜ਼ੁਲਮ ਤੇ ਅਨਿਆਏ ਦਾ ਵਿਰੋਧੀ ਅਤੇ ਗਰੀਬਾਂ, ਅਨਾਥਾਂ ਦਾ ਸਹਾਰਾ ਹੈ। ਵਾਹਿਗੁਰੂ ਜੀ ਦਾ ਹੋਣ ਕਰਕੇ ਅਤੇ ਵਾਹਿਗੁਰੂ ਜੀ ਦੀ ਪ੍ਰਸੰਨਤਾ ਨੂੰ ਜੀਵਨ ਦਾ ਆਦਰਸ਼ ਸਮਝਣ ਕਰਕੇ, ਖਾਲਸਾ ਵੀ ਸ਼ੁਰੂ ਤੋਂ ਉਹੀ ਕੰਮ ਕਰਦਾ ਆਇਆ ਹੈ ਜਿਨ੍ਹਾਂ ਵਿਚੋਂ ਵਾਹਿਗੁਰੂ ਜੀ ਦੇ ਗੁਣ ਪ੍ਰਗਟ ਹੁੰਦੇ ਹਨ। ਖਾਲਸੇ ਦਾ ਸ਼ੁਰੂ ਤੋਂ ਆਦਰਸ਼ ਜ਼ੁਲਮ, ਝੂਠ ਤੇ ਬੇਇਨਸਾਫੀ ਦਾ, ਚਾਹੇ ਉਹ ਕਿਸੇ ਵੀ ਸ਼ਕਲ ਵਿਚ ਹੋਣ, ਮੁਕਾਬਲਾ; ਅਤੇ ਮਜ਼ਲੂਮਾਂ, ਅਨਾਥਾਂ ਤੇ ਗਰੀਬਾਂ ਦੀ ਚਾਹੇ ਉਹ ਕੋਈ ਵੀ ਹੋਣ, ਰਖਸ਼ਾ ਕਰਨਾ ਰਿਹਾ ਹੈ।

ਜ਼ਾਲਮ ਦੇ ਮੁਕਾਬਲੇ ਅਤੇ ਮਜ਼ਲੂਮਾਂ ਦੀ ਰਛਿਆ ਦਾ ਉਤਸ਼ਾਹ ਖਾਲਸੇ ਵਿਚ ਇਸ ਕਰਕੇ ਹੈ ਕਿ ਉਹ ਵਾਹਿਗੁਰੂ ਜੀ ਕਾ ਹੈ ਅਤੇ ਉਹ ਕੰਮ ਕਰਦਾ ਹੈ ਜੋ ਵਾਹਿਗੁਰੂ ਜੀ ਨੂੰ ਭਾਵਣ। ਵਾਹਿਗੁਰੂ ਜੀ ਨੂੰ ਜ਼ੁਲਮ ਨਹੀਂ ਭਾਂਵਦਾ, ਇਸ ਕਰਕੇ ਖਾਲਸਾ ਜ਼ੁਲਮ ਦਾ ਡਟ ਕੇ ਮੁਕਾਬਲਾ ਕਰਦਾ ਹੈ।

ਜ਼ੁਲਮ ਦੇ ਮੁਕਾਬਲੇ ਵਿਚ ਖਾਲਸਾ ਪਿਛਲੇ ਕਿਹੜੇ ਹਥਿਆਰ ਤੇ ਵਸੀਲੇ ਸਫਲਤਾ ਨਾਲ ਵਰਤਦਾ ਰਿਹਾ ਹੈ? ਇਸ ਸਵਾਲ ਦਾ ਜਵਾਬ ਖਾਲਸੇ ਨੂੰ ਜ਼ੁਲਮ ਦਾ ਅੱਗੋਂ ਲਈ ਸਫਲਤਾ ਨਾਲ ਮੁਕਾਬਲਾ ਕਰਨ ਵਿਚ ਬੜਾ ਸਹਾਈ ਹੋਵੇਗਾ। ਇਤਿਹਾਸ ਗਵਾਹ ਹੈ ਕਿ ਖਾਲਸੇ ਨੇ ਸਮੇਂ ਵਿਚ ਜ਼ੁਲਮ ਅਤੇ ਨੀਚਤਾ ਦਾ ਮੁਕਾਬਲਾ, ਜ਼ੁਲਮ ਬੇਇਨਸਾਫੀ ਅਤੇ ਨੀਚਤਾ





ਨਾਲ ਨਹੀਂ ਕੀਤਾ। ਖਾਲਸੇ ਨੇ ਪਿਛੇ ਜ਼ੁਲਮ ਦਾ ਨਾਸ ਕਰਨ ਲੱਗਿਆਂ ਵੀ ਇਖਲਾਕ, ਸਚਾਈ ਅਤੇ ਰਹਿਮ ਨੂੰ ਹੱਥੋਂ ਨਹੀਂ ਛੱਡਿਆ। ਇਤਿਹਾਸ ਭਾਵੇਂ ਮੁਸਲਮਾਨ ਇਤਿਹਾਸਕਾਰਾਂ ਦਾ ਲਿਖਿਆ ਹੋਇਆ ਦੇਖੀਏ ਭਾਵੇਂ ਗੈਰ-ਮੁਸਲਮਾਨਾਂ ਦਾ, ਇਸ ਤੋਂ ਕਦੀ ਇਹ ਸਿੱਧ ਨਹੀਂ ਕੀਤਾ ਜਾ ਸਕਦਾ ਕਿ ਖਾਲਸੇ ਨੇ ਆਪਣੇ ਦੁਸ਼ਮਣਾਂ ਦੀਆਂ ਔਰਤਾਂ, ਬੱਚਿਆਂ ਅਤੇ ਬਿਰਧਾਂ ਉਤੇ ਹੱਥ ਚੁੱਕਿਆ ਹੋਵੇ। ਬਾਬਾ ਬੰਦਾ ਸਿੰਘ ਬਹਾਦਰ ਅਤੇ ਜਰਨੈਲ ਹਰੀ ਸਿੰਘ ਨਲੂਆ ਵੇਲੇ ਖਾਲਸੇ ਨੇ ਜ਼ਾਲਮਾਂ ਦਾ ਜ਼ਰੂਰ ਨੱਕ ਵਿਚ ਦਮ ਕਰ ਦਿਤਾ ਸੀ, ਐਪਰ ਉਦੋਂ ਵੀ ਐਸਾ ਕੋਈ ਵਾਕਿਆ ਨਹੀਂ ਹੋਇਆ ਜਦ ਕਿ ਮਾਸੂਮ ਤੇ ਨਿਰਦੋਸ਼ ਬੰਦਿਆਂ ਉਤੇ ਕਿਸੇ ਕਿਸਮ ਦੀ ਸਖਤੀ ਕੀਤੀ ਗਈ ਹੋਵੇ। ਮੁਸਲਮਾਨ ਇਤਿਹਾਸਕਾਰ ਵੀ ਖਾਲਸੇ ਵਿਰੁੱਧ ਇਹ ਦੋਸ਼ ਨਹੀਂ ਲਗਾ ਸਕੇ ਕਿ ਖਾਲਸੇ ਨੇ ਵੱਡੀ ਤੋਂ ਵੱਡੀ ਮੁਹਿਮ ਵੇਲੇ ਵੀ ਕਦੀ ਆਜਜ਼ਾਂ ਗਰੀਬਾਂ, ਔਰਤਾਂ, ਬੱਚਿਆਂ ਅਤੇ ਬੁਢਿਆਂ ਉਤੇ ਜ਼ੁਲਮ ਕੀਤਾ ਹੋਵੇ।

ਜ਼ੁਲਮ ਅਤੇ ਅਤਿਆਚਾਰ ਜਿਉਂ ਜਿਉਂ ਵਧਣ, ਖਾਲਸੇ ਦੀ ਗੈਰਤ, ਖਾਲਸੇ ਦਾ ਜੋਸ਼, ਖਾਲਸੇ ਦੀ ਸੂਰਮਗਤੀ ਤਿਉਂ ਤਿਉਂ ਜੋਸ਼ ਵਿਚ ਆਉਂਦੀ ਅਤੇ ਤਿਉਂ ਤਿਉਂ ਖਾਲਸੇ ਨੂੰ ਜ਼ੁਲਮ ਅਤੇ ਅਤਿਆਚਾਰ ਨਾਸ਼ ਕਰਨ ਵਾਸਤੇ ਤਿਆਰ-ਬਰ-ਤਿਆਰ ਕਰਦੀ ਹੈ। ਐਸਾ ਕਿਉਂ ਹੁੰਦਾ ਹੈ? ਕਿਉਂਕਿ ਖਾਲਸਾ ਵਾਹਿਗੁਰੂ ਜੀ ਕਾ ਹੈ ਅਤੇ ਵਾਹਿਗੁਰੂ ਜੀ ਨੂੰ ਜ਼ੁਲਮ, ਅਤਿਆਚਾਰ, ਝੂਠ ਅਤੇ ਬੇ-ਇਨਸਾਫੀ ਭਾਂਵਦੇ ਨਹੀਂ।

ਜ਼ੁਲਮ ਦਾ ਮੁਕਾਬਲਾ ਜ਼ੁਲਮ ਨਾਲ ਕਿਉਂ ਨਹੀਂ ਕਰਨਾ ਚਾਹੀਦਾ? ਇਸ ਵਾਸਤੇ ਕਿ ਜ਼ੁਲਮ ਦਾ ਨਾਸ਼ ਜ਼ੁਲਮ ਨਾਲ ਨਹੀਂ ਹੋ ਸਕਦਾ ਤੇ ਐਸਾ ਕਰਨਾ ਖਾਲਸੇ ਵਾਸਤੇ ਲਾਭਵੰਦ ਨਹੀਂ ਹੋਵੇਗਾ।

ਆਮ ਤੌਰ ਤੇ ਪਿਛੇ ਲੁਕ ਕੇ ਕਿਸੇ ਮਾਸੂਮ ਨੂੰ ਛੁਰਾ ਮਾਰਨ ਵਾਲਾ ਚਾਹੇ ਉਹ ਕਿਸੇ ਕੌਮ ਜਾਂ ਫਿਰਕੇ ਦਾ ਕਿਉਂ ਨਾ ਹੋਵੇ, ਆਪਣੇ ਆਪ ਵਿਚ ਨੀਚ ਤੇ ਕਾਇਰ ਬਣਦਾ ਚਲਾ ਜਾਂਦਾ ਹੈ। ਚੁੱਪ ਕਰਕੇ ਕਿਸੇ ਮਾਸੂਮ ਨੂੰ ਮਾਰਨ ਨਾਲ ਇਨਸਾਨ ਦੀ ਬੀਰਤਾ, ਕਾਇਰਤਾ ਵਿਚ ਤਬਦੀਲ ਹੋ ਜਾਂਦੀ ਹੈ। ਐਸਾ ਆਦਮੀ ਮੈਦਾਨ ਵਿਚ ਖਲੋ ਕੇ ਦੁਸ਼ਮਣ ਦਾ ਬਹਾਦਰੀ ਨਾਲ ਮੁਕਾਬਲਾ ਕਰਨ ਦੇ ਯੋਗ ਨਹੀਂ ਰਹਿੰਦਾ। ਯਾਦ ਰੱਖਣ ਵਾਲੀ ਅਤੇ ਸਮਝਣ ਵਾਲੀ ਗੱਲ ਇਹ ਹੈ ਕਿ ਜ਼ੁਲਮ ਹੋਰ ਚੀਜ਼ ਹੈ ਅਤੇ ਬਹਾਦਰੀ ਹੋਰ ਚੀਜ਼ ਹੈ। ਜ਼ੁਲਮ ਵੇਲੇ ਜ਼ਾਲਮ ਆਪਣੇ ਦੁਸ਼ਣ ਦੀ ਬੇਬਸੀ

ਤੋਂ ਲਾਭ ਉਠਾਂਦਾ ਹੈ ਅਤੇ ਉਸ ਸਬੰਧੀ ਆਪਣੇ ਨੀਵੇਂ ਤੇ ਨੀਚ ਜਜ਼ਬਿਆਂ ਨੂੰ ਵਰਤਦਾ ਹੈ। 'ਆਤਮ-ਸਾਇੰਸ' ਅਨੁਸਾਰ ਇਨਸਾਨ ਦੇ ਕਰਮ ਉਸ ਉਤੇ ਭਰਪੂਰ ਅਸਰ ਪਾਂਦੇ ਹਨ। ਜਿਥੇ ਨੇਕ, ਨਿਰਮਲ, ਸ਼ੁਭ ਆਸ਼ਿਆਂ ਨੂੰ ਲੈ ਕੇ ਕੀਤੇ ਕਰਮ, ਇਨਸਾਨ ਨੂੰ ਵਧੇਰੇ ਨੇਕ, ਵਧੇਰੇ ਨਿਰਮਲ ਬਣਾਂਦੇ ਹਨ, ਉਥੇ ਨੀਚ ਕਰਮ ਇਨਸਾਨ ਨੂੰ ਹੋਰ ਨੀਚ ਬਣਾਂਦੇ ਹਨ। ਜਦ ਕੋਈ ਆਦਮੀ ਕਿਸੇ ਨਿਰਦੋਸ਼ ਔਰਤ ਨੂੰ ਜਾਂ ਕਿਸੇ ਮਾਸੂਮ ਬੱਚੇ ਨੂੰ ਮਾਰਦਾ ਹੈ ਤਾਂ ਉਸ ਦਾ ਐਸਾ ਕਰਨਾ ਵੀ ਉਸ ਨੂੰ ਨੀਚ ਤੇ ਕਾਇਰ ਬਣਾਂਦਾ ਹੈ। ਜ਼ਾਲਮ ਆਦਮੀ ਬਹਾਦਰ ਆਦਮੀ ਨਾਲ ਆਹਮੋ ਸਾਮ੍ਹਣੇ ਹੋ ਕੇ ਸਦਾ ਲੜਨੋਂ ਝਿਜਕਦਾ ਹੈ ਅਤੇ ਸਦਾ ਬਹਾਦੁਰ ਆਦਮੀ ਤੋਂ ਆਪਣੇ ਦਿਲ ਵਿਚ ਡਰਦਾ ਹੈ। ਜ਼ੁਲਮ ਕਰਨ ਵਾਲੇ ਜਾਂ ਲੁਕ ਛੁਪ ਕੇ ਹਮਲੇ ਕਰਨ ਵਾਲੇ ਆਦਮੀ ਬਹਾਦਰ ਨਹੀਂ ਰਹਿੰਦੇ। ਉਹ ਆਪ ਵੀ ਬਹਾਦਰੀ ਦੇ ਕੰਮ ਨਹੀਂ ਕਰ ਸਕਦੇ ਅਤੇ ਬਹਾਦਰ ਆਦਮੀ ਤੋਂ ਸਦਾ ਡਰਦੇ ਹਨ। ਬਹਾਦਰ ਆਦਮੀ ਮਰਨ ਵਾਸਤੇ ਤਿਆਰ ਹੋ ਕੇ ਦੁਸ਼ਮਣ ਦੇ ਮੁਕਾਬਲੇ ਵਿਚ ਆਉਂਦਾ ਹੈ, ਇਸ ਲਈ ਨਿਰਭੈ ਹੋ ਕੇ ਲੜ ਸਕਦਾ ਹੈ, ਸਿਰ ਦੇ ਸਕਦਾ ਹੈ ਜਾਂ ਸਿਰ ਲੈ ਸਕਦਾ ਹੈ। ਜ਼ਾਲਮ ਆਦਮੀ ਮਰਨਾ ਨਹੀਂ ਚਾਹੁੰਦਾ, ਮੌਤ ਤੋਂ ਡਰਦਾ ਹੈ, ਇਸ ਵਾਸਤੇ ਜਿਥੇ ਇਸ ਨੂੰ ਸਾਮ੍ਹਣੇ ਮੌਤ ਦਿਸੇ ਉਥੋਂ ਨੱਸਦਾ ਹੈ।

ਇਸ ਅਸੂਲ ਅਨੁਸਾਰ ਜਿਹੜੀ ਕੌਮ ਆਪਣੇ ਮੈਂਬਰਾਂ ਨੂੰ ਜ਼ੁਲਮ ਅਤਿਆਚਾਰ ਕਰਨ ਦਾ ਪ੍ਰਚਾਰ ਕਰਦੀ ਹੈ ਉਹ ਆਪਣੀ ਕੌਮ ਵਿਚੋਂ ਬੀਰਤਾ ਦੇ ਜਜ਼ਬੇ ਦਾ ਨਾਸ ਕਰ ਰਹੀ ਅਤੇ ਕਾਇਰਤਾ ਦੇ ਜ਼ੁਲਮ ਨੂੰ ਵਧਾ ਰਹੀ ਹੈ। ਐਸੇ ਲੋਕਾਂ ਦੀ ਖਾਲਸੇ ਨੇ ਨਾ ਕਦੀ ਪਿਛੇ ਰੀਸ ਕੀਤੀ ਹੈ ਤੇ ਨਾ ਅੱਗੇ ਨੂੰ ਰੀਸ ਕਰਨੀ ਹੈ। ਖਾਲਸਾ ਵਾਹਿਗੁਰੂ ਜੀ ਕਾ ਹੈ ਅਤੇ ਇਸ ਨੇ ਬਦੀ ਦਾ, ਜ਼ੁਲਮ ਦਾ ਮੁਕਾਬਲਾ ਵਾਹਿਗੁਰੂ ਜੀ ਦਾ ਰਹਿ ਕੇ ਹੀ ਕਰਨਾ ਹੈ। ਐਸਾ ਕਰਨ ਵਿਚ ਵਾਹਿਗੁਰੂ ਜੀ ਇਸ ਦੇ ਸਦਾ ਅੰਗ ਸੰਗ ਰਹਿਣਗੇ। ਐਸਾ ਕਰਨ ਵਿਚ ਵਾਹਿਗੁਰੂ ਜੀ ਖਾਲਸੇ ਦੀ ਹਰ ਮੈਦਾਨ, ਹਰ ਮੋਰਚੇ ਵਿਚ ਫਤਹਿ ਕਰਨਗੇ। ਵਾਹਿਗੁਰੂ ਸਰਬ ਸ਼ਕਤੀਮਾਨ ਹੈ, ਸਦਾ ਫਤਹਿ ਦਾ ਰੂਪ ਹੈ, ਇਸ ਲਈ ਖਾਲਸਾ ਜਦੋਂ ਵੀ ਵਾਹਿਗੁਰੂ ਜੀ ਕਾ ਰਹੇਗਾ, ਸਦਾ ਫਤਹਿ ਪ੍ਰਾਪਤ ਕਰਦਾ ਰਹੇਗਾ।

ਵਾਹਿਗੁਰੂ ਜੀ ਕੀ ਫਤਹਿ।





# ਕਾਦਰ ਅਤੇ ਕੁੱਦਰਤ

ਕਈ ਮਿੱਤਰ, ਜਿਨ੍ਹਾਂ ਦਾ ਵਾਹਿਗੁਰੂ ਵਿਚ ਵਿਸ਼ਵਾਸ਼ ਨਹੀਂ, ਸਾਰੀ ਜਗਤ ਰਚਨਾ ਦਾ ਕਰਤਾ ਅਤੇ ਪ੍ਰਤਿਪਾਲਕ 'ਕੁਦਰਤ' ਨੂੰ ਦੱਸ ਕੇ ਆਪਣੇ ਆਪ ਨੂੰ ਅਤੇ ਆਪਣੇ ਅਸਰ ਹੇਠ ਆਉਣ ਵਾਲਿਆਂ ਨੂੰ ਬੜੇ ਧੋਖੇ ਵਿਚ ਰਖਦੇ ਹਨ। ਦੁਨੀਆਂ ਦੀਆਂ ਸਭ ਘਟਨਾਵਾਂ ਸਬੰਧੀ ਇਹ ਆਖਣਾ ਕਿ ਕੁਦਰਤ ਵਲੋਂ ਹੋ ਰਹੀਆਂ ਹਨ ਅਤੇ ਕੁਦਰਤ ਨੂੰ ਵਾਹਿਗੁਰੂ ਦਾ ਦਰਜਾ ਦੇਣ ਨਾਲ, ਵਾਹਿਗੁਰੂ ਦੀ ਹਸਤੀ ਤੋਂ ਮੁਨਕਰ ਹੋ ਸਕਣਾ ਕਠਿਨ ਹੀ ਨਹੀਂ, ਸਗੋਂ ਡੂੰਘੀ ਵਿਚਾਰ ਕਰਨ ਲੱਗਿਆਂ ਅਸੰਭਵ ਹੋ ਜਾਂਦਾ ਹੈ। ਲੋਹੇ ਦੀ ਮੋਟਰਕਾਰ ਵਿਚ ਚੜ੍ਹਿਆ ਹੋਇਆ ਆਦਮੀ ਜੇ ਆਖਣ ਲਗ ਜਾਵੇ ਕਿ ਇਹ ਮੋਟਰਕਾਰ ਲੋਹੇ ਨੇ ਬਣਾਈ ਹੈ ਅਤੇ ਫਲਾਣੇ ਕਾਰਖਾਨੇ ਵਿਚ ਬਣੀ ਹੈ ਤਾਂ ਉਸ ਦੇ ਇਤਨੇ ਆਖਣ ਨਾਲ ਮਨੁੱਖ ਦੀ ਹਸਤੀ ਤੋਂ ਇਨਕਾਰ ਕਰ ਸਕਣਾ ਅਸੰਭਵ ਹੈ। ਜੇਕਰ ਮਨੁੱਖ ਨਾ ਹੋਵੇ ਤਾਂ ਲੋਹੇ ਦੀ ਮੋਟਰਕਾਰ ਦੇ ਵਜੂਦ ਵਿਚ ਆਉਣ ਦਾ ਮੌਕਾ ਹੀ ਨਹੀਂ ਮਿਲ ਸਕਦਾ, ਇਸੇ ਤਰ੍ਹਾਂ ਕੁਦਰਤ ਨੂੰ ਸਭ ਘਟਨਾਵਾਂ ਦਾ ਕਰਤਾ ਆਖ ਕੇ 'ਕੁਦਰਤ' ਦੇ ਕਰਤਾ 'ਕਾਦਰ' ਤੋਂ ਇਨਕਾਰ ਨਹੀਂ ਹੋ ਸਕਦਾ।

ਕੁਦਰਤ ਕੀ ਹੈ? ਸੰਸਾਰ ਰਚਨਾ ਦੇ ਸਾਰੇ ਪਾਸਿਆਂ ਦੀ ਪੜਤਾਲ ਕਰਨ ਲੱਗਿਆਂ ਪਤਾ ਲਗਦਾ ਹੈ ਕਿ ਸੰਸਾਰ ਰਚਨਾ ਵਿਚ ਹਰ ਚੀਜ਼ ਅਸੂਲਾਂ ਜਾਂ ਨਿਯਮਾਂ ਦੇ ਆਧਾਰ ਤੇ ਬਣੀ ਹੈ ਅਤੇ ਨਿਯਮਾਂ ਦੇ ਆਧਾਰ ਤੇ ਹੀ ਕਾਇਮ ਹੈ। ਸੰਸਾਰ ਰਚਨਾ ਦੇ ਸਾਰੇ ਪਹਿਲੂਆਂ ਵਿਚ ਜੋ ਸਾਰੇ ਨਿਯਮ ਹਨ ਇਨ੍ਹਾਂ ਨਿਯਮਾਂ ਦੇ ਇਕੱਠ ਨੂੰ ਜਾਂ ਮਜਮੂਏ ਨੂੰ ਕੁਦਰਤ ਆਖਦੇ ਹਨ। ਦੁਨੀਆਂ ਹੀ ਹਰ ਸ਼ੈ ਕਿਉਂਕਿ ਨਿਯਮਾਂ ਦੇ ਆਧਾਰ ਤੇ ਬਣੀ ਨਜ਼ਰ ਆਉਂਦੀ ਹੈ ਇਸ ਲਈ ਇਹ ਆਖ ਲੈਣਾ ਸੌਖਾ ਹੈ ਕਿ ਦੁਨੀਆਂ ਦਾ ਕਰਤਾ ਦੁਨੀਆਂ ਦੀ ਬੁਨਿਆਦ ਵਿਚ ਲੁਕੇ ਨਿਯਮ ਹਨ ਜਾਂ ਇਨ੍ਹਾਂ ਨਿਯਮਾਂ ਦਾ ਇਕੱਠ 'ਕੁਦਰਤ' ਹੈ ਪਰ ਖੋਜੀ ਪੁਰਸ਼ਾਂ ਦੀ ਏਥੇ ਤਸੱਲੀ ਨਹੀਂ ਹੁੰਦੀ, ਕਿਉਂਕਿ ਜੇਕਰ ਦੁਨੀਆਂ 'ਕੁਦਰਤ' ਜਾ ਨਿਯਮਾਂ ਦੇ ਮਜਮੂਏ ਤੋਂ ਬਣੀ ਹੈ ਤਾਂ ਨਿਯਮ ਕਿਸ ਨੇ ਬਣਾਏ ਹਨ ਜਾਂ ਨਿਯਮਾਂ ਦਾ ਇਕੱਠ 'ਕੁਦਰਤ' ਕਿਸ ਨੇ ਬਣਾਈ ਹੈ?

ਮੰਤਕ (ਦਲੀਲ ਵਿਦਿਆ ਜਾਂ Logic) ਦਾ ਮੰਨਿਆ ਪ੍ਰਮੰਨਿਆ

ਅਸੂਲ ਹੈ ਕਿ ਨੇਸਤੀ ਵਿਚੋਂ ਹਸਤੀ ਪੈਦਾ ਨਹੀਂ ਹੋ ਸਕਦੀ (Something can not come out of nothing) ਇਸ ਅਸੂਲ ਅਨੁਸਾਰ ਸੰਸਾਰ ਜਾਂ ਕੁਦਰਤ ਨੇਸਤੀ ਵਿਚੋਂ ਪੈਦਾ ਹੋਣੀ ਅਸੰਭਵ ਹੈ। ਕੁਦਰਤ ਦਾ ਹੋਣਾ ਹੀ ਕਾਦਰ ਦੀ ਸਭ ਤੋਂ ਵੱਡੀ ਦਲੀਲ ਹੈ।

ਜਿਸ ਤਰ੍ਹਾਂ ਕਿਸੇ ਦੇਸ਼ ਦੀ ਸਰਕਾਰ ਉਸ ਦੇਸ਼ ਦੇ ਕਾਨੂੰਨਾਂ ਦਾ ਮਜਮੂਆ ਜਾਂ ਇਕੱਠ ਅਤੇ ਉਨ੍ਹਾਂ ਕਾਨੂੰਨਾਂ ਨੂੰ ਅਮਲ ਵਿਚ ਲਿਆਉਣ ਵਾਲੀ ਮਸ਼ੀਨ ਦਾ ਨਾਮ ਹੁੰਦਾ ਹੈ, ਇਸ ਤਰ੍ਹਾਂ ਸੰਸਾਰ ਰਚਨਾ ਦੀ ਤਹਿ ਵਿਚ ਲੁਕੇ ਸਭ ਕਾਨੂੰਨਾਂ ਅਤੇ ਉਨ੍ਹਾਂ ਕਾਨੂੰਨਾਂ ਨੂੰ ਅਮਲ ਵਿਚ ਲਿਆਉਣ ਲਈ ਮਸ਼ੀਨਰੀ ਦਾ ਨਾਮ 'ਕੁਦਰਤ' ਹੈ। ਜਿਸ ਤਰ੍ਹਾਂ ਕਿਸੇ ਦੇਸ਼ ਦੀ ਗਵਰਨਮੈਂਟ ਦੇ ਕਾਨੂੰਨ ਬਨਾਉਣ ਵਾਲੇ ਨੂੰ ਬਾਦਸ਼ਾਹ ਜਾਂ ਉਸ ਦੇਸ਼ ਦੇ ਚੁਣੇ ਲੋਕਾਂ ਦੀ ਕੌਂਸਲ ਜਾਂ ਪਾਰਲੀਮੈਂਟ ਆਖਦੇ ਹਨ, ਇਸੇ ਤਰ੍ਹਾਂ ਕੁਦਰਤ ਦੇ ਨਿਯਮਾਂ ਨੂੰ ਬਨਾਉਣ ਵਾਲੇ ਦਾ ਨਾਮ 'ਕਾਦਰ' ਜਾਂ ਵਾਹਿਗੁਰੂ ਹੈ। ਜਿਸ ਤਰ੍ਹਾਂ ਗਵਰਨਮੈਂਟ ਦੇ ਬਣੇ ਕਾਨੂੰਨਾਂ ਦੀ ਬਾਦਸ਼ਾਹ ਜਾਂ ਪਾਰਲੀਮੈਂਟ ਦੇ ਮੈਂਬਰ ਆਪ ਇੱਜ਼ਤ ਕਰਦੇ ਤੇ ਦੂਸਰਿਆਂ ਪਾਸੋਂ ਪਾਲਣਾ ਕਰਵਾਂਦੇ ਹਨ, ਇਸੇ ਤਰ੍ਹਾਂ ਕੁਦਰਤ ਨੂੰ ਸਾਜ ਕੇ ਕਾਦਰ ਆਪ ਕੁਦਰਤ ਦੇ ਨਿਯਮਾਂ ਦੀ ਪਾਲਣਾ ਕਰਵਾਂਦਾ ਹੈ। ਜਿਸ ਤਰ੍ਹਾਂ ਬਾਦਸ਼ਾਹ ਨੂੰ ਜਾਂ ਪਾਰਲੀਮੈਂਟ ਨੂੰ ਦੇਸ਼ ਦੇ ਕਾਨੂੰਨ ਬਦਲਣ ਦਾ ਅਧਿਕਾਰ ਹੁੰਦਾ ਹੈ, ਇਸੇ ਤਰ੍ਹਾਂ 'ਕਾਦਰ' ਨੂੰ ਕੁਦਰਤ ਦੇ ਨਿਯਮਾਂ ਵਿਚ ਅਦਲਾ ਬਦਲੀ ਕਰਨ ਦੀ ਪੂਰੀ ਸਮਰੱਥਾ ਹੈ, ਪਰ ਕਿਉਂਕਿ ਇਨਸਾਨੀ ਬਾਦਸ਼ਾਹ ਜਾਂ ਇਨਸਾਨੀ ਪਾਰਲੀਮੈਂਟਾਂ ਵਾਂਗਰ ਵਾਹਿਗੁਰੂ ਅਪੂਰਨ ਨਹੀਂ, ਇਸ ਲਈ ਵਾਹਿਗੁਰੂ ਜਾਂ ਕਾਦਰ ਨੂੰ ਕੁਦਰਤ ਦੇ ਨਿਯਮ ਬਣਾ ਕੇ ਉਨ੍ਹਾਂ ਵਿਚ ਅਦਲਾ ਬਦਲੀ ਕਰਨ ਦੀ ਲੋੜ ਨਹੀਂ ਪੈਂਦੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਸ਼ਾ ਅਨੁਸਾਰ ਵਾਹਿਗੁਰੂ ਆਪਣੇ ਆਪ ਵਿਚੋਂ ਸੰਸਾਰ ਅਤੇ ਸੰਸਾਰ ਦੇ ਨਿਯਮ (ਕੁਦਰਤ) ਪੈਦਾ ਕਰਦਾ ਹੈ। ਇਸ ਸੰਸਾਰ ਰਚਨਾ ਵਿਚ ਆਪ ਵਰਤ ਕੇ ਕੌਤਕ ਦੇਖਦਾ ਹੈ। ਸਾਰੀ ਰਚਨਾ ਦਾ ਆਪ ਹੀ ਆਧਾਰ ਹੈ, ਸਭ ਨੂੰ ਆਪ ਦਾਤਾ ਦਿੰਦਾ ਹੈ, ਸਭ ਨੂੰ ਜ਼ਿੰਦਗੀ ਅਤੇ ਮੌਤ ਵਾਹਿਗੁਰੂ ਦੇ ਹੁਕਮ ਜਾਂ ਵਾਹਿਗੁਰੂ ਦੇ ਨਿਯਮਾਂ ਅਨੁਸਾਰ ਮਿਲਦੇ ਹਨ। ਕੁਦਰਤ ਵਿਚ ਆਪ ਵਾਹਿਗੁਰੂ ਵਰਤ ਕੇ ਕੌਤਕ ਦੇਖਦਾ ਅਤੇ ਪ੍ਰਸੰਨ ਹੁੰਦਾ ਹੈ।

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*





*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥*
*ਕਰਿ ਆਸਣੁ ਡਿਠੋ ਚਾਉ॥* ਪੰਨਾ - 463

ਗੁਰਮਤਿ ਵਿਚ ਕੁਦਰਤ ਦੀ ਉਹ ਮਹੱਤਤਾ ਨਹੀਂ ਜਿਹੜੀ ਕਾਦਰ ਜਾਂ ਵਾਹਿਗੁਰੂ ਦੀ ਹੈ। ਗੁਰਸਿੱਖ ਨੂੰ ਗੁਰਮਤਿ ਕੁਦਰਤ ਦੀ ਬਜਾਏ ਕਾਦਰ ਦੀਆਂ ਸਿਫਤਾਂ ਦੱਸ ਕੇ ਗੁਰਸਿੱਖ ਦੇ ਸਾਮ੍ਹਣੇ ਵਾਹਿਗੁਰੂ ਦਾ ਨਿਸ਼ਾਨਾ ਰਖਦੀ ਹੈ। ਗੁਰਸਿੱਖ ਦਾ ਮੁਖ ਮੰਤਵ ਵਾਹਿਗੁਰੂ ਨੂੰ ਮਿਲਣਾ ਹੈ, ਕਿਉਂਕਿ ਮਨ ਨੂੰ ਸ਼ਾਂਤੀ ਵਾਹਿਗੁਰੂ ਨੂੰ ਸਮਝਿਆਂ ਅਤੇ ਮਿਲਿਆਂ ਹੁੰਦੀ ਹੈ। ਕੁਦਰਤ ਸਬੰਧੀ ਜਿਤਨਾ ਗਿਆਨ ਹੈ, ਮੌਜੂਦਾ ਜਿਤਨੀਆਂ ਸਾਇੰਸ ਦੀਆਂ ਕਾਢਾਂ ਹਨ, ਉਹ ਇਨਸਾਨ ਦੇ ਸਰੀਰ ਨੂੰ ਸੁਖੀ ਬਨਾਣ ਵਿਚ ਕਾਫੀ ਸਫਲ ਹੋਈਆਂ ਹਨ, ਪਰ ਇਨਸਾਨ ਦੇ ਮਨ ਨੂੰ ਸੁਖੀ ਨਹੀਂ ਬਣਾ ਸਕੀਆਂ। ਮਨ ਨੂੰ ਸੁਖੀ ਵਾਹਿਗੁਰੂ ਜਾਂ ਕਾਦਰ ਦਾ ਗਿਆਨ ਹੀ ਬਣਾ ਸਕਦਾ ਹੈ।

ਜੇਕਰ ਕੁਦਰਤ ਦਾ ਰਚਨਹਾਰ ਅਕਾਲ ਪੁਰਖ ਜਾਂ ਕਾਦਰ ਹੈ ਤਾਂ ਕਾਦਰ ਦਾ ਜਾਂ ਅਕਾਲ ਪੁਰਖ ਦਾ ਬਨਾਣ ਵਾਲਾ ਵੀ ਕੋਈ ਹੋ ਸਕਦਾ ਹੈ। ਐਸਾ ਸਵਾਲ ਕਰਨਾ ਵਾਹਿਗੁਰੂ ਜਾਂ ਕਾਦਰ ਨੂੰ ਨਾ ਜਾਨਣਾ ਹੈ। ਆਤਮਕ ਖੋਜ ਅਨੁਸਾਰ ਕੁਦਰਤ ਜਾਂ ਸਾਰੀ ਜਗਤ ਰਚਨਾ 'ਮਨ' ਤੋਂ ਉਪਜਦੀ ਅਤੇ ਮਨ ਵਿਚ ਹੀ ਲੀਨ ਹੁੰਦੀ ਹੈ।

*ਜਾਤੋ ਜਾਇ ਕਹਾ ਤੇ ਆਵੈ॥*
*ਕਹ ਉਪਜੈ ਕਹ ਜਾਇ ਸਮਾਵੈ॥* ਪੰਨਾ - 152

*ਸਹਜੇ ਆਵੈ ਸਹਜੇ ਜਾਇ॥*
*ਮਨ ਤੇ ਉਪਜੈ ਮਨ ਮਾਹਿ ਸਮਾਇ॥* ਪੰਨਾ - 152

ਜਿਥੇ ਮਨ ਹੈ ਉਥੇ ਕੁਦਰਤ ਜਾਂ ਜਗਤ ਰਚਨਾ ਵੀ ਹੈ ਅਤੇ ਕਾਦਰ ਜਾਂ ਵਾਹਿਗੁਰੂ ਵੀ ਹੈ, ਪਰ ਜਿਥੇ ਮਨ ਨਹੀਂ ਉਥੇ ਜਗਤ ਰਚਨਾ ਜਾਂ ਕੁਦਰਤ ਤਾਂ ਨਹੀਂ ਪਰ ਕਾਦਰ ਜਾਂ ਵਾਹਿਗੁਰੂ ਹੈ। ਵਾਹਿਗੁਰੂ ਜਾਂ ਕਾਦਰ 'ਮਨ' ਤੋਂ ਪਰ੍ਹੇ ਵੀ ਹੈ। ਇਸ ਵਿਚਾਰ ਅਨੁਸਾਰ ਕਾਦਰ ਤੋਂ ਸ੍ਰਿਸ਼ਟੀ ਜਾਂ ਕੁਦਰਤ ਤਾਂ ਪੈਦਾ ਹੁੰਦੀ ਹੈ ਐਪਰ ਕਾਦਰ ਨੂੰ ਬਨਾਣ ਵਾਲਾ ਕੋਈ ਨਹੀਂ। ਉਹ ਅਕਾਲ ਹੈ, ਅਜੋਨੀ ਹੈ, ਸੈਭੰ (ਆਪਣੇ ਆਪ ਤੋਂ ਕਾਇਮ) ਹੈ।

# ਨਿਸਚੇ ਦੀ ਟੀਸੀ

*ਗੰਗ ਜਮੁਨ ਜਉ ਉਲਟੀ ਬਹੈ॥*
*ਤਉ ਨਾਮਾ ਹਰਿ ਕਰਤਾ ਰਹੈ॥* *ਪੰਨਾ - 1166*

ਜਦ ਕਿਤੇ ਬਿਜਲੀ ਫੇਲ੍ਹ ਹੋ ਜਾਵੇ, ਬੱਤੀਆਂ ਤੇ ਪੱਖੇ ਚੱਲਣੋਂ ਬੰਦ ਹੋ ਜਾਣ ਅਤੇ ਬਿਜਲੀ ਮਿਸਤ੍ਰੀ ਬੁਲਾਇਆ ਜਾਵੇ ਤਾਂ ਬਿਜਲੀ ਮਿਸਤ੍ਰੀ ਆ ਕੇ ਇਸ ਸ਼ੱਕ ਵਿਚ ਨਹੀਂ ਪੈ ਜਾਂਦਾ ਕਿ ਬਿਜਲੀ ਦੇ ਨਿਯਮ ਕਿਤੇ ਬਦਲ ਨਾ ਗਏ ਹੋਣ ਜਾਂ ਬਿਜਲੀ ਨੇ ਆਪਣਾ ਪੁਰਾਤਨ ਸੁਭਾਓ ਨਾ ਬਦਲ ਦਿਤਾ ਹੋਵੇ। ਬਿਜਲੀ ਮਿਸਤ੍ਰੀ ਆ ਕੇ ਕੇਵਲ ਇਹ ਦੇਖਭਾਲ ਕਰੇਗਾ ਕਿ ਫਿਊਜ਼ ਦੀ ਤਾਰ ਤਾਂ ਨਹੀਂ ਜਲ ਗਈ ਜਾਂ ਸਵਿੱਚ ਵਿਚ ਕਿਤੇ ਕੋਈ ਖਰਾਬੀ ਤਾਂ ਨਹੀਂ ਹੋ ਗਈ? ਉਹ ਐਸਾ ਕਿਉਂ ਕਰਦਾ ਹੈ? ਕਿਉਂਕਿ ਉਸ ਨੂੰ ਯਕੀਨ ਹੁੰਦਾ ਹੈ ਕਿ ਬਿਜਲੀ ਦੇ ਨਿਯਮ ਅਤੇ ਬਿਜਲੀ ਦਾ ਸੁਭਾਓ ਅਟਲ ਹੈ, ਬਦਲ ਸਕਦਾ ਹੀ ਨਹੀਂ, ਇਸ ਵਾਸਤੇ ਪੱਖਾ ਨਾ ਚਲਣ ਦਾ ਜਾਂ ਬੱਤੀਆਂ ਨਾ ਜਲਣ ਦਾ ਕਾਰਨ ਕੋਈ ਇਨਸਾਨੀ ਗਲਤੀ ਹੈ। ਇਸ ਕਰਕੇ ਉਹ ਇਨਸਾਨੀ ਗਲਤੀ ਨੂੰ ਦਰੁਸਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਪੱਖਿਆਂ ਦੇ ਨਾ ਚੱਲਣ ਜਾਂ ਬੱਤੀਆਂ ਦੇ ਨਾ ਜਲਣ ਦੇ ਕਾਰਨ ਬਿਜਲੀ ਦੇ ਅਸੂਲਾਂ ਦੀ ਵਰਤੋਂ ਵਿਚ ਲਿਆਉਣ ਅੰਦਰ ਕਿਤੇ ਗਲਤੀ ਜਾਂ ਗਫਲਤ ਹੁੰਦੀ ਹੈ। ਬਿਜਲੀ ਮਿਸਤ੍ਰੀ ਦਾ ਬਿਜਲੀ ਦੇ ਸੁਭਾਓ ਜਾਂ ਬਿਜਲੀ ਦੇ ਅਸੂਲਾਂ ਸਬੰਧੀ ਵਿਸ਼ਵਾਸ਼ ਅਟੱਲ ਹੁੰਦਾ ਹੈ, ਜੋ ਪੱਖੇ ਨਾ ਚੱਲਣ ਅਤੇ ਬੱਤੀਆਂ ਨਾ ਜਲਣ ਵੇਲੇ ਵੀ ਡੋਲਦਾ ਨਹੀਂ।

ਵਾਹਿਗੁਰੂ ਦਾ ਸੁਭਾਓ ਵੀ ਅਟੱਲ ਹੈ। ਵਾਹਿਗੁਰੂ ਤੋਂ ਉਤਪੰਨ ਹੋਈਆਂ ਸ਼ਕਤੀਆਂ ਜਦ ਆਪਣੇ ਸੁਭਾਓ ਅਟੱਲ ਰਖਦੀਆਂ ਹਨ ਤਾਂ ਵਾਹਿਗੁਰੂ ਦਾ ਸੁਭਾਓ ਕਿਸ ਤਰ੍ਹਾਂ ਅਟੱਲ ਨਾ ਹੋਵੇ? ਆਤਮਾ ਦੀ ਸਾਇੰਸ ਦੇ ਗਿਆਨੀਆਂ ਨੂੰ ਵੀ ਇਸ ਗੱਲ ਦਾ ਪਤਾ ਹੁੰਦਾ ਹੈ ਕਿ ਵਾਹਿਗੁਰੂ ਦਾ ਸੁਭਾਓ ਅਟੱਲ ਹੈ। ਇਸ ਕਰਕੇ ਉਹ ਜਦ ਕੋਈ ਦੁਰਘਟਨਾ ਹੋਵੇ ਤਾਂ ਆਪਣਾ ਵਿਸ਼ਵਾਸ਼ ਵਾਹਿਗੁਰੂ ਵਿਚ ਅਟੱਲ ਰਖਦੇ ਹਨ। ਜਦ ਬੱਤੀਆਂ ਬੁਝ ਜਾਣ ਤਦ ਅੱਖਾਂ ਆਖਦੀਆਂ ਹਨ ਕਿ ਬਿਜਲੀ ਫੇਲ੍ਹ ਹੋ ਗਈ ਹੈ,





ਚਾਨਣ ਦੀ ਥਾਂ ਹਨ੍ਹੇਰੇ ਨੇ ਆਣ ਮੱਲੀ ਹੈ, ਪਰ ਬਿਜਲੀ ਦਾ ਗਿਆਨੀ ਆਪਣੀ ਅੱਖ ਦੀ ਗਵਾਹੀ ਨੂੰ ਗਲਤ ਸਮਝਦਾ ਹੈ। ਉਹ ਜਾਣਦਾ ਹੈ ਕਿ ਬਿਜਲੀ ਦਰਅਸਲ ਫੇਲ੍ਹ ਨਹੀਂ ਹੋਈ, ਉਸ ਦੇ ਅਸੂਲਾਂ ਦੀ ਵਰਤੋਂ ਕਰਨ ਵਿਚ ਕਿਤੇ ਇਨਸਾਨੀ ਗਲਤੀ ਹੋਈ ਹੈ। ਏਸੇ ਤਰ੍ਹਾਂ ਜਦ ਕਿਤੇ ਇਨਸਾਨੀ ਜੀਵਨ ਵਿਚ ਕੋਈ ਦੁਰਘਟਨਾ ਹੋ ਜਾਵੇ ਤਾਂ ਆਤਮਾ ਦੇ ਗਿਆਨੀ ਉਸ ਵੇਲੇ ਆਪਣੀਆਂ ਅੱਖਾਂ ਦੀ ਗਵਾਹੀ ਨੂੰ ਗਲਤ ਸਮਝਦੇ ਹਨ ਅਤੇ ਵਾਹਿਗੁਰੂ ਦੇ ਸੁਭਾਓ ਅਤੇ ਵਾਹਿਗੁਰੂ ਦੀਆਂ ਸਿਫਤਾਂ ਨੂੰ ਅਟੱਲ ਜਾਣ ਕੇ ਅਡੋਲ ਰਹਿੰਦੇ ਹਨ।

ਨਾਮਦੇਵ ਜੀ ਇਕ ਬੜੇ ਆਤਮ ਗਿਆਨੀ ਹੋਏ ਹਨ। ਇਨ੍ਹਾਂ ਨੂੰ ਵਾਹਿਗੁਰੂ ਦੇ ਕ੍ਰਿਪਾਲੂ ਅਤੇ ਸਰਬ ਸ਼ਕਤੀਮਾਨ ਹੋਣ ਵਿਚ ਪੂਰਾ ਨਿਸ਼ਚਾ ਸੀ, ਪਰ ਇਕ ਵਾਰੀ ਇਨ੍ਹਾਂ ਦੀਆਂ ਅੱਖਾਂ ਨੇ ਇਨ੍ਹਾਂ ਨੂੰ ਅਜੀਬ ਧੋਖਾ ਦੇਣਾ ਸ਼ੁਰੂ ਕੀਤਾ। ਕਹਿਣ ਲੱਗੀਆਂ 'ਤੇਰੀ ਝੌਂਪੜੀ ਨੂੰ ਅੱਗ ਲਗ ਗਈ ਹੈ।' ਇਹ ਆਖ ਕੇ ਅੱਖਾਂ ਨੇ ਨਾਮਦੇਵ ਦੇ ਸਾਮ੍ਹਣੇ ਇਕ ਅਤਿ ਭਿਆਨਕ ਨਜ਼ਾਰਾ ਲਿਆ ਖੜ੍ਹਾ ਕੀਤਾ। ਝੁੱਗੀ ਸੜ ਰਹੀ ਸੀ, ਅੱਗ ਦੀਆਂ ਲਾਟਾਂ ਅਸਮਾਨ ਵਲ ਉਠ ਰਹੀਆਂ ਸਨ ਅਤੇ ਲੋਕ ਰੌਲਾ ਪਾ ਰਹੇ ਸਨ। ਨਾਮਦੇਵ ਜੀ ਵਾਹਿਗੁਰੂ ਦੀ ਸਾਇੰਸ ਦੇ ਪੂਰਨ ਗਿਆਨੀ ਹੋਣ ਕਰਕੇ, ਅੱਖਾਂ ਨੂੰ ਦਿਸਣ ਵਾਲੀ ਸਾਰੀ ਦੁਰਘਟਨਾ ਵਲ– ਉਸ ਅੱਗ ਤੇ ਅੱਗ ਦੀਆਂ ਭਿਆਨਕ ਲਾਟਾਂ ਵਲ–ਮੁਸਕਰਾ ਕੇ ਤੱਕਦੇ ਅਤੇ ਆਖਦੇ ਸਨ ਕਿ ਮੇਰੇ ਸਿਰ ਤੇ ਮੇਰਾ ਰਾਖਾ ਤੇ ਸਹਾਰਾ ਮੇਰਾ ਭਗਵਾਨ ਸਦਾ ਸਲਾਮਤ ਹੈ। ਉਸ ਦੇ ਹੁੰਦਿਆਂ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਕੋਈ ਤਕਲੀਫ ਨਹੀਂ ਆ ਸਕਦੀ। ਮੇਰੇ ਭਗਵਾਨ ਸਰਬ-ਸ਼ਕਤੀਮਾਨ ਅਤੇ ਸਰਬ-ਵਿਆਪਕ ਹਨ। ਇਸ ਅੱਗ ਵਿਚ ਵੀ ਮੇਰਾ ਭਗਵਾਨ ਹੈ। ਮੇਰੇ ਭਗਵਾਨ ਤੋਂ ਬਗੈਰ ਇਸ ਜਗਤ ਵਿਚ ਹੋਰ ਕੋਈ ਨਹੀਂ। ਇਸ ਅੱਗ ਵਿਚ ਸਿਵਾਏ ਮੇਰੇ ਭਗਵਾਨ ਦੇ ਹੋਰ ਕੋਈ ਨਹੀਂ। ਇਹ ਆਖ ਕੇ ਆਪਣੀ ਇਸਤ੍ਰੀ ਅਤੇ ਬੱਚਿਆਂ ਨੂੰ ਅਡੋਲ ਰਹਿਣ ਵਾਸਤੇ ਪ੍ਰੇਰਦੇ ਸਨ। ਜਦ ਲੋਕਾਂ ਨੇ ਰੌਲਾ ਪਾਇਆ ਕਿ ਭਗਤ ਜੀ ਤੁਹਾਡਾ ਸਭ ਕੁਝ ਸੜ ਜਾਵੇਗਾ, ਆਪਣਾ ਮਾਲ ਅਸਬਾਬ ਬਾਹਰ ਕੱਢ ਲਵੋ, ਤਾਂ ਨਾਮਦੇਵ ਨੇ ਲੋਕਾਂ ਨੂੰ ਆਖਿਆ ਕਿ ਇਸ ਜਗਤ ਵਿਚ ਕੇਵਲ ਵਾਹਿਗੁਰੂ ਹੀ ਵਾਹਿਗੁਰੂ ਹੈ, ਵਾਹਿਗੁਰੂ

ਤੋਂ ਸਿਵਾ ਹੋਰ ਕੁਝ ਨਹੀਂ। ਮੇਰੇ ਘਰ ਅੱਗ ਨਹੀਂ, ਮੇਰੇ ਘਰ ਭਗਵਾਨ ਆਏ ਹਨ। ਅੱਖ ਜਿਸ ਨੂੰ ਅੱਗ ਆਖਦੀ ਹੈ, ਮੇਰੀ ਸਾਇੰਸ, ਮੇਰਾ ਗਿਆਨ ਉਸ ਨੂੰ ਭਗਵਾਨ ਆਖਦਾ ਹੈ। ਅੱਖ ਝੂਠ ਦਰਸਾ ਸਕਦੀ ਹੈ, ਸਾਇੰਸ ਜਾਂ ਗਿਆਨ ਝੂਠ ਨਹੀਂ ਦਰਸਾ ਸਕਦਾ। ਇਹ ਅੱਗ ਨਹੀਂ ਇਹ ਮੇਰਾ ਭਗਵਾਨ ਹੈ। ਤੁਸੀਂ ਆਖਦੇ ਹੋ ਅੱਗ ਤੋਂ ਆਪਣਾ ਅਸਬਾਬ ਬਚਾ ਲਵਾਂ, ਪਰ ਮੇਰੇ ਗਿਆਨ ਅਨੁਸਾਰ ਇਸ ਅੱਗ ਅੰਦਰ ਮੇਰਾ ਭਗਵਾਨ ਹੈ, ਇਸ ਲਈ ਮੈਂ ਆਪਣਾ ਮਾਲ ਅਸਬਾਬ ਆਪਣੇ ਭਗਵਾਨ ਦੀ ਭੇਟਾ ਕਰਾਂਗਾ। ਸ਼ੁਕਰ ਹੈ ਮੇਰਾ ਭਗਵਾਨ ਮੇਰੇ ਘਰ ਆਇਆ ਹੈ। ਇਹ ਕਹਿ ਕੇ ਭਗਤ ਨਾਮਦੇਵ ਨੇ ਆਪਣਾ ਸਾਰਾ ਅਸਬਾਬ ਅੱਗ ਦੀ ਭੇਟਾ ਕਰਨਾ ਅਰਥਾਤ ਅੱਗ ਵਿਚ ਸੁੱਟਣਾ ਸ਼ੁਰੂ ਕਰ ਦਿਤਾ। ਨਾਲੇ ਆਪਣਾ ਮਾਲ ਅਸਬਾਬ ਅੱਗ ਵਿਚ ਸੁਟ ਰਹੇ ਸੀ ਨਾਲ ਆਖਦੇ ਸੀ, "ਭਗਵਾਨ ਮੈ ਗਰੀਬ ਹਾਂ, ਤੇਰੀ ਭੇਟ ਇਹ ਗਰੀਬਾਂ ਵਾਲਾ ਸਾਮਾਨ ਹੀ ਕਰ ਸਕਦਾ ਹਾਂ, ਤੂੰ ਮੇਰੀ ਇਸ ਤੁਛ ਭੇਟਾ ਨੂੰ ਕਬੂਲ ਕਰੀਂ।"

ਜਦ ਭਗਤ ਨੇ ਆਪਣੀ ਸਾਰੀ ਝੁੱਗੀ ਅਤੇ ਉਸ ਵਿਚ ਪਿਆ ਸਾਰਾ ਸਾਮਾਨ ਭਗਵਾਨ ਦੀ ਭੇਟ ਕਰ ਦਿਤਾ ਤਾਂ ਅੱਗ ਸਭ ਕੁਝ ਭਸਮ ਕਰਕੇ ਬੁੱਝ ਗਈ। ਰਾਤ ਹੋ ਜਾਣ ਕਰਕੇ ਸਭ ਸੌਂ ਗਏ, ਪਰ ਭਗਤ ਜਾਗਦਾ ਰਿਹਾ ਅਤੇ ਆਪਣੇ ਭਗਵਾਨ ਨੂੰ ਆਖਦਾ ਰਿਹਾ ਕਿ ਮਹਾਰਾਜ! ਤੁਸੀਂ ਸਰਬ-ਸ਼ਕਤੀਮਾਨ, ਸਰਬ-ਵਿਆਪਕ ਅਤੇ ਸਰਬ-ਪ੍ਰਤਿਪਾਲਕ ਹੋ। ਇਹ ਮੇਰੀਆਂ ਅੱਖਾਂ ਦਾ ਕਸੂਰ ਸੀ ਕਿ ਇਨ੍ਹਾਂ ਨੇ ਆਪ ਤੋਂ ਸਿਵਾ ਅੱਗ ਵਿਚ ਕਿਸੇ ਹੋਰ ਨੂੰ ਡਿੱਠਾ। ਤੁਸੀਂ ਕ੍ਰਿਪਾਲੂ ਹੋ, ਮੇਰੀਆਂ ਅੱਖਾਂ ਨੂੰ ਮੁਆਫ ਕਰਨਾ। ਇਨ੍ਹਾਂ ਨੂੰ ਹਰ ਘਟਨਾ ਦੀ ਬਾਹਰ ਦੀ ਸੂਰਤ ਹੀ ਦਿਸਦੀ ਹੈ, ਅੰਦਰ ਦੀ ਅਸਲੀਅਤ ਨਹੀਂ ਦਿਸਦੀ। ਇਸ ਅੱਗ ਤੋਂ ਪਹਿਲੇ ਅਤੇ ਪਿਛੋ ਮੇਰੇ ਅਤੇ ਤੁਹਾਡੇ ਅੰਦਰੂਨੀ ਰਿਸ਼ਤੇ ਵਿਚ ਕੋਈ ਫਰਕ ਨਹੀਂ ਆਇਆ। ਇਹ ਝੌਂਪੜੀ ਆਪ ਦੀ ਬਖਸ਼ੀ ਹੋਈ ਸੀ, ਆਪ ਦੀ ਹੀ ਚੀਜ਼ ਸੀ। ਆਪ ਦਾ ਇਸ ਝੌਂਪੜੀ ਨੂੰ ਲੈਣਾ ਜ਼ਰੂਰੀ ਮੇਰੇ ਵਾਸਤੇ ਚੰਗਾ ਹੋਣਾ ਹੈ। ਆਪ ਮੇਰੇ ਪਿਤਾ ਹੋ, ਮੈਂ ਆਪ ਦਾ ਪੁੱਤਰ ਹਾਂ। ਪਿਤਾ ਪੁਤਰ ਵਾਸਤੇ ਜੋ ਕਰਦਾ ਹੈ, ਉਸ ਵਿਚ ਪੁਤਰ ਦਾ ਭਲਾ ਹੋਣਾ ਜ਼ਰੂਰੀ ਹੈ। ਮੇਰੀ ਅਲਪੱਗ ਦ੍ਰਿਸ਼ਟੀ ਨੂੰ ਕੀ ਪਤਾ ਕਿ ਇਸ ਘਟਨਾ ਵਿਚ ਮੇਰੀ ਆਪ ਨੇ ਕੀ ਭਲਾਈ ਦੇਖੀ ਹੈ।





ਭਗਵਾਨ ਨਾਲ ਪਿਆਰ ਅਤੇ ਸਿਦਕ ਦੀਆਂ ਇਸ ਤਰ੍ਹਾਂ ਗੱਲਾਂ ਕਰਦਿਆਂ ਜਦ ਰਾਤ ਬੀਤ ਗਈ ਤਾਂ ਸਵੇਰੇ ਉਠ ਕੇ ਨਾਮਦੇਵ ਨੇ ਆਪਣੀ ਸੜੀ ਝੁੱਗੀ ਦੀ ਥਾਂ ਉਤੇ ਇਕ ਸੁੰਦਰ ਤੇ ਪੱਕਾ ਉਸਰਿਆ ਮਕਾਨ ਵੇਖਿਆ। ਨਾਮਦੇਵ ਨੂੰ ਆਪਣੇ ਪਰਿਵਾਰ ਸਮੇਤ ਇਸ ਪਕੇ ਤੇ ਸੁੰਦਰ ਮਕਾਨ ਵਿਚ ਰਹਿੰਦਿਆਂ ਦੇਖ ਕੇ ਆਲੇ ਦਵਾਲੇ ਦੇ ਹਮਸਾਏ ਬੜੇ ਅਸਚਰਜ ਹੋਏ ਅਤੇ ਨਾਮਦੇਵ ਤੋਂ ਆ ਕੇ ਪੁੱਛਣ ਲੱਗੇ ਕਿ ਐਸਾ ਸੁੰਦਰ ਮਕਾਨ ਤੂੰ ਰਾਤ ਰਾਤ ਵਿਚ ਕਿਸ ਤਰ੍ਹਾਂ ਖੜ੍ਹਾ ਕਰ ਲਿਆ ਹੈ? ਐਸਾ ਕਿਹੜਾ ਤਰਖਾਣ ਸੀ ਜਿਸ ਨੇ ਰਾਤੋ ਰਾਤ ਤੇਰਾ ਮਕਾਨ ਉਸਾਰ ਦਿਤਾ ਹੈ? ਇਨ੍ਹਾਂ ਪ੍ਰਸ਼ਨਾਂ ਦਾ ਜਵਾਬ ਸ੍ਰੀ ਨਾਮਦੇਵ ਜੀ ਨੇ ਇਕ ਸ਼ਬਦ ਉਚਾਰਨ ਕਰਕੇ ਦਿਤਾ। ਉਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਪ੍ਰਕਾਰ ਹੈ -

*ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ॥*
*ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ॥*
*ਰੀ ਬਾਈ ਬੇਢੀ ਦੇਨੁ ਨ ਜਾਈ॥ ਦੇਖੁ ਬੇਢੀ ਰਹਿਓ ਸਮਾਈ॥*
*ਹਮਾਰੈ ਬੇਢੀ ਪ੍ਰਾਨ ਅਧਾਰਾ॥ ਰਹਾਉ॥*
*ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ॥*
*ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥*
*ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਠਾਂਈ ਹੋ॥*
*ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ॥*
*ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ॥*
*ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ॥*

*ਪੰਨਾ - 657*

ਅਰਥ - ਨਾਮਦੇਵ ਤੋਂ ਹਮਸਾਇਆਂ ਨੇ ਪੁਛਿਆ ਕਿ ਤੂੰ ਇਤਨੀ ਜਲਦੀ ਘਰ ਕਿਸ ਕੋਲੋਂ ਬਣਵਾਇਆ ਹੈ? ਅਸੀਂ ਤੇਰੇ ਨਾਲੋਂ ਦੂਣੀ ਮਜ਼ੂਰੀ ਉਸ ਤਰਖਾਣ ਮਿਸਤ੍ਰੀ ਨੂੰ ਦੇਣ ਲਈ ਤਿਆਰ ਹਾਂ, ਜਿਸ ਨੇ ਤੇਰਾ ਘਰ ਰਾਤੋ ਰਾਤ ਬਣਾ ਦਿਤਾ ਹੈ। ਕੀ ਤੂੰ ਉਸ ਤਰਖਾਣ ਦਾ ਪਤਾ ਦੱਸ ਸਕਦਾ ਹੈਂ? ਇਸ ਦੇ ਉਤਰ ਵਿਚ ਨਾਮਦੇਵ ਜੀ ਹਮਸਾਇਆਂ ਨੂੰ ਆਖਦੇ ਹਨ ਕਿ ਮੈਂ ਤੁਹਾਨੂੰ ਆਪਣੇ ਤਰਖਾਣ ਦਾ ਕੀ ਪਤਾ ਦੇਵਾਂ, ਉਹ ਤੇ ਅਰੂਪ ਹੈ ਅਤੇ ਸਰਬਵਿਆਪੀ ਹੈ। ਇਹ ਤਰਖਾਣ ਮੇਰੇ ਪ੍ਰਾਣਾਂ ਤੋਂ ਮੈਨੂੰ

ਪਿਆਰਾ ਹੈ। ਉਹ ਸਿਵਾਏ ਪਿਆਰ ਦੇ ਹੋਰ ਕੋਈ ਮਜੂਰੀ ਲੈ ਕੇ ਪ੍ਰਸੰਨ ਨਹੀਂ ਹੁੰਦਾ। ਉਹ ਕੇਵਲ ਪਿਆਰ ਦਾ ਹੀ ਭੁੱਖਾ ਹੈ।

ਉਹ ਕੇਵਲ ਉਸ ਦੇ ਘਰ ਆਉਂਦਾ ਹੈ, ਜੋ ਆਪਣੇ ਮਨ ਵਿਚੋਂ ਦੁਨਿਆਵੀ ਗ਼ਲਤ ਨਿਸ਼ਚੇ ਤਿਆਗ ਕੇ ਉਨ੍ਹਾਂ ਦੀ ਥਾਂ ਸੱਚੇ ਆਤਮਕ ਨਿਸ਼ਚੇ ਵਸਾ ਸਕੇ। ਐਸਾ ਕਰਨ ਨਾਲ ਸਾਕ, ਕੁਟੰਬ ਅਤੇ ਰਿਸ਼ਤੇਦਾਰਾਂ ਨਾਲ (ਜਿਨ੍ਹਾਂ ਦੇ ਗਲਤ ਅਤੇ ਦੁਨਿਆਵੀ ਖਿਆਲ ਹੁੰਦੇ ਹਨ) ਮੇਲ ਜੋਲ ਕਾਇਮ ਨਹੀਂ ਰਹਿ ਸਕਦਾ। ਐਸਾ ਤਰਖਾਣ ਜੋ ਹਰ ਥਾਂ ਹਾਜ਼ਰਾ-ਹਜ਼ੂਰ ਹੈ, ਕਿਸੇ ਨੂੰ ਦਿਤਾ ਜਾਂ ਦੱਸਿਆ ਨਹੀਂ ਜਾ ਸਕਦਾ। ਉਹ ਕੇਵਲ ਪ੍ਰੇਮ ਨਾਲ ਹੀ ਵਸ ਆਉਂਦਾ ਹੈ। ਉਸ ਨੂੰ ਮਿਲ ਕੇ ਜੋ ਖੁਸ਼ੀ ਤੇ ਆਨੰਦ ਆਉਂਦਾ ਹੈ, ਉਹ ਬਿਆਨ ਤੋਂ ਬਾਹਰ ਹੈ। ਉਸ ਨੇ ਸਮੁੰਦਰ ਨੂੰ ਬੰਨ੍ਹ ਕੇ ਰੱਖਿਆ ਹੋਇਆ ਹੈ ਅਤੇ ਧਰੂ ਤਾਰੇ ਨੂੰ ਆਪਣੇ ਅਸਥਾਨ ਤੇ ਟਿਕਾਇਆ ਹੋਇਆ ਹੈ। ਨਾਮਦੇਵ ਦੇ ਸਵਾਮੀ ਹਰੀ ਨੇ ਸੀਤਾ ਨੂੰ ਮੋੜ ਕੇ ਲਿਆਂਦਾ ਸੀ ਅਤੇ ਲੰਕਾ ਦਾ ਰਾਜ ਭਭੀਖਣ ਨੂੰ ਦੇ ਦਿਤਾ ਸੀ।





# ਅਸੀਂ ਤੇ ਸਾਡਾ ਜਗਤ

ਜਦ ਸਾਨੂੰ ਸੁਫਨਾ ਆਵੇ ਤਾਂ ਕੀ ਹੁੰਦਾ ਹੈ? ਅਸੀਂ ਤਾਂ ਪਲੰਘ ਉਤੇ ਸੁੱਤੇ ਪਏ ਹੁੰਦੇ ਹਾਂ ਪਰ ਸਾਡੇ ਮਨ ਵਿਚੋਂ ਇਕ ਜਗਤ ਰਚਨਾ ਪੈਦਾ ਹੋ ਕੇ ਸਾਡੇ ਸਾਮ੍ਹਣੇ ਆ ਜਾਂਦੀ ਹੈ। ਉਹ ਜਗਤ ਰਚਨਾ ਉਸੇ ਤਰ੍ਹਾਂ ਹੀ ਹੂ-ਬ-ਹੂ ਲਗਦੀ ਹੈ ਜਿਸ ਤਰ੍ਹਾਂ ਦੀ ਜਗਤ ਰਚਨਾ ਸਾਨੂੰ ਜਾਗਦਿਆਂ ਨਜ਼ਰ ਆਉਂਦੀ ਹੈ। ਜਾਗਦਿਆਂ ਨਜ਼ਰ ਆਉਣ ਵਾਲੀ ਜਗਤ ਰਚਨਾ ਵਿਚ ਸਾਨੂੰ ਮਰ ਚੁੱਕੇ ਮਿਤਰ, ਸਾਕ ਸਬੰਧੀ ਕੋਸ਼ਿਸ਼ ਕਰਨ ਤੇ ਵੀ ਉਥੇ ਨਜ਼ਰ ਨਹੀਂ ਆਉਂਦੇ, ਐਪਰ ਸੁਫਨੇ ਦੀ ਜਗਤ ਰਚਨਾ ਵਿਚ ਇਹ ਵਾਧਾ ਹੁੰਦਾ ਹੈ ਕਿ ਉਸ ਵਿਚ ਸਾਨੂੰ ਸਾਡੇ ਮਰ ਚੁੱਕੇ ਮਿੱਤਰ ਤੇ ਸਬੰਧੀ ਵੀ ਨਜ਼ਰ ਆਉਂਦੇ ਹਨ। ਸੁਫਨੇ ਦੇ ਜਗਤ ਵਿਚ ਨਿਰੇ ਸਾਡੇ ਰਿਸ਼ਤੇਦਾਰ ਤੇ ਮਿਤਰ ਹੀ ਨਜ਼ਰ ਨਹੀਂ ਆਉਂਦੇ ਉਸ ਵਿਚ ਪਿਛਲਾ ਗੁਜ਼ਰਿਆ ਸਮਾਂ ਵੀ ਸਾਡੇ ਸਾਮ੍ਹਣੇ ਜਿਉਂ ਦਾ ਤਿਉਂ ਆ ਜਾਂਦਾ ਹੈ। ਦਸ ਦਸ ਵੀਹ ਵੀਹ ਵਰ੍ਹਿਆਂ ਦੀਆਂ ਪਿਛਲੀਆ ਘਟਨਾਵਾਂ ਸੁਫਨੇ ਵਿਚ ਇੰਜ ਭਾਸਦੀਆਂ ਹਨ ਜਿਵੇਂ ਕਿ ਹੁਣ ਫੇਰ ਸਾਡੇ ਸਾਮ੍ਹਣੇ ਹੋ ਰਹੀਆਂ ਹਨ।

ਸੁਫਨੇ ਦਾ ਜਗਤ ਸਾਡੇ ਮਨ ਵਿਚੋਂ ਪੈਦਾ ਹੋ ਕੇ ਸਾਨੂੰ ਆਪਣੇ ਆਪ ਵਿਚ ਲਪੇਟ ਲੈਂਦਾ ਹੈ ਅਤੇ ਇੰਜ ਜਾਪਦਾ ਹੈ ਕਿ ਇਕ ਵੱਡੀ ਜਗਤ ਰਚਨਾ ਵਿਚ ਅਸੀਂ ਇਕ ਛੋਟੇ ਜਿਹੇ ਜੀਵ ਬਣ ਕੇ ਕਦੀ ਕੋਈ, ਕਦੀ ਕੋਈ ਪਾਰਟ ਅਦਾ ਕਰ ਰਹੇ ਹਾਂ। ਦਰਅਸਲ ਸੁਫਨੇ ਦੀ ਸਾਰੀ ਜਗਤ ਰਚਨਾ ਸਾਡੇ ਮਨ ਤੋਂ ਉਪਜਦੀ ਹੈ ਪਰ ਸਾਨੂੰ ਸੁਫਨੇ ਵਿਚ ਇਹ ਮਲੂਮ ਹੁੰਦਾ ਹੈ ਕਿ ਜਗਤ ਰਚਨਾ ਤਾਂ ਅੱਗੇ ਹੀ ਕਾਇਮ ਸੀ, ਅਸੀਂ ਉਸ ਜਗਤ ਰਚਨਾ ਵਿਚੋਂ ਪੈਦਾ ਹੋਏ ਹਾਂ। ਇਹ ਸਾਡਾ ਭਾਰਾ ਭੁਲੇਖਾ ਹੈ ਜੋ ਕਿ ਵਿਚਾਰ ਕਰਨ ਨਾਲ ਦੂਰ ਹੋ ਜਾਵੇਗਾ। ਜਦ ਸਾਡੀ ਨੀਂਦਰ ਖੁਲ੍ਹ ਜਾਵੇ ਤਾਂ ਸੁਫਨਾ ਅਤੇ ਸੁਫਨੇ ਦਾ ਜਗਤ ਅਤੇ ਸੁਫਨੇ ਦੇ ਜਗਤ ਵਾਲੀ ਸਾਡੀ ਹਸਤੀ ਸਭ ਛਿਨ ਵਿਚ ਖਤਮ ਹੋ ਜਾਂਦੇ ਹਨ. ਇਸ ਤੋਂ ਸਾਨੂੰ ਪਤਾ ਲੱਗੇਗਾ ਕਿ ਸੁਫਨਾ, ਸੁਫਨੇ ਦਾ ਜਗਤ ਅਤੇ ਉਸ ਜਗਤ

ਵਿਚ ਸਾਡੀ ਹਸਤੀ ਕੇਵਲ ਸਾਡੀ ਨੀਂਦਰ ਵੇਲੇ ਸਾਡੇ ਮਨ ਤੋਂ ਉਪਜੇ ਸਨ, ਦਰਅਸਲ ਕੁਝ ਨਹੀਂ ਸਨ, ਪਰ ਇਹ ਪਤਾ ਸਾਨੂੰ ਨੀਂਦਰ ਖੁਲ੍ਹਣ ਉਤੇ ਹੀ ਲਗ ਸਕਦਾ ਹੈ। ਸੁਫਨੇ ਵਿਚ ਅਸੀਂ ਸੁਫਨੇ ਦੀ ਅਸਲੀਅਤ ਨੂੰ ਮੰਨਣ ਵਾਸਤੇ ਕਦੀ ਤਿਆਰ ਨਹੀਂ ਹੁੰਦੇ। ਸੁਫਨੇ ਵਿਚ ਸੁਫਨੇ ਦੀ ਜਗਤ ਰਚਨਾ ਉਸੇ ਤਰ੍ਹਾਂ ਸੱਚ ਭਾਸਦੀ ਹੈ ਜਿਸ ਤਰ੍ਹਾਂ ਜਾਗਦਿਆਂ ਜਾਗਣ ਵੇਲੇ ਦੀ ਜਗਤ ਰਚਨਾ।

ਆਤਮਕ ਸਾਇੰਸਦਾਨ ਸਦੀਆਂ ਦੀ ਖੋਜ ਮਗਰੋਂ ਇਸ ਨਤੀਜੇ ਤੇ ਪਹੁੰਚੇ ਹਨ ਕਿ ਜਿਵੇਂ ਸੁਫਨੇ ਦੀ ਜਗਤ ਰਚਨਾ ਕੇਵਲ ਸਾਡੇ ਮਨ ਤੋਂ ਉਪਜਦੀ ਹੈ ਤੇ ਅਸਲ ਵਿਚ ਨਹੀਂ ਹੁੰਦੀ, ਇਸੇ ਤਰ੍ਹਾਂ ਜਾਗਦਿਆਂ ਨਜ਼ਰ ਆਉਣ ਵਾਲੀ ਸਾਡੀ ਜਗਤ ਰਚਨਾ ਵੀ ਕੇਵਲ ਸਾਡੇ ਮਨ ਤੋਂ ਉਪਜਦੀ ਹੈ, ਅਸਲ ਵਿਚ ਕੁਝ ਨਹੀਂ ਹੁੰਦੀ, ਪਰ ਸਾਨੂੰ ਇਹ ਸੱਚੀ ਉਸੇ ਤਰ੍ਹਾਂ ਭਾਸਦੀ ਹੈ ਜਿਵੇਂ ਸੁਫਨੇ ਵੇਲੇ ਸੁਫਨੇ ਦੀ ਜਗਤ ਰਚਨਾ। ਜਿਵੇਂ ਸੁਫਨੇ ਦੀ ਜਗਤ ਰਚਨਾ ਨੀਂਦਰ ਖੁਲ੍ਹਣ ਉਤੇ ਅਲੋਪ ਹੋ ਜਾਂਦੀ ਹੈ ਤਿਵੇਂ ਜਾਗਣ ਵੇਲੇ ਦੀ ਜਗਤ ਰਚਨਾ ਜੀਵਨ ਦੀ ਮੌਤ ਸਮੇਂ ਜਾਂ ਸਰੀਰ ਛੱਡਣ ਵੇਲੇ ਅਲੋਪ ਹੋ ਜਾਂਦੀ ਹੈ।

ਜਗਤ ਰਚਨਾ ਨੂੰ ਸੱਚ ਸਮਝਣ ਵਾਲਾ ਏਥੇ ਇਹ ਸ਼ੰਕਾ ਜਾਂ ਸਵਾਲ ਕਰ ਸਕਦਾ ਹੈ ਕਿ ਮੌਤ ਮਗਰੋਂ ਜੋ ਕੁਝ ਵੀ ਹੁੰਦਾ ਹੈ, ਉਸ ਸਬੰਧੀ ਕੇਵਲ ਕਿਆਫੇ ਹੀ ਲਗਾਏ ਜਾ ਸਕਦੇ ਹਨ, ਤਜਰਬੇ ਵਿਚ ਲਿਆ ਕੇ ਦੇਖਿਆ ਨਹੀਂ ਜਾ ਸਕਦਾ। ਮੌਤ ਮਗਰੋਂ ਜਗਤ ਰਚਨਾ ਅਲੋਪ ਹੋ ਜਾਂਦੀ ਹੈ ਜਾਂ ਨਹੀਂ, ਇਹ ਇਕ ਐਸੀ ਥਿਊਰੀ ਜਾਂ ਸਿਧਾਂਤ ਹੈ ਜੋ ਕੇਵਲ ਫਰਜ਼ ਹੀ ਕੀਤਾ ਜਾ ਸਕਦਾ ਹੈ, ਪਰਤਾ ਕੇ ਜਾਂ ਅਜ਼ਮਾ ਕੇ ਨਹੀਂ ਦੇਖਿਆ ਜਾ ਸਕਦਾ। ਜਿਥੇ ਸੁਫਨੇ ਦੀ ਜਗਤ ਰਚਨਾ ਦਾ ਸੌਂ ਕੇ ਅਤੇ ਮੁੜ ਜਾਗ ਕੇ, ਤਜਰਬਾ ਹੋ ਸਕਦਾ ਹੈ, ਜਾਗਣ ਵੇਲੇ ਦੀ ਜਗਤ ਰਚਨਾ ਸਬੰਧੀ ਕੋਈ ਵਿਗਿਆਨਕ ਤਜਰਬਾ ਨਹੀਂ ਕੀਤਾ ਜਾ ਸਕਦਾ।

ਆਤਮਕ ਸਾਇੰਸਦਾਨ (ਸੰਤ, ਭਗਤ, ਰਿਸ਼ੀ, ਮੁਨੀ, ਅਵਤਾਰ, ਸਿਮਰਨ ਅਭਿਆਸੀ) ਇਸ ਸਵਾਲ ਦਾ ਜਵਾਬ ਜਾਂ ਹੱਲ ਇਸ ਤਰ੍ਹਾਂ ਪੇਸ਼ ਕਰਦੇ ਹਨ। ਆਤਮਕ ਸਾਇੰਸਦਾਨ ਆਖਦੇ ਹਨ ਕਿ ਜਗਤ ਰਚਨਾ





ਭਾਵੇਂ ਜਾਗਣ ਵੇਲੇ ਦੀ ਹੋਵੇ ਭਾਵੇਂ ਨੀਂਦਰ ਵੇਲੇ ਦੀ, ਕੇਵਲ ਜੀਵ ਜਾਂ ਆਦਮੀ ਦੇ ਮਨ ਤੋਂ ਉਪਜਦੀ ਹੈ ਅਤੇ ਜਦ ਤਕ ਮਨ ਕਾਇਮ ਰਹੇ, ਜਗਤ ਰਚਨਾ ਵੀ ਕਿਸੇ ਨਾ ਕਿਸੇ ਸ਼ਕਲ ਵਿਚ ਕਾਇਮ ਰਹਿੰਦੀ ਹੈ। ਜਿਥੇ ਮਨ ਨਹੀਂ ਉਥੇ ਜਗਤ ਰਚਨਾ ਵੀ ਨਹੀਂ। ਆਤਮਕ ਸਾਇੰਸਦਾਨ ਏਥੇ ਪਹੁੰਚ ਕੇ ਦਸਦੇ ਹਨ ਕਿ ਮਨ ਨੂੰ ਅਭਿਆਸ ਦਵਾਰਾ ਅਸੀਂ ਆਤਮਾ ਵਿਚ ਲੀਨ ਕਰ ਸਕਦੇ ਹਾਂ ਅਤੇ ਜਦ ਮਨ ਆਤਮਾ ਵਿਚ ਲੀਨ ਹੋ ਜਾਵੇ ਤਾਂ ਹਰ ਪ੍ਰਕਾਰ ਦਾ ਜਗਤ (ਸੁਫਨੇ ਅਤੇ ਜਾਗਣ ਵੇਲੇ ਨਜ਼ਰ ਆਉਣ ਵਾਲਾ) ਵੀ ਲੀਨ ਹੋ ਜਾਂਦਾ ਹੈ। ਜਗਤ ਨੂੰ ਮਿਥਿਆ ਸਾਬਤ ਕਰਨ ਵਾਸਤੇ ਜ਼ਰੂਰੀ ਨਹੀਂ ਕਿ ਅਸੀਂ ਮੌਤ ਦਾ ਇੰਤਜ਼ਾਰ ਕਰੀਏ, ਸਗੋਂ ਜੀਉਂਦੇ ਹੋਇਆਂ, ਸਰੀਰ ਵਿਚ ਰਹਿੰਦੇ ਹੋਇਆ ਅਸੀਂ ਯੋਗ ਅਭਿਆਸ ਜਾਂ ਸਿਮਰਨ ਅਭਿਆਸ ਦਵਾਰਾ ਮਨ ਨੂੰ ਆਤਮਾ ਵਿਚ ਲੀਨ ਕਰ ਸਕਦੇ ਹਾਂ ਅਤੇ ਜਗਤ ਦੇ ਖਿਆਲੀ (mental) ਮਿਥਿਆ (unreal) ਹੋਣ ਦਾ ਤਜਰਬਾ ਕਰ ਸਕਦੇ ਹਾਂ। ਇਹ ਤਜਰਬਾ ਆਦਮੀ ਨੂੰ ਜਗਤ ਦੀ ਸਚਾਈ ਸਬੰਧੀ ਅਸਲੀਅਤ ਤੋਂ ਵਾਕਫ਼ ਕਰ ਸਕਦਾ ਹੈ।

ਆਤਮਕ ਸਾਇੰਸਦਾਨ ਜਗਤ ਨੂੰ ਮਿਥਿਆ (ਉਹ ਚੀਜ਼ ਜੋ ਅਸਲ ਵਿਚ ਤਾਂ ਸੱਚ ਨਹੀਂ ਪਰ ਅਗਿਆਨਤਾ ਕਰਕੇ ਸੱਚ ਭਾਸਦੀ ਹੈ) ਸਾਬਤ ਕਰਕੇ ਅੱਗੋਂ ਇਹ ਦਸਦੇ ਹਨ ਕਿ ਜੀਵ ਦੇ ਮਨ ਤੋਂ ਜਗਤ ਰਚਨਾ ਪੈਦਾ ਹੋ ਕੇ ਉਸ ਨੂੰ ਆਪਣੇ ਅੰਦਰ ਵਲੇਟ ਲੈਂਦੀ ਹੈ ਅਤੇ ਜਦ ਤਕ ਉਸ ਦੀ ਭੁਲੇਖੇ ਦੀ ਅੱਖ, ਗਿਆਨ ਦੇ ਹਲੂਣੇ ਨਾਲ ਨਾ ਖੁਲ੍ਹੇ ਉਸ ਨੂੰ ਮਨ ਦੀ ਜਗਤ ਰਜਨਾ ਸੱਚੀ ਅਤੇ ਅਟੱਲ ਭਾਸਦੀ ਰਹਿੰਦੀ ਹੈ, ਐਪਰ ਦਰਅਸਲ ਜੀਵ ਖੁਦ ਅਟੱਲ ਹੈ ਅਤੇ ਉਸ ਦੀ ਜਗਤ ਰਚਨਾ ਉਸ ਵਿਚੋਂ ਉਪਜਦੀ ਅਤੇ ਉਸੇ ਵਿਚ ਲੀਨ ਹੁੰਦੀ ਰਹਿੰਦੀ ਹੈ। ਜਿਵੇਂ ਅਸੀਂ ਸਿਨੇਮੇ ਦੀਆਂ ਫ਼ਿਲਮਾਂ ਦੇਖਦੇ ਹਾਂ ਅਤੇ ਦੇਖਣ ਮਗਰੋਂ ਫ਼ਿਲਮਾਂ ਖਤਮ ਹੁੰਦੀਆਂ ਜਾਂ ਮੁਕਦੀਆਂ ਹਨ, ਅਸੀਂ ਨਹੀਂ ਮੁਕਦੇ ਜਾਂ ਖਤਮ ਹੁੰਦੇ, ਸਗੋਂ ਹੋਰ ਨਵੇਂ ਸਿਨੇਮੇ ਦੇਖਣ ਲਈ ਜਿਉਂ ਦੇ ਤਿਉਂ ਕਾਇਮ ਰਹਿੰਦੇ ਹਾਂ, ਏਸੇ ਤਰ੍ਹਾਂ ਹਰ ਮੌਤ ਵੇਲੇ ਸਾਡੀ ਜਗਤ ਰਚਨਾ ਸਾਡੇ ਅੰਦਰ ਹੀ ਲੀਨ ਹੋ ਜਾਂਦੀ ਹੈ ਅਤੇ ਅਸੀਂ ਜਿਉਂ ਤੇ ਤਿਉਂ ਕਾਇਮ ਰਹਿੰਦੇ ਹਾਂ ਅਤੇ ਆਪਣੀ ਇਛਿਆ (ਆਤਮਕ ਅਵਸਥਾ) ਅਨੁਸਾਰ ਫੇਰ ਆਪਣੇ ਅੰਦਰੋਂ

ਹੋਰ ਨਵੀਂ ਜਗਤ ਰਚਨਾ ਪੈਦਾ ਕਰਕੇ ਉਸ ਦਾ ਤਮਾਸ਼ਾ ਦੇਖਦੇ ਹਾਂ। ਏਸੇ ਤਰ੍ਹਾਂ ਜਗਤ ਰਤਨਾ ਦੀ ਫਿਲਮ ਸਾਡੇ ਲਈ ਸਾਡੇ ਅੰਦਰ ਨਿਤ ਨਵੀਂ ਬਣ ਕੇ ਸਾਡੇ ਹੀ ਸਾਮ੍ਹਣੇ ਆਉਂਦੀ ਰਹਿੰਦੀ ਹੈ ਪਰ ਅਸੀਂ ਨਾਵਾਕਫ਼ੀ ਦੇ ਕਾਰਨ ਇਹ ਸਮਝਦੇ ਹਾਂ ਕਿ ਅਸੀਂ ਪਏ ਮਰਦੇ ਹਾਂ ਪਰ ਜਗਤ ਰਚਨਾ ਕਾਇਮ ਹੈ।

ਆਤਮਕ ਅਭਿਆਸੀਆਂ ਨੇ ਇਸ ਤੋਂ ਅੱਗੇ ਇਹ ਦਰਯਾਫਤ ਕੀਤਾ ਹੈ ਕਿ ਜਗਤ ਰਚਨਾ ਤਾਂ ਜੀਵ ਦੇ ਮਨ ਤੋਂ ਪੈਦਾ ਹੁੰਦੀ ਹੈ ਅਤੇ ਉਸ ਦੇ ਮਨ ਵਿਚ ਲੀਨ ਹੁੰਦੀ ਰਹਿੰਦੀ ਹੈ ਪਰ ਜੀਵ ਆਪਣੀ ਅਸਲੀਅਤ ਵਿਚ ਮਨ ਤੋਂ ਪਰ੍ਹੇ ਅਤੇ ਮਨ ਤੋਂ ਉਰ੍ਹੇ ਹੈ। ਜਦ ਅਭਿਆਸ ਕਰਕੇ ਜੀਵ ਆਪਣੇ ਮਨ ਨੂੰ ਆਪਣੇ ਅਸਲੇ, ਆਪਣੇ ਆਤਮਾ-ਪ੍ਰਮਾਤਮਾ ਵਿਚ ਲੀਨ ਕਰ ਲਵੇ ਤਾਂ ਉਸ ਲਈ ਜਗਤ ਰਚਨਾ ਤਾਂ ਮੁਕ ਜਾਂਦੀ ਪਰ ਉਹ ਆਪ ਨਹੀਂ ਮੁਕਦਾ, ਜਿਉਂ ਦਾ ਤਿਉਂ ਆਪਣੇ ਆਤਮਕ ਰੂਪ ਵਿਚ ਕਾਇਮ ਰਹਿੰਦਾ ਹੈ। ਇਸ ਅਵਸਥਾ ਦਾ ਜੀਵ ਉਸ ਆਦਮੀ ਵਾਂਗਰ ਹੀ ਹੁੰਦਾ ਹੈ ਜਿਸ ਦਾ ਦਿਲ ਰੋਜ਼ ਸਿਨੇਮੇ ਦੇਖ ਕੇ ਥੱਕ ਗਿਆ ਹੋਵੇ ਅਤੇ ਅੱਗੇ ਨੂੰ ਹੋਰ ਸਿਨੇਮੇ ਦੇਖਣੇ ਬੰਦ ਕਰ ਦੇਵੇ। ਇਸ ਅਵਸਥਾ ਦੇ ਆਤਮ ਅਭਿਆਸੀ ਨੂੰ ਮੋਖਸ਼ ਜਾਂ ਮੁਕਤੀ ਦਾ ਉਚਾ ਤੇ ਦੁਰਲੱਭ ਦਰਜਾ ਪ੍ਰਾਪਤ ਹੁੰਦਾ ਹੈ।

ਮੋਖਸ਼ ਦਾ ਦੁਰਲੱਭ ਦਰਜਾ ਜੀਵ ਨੂੰ ਤਦ ਪ੍ਰਾਪਤ ਹੁੰਦਾ ਹੈ ਜਦ ਉਸ ਦੀ ਹਰ ਪ੍ਰਕਾਰ ਦੀ ਇਛਿਆ ਖਤਮ ਹੋ ਜਾਵੇ। ਸਿਮਰਨ ਅਭਿਆਸੀ ਜਾਂ ਆਤਮਕ ਸਾਇੰਸਦਾਨ ਮੁਕਤੀ ਦੇ ਦਰਜੇ ਤੋਂ ਪਹਿਲੇ ਆਪਣੇ ਮਨ ਤੋਂ ਜਗਤ ਰਚਨਾ ਪੈਦਾ ਕਰਕੇ ਆਪਣੀ ਇਛਿਆ ਅਤੇ ਖੁਸ਼ੀ ਅਨੁਸਾਰ ਆਪਣੇ ਮਨ ਤੋਂ ਪੈਦਾ ਕੀਤੀ ਜਗਤ ਰਚਨਾ ਵਿਚ ਜੋ ਜੀਅ ਕਰੇ, ਉਹੋ ਕੁਝ ਬਣ ਕੇ ਪੂਰਨ ਸੁਖੀ ਜੀਵਨ ਬਤੀਤ ਕਰਦੇ ਹਨ। ਅਗਿਆਨੀ ਅਤੇ ਗਿਆਨੀ ਪੁਰਸ਼ ਵਿਚ ਫਰਕ ਇਹ ਹੁੰਦਾ ਹੈ ਕਿ ਅਗਿਆਨੀ ਪੁਰਸ਼ ਨੂੰ ਜਗਤ ਰਚਨਾ ਅਤੇ ਆਪਣੇ ਮਨ ਦੇ ਸਬੰਧ ਦਾ ਪਤਾ ਨਾ ਹੋਣ ਕਰਕੇ ਉਹ ਆਪਣੀ ਇਛਿਆ ਜਾਂ ਮਰਜ਼ੀ ਉਸ ਦ੍ਰਿੜਤਾ ਦੀ ਨਹੀਂ ਬਣਾ ਸਕਦਾ ਜਿਸ ਦ੍ਰਿੜ੍ਹਤਾ ਦੀ ਇਛਿਆ ਗਿਆਨੀ ਪੁਰਸ਼ ਬਣਾ ਸਕਦਾ ਹੈ। ਇਸ ਕਰਕੇ ਅਗਿਆਨੀ ਪੁਰਸ਼ ਦੀ ਇਛਿਆ ਅਨੇਕ ਜਨਮ ਲੈਣ ਨਾਲ ਵੀ





ਪੂਰੀ ਨਹੀਂ ਹੁੰਦੀ। ਉਸ ਨੂੰ ਇਸ ਕਰਕੇ ਕਈ ਜਨਮ ਧਾਰਨ ਕਰਨ ਨਾਲ ਵੀ ਪੂਰੀ ਸ਼ਾਂਤੀ ਤੇ ਪੂਰੀ ਤਸੱਲੀ ਨਹੀਂ ਹੁੰਦੀ। ਇਸ ਦੇ ਉਲਟ ਗਿਆਨੀ ਪੁਰਸ਼ ਨੂੰ ਪਤਾ ਹੁੰਦਾ ਹੈ ਕਿ ਉਹ ਆਪਣੀ ਕਿਸਮਤ ਦਾ ਆਪ ਮਾਲਕ ਹੈ। ਉਸ ਨੂੰ ਪਤਾ ਹੁੰਦਾ ਹੈ ਕਿ ਉਸ ਦੀ ਆਪਣੀ ਆਤਮਾ ਵਿਚ ਅਨੇਕ ਵਾਰੀ ਮਨ ਅਤੇ ਮਨ ਦੀ ਦੁਨੀਆਂ ਪੈਦਾ ਕਰਨ ਦੀ ਸ਼ਕਤੀ ਹੈ। ਉਸ ਨੂੰ ਪਤਾ ਹੈ ਕਿ ਉਹ ਆਪਣੇ ਮਨ ਤੋਂ ਜਗਤ ਰਚਨਾ ਪੈਦਾ ਕਰਕੇ ਉਸ ਵਿਚ ਜੋ ਰੁਤਬਾ ਆਪ ਚਾਹੇ ਉਹੀ ਪ੍ਰਾਪਤ ਕਰ ਸਕਦਾ ਹੈ, ਜੋ ਪਾਰਟ ਅਦਾ ਕਰਨਾ ਚਾਹੇ ਉਹ ਅਦਾ ਕਰ ਸਕਦਾ ਹੈ। ਇਸ ਕਰਕੇ ਗਿਆਨੀ ਪੁਰਸ਼ ਉਚੇ ਤੋਂ ਉਚੇ ਦਰਜੇ ਦੀ ਸੁਖਦਾਈ ਅਤੇ ਪਵਿੱਤਰ ਇਛਿਆ ਨੂੰ ਆਪਣੇ ਮਨ ਵਿਚ ਨਿਵਾਸ ਕਰਾਂਦਾ ਹੈ ਅਤੇ ਦ੍ਰਿੜ੍ਹਤਾ ਨਾਲ ਆਪਣੀ ਇਛਿਆ ਦੇ ਪੂਰੇ ਹੋਣ ਦੀ ਆਸ ਰਖਦਾ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਗਿਆਨੀ ਪੁਰਸ਼ ਦੀ ਜਗਤ ਰਚਨਾ ਅਤੇ ਉਸ ਜਗਤ ਰਚਨਾ ਵਿਚ ਗਿਆਨੀ ਦਾ ਰੁਤਬਾ ਉਸ ਦੀ ਉਚੀ ਤੇ ਪਵਿੱਤਰ ਇਛਿਆ ਅਨੁਸਾਰ ਬਣਦਾ ਰਹਿੰਦਾ ਹੈ। ਜਦ ਗਿਆਨੀ ਆਪਣੀ ਇਛਿਆ ਅਨੁਸਾਰ ਪੂਰਨ ਸੁਖੀ ਜੀਵਨ ਬਤੀਤ ਕਰਨ ਦਾ ਤਜਰਬਾ ਕਰ ਲਵੇ ਅਤੇ ਇਸ ਤਜਰਬੇ ਨੂੰ ਅਨੇਕ ਵਾਰੀ ਦੋਹਰਾਨ ਦੀ ਸ਼ਕਤੀ ਨੂੰ ਆਪਣੇ ਅੰਦਰ ਅਨੁਭਵ ਕਰ ਲਵੇ ਤਦ ਫੇਰ ਉਹ ਜਗਤ ਰਚਨਾ ਦੀ ਖੇਡ ਤੋਂ ਰੱਜ ਜਾਂਦਾ ਅਤੇ ਉਕਤਾ ਜਾਂਦਾ ਹੈ ਅਤੇ ਸਦਾ ਲਈ ਆਪਣੇ ਪ੍ਰਮਾਤਮਾ ਵਿਚ ਆਪਣੇ ਮਨ ਨੂੰ ਲੀਨ ਕਰਕੇ ਮੋਖਸ਼ ਨੂੰ ਪ੍ਰਾਪਤ ਹੁੰਦਾ ਹੈ। ਜਿਸ ਨੂੰ ਸਾਡੀ ਉਕਤ ਵਿਚਾਰ ਦੀ ਸਮਝ ਆ ਜਾਵੇ ਉਸ ਨੂੰ ਕਲਗੀਆਂ ਵਾਲੇ ਗੁਰੂ ਦੇ ਪਿਛਲੇ ਜਨਮ ਦੀ ਸਾਖੀ ਸਬੰਧੀ ਸ਼ੰਕਾ ਨਹੀਂ ਰਹੇਗਾ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਪਹਿਲੇ ਰਾਜਾ ਹੁੰਦੇ ਸੀ ਫੇਰ ਤਪੀਸ਼ੁਰ ਬਣੇ ਅਤੇ ਸਪਤਸਰਿੰਗ ਵਿਖੇ ਹੇਮਕੁੰਟ ਨਾਮੀ ਅਸਥਾਨ ਉਤੇ ਅਨੇਕ ਤਪੱਸਿਆ ਸਾਧੀ, ਉਸ ਤੋਂ ਬਾਅਦ ਵਾਹਿਗੁਰੂ ਦੀ ਖੁਸ਼ੀ ਅਤੇ ਇਛਿਆ ਅਨੁਸਾਰ ਜਗਤ ਨੂੰ ਤਾਰਨ ਹਿਤ ਅਵਤਾਰ ਧਾਰਿਆ ਅਤੇ ਜ਼ਾਲਮਾਂ ਨੂੰ ਸੋਧਿਆ। ਜਦ ਫੇਰ ਜੀਅ ਕੀਤਾ ਸਰੀਰ ਤਿਆਗ ਕੇ ਪ੍ਰਮਾਤਮਾ ਵਿਚ ਲੀਨ ਹੋ ਗਏ।

# ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ

ਜਗਤ ਵਿਚ ਜਿਸਨੂੰ ਵੇਖੋ ਕੁਝ ਮੰਗ ਰਿਹਾ ਨਜ਼ਰ ਆਵੇਗਾ। ਹਜ਼ਾਰਾਂ ਵਾਲਾ ਲੱਖਾਂ ਪਤੀ ਅਤੇ ਲੱਖਾਂ ਵਾਲਾ ਕਰੋੜਾਂ ਪਤੀ ਬਣਨਾ ਚਾਹੁੰਦਾ ਹੈ। ਕਰੋੜਾਂ ਵਾਲਾ ਅਵਲ ਤਾਂ ਅਰਬਾਂ ਪਤੀ ਹੋਣਾ ਚਾਹੁੰਦਾ ਹੈ ਨਹੀਂ ਤੇ ਇਹ ਪਿਆ ਚਾਹੁੰਦਾ ਹੈ ਕਿ ਕਰੋੜਾਂ ਪਤੀ ਬਣਿਆਂ ਹੀ ਰਹਾਂ ਅਤੇ ਪਾਤਸ਼ਾਹ ਚਾਹੁੰਦੇ ਹਨ ਕਿ ਉਨ੍ਹਾਂ ਦੀ ਪਾਤਸ਼ਾਹੀ ਕਾਇਮ ਰਹੇ। ਗਰੀਬ ਜੀਵਨ ਦੇ ਸਾਧਾਰਨ ਸੁਖਾਂ ਨੂੰ ਲੋਚਦਾ ਹੈ ਅਤੇ ਅਮੀਰ ਆਪਣੀ ਅਮੀਰੀ ਦੇ ਕਾਇਮ ਰੱਖਣ ਦੇ ਆਹਰ ਵਿਚ ਨਜ਼ਰ ਆਵੇਗਾ।

ਦੌਲਤ ਦੇ ਪਾਸੇ ਨੂੰ ਛੱਡ ਕੇ ਜੇ ਸਿਹਤ ਦੇ ਪਾਸੇ ਵਲ ਆਈਏ ਤਾਂ ਹਰ ਇਕ ਇਨਸਾਨ ਭਾਵੇਂ ਉਹ ਗਰੀਬ ਹੋਵੇ ਭਾਵੇਂ ਅਮੀਰ, ਤੰਦਰੁਸਤੀ ਮੰਗਦਾ ਤਕਾਂਗੇ। ਕੋਈ ਸ਼ਖਸ ਐਸਾ ਨਹੀਂ ਜੋ ਤੰਦਰੁਸਤੀ ਜਾਂ ਅਰੋਗਤਾ ਨਾ ਮੰਗਦਾ ਹੋਵੇ। ਫੇਰ ਜੇ ਖੁਸ਼ੀ ਦੇ ਪਾਸੇ ਝਾਤ ਮਾਰੀਏ ਤਾਂ ਹਰ ਇਕ ਜੀਵ ਸੁਖ ਜਾਂ ਖੁਸ਼ੀ ਮੰਗਦਾ ਨਜ਼ਰ ਆਵੇਗਾ। ਪਰਿਵਾਰ ਦੀ ਖੁਸ਼ੀ, ਦੋਸਤਾਂ ਮਿੱਤਰਾਂ ਵਿਚ ਰਲ ਬੈਠਣ ਦੀ ਖੁਸ਼ੀ, ਸੰਗੀਤ ਸੁਣਨ ਅਤੇ ਤਮਾਸ਼ੇ ਵੇਖਣ ਦੀ ਖੁਸ਼ੀ, ਹਰ ਇਕ ਜੀਵ ਨੂੰ ਅੱਗੇ ਨਾਲੋਂ ਕੁਝ ਵਧੇਰ ਮੰਗਣ ਵਾਸਤੇ ਮਜਬੂਰ ਕਰਦੀ ਦੇਖਾਂਗੇ।

ਇਲਮ ਦੇ ਪਾਸੇ ਦੇਖੀਏ ਤਾਂ ਜੋ ਜੋ ਕਿਸੇ ਇਲਮ ਦਾ ਜਾਂ ਗਿਆਨ ਦਾ ਵਿਦਿਆਰਥੀ ਹੈ ਉਹ, ਉਹ ਹੀ ਉਸ. ਗਿਆਨ ਦਾ ਅੰਤ ਨਹੀਂ ਪਾ ਰਿਹਾ ਅਤੇ ਉਸ ਗਿਆਨ ਵਿਚ ਹੋਰ ਵਧੇਰੇ ਸੂਝ, ਹੋਰ ਵਧੇਰੇ ਰੌਸ਼ਨੀ ਮੰਗਦਾ ਨਜ਼ਰ ਆਵੇਗਾ। ਸਾਧੂ ਸੰਤ ਮਹਾਤਮਾ ਵੀ ਭਾਵੇਂ ਜਗਤ ਦੇ ਨਾਸ਼ਵੰਦ ਸੁਖ ਨਾ ਮੰਗਦੇ ਦਿਸਣ ਪਰ ਕਿਸੇ ਅਬਿਨਾਸ਼ੀ ਸੁਖ, ਕਿਸੇ ਸਦੀਵੀ ਸੁਖ ਦੀ ਤਲਾਸ਼ ਵਿਚ ਬਿਹਬਲ ਨਜ਼ਰ ਆਉਣਗੇ।

ਸੜਕ ਤੇ ਤੁਰਦੇ ਕਿਸੇ ਆਦਮੀ ਨੂੰ ਖੜ੍ਹਾ ਕਰਕੇ ਪੁਛ ਦੇਖੋ, ਉਹ ਤੁਹਾਨੂੰ ਆਪਣੀਆਂ ਕਈ ਮੰਗਾਂ ਗਿਣ ਕੇ ਸੁਣਾ ਦੇਵੇਗਾ। ਅਮਰੀਕਾ ਵਿਚ ਇਕ ਧਾਰਮਕ ਸੁਸਾਇਟੀ ਨੇ ਇਕ ਮਿਲੀਅਨ (ਦੱਸ ਲੱਖ)





ਆਦਮੀਆਂ ਪਾਸੋਂ ਲਿਖਤ ਵਿਚ ਪੁਛਿਆ ਕਿ ਉਨ੍ਹਾਂ ਦੇ ਮਨ ਦੀ ਕੀ ਅਵਸਥਾ ਹੈ? ਤਾਂ ਦੱਸ ਲੱਖ ਵਿਚੋਂ ਦੱਸ ਲੱਖ ਨੇ ਹੀ ਲਿਖਤ ਵਿਚ ਜਵਾਬ ਦਿਤਾ ਕਿ ਉਹ ਕੁਝ ਚਾਹੁੰਦੇ ਹਨ, ਕੁਝ ਮੰਗਦੇ ਹਨ, ਉਨ੍ਹਾਂ ਅੰਦਰ ਕਈ ਖਾਹਿਸ਼ਾਂ ਲੁਕੀਆਂ ਪਈਆਂ ਹਨ ਜਿਨ੍ਹਾਂ ਦੀ ਪੂਰਤੀ ਵਾਸਤੇ ਉਹ ਹਰ ਵਕਤ ਕੋਸ਼ਿਸ਼ ਕਰਦੇ ਰਹਿੰਦੇ ਹਨ। ਇਹ ਮੰਗਾਂ ਇਸ ਪ੍ਰਕਾਰ ਹਨ - ਅਰੋਗਤਾ, ਜ਼ਰੂਰਤਾਂ ਪੂਰੀਆਂ ਕਰਨ ਜੋਗਾ ਧਨ, ਪਰਿਵਾਰ ਦੀ ਖੁਸ਼ੀ, ਦੋਸਤਾਂ ਮਿਤਰਾਂ ਵਿਚ ਸਤਿਕਾਰ, ਅਗਲੇ ਜੀਵਨ ਦਾ ਗਿਆਨ (*Knowledge about next world*)

ਇਸ ਮਿਸਾਲ ਤੋਂ ਸਿੱਧ ਹੁੰਦਾ ਹੈ ਕਿ ਜਗਤ ਸੱਚੀ ਮੁਚੀ ਭਿਖਾਰੀ ਹੈ ਅਤੇ ਹਰ ਵੇਲੇ ਵਾਹਿਗੁਰੂ ਪਾਸੋਂ ਦਾਤਾਂ ਮੰਗਦਾ ਰਹਿੰਦਾ ਹੈ। ਜਗਤ ਦੇ ਜੀਵ ਭਾਵੇਂ ਨਾਸਤਕ ਹੋਣ ਭਾਵੇਂ ਆਸਤਕ, ਹਰ ਵੇਲੇ ਕੁਝ ਨਾ ਕੁਝ ਮੰਗਦੇ ਰਹਿੰਦੇ ਹਨ, ਹਰ ਵੇਲੇ ਕੁਝ ਨਾ ਕੁਝ ਚਾਹੁੰਦੇ ਰਹਿੰਦੇ ਹਨ ਅਤੇ ਭਾਵੇਂ ਹਰ ਇਕ ਨੂੰ ਉਤਨਾ ਜੋ ਕਿ ਉਹ ਮੰਗ ਰਿਹਾ ਹੈ, ਨਹੀਂ ਮਿਲਦਾ, ਪਰ ਇਤਨਾ ਜ਼ਰੂਰ ਮਿਲਦਾ ਰਹਿੰਦਾ ਹੈ ਜਿਸ ਨਾਲ ਉਹ ਕਾਇਮ ਰਹਿ ਸਕੇ।

ਮੰਗਤਿਆਂ ਦੇ ਇਸ ਜਗਤ ਵਿਚ ਇਕ ਹੋਰ ਗੱਲ ਦੇਖੀ ਜਾਵੇਗੀ ਕਿ ਜਿਤਨਾ ਸਿਆਣਾ ਮੰਗਤਾ ਹੋਵੇਗਾ ਉਸ ਦੀ ਉਤਨੀ ਹੀ ਸਿਆਣੀ ਮੰਗ ਹੋਵੇਗੀ। ਇਕ ਬੱਚੇ ਨੂੰ ਪੁਛੋ ਤੂੰ ਕੀ ਚਾਹੁੰਦੇ ਹੈਂ, ਤਾਂ ਉਹ ਆਖੇਗਾ ਕਿ ਮੈਨੂੰ ਹਵਾ ਵਿਚ ਉਡਣ ਵਾਲਾ ਬੈਲੂਨ ਲੈ ਦੇਵੋ। ਜੇਕਰ ਉਸ ਤੋਂ ਵਧੇਰੀ ਉਮਰ ਦੇ ਸਕੂਲ ਜਾਂਦੇ ਲੜਕੇ ਨੂੰ ਪੁਛੋ ਕਿ ਤੇਰੀ ਕੀ ਮੰਗ ਹੈ? ਤਾਂ ਆਖੇਗਾ ਕਿ ਮੈਨੂੰ ਬਾਈਸਿਕਲ ਚਾਹੀਦਾ ਹੈ। ਜੇਕਰ ਕਾਲਜ ਜਾਣ ਵਾਲੇ ਮੁੰਡੇ ਨੂੰ ਪੁਛੋ ਕਿ ਤੇਰਾ ਦਿਲ ਕਿਸ ਚੀਜ਼ ਨੂੰ ਲੈਣਾ ਚਾਹੁੰਦਾ ਹੈ, ਬੈਲੂਨ ਜਾਂ ਬਾਈਸਿਕਲ ਤਾਂ ਉਹ ਆਖੇਗਾ ਕਿ ਮੈਂ ਮੋਟਰ ਚਾਹੁੰਦਾ ਹਾਂ, ਇਸੇ ਤਰ੍ਹਾਂ ਅਸੀਂ ਦੇਖਾਂਗੇ ਕਿ ਜਿਉਂ ਜਿਉਂ ਜੀਵ ਸਿਆਣਾ ਤੇ ਤਜਰਬੇਕਾਰ ਮੰਗਤਾ ਬਣਦਾ ਜਾਵੇ ਉਹ ਵੱਡਮੁਲੀਆਂ ਅਤੇ ਵਧੇਰੇ ਅਰਸੇ ਲਈ ਰਹਿਣ ਵਾਲੀਆਂ ਚੀਜ਼ਾਂ ਮੰਗੇਗਾ।

ਜੀਵ ਦੀਆਂ ਅਨੇਕ ਮੰਗਾਂ ਦੇ ਪਿਛੇ ਇਕ ਅਸੂਲ ਲੁਕਿਆ ਹੋਇਆ ਹੈ ਅਤੇ ਉਹ ਇਹ ਹੈ ਕਿ ਜੀਵ ਸਦਾ ਉਹ ਦਾਤਾਂ ਚਾਹੁੰਦਾ ਹੈ

ਜਿਹੜੀਆਂ ਇਸਨੂੰ ਸਦਾ ਖੁਸ਼ੀ ਤੇ ਪ੍ਰਸੰਨ ਰੱਖ ਸਕਣ, ਪਰ ਕਿਉਂਕਿ ਜੀਵ ਅਗਿਆਨੀ ਹੈ, ਬੇਸਮਝ ਹੈ, ਇਹ ਬੱਚੇ ਵਾਂਗਰ ਐਸੀਆਂ ਦਾਤਾਂ ਮੰਗਦਾ ਰਹਿੰਦਾ ਹੈ ਜਿਹੜੀਆਂ ਰਬੜ ਦੇ ਬੈਲੂਨ ਦੀ ਤਰ੍ਹਾਂ ਫੋਰਨ ਨਾਸ਼ ਹੋਣ ਵਾਲੀਆਂ ਹੁੰਦੀਆਂ ਹਨ। ਏਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਸ਼ਾ ਜੀਵ ਨੂੰ ਬੜੀ ਭਾਰੀ ਸਹਾਇਤਾ ਬਖਸ਼ਦੀ ਹੈ। ਗੁਰਮਤਿ ਜੀਵ ਨੂੰ ਇਕ ਸਿਆਣਾ ਮੰਗਤਾ ਬਨਾਣਾ ਚਾਹੁੰਦੀ ਹੈ ਤਾਂ ਕਿ ਉਸ ਦੀਆਂ ਮੰਗਾਂ ਐਸੀਆਂ ਪੱਕੀਆਂ ਤੇ ਅਬਿਨਾਸ਼ੀ ਹੋਣ ਜਿਨ੍ਹਾਂ ਦੇ ਪੂਰਾ ਹੋਣ ਮਗਰੋਂ ਜੀਵ ਨੂੰ ਕਦੀ ਫੇਰ ਮੰਗਣਾ ਹੀ ਨਾ ਪਵੇ। ਗੁਰਮਤਿ ਜੀਵ ਤੋਂ ਅਨੇਕ ਜਨਮਾਂ ਦਾ ਪੇਸ਼ਾ ਭਿਖਾਰੀ-ਪੁਣਾ ਹਮੇਸ਼ਾਂ ਲਈ ਛੁਡਾਣਾ ਚਾਹੁੰਦੀ ਹੈ।

ਗੁਰਮਤਿ ਗੁਰਸਿੱਖ ਨੂੰ ਦਸਦੀ ਹੈ ਕਿ ਜੇਕਰ ਕਿਸੇ ਨੂੰ ਟਕਸਾਲ (mint) ਮਿਲ ਜਾਵੇ ਤਾਂ ਉਸ ਨੂੰ ਫੇਰ ਰੁਪਏ ਵਾਸਤੇ ਤਰਲੇ ਕਰਨ ਦੀ ਲੋੜ ਨਹੀਂ ਰਹਿੰਦੀ, ਜਿਤਨਾ ਰੁਪਿਆ ਉਸ ਦਾ ਜੀਅ ਕਰੇ ਟਕਸਾਲ ਦੇ ਜ਼ਰੀਏ ਬਣਾ ਸਕਦਾ ਹੈ। ਇਸੇ ਤਰ੍ਹਾਂ ਅਗਰ ਦਾਤੇ ਕੋਲੋਂ ਦਾਤਾਂ ਦੀ ਬਜਾਏ ਦਾਤਾ ਖੁਦ ਹੀ ਮਿਲ ਜਾਵੇ ਤਾਂ ਫਿਰ ਦਾਤਾਂ ਮੰਗਣ ਦੀ ਲੋੜ ਨਹੀਂ ਰਹੇਗੀ। ਦਾਤੇ ਦੇ ਮਿਲਣ ਨਾਲ ਦਾਤੇ ਦੀਆਂ ਦਾਤਾਂ ਖੁਦ-ਬਖੁਦ ਮਿਲ ਜਾਣਗੀਆਂ। ਜਦ ਸਾਡੇ ਕਮਰੇ ਵਿਚ ਬਾਰੀ ਖੋਲ੍ਹਿਆਂ ਧੁੱਪ ਆ ਜਾਵੇ ਤਾਂ ਉਸ ਦੇ ਨਾਲ ਰੌਸ਼ਨੀ ਅਤੇ ਨਿੱਘ ਖੁਦ-ਬ-ਖੁਦ ਹੀ ਆ ਜਾਂਦੇ ਹਨ। ਜਦ ਕਮਰੇ ਵਿਚ ਧੁੱਪ ਆ ਜਾਏ ਤਾਂ ਫੇਰ ਸਾਨੂੰ ਧੁੱਪ ਕੋਲੋਂ ਚਾਨਣ ਅਤੇ ਗਰਮੀ ਮੰਗਣ ਦੀ ਲੋੜ ਨਹੀਂ ਪੈਂਦੀ। ਇਹ ਚੀਜ਼ਾਂ ਧੁੱਪ ਦੇ ਆਉਣ ਨਾਲ ਆਪੇ ਹੀ ਆਉਂਦੀਆਂ ਹਨ।

ਗੁਰਮਤਿ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਤਿਤ ਪਾਵਨ ਉਪਦੇਸ਼ ਜੀਵਨ ਨੂੰ ਛੋਟੀਆਂ ਛੋਟੀਆਂ ਅਤੇ ਨਾਸਵੰਦ ਚੀਜ਼ਾਂ ਮੰਗਣ ਦੀ ਬਜਾਏ ਸਰਬ ਦਾਤਾ, ਸਰਬ ਸੁਖਾਂ ਦੇ ਸਾਗਰ, ਸਰਬ-ਸ਼ਕਤੀਮਾਨ ਵਾਹਿਗੁਰੂ ਨੂੰ ਹੀ ਮੰਗਣ ਦੀ ਪ੍ਰੇਰਨਾ ਕਰਦਾ ਹੈ। ਵਾਹਿਗੁਰੂ ਉਸਨੂੰ ਮਿਲਦਾ ਹੈ ਜਿਹੜਾ ਵਾਹਿਗੁਰੂ ਨੂੰ ਮਿਲਣਾ ਚਾਹੇ, ਜਿਸ ਦੇ ਦਿਲ ਵਿਚ ਵਾਹਿਗੁਰੂ ਨਾਲ ਉਸ ਦੀਆਂ ਦਾਤਾਂ ਨਾਲੋਂ ਵਧੇਰੇ ਪ੍ਰੇਮ ਹੋਵੇ ਅਤੇ ਜਿਹੜਾ ਵਾਹਿਗੁਰੂ ਜੀ ਨੂੰ ਹਰ ਦਮ ਮੰਗ ਸਕੇ ਜਾਂ ਹਰ ਦਮ ਸੁਆਸ ਸੁਆਸ ਯਾਦ ਕਰ ਸਕੇ।

*ਇਛਾ ਪੂਰਕੁ ਸਰਬ ਸੁਖਦਾਤਾ ਹਰਿ*





*ਜਾ ਕੈ ਵਸਿ ਹੈ ਕਾਮਧੇਨਾ॥*
*ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ*
*ਤਾ ਸਰਬ ਸੁਖ ਪਾਵਹਿ ਮੇਰੇ ਮਨਾ॥* *ਪੰਨਾ - 669*

ਗੁਰਮਤਿ ਜੀਵ ਨੂੰ ਦਸਦੀ ਹੈ ਕਿ ਸਾਨੂੰ ਵਾਹਿਗੁਰੂ ਜਾਂ ਸਰਬ ਸੁਖਾਂ ਦਾ ਦਾਤਾ ਮਿਲ ਜਾਵੇ, ਉਸ ਨੂੰ ਫੇਰ ਦਾਤਾਂ ਦੇ ਵਖਰਿਆਂ ਮੰਗਣ ਦੀ ਲੋੜ ਨਹੀ ਰਹਿੰਦੀ। ਜਿਵੇਂ ਧੁੱਪ ਕਮਰੇ ਵਿਚ ਆ ਜਾਵੇ ਤਾਂ ਚਾਨਣ ਅਤੇ ਨਿੱਘ ਆਪੇ ਹੀ ਧੁੱਪ ਨਾਲ ਆ ਜਾਂਦੇ ਹਨ, ਉਸੇ ਤਰ੍ਹਾਂ ਜਦ ਜੀਵ ਨੂੰ ਵਾਹਿਗੁਰੂ ਜੀ ਦੀ ਪ੍ਰਾਪਤੀ ਹੋ ਜਾਵੇ, ਜਦ ਜੀਵ ਨੂੰ ਵਾਹਿਗੁਰੂ ਜੀ ਦਾ ਗਿਆਨ ਹੋ ਜਾਵੇ, ਜਦ ਜੀਵ ਨੂੰ ਆਪਣੇ ਅਤੇ ਵਾਹਿਗੁਰੂ ਜੀ ਦੇ ਅਟੁੱਟ ਰਿਸ਼ਤੇ ਦਾ ਪਤਾ ਲਗ ਜਾਵੇ ਤਾਂ ਵਾਹਿਗੁਰੂ ਜੀ ਦੀਆਂ ਸਾਰੀਆਂ ਬਰਕਤਾਂ ਅਤੇ ਖੂਬੀਆਂ ਜੀਵ ਅੰਦਰ ਖੁ-ਬ-ਖੁਦ ਆ ਜਾਂਦੀਆਂ ਹਨ। ਵਾਹਿਗੁਰੂ ਜੀ ਦੇ ਜੀਵ ਦੇ ਮਨ ਵਿਚ ਨਿਵਾਸ ਕਰਨ ਨਾਲ ਹੀ ਵਾਹਿਗੁਰੂ ਜੀ ਦੀਆਂ ਦਾਤਾਂ ਜੀਵ ਦੇ ਅੱਗੇ ਪਿਛੇ ਫਿਰਨ ਲਗ ਜਾਂਦੀਆਂ ਹਨ -

*ਨਾ ਓਹੁ ਮਰਤਾ ਨ ਹਮ ਡਰਿਆ॥*
*ਨਾ ਓਹੁ ਬਿਨਸੈ ਨਾ ਹਮ ਕੜਿਆ॥*
*ਨਾ ਓਹੁ ਨਿਰਧਨੁ ਨਾ ਹਮ ਭੂਖੇ॥*
*ਨਾ ਓਸੁ ਦੂਖੁ ਨਾ ਹਮ ਕਉ ਦੂਖੇ॥*
*ਅਵਰੁ ਨ ਕੋਊ ਮਾਰਨਵਾਰਾ॥*
*ਜੀਅਉ ਹਮਾਰਾ ਜੀਉ ਦੇਨਹਾਰਾ॥*
*ਨਾ ਉਸੁ ਬੰਧਨ ਨਾ ਹਮ ਬਾਧੇ॥*
*ਨਾ ਉਸੁ ਧੰਧਾ ਨ ਹਮ ਧਾਧੇ॥*
*ਨਾ ਉਸੁ ਮੈਲੁ ਨ ਹਮ ਕਉ ਮੈਲਾ॥*
*ਓਸੁ ਅਨੰਦੁ ਤ ਹਮ ਸਦ ਕੇਲਾ॥*
*ਨਾ ਉਸੁ ਸੋਚੁ ਨ ਹਮ ਕਉ ਸੋਚਾ॥*
*ਨਾ ਉਸੁ ਲੇਪੁ ਨ ਹਮ ਕਉ ਪੋਚਾ॥*
*ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ॥*
*ਜਾ ਉਹੁ ਨਿਰਮਲੁ ਤਾ ਹਮ ਜਚਨਾ॥* *ਪੰਨਾ - 391*

ਜਿਸ ਮਨ ਵਿਚ ਵਾਹਿਗੁਰੂ ਜੀ ਦੀ ਯਾਦ ਜਾਂ ਨਾਮ ਵਸ ਜਾਵੇ ਉਸ ਮਨ ਵਿਚ ਭੁਖ, ਡਰ, ਥੋੜ੍ਹ, ਚਿੰਤਾ, ਰੋਗ, ਗਰੀਬੀ, ਨਫ਼ਰਤ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਦੂਰ ਹੋ ਜਾਣਾ ਅਤੇ ਸੁਖ, ਸ਼ਾਂਤੀ, ਬੇਫ਼ਿਕਰੀ, ਪ੍ਰੇਮ, ਨਿਰਵੈਰਤਾ, ਨਿਰਭੈਤਾ, ਅਮੀਰੀ ਦਾ ਆ ਜਾਣਾ ਲਾਜ਼ਮੀ ਹੈ। ਜਿਸ ਮਨ ਵਿਚ ਵਾਹਿਗੁਰੂ ਜੀ ਦੀਆਂ ਸਿਫਤਾਂ ਜਾਂ ਬਰਕਤਾਂ ਨਿਵਾਸ ਕਰਨ ਉਸ ਮਨ ਦੀ ਦੁਨੀਆਂ ਵਿਚ ਇਨ੍ਹਾਂ ਈਸ਼ਵਰੀ ਗੁਣਾਂ ਦਾ ਹੀ ਪ੍ਰਕਾਸ਼ ਦੇਖਾਂਗੇ। ਐਸੀ ਦੁਨੀਆਂ ਵਿਚ ਸੁਖਾਂ ਤੋਂ ਸਿਵਾ ਹੋਰ ਕੁਝ ਰਹੇਗਾ ਹੀ ਨਹੀਂ। ਐਸੀ ਦੁਨੀਆਂ ਵਿਚ ਸਿਵਾਏ ਸੁਖ ਅਨੰਦ, ਪ੍ਰਸੰਨਤਾ ਅਤੇ ਸ਼ਾਂਤੀ ਦੇ ਹੋਰ ਕੁਝ ਨਹੀਂ ਰਹਿ ਸਕਦਾ। ਜਿਸ ਅਸਥਾਨ ਤੇ ਰੌਸ਼ਨੀ ਹੋਵੇ ਉਥੇ ਅੰਧੇਰਾ ਨਹੀਂ ਰਹਿ ਸਕਦਾ। ਇਸ ਤਰ੍ਹਾਂ ਜਿਸ ਹਿਰਦੇ ਵਿਚ ਵਾਹਿਗੁਰੂ ਨਿਵਾਸ ਕਰਨ ਉਥੇ ਸੁਖ ਅਨੰਦ ਤੋਂ ਬਗੈਰ ਹੋਰ ਕੁਝ ਨਹੀਂ ਰਹਿ ਸਕਦਾ।

*ਕਹੁ ਨਾਨਕ ਜਿਨਿ ਠਾਕੁਰੁ ਪਾਇਆ॥*
*ਸਭੁ ਕਿਛੁ ਤਿਸੁ ਕੇ ਗ੍ਰਿਹ ਮਹਿ ਆਇਆ॥* ਪੰਨਾ - 715

ਗੁਰਮਤਿ ਜੀਵ ਨੂੰ ਮੰਗਣ ਦਾ ਐਸਾ ਹਛਾ ਵਲ ਸਿਖਾਂਦੀ ਹੈ ਕਿ ਜੀਵ ਗੁਰਮਤਿ ਦੀ ਰੌਸ਼ਨੀ ਵਿਚ ਜੀਵਨ ਬਤੀਤ ਕਰਕੇ ਦੀਨ ਦੁਨੀਆਂ ਦੀਆਂ ਸਭ ਬਰਕਤਾਂ ਅਤੇ ਨੇਹਮਤਾਂ ਤੋਂ ਮਾਲਾ ਮਾਲ ਹੋ ਜਾਂਦਾ ਹੈ। ਇਹ ਵਲ ਕੀ ਹੈ? ਬਜਾਏ ਦਾਤਾਂ ਦੇ ਦਾਤਾ ਨੂੰ ਮੰਗਣਾ, ਬਜਾਏ ਦਾਤਾਂ ਦੇ ਦਾਤੇ ਨਾਲ ਪਿਆਰ ਪਾਣਾ, ਬਜਾਏ ਦਾਤਾਂ ਪਿਛੇ ਦਿਨ ਰਾਤ ਖਵਾਰ ਹੋਣ ਦੇ, ਦਾਤਾ ਨੂੰ ਆਪਣੇ ਮਨ ਵਿਚ ਨਿਵਾਸ ਕਰਾਣਾ। ਜਦ ਦਾਤਾਂ ਮਿਲਣ ਤਾਂ ਦਾਤੇ ਦੀ ਉਸਤਤ ਕਰਨੀ ਅਤੇ ਉਸ ਨੂੰ ਨਾ ਵਿਸਰਨਾ, ਇਹ ਹੈ ਦਾਤਾਂ ਨੂੰ ਪ੍ਰਾਪਤ ਕਰਨ ਦਾ ਵਲ, ਇਹ ਹੈ ਦਾਤੇ ਨੂੰ ਪ੍ਰਾਪਤ ਕਰਕੇ ਸਦਾ ਲਈ ਮੰਗਣ ਤੋਂ ਛੁਟਕਾਰਾ ਪਾਉਣ ਦਾ ਵਲ।

*ਨਾਨਕ ਜਾਚਕੁ ਦਰਿ ਤੇਰੈ ਪ੍ਰਭ ਤੁਧਨੋ ਮੰਗੈ ਦਾਨੁ॥*
ਪੰਨਾ - 218





# ਵਾਹੁ ਵਾਹੁ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਸ਼ਾ ਗੁਰਸਿਖ ਨੂੰ ਕਈ ਤਰੀਕਿਆਂ ਨਾਲ ਵਾਹਿਗੁਰੂ ਵਲ ਮੋੜਦੀ ਹੈ। ਇਸ ਸਿਖਸ਼ਾ ਦਾ ਮਨੋਰਥ ਗੁਰਸਿਖ ਦੀਆਂ ਬਾਹਰਮੁਖੀ ਰੁਚੀਆਂ ਨੂੰ ਅੰਤਰਮੁਖੀ ਬਨਾਣਾ ਅਤੇ ਅੰਦਰ ਬਿਰਾਜ ਰਹੇ ਅਕਾਲ ਪੁਰਖ ਨਾਲ ਗੁਰਸਿਖ ਦੀ ਮੁਲਾਕਾਤ ਕਰਾਉਣੀ ਹੈ।

ਇਹ ਤਰੀਕਾ ਜੋ ਗੁਰਬਾਣੀ ਵਿਚ ਗੁਰਸਿੱਖ ਨੂੰ ਵਾਹਿਗੁਰੂ ਵਲ ਮੋੜਨ ਦਾ ਹੈ, ਉਹ ਹੈ ਵਾਹਿਗੁਰੂ ਦੇ ਜਸ, ਸਿਫਤਾਂ, ਸ਼ਕਤੀਆਂ ਦਾ ਬਾਰ ਬਾਰ ਜ਼ਿਕਰ ਕਰਕੇ ਗੁਰਸਿੱਖ ਦੇ ਦਿਲ ਵਿਚ ਵਾਹਿਗੁਰੂ ਨੂੰ ਮਿਲਣ ਦੀ ਚਾਹ ਪੈਦਾ ਕਰਨਾ। ਜਦ ਗੁਰਸਿੱਖ ਗੁਰਬਾਣੀ ਅੰਦਰ ਪੜ੍ਹਦਾ ਹੈ ਕਿ ਵਾਹਿਗੁਰੂ ਪੂਰਨ ਪੁਰਖ ਹੈ, ਨਿਰਵੈਰ ਹੈ, ਨਿਰਭੈ ਹੈ, ਸਰਬ-ਸ਼ਕਤੀਮਾਨ, ਸਰਬ ਵਿਆਪਕ ਹੈ, ਕ੍ਰਿਪਾ ਦਾ ਸਾਗਰ ਹੈ, ਪ੍ਰਤਿਪਾਲਕ ਹੈ, ਔਗੁਣਾਂ ਨੂੰ ਨਹੀਂ ਚਿਤਾਰਦਾ, ਸ਼ਰਨ ਆਏ ਦੀ ਸਹਾਇਤਾ ਕਰਦਾ ਹੈ ਤਦ ਗੁਰਸਿਖ ਅੰਦਰ ਵਾਹਿਗੁਰੂ ਨੂੰ ਮਿਲਣ ਦਾ ਚਾਅ ਤੇ ਉਤਸ਼ਾਹ ਪੈਦਾ ਹੁੰਦਾ ਹੈ।

*ਕਿਰਪਾ ਨਿਧਾਨ ਦਇਆਲ ਬਖਸੰਦ॥* ਪੰਨਾ - 283

*ਅਨਦ ਰੂਪ ਮੰਗਲ ਸਦ ਜਾਕੈ॥* ਪੰਨਾ - 284

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥* ਪੰਨਾ - 293

*ਆਪਿ ਭਲਾ ਕਰਤੂਤਿ ਅਤਿ ਨੀਕੀ॥* ਪੰਨਾ - 294

*ਪ੍ਰਭ ਕਰਣ ਕਾਰਣ ਸਮਰਾਥਾ॥* ਪੰਨਾ - 627

*ਸਮਰਥ ਸਰਣਾ ਜੋਗੁ ਸੁਆਮੀ ਕ੍ਰਿਪਾ ਨਿਧਿ ਸੁਖਦਾਤਾ॥*
ਪੰਨਾ - 578

*ਜੀਅ ਜੰਤ ਪ੍ਰਤਿਪਾਲਦਾ ਭਾਈ ਨਿਤ ਨਿਤ ਕਰਦਾ ਸਾਰ॥*
ਪੰਨਾ - 639

## ਮਨ ਮਹਿ ਰਾਮ ਨਾਮਾ ਜਾਪਿ (405)

*ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥ ਪੰਨਾ - 705*

*ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ॥ ਪੰਨਾ - 706*

*ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥*
*ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥*
*ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ॥*
*ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ॥*
*ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ॥*

*ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ॥*
*ਪੰਨਾ - 784*

*ਸੁੰਦਰ ਸੁਘੜ ਦਇਆਲ ਪ੍ਰਭ ਸਰਬ ਸੁਖਾ ਨਿਧਿ ਪੀਉ॥*
*ਪੰਨਾ - 847*

*ਸੁਖ ਸਾਗਰ ਪ੍ਰਭ ਭੇਟਿਐ ਨਾਨਕ ਸੁਖੀ ਹੋਤ ਇਹੁ ਜੀਉ॥*
*ਪੰਨਾ - 848*

*ਸਰਣਿ ਪਰੈ ਕੀ ਰਾਖਤਾ ਨਾਹੀ ਸਹਸਾਇਆ॥ ਪੰਨਾ - 812*

ਵਾਹਿਗੁਰੂ ਜੀ ਦੀਆਂ ਸਿਫ਼ਤਾਂ ਸਿਖ ਰੋਜ਼ ਰੋਜ਼ ਗੁਰੂ ਗ੍ਰੰਥ ਜੀ ਤੋਂ ਸੁਣਦਾ ਹੈ ਤਾਂ ਉਸ ਨੂੰ ਵਾਹਿਗੁਰੂ ਬੜਾ ਪਿਆਰਾ ਲੱਗਣ ਲਗ ਜਾਂਦਾ ਹੈ ਅਤੇ ਉਸ ਦਾ ਦਿਲ ਕਰਨ ਲਗ ਜਾਂਦਾ ਹੈ ਕਿ ਐਸਾ ਵਾਹਿਗੁਰੂ ਮੈਨੂੰ ਵੀ ਮਿਲ ਪਵੇ ਤਾਂ ਮੈਂ ਕਿਤਨਾ ਵਡਭਾਗਾ ਹੋ ਜਾਵਾਂ। ਇਸ ਅਵਸਥਾ ਦੇ ਗੁਰਸਿਖ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਫੇਰ ਦਸਦੇ ਹਨ ਕਿ ਵਾਹਿਗੁਰੂ ਤੈਨੂੰ ਮਿਲ ਸਕਦਾ ਹੈ ਅਤੇ ਮਿਲਣ ਮਗਰੋਂ ਤੇਰਾ ਹੋ ਸਕਦਾ ਹੈ। ਵਾਹਿਗੁਰੂ ਤੇਰੇ ਬਹੁਤ ਨੇੜੇ ਹੈ, ਤੇਰੇ ਆਪਣੇ ਅੰਦਰ ਹੈ ਤੂੰ ਉਸ ਨੂੰ ਆਪਣੇ ਅੰਦਰੋਂ ਹੀ ਵੇਖ ਸਕਦਾ ਹੈਂ, ਪਛਾਣ ਸਕਦਾ ਹੈਂ, ਮਿਲ ਸਕਦਾ ਹੈਂ, ਸਮਝ ਸਕਦਾ ਹੈਂ ਅਤੇ ਉਸ ਵਰਗਾ ਜਾਂ ਉਸ ਦਾ ਰੂਪ ਬਣ ਸਕਦਾ ਹੈਂ।

ਕਈ ਗੁਰਸਿੱਖ ਤਾਂ ਸ੍ਰੀ ਗੁਰੂ ਗ੍ਰੰਥ ਜੀ ਦੇ ਉਤੇ ਦੱਸੇ ਤਰੀਕੇ ਨਾਲ ਵਾਹਿਗੁਰੂ ਜੀ ਦੇ ਰਸਤੇ ਤੇ ਤੁਰਨ ਲਗ ਪੈਂਦੇ ਹਨ ਅਤੇ ਨਾਮ ਸਿਮਰਨ



## ਐਥੇ ਓਥੈ ਤੂੰ ਹੈ ਰਖਵਾਲਾ (132)

ਦਾ ਜੀਵਨ ਬਤੀਤ ਕਰਦੇ ਹਨ, ਐਪਰ ਕਈ ਸਿੱਖ ਮਾਇਆ ਦੇ ਜੰਜਾਲ ਵਿਚ, ਗਿਆਨ ਇੰਦਰਿਆਂ ਰਾਹੀਂ ਭਾਸ ਰਹੇ ਜਗਤ ਦੀ ਸਚਾਈ ਅਤੇ ਇਸ ਦੇ ਭੋਗ ਬਿਲਾਸਾਂ ਵਿਚ ਇਤਨੇ ਗਲਤਾਨ ਹੁੰਦੇ ਹਨ ਕਿ ਉਨ੍ਹਾਂ ਨੂੰ ਵਾਹਿਗੁਰੂ ਜੀ ਦੇ ਪਾਸੇ ਤੁਰਨ ਦਾ ਖਿਆਲ ਤਕ ਨਹੀਂ ਆਉਂਦਾ, ਇੰਦਰੀਆਂ ਦੇ ਰਸਾਂ ਵਿਚੋਂ ਸੁਰਤ ਉਖੜਦੀ ਹੀ ਨਹੀਂ।

*ਮੁਤੜੇ ਅਸੰਖ ਮਾਇਆ ਝੂਠੀ ਕਾਰਣੇ॥ ਪੰਨਾ - 1426*

ਐਸੇ ਗੁਰਸਿਖਾਂ ਨੂੰ ਮਾਇਆ ਦੀ ਬੇਹੋਸ਼ ਰਖਣ ਵਾਲੀ ਘੂਕ ਨੀਂਦਰ ਤੋਂ ਜਗਾਣ ਲਈ ਅਤੇ ਵਾਹਿਗੁਰੂ ਦੇ ਪਾਸੇ ਲਗਾਣ ਲਈ ਸ੍ਰੀ ਗੁਰੂ ਗ੍ਰੰਥ ਜੀ ਇਕ ਹੋਰ ਤਰੀਕਾ ਵਰਤਦੇ ਹਨ। ਇਸ ਤਰੀਕੇ ਅਨੁਸਾਰ ਗੁਰਸਿਖ ਨੂੰ ਮਾਇਆ ਦੇ ਜਗਤ ਦੀਆਂ ਊਣਤਾਈਆਂ, ਨੁਕਸ, ਬੁਰਿਆਈਆਂ ਦਰਸਾ ਕੇ ਉਸ ਨੂੰ ਹਰੀ ਮਾਰਗ ਵਲ ਲਿਆਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮਾਇਆ ਦੇ ਜਗਤ ਵਿਚ ਆਉਣ ਵੇਲੇ ਅਤੇ ਇਸ ਤੋਂ ਜਾਣ ਵੇਲੇ (ਜਨਮ ਅਤੇ ਮਰਨ ਵੇਲੇ) ਜੋ ਇਨਸਾਨ ਨੂੰ ਦੁਖ ਉਠਾਉਣਾ ਪੈਂਦਾ ਹੈ, ਉਸ ਦੁਖ ਦਾ ਗੁਰਸਿਖ ਨੂੰ ਖਿਆਲ ਦਿਲਾਇਆ ਜਾਂਦਾ ਹੈ, ਮਾਇਆ ਦੇ ਜਗਤ ਵਿਚ ਪੂਰਨ ਸੁਖ ਦਾ ਕਿਸੇ ਪਾਸੇ ਨਜ਼ਰ ਨਾ ਆਉਣਾ, ਰਾਜੇ ਅਤੇ ਪਰਜਾ, ਅਮੀਰ ਅਤੇ ਗਰੀਬ ਸਭ ਦਾ ਪੂਰੇ ਸੁਖੀ ਨਾ ਹੋ ਸਕਣਾ, ਗੁਰਸਿਖ ਨੂੰ ਦਰਸਾਇਆ ਜਾਂਦਾ ਹੈ। ਮਾਇਆ ਦੇ ਜਗਤ ਵਿਚ ਤ੍ਰਿਸ਼ਨਾ ਦਾ ਕਿਸੇ ਸਟੇਜ ਉਤੇ ਜਾ ਕੇ ਵੀ ਪੂਰਿਆਂ ਨਾ ਹੋ ਸਕਣ ਦਾ ਗੁਰਸਿਖ ਨੂੰ ਸਾਰਾ ਹਾਲ ਦਸਿਆ ਜਾਂਦਾ ਹੈ। ਮਾਇਆ ਦੇ ਫਲ ਦਾ, ਧੋਖੇ ਦਾ, ਨਾ-ਪਾਇਦਾਰੀ ਦਾ ਗੁਰਸਿਖ ਨੂੰ ਆਪਣੀ ਸਹੀ ਹਾਲਤ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

*ਗਗਾ ਗੋਬਿਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ॥*
*ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ॥*
*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥*
*ਗਿਆਨੀ ਧਿਆਨੀ ਚਤੁਰ ਪੇਖਿ ਰਹਨੁ ਨਹੀ ਇਹ ਠਾਇ॥*

ਛਾਡਿ ਛਾਡਿ ਸਗਲੀ ਗਈ ਮੂੜ ਤਹਾ ਲਪਟਾਇ॥
ਗੁਰ ਪ੍ਰਸਾਦਿ ਸਿਮਰਤ ਰਹੈ ਜਾਹੂ ਮਸਤਕਿ ਭਾਗ॥
ਨਾਨਕ ਆਏ ਸਫਲ ਤੇ ਜਾ ਕਉ ਪ੍ਰਿਅਹਿ ਸੁਹਾਗ॥ ਪੰਨਾ - 254

ਨ ਕਿਸ ਕਾ ਪੂਤੁ ਨ ਕਿਸ ਕੀ ਮਾਈ॥
ਝੂਠੈ ਮੋਹਿ ਭਰਮਿ ਭੁਲਾਈ॥ ਪੰਨਾ - 357

ਜੇ ਲਖ ਇਸਤਰੀਆ ਭੋਗ ਕਰਹਿ ਨਵ ਖੰਡ ਰਾਜੁ ਕਮਾਹਿ॥
ਬਿਨੁ ਸਤਗੁਰ ਸੁਖੁ ਨ ਪਾਵਈ ਫਿਰ ਫਿਰਿ ਜੋਨੀ ਪਾਹਿ॥
ਪੰਨਾ - 26

ਜੋ ਦਿਨ ਆਵਹਿ ਸੋ ਦਿਨ ਜਾਹੀ॥
ਕਰਨਾ ਕੂਚੁ ਰਹਨੁ ਥਿਰੁ ਨਾਹੀ॥
ਸੰਗੁ ਚਲਤ ਹੈ ਹਮ ਭੀ ਚਲਨਾ॥
ਦੂਰਿ ਗਵਨੁ ਸਿਰ ਊਪਰਿ ਮਰਨਾ॥
ਕਿਆ ਤੂ ਸੋਇਆ ਜਾਗੁ ਇਆਨਾ॥
ਤੈ ਜੀਵਨੁ ਜਗਿ ਸਚੁ ਕਰ ਜਾਨਾ॥ ਪੰਨਾ - 793

ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ
ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ॥
ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ
ਜਿਤੁ ਹੁਣਿ ਖਸਮੁ ਨ ਪਾਇਆ॥
ਪਉੜੀ ਛੁੜਕੀ ਫਿਰਿ ਹਾਥਿ ਨ ਆਵੈ
ਅਹਿਲਾ ਜਨਮੁ ਗਵਾਇਆ॥ ਪੰਨਾ - 796

ਮਿਰਤੁ ਹਸੈ ਸਿਰ ਊਪਰੈ ਪਸੂਆ ਨਹੀ ਬੂਝੈ॥
ਬਾਦ ਸਾਦ ਅਹੰਕਾਰ ਮਹਿ ਮਰਣਾ ਨਹੀ ਸੂਝੈ॥
ਸਤਿਗੁਰੁ ਸੇਵਹੁ ਆਪਨਾ ਕਾਹੇ ਫਿਰਹੁ ਅਭਾਗੇ॥
ਦੇਖਿ ਕਸੁੰਭਾ ਰੰਗੁਲਾ ਕਾਹੇ ਭੂਲਿ ਲਾਗੇ॥ ਪੰਨਾ - 809





ਕਰਿ ਕਰਿ ਪਾਪ ਦਰਬੁ ਕੀਆ ਵਰਤਣ ਕੈ ਤਾਈ॥
ਮਾਟੀ ਸਿਉ ਮਾਟੀ ਰਲੀ ਨਾਗਾ ਉਠਿ ਜਾਈ॥ ਪੰਨਾ - 809

ਬਿਨੁ ਹਰਿ ਕਾਮਿ ਨ ਆਵਤ ਹੇ॥
ਜਾ ਸਿਉ ਰਾਚਿ ਮਾਚਿ ਤੁਮ ਲਾਗੇ
ਓਹ ਮੋਹਨੀ ਮੋਹਾਵਤ ਹੇ॥ ਰਹਾਉ॥
ਕਨਿਕ-ਕਾਮਿਨੀ ਸੇਜ ਸੋਹਨੀ
ਛੋਡਿ ਖਿਨੈ ਮਹਿ ਜਾਵਤ ਹੇ॥
ਉਰਝਿ ਰਹਿਓ ਇੰਦ੍ਰੀ ਰਸ ਪ੍ਰੇਰਿਓ
ਬਿਖੈ ਠਗਉਰੀ ਖਾਵਤ ਹੇ॥
ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ
ਪਾਵਕੁ ਤਲੈ ਜਰਾਵਤ ਹੇ॥
ਐਸੇ ਗੜ ਮਹਿ ਐਠਿ ਹਠੀਲੋ
ਫੂਲਿ ਫੂਲਿ ਕਿਆ ਪਾਵਤ ਹੇ॥
ਪੰਚ ਦੂਤ ਮੂਡ ਪਰਿ ਠਾਢੇ
ਕੇਸ ਗਹੇ ਫੇਰਾਵਤ ਹੇ॥
ਦ੍ਰਿਸਟਿ ਨ ਆਵਹਿ ਅੰਧ ਅਗਿਆਨੀ
ਸੋਇ ਰਹਿਓ ਮਦ ਮਾਵਤ ਹੇ॥
ਜਾਲੁ ਪਸਾਰਿ ਚੋਗ ਬਿਸਥਾਰੀ
ਪੰਖੀ ਜਿਉ ਫਾਹਾਵਤ ਹੇ॥
ਕਹੁ ਨਾਨਕ ਬੰਧਨ ਕਾਟਨ ਕਉ॥
ਮੈ ਸਤਿਗੁਰੁ ਪੁਰਖੁ ਧਿਆਵਤ ਹੇ॥ ਪੰਨਾ - 821

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥
ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲ ਕਿਉ ਚਿਤੁ ਲਾਈਐ॥
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥

*ਸਤਿਗੁਰੂ ਕਾ ਉਪਦੇਸੁ ਸੁਣਿ ਤੂੰ ਹੋਵੈ ਤੇਰੈ ਨਾਲੇ॥*
*ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ॥ ਪੰਨਾ - 918*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਸ਼ਾ ਗੁਰਸਿਖ ਜਿਸ ਅਵਸਥਾ ਦਾ, ਜੈਸੇ ਖਿਆਲਾਂ ਦਾ ਹੋਵੇ ਉਸ ਨੂੰ ਉਸੇ ਤਰ੍ਹਾਂ ਦਾ ਹੀ ਉਪਦੇਸ਼ ਦੇ ਕੇ ਹਰੀ ਮਾਰਗ ਤੇ ਲਗਾਂਦੀ ਹੈ। ਗੁਰਸਿਖ ਦਾ ਫਰਜ਼ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਜੀ ਦਾ ਲੜ ਸਿਦਕ ਅਤੇ ਮਜ਼ਬੂਤੀ ਨਾਲ ਫੜ ਲਵੇ, ਫਿਰ ਉਸ ਦਾ ਕਿਸੇ ਦਿਨ ਇਸ ਭਵਸਾਗਰ ਤੋਂ ਪਾਰ ਹੋਣਾ ਯਕੀਨੀ ਗੱਲ ਹੈ। ਸਿਦਕ ਅਤੇ ਮਜ਼ਬੂਤੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਫੜਨ ਤੋਂ ਸਾਡੀ ਮੁਰਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ, ਇੱਜ਼ਤ ਕਰਨੀ ਵੀ ਹੈ ਅਤੇ ਇਸ ਤੋਂ ਅੱਗੇ ਸ੍ਰੀ ਗੁਰੂ ਜੀ ਦੇ ਪਵਿੱਤਰ ਉਪਦੇਸ਼ਾਂ ਨੂੰ ਸਮਝਣਾ, ਕਮਾਉਣਾ, ਗੁਰਬਾਣੀ ਅਤੇ ਨਾਮ ਦਾ ਅਭਿਆਸ ਕਰਨਾ ਅਤੇ ਆਪਣੇ ਤੋਂ ਉਪਰਲੀ ਅਵਸਥਾ ਦੇ ਗੁਰਸਿਖਾਂ ਨਾਲ ਸਤਿਸੰਗ ਕਰਨਾ ਹੈ।





# ਆਸਵੰਦ ਰਹਿਣਾ

ਆਤਮ-ਸਾਇੰਸ ਦੇ ਅਸੂਲਾਂ ਵਿਚੋਂ ਇਕ ਵੱਡਾ ਅਸੂਲ, ਅਰਦਾਸ ਜਾਂ ਬੇਨਤੀ ਕਰਨ ਮਗਰੋਂ ਆਸਵਾਨ ਜਾਂ ਆਸਵੰਦ ਰਹਿਣਾ ਹੈ। ਜਿਸ ਵਸਤੂ ਦੀ ਪ੍ਰਾਪਤੀ ਲਈ ਅਰਦਾਸ ਕੀਤੀ ਜਾਵੇ, ਅਰਦਾਸ ਮਗਰੋਂ ਉਸ ਵਸਤੂ ਦੇ ਪ੍ਰਾਪਤ ਹੋਣ ਦੀ ਪੂਰੀ ਆਸ ਹੋਣੀ ਚਾਹੀਦੀ ਹੈ। ਗੁਰਸਿਖ ਨੂੰ ਆਪਣੀ ਅਰਦਾਸ ਵਿਚ ਵਿਸ਼ਵਾਸ਼ ਹੋਵੇ ਤਾਂ ਜ਼ਰੂਰੀ ਹੈ ਕਿ ਅਰਦਾਸ ਮਗਰੋਂ ਉਹ ਆਪਣੀ ਅਰਦਾਸ ਦੇ ਪੂਰਿਆਂ ਹੋਣ ਦੀ ਆਸ ਕਰੇ। ਸਾਡੀਆਂ ਬਹੁਤ ਸਾਰੀਆਂ ਅਰਦਾਸਾਂ ਇਸੇ ਲਈ ਪੂਰੀਆਂ ਨਹੀਂ ਹੁੰਦੀਆਂ ਕਿ ਸਾਨੂੰ ਆਪਣੀ ਅਰਦਾਸ ਦੇ ਪੂਰਿਆਂ ਹੋਣ ਦੀ ਆਸ ਨਹੀਂ ਹੁੰਦੀ।

ਬ੍ਰਹਮ ਜੀਵ ਦੇ ਫੁਰਨਿਆਂ ਨੂੰ ਸਾਖਸ਼ਾਤ ਕਰਦਾ ਰਹਿੰਦਾ ਹੈ। ਜੀਵ ਦੇ ਹਰ ਦ੍ਰਿੜ੍ਹ ਸੰਕਲਪ ਨੂੰ ਬ੍ਰਹਮ, ਆਪਣੀ ਸਤਿਆ ਦੇ ਕੇ ਦ੍ਰਿਸ਼ਟਮਾਨ ਜਗਤ ਵਿਚ ਪ੍ਰਗਟ ਕਰਦਾ ਰਹਿੰਦਾ ਹੈ। ਜਿਵੇਂ ਸਿਨੇਮਾ ਫ਼ਿਲਮ ਨੂੰ ਰੌਸ਼ਨੀ ਅੱਗੇ ਰੱਖਿਆ ਜਾਵੇ ਤਾਂ ਰੌਸ਼ਨੀ ਉਸ ਫ਼ਿਲਮ ਨੂੰ ਸਾਖਸ਼ਾਤ ਰੂਪ ਵਿਚ ਪਰਦੇ ਤੇ ਜ਼ਾਹਿਰ ਕਰਦੀ ਹੈ, ਇਸੇ ਤਰ੍ਹਾਂ ਜੀਵ ਦੇ ਸੰਕਲਪਾਂ ਨੂੰ ਬ੍ਰਹਮ ਆਪਣੀ ਸਤਿਆ ਨਾਲ ਦ੍ਰਿਸ਼ਟਮਾਨ ਜਗਤ ਅੰਦਰ ਪ੍ਰਗਟ ਕਰਦਾ ਰਹਿੰਦਾ ਹੈ। ਦ੍ਰਿੜ੍ਹ ਸੰਕਲਪ ਉਹੀ ਹੁੰਦਾ ਹੈ, ਜਿਸ ਦੇ ਪੂਰਿਆਂ ਹੋਣ ਦੀ ਜੀਵ ਨੂੰ ਪੱਕੀ ਆਸ ਹੋਵੇ। ਜਿਸ ਸੰਕਲਪ ਜਾਂ ਇੱਛਿਆ ਦੇ ਪਿਛੇ ਆਸ ਨਹੀਂ, ਉਤਸ਼ਾਹ ਨਹੀਂ ਉਹ ਬ੍ਰਹਮ ਤੋਂ ਆਪਣੀ ਜ਼ਰੂਰਤ ਅਨੁਸਾਰ ਸ਼ਕਤੀ ਨਹੀਂ ਖਿੱਚ ਸਕਦੀ।

ਇਸ ਆਤਮਕ ਭੇਦ ਦਾ ਪਤਾ ਕਸ਼ਮੀਰ ਦੀ ਉਸ ਬੁੱਢੀ ਮਾਈ ਨੂੰ ਸੀ, ਜਿਸ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅੱਗੇ ਘਰ ਆ ਕੇ ਦਰਸ਼ਨ ਦੇਣ ਦੀ ਅਰਦਾਸ ਕਰਨ ਮਗਰੋਂ, ਇਹ ਤਿਆਰੀ ਅਰੰਭ ਦਿਤੀ ਕਿ ਜਦ ਮੀਰੀ ਪੀਰੀ ਦਾ ਮਾਲਕ ਮੈਨੂੰ ਦਰਸ਼ਨ ਦੇਣ ਆਵੇਗਾ ਤਾਂ ਮੈਂ ਉਸ ਨੂੰ ਆਪਣੇ ਹੱਥਾਂ ਨਾਲ ਕੱਤ ਕੇ ਤਿਆਰ ਕੀਤਾ ਚੋਗਾ ਪਾਵਾਂਗੀ। ਮਾਈ ਚੋਗੇ ਲਈ ਰੂੰ ਕੱਤਦੀ ਸੀ ਤੇ ਲੋਕੀਂ ਮਾਈ ਦੀ ਮੂਰਖਤਾਈ ਤੇ ਹੱਸਦੇ ਸੀ। ਮਾਈ ਨੇ ਚਾਈਂ ਚਾਈਂ ਚੋਗਾ ਤਿਆਰ ਕਰ ਲਿਆ, ਪਰ ਲੋਕਾਂ ਨੇ ਠੱਠੇ ਮਖੌਲ ਕਰਨੇ ਨਾ

ਛੱਡੇ। ਲੋਕ ਆਖਦੇ ਸਨ ਕਿ ਇਸ ਗਰੀਬੜੀ ਮਾਈ ਦਾ ਮਾਮੂਲੀ ਚੋਗਾ ਪਾਣ ਸ੍ਰੀ ਹਰਿਗੋਬਿੰਦ ਸਾਹਿਬ, ਦੀਨ ਦੁਨੀਆਂ ਦੇ ਮਾਲਕ, ਪਾਤਸ਼ਾਹਾਂ ਦੇ ਸੱਚੇ ਪਾਤਸ਼ਾਹ ਕਿਉਂ ਪੰਜਾਬ ਤੋਂ ਤੁਰ ਕੇ ਆਵਣਗੇ? ਉਨ੍ਹਾਂ ਨੂੰ ਕੀ ਚੋਗਿਆਂ ਦਾ ਅਤੇ ਕੀਮਤੀ ਰੇਸ਼ਮੀ ਅਤਲਸੀ ਚੋਗਿਆਂ ਦਾ ਪੰਜਾਬ ਵਿਚ ਕੋਈ ਘਾਟਾ ਹੈ? ਇਸ ਲਈ ਆਤਮਕ ਰਮਜ਼ ਨੂੰ ਕੋਈ ਨਹੀਂ ਸੀ ਜਾਣਦਾ ਕਿ ਮਾਈ ਬੁੱਢੀ ਦਾ ਛੇਵੇਂ ਪਾਤਸ਼ਾਹ ਦੇ ਦਰਸ਼ਨਾਂ ਲਈ ਦ੍ਰਿੜ੍ਹ ਤੇ ਅਹਿਲ ਸੰਕਲਪ ਬ੍ਰਹਮ ਨੂੰ ਮਜਬੂਰ ਕਰ ਰਿਹਾ ਸੀ ਕਿ ਆਪਣੀ ਜੋਤ ਨੂੰ ਪ੍ਰੇਰ ਕੇ ਪੰਜਾਬ ਤੋਂ ਕਸ਼ਮੀਰ ਲੈ ਜਾਵੇ। ਜਦ ਸੱਚੀ ਮੁਚੀ ਗੁਰੂ ਹਰਿਗੋਬਿੰਦ ਸਾਹਿਬ ਮਾਈ ਬੁੱਢੀ ਦੇ ਵਿਹੜੇ ਵਿਚ ਆਣ ਖਲੋਤੇ ਤਾਂ ਲੋਕੀ ਦੰਗ ਸਨ ਕਿ ਇਹ ਕੀ ਹੋਇਆ, ਇਹ ਕਿਉਂ ਹੋਇਆ ਪਰ ਮਾਈ ਬੁੱਢੀ ਦਾ ਆਸਵੰਦ ਮਨ ਉਸ ਨੂੰ ਵਧਾਈ ਦੇ ਰਿਹਾ ਸੀ ਅਤੇ ਆਖ ਰਿਹਾ ਸੀ, ਵੇਖ ਤੇਰੇ ਸੱਚੇ ਉਤਸ਼ਾਹ ਅਤੇ ਆਸਵੰਦ ਨਿਸਚੇ ਨੂੰ ਅਕਾਲ ਪੁਰਖ ਨੇ ਕਿਵੇਂ ਨਿਹਾਲ ਕੀਤਾ ਹੈ, ਕਿਵੇਂ ਇਸ ਬੇਨਿਆਜ਼ ਹਸਤੀ ਨੂੰ ਪੰਜਾਬ ਤੋਂ ਤੋਰ ਕੇ ਤੇਰੇ ਵਿਹੜੇ ਵਿਚ ਆਣ ਖੜ੍ਹਾ ਕੀਤਾ ਹੈ।

ਆਪਣੀ ਸ਼ੁਭ ਕਾਮਨਾ ਦੇ ਪੂਰਿਆਂ ਹੋਣ ਦੀ ਆਸ ਵਿਚ ਅਡੋਲ ਹੋ ਕੇ ਭਰੋਸੇ ਵਿਚ ਖਲੋਣ ਨੂੰ ਹੰਕਾਰ ਜਾਂ ਮਾਣ ਨਹੀਂ ਸਮਝਣਾ ਚਾਹੀਦਾ। ਹੰਕਾਰੀ ਜਾਂ ਅਭਿਮਾਨੀ ਮਨ ਕਰਤਾਰ ਦੇ ਆਸਰੇ ਉਤੇ ਅਡੋਲ ਖਲ੍ਹੋ ਹੀ ਨਹੀਂ ਸਕਦਾ। ਮਨ ਉਦੋਂ ਕਰਤਾਰ ਦੇ ਆਸਰੇ ਤੇ ਖਲੋਂਦਾ ਹੈ ਜਦ ਇਹ ਕਰਤਾਰ ਨਾਲ ਜੁੜਿਆ ਹੋਵੇ, ਕਰਤਾਰ ਦੇ ਅਤਿ ਨੇੜੇ ਪਹੁੰਚਿਆ ਹੋਵੇ। ਕਰਤਾਰ ਵਿਚ ਹੰਕਾਰ ਦੀ ਰਿਜਮ ਨਹੀਂ। ਇਸ ਲਈ ਕਰਤਾਰ ਨਾਲ ਜੋੜਨ ਲਈ ਜ਼ਰੂਰੀ ਹੈ ਕਿ ਮਨ ਨੂੰ ਹੰਕਾਰ ਜਾਂ ਤਕੱਬਰ ਤੋਂ ਖਾਲੀ ਕੀਤਾ ਜਾਵੇ। ਜਿਵੇਂ ਮੰਦਰ ਜਾਂ ਗੁਰਦਵਾਰੇ ਵਿਚ ਵੜਨ ਲੱਗਿਆਂ ਜੋੜੇ ਬਾਹਰ ਲਾਹ ਕੇ ਜਾਣਾ ਜ਼ਰੂਰੀ ਹੁੰਦਾ ਹੈ, ਉਸੇ ਤਰ੍ਹਾਂ ਅੰਦਰਲੇ ਗੁਰਦਵਾਰੇ ਵਿਚ ਜਿਥੇ ਸਿਰਜਣਹਾਰ ਦਾ ਨਿਵਾਸ ਹੈ, ਉਥੇ ਹੰਕਾਰ ਜਾਂ ਹਉਮੈ ਦੀ ਜੁੱਤੀ ਨੂੰ ਉਤਾਰ ਕੇ ਹੀ ਦਾਖਲ ਹੋ ਸਕੀਦਾ ਹੈ।

ਛੇਵੇਂ ਪਾਤਸ਼ਾਹ ਨੂੰ ਹੀ ਇਕ ਗਰੀਬ ਅਨਜਾਣ ਤੇ ਅੱਲ੍ਹੜ ਮੁੰਡਾ ਆਪਣੀਆਂ ਪੈਲੀਆਂ ਵਿਚ ਪਿਆਰ ਨਾਲ ਵਾਜਾਂ ਮਾਰਨ ਲੱਗ ਪਿਆ। ਇਸ ਮੁੰਡੇ ਨੂੰ ਆਪਣੀ ਮਾਤਾ ਤੋਂ ਕੇਵਲ ਇਤਨਾ ਪਤਾ ਮਿਲਿਆ ਸੀ





ਕਿ ਜੇਕਰ ਮੀਰੀ ਦੇ ਮਾਲਕ ਨੂੰ ਸੱਚੇ ਦਿਲੋਂ ਵਾਜਾਂ ਮਾਰੀਏ ਤਾਂ ਉਹ ਆ ਕੇ ਜ਼ਰੂਰ ਦਰਸ਼ਨ ਦਿੰਦਾ ਹੁੰਦਾ ਹੈ। ਇਹ ਸੁਣ ਕੇ ਮੁੰਡੇ ਨੇ ਮਾਂ ਨੂੰ ਪੁਛਿਆ ਸੀ ਕਿ ਜਦ ਛੇਵੇਂ ਪਾਤਸ਼ਾਹ ਮੇਰੀਆਂ ਵਾਜਾਂ ਸੁਣ ਕੇ ਮੈਨੂੰ ਦਰਸ਼ਨ ਦੇਣਗੇ, ਤਾਂ ਮੈਂ ਉਸ ਵੇਲੇ ਕੀ ਕਰਾਂ? ਤਾਂ ਮਾਂ ਨੇ ਆਖਿਆ ਸੀ ਕਿ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਹੋਣ ਤਾਂ ਉਨ੍ਹਾਂ ਦੀ ਭੇਟਾ ਇਕ ਰੁਪਿਆ ਅਤੇ ਗੁੜ ਦੀ ਰੋੜੀ ਕਰਨੀ ਹੋਵੇਗੀ।

ਇਸ ਮੁੰਡੇ ਦੇ ਆਸਵੰਦ ਤੇ ਉਤਸ਼ਾਹੀ ਦਿਲ ਨੇ ਫਿਰ ਮਾਤਾ ਨੂੰ ਆਖਿਆ ਕਿ ਮੈਨੂੰ ਤੂੰ ਗੁੜ ਦੀ ਰੋੜੀ ਅਤੇ ਰੁਪਿਆ ਹੁਣੇ ਹੀ ਦੇ ਦੇਹ, ਮੈਂ ਪੱਲੇ ਬੰਨ੍ਹ ਕੇ ਹੀ ਸ੍ਰੀ ਗੁਰੂ ਜੀ ਨੂੰ ਵਾਜਾਂ ਮਾਰਾਂਗਾ, ਕਿਉਂਕਿ ਜਦ ਉਹ ਮੇਰੀਆਂ ਆਵਾਜ਼ਾਂ ਸੁਣ ਕੇ ਆ ਗਏ ਤਾਂ ਉਸ ਵੇਲੇ ਮੈਂ ਤੈਥੋਂ ਰੁਪਿਆ ਅਤੇ ਗੁੜ ਦੀ ਰੋੜੀ ਲੈਣ ਕਿਵੇਂ ਆ ਸਕਾਂਗਾ? ਮਾਤਾ ਨੇ ਹੱਸ ਕੇ ਬੱਚੇ ਨੂੰ ਨਿਰਾਸ ਨਾ ਕਰਨ ਦੇ ਖਿਆਲ ਨਾਲ, ਰੁਪਿਆ ਤੇ ਗੁੜ ਦੀ ਰੋੜੀ ਪੱਲੇ ਬੰਨ੍ਹ ਦਿਤੀ। ਇਹ ਮੁੰਡਾ ਕਈ ਮਹੀਨੇ ਰੁਪਿਆ ਤੇ ਗੁੜ ਦੀ ਰੋੜੀ ਪਲੇ ਹੀ ਬੰਨ੍ਹੀ ਫਿਰਦਾ ਰਿਹਾ ਅਤੇ ਜਦ ਕੋਈ ਦੋਸਤ ਮਿਤਰ ਪੁਛੇ ਤਾਂ ਆਖਦਾ, ਮੈਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਆ ਕੇ ਦਰਸ਼ਨ ਦੇਣੇ ਹਨ ਅਤੇ ਇਹ ਰੁਪਿਆ ਤੇ ਗੁੜ ਦੀ ਰੋੜੀ ਮੈਂ ਉਨ੍ਹਾਂ ਦੀ ਭੇਟ ਕਰਨੀ ਹੈ।

ਪਿੰਡ ਦੇ ਬਾਲਕਾਂ ਅਤੇ ਹੋਰ ਲੋਕਾਂ ਨੇ ਇਸ ਮੁੰਡੇ ਦੀ ਇਹ ਗੱਲ ਸੁਣ ਕੇ ਮਖੌਲ ਵਜੋਂ ਉਸ ਦਾ ਨਾਮ ਹੀ 'ਪੱਲਾ' ਰਖ ਦਿਤਾ ਹੋਇਆ ਸੀ। ਉਸ ਨੂੰ ਜੋ ਬੁਲਾਂਦਾ 'ਪੱਲਿਆ' ਕਰਕੇ ਬੁਲਾਂਦਾ ਸੀ।

ਫਿਰ ਕੀ ਹੋਇਆ? ਇਤਿਹਾਸ ਵਿਚ ਲਿਖਿਆ ਹੈ ਕਿ ਇਸ ਮੁੰਡੇ ਦੇ ਆਸਵੰਦ ਅਤੇ ਉਤਸ਼ਾਹੀ ਪਿਆਰ ਨੇ ਇਕ ਦਿਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਸੱਚੀਮੁਚੀ ਆਪਣੀਆਂ ਪੈਲੀਆਂ ਵਿਚ ਲਿਆਣ ਖੜ੍ਹੇ ਕੀਤਾ। ਮੁੰਡੇ ਨੇ ਕਈ ਮਹੀਨਿਆਂ ਦੀ ਪੱਲੇ ਨੂੰ ਦਿਤੀ ਗੰਢ ਖੋਲ੍ਹੀ ਅਤੇ ਰੁਪਿਆ ਤੇ ਗੁੜ ਦੀ ਰੋੜੀ ਸਾਹਿਬਾਂ ਦੇ ਚਰਨਾਂ ਵਿਚ ਰੱਖੀ।

ਆਮ ਲੋਕ ਆਖਣਗੇ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਉਸ ਮੁੰਡੇ ਤੇ ਤਰੁੱਠੇ ਮਿਹਰਬਾਨ ਹੋਏ ਅਤੇ ਕ੍ਰਿਪਾਲਤਾ ਵਿਚ ਆ ਕੇ ਉਸ ਨੂੰ ਦਰਸ਼ਨ ਦਿਤੇ, ਪਰ ਇਹ ਤਸਵੀਰ ਦਾ ਇਕ ਐਸਾ ਪਹਿਲੂ ਹੈ ਜੋ ਸਾਨੂੰ

ਬਾਹਰਲੇ ਪਾਸਿਓਂ ਬਗੈਰ ਖੇਚਲ ਕਰਨ ਦੇ ਦਿਸਦਾ ਹੈ। ਇਸੇ ਤਸਵੀਰ ਦਾ, ਇਸੇ ਇਤਿਹਾਸਕ ਘਟਨਾਵਾਂ ਦਾ ਇਕ ਹੋਰ ਪਾਸਾ ਹੈ ਜੋ ਕਿ ਵਿਚਾਰ ਦੀ ਅੱਖ ਨੂੰ ਨਜ਼ਰ ਆਉਂਦਾ ਹੈ ਅਤੇ ਵਿਚਾਰਵਾਨ ਹਿਰਦੇ ਨੂੰ ਸਦਾ ਲਈ ਗੁਝਾ ਆਤਮਕ ਭੇਦ ਸਮਝਾ ਦੇਂਦਾ ਹੈ।

ਗੁਰੂ ਹਰਿਗੋਬਿੰਦ ਸਾਹਿਬ ਸਭ ਲਈ ਇਕੋ ਜਿਹੀ ਦ੍ਰਿਸ਼ਟੀ ਤੇ ਇਕੋ ਜਿਹਾ ਪਿਆਰ ਰਖਦੇ ਸੀ। ਹਜ਼ੂਰ ਦੀ ਨਜ਼ਰ ਵਿਚ ਵਿਤਕਰਾ ਜਾਂ ਲਿਹਾਜ਼ ਨਹੀਂ ਸੀ। ਹਜ਼ੂਰ ਲਈ ਸਭ ਸਿਖ ਇਕੋ ਜਿਹੇ ਸਨ। ਹਜ਼ੂਰ ਹਰ ਇਕ ਸਿਖ ਨੂੰ ਦਰਸ਼ਨ ਦੇਣ ਲਈ ਤਿਆਰ ਸਨ, ਪਰ ਦਰਸ਼ਨ ਕੇਵਲ ਉਨ੍ਹਾਂ ਨੂੰ ਹੀ ਨਸੀਬ ਹੋਏ ਜਿਨ੍ਹਾਂ ਨੂੰ ਆਪਣੀ ਅਰਦਾਸ ਦੇ ਪੂਰਿਆਂ ਹੋ ਜਾਣ ਦਾ ਪੂਰਨ ਭਰੋਸਾ ਅਤੇ ਅਹਿਲ ਵਿਸ਼ਵਾਸ ਸੀ। ਇਸ ਭਾਈ 'ਪੱਲੇ' ਨੂੰ ਆਪਣੀਆਂ ਪਿਆਰ ਨਾਲ ਮਾਰੀਆਂ ਆਵਾਜ਼ਾਂ ਦੇ ਅਸਰ ਸਬੰਧੀ ਕੋਈ ਸ਼ੱਕ ਹੀ ਨਹੀਂ ਸੀ। ਉਸ ਦੇ ਦਿਲ ਵਿਚ ਇਹ ਅਹਿਲ ਵਿਸ਼ਵਾਸ ਸੀ ਕਿ ਮੇਰੀਆਂ ਪਿਆਰ ਤੇ ਉਤਸ਼ਾਹ ਭਰੀਆਂ ਆਵਾਜ਼ਾਂ ਨੂੰ ਸੁਣ ਕੇ ਗੁਰੂ ਹਰਿਗੋਬਿੰਦ ਸਾਹਿਬ ਨੇ ਜ਼ਰੂਰ ਆਵਣਾ ਹੈ। ਇਸੇ ਲਈ ਤਾਂ ਉਹ ਰੁਪਿਆ ਤੇ ਗੁੜ ਦੀ ਰੋੜੀ ਕਈ ਮਹੀਨੇ ਪੱਲੇ ਬੰਨ੍ਹੀ ਫਿਰਿਆ।

ਅੱਜ ਵੀ ਹਰ ਸਿੱਖ ਆਪਣੇ ਗੁਰੂ ਨੂੰ ਜਿਥੇ ਜੀਅ ਕਰੇ ਪਿਆਰ ਨਾਲ ਯਾਦ ਕਰਕੇ ਬੁਲਾ ਸਕਦਾ ਹੈ। ਲੋੜ ਹੈ ਤਾਂ ਕੇਵਲ ਭਰੋਸੇ ਦੀ, ਸਿਦਕ ਦੀ, ਆਸਵੰਤ ਰਹਿਣ ਦੀ ਅਤੇ ਆਪਣੇ ਪੱਲੇ ਰੁਪਿਆ ਤੇ ਗੁੜ ਦੀ ਰੋੜੀ ਨੂੰ ਬੰਨ੍ਹੀ ਫਿਰਨ ਦੀ।





# ਵਾਹਿਗੁਰੂ ਹਰ ਥਾਂ, ਬਦੀ ਕਿਤੇ ਵੀ ਨਾ

ਵਾਹਿਗੁਰੂ ਹਰ ਤਾਂ ਤੇ ਹਾਜ਼ਰ ਨਾਜ਼ਰ ਹੈ। ਉਸ ਨੂੰ ਰਾਮਈਆ ਜਾਂ ਹਰ ਜਗ੍ਹਾ ਹਰ ਚੀਜ਼ ਵਿਚ ਰਮਿਆ ਹੋਇਆ ਆਖਦੇ ਹਨ। ਜੋ ਜਗਤ ਬਾਹਰੋਂ ਦਿਸ ਰਿਹਾ ਹੈ, ਉਸ ਵਿਚ ਵੀ ਵਾਹਿਗੁਰੂ ਹੈ ਅਤੇ ਜਗਤ ਦੇ ਅੰਦਰ ਇਸ ਦੀ ਤਹਿ ਵਿਚ ਵੀ ਵਾਹਿਗੁਰੂ ਹੈ।

ਐਸਾ ਹੋਣਾ ਵੀ ਚਾਹੀਦਾ ਹੈ, ਕਿਉਂਕਿ ਸਭ ਜਗਤ ਅਤੇ ਜਗਤ ਦੀ ਹਰ ਚੀਜ਼ ਵਾਹਿਗੁਰੂ ਤੋਂ ਉਤਪੰਨ ਹੋਈ ਹੈ। ਜਗਤ ਰਚਨਾ ਤੋਂ ਪਹਿਲੇ ਸਿਵਾਏ ਵਾਹਿਗੁਰੂ ਦੇ ਕੁਝ ਨਹੀਂ ਸੀ। ਜੇਕਰ ਜਗਤ ਰਚਨਾ ਤੋਂ ਪਹਿਲੇ ਸਿਵਾਏ ਵਾਹਿਗੁਰੂ ਦੇ ਹੋਰ ਕੁਝ ਨਹੀਂ ਸੀ ਅਤੇ ਜਗਤ ਰਚਨਾ ਵਾਹਿਗੁਰੂ ਤੋਂ ਹੀ ਪੈਦਾ ਹੋਈ ਤਾਂ ਫਿਰ ਜਗਤ ਰਚਨਾ ਵਿਚ ਸਿਵਾਏ ਵਾਹਿਗੁਰੂ ਤੋਂ ਹੋਰ ਕੁਝ ਹੋ ਨਹੀਂ ਸਕਦਾ।

ਜਗਤ ਵਲ ਜਦ ਤੱਕੀਏ ਤਾਂ ਸਾਨੂੰ ਦੋ ਚੀਜ਼ਾਂ ਨਜ਼ਰ ਆਉਣਗੀਆਂ। ਇਕ ਉਹ ਚੀਜ਼ਾਂ ਜਿਹੜੀਆਂ ਸੱਚਮੁਚ ਹਨ ਅਤੇ ਇਕ ਉਹ ਚੀਜ਼ਾਂ ਜਿਹੜੀਆਂ ਅਸਲ ਵਿਚ ਤਾਂ ਕੁਝ ਵੀ ਨਹੀਂ ਹਨ, ਪਰ ਭਾਸ ਰਹੀਆਂ ਹਨ। ਮਾਲੂਮ ਇੰਜ ਹੁੰਦੀਆਂ ਹਨ ਕਿ ਉਹ ਵੀ ਸੱਚਮੁਚ ਕੁਝ ਹਨ।

ਜੋ ਚੀਜ਼ਾਂ ਸੱਚੀ ਮੁਚੀ ਹਨ ਉਹ ਹਨ - ਜ਼ਿੰਦਗੀ, ਸਿਹਤ, ਖੁਸ਼ੀ, ਨੇਕੀ ਅਤੇ ਪ੍ਰੇਮ। ਜੋ ਚੀਜ਼ਾਂ ਅਸਲ ਵਿਚ ਤਾਂ ਕੁਝ ਨਹੀਂ, ਪਰ ਮਾਲੂਮ ਹੁੰਦੀਆਂ ਹਨ ਕਿ ਉਹ ਹਨ, ਉਹ ਚੀਜ਼ਾਂ ਹਨ - ਮੌਤ, ਬੀਮਾਰੀ, ਦੁਖ, ਪਾਪ ਅਤੇ ਨਫ਼ਰਤ। ਜਦ ਅਸੀਂ ਵਿਗਿਆਨਕ ਤੌਰ ਉਤੇ ਵਿਚਾਰੀਏ ਤਾਂ ਪਤਾ ਲਗੇਗਾ ਕਿ ਮੌਤ ਅਸਲ ਵਿਚ ਕੁਝ ਨਹੀਂ, ਜ਼ਿੰਦਗੀ ਦੀ ਗੈਰਹਾਜ਼ਰੀ ਦਾ ਨਾਮ ਹੈ। ਬੀਮਾਰੀ ਕੇਵਲ ਸਿਹਤ ਦੀ ਗੈਰ-ਹਾਜ਼ਰੀ ਦਾ ਨਾਮ ਹੈ, ਦੁਖ ਕੇਵਲ ਖੁਸ਼ੀ ਦੀ ਗੈਰਹਾਜ਼ਰੀ ਅਤੇ ਨਫ਼ਰਤ ਕੇਵਲ ਪ੍ਰੇਮ ਦੀ ਗੈਰਹਾਜ਼ਰੀ ਦੇ ਨਾਮ ਹਨ।

ਜਿਥੇ ਜ਼ਿੰਦਗੀ ਹੈ, ਉਥੇ ਮੌਤ ਨਹੀਂ, ਜਿਥੇ ਮੌਤ ਹੈ, ਉਥੇ ਜ਼ਿੰਦਗੀ ਨਹੀਂ। ਇਸੇ ਤਰ੍ਹਾਂ ਜਿਥੇ ਸਿਹਤ ਹੈ, ਖੁਸ਼ੀ ਹੈ, ਪ੍ਰੇਮ ਹੈ, ਉਥੇ ਬੀਮਾਰੀ ਨਹੀਂ, ਦੁਖ ਨਹੀਂ, ਪਾਪ ਨਹੀਂ, ਨਫ਼ਰਤ ਨਹੀਂ। ਇਕ ਦੂਸਰੇ ਦੀ

ਗੈਰਹਾਜ਼ਰੀ ਤੋਂ ਪੈਦਾ ਹੋਣ ਕਰਕੇ ਇਹ ਆਪਸ ਵਿਚ ਇਤਨੇ ਵਿਰੋਧੀ ਹਨ ਕਿ ਜਿਥੇ ਇਕ ਹੋਵੇ, ਉਥੇ ਦੂਸਰਾ ਰਹਿ ਨਹੀਂ ਸਕਦਾ।

ਸਭ ਧਰਮ ਗ੍ਰੰਥਾਂ, ਸਭ ਅਵਤਾਰਾ ਪੈਗੰਬਰਾਂ, ਆਤਮ ਮੰਡਲਾਂ ਦੇ ਸਭ ਸਾਇੰਸਦਾਨਾਂ ਦਾ ਵਾਹਿਗੁਰੂ ਸਬੰਧੀ ਇਹ ਸਾਂਝਾ ਫੈਸਲਾ ਹੈ ਕਿ ਵਾਹਿਗੁਰੂ ਜੀਵਨ ਰੂਪ ਸਦਾ ਖਿੜਿਆ ਹੋਇਆ, ਅਨੰਦਮਈ, ਪ੍ਰੇਮ ਤੇ ਸੁਖ ਸਾਗਰ ਹੈ। ਉਸ ਵਿਚ ਮੌਤ ਨਹੀਂ, ਦੁਖ ਨਹੀਂ, ਰੋਗ ਨਹੀਂ, ਬਦੀ ਜਾਂ ਬੁਰਿਆਈ ਨਹੀਂ, ਨਫ਼ਰਤ ਨਹੀਂ। ਉਸ ਨੂੰ ਮੌਤ, ਬੀਮਾਰੀ, ਦੁਖ, ਪਾਪਾਂ ਅਤੇ ਨਫਰਤ ਦਾ ਪਤਾ ਤਕ ਨਹੀਂ। ਜਿਵੇਂ ਬਰਫ ਨੂੰ ਗਰਮੀ ਦਾ ਪਤਾ ਨਹੀਂ, ਇਸੇ ਤਰ੍ਹਾਂ ਵਾਹਿਗੁਰੂ ਨੂੰ ਦੁਖ, ਰੋਗ, ਪਾਪ ਅਤੇ ਮੌਤ ਦਾ ਪਤਾ ਨਹੀਂ।

ਜੇਕਰ ਜਗਤ ਰਚਨਾ ਵਾਹਿਗੁਰੂ ਤੋਂ ਉਤਪੰਨ ਹੋਈ ਹੈ ਅਤੇ ਵਾਹਿਗੁਰੂ ਚੰਗਾ ਹੈ ਅਤੇ ਆਪਣੀ ਰਚਨਾ ਨਾਲ ਪਿਆਰ ਕਰਦਾ ਹੈ ਤਾਂ ਫਿਰ ਪਾਪ, ਦੁਖ, ਰੋਗ ਅਤੇ ਮੌਤ ਵਾਹਿਗੁਰੂ ਤੋਂ ਉਤਪੰਨ ਹੋਈਆਂ ਚੀਜ਼ਾਂ ਨਹੀਂ। ਵਾਹਿਗੁਰੂ ਵਿਚੋਂ ਪੈਦਾ ਕੇਵਲ ਉਹ ਹੀ ਚੀਜ਼ਾਂ ਹੋ ਸਕਦੀਆਂ ਹਨ, ਜਿਹੜੀਆਂ ਵਾਹਿਗੁਰੂ ਵਰਗੀਆਂ ਹੋਣ। ਇਸ ਲਈ ਪਾਪ, ਦੁਖ, ਰੋਗ, ਨਫਰਤ ਅਤੇ ਮੌਤ ਦੀ ਦਰਅਸਲ ਕੋਈ ਹਸਤੀ ਨਹੀਂ। ਜਿਸ ਚੀਜ਼ ਦੀ ਕੋਈ ਹਸਤੀ ਹੀ ਨਾ ਹੋਵੇ, ਉਸ ਵਿਚ ਤਾਕਤ ਵੀ ਨਹੀਂ ਹੋ ਸਕਦੀ। ਇਸ ਲਈ ਵਿਗਿਆਨਕ ਵਿਚਾਰ ਸਿੱਧ ਕਰਦੀ ਹੈ ਕਿ ਬਦੀ ਅਤੇ ਇਸ ਦਾ ਸਾਰਾ ਪਰਿਵਾਰ - ਪਾਪ, ਦੁਖ, ਸੰਤਾਪ, ਥੋੜ੍ਹ, ਚਿੰਤਾ, ਫਿਕਰ, ਰੋਗ, ਬੀਮਾਰੀ ਅਤੇ ਮੌਤ ਵਾਹਿਗੁਰੂ ਤੋਂ ਉਲਟ ਹੋਣ ਕਰਕੇ 'ਅਸਤਿ' ਹਨ, ਇਨ੍ਹਾਂ ਦੀ ਹਕੀਕਤ ਵਿਚ ਨਾ ਕੋਈ ਹਸਤੀ ਹੈ, ਨਾ ਕੋਈ ਤਾਕਤ ਹੈ।

ਜਿਵੇਂ ਹਨੇਰਾ ਕੇਵਲ ਉਸ ਥਾਂ ਤੇ ਰਹਿ ਸਕਦਾ ਹੈ ਜਿਥੇ ਰੌਸ਼ਨੀ ਨਾ ਹੋਵੇ, ਇਸੇ ਤਰ੍ਹਾਂ ਬਦੀ ਅਤੇ ਉਸ ਦਾ ਉਤੇ ਦੱਸਿਆ ਸਾਰਾ ਪਰਿਵਾਰ ਉਸ ਮਨ ਵਿਚ ਨਿਵਾਸ ਕਰ ਸਕਦਾ ਹੈ ਜੋ ਮਨ ਵਾਹਿਗੁਰੂ ਦੀ ਯਾਦ ਅਤੇ ਵਾਹਿਗੁਰੂ ਦੇ ਗੁਣਾਂ ਤੋਂ ਖਾਲੀ ਹੋਵੇ।

*ਪਰਮੇਸਰ ਤੇ ਭੁਲਿਆਂ ਵਿਆਪਨ ਸਭੇ ਰੋਗ॥* *ਪੰਨਾ - 135*

ਮਨ ਵਿਚ ਇਕ ਸਮੇਂ ਕੇਵਲ ਇਕ ਖਿਆਲ ਹੀ ਟਿਕ ਸਕਦਾ ਹੈ। ਇਸ ਕਰਕੇ ਬਦੀ ਦੇ ਕਾਲੇ ਖਿਆਲ ਉਸ ਮਨ ਉਤੇ ਹੀ ਹਮਲਾ ਕਰ ਸਕਦੇ ਨੇ ਜਿਸ ਮਨ ਵਿਚ ਵਾਹਿਗੁਰੂ ਦੇ ਗਿਆਨ ਦੀ ਰੌਸ਼ਨੀ ਨਾ ਹੋਵੇ।





ਜਿਸ ਮਨ ਵਿਚ ਵਾਹਿਗੁਰੂ ਦਾ ਗਿਆਨ ਪ੍ਰਕਾਸ਼ ਕਰ ਜਾਵੇ ਉਸ ਮਨ ਵਿਚ ਬਦੀ ਆਪਣਾ ਹਮਲਾ ਨਹੀਂ ਕਰ ਸਕਦੀ।

*ਸਤਿਗੁਰ ਗਿਆਨੁ ਬਲਿਆ ਘਟਿ ਚਾਨਣੁ*
*ਅਗਿਆਨੁ ਅੰਧੇਰੁ ਗਵਾਇਆ॥* *ਪੰਨਾ - 444*

ਬਦੀ, ਅਗਿਆਨਤਾ ਦੇ ਅੰਧੇਰੇ ਵਿਚੋਂ ਪੈਦਾ ਹੋਣ ਵਾਲੀ, ਅਗਿਆਨਤਾ ਦੇ ਅੰਧੇਰੇ ਵਿਚ ਵਧਣ ਅਤੇ ਪਲਣ ਵਾਲੀ ਅਤੇ ਅਗਿਆਨਤਾ ਦੇ ਆਸਰੇ ਕਾਇਮ ਰਹਿਣ ਵਾਲੀ ਚੀਜ਼ ਹੈ। ਜਦ ਮਨ ਤੋਂ ਅਗਿਆਨਤਾ ਦੂਰ ਹੋ ਜਾਵੇ, ਬਦੀ ਉਸੇ ਵਕਤ ਖੁਦ-ਬ-ਖੁਦ ਦੂਰ ਹੋ ਜਾਂਦੀ ਹੈ। ਜਿਥੇ ਅਗਿਆਨਤਾ ਹੈ, ਉਥੇ ਗਿਆਨ ਨਹੀਂ, ਜਿਥੇ ਗਿਆਨ ਹੈ ਉਥੇ ਅਗਿਆਨਤਾ ਨਹੀਂ।

ਜਦ ਆਤਮ ਸਾਇੰਸ ਦੇ ਵਿਦਿਆਰਥੀ ਨੂੰ ਪਤਾ ਲਗ ਜਾਵੇ ਕਿ ਬਦੀ ਦੇ ਸਭ ਹਮਲੇ ਸਖਣੇ ਤੇ ਖਾਲੀ ਮਨ ਉੱਤੇ ਹੀ ਹੋ ਸਕਦੇ ਹਨ, ਤਦ ਉਹ ਆਪਣੇ ਮਨ ਨੂੰ ਨਾਮ ਦਾ ਐਸਾ ਪਰਚਾ ਪਾਂਦਾ ਹੈ, ਐਸਾ ਮਨ ਉਤੇ ਨਾਮ ਦਾ ਰੰਗ ਚਾੜ੍ਹਦਾ ਹੈ ਕਿ ਨਾਮ ਤੋਂ ਵਿਛੜਨਾ ਉਸ ਵਾਸਤੇ ਅਸੰਭਵ ਹੋ ਜਾਂਦਾ ਹੈ।

*ਆਖਾ ਜੀਵਾ ਵਿਸਰੈ ਮਰਿ ਜਾਉ॥* *ਪੰਨਾ - 9*

ਜਿਸ ਆਤਮ ਵਿਦਿਆਰਥੀ ਦੇ ਮਨ ਨੂੰ ਨਾਮ ਦਾਂ ਪਰਚਾ ਪੈ ਜਾਵੇ, ਉਸ ਦੇ ਮਨ ਵਿਚੋਂ, ਉਸ ਦੇ ਜਗਤ ਵਿਚੋਂ ਬਦੀ ਅਤੇ ਬਦੀ ਦੇ ਸਭ ਦੁਖ ਤੇ ਸੰਤਾਪ ਦੂਰ ਹੋ ਜਾਂਦੇ ਹਨ।

ਬਦੀ ਦੀ ਅਸਲੀਅਤ ਕੁਝ ਨਾ ਹੋਣ ਕਰਕੇ, ਆਤਮ ਸਾਇੰਸ ਦਾ ਵਿਦਿਆਰਥੀ ਇਸ ਤੋਂ ਡਰਦਾ ਨਹੀਂ। ਬਦੀ ਭਿਆਨਕ ਰੂਪ ਧਾਰ ਕੇ ਕਈ ਵਾਰੀ ਉਸ ਦੇ ਸਾਮ੍ਹਣੇ ਆਉਂਦੀ ਅਤੇ ਡਰਾਂਦੀ ਹੈ, ਪਰ ਉਹ ਵਿਗਿਆਨਕ ਤੌਰ ਉਤੇ ਬਦੀ ਨੂੰ 'ਅਸਤਿ' ਸਮਝ ਚੁਕਾ ਹੁੰਦਾ ਹੈ, ਇਸ ਕਰਕੇ ਨਾ ਡੋਲਦਾ ਹੈ, ਨਾ ਡਰਦਾ ਹੈ। ਇਸ ਤਰ੍ਹਾਂ ਦ੍ਰਿੜ੍ਹਤਾ ਨਾਲ ਬਦੀ ਦੇ ਸਾਮ੍ਹਣੇ ਖਲੋਤਿਆਂ ਬਦੀ ਹੌਲੀ ਹੌਲੀ ਨਿਰਬਲ ਤੇ ਦੂਰ ਹੋ ਜਾਂਦੀ ਹੈ। ਜਿਉਂ ਜਿਉਂ ਬਦੀ ਤੇ ਜਿੱਤ ਪ੍ਰਾਪਤ ਹੁੰਦੀ ਹੈ, ਤਿਉਂ ਤਿਉਂ ਬਦੀ ਆਪਣੇ ਹਮਲੇ ਘਟਾਂਦੀ ਜਾਂਦੀ ਹੈ ਅਤੇ ਅਖੀਰ ਨੂੰ ਸਦਾ ਲਈ ਅਲੋਪ ਹੋ ਜਾਂਦੀ ਹੈ।

# ਵਾਹਿਗੁਰੂ ਹਰ ਥਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਉਪਦੇਸ਼ਾਂ ਨੂੰ ਸੱਚ ਕਰਕੇ ਮੰਨਣ ਵਾਲੇ ਗੁਰਸਿੱਖ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਸਚਾਈ ਦੀਆਂ ਉਨ੍ਹਾਂ ਚੋਟੀਆਂ ਤੇ ਲੈ ਜਾ ਕੇ ਖੜ੍ਹਾ ਕਰ ਦੇਂਦੇ ਹਨ, ਜਿਥੋਂ ਉਸ ਨੂੰ ਜਗਤ ਰਚਨਾ ਦੇ ਅੰਦਰ ਬਾਹਰ ਦੀ ਖੇਡ ਪ੍ਰਤੱਖ ਹੋ ਕੇ ਦਿਸਣ ਲਗ ਪੈਂਦੀ ਹੈ ਅਤੇ ਉਹ ਸਚਾਈ ਦੇ ਪ੍ਰਤੱਖ ਦਰਸ਼ਨ ਕਰਕੇ ਆਪਣੇ ਜੀਵਨ ਨੂੰ ਗੁਰੂ ਸਿਖਸ਼ਾ ਦੀ ਰੌਸ਼ਨੀ ਵਿਚ ਬਤੀਤ ਕਰਦਾ ਹਰ ਪਾਸਿਉਂ, ਹਰ ਪ੍ਰਕਾਰ ਸੁਖੀ ਤੇ ਕਾਮਯਾਬ ਹੋ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਸ਼ਾ ਦਾ ਨਿਸ਼ਾਨਾ ਗੁਰਸਿੱਖ ਨੂੰ ਪੂਰਨ ਸੁਖੀ ਅਤੇ ਪੂਰਾ ਕਾਮਯਾਬ ਬਨਾਣਾ ਹੈ। ਸ੍ਰੀ ਗੁਰੂ ਜੀ ਦੀ ਪ੍ਰੇਰਨਾ ਅਨੁਸਾਰ ਜੀਵਨ ਬਤੀਤ ਕਰਨ ਵਾਲਾ ਪੁਰਸ਼ ਸਦਾ ਅਰੋਗ, ਧਰਮੀ, ਅਚਿੰਤ, ਨਿਰਵੈਰ, ਨਿਰਭੈ ਅਤੇ ਮਾਇਆ ਵਲੋਂ ਬੇਮੁਥਾਜ ਰਹੇਗਾ।

ਜਗਤ ਵਿਚ ਧਿਆਨ ਨਾਲ ਵੇਖੀਏ ਤਾਂ ਸਾਨੂੰ ਪਾਪ ਦੀਆਂ ਭਿਆਨਕ ਤਾਕਤਾਂ ਜੀਵਾਂ ਨੂੰ ਗੁਮਰਾਹ ਕਰਦੀਆਂ ਦਿਸਣਗੀਆਂ। ਹਰ ਇਕ ਜੀਵ ਕਿਸੇ ਨਾ ਕਿਸੇ ਤਰ੍ਹਾਂ ਪਾਪ ਦੇ ਪੰਜੇ ਵਿਚ ਫਸਿਆ ਨਜ਼ਰ ਆਵੇਗਾ। ਪਾਪ ਦੇ ਅਰਥ ਬੜੇ ਡੂੰਘੇ ਹਨ। ਜੀਵ ਵਾਹਿਗੁਰੂ ਨੂੰ ਭੁੱਲ ਕੇ ਜੋ ਕੁਝ ਵੀ ਕਰਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਜ਼ਰ ਵਿਚ ਉਹ ਸਭ ਕੁਝ ਪਾਪ ਹੈ। ਪਾਪ ਜੀਵ ਵਿਚ ਗਲਤ ਨਿਸ਼ਚੇ ਪੈਦਾ ਕਰਦਾ ਹੈ ਅਤੇ ਗਲਤ ਨਿਸ਼ਚਿਆਂ ਦੇ ਆਧਾਰ ਉਤੇ ਜੀਵ ਜੋ ਕਰਮ ਕਰਦਾ ਹੈ, ਉਨ੍ਹਾਂ ਦਾ ਫਲ ਦੁਖ, ਬੀਮਾਰੀ ਅਤੇ ਮੌਤ ਨਿਕਲਦਾ ਹੈ। ਜਿਸ ਜੀਵ ਦੇ ਮਨ ਵਿਚ ਪਾਪ ਨਹੀਂ, ਉਸ ਦੇ ਕਰਮ ਦਰੁਸਤ ਹੋਣਗੇ। ਜਿਸ ਦੇ ਕਰਮ ਦਰੁਸਤ ਹੋਣਗੇ, ਉਸ ਦੇ ਜੀਵਨ ਵਿਚ ਦੁਖ, ਬੀਮਾਰੀ ਅਤੇ ਮੌਤ ਨਹੀਂ ਹੋਵੇਗੀ। ਇਹ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜੀਵਨ ਫਿਲਾਸਫੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਸ਼ਾ ਦੀ ਬੁਨਿਆਦ ਜਾਂ ਨੀਂਹ ਵਿਚ ਇਹ ਸਚਾਈ ਰੱਖੀ ਗਈ ਹੈ ਕਿ ਇਸ ਜਗਤ ਵਿਚ ਵਾਹਿਗੁਰੂ ਹੀ ਵਾਹਿਗੁਰੂ ਹੈ, ਹਰ ਪਾਸੇ, ਹਰ ਚੀਜ਼ ਦੇ ਅੰਦਰ ਅਤੇ ਬਾਹਰ ਸਿਵਾਏ





ਵਾਹਿਗੁਰੂ ਦੇ ਹੋਰ ਕੁਝ ਨਹੀਂ।

*ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ॥ ਪੰਨਾ - 1291*

*ਬਿਨੁ ਭਗਵੰਤ ਨਾਹੀ ਅਨ ਕੋਇ॥ ਪੰਨਾ - 192*

*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥ ਪੰਨਾ - 677*

*ਕਰਮ ਧਰਮ ਨੇਮ ਬ੍ਰਤ ਪੂਜਾ॥*
*ਪਾਰਬ੍ਰਹਮ ਬਿਨੁ ਜਾਨੁ ਨ ਦੂਜਾ॥ ਪੰਨਾ - 199*

*ਮੈ ਬਹੁ ਬਿਧਿ ਪੇਖਿਓ ਦੂਜਾ ਨਾਹੀ ਰੀ ਕੋਊ॥*
*ਖੰਡ ਦੀਪ ਸਭ ਭੀਤਰਿ ਰਵਿਆ ਪੂਰਿ ਰਹਿਓ ਸਭ ਲੋਊ॥*
*ਪੰਨਾ - 535*

*ਜਹ ਪੇਖਾ ਤਹ ਸੋਈ॥*
*ਹਰਿ ਪ੍ਰਭ ਬਿਨੁ ਅਵਰੁ ਨ ਕੋਈ॥ ਪੰਨਾ - 622*

ਜਿਹੜਾ ਗੁਰਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੀਨ ਦੁਨੀਆਂ ਦੀ ਟੇਕ ਮੰਨਦਾ ਅਤੇ ਇਸ ਦੇ ਉਪਦੇਸ਼ਾਂ ਨੂੰ ਸਤਿ ਜਾਣ ਕੇ ਉਨ੍ਹਾਂ ਉਤੇ ਅਮਲ ਕਰਨਾ ਹੀ ਗੁਰਸਿੱਖੀ ਸਮਝਦਾ ਹੈ, ਉਹ ਜਦ ਗੁਰੂ ਜੀ ਤੋਂ ਇਹ ਗੱਲ ਸੁਣਦਾ ਹੈ ਅਤੇ ਘੜੀ ਮੁੜੀ ਇਹੋ ਗੱਲ ਸੁਣਦਾ ਹੈ ਕਿ ਇਹ ਜਗਤ ਵਾਹਿਗੁਰੂ ਜੀ ਤੋਂ ਉਤਪੰਨ ਹੋਣ ਕਰਕੇ ਇਸ ਵਿਚ ਸਿਵਾਏ ਪ੍ਰਮਾਤਮਾ ਦੇ ਹੋਰ ਕੁਝ ਨਹੀਂ, ਤਾਂ ਉਹ ਆਪਣੇ ਆਪ ਵਿਚ, ਆਪਣੇ ਸਰੀਰ ਵਿਚ, ਆਪਣੇ ਮਨ ਵਿਚ ਵਾਹਿਗੁਰੂ ਜੀ ਨੂੰ ਹਾਜ਼ਰ ਨਾਜ਼ਰ ਸਮਝਣ ਲਗ ਜਾਂਦਾ ਹੈ। ਉਸ ਦਾ ਨਿਸ਼ਚਾ ਫਿਰ ਇਸ ਪ੍ਰਕਾਰ ਦਾ ਹੋ ਜਾਂਦਾ ਹੈ ਕਿ ਜੇਕਰ ਮੇਰੇ ਅੰਦਰ ਬਾਹਰ ਵਾਹਿਗੁਰੂ ਜੀ ਹਨ ਤਾਂ ਫੇਰ ਮੇਰੇ ਮਨ ਅੰਦਰ ਮਾੜੇ ਖਿਆਲ, ਗਲਤ ਨਿਸ਼ਚੇ, ਪਾਪ ਆਦਿ ਸਭ ਕੁਝ ਕੇਵਲ ਮੇਰੀ ਬੇਸਮਝੀ ਅਤੇ ਅਗਿਆਨਤਾ ਕਰਕੇ ਹਨ। ਇਸ ਤਰ੍ਹਾਂ ਸੂਰਜ ਦੇ ਚੜ੍ਹਿਆਂ ਮਕਾਨ ਦਾ ਜਿਹੜਾ ਪਾਸਾ ਸੂਰਜ ਵਲ ਹੋਵੇ, ਉਸ ਪਾਸੇ ਦੀਆਂ ਬਾਰੀਆਂ ਖੋਲ੍ਹਿਆਂ ਸੂਰਜ ਦੀ ਰੋਸ਼ਨੀ ਆਪ ਹੀ ਅੰਦਰ ਆ ਜਾਂਦੀ ਹੈ। ਏਸੇ ਤਰ੍ਹਾਂ ਜਦ ਗੁਰਸਿੱਖ ਆਪਣਾ ਮੂੰਹ ਵਾਹਿਗੁਰੂ ਜੀ ਵਲ ਮੋੜ ਲਵੇ ਮਨ ਦੀ ਤਾਕੀ ਖੋਲ੍ਹ ਦੇਵੇ ਤਾਂ ਵਾਹਿਗੁਰੂ ਜੀ ਦੀ ਰੌਸ਼ਨੀ ਗੁਰਸਿੱਖ

ਦੇ ਮਨ ਨੂੰ ਰੌਸ਼ਨ ਕਰ ਦੇਂਦੀ ਹੈ। ਵਾਹਿਗੁਰੂ ਵਲ ਮੂੰਹ ਮੋੜਨ ਅਤੇ ਮਨ ਦੀ ਤਾਕੀ ਖੋਲ੍ਹਣ ਤੋਂ ਮੁਰਾਦ ਹੈ ਗੁਰਬਾਣੀ ਨੂੰ ਸਮਝ ਕੇ ਪੜ੍ਹਨਾ ਅਤੇ ਗੁਰਬਾਣੀ ਨੂੰ ਸਤਿ ਕਰਕੇ ਮੰਨਣਾ ਅਤੇ ਗੁਰਬਾਣੀ ਦੀ ਪ੍ਰੇਰਨਾ ਅਨੁਸਾਰ ਜੀਵਨ ਬਤੀਤ ਕਰਨਾ। (ਵਾਹਿਗੁਰੂ ਦੀ ਰੌਸ਼ਨੀ ਦੇ ਮਨ ਵਿਚ ਆਉਣ ਦੇ ਅਰਥ ਹਨ, ਗੁਰਬਾਣੀ ਵਿਚ ਦੱਸੇ ਹੋਏ ਵਾਹਿਗੁਰੂ ਸਬੰਧੀ ਗਿਆਨ ਦੇ ਆਧਾਰ ਉੱਤੇ ਮਨ ਦੇ ਨਿਸ਼ਚੇ ਢਾਲੇ ਜਾਣੇ)।

ਮਨ ਵਿਚ ਇਕ ਸਮੇਂ ਇਕੋ ਹੀ ਖਿਆਲ ਰਹਿ ਸਕਦਾ ਹੈ, ਦੋ ਖਿਆਲ ਇਕੱਠੇ ਕਿਸੇ ਮਨ ਵਿਚ ਨਹੀਂ ਰਹਿ ਸਕਦੇ। ਇਸ ਕਰਕੇ ਜਦ ਗੁਰਸਿੱਖ ਦੇ ਮਨ ਵਿਚ ਹਮੇਸ਼ਾ ਇਹੋ ਖਿਆਲ ਰਹੇ ਕਿ ਮੇਰੇ ਅੰਦਰ ਸੌ ਫ਼ੀ ਸਦੀ ਵਾਹਿਗੁਰੂ ਹੈ ਅਤੇ ਵਾਹਿਗੁਰੂ 'ਅੱਖਰ' ਦਾ ਸਿਮਰਨ ਮਨ ਵਿਚ ਹੁੰਦਾ ਰਹੇ ਤਾਂ ਗੁਰਸਿਖ ਦੇ ਮਨ ਵਿਚ ਪਾਪ ਦਾ ਖਿਆਲ ਪੈਦਾ ਨਹੀਂ ਹੋ ਸਕਦਾ। ਪਾਪ, ਦੁਖ, ਬੀਮਾਰੀ, ਮੌਤ ਉਸ ਮਨ ਵਿਚ ਨਿਵਾਸ ਕਰਦੇ ਹਨ, ਜਿਥੇ ਵਾਹਿਗੁਰੂ ਸਬੰਧੀ ਬੇਖਬਰੀ ਜਾਂ ਅਗਿਆਨਤਾ ਹੋਵੇ। ਜਿਸ ਮਨ ਵਿਚ ਵਾਹਿਗੁਰੂ ਹੀ ਵਾਹਿਗੁਰੂ ਦਾ ਖਿਆਲ ਰਹੇ, ਉਥੇ ਪਾਪ ਨਹੀਂ ਰਹਿ ਸਕਦਾ ਅਤੇ ਜਿਸ ਮਨ ਵਿਚ ਪਾਪ ਨਾ ਹੋਵੇ, ਉਸ ਵਿਚ ਦੁਖ, ਬੀਮਾਰੀ ਤੇ ਮੌਤ ਨਹੀਂ ਰਹਿ ਸਕਦੇ।

ਪਾਪ, ਦੁਖ, ਬੀਮਾਰੀ ਅਤੇ ਮੌਤ ਸਭ ਵਾਹਿਗੁਰੂ ਤੋਂ ਉਲਟ ਚੀਜ਼ਾਂ ਹਨ। ਅਸਲ ਵਿਚ ਇਨ੍ਹਾਂ ਦੀ ਹਸਤੀ ਕੋਈ ਨਹੀਂ, ਕੇਵਲ ਅਗਿਆਨੀ ਮਨ ਨੂੰ ਉਸ ਦੀ ਅਗਿਆਨਤਾ ਦੇ ਕਾਰਨ ਭਾਸਦੀਆਂ ਹਨ। ਜਿਸ ਤਰ੍ਹਾਂ ਹਿਰਨ ਨੂੰ ਰੇਤ ਵਿਚ ਆਪਣੀ ਅਗਿਆਨਤਾ ਕਰਕੇ ਪਾਣੀ ਭਾਸਦਾ ਹੈ, ਦਰਅਸਲ ਹੁੰਦਾ ਕੁਝ ਨਹੀ, ਏਸੇ ਤਰ੍ਹਾਂ ਵਾਹਿਗੁਰੂ ਸਬੰਧੀ ਅਗਿਆਨੀ ਮਨ ਨੂੰ ਆਪਣੀ ਅਗਿਆਨਤਾ ਦੇ ਕਾਰਨ ਪਾਪ, ਦੁਖ, ਬੀਮਾਰੀ ਅਤੇ ਮੌਤ ਭਾਸਦੇ ਹਨ, ਵਾਸਤਵ ਵਿਚ ਕੁਝ ਨਹੀਂ ਹੁੰਦੇ, ਵਾਸਤਵ ਵਿਚ ਆਪਣੀ ਅਲਹਿਦਾ ਹਸਤੀ ਨਹੀਂ ਰਖਦੇ।

ਅੱਗ ਅਤੇ ਪਾਣੀ ਦੋ ਇਕ ਦੂਜੇ ਦੇ ਉਲਟ ਅਤੇ ਵਿਰੋਧੀ ਚੀਜ਼ਾਂ ਹਨ। ਵਿਰੋਧੀ ਹੋਣ ਕਰਕੇ ਜਿਥੇ ਅੱਗ ਹੈ ਉਥੇ ਪਾਣੀ ਨਹੀਂ ਹੋ ਸਕਦਾ ਅਤੇ ਜਿਥੇ ਪਾਣੀ ਹੈ, ਉਥੇ ਅੱਗ ਨਹੀਂ ਹੋ ਸਕਦੀ। ਏਸੇ ਤਰ੍ਹਾਂ ਵਾਹਿਗੁਰੂ ਅਤੇ ਬਦੀ (Evil) ਦੋ ਵਿਰੋਧੀ ਚੀਜ਼ਾਂ ਹਨ। ਜਿਥੇ ਬਦੀ ਹੈ, ਉਥੇ





ਵਾਹਿਗੁਰੂ ਨਹੀਂ ਅਤੇ ਜਿਥੇ ਵਾਹਿਗੁਰੂ ਹੈ, ਉਥੇ ਬਦੀ ਨਹੀਂ। ਬਦੀ ਤੋਂ ਮੁਰਾਦ - ਪਾਪ, ਦੁਖ, ਬੀਮਾਰੀ ਅਤੇ ਮੌਤ ਹੈ। ਇਨ੍ਹਾਂ ਸਭਨਾਂ ਦਾ ਸਾਂਝਾ ਨਾਮ ਬਦੀ ਰੱਖਿਆ ਜਾ ਸਕਦਾ ਹੈ। ਬਦੀ ਨੂੰ ਮਾਇਆ ਵੀ ਆਖ ਸਕਦੇ ਹਾਂ। ਜਿਥੇ ਵਾਹਿਗੁਰੂ ਹੈ, ਉਥੇ ਬਦੀ ਜਾਂ ਮਾਇਆ ਜਾਂ ਪਾਪ, ਦੁਖ, ਬੀਮਾਰੀ ਅਤੇ ਮੌਤ ਨਹੀਂ ਹੋ ਸਕਦੇ। ਇਸ ਦਾ ਇਹ ਭਾਵ ਨਹੀਂ ਕਿ ਬਦੀ ਜਾਂ ਮਾਇਆ ਜਾਂ ਪਾਪ, ਦੁਖ, ਬੀਮਾਰੀ, ਮੌਤ ਆਪਣੇ ਆਪ ਵਿਚ ਕੋਈ ਚੀਜ਼ਾਂ ਹਨ। ਜਿਸ ਤਰ੍ਹਾਂ ਹਨ੍ਹੇਰੇ ਦੀ ਕੋਈ ਹਸਤੀ ਨਹੀਂ, ਕੇਵਲ ਰੌਸ਼ਨੀ ਦੀ ਗ਼ੈਰਹਾਜ਼ਰੀ ਦਾ ਨਾਮ ਹਨ੍ਹੇਰਾ ਹੈ। ਇਸੇ ਤਰ੍ਹਾਂ ਮਾਇਆ ਜਾਂ ਬਦੀ ਦੀ ਆਪਣੇ ਆਪ ਵਿਚ ਕੋਈ ਹਸਤੀ ਨਹੀਂ, ਕੇਵਲ ਵਾਹਿਗੁਰੂ ਤੋਂ ਅਗਿਆਨ ਅਤੇ ਵਾਹਿਗੁਰੂ ਦੀ ਯਾਦ ਤੋਂ ਸਖਣੇ ਮਨ ਅੰਦਰ ਇਹ ਭਾਸਦੀਆਂ, ਸੱਚ ਲਗਦੀਆਂ ਅਤੇ ਦੁਖੀ ਕਰਦੀਆਂ ਹਨ। ਜਦ ਅਗਿਆਨਤਾ ਦੀ ਜਗ੍ਹਾ ਵਾਹਿਗੁਰੂ ਦਾ ਗਿਆਨ ਮਨ ਵਿਚ ਨਿਵਾਸ ਕਰ ਲਵੇ ਤਦ ਬਦੀ ਅਤੇ ਮਾਇਆ ਮਨ ਤੋਂ ਸਦਾ ਲਈ ਦੂਰ ਹੋ ਜਾਂਦੀਆਂ ਹਨ।

ਜਿਸ ਗੁਰਸਿਖ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਬੁਨਿਆਦੀ ਅਸੂਲ ਦੀ ਸਮਝ ਆ ਜਾਵੇ ਕਿ ਵਾਹਿਗੁਰੂ ਤੋਂ ਸਿਵਾ ਇਸ ਜਗਤ ਵਿਚ ਕੁਝ ਹੋਰ ਹੈ ਹੀ ਨਹੀਂ, ਕੁਝ ਹੋਰ ਹੋ ਹੀ ਨਹੀਂ ਸਕਦਾ, ਉਸ ਵਿਚੋਂ ਦ੍ਵੈਤ ਮੁੱਕ ਜਾਂਦੀ ਹੈ ਅਤੇ ਹਰ ਪਾਸੇ ਵਾਹਿਗੁਰੂ ਹੀ ਵਾਹਿਗੁਰੂ ਦਾ ਜ਼ਹੂਰ ਦੇਖਦਾ ਹੈ।

ਵਾਹਿਗੁਰੂ ਹਰ ਥਾਂ। ਬਦੀ ਕਿਤੇ ਵੀ ਨਾ।

# ਪ੍ਰਭਾਤ ਦਾ ਜਾਗਣਾ

ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਭਾਤ ਵੇਲੇ ਜਾਗਣ ਅਤੇ ਉਸ ਸਮੇਂ ਗੁਰਬਾਣੀ ਦੇ ਪਾਠ ਅਤੇ ਸਿਮਰਨ ਅਭਿਆਸ ਕਰਨ ਦੀ ਬਹੁਤ ਜਗ੍ਹਾ ਜ਼ੋਰਦਾਰ ਸਿਫਾਰਸ਼ ਹੈ। ਪ੍ਰਭਾਤ ਵੇਲੇ ਨੂੰ ਅੰਮ੍ਰਿਤ ਵੇਲਾ ਵੀ ਕਿਹਾ ਗਿਆ ਹੈ।

*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥* *ਪੰਨਾ - 2*

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭ ਕਿਲਵਿਖ ਪਾਪ ਦੋਖ ਲਹਿ ਜਾਵੈ॥* *ਪੰਨਾ - 305*

ਇਸ ਸਮੇਂ ਮਨ ਦਾ ਵਧੇਰੇ ਟਿਕਾਓ ਹੁੰਦਾ ਹੈ ਅਤੇ ਮਨ ਸਿਮਰਨ ਵਿਚ ਵਧੇਰੇ ਆਸਾਨੀ ਨਾਲ ਜੁੜਦਾ ਹੈ। ਅੰਮ੍ਰਿਤ ਵੇਲੇ ਦੀ ਵਡਿਆਈ ਅਤੇ ਮਹਾਤਮ ਸਿਖ ਧਰਮ ਵਿਚ ਇਤਨੇ ਸਾਫ ਤਰੀਕੇ ਵਿਚ ਮੰਨੇ ਗਏ ਹਨ ਕਿ ਇਸ ਬਾਰੇ ਜ਼ਿਆਦਾ ਲਿਖਣ ਦੀ ਲੋੜ ਨਹੀਂ। ਪਰ ਇਹ ਗੱਲ ਅਫਸੋਸ ਨਾਲ ਮੰਨਣੀ ਪੈਂਦੀ ਹੈ ਕਿ ਸਿੱਖ ਕੌਮ ਵਿਚ ਪ੍ਰਭਾਤ ਵੇਲੇ ਉਠਣ ਦਾ ਰਿਵਾਜ ਦਿਨੋਂ ਦਿਨ ਘਟ ਰਿਹਾ ਹੈ। ਪੜ੍ਹੇ ਲਿਖੇ ਗੁਰਸਿਖਾਂ ਨੇ ਆਮ ਤੌਰ ਤੇ ਪ੍ਰਭਾਤ ਵੇਲੇ ਉਠ ਕੇ ਨਾਮ ਗੁਰਬਾਣੀ ਦਾ ਅਭਿਆਸ ਛੱਡ ਦਿਤਾ ਹੈ।

ਇਸ ਸਬੰਧ ਵਿਚ ਬਹੁਤ ਸਾਰੇ ਖਤ ਆਉਂਦੇ ਰਹਿੰਦੇ ਹਨ ਅਤੇ ਬਹੁਤ ਸਾਰੇ ਗੁਰਸਿੱਖਾਂ ਨੇ ਜ਼ਬਾਨੀ ਵੀ ਦੱਸਿਆ ਹੈ ਕਿ ਉਹ ਚਾਹੁੰਦੇ ਤਾਂ ਹਨ ਕਿ ਪ੍ਰਭਾਤ ਵੇਲੇ ਜਾਗਣ ਪਰ ਅੱਜਕਲ੍ਹ ਦੀ ਜ਼ਿੰਦਗੀ ਐਸੀ ਰੁਝੇਵਿਆਂ ਵਾਲੀ ਹੋ ਗਈ ਹੈ ਕਿ ਰਾਤ ਨੂੰ ਦੇਰ ਨਾਲ ਸੌਣ ਕਰਕੇ ਪ੍ਰਭਾਤ ਵੇਲੇ ਨੀਂਦਰ ਨਹੀਂ ਖੁਲ੍ਹਦੀ।

ਵਿਚਾਰੀਏ ਤਾਂ ਪਤਾ ਲੱਗੇਗਾ ਕਿ ਸਿਵਾਏ ਉਨ੍ਹਾਂ ਮਿੱਤਰਾਂ ਦੇ ਜਿਨ੍ਹਾਂ





ਦੀ ਨੌਕਰੀ ਇਸ ਕਿਸਮ ਦੀ ਹੈ ਕਿ ਉਨ੍ਹਾਂ ਨੂੰ ਰਾਤ ਵੇਲੇ ਜਾਗਣਾ ਪੈਂਦਾ ਹੈ ਅਤੇ ਕੇਵਲ ਸਵੇਰ ਸਾਰ ਹੀ ਸੌਣ ਦਾ ਸਮਾਂ ਮਿਲਦਾ ਹੈ, ਬਾਕੀ ਦੇ ਮਿੱਤਰ ਆਪਣਾ ਸਮਾਂ ਜਿਵੇਂ ਚਾਹੁਣ ਗੁਜ਼ਾਰ ਸਕਦੇ ਹਨ। ਅਗਰ ਉਹ ਮਿੱਤਰ ਆਪਣੇ ਸਮੇਂ ਨੂੰ ਇਸ ਤਰ੍ਹਾਂ ਨਾਲ ਵੰਡਣ ਕਿ ਰਾਤ ਨੌਂ ਦਸ ਵਜੇ ਸੌਂ ਸਕਣ ਤਾਂ ਛੇ ਸੱਤ ਘੰਟੇ ਦੀ ਨੀਂਦਰ ਦੇ ਬਾਅਦ ਸਵੇਰੇ ਚਾਰ ਵਜੇ ਆਸਾਨੀ ਨਾਲ ਜਾਗ ਸਕਦੇ ਹਨ।

ਸੁਵੇਲੇ ਸੌਣ ਦੀ ਆਦਤ ਪਾਇਆਂ ਸਵੇਰੇ ਜਾਗਣ ਦੀ ਆਦਤ ਖ਼ੁਦ-ਬਖ਼ੁਦ ਹੀ ਪੈ ਜਾਂਦੀ ਹੈ। ਇਹ ਵੀ ਦੇਖਿਆ ਗਿਆ ਹੈ ਕਿ ਘੜੀ ਨੂੰ ਅਲਾਰਮ ਲਗਾ ਕੇ ਕੁਝ ਦਿਨ ਹਠ ਨਾਲ ਸਵੇਰੇ ਜਾਗਿਆਂ ਰਾਤੀਂ ਸੁਵੇਲੇ ਹੀ ਨੀਂਦਰ ਆਉਣ ਲਗ ਜਾਂਦੀ ਹੈ ਅਤੇ ਜੇ ਰਾਤ ਨੂੰ ਜਲਦੀ ਸੌਂ ਜਾਈਏ ਤਾਂ ਸਵੇਰੇ ਪ੍ਰਭਾਤ ਵੇਲੇ ਆਪੇ ਨੀਂਦਰ ਖੁਲ੍ਹ ਜਾਂਦੀ ਹੈ।

ਕਈ ਮਿੱਤਰ ਐਸੇ ਹੋ ਸਕਦੇ ਹਨ, ਜਿਨ੍ਹਾਂ ਵਾਸਤੇ ਕਈ ਕਾਰਨਾਂ ਕਰਕੇ ਰਾਤੀਂ ਜਲਦੀ ਸੌਂ ਸਕਣਾ ਮੁਸ਼ਕਲ ਹੋਵੇ, ਐਸੇ ਮਿਤਰ ਅਗਰ ਚਾਹੁੰਣ ਤਾਂ ਐਸੀ ਆਦਤ ਪਾ ਸਕਦੇ ਕਿ ਰਾਤੀਂ ਦੇਰ ਨਾਲ ਸੌਣ ਦੇ ਬਾਵਜੂਦ ਵੀ ਉਨ੍ਹਾਂ ਦੀ ਨੀਂਦਰ ਪ੍ਰਭਾਤ ਵੇਲੇ ਜ਼ਰੂਰ ਖੁਲ੍ਹੇ ਅਤੇ ਉਸ ਸਮੇਂ ਉਹ ਸਿਮਰਨ ਅਭਿਆਸ ਅਤੇ ਗੁਰਬਾਣੀ ਦਾ ਪਾਠ ਕਰਕੇ ਮੁੜ ਸੌਂ ਜਾਣ ਅਤੇ ਆਪਣੀ ਬਾਕੀ ਦੀ ਨੀਂਦਰ ਪੂਰੀ ਕਰ ਲੈਣ। ਐਸਾ ਕਰਨਾ ਪਹਿਲੇ ਪਹਿਲ ਭਾਵੇਂ ਮੁਸ਼ਕਲ ਲੱਗੇ ਪਰ ਕੁਝ ਅਰਸੇ ਦੇ ਅਭਿਆਸ ਨਾਲ ਆਸਾਨ ਹੋ ਜਾਂਦਾ ਹੈ।

ਕਈ ਸਾਲ ਤੋਂ ਮੇਰੀ ਆਪਣੀ ਆਦਤ ਕੁਝ ਇਸ ਤਰ੍ਹਾਂ ਦੀ ਹੋ ਗਈ ਹੈ ਕਿ ਮੈਂ ਰਾਤ ਨੂੰ ਜਲਦੀ ਨਹੀਂ ਸੌਂ ਸਕਦਾ। ਅੱਠ ਨੌਂ ਵਜੇ ਰਾਤ ਦਾ ਖਾਣਾ ਖਾਣ ਦਾ ਰਿਵਾਜ ਅੱਜਕਲ੍ਹ ਵਧੇਰੇ ਪ੍ਰਚਲਤ ਹੋ ਗਿਆ ਹੈ। ਮੇਰੇ ਪਰਿਵਾਰ ਵਿਚ ਵੀ ਸਾਢੇ ਅੱਠ ਜਾਂ ਨੌਂ ਵਜੇ ਰਾਤ ਨੂੰ ਖਾਣਾ ਖਾਧਾ ਜਾਂਦਾ ਹੈ। ਖਾਣਾ ਖਾਣ ਤੋਂ ਬਾਅਦ ਮੈਂ ਆਸਮਾਨ ਦੇ ਹੇਠਾਂ ਟਹਿਲਦਾ ਰਹਿੰਦਾ ਹਾਂ ਅਤੇ ਸਿਤਾਰਿਆਂ ਭਰੀ ਰਾਤ ਇਤਨੀ ਚੰਗੀ ਲਗਦੀ ਹੈ ਕਿ ਮੇਰਾ ਸੌਣ ਨੂੰ ਚਿਤ ਹੀ ਨਹੀਂ ਕਰਦਾ। ਸਾਢੇ ਗਿਆਰ੍ਹਾਂ ਜਾਂ ਬਾਰ੍ਹਾਂ ਵਜੇ ਜਦ ਮੈਂ ਥੱਕ ਜਾਂਦਾ ਹਾਂ ਤਾਂ ਮਜਬੂਰਨ ਆਸਮਾਨ ਅਤੇ ਸਿਤਾਰਿਆਂ ਤੋਂ ਵਿਛੜ ਕੇ ਕਮਰੇ ਅੰਦਰ ਜਾ ਕੇ ਪਲੰਘ ਤੇ ਲੇਟ ਜਾਂਦਾ ਹਾਂ, ਪਰ ਦੇਰ

ਨਾਲ ਸੋਣ ਦੇ ਬਾਵਜੂਦ ਵੀ ਮੈਂ ਚਾਰ ਘੰਟੇ ਤੋਂ ਵੱਧ ਨਹੀਂ ਸੌਂ ਸਕਦਾ। ਆਦਤ ਐਸੀ ਪੱਕੀ ਹੋ ਗਈ ਹੈ ਕਿ ਤਿੰਨ ਚਾਰ ਵਜੇ ਦੇ ਦਰਮਿਆਨ ਫਿਰ ਨੀਂਦਰ ਖੁਲ੍ਹ ਜਾਂਦੀ ਹੈ। ਦੋ ਘੰਟੇ ਦਾ ਸਿਮਰਨ ਅਭਿਆਸ ਤੋਂ ਬਾਅਦ ਮੈਂ ਫਿਰ ਦੋ-ਤਿੰਨ ਘੰਟੇ ਸੌਂ ਜਾਂਦਾ ਹਾਂ। ਇਸ ਤਰ੍ਹਾਂ ਦੇਰ ਨਾਲ ਸੌਂ ਕੇ ਵੀ ਅੰਮ੍ਰਿਤ ਵੇਲੇ ਜਾਗਣ ਦਾ ਆਨੰਦ ਮਾਣਿਆ ਜਾ ਸਕਦਾ ਹੈ।

ਅੰਮ੍ਰਿਤ ਵੇਲੇ ਜਾਗਣ ਦੇ ਚਾਹਵਾਨ ਅਗਰ ਰਾਤ ਸੌਣ ਵੇਲੇ ਵਾਹਿਗੁਰੂ ਜੀ ਨੂੰ ਇਹ ਗੱਲ ਆਖ ਕੇ ਸੌਣ ਕਿ ਸੱਚੇ ਪਾਤਸ਼ਾਹ! ਅੰਮ੍ਰਿਤ ਵੇਲੇ ਜ਼ਰੂਰ ਜਗਾ ਦੇਣਾ! ਤਾਂ ਉਹ ਇਹ ਦੇਖ ਕੇ ਹੈਰਾਨ ਹੋਣਗੇ ਕਿ ਵਾਹਿਗੁਰੂ ਜੀ ਉਨ੍ਹਾਂ ਦੀ ਇਕ ਵਾਰੀ ਜ਼ਰੂਰ ਅੰਮ੍ਰਿਤ ਵੇਲੇ ਨੀਂਦਰ ਖੋਲ੍ਹ ਦੇਣਗੇ। ਮੈਂ ਅੱਜ ਤਕ ਕਦੀ ਰਾਤ ਨੂੰ ਘੜੀ ਦਾ ਅਲਾਰਮ ਨਹੀਂ ਲਗਾਇਆ, ਪਰ ਵਾਹਿਗੁਰੂ ਜੀ ਮੈਨੂੰ ਸਦਾ ਉਸੇ ਵੇਲੇ ਜਗਾਂਦੇ ਰਹੇ ਹਨ, ਜਿਸ ਵੇਲੇ ਜਾਗਣ ਦੀ ਮੈਂ ਪ੍ਰਾਰਥਨਾ ਕਰਕੇ ਸੌਂਦਾ ਸੀ! ਦ੍ਰਿੜ੍ਹ ਵਿਸ਼ਵਾਸ਼ ਨਾਲ ਵਾਹਿਗੁਰੂ ਜੀ ਨੂੰ ਆਪਣੇ ਅੰਗ-ਸੰਗ ਜਾਣ ਕੇ ਅੰਮ੍ਰਿਤ ਵੇਲੇ ਉਠਣ ਦੀ ਪ੍ਰਾਰਥਨਾ ਕਰਕੇ ਸੌਂ ਜਾਈਏ, ਤਾਂ ਜ਼ਰੂਰ ਅੰਮ੍ਰਿਤ ਵੇਲੇ ਸਾਡੀ ਨੀਂਦਰ ਖੁਲ੍ਹ ਜਾਵੇਗੀ।





# ਭਗਤੀ ਅਤੇ ਗਿਆਨ

ਹਿੰਦੂ ਮਤ ਵਿਚ ਗਿਆਨ ਦਾ ਦਰਜਾ ਸਭ ਆਤਮਕ ਦਰਜਿਆਂ ਤੋਂ ਉਤਲਾ ਅਤੇ ਅਖੀਰੀ ਮੰਨਿਆ ਗਿਆ ਹੈ। ਹਿੰਦੂ ਮਤ ਅਨੁਸਾਰ ਜਿਸ ਪੁਰਸ਼ ਨੂੰ ਗਿਆਨ ਹੋ ਜਾਵੇ ਉਸ ਨੂੰ ਹੋਰ ਅੱਗੇ ਕੁਝ ਨਹੀਂ ਚਾਹੀਦਾ। ਏਸੇ ਕਰਕੇ ਹਿੰਦੂਆਂ ਵਿਚ ਪੰਡਤਾਂ ਅਤੇ ਵਿਦਵਾਨਾਂ ਦਾ ਦਰਜਾ ਸੁਸਾਇਟੀ ਵਿਚ ਸਭ ਤੋਂ ਉਚਾ ਗਿਣਿਆ ਜਾਂਦਾ ਹੈ। ਇਸ ਤੋਂ ਇਲਾਵਾ ਹਿੰਦੂ ਮਤ ਵਿਚ ਇਹ ਵੀ ਮੰਨਿਆ ਜਾਂਦਾ ਹੈ ਕਿ ਮੋਖਸ਼ ਜਾਂ ਮੁਕਤੀ ਗਿਆਨ, ਯੋਗ, ਭਗਤੀ, ਯੋਗ ਕਰਮ ਅਤੇ ਤਪ ਜਾਂ ਹਠ ਯੋਗ ਕਰਕੇ ਹਾਸਲ ਹੋ ਸਕਦੀ ਹੈ ਅਤੇ ਹਠ ਯੋਗੀ ਨੂੰ ਅੰਤ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਜਿਸ ਕਰਕੇ ਉਸ ਦੀ ਮੋਖਸ਼ ਹੋ ਜਾਂਦੀ ਹੈ।

ਸਿੱਖ ਧਰਮ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਸ਼ਾ ਦੀ ਬੁਨਿਆਦ ਉਤੇ ਉਸਰਿਆ ਹੈ, ਵਾਹਿਗੁਰੂ ਜੀ ਦੀ ਪ੍ਰਾਪਤੀ ਅਤੇ ਅਭੇਦਤਾ ਵਾਸਤੇ ਭਗਤੀ ਉਤੇ ਜ਼ੋਰ ਦੇਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਸ਼ਾ ਅਨੁਸਾਰ ਭਗਤੀ ਵਿਹੂਣਾ ਗਿਆਨ ਜਾਂ ਸ਼ੁਭ ਕਰਮ ਜਾਂ ਹਠ ਤਪ ਕਿਸੇ ਕੰਮ ਨਹੀਂ।

ਏਥੇ ਕਈ ਗੁਰਸਿਖਾਂ ਨੇ ਬੜਾ ਭੁਲੇਖਾ ਖਾਧਾ ਹੈ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਭਗਤੀ ਉਤੇ ਦਿਤੇ ਜ਼ੋਰ ਦਾ ਮਤਲਬ ਇਹ ਸਮਝਦੇ ਹਨ ਕਿ ਹਰੀ ਪ੍ਰਾਪਤੀ ਵਾਸਤੇ ਗਿਆਨ ਦੀ, ਹਠ ਦੀ, ਮਿਹਨਤ ਦੀ ਕੋਈ ਲੜ ਹੀ ਨਹੀਂ। ਗਿਆਨ ਵਾਸਤੇ ਕਿਉਂਕਿ ਵਿਚਾਰ ਦੀ ਅਤੇ ਸਮਝ ਦੀ ਲੋੜ ਹੁੰਦੀ ਹੈ, ਇਸ ਵਾਸਤੇ ਉਹ ਮਿੱਤਰ ਜਿਹੜੇ ਸਿੱਖ ਧਰਮ ਵਿਚ ਕੇਵਲ ਭਗਤੀ ਦੀ ਲੋੜ ਸਮਝਦੇ ਹਨ ਉਹ ਗੁਰੂ ਮਾਰਗ ਲਈ ਵਿਚਾਰ ਦਲੀਲ ਜਾਂ ਸਮਝ ਨੂੰ ਬੇਲੋੜੀਆਂ ਚੀਜ਼ਾਂ ਖਿਆਲ ਕਰਦੇ ਹਨ। ਕਈ ਗੁਰਸਿੱਖ ਇਸ ਭੁਲੇਖੇ ਵਿਚ ਦੇਖੇ ਗਏ ਹਨ ਕਿ ਜਦ ਵਾਹਿਗੁਰੂ ਬੇਅੰਤ ਹੈ, ਸਾਡੀ ਸਮਝ ਤੇ ਅਕਲ ਦਾ ਵਿਸ਼ਾ ਨਹੀਂ, ਤਾਂ ਫੇਰ ਸਾਨੂੰ ਵਾਹਿਗੁਰੂ ਦੀ ਭਗਤੀ ਹੀ ਕਰਨੀ ਚਾਹੀਦੀ ਹੈ। ਵਾਹਿਗੁਰੂ ਜੀ ਨੂੰ ਸਮਝਣ ਜਾਂ ਵਾਹਿਗੁਰੂ ਜੀ ਸਬੰਧੀ ਵਿਚਾਰ ਦੀ ਕੋਈ ਲੋੜ ਨਹੀਂ।

ਜਿਥੇ ਇਹ ਬਾਤ ਦਰੁਸਤ ਹੈ ਕਿ ਭਗਤੀ ਵਿਹੂਣਾ ਗਿਆਨ ਕਿਸੇ ਕੰਮ ਨਹੀਂ, ਸਗੋਂ ਮਨੁੱਖ ਨੂੰ ਦੰਭੀ, ਰੁਖਾ ਤੇ ਹੰਕਾਰੀ ਬਣਾ ਦਿੰਦਾ ਹੈ, ਉਥੇ ਇਹ ਗੱਲ ਵੀ ਠੀਕ ਹੈ ਕਿ ਵਿਚਾਰ ਜਾਂ ਗਿਆਨ ਵਿਹੂਣੀ ਭਗਤੀ ਵੀ ਕੋਈ ਸਿੱਟਾ ਨਹੀਂ ਕੱਢਦੀ। ਤੀਹ-ਤੀਹ ਚਾਲੀ-ਚਾਲੀ ਵਰ੍ਹਿਆਂ ਤੋਂ ਗੁਰਦਵਾਰੇ ਜਾਣ ਵਾਲੇ ਅਤੇ ਗੁਰਬਾਣੀ ਪੜ੍ਹਨ ਵਾਲੇ ਮਿੱਤਰ, ਗੁਰਬਾਣੀ ਨੂੰ ਨਾ ਸਮਝਣ ਕਰਕੇ ਆਤਮਕ ਤਰੱਕੀ ਦੇ ਦ੍ਰਿਸ਼ਟੀਕੋਣ ਤੋਂ ਉਥੇ ਹੀ ਖੜ੍ਹੇ ਦਿਸਦੇ ਹਨ, ਜਿਥੇ ਕਿ ਉਹ ਪਹਿਲੇ ਸਨ। ਸਚਾਈ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਭਗਤੀ, ਨਾਮ ਸਿਮਰਨ ਉਤੇ ਜ਼ੋਰ ਹੈ ਉਥੇ ਵਿਚਾਰ ਅਤੇ ਅਤੇ ਸਾਧਸੰਗਤ ਉਤੇ ਵੀ ਬੜਾ ਜ਼ੋਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਸ਼ਾ ਅਨੁਸਾਰ ਗੁਰਮਤਿ ਨੂੰ ਵਿਚਾਰ ਕੇ, ਗੁਰਮਤਿ ਨੂੰ ਸਮਝ ਕੇ ਕੀਤੀ ਹੋਈ ਨਾਮ ਘਾਲ ਜਾਂ ਭਗਤੀ ਹੀ ਸਫਲ ਹੋ ਸਕਦੀ ਹੈ।

*ਕੋਈ ਗੁਰਮੁਖਿ ਹੋਵੈ ਸੋ ਕਰੈ ਵੀਚਾਰੁ*
*ਹਰਿ ਧਿਆਵੈ ਮਨਿ ਲਿਵ ਲਾਇ॥* *ਪੰਨਾ - 76*

*ਜਿਨ ਕਉ ਸਾਧੂ ਸੰਗੁ ਨਾਮੁ ਹਰਿ ਰੰਗੁ*
*ਤਿਨੀ ਬ੍ਰਹਮੁ ਬੀਚਾਰਿਆ ਜੀਉ॥*
*ਬ੍ਰਹਮ ਬੀਚਾਰਿਆ ਜਨਮੁ ਸਵਾਰਿਆ*
*ਪੂਰਨ ਕਿਰਪਾ ਪ੍ਰਭਿ ਕਰੀ॥* *ਪੰਨਾ - 81*

*ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ॥*
*ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ॥*
*ਪੰਨਾ - 88*

*ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ॥*
*ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ॥ ਪੰਨਾ - 1423*

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਿਆ ਅਤੇ ਹੋਰ ਮਤਾਂ ਅੰਦਰ ਵੱਡਾ ਫਰਕ ਇਹ ਹੈ ਕਿ ਜਿਥੇ ਦੂਸਰੇ ਮਤ ਗਿਆਨ ਨੂੰ ਆਤਮ ਮਾਰਗ ਉਤੇ ਅਖੀਰਲੀ ਅਵਸਥਾ ਮੰਨਦੇ ਹਨ, ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਸ਼ਾ ਗਿਆਨ ਸਹਿਤ ਭਗਤੀ ਉਤੇ ਜ਼ੋਰ ਦੇਂਦੀ ਸੀ। ਸ੍ਰੀ ਗੁਰੂ ਗ੍ਰੰਥ





ਜੀ ਦੀ ਸਿਖਸ਼ਾ ਅਨੁਸਾਰ ਵਾਹਿਗੁਰੂ ਜੀ ਨਾਲ ਅਭੇਦਤਾ ਲਈ ਪੂਰਨ ਗਿਆਨ ਹੋ ਜਾਣ ਮਗਰੋਂ ਪੂਰਨ ਭਗਤੀ ਦੀ ਡਾਹਢੀ ਲੋੜ ਹੈ।

ਜਦ ਗੁਰਸਿਖ ਗੁਰਬਾਣੀ ਦੀ ਵਿਚਾਰ ਕਰੇ ਤਾਂ ਗੁਰਬਾਣੀ ਗੁਰਸਿਖ ਨੂੰ ਬਹੁਤ ਸਾਰੀਆਂ ਗੱਲਾਂ ਦਸਦੀ ਹੈ, ਉਸ ਦੀ ਵਾਹਿਗੁਰੂ ਸਬੰਧੀ ਵਾਕਫ਼ੀਅਤ ਵਧਾਂਦੀ ਹੈ, ਉਸ ਨੂੰ ਵਾਹਿਗੁਰੂ ਪ੍ਰਾਪਤੀ ਵਾਸਤੇ ਪ੍ਰੇਰਦੀ ਅਤੇ ਉਹ ਤਰੀਕਾ ਦਸਦੀ ਹੈ ਜਿਸ ਨਾਲ ਗੁਰਸਿੱਖ ਵਾਹਿਗੁਰੂ ਤਕ ਪਹੁੰਚੇ, ਵਾਹਿਗੁਰੂ ਦੀ ਪ੍ਰਾਪਤੀ ਕਰੇ ਅਤੇ ਵਾਹਿਗੁਰੂ ਦਾ ਰੂਪ ਬਣ ਕੇ ਵਾਹਿਗੁਰੂ ਜੀ ਨਾਲ ਅਭੇਦ ਹੋ ਜਾਵੇ।

ਜਿਹੜਾ ਗੁਰਸਿਖ ਗੁਰਬਾਣੀ ਨੂੰ ਆਪਣਾ ਸੱਚਾ ਰਹਿਬਰ ਸਮਝੇ ਅਤੇ ਭਵਸਾਗਰ ਤੋਂ ਪਾਰ ਹੋਣ ਲਈ ਗੁਰਬਾਣੀ ਦਾ ਘੁਟ ਕੇ ਪੱਲਾ ਫੜ ਲਵੇ ਉਹ ਗੁਰਸਿਖ ਜੇਕਰ ਸਮਝਦਾਰ, ਵਿਚਾਰਵਾਨ ਅਤੇ ਮਿਹਨਤੀ ਹੈ ਤਾਂ ਆਪਣੇ ਆਪ ਉਤੇ ਤਿੰਨ ਅਵਸਥਾਵਾਂ ਆਉਂਦੀਆਂ ਪ੍ਰਤੀਤ ਕਰੇਗਾ। ਇਹ ਤਿੰਨ ਅਵਸਥਾਵਾਂ ਹਨ - (੧) ਭਗਤੀ, (੨) ਗਿਆਨ, (੩) ਕਰਮ। ਭਗਤੀ ਦੀ ਪਹਿਲੀ ਅਵਸਥਾ ਵਿਚ ਗੁਰਬਾਣੀ ਉਸ ਜਗਤ ਦੇ ਪਦਾਰਥਾਂ ਅਤੇ ਸੁਖਾਂ ਦਾ ਨਾਸਵੰਦ ਹੋਣਾ ਦ੍ਰਿੜ੍ਹਾਏਗੀ, ਉਸ ਦੇ ਮਨ ਨੂੰ ਵੈਰਾਗਮਈ ਬਣਾਏਗੀ, ਉਸ ਨੂੰ ਵਾਹਿਗੁਰੂ ਦੀ ਦੱਸ ਪਵੇਗੀ, ਵਾਹਿਗੁਰੂ ਦੇ ਜਸ ਸੁਣਾ ਸੁਣਾ ਕੇ ਉਸ ਵਿਚ ਵਾਹਿਗੁਰੂ ਦੇ ਮਿਲਣ ਦੀ ਰੀਝ ਪੈਦਾ ਕਰੇਗੀ, ਉਸ ਨੂੰ ਕੀਰਤਨ ਅਤੇ ਨਾਮ ਦੀ ਮਹਿਮਾ ਦਸ ਕੇ ਸਿਮਰਨ ਨਾਲ ਮਨ ਇਕਾਗਰ ਕਰਨ ਦਾ ਵੱਲ ਦੱਸੇਗੀ ਅਤੇ ਸਿਮਰਨ ਅਭਿਆਸੀ ਬਣਾਏਗੀ। ਦੂਸਰੀ ਅਵਸਥਾ ਵਿਚ ਗੁਰਬਾਣੀ ਗੁਰਸਿਖ ਨੂੰ ਆਪਣੇ ਅੰਦਰ ਦੀ ਖੋਜ ਵਿਚ ਲਾਵੇਗੀ। ਸਿਮਰਨ ਕਮਾਈ ਕਰਕੇ ਉਹ ਵਾਹਿਗੁਰੂ ਨੂੰ ਆਪਣੇ ਅੰਦਰ ਦੀ ਖੋਜ ਵਿਚ ਲਾਵੇਗੀ। ਸਿਮਰਨ ਕਮਾਈ ਕਰਕੇ ਉਹ ਵਾਹਿਗੁਰੂ ਨੂੰ ਆਪਣੇ ਅੰਦਰ ਦੇਖੇਗਾ ਅਤੇ ਗੁਰਬਾਣੀ ਦੀ ਰੌਸ਼ਨੀ ਵਿਚ ਉਹ ਵਾਹਿਗੁਰੂ ਨੂੰ ਅਤੇ ਵਾਹਿਗੁਰੂ ਦੇ ਅਤੇ ਆਪਣੇ ਰਿਸ਼ਤੇ ਨੂੰ ਸਮਝੇਗਾ ਅਤੇ ਵਾਹਿਗੁਰੂ ਦੇ ਸੁਭਾਉ ਤੋਂ ਜਾਣੂ ਹੋ ਕੇ ਉਸ ਨੂੰ ਸਦਾ ਖ਼ੁਸ਼ ਰਖਣ ਦੇ ਤਰੀਕੇ ਸਮਝੇਗਾ। ਤੀਸਰੀ ਅਵਸਥਾ ਵਿਚ ਗੁਰਬਾਣੀ ਗੁਰਸਿਖ ਨੂੰ ਵਾਹਿਗੁਰੂ ਦਾ ਰੂਪ ਬਣਨ ਅਤੇ ਵਾਹਿਗੁਰੂ ਨਾਲ ਅਭੇਦ ਹੋਣ ਵਲ ਪ੍ਰੇਰੇਗੀ। ਉਸ ਨੂੰ ਉਸ ਗਿਆਨ ਨੂੰ ਕਮਾਨ ਵਿਚ ਲਾਵੇਗੀ

ਜਿਹੜਾ ਉਸ ਨੇ ਦੂਸਰੀ ਅਵਸਥਾ ਵਿਚ ਹਾਸਲ ਕੀਤਾ ਸੀ।

ਗਿਆਨ ਨੂੰ ਹਾਸਲ ਕਰਨਾ ਹੋਰ ਗੱਲ ਹੈ ਅਤੇ ਗਿਆਨ ਨੂੰ ਅਮਲ ਵਿਚ ਲਿਆ ਕੇ ਉਸ ਤੋਂ ਨਤੀਜੇ ਪੈਦਾ ਕਰਨੇ ਹੋਰ ਗੱਲ ਹੈ। ਗੁਰਬਾਣੀ ਦੇ ਲਿਖਾਰੀ ਮਹਾਂਪੁਰਖਾਂ ਨੂੰ ਇਸ ਭੇਦ ਦਾ ਪਤਾ ਸੀ ਅਤੇ ਉਨ੍ਹਾਂ ਏਸੇ ਲਈ ਗਿਆਨ ਤੋਂ ਬਾਅਦ ਗਿਆਨ ਸਹਿਤ ਭਗਤੀ ਉਤੇ ਬੜਾ ਜ਼ੋਰ ਦਿਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖਸ਼ਾ ਦੀ ਦੂਸਰੇ ਮਤਾਂ ਉਤੇ ਏਸੇ ਲਈ ਭਾਰੀ ਵਿਸ਼ੇਸ਼ਤਾ ਹੈ ਜਿਥੇ ਕਿ ਦੂਸਰੇ ਮਤਾਂ ਵਾਲਿਆਂ ਨੇ ਬੜੇ ਬੜੇ ਪੰਡਤ ਤੇ ਫਿਲਾਸਫਰ ਪੈਦਾ ਕੀਤੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਲੀਮ ਨੇ ਬੜੇ ਬੜੇ ਸ਼ਹੀਦ ਅਤੇ ਯੋਧੇ ਪੈਦਾ ਕੀਤੇ ਹਨ। ਭਾਈ ਮਨੀ ਸਿੰਘ ਸਾਹਿਬ ਪੂਰਨ ਬ੍ਰਹਮਗਿਆਨੀ ਵੀ ਸਨ ਐਪਰ ਗੁਰੂ ਗ੍ਰੰਥ ਸਾਹਿਬ ਦੇ ਸਿੱਖ ਹੋਣ ਕਰਕੇ ਉਹ ਗਿਆਨ ਨੂੰ ਅਮਲ ਵਿਚ ਲਿਆਉਣਾ ਵੀ ਜਾਣਦੇ ਸਨ।

ਭਗਤੀ ਦਾ ਅਸਲ ਰਸ ਅਤੇ ਸਵਾਦ ਤਾਂ ਆਉਂਦਾ ਹੀ ਗਿਆਨ ਹੋ ਜਾਣ ਉਪਰੰਤ ਹੈ। ਇਸ ਅਵਸਥਾ ਵਿਚ ਗੁਰਸਿੱਖ ਕਰਮ ਕਰਦਾ ਹੈ ਪਰ ਕਰਮ ਕਰਦਾ ਹੋਇਆ ਵੀ ਕੋਈ ਕਰਮ ਨਹੀਂ ਕਰਦਾ ਕਿਉਂਕਿ ਕਰਮ ਦੇ ਫਲ (Reaction) ਤੋਂ ਅਲੇਪ ਰਹਿੰਦਾ ਹੈ। ਸੁਖਮਨੀ ਸਾਹਿਬ ਵਿਖੇ ਬ੍ਰਹਮ ਗਿਆਨੀ ਦੀ ਉਸਤਤ ਵਿਚ ਜੋ ਕੁਝ ਲਿਖਿਆ ਹੈ ਉਹ ਅਸਲ ਵਿਚ ਗਿਆਨ ਪ੍ਰਾਪਤ ਕਰਨ ਵਾਲੇ ਭਗਤ ਦੀ ਤਸਵੀਰ ਹੈ।

*ਬ੍ਰਹਮ ਗਿਆਨੀ ਸਦਾ ਨਿਰਲੇਪ॥*
*ਜੈਸੇ ਜਲ ਮਹਿ ਕਮਲ ਅਲੇਪ॥*
*ਬ੍ਰਹਮ ਗਿਆਨੀ ਸਦਾ ਨਿਰਦੋਖ॥*
*ਜੈਸੇ ਸੂਰੁ ਸਰਬ ਕਉ ਸੋਖ॥*
*ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥*
*ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥*
*ਬ੍ਰਹਮ ਗਿਆਨੀ ਕੈ ਧੀਰਜੁ ਏਕੁ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥*
*ਬ੍ਰਹਮ ਗਿਆਨੀ ਕਾ ਇਹੈ ਗੁਨਾਉ॥*
*ਨਾਨਕ ਜਿਉ ਪਾਵਕ ਕਾ ਸਹਜ ਸੁਭਾਉ॥* *ਪੰਨਾ - 272*





*ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ॥*
*ਜੈਸੇ ਮੈਲੁ ਨਾ ਲਾਗੈ ਜਲਾ॥*
*ਬ੍ਰਹਮਗਿਆਨੀ ਕੈ ਮਨਿ ਹੋਇ ਪ੍ਰਗਾਸੁ॥*
*ਜੈਸੇ ਧਰ ਊਪਰਿ ਆਕਾਸੁ॥*
*ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ॥*
*ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ॥*
*ਬ੍ਰਹਮ ਗਿਆਨੀ ਊਚ ਤੇ ਊਚਾ॥*
*ਮਨਿ ਅਪਨੈ ਹੈ ਸਭ ਤੇ ਨੀਚਾ॥*
*ਬ੍ਰਹਮ ਗਿਆਨੀ ਸੇ ਜਨ ਭਏ॥*
*ਨਾਨਕ ਜਿਨ ਪ੍ਰਭੁ ਆਪਿ ਕਰੇਇ॥*
*ਬ੍ਰਹਮ ਗਿਆਨੀ ਸਗਲ ਕੀ ਰੀਨਾ॥*
*ਆਤਮ ਰਸੁ ਬ੍ਰਹਮ ਗਿਆਨੀ ਚੀਨਾ॥*
*ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ॥*
*ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ॥*
*ਬ੍ਰਹਮ ਗਿਆਨੀ ਸਦਾ ਸਮਦਰਸੀ॥*
*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥*
*ਬ੍ਰਹਮ ਗਿਆਨੀ ਬੰਧਨ ਤੇ ਮੁਕਤਾ॥*
*ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ॥*
*ਬ੍ਰਹਮ ਗਿਆਨੀ ਕਾ ਭੋਜਨੁ ਗਿਆਨ॥*
*ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ॥* *ਪੰਨਾ - 273*

# ਗਰਮੀ

ਕਲਕੱਤੇ ਵਿਚ ਪਿਛਲੇ ਪੰਝੀ-ਤੀਹ ਵਰ੍ਹਿਆਂ ਅੰਦਰ ਇਤਨੀ ਗਰਮੀ ਕਦੀ ਨਹੀਂ ਪਈ, ਜਿਤਨੀ ਕਿ ਇਸ ਸਾਲ ੧੯੫੩ ਦੇ ਅਪ੍ਰੈਲ ਮਹੀਨੇ ਵਿਚ ਪੈ ਰਹੀ ਹੈ। ਮਈ, ਜੂਨ ਦੇ ਮਹੀਨੇ ਕਲਕੱਤੇ ਵਿਚ ਆਮ ਕਰਕੇ ਗਰਮ ਮਹੀਨੇ ਗਿਣੇ ਜਾਂਦੇ ਹਨ ਐਪਰ ਉਦੋਂ ਵੀ ਗਰਮੀ ਸੌ ਦਰਜੇ ਤੋਂ ਨਹੀਂ ਵਧਦੀ। ਅਪ੍ਰੈਲ ਦੇ ਮਹੀਨੇ ਵਿਚ ੧੦੯ ਡਿਗਰੀ ਗਰਮੀ ਕਲਕੱਤੇ ਵਿਚ ਘਰ ਘਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਇਸ ਮੌਸਮ ਵਿਚ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਬੈਠਿਆਂ ਤਾਂ ਇਹ ਮਹਾਂਵਾਕ ਪੜ੍ਹ ਕੇ, ਅੱਗੇ ਪੜ੍ਹਨ ਨੂੰ ਦਿਲ ਨਾ ਕੀਤਾ-

*ਪਿਰੀ ਮਿਲਾਵਾ ਜਾ ਥੀਐ ਸਾਈ ਸੁਹਾਵੀ ਰੁਤਿ॥*
*ਘੜੀ ਮੁਹਤੁ ਨਹ ਵੀਸਰੈ ਨਾਨਕ ਰਵੀਐ ਨਿਤ॥*

*ਪੰਨਾ - 522*

ਸ੍ਰੀ ਗੁਰੂ ਅਰਜਨ ਸਾਹਿਬ ਦੱਸਦੇ ਹਨ ਸਾਨੂੰ, ਜੋ ਇੰਦਰਿਆਂ (Senses) ਦੀ ਦੁਨੀਆਂ ਨੂੰ ਸਭ ਕੁਝ ਸਮਝਦੇ ਹਾਂ ਕਿ ਭਾਵੇਂ ਗਰਮੀ ਦੀ ਰੁੱਤ ਹੋਵੇ ਭਾਵੇਂ ਸਰਦੀ ਦੀ ਰੁੱਤ ਹੋਵੇ, ਹਰ ਇਕ ਰੁੱਤ ਸੁਹਾਵਣੀ ਤੇ ਅਨੰਦਦਾਇਕ ਬਣ ਸਕਦੀ ਹੈ ਜੇਕਰ ਗੁਰਸਿਖ ਨੂੰ ਆਪਣੇ ਪਿਰ (ਸਵਾਮੀ) ਵਾਹਿਗੁਰੂ ਨਾਲ ਸੁਰਤ ਜੋੜਨ ਦਾ ਵੱਲ ਆਉਂਦਾ ਹੋਵੇ, ਕਿਉਂਕਿ ਵਾਹਿਗੁਰੂ ਜੀ ਵਿਚ ਗਰਮੀ, ਸਰਦੀ, ਦੁਖ, ਪਾਪ, ਸੰਤਾਪ ਅਤੇ ਬੀਮਾਰੀ ਨਹੀਂ, ਇਸ ਕਰਕੇ ਜੋ ਸੁਰਤ ਵਾਹਿਗੁਰੂ ਜੀ ਨਾਲ ਲਿਵਲੀਨ ਹੋ ਸਕੇ, ਉਸ ਨੂੰ ਵੀ ਬਾਹਰ ਦੀ ਗਰਮੀ, ਸਰਦੀ, ਪਾਪ, ਦੁਖ, ਬੀਮਾਰੀ ਆਦਿ ਨਹੀਂ ਪੋਂਹਦੇ। ਜਿਵੇਂ ਡਾਢੀ ਗਰਮੀ ਵੇਲੇ ਠੰਡੇ ਚਸ਼ਮੇ ਵਿਚ ਚੁਭੀ ਲਾਇਆਂ ਗਰਮੀ ਦੂਰ ਹੋ ਜਾਂਦੀ ਅਤੇ ਚਸ਼ਮੇ ਦੇ ਪਾਣੀ ਦੀ ਠੰਡਕ ਸਰੀਰ ਤੇ ਅਸਰ ਪਾ ਕੇ ਤਨ ਤੇ ਮਨ ਨੂੰ ਸੀਤਲ ਕਰ ਦੇਂਦੀ ਹੈ, ਉਸੇ ਤਰ੍ਹਾਂ ਸਾਡੇ ਸਭ ਦੇ ਅੰਦਰ ਇਕ ਐਸਾ ਠੰਡਾ ਤੇ ਅਨੰਦਦਾਇਕ ਚਸ਼ਮਾ ਹੈ, ਜਿਸ ਵਿਚ ਜਦ ਸਾਡੀ ਸੁਰਤ ਚੁੱਭੀ ਲਾਵੇ, ਤਾਂ ਬਾਹਰ ਦੁਨੀਆਂ ਵਿਚ





ਪੈ ਰਹੀ ਗਰਮੀ, ਸਰਦੀ, ਬਾਹਰ ਦੁਨੀਆਂ ਵਿਚ ਮਹਿਸੂਸ ਹੋ ਰਹੇ ਦੁਖ, ਕਲੇਸ਼, ਚਿੰਤਾ ਅਤੇ ਫਿਕਰ ਦੂਰ ਹੋ ਜਾਂਦੇ ਹਨ। ਗੁਰਬਾਣੀ ਦਾ ਸਭ ਤੋਂ ਵੱਡਾ ਦਾਅਵਾ ਹੀ ਇਹ ਹੈ ਕਿ ਸਾਡੇ ਸਭ ਦੇ ਅੰਦਰ, ਜੋ ਤੀਰਥਾਂ ਦਾ ਤੀਰਥ, ਆਤਮ-ਤੀਰਥ ਹੈ, ਜਦ ਵੀ ਸਾਡੀ ਸੁਰਤ ਚੁੱਭੀ ਲਾਵੇ ਤਾਂ ਇਸ ਲਈ ਬਾਹਰ ਦੀ ਦੁਨੀਆਂ ਵਿਚ ਮਹਿਸੂਸ ਹੋ ਰਹੀ ਸਰਦੀ, ਗਰਮੀ, ਦੁਖ, ਕਲੇਸ਼, ਪਾਪ, ਸੰਤਾਪ, ਅਲੋਪ ਹੋ ਜਾਂਦੇ ਹਨ ਅਤੇ ਇਸ ਨੂੰ ਅੰਤਰ-ਆਤਮਾ ਵਿਚੋਂ ਨਿਕਲ ਰਿਹਾ ਅਨੰਦ ਮਹਾਂ ਅਨੰਦ, ਸੀਤਲ ਤੇ ਸ਼ਾਂਤ ਕਰ ਦਿੰਦਾ ਹੈ।

*ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥*

*ਪੰਨਾ - 134*

ਹਾੜ ਦਾ 'ਸਖਤ ਗਰਮ' ਮਹੀਨਾ ਤਿਸ ਨੂੰ ਤਪਿਆ ਹੋਇਆ ਲਗੇਗਾ, ਜਿਸ ਪਾਸ ਹਰੀ ਰੂਪੀ (ਵਾਹਿਗੁਰੂ) ਨਾਹੁ (ਪਤੀ) ਨਾ ਹੋਵੇ ਜਾਂ ਜਿਸ ਗੁਰਸਿਖ ਨੂੰ ਆਪਣੇ ਅੰਦਰ ਬਿਰਾਜਣ ਵਾਲੇ ਵਾਹਿਗੁਰੂ ਜੀ ਨਾਲ ਸੁਰਤ ਜੋੜਨੀ ਨਾ ਆਵੇ।

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥*

*ਪੰਨਾ - 135*

ਪੋਹ ਦੇ ਮਹੀਨੇ ਦੀ ਬਰਫ ਵਾਂਗੀ ਸਖਤ ਸਰਦੀ ਉਸ ਨੂੰ ਨਹੀਂ ਲਗੇਗੀ, ਜਿਸ ਨੂੰ ਹਰੀ ਰੂਪੀ (ਵਾਹਿਗੁਰੂ) ਪਤੀ (ਨਾਹੁ) ਨਾਲ ਗਲ ਲਗਣਾ ਆਉਂਦਾ ਹੈ, ਜਾਂ ਜਿਸ ਗੁਰਸਿਖ ਨੂੰ ਆਪਣੀ ਸੁਰਤ ਵਾਹਿਗੁਰੂ ਜੀ ਨਾਲ ਜੋੜਨੀ ਆਉਂਦੀ ਹੈ।

*ਦੁਖੁ ਦਰਦੁ ਭਰਮੁ ਭਉ ਨਸਿਆ॥*
*ਕਰਣਹਾਰੁ ਨਾਨਕ ਮਨਿ ਬਸਿਆ॥* *ਪੰਨਾ - 189*

*ਨਾਮੁ ਅਉਖਧੁ ਮੋ ਕਉ ਸਾਧੂ ਦੀਆ॥*
*ਕਿਲਬਿਖ ਕਾਟੇ ਨਿਰਮਲੁ ਥੀਆ॥*
*ਅਨਦੁ ਭਇਆ ਨਿਕਸੀ ਸਭ ਪੀਰਾ*
*ਸਗਲ ਬਿਨਾਸੇ ਦਰਦਾ ਜੀਉ॥* *ਪੰਨਾ - 101*

*ਰੋਗ ਸੋਗ ਸਭਿ ਦੋਖ ਬਿਨਸਹਿ ਜਪਤ ਨਾਮੁ ਮੁਰਾਰੀ॥ ਪੰਨਾ-249*

ਗੁਰੂ ਘਰ ਦਾ ਇਹ ਦਾਅਵਾ ਹੈ ਕਿ ਜਦ ਵਾਹਿਗੁਰੂ ਦਾ ਨਾਮ, ਸਾਡੀ ਸੁਰਤ ਵਿਚ ਵਸਣ ਲਗ ਜਾਵੇ, ਤਾਂ ਸਾਡੀ ਸੁਰਤ ਬਾਹਰਮੁਖੀ ਗਿਆਨ ਇੰਦਰਿਆਂ ਨਾਲੋਂ ਟੁੱਟ ਜਾਂਦੀ ਹੈ ਅਤੇ ਅੰਤਰ-ਆਤਮਾ ਤੋਂ ਨਿਕਲ ਰਹੇ ਮਹਾਂ ਅਨੰਦ ਨੂੰ ਮਾਣਦੀ ਹੈ, ਇਹ ਇਕ ਐਸਾ ਦਾਅਵਾ ਹੈ, ਜਿਸਨੂੰ ਜੇਕਰ ਅੱਜਕਲ੍ਹ ਦੇ ਸਾਇੰਸੀ ਜੁਗ ਵਿਚ ਸਾਬਤ ਕਰਕੇ ਦਿਖਾਇਆ ਜਾਵੇ ਤਾਂ ਚਿੰਤਾ, ਫਿਕਰ, ਡਰ, ਪ੍ਰੇਸ਼ਾਨੀ, ਵੈਰ-ਵਿਰੋਧ ਵਿਚ ਸੜ ਰਹੀ ਦੁਨੀਆਂ ਨੂੰ ਸਦੀਵੀ ਸੁਖ, ਚੈਨ, ਨਿਰਵੈਰਤਾ ਤੇ ਨਿਰਭੈਤਾ ਪ੍ਰਾਪਤ ਹੋ ਸਕਦੀ ਹੈ। ਅਗਰ ਇਹ ਠੀਕ ਹੈ ਕਿ ਸਾਡੀ ਸੁਰਤ ਜਾਂ ਮਨ ਦੇ ਅੰਤਰਮੁਖੀ ਹੋਣ ਨਾਲ ਇਸ ਦੇ ਸਾਰੇ ਬਾਰਹਮੁਖੀ ਰੋਗ ਨਵਿਰਤ ਹੋ ਜਾਂਦੇ ਹਨ ਅਤੇ ਇਸ ਨੂੰ ਸ਼ਾਂਤੀ ਤੇ ਸੀਤਲਤਾ ਪ੍ਰਾਪਤ ਹੁੰਦੀ ਹੈ ਤਾਂ ਗੁਰੂ ਘਰ ਦਾ ਨਾਮ ਜਪ ਕੇ ਨਾਮੀ (ਵਾਹਿਗੁਰੂ) ਨਾਲ ਅਭੇਦ ਹੋਣ ਦਾ ਹੁਨਰ (art) ਸਾਰੇ ਜਗਤ ਵਿਚ ਠੰਡ ਵਰਤਾ ਸਕਦਾ ਹੈ। ਇਸ ਦੇ ਮੁਕਾਬਲੇ ਵਿਚ ਅੱਜ ਤਕ ਸਾਇੰਸ ਦੀਆਂ ਸਭ ਕਾਢਾਂ, ਸਭ ਖੋਜਾਂ ਇਸ ਲਈ ਹੇਚ ਹਨ ਕਿ ਉਹ ਸਾਰੀਆਂ ਮਿਲ ਕੇ ਵੀ ਸਾਡੇ ਮਨ ਨੂੰ ਸੀਤਲ, ਸ਼ਾਂਤ, ਨਿਰਭੈ ਤੇ ਨਿਰਵੈਰ ਨਹੀਂ ਬਣਾ ਸਕਦੀਆਂ।

ਇਨ੍ਹਾਂ ਵਿਚਾਰਾਂ ਵਿਚ ਗੁੰਮ ਹੋ ਕੇ ਮੇਰੀ ਸੁਰਤ ਨੂੰ ਨਾ ਸਮੇਂ ਦਾ ਅਹਿਸਾਸ ਰਿਹਾ ਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਕਮਰੇ ਤੋਂ ਬਾਹਰ ਪੈ ਰਹੀ ਗਰਮੀ ਦਾ। ਪਤਾ ਨਹੀਂ ਇਸ ਅਵਸਥਾ ਵਿਚ ਕਿਤਨਾ ਚਿਰ ਗੁਜ਼ਰ ਗਿਆ। ਮੁੜ ਹੋਸ਼ ਆਉਣ ਉਤੇ ਸ੍ਰੀ ਗੁਰੂ ਗ੍ਰੰਥ ਅੱਗੇ ਟੇਕਦਿਆਂ ਦਿਲ ਦੀ ਅਗੰਮੀ ਗਹਿਰਾਈ ਵਿਚੋਂ ਇਹ ਆਵਾਜ਼ ਨਿਕਲੀ –

'ਸੱਚੇ ਪਾਤਸ਼ਾਹ, 'ਜਗਤ ਜਲੰਦੇ' ਨੂੰ ਆਪਣੇ ਨਾਮ ਦੀ ਦਾਤ ਬਖਸ਼, ਨਾਮ ਦੀ ਮਹੱਤਤਾ ਦੀ ਸਮਝ ਬਖਸ਼, ਨਾਮ ਜਪਣ ਦੀ ਅੰਦਰੋਂ ਪ੍ਰੇਰਨਾ ਬਖਸ਼, ਨਾਮ ਜਪ ਕੇ ਆਪਣੇ ਚਰਨਾਂ ਨਾਲ ਜੁੜ ਦਾ ਹੁਨਰ ਬਖਸ਼।'





# ਦੇਖ !

ਦੇਖ! ਇਸ ਜਗਤ ਵਿਚ ਸਭ ਕੁਝ ਹੈ। ਕੋਈ ਐਸੀ ਚੀਜ਼ ਨਹੀਂ ਜੋ ਇਸ ਜਗਤ ਵਿਚ ਨਾ ਹੋਵੇ। ਇਹ ਸਭ ਕੁਝ ਤੇਰੇ ਲਈ ਹੈ। ਤੇਰਾ ਦਿਲ ਜਿਸ ਚੀਜ਼ ਨੂੰ ਇਸ ਜਗਤ ਵਿਚ ਸੱਚੇ ਦਿਲ ਨਾਲ ਚਾਹੇਗਾ, ਤੈਨੂੰ ਉਸ ਚੀਜ਼ ਦਾ ਮਿਲਣਾ ਜ਼ਰੂਰੀ ਹੈ। ਸੱਚੇ ਦਿਲ ਨਾਲ ਚਾਹੁਣ ਦਾ ਮਤਲਬ ਇਹ ਹੈ ਕਿ ਤੇਰੀ ਚਾਹਨਾ ਮਜ਼ਬੂਤ, ਲਗਾਤਾਰ ਤੇ ਨਿਰਵਿਘਨ ਹੋਵੇ ਅਤੇ ਉਹ ਚੀਜ਼, ਜਿਸ ਨੂੰ ਤੂੰ ਚਾਹੁੰਦਾ ਹੈਂ, ਕਬੂਲ ਕਰਨ ਵਾਸਤੇ ਪੂਰਾ ਤਿਆਰ ਹੋਵੇਂ ਅਤੇ ਉਸ ਚੀਜ਼ ਦੇ ਮਿਲ ਜਾਣ ਉਤੇ ਉਸ ਨੂੰ ਸੰਭਾਲਣ ਵਾਸਤੇ ਤਿਆਰ ਹੋਵੇਂ।

ਦੇਖ! ਇਸ ਜਗਤ ਵਿਚ ਚੰਗੀਆਂ ਅਤੇ ਮਾੜੀਆਂ ਬੇਅੰਤ ਚੀਜ਼ਾਂ ਹਨ। ਚੰਗੀਆਂ ਚੀਜ਼ਾਂ ਦੇ ਮੰਗਣ ਵਾਲਿਆਂ ਨੂੰ ਚੰਗੀਆਂ ਚੀਜ਼ਾਂ ਅਤੇ ਮਾੜੀਆਂ ਚੀਜ਼ਾਂ ਦੇ ਮੰਗਣ ਵਾਲਿਆਂ ਨੂੰ ਮਾੜੀਆਂ ਚੀਜ਼ਾਂ ਮਿਲਦੀਆਂ ਰਹਿੰਦੀਆਂ ਹਨ। ਤੈਨੂੰ ਵੀ, ਜੇਕਰ ਚੰਗੀਆਂ ਚੀਜ਼ਾਂ ਮੰਗੇਂਗਾ ਤਾਂ ਚੰਗੀਆਂ ਚੀਜ਼ਾਂ ਮਿਲਣਗੀਆਂ ਅਤੇ ਜੇਕਰ ਮਾੜੀਆਂ ਚੀਜ਼ਾਂ ਮੰਗੇਂਗਾ ਤਾਂ ਮਾੜੀਆਂ ਮਿਲਣਗੀਆਂ। ਚੰਗੀਆਂ ਚੀਜ਼ਾਂ ਦੇ ਚਾਹਵਾਨ ਨੂੰ ਕਦੀ ਮਾੜੀਆਂ ਚੀਜ਼ਾਂ ਨਹੀਂ ਮਿਲ ਸਕਦੀਆਂ ਅਤੇ ਮਾੜੀਆਂ ਚੀਜ਼ਾਂ ਦੇ ਚਾਹੁੰਣ ਵਾਲੇ ਨੂੰ ਕਦੀ ਚੰਗੀਆਂ ਚੀਜ਼ਾਂ ਨਹੀਂ ਮਿਲਣਗੀਆਂ।

ਦੇਖ! ਤੇਰੇ ਪਾਸ ਜੋ ਕੁਝ ਵੀ ਹੈ ਤੇਰੀ ਚਾਹਨਾ ਦੇ ਨਤੀਜੇ ਕਰਕੇ ਹੈ। ਤੂੰ ਜੋ ਕੁਝ ਕਿਸੇ ਵੇਲੇ ਚਾਹਿਆ, ਜੋ ਕੁਝ ਕਿਸੇ ਵੇਲੇ ਮੰਗਿਆ, ਤੈਨੂੰ ਉਹੋ ਕੁਝ ਮਿਲਿਆ ਹੈ। ਜੇਕਰ ਤੂੰ ਦੁਖੀ ਹੈਂ ਤਾਂ ਇਨ੍ਹਾਂ ਦੁਖਾਂ ਦਾ ਕਾਰਨ ਤੂੰ ਆਪ ਹੈਂ ਅਤੇ ਜੇਕਰ ਤੂੰ ਸੁਖੀ ਹੈਂ ਤਾਂ ਇਨ੍ਹਾਂ ਸੁਖਾਂ ਦਾ ਕਾਰਨ ਵੀ ਤੂੰ ਆਪ ਹੈਂ। ਸੁਖ ਦੁਖ ਸਾਡੇ ਕਰਮਾਂ ਤੋਂ ਉਪਜਦੇ ਹਨ ਅਤੇ ਕਰਮ ਸਾਡੀ ਚਾਹਨਾ, ਸਾਡੇ ਨਿਸ਼ਚਿਆਂ ਤੋਂ ਉਤਪੰਨ ਹੁੰਦੇ ਹਨ। ਗਲਤ ਨਿਸਚੇ ਜਾਂ ਗਲਤ ਚਾਹੁੰਣ ਦਾ ਨਤੀਜਾ ਸਦਾ ਦੁਖ, ਦਰਦ, ਚਿੰਤਾ, ਫਿਕਰ, ਪ੍ਰੇਸ਼ਾਨੀ ਤੇ ਬੀਮਾਰੀ ਦੀ ਸ਼ਕਲ ਵਿਚ ਜ਼ਾਹਿਰ ਹੋਵੇਗਾ ਅਤੇ ਸਹੀ ਚਾਹਨਾਂ ਜਾਂ ਸ਼ੁਭ ਨਿਸਚਿਆਂ ਦਾ ਨਤੀਜਾ ਸਦਾ ਸੁਖ, ਅਰੋਗਤਾ,

ਸ਼ਾਂਤੀ, ਖੁਸ਼ੀ, ਬੇਫ਼ਿਕਰੀ, ਬੇ-ਮੁਥਾਜੀ ਦੀ ਸ਼ਕਲ ਵਿਚ ਤੇਰੇ ਸਾਮ੍ਹਣੇ ਆਵੇਗਾ। ਜਿਵੇਂ ਕਿੱਕਰ ਬੀਜ ਕੇ ਅੰਗੂਰਾਂ ਦੀ ਆਸ ਨਹੀਂ ਕੀਤੀ ਜਾ ਸਕਦੀ, ਇਸੇ ਤਰ੍ਹਾਂ ਮਾੜੀ ਨੀਅਤ ਨਾਲ, ਗਲਤ ਨਿਸਚਿਆਂ ਦੇ ਅਧੀਨ ਹੋ ਕੇ ਕੀਤੇ ਕਰਮਾਂ ਦਾ ਫਲ ਕਦੀ ਸੁਖਦਾਇਕ ਨਹੀਂ ਹੋ ਸਕਦਾ।

ਦੇਖ! ਇਸ ਜਗਤ ਵਿਚ ਚੰਗੀਆਂ ਤੇ ਮਾੜੀਆਂ ਚੀਜ਼ਾਂ ਕੇਵਲ ਇਸ ਕਰਕੇ ਹਨ ਕਿ ਤੈਨੂੰ ਮਾੜੀਆਂ ਤੇ ਚੰਗੀਆਂ ਚੀਜ਼ਾਂ ਦੀ ਪਛਾਣ ਹੋ ਜਾਵੇ ਅਤੇ ਤੂੰ ਮਾੜੀ ਚੀਜ਼ਾਂ ਦੀ ਖਾਹਿਸ਼ ਜਾਂ ਚਾਹਨਾ ਛੱਡ ਦੇਵੇਂ ਅਤੇ ਸਦਾ ਚੰਗੀਆਂ ਚੀਜ਼ਾਂ ਦੀ ਚਾਹਨਾ ਕਰਕੇ ਸਦਾ ਸੁਖੀ ਰਹੇਂ। ਮਾੜੀਆਂ ਚੀਜ਼ਾਂ ਦੀ ਚਾਹਨਾ ਹੀ ਤੇਰੇ ਇਰਦ-ਗਿਰਦ ਮਾੜੀਆਂ ਚੀਜ਼ਾਂ ਇਕੱਠੀਆਂ ਕਰ ਸਕਦੀ ਹੈ। ਜੇਕਰ ਤੇਰੇ ਅੰਦਰ ਮਾੜੀਆਂ ਚੀਜ਼ਾਂ ਦੀ ਚਾਹਨਾ ਹੀ ਨਾ ਹੋਵੇ ਤਾਂ ਤੇਰੀ ਦੁਨੀਆਂ 'ਚ ਮਾੜੀਆਂ ਚੀਜ਼ਾਂ ਨਜ਼ਰ ਨਹੀਂ ਆਉਣਗੀਆਂ ਤੇ ਨਾ ਹੀ ਤੂੰ ਉਨ੍ਹਾਂ ਨੂੰ ਮਾੜੀਆਂ ਸਮਝ ਕੇ ਤਿਆਗਣ ਦੀ ਲੋੜ ਭਾਸੇਗੀ।

ਦੇਖ! ਤੇਰੀ ਚਾਹਨਾ ਹੀ ਤੇਰੀ ਵੈਰਨ ਅਤੇ ਤੇਰੀ ਚਾਹਨਾ ਹੀ ਤੇਰੀ ਮਿੱਤਰ ਹੈ। ਤੇਰੀ ਮਾੜੀ ਚਾਹਨਾ ਤੇਰੇ ਦੁਖਾਂ ਅਤੇ ਤੇਰੀ ਸ਼ੁਭ ਚਾਹਨਾ ਤੇਰੇ ਸੁਖਾਂ ਦਾ ਕਾਰਣ ਹੈ। ਮਾੜੀ ਚਾਹਨਾ ਜਾਂ ਮਾੜੀ ਮੰਗ ਤੇਰੇ ਗਲਤ ਨਿਸਚਿਆਂ ਤੋਂ ਪੈਦਾ ਹੋਈ ਹੈ ਅਤੇ ਤੇਰੀ ਚੰਗੀ ਚਾਹਨਾ ਤੇਰੇ ਸਹੀ ਜਾਂ ਵਿਗਿਆਨਕ ਨਿਸਚਿਆਂ ਤੋਂ ਪੈਦਾ ਹੁੰਦੀ ਹੈ, ਇਸ ਲਈ ਤੇਰੇ ਵਾਸਤੇ ਆਪਣੇ ਨਿਸਚਿਆਂ ਨੂੰ ਦਰੁਸਤ ਕਰਨਾ, ਨਿਸਚਿਆਂ ਨੂੰ ਪ੍ਰਭੂ ਦੇ ਸਦੀਵੀ ਨਿਯਮਾਂ ਦੇ ਅਨੁਸਾਰ ਘੜਨਾ, ਤੇਰੀ ਭਲਾਈ ਲਈ, ਤੇਰੇ ਸੁਖ ਲਈ ਅਤਿਅੰਤ ਜ਼ਰੂਰੀ ਹੈ।

ਦੇਖ! ਸਹੀ ਨਿਸਚੇ ਗਿਆਨ ਤੋਂ ਪੈਦਾ ਹੁੰਦੇ ਹਨ ਅਤੇ ਗਲਤ ਨਿਸਚੇ ਨਾਵਾਕਫੀਅਤ ਜਾਂ ਅਗਿਆਨਤਾ ਤੋਂ ਪੈਦਾ ਹੁੰਦੇ ਹਨ। ਇਸ ਲਈ ਤੈਨੂੰ ਸਦਾ ਸੁਖੀ ਹੋਣ ਲਈ ਸੱਚ ਦਾ ਗਿਆਨ ਹੋਣਾ ਜ਼ਰੂਰੀ ਹੈ। ਸੱਚ ਦਾ ਗਿਆਨ ਤੇਰੇ ਆਪਣੇ 'ਆਪੇ' ਦਾ ਗਿਆਨ ਹੈ, ਤੇਰੀ ਆਪਣੀ ਅਸਲੀਅਤ ਦਾ ਗਿਆਨ ਹੈ। ਜਦੋਂ ਤੈਨੂੰ ਪਤਾ ਲਗ ਜਾਵੇਗਾ ਕਿ ਤੂੰ ਅਸਲ ਵਿਚ ਕੀ ਹੈਂ, ਤੇਰਾ ਅਤੇ ਜਗਤ ਦੇ ਕਰਤਾਰ ਦਾ ਕੀ ਰਿਸ਼ਤਾ ਹੈ, ਤਦ ਤੇਰੇ ਲਈ ਮਾੜੀਆਂ ਚੀਜ਼ਾਂ ਦੀ ਚਾਹਨਾ ਕਰ ਸਕਣੀ ਅਸੰਭਵ





ਹੋ ਜਾਵੇਗੀ। ਜਦ ਮਾੜੀਆਂ ਚੀਜ਼ਾਂ ਦੀ ਚਾਹਨਾ ਹੀ ਤੇਰੇ ਦਿਲ ਵਿਚ ਨਾ ਰਹੇਗੀ ਤਾਂ ਮਾੜੀਆਂ ਚੀਜ਼ਾਂ ਤੇਰੇ ਨਜ਼ਦੀਕ ਆ ਹੀ ਨਹੀਂ ਸਕਣਗੀਆਂ। ਤੇਰੇ ਅੰਦਰ ਸਦਾ ਸ਼ੁਭ ਇੱਛਾ ਹੋਵੇਗੀ ਜਿਸ ਦਾ ਸਦਕਾ ਤੇਰੇ ਇਰਦ ਗਿਰਦ ਸਭ ਸੁਖ ਹੀ ਸੁਖ, ਸਭ ਚੰਗੀਆਂ ਹੀ ਚੰਗੀਆਂ ਚੀਜ਼ਾਂ ਨਜ਼ਰ ਆਉਣਗੀਆਂ। ਫਿਰ ਤੇਰੀ ਜ਼ਿੰਦਗੀ ਉਹ ਜ਼ਿੰਦਗੀ ਹੋਵੇਗੀ ਜਿਸ ਜ਼ਿੰਦਗੀ ਦੀ ਪ੍ਰਾਪਤੀ ਲਈ ਵੱਡੇ ਵੱਡੇ ਪਾਤਸ਼ਾਹ ਵੀ ਤਰਸਦੇ ਹਨ।

# ਜੇਕਰ

ਜੇਕਰ ਤੂੰ ਦੁਨਿਆਵੀ ਦ੍ਰਿਸ਼ਟੀਕੋਣ ਤੋਂ ਬੜਾ ਸੁਖੀ ਹੈਂ, ਸਭ ਆਰਾਮ ਤੇਰੇ ਪਾਸ ਮੌਜੂਦ ਹਨ, ਨੌਕਰ ਚਾਕਰ, ਮਿੱਤਰ, ਦੋਸਤ, ਦੌਲਤ, ਇੱਜ਼ਤ, ਬਾਗ ਪਰਿਵਾਰ ਕੋਠੀਆਂ ਬਗੀਚੇ ਆਦਿ ਸਭ ਕੁਝ ਹੈ ਫਿਰ ਵੀ ਤੈਨੂੰ ਉਸ ਦਾਤਾਰ ਨੂੰ ਜਿਸ ਨੇ ਇਹ ਸਭ ਕੁਝ ਬਖਸ਼ਿਆ ਹੈ, ਕਦੀ ਮਨੋਂ ਨਹੀਂ ਭੁਲਾਣਾ ਚਾਹੀਦਾ। ਦਾਤਾਂ ਨੂੰ ਵੇਖ-ਵੇਖ ਕੇ ਤੈਨੂੰ ਦਾਤਾਰ ਸਦਾ ਯਾਦ ਰਹਿਣਾ ਚਾਹੀਦਾ ਹੈ। ਐਸਾ ਕਰਨ ਨਾਲ ਤੇਰਾ ਦੁਨਿਆਵੀ ਸੁਖ ਕਾਇਮ ਰਹੇਗਾ।

ਜੇਕਰ ਤੂੰ ਬੜਾ ਗਰੀਬ ਹੈਂ, ਖਾਣ ਪੀਣ ਦੀ ਤੰਗੀ ਹੈ ਅਤੇ ਲੋੜਾਂ ਤੈਨੂੰ ਬੜਾ ਤੰਗ ਕਰਦੀਆਂ ਹਨ, ਜੇਕਰ ਤੇਰਾ ਕੰਮ ਕਾਜ ਨਹੀਂ, ਜਿਸ ਕੰਮ ਨੂੰ ਤੂੰ ਹੱਥ ਪਾਂਦਾ ਹੈਂ, ਉਸੇ ਵਿਚ ਬਜਾਏ ਨਫੇ ਦੇ ਘਾਟਾ ਪੈਂਦਾ ਹੈ, ਜੇਕਰ ਤੇਰੇ ਪਾਸ ਕੋਈ ਨੌਕਰੀ ਨਹੀਂ, ਕਾਰ ਵਿਹਾਰ ਕਰਨ ਵਾਸਤੇ ਧਨ ਨਹੀਂ ਅਤੇ ਮੰਗਿਆਂ ਤੈਨੂੰ ਕੋਈ ਉਧਾਰ ਦੇਣ ਵਾਸਤੇ ਤਿਆਰ ਨਹੀਂ ਤਾਂ ਇਸ ਹਾਲਤ ਵਿਚ ਵੀ ਜੇਕਰ ਤੂੰ ਕਰਤਾਰ ਦੀ ਸ਼ਰਨ ਵਿਚ ਸੱਚੇ ਦਿਲ ਤੇ ਭਰੋਸੇ ਨਾਲ ਆਵੇਂ ਅਤੇ ਸੱਚੇ ਪਾਤਸਾਹ ਅਕਾਲ ਪੁਰਖ ਨੂੰ ਯਾਦ ਕਰੇਂ ਅਤੇ ਆਪਣੇ ਅੰਗ ਸੰਗ ਸਮਝੇਂ ਤਾ ਤੇਰੀ ਗਰੀਬੀ ਅਮੀਰੀ ਵਿਚ ਬਦਲ ਸਕਦੀ ਹੈ। ਵਾਹਿਗੁਰੂ ਕਰਨ ਕਾਰਨ (Creator of Causes) ਹੈ। ਉਹ ਐਸੇ ਹਾਲਾਤ ਪੈਦਾ ਕਰ ਸਕਦਾ ਹੈ ਜਿਸ ਤੋਂ ਤੈਨੂੰ ਲਾਭ ਪਹੁੰਚੇ ਅਤੇ ਗਰੀਬੀ ਅਮੀਰੀ ਵਿਚ ਬਦਲੀ ਜਾਵੇ।

ਜੇਕਰ ਤੂੰ ਰਾਜਾ ਹੈਂ, ਪਾਤਸ਼ਾਹ ਹੈਂ ਤੇ ਤੇਰੇ ਪਾਸ ਬੜੇ ਖਜ਼ਾਨੇ ਤੇ ਬੜੇ ਲਸ਼ਕਰ ਹਨ, ਬੜੇ ਬੜੇ ਮਹੱਲ ਹਨ ਅਤੇ ਮਹੱਲਾਂ ਵਿਚ ਸੁੰਦਰ ਇਸਤ੍ਰੀਆਂ ਹਨ, ਜੇਕਰ ਤੇਰੇ ਅੱਠੇ ਪਹਿਰ ਰੰਗ ਰਲੀਆਂ ਅਤੇ ਤਮਾਸ਼ਿਆਂ ਵਿਚ ਗੁਜ਼ਰਦੇ ਹਨ, ਚਿੰਤਾ ਫਿਕਰ ਤੇਰੇ ਨੇੜੇ ਨਹੀਂ ਆਉਂਦੇ, ਤੇਰਾ ਹੁਕਮ ਕੋਈ ਨਹੀਂ ਮੋੜਦਾ, ਤੇਰਾ ਮੁਕਾਬਲਾ ਕੋਈ ਨਹੀਂ ਕਰ ਸਕਦਾ, ਫਿਰ ਵੀ ਤੈਨੂੰ ਆਪਣੇ ਪੈਦਾ ਕਰਨ ਵਾਲੇ ਅੱਗੇ ਨਿਉਣਾ ਅਤੇ ਉਸ ਦਾ ਸ਼ੁਕਰ





ਕਰਨਾ ਚਾਹੀਦਾ ਹੈ। ਤੇਰੀ ਐਸ਼ ਤੇ ਹੁਕਮ ਦੀ ਜ਼ਿੰਦਗੀ ਨੇ ਤੈਨੂੰ ਸੁਖਾਂ ਦਾ ਗੁਲਾਮ ਬਣਾ ਦਿਤਾ ਹੈ। ਇੱਜ਼ਤ, ਹਕੂਮਤ, ਤਾਕਤ, ਸ਼ੋਹਰਤ, ਦੌਲਤ ਤੇ ਰੰਗ ਰਲੀਆਂ ਤੋਂ ਬਗੈਰ ਤੂੰ ਬੜਾ ਦੁਖੀ ਮਹਿਸੂਸ ਕਰੇਂਗਾ ਅਤੇ ਇਕ ਦਿਨ ਐਸਾ ਜ਼ਰੂਰ ਆਉਣਾ ਹੈ ਜਦ ਕਿ ਤੇਰੇ ਪਾਸ ਇਹ ਸਭ ਕੁਝ ਨਹੀਂ ਹੋਵੇਗਾ, ਕਾਲ ਅੱਗੇ ਰੱਯਤ ਤੇ ਰਾਜਾ ਕਿਸੇ ਦੀ ਪੇਸ਼ ਨਹੀਂ ਚਲਦੀ। ਤੇਰੇ ਤੋਂ ਪਹਿਲੇ ਹੋਏ ਪਾਤਸ਼ਾਹ, ਰਾਜੇ, ਹੁਕਮਰਾਨ ਨਹੀਂ ਰਹੇ, ਤੂੰ ਵੀ ਜ਼ਰੂਰ ਸਭ ਕੁਝ ਛੱਡ ਕੇ ਖਾਲੀ ਹੱਥ ਇਸ ਜਗਤ ਤੋਂ ਜਾਣਾ ਹੈ, ਉਸ ਵੇਲੇ ਤੇਰੇ ਨਾਲ ਤੇਰੇ ਕਰਤਾਰ ਤੋਂ ਸਿਵਾ ਕਿਸੇ ਨੇ ਨਹੀਂ ਹੋਣਾ। ਕਿਉਂ ਨਾ ਹੁਣ ਹੀ ਕਰਤਾਰ ਦਾ ਦਾਸ ਬਣ ਜਾਵੇਂ ਅਤੇ ਉਸ ਦਾ ਜਿਸ ਨੇ ਤੈਨੂੰ ਰਾਜ ਭਾਗ ਦਿਤਾ ਹੈ, ਸ਼ੁਕਰ ਕਰੇਂ। ਐਸਾ ਕਰਨ ਨਾਲ ਤੇਰਾ ਰਾਜ ਭਾਗ ਵੀ ਕਾਇਮ ਰਹੇਗਾ ਅਤੇ ਜਦ ਮੌਤ ਤੈਥੋਂ ਤੇਰਾ ਸਭ ਕੁਝ ਖੋਹ ਲਵੇਗੀ, ਉਸ ਵਕਤ ਤੇਰਾ ਕਰਤਾਰ ਤੇਰੇ ਨਾਲ ਤੇਰਾ ਰਾਖਾ ਤੇ ਸਹਾਰਾ ਹੋਵੇਗਾ।

ਜੇਕਰ ਤੇਰੇ ਉੱਤੇ ਕੋਈ ਭਾਰੀ ਮੁਸੀਬਤ ਆਣ ਬਣੀ ਹੈ ਅਤੇ ਉਸ ਤੋਂ ਨਿਕਲਣ ਦਾ ਕੋਈ ਉਪਾਵ ਨਜ਼ਰ ਨਹੀਂ ਆਉਂਦਾ, ਜੇਕਰ ਤੇਰੇ ਦੁਸ਼ਮਣ ਬੜੇ ਜ਼ਬਰਦਸਤ ਅਤੇ ਤੈਥੋਂ ਕਿਤੇ ਤਾਕਤਵਰ ਹਨ ਅਤੇ ਤੇਰੇ ਲਈ ਉਨ੍ਹਾਂ ਦਾ ਮੁਕਾਬਲਾ ਕਰਕੇ ਉਨ੍ਹਾਂ ਤੇ ਗਾਲਬ ਆਉਣਾ ਅਸੰਭਵ ਦਿਸਦਾ ਹੈ, ਜੇਕਰ ਤੇਰੀਆਂ ਮੁਸ਼ਕਲਾਂ ਤੇ ਔਕੜਾਂ ਨੇ ਤੈਨੂੰ ਨਿਰਾਸ ਕਰ ਦਿਤਾ ਹੈ ਅਤੇ ਤੇਰੇ ਵਿਚ ਮੁਸੀਬਤਾਂ ਨਾਲ ਲੜਨ ਦੀ ਹਿੰਮਤ ਨਹੀਂ ਰਹੀ ਤਾਂ ਯਾਦ ਰੱਖ ਕਿ ਤੇਰਾ ਅਜੇ ਵੀ ਵਾਲ ਵਿੰਗਾ ਨਹੀਂ ਹੋ ਸਕਦਾ। ਪ੍ਰਭੂ ਦੀ ਸ਼ਰਨ ਸੱਚੇ ਦਿਲ ਤੇ ਦ੍ਰਿੜ੍ਹ ਭਰੋਸੇ ਨਾਲ ਪਕੜ ਕੇ ਦੇਖ, ਤੇਰੀਆਂ ਮੁਸੀਬਤਾਂ ਧੂੰਏਂ ਦੇ ਪਹਾੜ ਵਾਂਗ ਉਡ ਜਾਣਗੀਆਂ।

ਜੇਕਰ ਤੂੰ ਬੜਾ ਸਿਆਣਾ ਤੇ ਅਕਲਮੰਦ ਹੈਂ, ਜੇਕਰ ਤੂੰ ਬੜਾ ਗਿਆਨੀ ਅਤੇ ਚਾਤਰ ਹੈਂ, ਜੇਕਰ ਤੂੰ ਬੜਾ ਤਪੱਸਵੀ ਹੈਂ ਅਤੇ ਰਿਧੀਆਂ-ਸਿੱਧੀਆਂ ਤੇਰੇ ਵਸ ਵਿਚ ਹਨ, ਜੇਕਰ ਤੂੰ ਬੜਾ ਆਲਮ ਫਾਜ਼ਲ ਜਾਂ ਸੰਤ ਮਹਾਤਮਾ ਹੈਂ, ਤਾਂ ਇਹ ਜਾਣ ਕੇ ਸ਼ੁਕਰ ਕਰ ਕਿ ਇਹ ਸਭ ਕੁਝ ਕਰਤਾਰ ਦੀ ਮਿਹਰ ਦਾ ਸਦਕਾ ਹੈ ਜਿਸ ਨੇ ਦੂਸਰੇ ਇਨਸਾਨਾਂ ਨਾਲੋਂ ਤੈਨੂੰ ਸ੍ਰੇਸ਼ਟਤਾ ਬਖਸ਼ੀ ਹੈ।

ਜੇਕਰ ਤੂੰ ਬੀਮਾਰ ਰਹਿੰਦਾ ਹੈਂ, ਰੋਗ ਤੇਰਾ ਪਿਛਾ ਨਹੀਂ ਛਡਦਾ, ਜੇਕਰ ਤੂੰ ਸਭ ਹਕੀਮਾਂ, ਡਾਕਟਰਾਂ ਦਾ ਇਲਾਜ ਕਰਾ ਚੁੱਕਾ ਹੈਂ ਅਤੇ ਤੇਰੀ ਬੀਮਾਰੀ ਨੂੰ ਕਿਸੇ ਨੇ ਦੂਰ ਨਹੀਂ ਕੀਤਾ, ਜੇਕਰ ਤੇਰੀ ਬੀਮਾਰੀ ਲਾ-ਇਲਾਜ ਹੋ ਗਈ ਹੈ ਅਤੇ ਚਿੰਤਾ, ਨਿਰਾਸਤਾ ਤੇਰੇ ਉਤੇ ਹਰਦਮ ਸਵਾਰ ਹਨ, ਤਦ ਵੀ ਵਾਹਿਗੁਰੂ ਅਕਾਲ ਪੁਰਖ ਦਾ ਦੁਖ ਭੰਜਨ ਨਾਮ ਪਿਆਰ, ਸ਼ਰਧਾ, ਦ੍ਰਿੜਤਾ ਨਾਲ ਜਪ ਅਤੇ ਕਰਤਾਰ ਅੱਗੇ ਨਿਰਮਲ ਅਰਦਾਸਾਂ ਕਰ। ਤੇਰਾ ਸਭ ਦੁਖ ਦੂਰ ਹੋ ਜਾਵੇਗਾ, ਕਿਉਂਕਿ ਵਾਹਿਗੁਰੂ ਸਰਬ ਸਮਰਥ ਹੈ।

ਜੇਕਰ ਤੂੰ ਆਪਣੇ ਕਰਤਾਰ ਦਾ ਦਾਸ ਬਣ ਕੇ ਉਸ ਦੀ ਯਾਦ ਵਿਚ ਜੀਵਨ ਬਤੀਤ ਕਰਨਾ ਚਾਹੁੰਦਾ ਹੈਂ, ਜੇਕਰ ਤੂੰ ਜੀਵਨ ਅਤੇ ਮੌਤ ਦੇ ਭੇਤ ਨੂੰ ਜਾਣ ਕੇ ਸਦਾ ਅਮਰ ਹੋਣਾ ਚਾਹੁੰਦਾ ਹੈਂ, ਜੇਕਰ ਤੂੰ ਜਨਮ ਮਰਨ ਦੇ ਭੈਭੀਤ ਗੇੜ ਵਿਚੋਂ ਨਿਕਲਣਾ ਚਾਹੁੰਦਾ ਹੈਂ, ਜੇਕਰ ਤੂੰ ਆਪਣੇ ਕਰਤਾਰ ਵਰਗਾ ਸੁਖੀ ਤੇ ਨਿਰਭਉ ਹੋਣਾ ਚਾਹੁੰਦਾ ਹੈਂ ਤਾਂ ਆਪਣੇ ਅੰਦਰ ਝਾਤੀ ਮਾਰ ਅਤੇ ਖੋਜ ਕੇ ਦੇਖ ਕਿ ਤੂੰ ਕੌਣ ਹੈਂ।





# ਬੇਗਮਪੁਰਾ

*ਬੇਗਮ ਪੁਰਾ ਸਹਰ ਕੋ ਨਾਉ॥*
*ਦੂਖੁ ਅੰਦੋਹੁ ਨਹੀ ਤਿਹਿ ਠਾਉ॥*
*ਨਾਂ ਤਸਵੀਸ ਖਿਰਾਜੁ ਨ ਮਾਲੁ॥*
*ਖਉਫੁ ਨ ਖਤਾ ਨ ਤਰਸੁ ਜਵਾਲੁ॥*
*ਅਬ ਮੋਹਿ ਖੂਬ ਵਤਨ ਗਹ ਪਾਈ॥*
*ਊਹਾਂ ਖੈਰਿ ਸਦਾ ਮੇਰੇ ਭਾਈ॥ਰਹਾਉ॥*
*ਕਾਇਮੁ ਦਾਇਮੁ ਸਦਾ ਪਾਤਿਸਾਹੀ॥*
*ਦੋਮ ਨ ਸੇਮ ਏਕ ਸੋ ਆਹੀ॥*
*ਆਬਾਦਾਨੁ ਸਦਾ ਮਸਹੂਰ॥*
*ਊਹਾਂ ਗਨੀ ਬਸਹਿ ਮਾਮੂਰ॥*
*ਤਿਉ ਤਿਉ ਸੈਲ ਕਰਹਿ ਜਿਉ ਭਾਵੈ॥*
*ਮਹਰਮ ਮਹਲ ਨ ਕੋ ਅਟਕਾਵੈ॥*
*ਕਹਿ ਰਵਿਦਾਸ ਖਲਾਸ ਚੁਮਾਰਾ॥*
*ਜੋ ਹਮ ਸਹਰੀ ਸੁ ਮੀਤੁ ਹਮਾਰਾ॥* *ਪੰਨਾ - 345*

ਇਹ ਸ਼ਬਦ ਸ੍ਰੀ ਰਵਿਦਾਸ ਜੀ ਦਾ ਹੈ। ਆਪ ਜ਼ਾਤ ਦੇ ਚੁਮਾਰ ਸਨ, ਪਰ ਭਗਤੀ ਕਰਕੇ ਮਹਾਂਪੁਰਖ ਬਣੇ। ਭਗਤੀ ਕਰਕੇ ਉਹ ਜਿਸ ਅਟੱਲ ਪਦਵੀ ਨੂੰ ਪਹੁੰਚੇ, ਉਸ ਪਦਵੀ ਦੀ ਰਵਿਦਾਸ ਜੀ ਖੁਦ, ਇਸ ਸ਼ਬਦ ਵਿਚ ਤਸਵੀਰ ਖਿਚ ਕੇ ਦਸਦੇ ਹਨ। ਰਵਿਦਾਸ ਜੀ ਨੇ ਇਸ (ਆਤਮਕ) ਪਦਵੀ ਦਾ ਨਾਮ ਬੇਗਮਪੁਰਾ ਸ਼ਹਿਰ ਰੱਖਿਆ ਹੈ, ਪਰ ਇਹ ਸ਼ਹਿਰ ਕਿਸੇ ਅਸਥਾਨ ਜਾਂ ਨਗਰ ਦਾ ਨਾਮ ਨਹੀਂ, ਇਹ ਇਕ ਭਗਤੀ ਦੀ ਉਚੀ ਅਵਸਥਾ ਹੈ ਜਾਂ ਭਗਤ ਦੇ ਮਨ ਦੀ ਉਚੀ ਦਸ਼ਾ (ਦਰਜੇ) ਦਾ ਨਾਮ ਹੈ।

ਜਦ ਸਿਮਰਨ ਅਭਿਆਸੀ ਦੇ ਮਨ ਵਿਚੋਂ ਸਭ ਗਲਤ ਅਤੇ ਝੂਠੇ ਨਿਸਚੇ ਦੂਰ ਹੋ ਜਾਣ ਅਤੇ ਉਨ੍ਹਾਂ ਦੀ ਥਾਂ ਤੇ ਗੁਰਮਤਿ ਦੇ ਪੱਕੇ

ਵਿਗਿਆਨਕ ਤੌਰ ਤੇ ਸੱਚੇ ਨਿਸਚੇ ਨਿਵਾਸ ਕਰਨ ਲਗ ਜਾਣ ਤਾਂ ਉਸ ਦੇ ਨਿਸਚਿਆਂ ਦੇ ਬਦਲਣ ਨਾਲ ਉਸ ਦੇ ਕਰਮ ਬਦਲ ਜਾਂਦੇ ਹਨ ਅਤੇ ਕਰਮਾਂ ਦੇ ਬਦਲਣ ਨਾਲ, ਜੀਵਨ ਅਤੇ ਜੀਵਨ ਦਾ ਸਾਰਾ ਦ੍ਰਿਸ਼ਟੀਕੋਣ ਬਦਲ ਜਾਂਦਾ ਹੈ।

ਐਸਾ ਭਗਤ ਜਾਂ ਸਿਮਰਨ ਅਭਿਆਸੀ ਜਾਂ ਖਾਲਸਾ, ਰਹਿੰਦਾ ਤਾਂ ਏਸੇ ਦੁਨੀਆਂ ਵਿਚ ਹੈ, ਪਰ ਏਸੇ ਦੁਨੀਆਂ ਵਿਚ ਉਸ ਨੂੰ ਆਪਣੇ ਨਵੇਂ ਨਿਸਚਿਆਂ ਦੇ ਆਧਾਰ ਤੇ ਇਕ ਨਵੀਂ ਤੇ ਸੁੰਦਰ ਦੁਨੀਆਂ ਨਜ਼ਰ ਆਉਣ ਲਗ ਜਾਂਦੀ ਹੈ। ਜਿਤਨੇ ਉਸ ਦੇ ਨਿਸਚੇ ਪੱਕੇ ਹੋਣ, ਉਤਨੀ ਹੀ ਉਸ ਦੀ ਦੁਨੀਆਂ ਪੱਕੀ ਤੇ ਸੱਚੀ ਭਾਸਦੀ ਹੈ। ਆਤਮ-ਸਾਇੰਸ ਅਨੁਸਾਰ ਜੈਸੀ ਸਾਡੀ ਦ੍ਰਿਸ਼ਟੀ ਹੋਵੇ, ਵੈਸੀ ਹੀ ਸਾਡੀ ਸ੍ਰਿਸ਼ਟੀ ਬਣ ਜਾਵੇਗੀ। ਜਿਸ ਸਿੱਖ ਨੇ ਗੁਰਮਤਿ ਦੇ ਨਿਸਚਿਆਂ ਨੂੰ ਸੱਚ ਤੇ ਸਦੀਵੀ ਕਰਕੇ ਮੰਨਿਆ ਹੋਵੇ, ਉਸ ਗੁਰਸਿਖ ਦੀ ਦ੍ਰਿਸ਼ਟੀ ਵਿਚ ਦ੍ਵੈਤ ਨਹੀਂ ਰਹਿੰਦੀ, ਉਹ ਸਭ ਨੂੰ ਵਾਹਿਗੁਰੂ ਜੀ ਦਾ ਰੂਪ ਦੇਖਦਾ ਹੈ, ਸਭ ਵਿਚ ਸਿਵਾਏ ਵਾਹਿਗੁਰੂ ਜੀ ਦੇ ਅਤੇ ਵਾਹਿਗੁਰੂ ਜੀ ਦੀਆਂ ਸਿਫਤਾਂ ਦੇ ਹੋਰ ਕੁਝ ਨਹੀਂ ਦੇਖਦਾ। ਇਸ ਕਰਕੇ ਉਸ ਨੂੰ ਹਰ ਪਾਸੇ ਸੁੰਦਰ, ਸਦਾਵੀ ਸੁਖਾਂ ਨਾਲ ਭਰਪੂਰ ਦੁਨੀਆਂ ਦਿਖਾਈ ਦਿੰਦੀ ਹੈ। ਉਸ ਦੇ ਮਨ ਵਿਚ, ਵਾਹਿਗੁਰੂ ਜੀ ਦੀਆਂ ਸਭ ਸਿਫ਼ਤਾਂ ਵਸਣ ਲਗ ਜਾਂਦੀਆਂ ਹਨ ਜਿਸ ਕਰਕੇ ਉਸ ਨੂੰ ਦੁਨੀਆਂ ਵਿਚ ਵਾਹਿਗੁਰੂ ਦੀਆਂ ਸਿਫ਼ਤਾਂ ਦਾ ਹੀ ਹਰ ਪਾਸੇ ਚਮਤਕਾਰ ਦਿਸਦਾ ਹੈ ਅਤੇ ਅਗਿਆਨਤਾ ਦੇ ਸਭ ਮਾੜੇ ਦ੍ਰਿਸ਼ ਗ਼ਾਇਬ ਹੋ ਜਾਂਦੇ ਹਨ।

ਜਿਸ ਮਨ ਵਿਚ ਪ੍ਰੇਮ, ਖਿਮਾਂ, ਨਿਰਵੈਰਤਾ, ਉਪਕਾਰ, ਖੁਸ਼ਹਾਲੀ ਪੈਦਾ ਹੋ ਜਾਵੇ ਉਸ ਮਨ ਵਿਚੋਂ ਨਫ਼ਰਤ, ਕੀਨਾਜ਼ੋਈ, ਦੁਸ਼ਮਣੀ, ਡਰ, ਖੁਦਗਰਜ਼ੀ, ਚਿੰਤਾ, ਫ਼ਿਕਰ ਅਤੇ ਥੋੜ੍ਹ ਖੁਦ-ਬ-ਖੁਦ ਦੂਰ ਹੋ ਜਾਂਦੇ ਹਨ। ਯਾਦ ਰਹੇ ਕਿ ਦੋ ਵਿਰੋਧੀ ਖਿਆਲ ਸਾਡੇ ਮਨ ਵਿਚ ਇਕੋ ਵੇਲੇ ਕਾਇਮ ਨਹੀਂ ਰਹਿ ਸਕਦੇ। ਸਾਡੇ ਮਨ ਵਿਚ ਇਕ ਵੇਲੇ ਇਕ ਨਿਸਚਾ ਜਾਂ ਇਕ ਖਿਆਲ ਹੀ ਰਹਿ ਸਕਦਾ ਹੈ। ਇਸ ਕਰਕੇ ਜਿਸ ਮਨ ਵਿਚ ਸਦਾ ਪ੍ਰੇਮ ਦਾ ਖਿਆਲ ਰਹੇ ਉਥੇ ਪ੍ਰੇਮ ਦਾ ਵਿਰੋਧੀ, ਨਫ਼ਰਤ ਦਾ ਖਿਆਲ ਨਹੀਂ ਰਹਿ ਸਕਦਾ।

ਸ੍ਰੀ ਰਵਿਦਾਸ ਜੀ ਦੇ ਨਿਸਚਿਆਂ ਵਿਚ ਜਦ ਈਸ਼ਵਰ ਅਤੇ ਉਸ





ਦੀਆਂ ਸਿਫ਼ਤਾਂ ਦਾ ਪੂਰਾ ਨਿਵਾਸ ਹੋਇਆ ਤਾਂ ਉਨ੍ਹਾਂ ਨੂੰ ਐਸੀ ਦੁਨੀਆਂ ਨਜ਼ਰ ਆਵਣ ਲੱਗੀ, ਜਿਸ ਵਿਚ ਗ਼ਮ ਨਹੀਂ, ਦੁਖ ਨਹੀਂ, ਚਿੰਤਾ ਨਹੀਂ, ਗਲਤੀ ਨਹੀਂ, ਡਰ ਨਹੀਂ, ਘਾਟਾ ਨਹੀਂ, ਜ਼ੁਲਮ ਨਹੀਂ ਸੀ, ਕਿਉਂਕਿ ਰਵਿਦਾਸ ਜੀ ਦੇ ਆਤਮਕ ਨਿਸਚੇ ਸਦੀਵੀ ਸੱਚੇ ਤੇ ਪੱਕੇ ਹੋ ਗਏ ਸਨ, ਇਸ ਕਰਕੇ ਉਨ੍ਹਾਂ ਨੂੰ (ਬਦੀ ਤੋਂ ਖਾਲੀ ਤੇ ਨੇਕੀ ਨਾਲ ਭਰਪੂਰ) ਜੋ ਦੁਨੀਆ ਨਜ਼ਰ ਆਈ ਉਸ ਵਿਚ ਸਦੀਵੀ ਤੌਰ ਤੇ ਕਾਇਮ ਰਹਿਣ ਵਾਲੀ ਸੱਚੀ ਪਾਤਸ਼ਾਹੀ ਦਿਸੀ ਅਤੇ ਉਸ ਪਾਤਸ਼ਾਹੀ ਵਿਚ ਨੇਕੀ ਤੇ ਨੇਕ ਪੁਰਸ਼ ਸਦਾ ਚੜ੍ਹਦੀਆਂ ਕਲਾਂ ਵਿਚ ਰਹਿੰਦੇ ਪ੍ਰਤੀਤ ਹੋਏ, ਕਿਉਂਕਿ ਰਵਿਦਾਸ ਜੀ ਨੂੰ ਨੇਕੀ ਦੀ ਸਰਬ ਸ਼ਕਤੀਮਾਨਤਾ ਉਤੇ ਪੂਰਨ ਭਰੋਸਾ ਅਤੇ ਬਦੀ ਦੀ ਛਲ ਭਰੀ ਕਮਜ਼ੋਰੀ ਉਤੇ ਪੂਰੀ ਬੇ-ਯਕੀਨੀ ਹੋ ਚੁੱਕੀ ਸੀ, ਇਸ ਕਰਕੇ ਉਹ ਆਪਣੀ ਦੁਨੀਆਂ ਵਿਚ ਨਿਧੜਕ ਤੇ ਆਜ਼ਾਦ ਹੋ ਕੇ ਨੇਕੀ ਤੇ ਉਪਕਾਰ ਦਾ ਜੀਵਨ ਬਤੀਤ ਕਰਦੇ ਸੀ। ਜਿਵੇਂ ਚੋਰ ਨੂੰ ਆਪਣੀ ਦੁਨੀਆਂ ਅੰਦਰ, ਚੋਰ, ਚੋਰੀ ਦੀਆਂ ਚੀਜ਼ਾਂ ਨੂੰ ਲੁਕਾਣ ਦੀ ਫ਼ਿਕਰ ਅਤੇ ਕਾਨੂੰਨ ਤੇ ਪੁਲੀਸ ਦਾ ਡਰ ਹੀ ਨਜ਼ਰ ਆਉਂਦੇ ਹਨ, ਏਸੇ ਤਰ੍ਹਾਂ ਮਹਾਂਪੁਰਸ਼ ਨੂੰ ਆਪਣੀ ਦੁਨੀਆਂ ਵਿਚ ਮਹਾਂਪੁਰਸ਼, ਨੇਕੀ ਤੇ ਨੇਕੀ ਦੀ ਸ਼ਕਤੀਮਾਨਤਾ ਅਤੇ ਇਸ ਸ਼ਕਤੀਮਾਨਤਾ ਦੇ ਆਧਾਰ ਉਤੇ ਬੇਫ਼ਿਕਰੀ ਅਤੇ ਬੇਪ੍ਰਵਾਹੀ ਨਜ਼ਰ ਆਉਂਦੇ ਹਨ। ਇਸ ਲਈ ਸ੍ਰੀ ਰਵਿਦਾਸ ਜੀ ਦਸਦੇ ਹਨ ਕਿ ਉਨ੍ਹਾਂ ਦੀ ਨਵੀਂ ਦੁਨੀਆਂ ਵਿਚ ਸਭ ਨੇਕ ਤੇ ਮਹਾਂਪੁਰਸ਼ ਅਤੇ ਆਤਮਕ ਦੌਲਤ (ਵਿਗਿਆਨਕ ਨਿਸਚਿਆ) ਦੇ ਮਾਲਕ ਵਸਦੇ ਹਨ ਤੇ ਅਸਲ ਅਰਥਾਂ ਵਿਚ ਆਜ਼ਾਦ ਤੇ ਨਿਰਭੈ ਹੋ ਕੇ ਵਿਚਰਦੇ ਹਨ।

ਸ੍ਰੀ ਗੁਰੂ ਅਰਜਨ ਸਾਹਿਬ ਵੀ ਨਿਰਮਲ ਮਨ ਦੀ ਉਚਤਾ ਤੋਂ ਨਜ਼ਰ ਆਉਣ ਵਾਲੀ ਦੁਨੀਆਂ ਦਾ ਸੁੰਦਰ ਦ੍ਰਿਸ਼ ਆਪਣੇ ਇਕ ਸ਼ਬਦ ਵਿਚ ਇਸ ਪ੍ਰਕਾਰ ਖਿੱਚਦੇ ਹਨ। ਹਜ਼ੂਰ ਫੁਰਮਾਂਦੇ ਹਨ -

*ਸੂਹੀ ਮਹਲਾ ੫*

*ਸੁਖ ਮਹਲ ਜਾ ਕੇ ਊਚ ਦੁਆਰੇ॥*
*ਤਾ ਮਹਿ ਵਾਸਹਿ ਭਗਤ ਪਿਆਰੇ॥*
*ਸਹਜ ਕਥਾ ਪ੍ਰਭ ਕੀ ਅਤਿ ਮੀਠੀ॥*
*ਵਿਰਲੈ ਕਾਹੂ ਨੇਤ੍ਰਹੁ ਡੀਠੀ॥ ਰਹਾਉ॥*

*ਤਹਿ ਗੀਤ ਨਾਦ ਅਖਾਰੇ ਸੰਗਾ॥*
*ਊਹਾ ਸੰਤ ਕਰਹਿ ਹਰਿ ਰੰਗਾ॥*
*ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ॥*
*ਸਾਚ ਨਾਮ ਕੀ ਅੰਮ੍ਰਿਤ ਵਰਖਾ॥*
*ਗੁਹਜ ਕਥਾ ਇਹ ਗੁਰ ਤੇ ਜਾਣੀ*
*ਨਾਨਕੁ ਬੋਲੈ ਹਰਿ ਹਰਿ ਬਾਣੀ॥* *ਪੰਨਾ - 739*

ਐਸੀ ਦੁਨੀਆਂ ਕੇਵਲ ਮਨ ਦੀ ਨਿਰਮਲਤਾ ਤੇ ਪਵਿੱਤਰਤਾ ਦੀ ਉਚਾਈ ਤੋਂ ਨਜ਼ਰ ਆਉਂਦੀ ਹੈ, ਜਿਥੇ ਹਉਮੈ ਤੋਂ ਰਹਿਤ ਹੋ ਕੇ ਮਨ ਆਪਣੇ ਆਪ ਨੂੰ ਵਾਹਿਗੁਰੂ ਜੀ ਦੀ ਜੋਤ ਪ੍ਰਤੀਤ ਕਰਦਾ ਹੈ ਅਤੇ ਆਪਣੇ ਆਲੇ-ਦੁਆਲੇ ਨੂਰ ਦੀ ਦੁਨੀਆਂ ਵਿਚ ਵਾਹਿਗੁਰੂ ਜੀ ਦੀਆਂ ਸਭ ਜੋਤਾਂ ਦੇ ਅਭਿਆਸ ਦਾ ਮਾਹਿਰ ਅਤੇ ਆਤਮ ਗਿਆਨ ਦਾ ਪੁੰਜ ਬਣ ਕੇ, ਜਦ ਚਾਹੇ ਆਪਣੇ ਵਾਹਿਗੁਰੂ ਜੀ ਨਾਲ ਅੰਤਰ ਆਤਮਾ ਵਿਚ ਜੁੜ ਕੇ ਅਭੇਦਤਾ ਦੇ ਅਥਾਹ ਅਤੇ ਅਮੁਕ ਅਨੰਦ ਨੂੰ ਮਾਣਦਾ ਹੈ।

ਹੁਣ ਗੁਰਸਿਖ ਨੂੰ ਵਾਹਿਗੁਰੂ ਜੀ ਤਕ ਪਹੁੰਚਣ ਵਿਚ ਔਖਿਆਈ ਨਹੀਂ ਰਹਿੰਦੀ। ਆਪਣੇ ਆਤਮਕ ਸਵਰ ਦਾ ਹੁਣ ਉਸ ਨੂੰ ਇੰਚ ਇੰਚ ਦਾ ਪਤਾ ਹੁੰਦਾ ਹੈ ਅਤੇ ਬਗੈਰ ਕਿਸੇ ਦੇਰ ਜਾਂ ਅਟਕਾ ਦੇ ਉਸ ਦੀ ਸੁਰਤ ਇਕ ਛਿਨ ਵਿਚ ਆਪਣੇ ਧੁਰ ਮਰਕਜ਼ ਜਾਂ ਆਪਣੇ ਪਰਮ ਆਤਮਾ ਤਕ ਪਹੁੰਚ ਕੇ, ਉਥੇ ਜਿਤਨਾ ਚਿਰ ਜੀਅ ਕਰੇ ਟਿਕ ਕੇ ਨਿਹਾਲ ਹੋ ਸਕਦੀ ਹੈ।

ਜਦ ਗੁਰਸਿਖ ਨੂੰ ਗੁਰਮਤਿ ਦਾ ਗਿਆਨ ਅਤੇ ਨਾਮ ਦਾ ਪੂਰਨ ਅਭਿਆਸ ਹੋ ਜਾਵੇ ਤਾਂ ਉਸ ਨੂੰ ਆਪਣੇ ਵਾਹਿਗੁਰੂ ਜੀ ਵਿਚ ਆਪਣਾ ਸਦੀਵੀ ਟਿਕਾਣਾ ਜਾਂ ਨਿਜ ਘਰ ਦਿਸਣ ਲਗ ਜਾਂਦਾ ਹੈ ਅਤੇ ਉਸ ਦੇ ਅੰਦਰ ਇਸ ਸਦੀਵੀ ਘਰ ਵਿਚ ਵਿਚਰਣ ਦਾ ਉਤਸ਼ਾਹ ਤੇ ਲਾਲਸਾ ਵਧਦੀ ਜਾਂਦੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਕਤ ਮਹਾਂਵਾਕ ਅੰਦਰ ਨਾਮ ਅਭਿਆਸ ਦੀ ਇਸ ਉਚ ਅਵਸਥਾ ਵਲ ਇਸ਼ਾਰਾ ਹੈ, ਜਿਸ ਅਵਸਥਾ ਵਿਚ ਵਿਚਰਨ ਵਾਲਾ, ਜਦ ਜੀਅ ਚਾਹੇ ਛਿੰਨ ਭਰ ਦੀ ਇਕਾਗਰਤਾ ਨਾਲ ਆਪਣੇ ਵਾਹਿਗੁਰੂ (ਧੁਰ ਮਰਕਜ਼) ਤਕ ਆਪਣੀ ਸੁਰਤ ਨੂੰ ਲੈ ਜਾ





ਕੇ ਅਭੇਦਤਾ ਪ੍ਰਾਪਤ ਕਰਦਾ ਹੈ। ਐਸਾ ਸਿਮਰਨ ਅਭਿਆਸੀ ਇਹ ਵੀ ਕਰ ਸਕਦਾ ਹੈ ਕਿ ਜਦ ਚਾਹੇ ਛਿੰਨ ਭਰ ਵਿਚ ਆਤਮਕ ਨਿਜ ਘਰ ਵਿਚ ਪਹੁੰਚ ਕੇ ਫੇਰ ਇੰਦਰੀਆਂ ਦੇ ਜੀਵਨ ਜਾਂ ਦ੍ਰਿਸ਼ਟਮਾਨ ਰਚਨਾ ਵਲ ਕਦੀ ਮੁੜੇ ਹੀ ਨਾ ਤੇ ਉਥੇ ਹੀ ਆਪਣੇ ਪਰਮ ਤੱਤ, ਪਰਮਆਤਮਾ, ਆਪਣੇ ਕਰਤਾਰ ਵਿਚ ਲੀਨ ਹੋ ਜਾਵੇ।

ਇਸ ਲਈ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਕਤ ਮਹਾਂਵਾਕ ਦਾ ਇਹ ਭਾਵ ਨਹੀਂ ਕਿ ਸਿਮਰਨ ਹਰ ਵੇਲੇ ਸ੍ਵਾਸ ਸ੍ਵਾਸ ਕਰਨ ਦੀ ਲੋੜ ਨਹੀਂ, ਸਗੋਂ ਹਜ਼ੂਰ ਦਾ ਇਸ਼ਾਰਾ ਸਿਮਰਨ ਦੀ ਉਚੀ ਅਵਸਥਾ ਵਲ ਹੈ, ਜਿਹੜੀ ਅਵਸਥਾ ਸ੍ਵਾਸ ਸ੍ਵਾਸ ਨਾਮ ਜਪਣ ਨਾਲ ਹੀ ਕਿਸੇ ਵੇਲੇ ਜਾ ਕੇ ਪੈਦਾ ਹੁੰਦੀ ਹੈ। ਇਸ ਅਵਸਥਾ ਵਿਚ ਇਕ ਛਿਨ ਦਾ ਸਿਮਰਨ, ਗੁਰਸਿਖ ਨੂੰ ਅਭੇਦਤਾ ਤੇ ਮੁਕਤੀ ਦਾ ਦਰਜਾ ਬਖਸ਼ਦਾ ਹੈ।

## ਮਨ

ਸਵਾਲ - ਅੰਤਹਕਰਣ, ਮਨ, ਚਿਤ, ਬੁਧ ਤੇ ਅਹੰਕਾਰ ਕੀ ਹਨ ਅਤੇ ਇਨ੍ਹਾਂ ਦਾ ਜੀਵ ਆਤਮਾ ਤੇ ਸਰੀਰ ਨਾਲ ਕੀ ਸਬੰਧ ਹੈ?

ਜਵਾਬ - ਮਨ ਦਾ ਅਰਥ ਹੈ, ਸਾਰੀਆਂ ਦਿਮਾਗੀ ਤਾਕਤਾਂ, ਗਿਆਨ ਸ਼ਕਤੀਆਂ, ਸੰਕਲਪ, ਵਿਕਲਪ, ਸਮਝ, ਬੂਝ, ਸਿਆਣਪ, ਹਿਰਸ, ਇੱਛਾ, ਵਿਚਾਰ, ਅੰਤਹਕਰਣ ਆਦਿਕ ਸਾਰੇ ਮਨ ਵਿਚ ਆ ਜਾਂਦੇ ਹਨ।

ਮਨ ਅਸਲ ਵਿਚ ਆਤਮਾ ਤੇ ਇੰਦਰੀਆਂ ਦੇ ਵਿਚਕਾਰ ਇਕ ਚੇਤਨ ਸਤਯਾ ਦਾ ਰੂਪ ਜਿਹਾ ਹੈ। ਇਕ ਬਿਰਤੀ ਹੈ, ਜਿਸ ਦਵਾਰਾ ਗਿਆਨ ਇੰਦਰੀਆਂ ਦੇ ਵਸੀਲੇ ਪ੍ਰਤੀਤ ਹੋਣ ਵਾਲੇ ਪਦਾਰਥ, ਆਤਮਾ ਉਤੇ ਪ੍ਰਤੀਤੀ ਦਾ ਅਸਰ ਕਰਦੇ ਹਨ ਜਾਂ ਗਿਆਨ ਪਾਉਂਦੇ ਹਨ। ਇਸ ਤਰ੍ਹਾਂ ਮਨ ਆਤਮਾ ਤੋਂ ਵਖਰਾ ਪ੍ਰਤੀਤ ਹੋਂਦਾ ਹੈ। ਯਥਾ (ਜਿਸ ਤਰ੍ਹਾਂ ਕਿ) 'ਸੁੰਦਰ ਪੁਰਖ ਬਿਰਾਜਤ ਪੇਖ ਮਨ ਬੇਚਲਾ।' ਭਾਵ, ਜਦ ਆਤਮਾ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਹੋਈ ਤਾਂ ਮਨ ਪਿਛੇ ਰਹਿ ਗਿਆ। ਤਥਾ (ਇਸੇ ਤਰ੍ਹਾਂ) ਮਨ ਦੇ ਰਾਮ ਲੀਆ ਹੈ ਮੋਲਿ। ਦੇਣ ਵਾਲਾ ਆਤਮਾ, ਜੋ ਦਿਤਾ ਗਿਆ ਸੋ ਮਨ, ਜੋ ਲੀਤਾ ਸੋ ਰਾਮ। ਯਥਾ - (ਏਸੇ ਤਰ੍ਹਾਂ) 'ਮਨ

ਕਾ ਜੀਉ ਪਵਨ ਪਤਿ ੇਹੀ, ਦੇਹੀ ਮਹਿ ਦੇਉ ਸਮਾਗਾ।'

(ਜੀਉ ਤੋਂ ਮੁਰਾਦ ਸਰੂਪ ਜਾਂ ਆਸਰੇ ਦੀ ਹੈ। ਪਵਨ ਤੋਂ ਮੁਰਾਦ ਪ੍ਰਾਣ ਤੇ ਪ੍ਰਾਣਾਂ ਵਾਲੇ ਸਰੀਰ ਦੀ ਹੈ। ਦੇਹੀ - ਦੇਹ ਵਾਲਾ - ਆਤਮਾ।)

ਅਰਥਾਤ ਮਨ ਦਾ ਆਸਰਾ ਪ੍ਰਾਣ ਹੈ (ਤੇ ਮਨ ਦਾ) ਮਾਲਕ ਆਤਮਾ ਹੈ ਤੇ ਆਤਮਾ ਵਿਚ ਸਮਾਅ ਰਿਹਾ ਹੈ ਪ੍ਰਮਾਤਮਾ, ਸੋ ਤਰਤੀਬ ਦੇਈਏ ਤਾਂ ਐਉਂ ਹੈ -

ਪ੍ਰਾਣਾ (ਵਾਲਾ ਸਰੀਰ), ਮਨ, ਆਤਮਾ, ਪ੍ਰਮਾਤਮਾ ਤਥਾ - 'ਮਨੁ ਜੋਗੀ ਮਨੁ ਭੋਗੀਆ ਮਨ ਮੂਰਖ ਗਾਵਾਰ। ਮਨ ਦਾਤਾ ਮਨ ਮੰਗਤਾ ਮਨ ਸਿਰਿ ਗੁਰ ਕਰਤਾਰ। ਜਦ ਮਨ ਪ੍ਰਮਾਤਮਾ ਵਿਚ ਲਿਵ ਦੁਆਰਾ ਲਗ ਜਾਵੇ ਤਾਂ ਮਨ ਜੋਗੀ ਹੈ, ਜਦ ਇੰਦਰੀਆਂ ਦੁਆਰਾ ਭੋਗਾਂ ਵਿਚ ਲੱਗੇ ਤਾਂ ਭੋਗੀ ਹੈ, ਅਰਥਾਤ ਮਨ ਦੇ ਇਕ ਪਾਸੇ ਪ੍ਰਮਾਤਮਾ ਹੈ ਤੇ ਇਕ ਪਾਸੇ ਇੰਦਰੇ ਤੇ ਇੰਦਰੀਆਂ ਦੇ ਭੋਗ ਹਨ।

(੨) ਇਉਂ ਮਨ ਆਤਮਾ ਤੋਂ ਅੱਗੇ ਆਤਮਾ ਦਾ ਇਕ ਮਾਨੋ ਮੁਨੀਮ (ਗੁਮਾਸ਼ਤਾ) ਹੈ, ਜਿਸ ਦੀ ਚੇਤਨ ਸੱਤਾ ਆਤਮਾ ਤੋਂ ਹੀ ਆਉਂਦੀ ਹੈ। ਦੂਜੇ ਪਾਸੇ - ਮਨ ਗਿਆਨ ਇੰਦਰਿਆਂ ਦੁਆਰਾ ਦਿਸਦੇ ਜਗਤ ਦੇ ਗਿਆਨ ਨੂੰ ਆਪਣੇ ਵਿਚ ਲੈਂਦਾ ਹੈ, ਇਨ੍ਹਾਂ ਵਲ ਖਿੱਚ ਪਾਂਦਾ ਹੈ, ਪਦਾਰਥਾਂ ਤੇ ਭੋਗਾਂ ਵਲ ਰੁਖ ਰਖਦਾ ਹੈ। ਇਨ੍ਹਾਂ ਦੇ ਹਾਣ ਤੋਂ ਦੁਖੀ, ਪ੍ਰਾਪਤੀ ਤੋਂ ਸੁਖੀ ਹੁੰਦਾ ਹੈ। ਜੇਕਰ ਇਹ ਇਨ੍ਹਾਂ ਤੋਂ ਵੈਰਾਗ ਕਰੇ ਅਰ ਅਭਿਆਸ ਨਾਲ ਇੰਦਰਿਆਂ ਤੋਂ ਆਪੇ ਨੂੰ ਉਚਾ ਕਰੇ ਤਾਂ ਮਾਨੋ ਇਸ ਦਾ ਟਿਕਾਓ ਹੈ, ਯਾ ਇਕ ਤਰ੍ਹਾਂ ਅਭਾਵ ਹੈ ਤੇ ਸੁਧ ਚੇਤਨ ਸੱਤਾ ਦਮਕਦੀ ਹੈ। ਮਨ ਜਦ ਐਉਂ ਆਪੇ ਨੂੰ ਉਚਾ ਕਰੇ ਤਦ ਇਸ ਪੂਰਨ ਨਿਰੁੱਧ ਅਵਸਥਾ ਵਿਚ ਮਨ ਨੂੰ ਹੀ ਜੋਤ ਸਰੂਪ ਆਖਿਆ ਹੈ।

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਪੰਨਾ - 441*

ਅਰਥਾਤ ਤ੍ਰਿਸ਼ਨਾ ਤੋਂ ਛੁਟ ਕੇ ਲਿਵ ਦੁਆਰਾ ਆਪੇ ਵਿਚ ਆਇਆ ਮਨ ਫਿਰ ਨਿਰੀ ਚੇਤਨਤਾ ਹੈ, ਜੋ ਜਯੋਤ ਸਰੂਪ ਹੈ।

(੩) ਮਨ ਵਿਚ ਇੱਛਾ ਸ਼ਕਤੀ ਹੈ। ਯਥਾ - (ਜਿਸ ਤਰ੍ਹਾਂ ਕਿ) 'ਮਨ ਇਛਿਅੜਾ ਫਲ' ਜੀਵਨ ਦੀ ਆਤਮਕ ਖੇਡ ਵੇਖ ਕੇ ਵਿਗਸਦਾ ਹੈ।





ਆਤਮ ਸਾਇੰਸ ਦੇ ਵਿਦਿਆਰਥੀ ਦਾ ਕਿਸੇ ਦਿਨ ਇਸ ਆਤਮਕ ਦੁਨੀਆਂ (ਜੋ ਕਿ ਇਥੇ ਹੀ, ਇਸ ਦੁਨੀਆਂ ਅੰਦਰ ਹੈ) ਦਾ ਵਸਨੀਕ ਬਣ ਕੇ ਜੀਵਨ ਦਾ ਅਸਲ ਅਨੰਦ ਮਾਣਨਾ ਹੀ ਆਦਰਸ਼ ਹੈ। ਆਤਮ ਸਾਇੰਸ ਦਾ ਵਿਦਿਆਰਥੀ ਉਸ ਦਿਨ ਅਸਲ ਅਰਥਾਂ ਵਿਚ ਆਪਣੇ ਆਪ ਨੂੰ, ਸ੍ਰੀ ਰਵਿਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਦੀਆਂ ਖੁਸ਼ੀਆਂ ਦਾ ਪਾਤਰ ਸਮਝ ਸਕਦਾ ਹੈ, ਜਦ ਗੁਰਮਤਿ ਦੇ ਵਿਗਿਆਨਕ ਨਿਸਚਿਆਂ ਅਨੁਸਾਰ ਜੀਵਨ ਬਤੀਤ ਕਰਦਾ ਹੋਇਆ, ਸਿਮਰਨ ਅਭਿਆਸ ਦੀ ਕਮਾਈ ਕਰਕੇ, ਆਪਣੇ ਮਨ ਨੂੰ ਹਉਮੈ ਦੇ ਦੁਖ (ਗਲਤ ਨਿਸਚਿਆਂ ਅਨੁਸਾਰ ਜੀਵਨ ਬਤੀਤ ਕਰਨ) ਤੋਂ ਛੁਟਕਾਰਾ ਦਿਵਾ ਕੇ ਆਪਣੇ ਅੰਦਰਲੇ ਆਤਮਕ ਬੇਗਮਪੁਰੇ ਦਾ ਸਦਾ ਲਈ ਵਸਨੀਕ ਬਣ ਜਾਵੇ।

# ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।

ਰਾਗਾਂ ਦੇ ਲਿਹਾਜ਼ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਸ੍ਰੀ ਰਾਗ ਤੋਂ ਸ਼ੁਰੂ ਹੁੰਦੇ ਹਨ। ਸ੍ਰੀ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਸਭ ਤੋਂ ਪਹਿਲਾ ਰਾਗ ਹੈ। ਇਸ ਰਾਗ ਦਾ ਸਭ ਤੋਂ ਪਹਿਲਾ ਸ਼ਬਦ ਸ੍ਰੀ ਗੁਰੂ ਨਾਨਕ ਸਾਹਿਬ ਦਾ ਹੈ। ਇਸ ਸ਼ਬਦ ਵਿਚ ਸਿੱਖ ਨੂੰ ਕੁਝ ਬੜੀਆਂ ਹੀ ਜ਼ਰੂਰੀ ਗੱਲਾਂ ਦੱਸੀਆਂ ਹਨ। ਇਸ ਸ਼ਬਦ ਵਿਚ ਸਿੱਖ ਨੂੰ ਕੁਝ ਹਦਾਇਤਾਂ ਦੇ ਕੇ ਜ਼ਿਆਦਾ ਖਬਰਦਾਰ ਰਹਿਣ ਲਈ ਤਾਕੀਦ ਕੀਤੀ ਹੈ। ਇਹ ਸ਼ਬਦ ਸਮਝਣਾ ਜ਼ਰੂਰੀ ਹੈ।

ਜਿਵੇਂ ਸਫਰ ਸ਼ੁਰੂ ਕਰਨ ਤੋਂ ਪਹਿਲਾਂ ਮੁਸਾਫਰ ਨੂੰ ਦੱਸਿਆ ਜਾਂਦਾ ਹੈ ਕਿ ਸਫਰ ਵਿਚ ਤੈਨੂੰ ਬੜੀਆਂ ਤਕਲੀਫਾਂ ਆ ਸਕਦੀਆਂ ਹਨ, ਚੋਰ ਡਾਕੂ ਤੈਨੂੰ ਲੁੱਟ ਸਕਦੇ ਹਨ, ਪਰ ਜੇਕਰ ਤੂੰ ਸਫਰ ਹੁਸ਼ਿਆਰੀ ਨਾਲ ਕੀਤਾ, ਜੇਕਰ ਤੇਰੇ ਕੋਲ ਸਫਰ ਨੂੰ ਕਾਮਯਾਬੀ ਨਾਲ ਤਹਿ ਕਰਨ ਦੀਆਂ ਸਭ ਜ਼ਰੂਰੀ ਚੀਜ਼ਾਂ ਮੌਜੂਦ ਹੋਈਆਂ ਤਾਂ ਇਕ ਦਿਨ ਤੂੰ ਆਪਣੇ ਟਿਕਾਣੇ ਤੇ, ਆਪਣੇ ਨਿਸ਼ਾਨੇ ਤੇ ਜ਼ਰੂਰ ਪਹੁੰਚ ਜਾਵੇਂਗਾ, ਇਸੇ ਤਰ੍ਹਾਂ ਇਸ ਸ਼ਬਦ ਵਿਚ ਸਿਖ ਨੂੰ ਆਤਮਕ ਮਾਰਗ ਤੇ ਤੁਰਨ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਐਸੀਆਂ ਹਦਾਇਤਾਂ ਦਿੰਦੇ ਹਨ ਅਤੇ ਐਸੀਆਂ ਲੋੜੀਂਦੀਆਂ ਚੀਜ਼ਾਂ ਦਾ ਜ਼ਿਕਰ ਕਰਦੇ ਹਨ ਜਿਨ੍ਹਾਂ ਕਰਕੇ ਸਿਖ ਇਕ ਦਿਨ ਆਤਮ ਮਾਰਗ ਤੇ ਸਫਲਤਾ ਨਾਲ ਸਫਰ ਕਰਦਾ ਆਪਣੇ ਕਰਤਾਰ ਦੇ ਚਰਨਾਂ ਤਕ ਬਗੈਰ ਕਿਸੇ ਹਾਦਸੇ ਦੇ, ਬਗੈਰ ਕਿਸੇ ਰੁਕਾਵਟ ਦੇ ਪਹੁੰਚ ਸਕੇ।

ਇਸ ਸ਼ਬਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਨੂੰ ਦਸਦੇ ਹਨ ਕਿ ਸੰਸਾਰ ਯਾਤਰਾ ਨੂੰ ਸਫਲਤਾ ਨਾਲ ਸੰਪੂਰਨ ਕਰਨ ਵਾਸਤੇ ਵਾਹਿਗੁਰੂ ਜੀ ਨੂੰ ਆਪਣੇ ਅੰਗ ਸੰਗ, ਆਪਣਾ ਰਾਖਾ ਤੇ ਸਹਾਰਾ, ਆਪਣਾ ਮਿਤਰ, ਸ਼ੁਭ ਚਿੰਤਕ ਅਤੇ ਰਹਿਨੁਮਾ ਸਮਝਣਾ ਅਤਿ ਜ਼ਰੂਰੀ ਹੈ। ਜੀਵਨ ਸਫਰ ਦੀ ਸਫਲਤਾ ਦਾ ਸਭ ਤੋਂ ਪਹਿਲਾ, ਸਭ ਤੋਂ ਵੱਡਾ ਤੇ ਸਭ ਤੋਂ ਜ਼ਰੂਰੀ





ਭੇਦ ਇਹੀ ਹੈ। ਸ੍ਰੀ ਗੁਰੂ ਜੀ ਆਪਣੇ ਇਸ ਨਿਸਚੇ ਦੀ ਦ੍ਰਿੜ੍ਹਤਾ ਤੇ ਪਕਿਆਈ ਇਨ੍ਹਾਂ ਸ਼ਬਦਾਂ ਵਿਚ ਦਸਦੇ ਹਨ।

*ਹਰਿ ਬਿਨੁ ਜੀਉ ਜਲਿ ਬਲਿ ਜਾਉ॥*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥ ਪੰਨਾ - 14*

ਗੁਰੂ ਜੀ ਦਸਦੇ ਹਨ ਕਿ ਸੰਸਾਰ ਸਫਰ ਨੂੰ ਵਾਹਿਗੁਰੂ ਦੇ ਆਸਰੇ ਬਗੈਰ ਤੈਅ ਕਰਨ ਦਾ ਖਿਆਲ ਹੀ ਗਲਤ ਤੇ ਖਤਰਿਆਂ ਨਾਲ ਭਰਿਆ ਹੋਇਆ ਹੈ। ਇਸ ਨਾਲੋਂ ਚੰਗਾ ਹੈ ਕਿ ਜੀਵ ਵਜੂਦ ਵਿਚ ਹੀ ਨਾ ਆਵੇ ਤੇ ਸੰਸਾਰ ਸਫਰ ਅਰੰਭ ਹੀ ਨਾ ਕਰੇ, ਪਰ ਜੇ ਕਰੇ ਤਾਂ ਆਪਣੇ ਕਰਤਾਰ ਦੇ ਆਸਰੇ ਉਤੇ ਕਰੇ।

ਗੁਰੂ ਜੀ ਇਸ ਸ਼ਬਦ ਵਿਚ ਸਿੱਖ ਨੂੰ ਇਹ ਦਸਦੇ ਹਨ ਕਿ ਜੇਕਰ ਵਾਹਿਗੁਰੂ ਜੀ ਦੇ ਆਸਰੇ, ਵਾਹਿਗੁਰੂ ਜੀ ਤੇ ਭਰੋਸਾ ਰੱਖ ਕੇ, ਵਾਹਿਗੁਰੂ ਜੀ ਦੀ ਯਾਦ ਨੂੰ ਸਦਾ ਹਿਰਦੇ ਵਿਚ ਰਖਦਿਆਂ ਹੋਇਆਂ ਜੀਵਨ ਸਫਰ ਜਾਂ ਸੰਸਾਰ ਯਾਤਰਾ ਕੀਤੀ ਜਾਵੇ ਤਾਂ ਜੀਵ ਦੇ ਮਨ ਵਿਚ ਜਿਸ ਪ੍ਰਕਾਰ ਦੀ ਇਛਿਆ ਹੋਵੇਗੀ ਵਾਹਿਗੁਰੂ ਜੀ ਉਸ ਦੀ ਓਹੀ ਇਛਿਆ ਪੂਰਨ ਕਰਨਗੇ।

ਸਮਝਣ ਤੇ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਜਗਤ ਵਾਹਿਗੁਰੂ ਜੀ ਤੋਂ ਉਤਪੰਨ ਹੋਣ ਕਰਕੇ ਵਾਹਿਗੁਰੂ ਰੂਪ ਹੈ। ਵਾਹਿਗੁਰੂ ਜੀ ਆਤਮਾ ਹਨ, ਰੂਹ ਹਨ, ਇਸ ਲਈ ਜਗਤ ਰਚਨਾ ਖਿਆਲੀ (Mental) ਹੈ ਅਤੇ ਇਹ ਉਸ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਦਾ ਰਾਤ ਨੂੰ ਸਾਨੂੰ ਸੁਪਨਾ ਆਉਂਦਾ ਹੈ। ਜਗਤ ਰਚਨਾ ਹੂ-ਬ-ਹੂ ਸੁਪਨੇ ਦੀ ਨਿਆਈਂ ਹੈ।

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥ ਪੰਨਾ - 808*

ਇਸ ਕਰਕੇ ਜੀਵਨ ਦੀ ਜੋ ਵੀ ਅੰਤਰੀਵ ਇਛਿਆ ਹੋਵੇ, ਉਸ ਨੂੰ ਆਮ ਕਰਕੇ ਉਸ ਤਰ੍ਹਾਂ ਦੀ ਜਗਤ ਰਚਨਾ ਦਿਖਾਈ ਦਿੰਦੀ ਜਾਂ ਭਾਸਦੀ ਹੈ, ਪਰ ਜੋ ਜੀਵ ਵਾਹਿਗੁਰੂ ਦਾ ਨਾਮ ਜਪੇ, ਵਾਹਿਗੁਰੂ ਤੇ ਭਰੋਸਾ ਰੱਖੇ। ਵਾਹਿਗੁਰੂ ਜੀ ਦੀ ਅਪਾਰ ਸ਼ਕਤੀ ਉਸ ਦੀ ਮਨੋਕਾਮਨਾ ਸੋਲ੍ਹਾਂ ਆਨੇ ਪੂਰੀਆਂ ਕਰਦੀ ਹੈ ਅਤੇ ਉਸ ਦੀ ਦੁਨੀਆਂ ਵਿਚ ਐਸੇ ਕਾਰਣ ਆਣ ਕੇ ਪੈਦਾ ਹੁੰਦੇ ਹਨ ਜਿਨ੍ਹਾਂ ਕਰਕੇ ਉਸ ਦੀ ਦਿਲੀ ਮੁਰਾਦ ਪੂਰੀ ਹੋ ਕੇ ਉਸ ਦੇ ਸਾਮ੍ਹਣੇ ਆਣ ਖਲੋਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਰਾਗ 'ਸਿਰੀ ਰਾਗ' ਦੇ ਪਹਿਲੇ ਹੀ ਸ਼ਬਦ ਵਿਚ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦਸਦੇ ਹਨ ਕਿ ਨਾਮ ਨੂੰ ਜਿਸ ਭਾਵਨੀ ਨਾਲ ਜੋ ਜਪੇਗਾ, ਉਸ ਦੀ ਉਹੋ ਭਾਵਨੀ ਜਗਤ ਵਿਚ ਸਾਖਸ਼ਾਤ ਰੂਪ ਧਾਰ ਕੇ ਉਸ ਦੇ ਸਾਮ੍ਹਣੇ ਆਵੇਗੀ। ਜੇਕਰ ਮਨੁੱਖ ਚਾਹੇਗਾ ਕਿ ਉਸ ਦੇ ਵੱਡੇ ਵੱਡੇ ਆਲੀਸ਼ਾਨ ਮਹੱਲ ਹੋਣ ਅਤੇ ਉਹ ਡਾਹਢੇ ਹੀ ਕੀਮਤੀ ਸਾਮਾਨ ਨਾਲ ਸਜੇ ਹੋਣ ਅਤੇ ਉਨ੍ਹਾਂ ਮਹੱਲਾਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਸੁਗੰਧੀਆਂ ਆਵਣ ਅਤੇ ਨਿਸ਼ਚੇ ਨਾਲ ਪ੍ਰਭੂ ਦਾ ਨਾਮ ਜਪੇਗਾ, ਤਾਂ ਉਸ ਨੂੰ ਇਹ ਸਭ ਕੁਝ ਮਿਲੇਗਾ।

ਫਿਰ ਗੁਰੂ ਸਾਹਿਬ ਆਖਦੇ ਹਨ ਕਿ ਜੋ ਜੀਵ ਇਸ ਭਾਵਨੀ ਨਾਲ ਨਾਮ ਜਪੇਗਾ ਕਿ ਉਸ ਦੇ ਰਹਿਣ ਲਈ ਆਲੀਸ਼ਾਨ ਮਹੱਲ ਹੋਵੇ ਅਤੇ ਉਸ ਮਹੱਲ ਵਿਚ ਬੜੀ ਸੁੰਦਰ, ਸੁਘੜ ਤੇ ਵਫਾਦਾਰ ਇਸਤ੍ਰੀ ਹੋਵੇ ਅਤੇ ਉਹ ਬੜੇ ਪ੍ਰੇਮ ਦਾ ਜੀਵਨ ਬਤੀਤ ਕਰੇ ਤਾਂ ਨਾਮ ਦਾ ਇਹ ਪ੍ਰਤਾਪ ਹੈ ਕਿ ਉਸ ਨੂੰ ਇਹੋ ਕੁਝ ਮਿਲੇਗਾ।

ਜੇਕਰ ਜੀਵ ਵਾਹਿਗੁਰੂ ਦਾ ਨਾਮ ਇਸ ਇਛਿਆ ਨੂੰ ਧਾਰ ਕੇ ਜਪੇਗਾ ਕਿ ਉਸ ਨੂੰ ਬੜੀਆਂ ਬੜੀਆਂ ਆਤਮਕ ਸ਼ਕਤੀਆਂ ਹਾਸਲ ਹੋ ਜਾਣ ਅਤੇ ਜੇ ਉਹ ਚਾਹੇ ਤਾਂ ਸਰੀਰ ਸਮੇਤ ਲੋਕਾਂ ਦੀਆਂ ਨਜ਼ਰਾਂ ਵਿਚੋਂ ਗਾਇਬ ਹੋ ਜਾਵੇ ਅਤੇ ਲੋਕੀਂ ਉਸ ਤੋਂ ਬੜਾ ਡਰਨ ਅਤੇ ਇੱਜ਼ਤ ਕਰਨ ਤਾਂ ਐਸਾ ਹੀ ਹੋਵੇਗਾ।

ਅਖੀਰ ਵਿਚ ਉਕਤ ਸ਼ਬਦ ਅੰਦਰ ਗੁਰੂ ਗ੍ਰੰਥ ਸਾਹਿਬ ਦਸਦੇ ਹਨ ਕਿ ਜੇਕਰ ਕੋਈ ਨਾਮ ਨੂੰ ਇਹ ਇਛਿਆ ਧਾਰ ਕੇ ਜਪੇਗਾ ਕਿ ਉਹ ਪਾਤਸ਼ਾਹ ਹੋ ਜਾਵੇ ਅਤੇ ਐਸਾ ਜ਼ਬਰਦਸਤ ਪਾਤਸ਼ਾਹ ਹੋਵੇ ਕਿ ਦੁਨੀਆਂ ਉਸ ਦੇ ਹੁਕਮ ਅੱਗੇ ਕੁਸਕ ਨਾ ਸਕੇ ਉਸ ਦੇ ਪਾਸ ਬੜੇ ਲਸ਼ਕਰ ਫੌਜਾਂ ਹੋਣ, ਬੜੇ ਸਿਆਣੇ ਅਹਿਲਕਾਰ ਹੋਣ ਤਾਂ ਐਸੇ ਹੀ ਹੋਵੇਗਾ। ਨਾਮ ਦੇ ਪ੍ਰਤਾਪ ਦੇ ਸਾਮ੍ਹਣੇ ਕੋਈ ਐਸੀ ਘਟਨਾ ਨਹੀਂ, ਜੋ ਜ਼ਹੂਰ ਵਿਚ ਨਾ ਆਵੇ। ਨਾਮ ਸਰਬ ਇੱਛਾ ਪੂਰਕ ਹੈ।

ਪਰ ਇਹ ਉਕਤ ਸਾਰੀਆਂ ਕਰਾਮਾਤਾਂ ਨਾਮ ਦੇ ਜਪਣ ਤੋਂ ਹਾਸਲ ਤਾਂ ਹੋ ਜਾਂਦੀਆਂ ਹਨ ਪਰ ਕਾਇਮ ਤਦ ਹੀ ਰਹਿੰਦੀਆਂ ਹਨ ਜੇ ਇਨ੍ਹਾਂ ਨੂੰ ਹਾਸਲ ਕਰਕੇ ਵੀ ਨਾਮ ਜਪਣਾ ਨਾ ਛੱਡਿਆ ਜਾਵੇ। ਉਚੇ ਤੇ





ਆਲੀਸ਼ਾਨ ਮਹੱਲਾਂ ਵਿਚ ਸੁੰਦਰ ਬਾਗ ਪਰਿਵਾਰ ਪ੍ਰਾਪਤ ਕਰਕੇ ਜੇ ਨਾਮ ਜਪਦਾ ਰਹੇ ਤਾਂ ਉਸ ਦਾ ਇਹ ਸੁਪਨਾ ਦੇਰ ਤਕ ਕਾਇਮ ਰਹੇਗਾ। ਜੇ ਆਤਮਕ ਸ਼ਕਤੀਆਂ ਨਾਮ ਦੇ ਆਸਰੇ ਪ੍ਰਾਪਤ ਹੋਣ ਜਾਂ ਰਾਜ ਹਕੂਮਤ ਨਾਮ ਦੇ ਆਸਰੇ ਹਾਸਲ ਹੋਵੇ ਤਾਂ ਕਾਇਮ ਤਦ ਹੀ ਰਹੇਗੀ ਜੇਕਰ ਨਾਮ ਨਾ ਵਿਸਰੇ, ਨਾਮ ਅਭਿਆਸ ਨਾ ਭੁੱਲੇ। ਦੁਨੀਆਂ ਵਿਚ ਜੀਵ ਜੋ ਚਾਹੇ, ਨਾਮ ਦੇ ਆਸਰੇ ਕਰ ਸਕਦਾ ਹੈ ਪਰ ਜੇ ਆਪਣੀ ਮੁਰਾਦ ਪੂਰੀ ਹੋਣ ਉਤੇ ਨਾਮ ਭੁੱਲ ਜਾਵੇ, ਪ੍ਰਭੂ ਦੀ ਆਰਾਧਣਾ ਛੱਡ ਦੇਵੇ ਤਾਂ ਸਭ ਕੁਝ ਖੁਸ ਜਾਵੇਗਾ ਜਾਂ ਦੁਖਦਾਈ ਹੋ ਜਾਵੇਗਾ। ਇਸ ਸ਼ਬਦ ਵਿਚ ਹਜ਼ੂਰ ਇਹ ਵੀ ਦਸਦੇ ਹਨ ਕਿ ਦੁਨੀਆਂ ਦੇ ਸਭ ਸੁਖ ਭਾਵੇਂ ਕਿਤਨੇ ਚੰਗੇ ਹੋਣ, ਨਾਮ ਜਾਪ ਦੇ ਆਪਣੇ ਰਸ ਅਤੇ ਨਾਮੀ ਨਾਲ ਅਭੇਦਤਾ ਤੋਂ ਜੋ ਮਹਾਂਰਸ ਉਪਜਦਾ ਹੈ, ਉਸ ਦੇ ਸਾਮ੍ਹਣੇ ਸਭ ਰਸ ਹੇਚ ਹਨ। ਇਸ ਕਰਕੇ ਗੁਰਸਿਖ ਨੂੰ ਨਾਮ ਜਪਦੇ ਹੋਏ, ਸੰਸਾਰ ਦੇ ਸੁਖਾਂ ਵਿਚੋਂ ਲੰਘਦੇ ਹੋਏ, ਨੇਕੀ ਤੇ ਸੇਵਾ ਦਾ ਜੀਵਨ ਬਤੀਤ ਕਰਦੇ ਹੋਏ ਆਪਣਾ ਆਖੀਰੀ ਨਿਸ਼ਾਨਾ, ਮਹਿਲ ਮਾੜੀਆਂ, ਸੁੰਦਰ ਇਸਤ੍ਰੀ, ਆਤਮਕ ਤਾਕਤਾਂ ਜਾਂ ਰਾਜ ਹਕੂਮਤ ਨਹੀਂ ਰਖਣਾ ਚਾਹੀਦਾ। ਗੁਰਸਿਖ ਨਾਮ ਅਭਿਆਸੀ ਦਾ ਜਗਤ ਯਾਤਰਾ ਕਰਦੇ ਹੋਏ ਆਖਰੀ ਨਿਸ਼ਾਨਾ ਵਾਹਿਗੁਰੂ ਦੀ ਪ੍ਰਾਪਤੀ, ਵਾਹਿਗੁਰੂ ਦਾ ਰੂਪ ਹੋਣਾ ਅਤੇ ਵਾਹਿਗੁਰੂ ਜੀ ਨਾਲ ਅਭੇਦਤਾ ਹੈ ਅਤੇ ਇਸ ਵੱਡੇ ਨਿਸ਼ਾਨੇ ਨੂੰ ਸਦਾ ਅੱਖਾਂ ਅੱਗੇ ਰੱਖ ਕੇ ਨਾਮ ਜਪਣਾ ਚਾਹੀਦਾ ਹੈ। ਨਾਮ ਜਪਦਿਆਂ ਜੋ ਸੁਖ ਮਿਲਣ, ਉਨ੍ਹਾਂ ਨੂੰ ਸ਼ੁਕਰ ਕਰਕੇ ਭੋਗਦਾ ਚਲਾ ਜਾਵੇ ਅਤੇ ਅਖੀਰ ਨਾਮ ਦੇ ਜ਼ਰੀਏ ਨਾਮੀ ਵਿਚ ਲੀਨ ਹੋ ਜਾਵੇ।

*ਸਿਰੀ ਰਾਗੁ ਮਹਲਾ ੧*
*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੧॥*
*ਹਰਿ ਬਿਨੁ ਜੀਉ ਜਲਿ ਬਲਿ ਜਾਉ॥*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥ਰਹਾਉ॥*
*ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥*
*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥*

*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥*
*ਸਿਧੁ ਹੋਵਾ ਸਿਧਿ ਲਾਈ ਗਿਧਿ ਆਖਾ ਆਉ ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਮਤਿ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥*
*ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥*
*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*

*ਪੰਨਾ - 14*





# ਦੁਖ ਵਿਚਿ ਸੁਖ ਮਨਾਈ

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ ॥*
*ਜੇ ਭੁਖ ਦੇਹਿ ਤਾ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ ॥* *ਪੰਨਾ - 757*

ਦੁਖ ਵਿਚ ਸੁਖ ਮਨਾ ਸਕਣਾ ਇਕ ਹੁਨਰ ਹੈ, ਇਕ ਜੀਵਨ ਜਾਚ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਨੂੰ ਸਮਝ ਕੇ ਕਮਾਣ ਵਾਲੇ ਪੁਰਸ਼ ਨੂੰ ਆਪੇ ਹੀ ਆ ਜਾਂਦੀ ਹੈ। ਗੁਰਸਿਖ ਦੁਖ ਵਿਚ ਸੁਖ ਪਿਛੇ ਮਨਾਂਦੇ ਰਹੇ ਹਨ ਅਤੇ ਅੱਗੇ ਨੂੰ ਸਦਾ ਮਨਾਂਦੇ ਰਹਿਣਗੇ। ਜਦ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ੍ਰਿਸ਼ਟੀ ਉਤੇ ਉਪਦੇਸ਼ ਕਾਇਮ ਹੈ ਤਦ ਤਕ ਇਸ ਉਪਦੇਸ਼ ਨੂੰ ਸਮਝ ਕੇ ਕਮਾਉਣ ਵਾਲੇ ਭੀ ਕਾਇਮ ਰਹਿਣਗੇ ਅਤੇ ਦੁਖ ਵਿਚ ਸੁਖ ਮਨਾਣ ਦੀ ਖੇਡ ਜਾਰੀ ਰਹੇਗੀ।

ਦੁਖ ਵਿਚ ਸੁਖ ਮਨਾਣ ਦੇ ਗੁਰਮਤਿ ਅੰਦਰ ਤਿੰਨ ਤਰੀਕੇ ਹਨ ਅਤੇ ਆਪਣੀ ਆਪਣੀ ਆਤਮਕ ਅਵਸਥਾ ਅਨੁਸਾਰ ਗੁਰਸਿਖ ਇਨ੍ਹਾਂ ਤਿੰਨਾਂ ਤਰੀਕਿਆਂ ਵਿਚੋਂ ਕਿਸੇ ਨੂੰ ਵਰਤ ਕੇ ਦੁਖ ਵਿਚ ਸੁਖ ਮਨਾ ਸਕਦਾ ਹੈ।

ਪਹਿਲੀ ਅਵਸਥਾ ਦਾ ਗੁਰਸਿਖ ਜਗਤ ਅੰਦਰ ਬਦੀ ਦੀ ਹਸਤੀ ਨੂੰ ਮੰਨਦਾ ਤਾਂ ਹੈ ਪਰ ਇਸ ਦੀ ਹੋਂਦ ਨੂੰ ਕੇਵਲ ਜੀਵ ਦੇ ਸੁਧਾਰ ਲਈ ਅਤੇ ਜੀਵ ਦੀ ਪਰਖ ਲਈ ਮੰਨਦਾ ਹੈ। ਉਹ ਦੁਖ ਤਕਲੀਫਾਂ, ਮੁਸੀਬਤਾਂ, ਪ੍ਰੇਸ਼ਾਨੀ ਵਾਹਿਗੁਰੂ ਜੀ ਤੋਂ ਬੇਮੁਖ ਹੋਣ ਦਾ ਨਤੀਜਾ ਸਮਝਦਾ ਹੈ ਅਤੇ ਇਨ੍ਹਾਂ ਨੂੰ ਆਪਣੀਆਂ ਗਲਤੀਆਂ, ਕਮਜ਼ੋਰੀਆਂ, ਆਪਣੇ ਪਾਪਾਂ ਦੀ ਸਜ਼ਾ ਮੰਨਦਾ ਹੈ ਤੇ ਗਲਤੀਆਂ ਵਿਚਾਰਦਾ, ਉਨ੍ਹਾਂ ਤੋਂ ਅੱਗੋਂ ਲਈ ਛੁਟਕਾਰਾ ਪਾਣ ਦਾ ਪੱਕਾ ਇਰਾਦਾ ਧਾਰਦਾ ਹੈ ਅਤੇ ਵਾਹਿਗੁਰੂ ਪਾਸੋਂ ਇਸ ਇਰਾਦੇ ਵਿਚ ਕਾਮਯਾਬ ਹੋਣ ਦੀ ਸ਼ਕਤੀ ਮੰਗਦਾ ਹੈ।

ਇਨਸਾਨ ਦੇ ਸੁਧਾਰ ਲਈ, ਇਨਸਾਨ ਦੀ ਤਰੱਕੀ ਲਈ ਅਤੇ

ਇਨਸਾਨ ਦੀ ਆਤਮਕ ਸ਼ਕਤੀ ਦੀ ਪਰਖ ਲਈ (ਦੁਖ, ਪਾਪ, ਬੀਮਾਰੀ ਅਤੇ ਮੌਤ) ਦੀ ਹਸਤੀ ਨੂੰ ਜ਼ਰੂਰੀ ਸਮਝਣ ਵਾਲਾ ਗੁਰਸਿਖ ਬਦੀ ਨੂੰ ਮਾੜਾ ਨਹੀਂ ਆਖਦਾ ਸਗੋਂ ਆਪਣੀ ਆਤਮਕ ਤਰੱਕੀ ਲਈ ਇਸ ਨੂੰ ਵਾਹਿਗੁਰੂ ਜੀ ਵਲੋਂ ਭੇਜੀ ਗਈ ਇਕ ਦਾਤ ਮੰਨਦਾ ਹੈ।

*ਦੁਖੁ ਦਾਰੂ ਸੁਖੁ ਰੋਗੁ ਭਇਆ*
*ਜਾ ਸੁਖੁ ਤਾਮਿ ਨ ਹੋਈ॥* ਪੰਨਾ - 469

*ਕੇਤਿਆ ਦੂਖ ਭੂਖ ਸਦ ਮਾਰ॥*
*ਏਹਿ ਭਿ ਦਾਤਿ ਤੇਰੀ ਦਾਤਾਰ॥* ਪੰਨਾ - 5

ਜਦ ਗੁਰਸਿਖ ਦੀ ਗੁਰਬਾਣੀ ਸਬੰਧੀ ਸੂਝ ਵਧੇ ਅਤੇ ਸਿਮਰਨ ਦਵਾਰਾ ਅੰਦਰਲੀ ਆਤਮਕ ਅਵਸਥਾ ਉਚੇਰੀ ਹੋ ਜਾਵੇ ਤਾਂ ਉਹ ਆਪਣੇ ਅੰਦਰ ਬਿਰਾਜਣ ਵਾਲੀ ਮਹਾਨ ਚੇਤਨ ਸ਼ਕਤੀ (ਵਾਹਿਗੁਰੂ ਜੀ) ਵਿਚ ਬਦੀ ਨੂੰ ਕਿਤੇ ਦੇਖਦਾ ਹੀ ਨਹੀਂ। ਉਸ ਨੂੰ ਵਾਹਿਗੁਰੂ ਜੀ ਅਤੇ ਬਦੀ ਦੋ ਐਸੀਆਂ ਵਿਰੋਧੀ ਹਸਤੀਆ ਨਜ਼ਰ ਆਉਂਦੀਆ ਹਨ ਜੋ ਕਦੀ ਇਕੱਠੀਆਂ ਰਹਿ ਹੀ ਨਹੀਂ ਸਕਦੀਆਂ। ਐਸਾ ਗੁਰਸਿਖ ਬਦੀ ਤੋਂ ਸਦਾ ਲਈ ਛੁਟਕਾਰਾ ਪਾਣ ਵਾਸਤੇ ਵਾਹਿਗੁਰੂ ਜੀ ਨੂੰ ਆਪਣੇ ਮਨ ਵਿਚ ਵਸਾਂਦਾ ਹੈ।

ਜਿਸ ਮਨ ਵਿਚ, ਜਿਸ ਹਿਰਦੇ ਵਿਚ ਵਾਹਿਗੁਰੂ ਜੀ ਦੀ ਯਾਦ ਵਸੇ, ਉਸ ਹਿਰਦੇ ਵਿਚ ਜਾਂ ਮਨ ਵਿਚ ਵਾਹਿਗੁਰੂ ਜੀ ਦੀਆ ਸਿਫਤਾਂ (ਸੁਖ, ਸ਼ਾਂਤੀ, ਨਿਰਵੈਰਤਾ, ਪ੍ਰੇਮ, ਦਯਾ, ਸਦੀਵੀ ਜੀਵਨ ਆਦਿ) ਵਸਣ ਲਗ ਜਾਂਦੀਆਂ ਹਨ ਕਿਉਂਕਿ ਇਨਸਾਨੀ ਮਨ ਵਿਚ ਦੋ ਖਿਆਲ ਇਕੋ ਵੇਰੀ ਨਹੀਂ ਟਿਕ ਸਕਦੇ, ਇਸ ਕਰਕੇ ਜਿਸ ਹਿਰਦੇ ਵਿਚ ਵਾਹਿਗੁਰੂ ਜੀ ਦੇ ਗੁਣ ਨਿਵਾਸ ਕਰਨ, ਉਸ ਹਿਰਦੇ ਵਿਚ ਬਦੀ ਅਤੇ ਬਦੀ ਦੇ ਖਿਆਲਾਂ ਦੇ ਟਿਕਣ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਜਿਸ ਗੁਰਸਿਖ ਦੇ ਹਿਰਦੇ ਵਿਚ ਬਦੀ ਦਾ ਖਿਆਲ ਤਕ ਨਾ ਰਹੇ, ਉਸ ਗੁਰਸਿਖ ਦੀ ਦੁਨੀਆਂ ਵਿਚੋਂ ਪਾਪ, ਗਲਤੀਆਂ ਤੇ ਭੁੱਲਾਂ ਅਲੋਪ ਹੋ ਜਾਂਦੀਆ ਅਤੇ ਜਦ ਪਾਪ ਤੇ ਭੁੱਲਾਂ ਹੀ ਨਾ ਰਹਿਣ ਤਾਂ ਉਨ੍ਹਾਂ ਦੀ ਸਜ਼ਾ ਜਾਂ ਉਨ੍ਹਾਂ ਨੂੰ ਸੁਧਾਰਨ ਦੀ ਜ਼ਰੂਰਤ ਹੀ ਨਹੀਂ ਰਹਿੰਦੀ।





ਕਿਉਂਕਿ ਐਸੇ ਗੁਰਸਿਖ ਦੇ ਮਨ ਵਿਚ ਵਾਹਿਗੁਰੂ ਜੀ ਅਤੇ ਉਨ੍ਹਾਂ ਦੇ ਗੁਣ ਪ੍ਰਵੇਸ਼ ਕਰਦੇ ਹਨ, ਇਸ ਕਰਕੇ ਉਸ ਗੁਰਸਿਖ ਦੀ ਦੁਨੀਆਂ ਜਿਥੇ ਦੁਖਾਂ ਤੋਂ ਸਖਣੀ ਹੋ ਜਾਂਦੀ ਹੈ, ਉਥੇ ਸੁਖਾਂ ਥੀਂ ਭਰਪੂਰ ਵੀ ਹੋ ਜਾਂਦੀ ਹੈ।

*ਤਨੁ ਮਨੁ ਸੀਤਲੁ ਜਪਿ ਨਾਮੁ ਤੇਰਾ॥*
*ਹਰਿ ਹਰਿ ਜਪਤ ਢਹੈ ਦੁਖ ਡੇਰਾ॥* ਪੰਨਾ - 386

*ਦੂਖ ਦਰਦੁ ਭਰਮੁ ਭਉ ਨਸਿਆ॥*
*ਕਰਣਹਾਰੁ ਨਾਨਕ ਮਨਿ ਬਸਿਆ॥* ਪੰਨਾ - 189

*ਤਾਪ ਪਾਪ ਸੰਤਾਪ ਬਿਨਾਸੇ॥*
*ਹਰਿ ਸਿਮਰਤ ਕਿਲਵਿਖ ਸਭਿ ਨਾਸੇ॥* ਪੰਨਾ - 806

*ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ॥*
*ਦੂਤਹ ਦਹਨੁ ਭਇਆ ਗੋਵਿੰਦੁ ਪ੍ਰਗਟਾਇਆ॥* ਪੰਨਾ - 460

ਐਸਾ ਗੁਰਸਿਖ, ਇਸੇ ਦੁਨੀਆਂ ਵਿਚ ਜਿਥੇ ਕਿ ਅਗਿਆਨੀ ਪੁਰਸ਼ ਗਲਤੀਆਂ ਜਾਂ ਪਾਪ ਕਰਕੇ ਅਨੇਕ ਪ੍ਰਕਾਰ ਦੇ ਦੁਖ ਭੋਗਦੇ ਹਨ, ਆਪਣੇ ਜੀਵਨ ਨੂੰ ਦੁਖਾਂ ਤੋਂ ਆਜ਼ਾਦ ਤੇ ਸੁਖਾਂ ਨੂੰ ਭਰਪੂਰ ਦੇਖਦਾ ਹੈ।

ਇਸ ਤੋਂ ਅਗਲੀ ਆਤਮਕ ਉਚਾਈ ਉਤੇ ਜਦ ਗੁਰਸਿਖ ਦੀ ਸੁਰਤ ਚੜ੍ਹੇ, ਤਾਂ ਉਸ ਨੂੰ ਆਪਣੇ ਅੰਦਰ ਤੇ ਬਾਹਰ ਹਰ ਪਾਸੇ ਸਿਵਾਏ ਵਾਹਿਗੁਰੂ ਜੀ ਦੇ ਹੋਰ ਕੁਝ ਦਿਸਦਾ ਹੀ ਨਹੀਂ। ਵਾਹਿਗੁਰੂ ਜੀ ਹਰ ਚੀਜ਼ ਵਿਚ ਤੇ ਹਰ ਪਾਸੇ ਦਿਸਣ ਨਾਲ ਬਦੀ ਕਿਸੇ ਥਾਂ ਤੇ ਵੀ ਨਜ਼ਰ ਨਹੀਂ ਆਉਂਦੀ। ਉਹ ਜਦ ਦੁਸ਼ਮਣ ਵਿਚ ਵਾਹਿਗੁਰੂ ਜੀ ਨੂੰ ਤੱਕਦਾ ਹੈ ਤਾਂ ਉਸ ਦਾ ਦੁਸ਼ਮਣ ਭਾਵ, ਮਿੱਤਰ ਭਾਵ ਵਿਚ ਬਦਲ ਜਾਂਦਾ ਹੈ। ਉਸ ਲਈ ਦੁਸ਼ਮਣ ਰਹਿੰਦਾ ਹੀ ਕੋਈ ਨਹੀਂ। ਜਦ ਉਹ ਕਿਸੇ ਬੀਮਾਰ ਵਲ ਤੱਕਦਾ ਹੈ ਤਾਂ ਉਸ ਨੂੰ ਬੀਮਾਰ ਵਿਚ ਸਿਵਾਏ ਵਾਹਿਗੁਰੂ ਜੀ ਦੇ ਹੋਰ ਕੁਝ ਨਹੀਂ ਦਿਸਦਾ। ਜਦ ਉਹ ਬੀਮਾਰ ਵਿਚ ਬੀਮਾਰੀ ਦੀ ਥਾਂ ਵਾਹਿਗੁਰੂ ਜੀ ਨੂੰ ਦੇਖਦਾ ਹੈ ਤਾਂ ਬੀਮਾਰ ਰਾਜ਼ੀ ਹੋ ਕੇ ਉਸ ਨੂੰ ਤੰਦਰੁਸਤ ਸ਼ਕਲ ਵਿਚ ਨਜ਼ਰ ਆਉਂਦਾ ਹੈ। ਜਦ ਉਹ ਕਿਸੇ ਚੋਰ ਜਾਂ ਠੱਗ ਵਲ ਤੱਕਦਾ ਹੈ ਤਾਂ ਉਥੇ ਵੀ ਉਸ ਦੀ ਸਾਧੀ ਹੋਈ ਨਜ਼ਰ ਨੂੰ ਵਾਹਿਗੁਰੂ ਹੀ ਵਾਹਿਗੁਰੂ

ਨਜ਼ਰ ਆਉਂਦਾ ਹੈ। ਉਸਦਾ ਚੋਰ ਜਾਂ ਠੱਗ ਵਿਚ ਵਾਹਿਗੁਰੂ ਜੀ ਤੋਂ ਸਿਵਾ ਹੋਰ ਕੁਝ ਨਾ ਵੇਖਣਾ ਹੀ ਠੱਗ ਜਾਂ ਚੋਰ ਵਿਚੋਂ ਠੱਗੀ ਤੇ ਚੋਰੀ ਦੀ ਬੁਰਿਆਈ ਨੂੰ ਦੂਰ ਕਰ ਦੇਂਦਾ ਹੈ।

ਇਸ ਉਚੀ ਆਤਮਕ ਅਵਸਥਾ ਦੇ ਗੁਰਮੁਖ ਦੀ ਨਜ਼ਰ ਜਾਂ ਤੱਕਣੀ ਵਿਚ ਐਸੀ ਸ਼ਕਤੀ ਆ ਜਾਂਦੀ ਹੈ ਕਿ ਹਰ ਥਾਂ, ਹਰ ਪਾਸੇ ਉਸ ਦੀ ਦ੍ਰਿਸ਼ਟੀ ਵਾਹਿਗੁਰੂ ਜੀ ਨੂੰ ਗੁਪਤ ਤੋਂ ਪ੍ਰਗਟ ਰੂਪ ਵਿਚ ਲੈ ਆਉਂਦੀ ਹੈ। ਉਸ ਨੂੰ ਜਦ ਸੱਪ ਵਿਚ ਜ਼ਹਿਰ ਦੀ ਥਾਂ ਅਕਾਲ ਪੁਰਖ ਦਿਸਦਾ ਹ ਤਾਂ ਸੱਪ ਨੂੰ ਵੀ ਉਸ ਗੁਰਮੁਖ ਵਿਚ ਦੁਸ਼ਮਣ ਦੀ ਥਾਂ ਆਪਣਾ ਮਿੱਤਰ ਭਾਸਣ ਲਗ ਜਾਂਦਾ ਹੈ। ਇਸ ਅਵਸਥਾ ਦਾ ਗੁਰਸਿਖ ਅਸਲ ਅਰਥਾਂ ਵਿਚ ਬਦੀ ਨੂੰ ਜਿਤਦਾ ਹੈ। ਉਹ ਹੁਣ ਉਸ ਬੇਗਮਪੁਰੇ ਵਿਚ ਰਹਿੰਦਾ ਹੈ, ਜਿਥੇ ਪਾਪ, ਦੁਖ, ਬੀਮਾਰੀ ਤੇ ਮੌਤ ਦਾ ਨਾਮ ਨਹੀਂ, ਨਿਸ਼ਾਨ ਨਹੀਂ, ਜਿਥੇ ਸਭ ਮਿੱਤਰ ਅਤੇ ਆਪਣਾ ਰੂਪ ਨਜ਼ਰ ਆਉਂਦੇ ਹਨ, ਜਿਥੇ 'ਆਪੇ ਆਪ' ਤੋਂ ਸਿਵਾ ਹੋਰ ਕੁਝ ਨਹੀਂ।

*ਨਾਨਕ ਕਾ ਪ੍ਰਭੁ ਆਪੇ ਆਪਿ॥*





# ਗੁਰ ਕਾ ਗ੍ਰਿਹਿ

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥*
*ਗੁਰ ਕੀ ਆਗਿਆ ਮਨ ਮਹਿ ਸਹੈ॥* *ਪੰਨਾ - 286*

*ਮਨੁ ਬੇਚੈ ਸਤਿਗੁਰ ਕੈ ਪਾਸਿ॥*
*ਤਿਸ ਸੇਵਕ ਕੇ ਕਾਰਜ ਰਾਸਿ॥* *ਪੰਨਾ - 286*

ਕਿਹੜਾ ਹੈ ਗੁਰਸਿਖ, ਜੋ ਆਪਣੇ ਕਾਰਜ ਰਾਸ ਨਹੀਂ ਕਰਵਾਣਾ ਚਾਹੁੰਦਾ? ਕਿਹੜਾ ਗੁਰਸਿਖ ਹੈ, ਜੋ ਇਸ ਦੁਨੀਆਂ ਵਿਚ ਪੂਰਨ ਸੁਖੀ ਨਹੀਂ ਹੋਣਾ ਚਾਹੁੰਦਾ ਅਤੇ ਅਗਲੀ ਦੁਨੀਆਂ ਵਿਚ ਪੂਰਨ ਸੁਖੀ ਹੋਣ ਦੇ ਯੋਗ ਨਹੀਂ ਬਣਨਾ ਚਾਹੁੰਦਾ? ਏਥੇ ਅਤੇ ਅੱਗੇ, ਹੁਣ ਸਦਾ ਸੁਖੀ ਰਹਿਣ ਦੀ ਕਿਸ ਦੇ ਹਿਰਦੇ ਵਿਚ ਚਾਹ ਨਹੀਂ? ਕਿਸ ਦਿਲ ਵਿਚ ਤੜਪ ਨਹੀਂ।

ਸ੍ਰੀ ਗੁਰੂ ਅਰਜਨ ਦੇਵ ਜੀ, ਸਰਬ ਕਾਰਜ ਰਾਸ ਕਰਾਣ, ਏਥੇ ਸੁਖੀ ਤੇ ਅੱਗੇ ਸੁਹੇਲੇ ਹੋਣ ਵਾਸਤੇ, ਉਕਤ ਉਪਦੇਸ਼ ਵਿਚ, ਇਕ ਕਰੜੀ ਤੇ ਡਾਢੀ ਜ਼ਰੂਰੀ ਸ਼ਰਤ ਪੇਸ਼ ਕਰਦੇ ਹਨ। ਉਹ ਸ਼ਰਤ ਹੈ ਸਿਖ ਲਈ ਆਪਣਾ ਮਨ ਆਪਣੇ ਗੁਰੂ ਅੱਗੇ ਵੇਚ ਸੁਟਣਾ।

ਸਿੱਖ ਆਪਣਾ ਮਨ ਸਤਿਗੁਰੂ ਪਾਸ ਉਦੋਂ ਵੇਚਦਾ ਹੈ, ਜਦੋਂ ਆਪਣੇ ਮਨ ਦੇ ਸਾਰੇ ਨਿਸਚੇ ਤੇ ਰਾਵਾਂ ਗੁਰੂ ਦੇ ਅਰਪਣ ਕਰਕੇ, ਗੁਰੂ ਦੇ ਨਿਸਚੇ ਤੇ ਰਾਵਾਂ ਨੂੰ ਕਬੂਲ ਲਵੇ, ਅਪਣਾ ਲਵੇ ਗੁਰੂ ਉਪਦੇਸ਼ ਜਾਂ ਗੁਰੂ ਦੇ ਨਿਸਚਿਆਂ ਅਨੁਸਾਰ ਜੀਵਨ ਬਤੀਤ ਕਰੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥੇ ਤਾਂ ਅਸੀਂ ਰੋਜ਼ ਟੇਕਦੇ ਹਾਂ, ਪਰ ਮਨ ਮਤ ਜਾਂ ਮਨ ਦੇ ਨਿਸਚੇ ਗੁਰੂ ਦੇ ਅਰਪਣ ਨਹੀਂ ਕਰਦੇ ਅਤੇ ਨਾ ਹੀ ਗੁਰੂ ਦੇ ਨਿਸਚਿਆਂ ਨੂੰ ਅਮਲੀ ਤੌਰ ਤੇ ਕਬੂਲਦੇ ਜਾਂ ਅਪਣਾਂਦੇ ਹਾਂ। ਸਾਡੇ ਨਿਸਚੇ ਗੁਰਦਵਾਰੇ ਵਿਚ ਹੋਰ ਹੁੰਦੇ ਹਨ ਅਤੇ ਗੁਰਦਵਾਰੇ ਤੋਂ ਬਾਹਰ, ਦੁਕਾਨ ਉਤੇ, ਵਪਾਰ ਵਿਚ, ਦਫਤਰ ਵਿਚ ਬਿਲਕੁਲ ਹੋਰ ਹੁੰਦੇ ਹਨ, ਇਸੇ ਲਈ ਸਾਡੇ ਸਰਬ ਕਾਰਜ ਰਾਸ ਨਹੀਂ ਹੁੰਦੇ।

ਫੌਜ ਦੇ ਇਕ ਮੇਜਰ ਸਾਹਿਬ ਨੇ ਜਦ ਮੈਨੂੰ ਦੱਸਿਆ ਕਿ ਉਨ੍ਹਾਂ ਨੇ ਜਦ ਤੋ ਆਪਣੇ ਗਲਤ ਨਿਸਚਿਆਂ (ਮਨਮਤ) ਦਾ ਸ੍ਰੀ ਗੁਰੂ ਸਾਹਿਬ ਦੇ ਵਿਗਿਆਨਕ ਸੱਚੇ ਤੇ ਦਰੁਸਤ ਨਿਸਚਿਆਂ (ਗੁਰਮਤਿ) ਨਾਲ ਈਮਾਨਦਾਰੀ ਨਾਲ ਵਟਾਂਦਰਾ ਕੀਤਾ ਹੈ,ਉਸ ਦਿਨ ਤੋਂ ਉਨ੍ਹਾਂ ਦੀ ਦੁਨੀਆਂ ਬਦਲ ਗਈ ਹੈ। ਇਨ੍ਹਾਂ ਨੂੰ ਪਹਿਲੋਂ ਹਰ ਵੇਲੇ ਰੋਅਬ, ਹੰਕਾਰ ਤੇ ਗੁੱਸੇ ਵਿਚ ਰਹਿਣ ਦੀ ਆਦਤ ਸੀ, ਜਿਸ ਕਰਕੇ ਆਪ ਘਰ ਵਿਚ, ਦਫ਼ਤਰ ਵਿਚ ਅਤੇ ਸੁਸਾਇਟੀ ਵਿਚ ਸਦਾ ਔਖੇ ਰਹਿੰਦੇ ਸੀ। ਆਪਣੇ ਆਪ ਨੂੰ ਪਹਿਲੇ ਮੇਜਰ ਤੇ ਫੇਰ ਹੋਰ ਕੁਝ ਸਮਝਦੇ ਸੀ, ਪਰ ਹੁਣ ਜਦ ਤੋਂ ਆਪ 'ਆਤਮ-ਸਾਇੰਸ' ਲਹਿਰ ਦੇ ਮੈਂਬਰ ਬਣੇ ਹਨ, ਉਹ ਆਪਣੇ ਆਪ ਨੂੰ ਪਹਿਲੇ ਗੁਰੂ ਕਾ ਸਿਖ ਸਮਝਦੇ ਹਨ ਅਤੇ ਮਗਰੋਂ ਮੇਜਰ ਅਤੇ ਹੋਰ ਸਭ ਕੁਛ। ਆਖਣ ਲੱਗੇ, ਹੁਣ ਮੇਰੀ ਸੁਪਤਨੀ ਅਤੇ ਪਰਿਵਾਰ ਦੇ ਮੈਂਬਰ ਮੇਰੇ ਤੇ ਬੜੇ ਖੁਸ਼ ਰਹਿੰਦੇ ਹਨ ਅਤੇ ਇਹੋ ਹਾਲ ਨੌਕਰੀ ਤੇ ਸੁਸਾਇਟੀ ਵਿਚ ਹੈ। ਜਿਉਂ ਜਿਉਂ ਗੁੱਸਾ ਘਟਦਾ ਜਾ ਰਿਹਾ ਹੈ, ਤਿਉਂ ਤਿਉਂ ਮਨ ਦਾ ਚੈਨ ਤੇ ਆਲੇ-ਦੁਆਲੇ ਦੀ ਖੁਸ਼ੀ ਵਧਦੀ ਜਾ ਰਹੀ ਹੈ। ਕਿਉਂ? ਕਿਉਂਕਿ ਇਨ੍ਹਾਂ ਨੇ ਹੁਣ ਸੱਚੀਮੁਚੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ ਸ਼ੁਰੂ ਕਰ ਦਿਤਾ ਹੈ।

ਇਹ ਮੇਜਰ ਸਾਹਿਬ ਆਪਣੇ ਘਰ ਵਿਚ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਹਨ। ਮਹਾਰਾਜ ਦੀ ਖੁਦ ਸੇਵਾ ਕਰਦੇ ਹਨ। ਮਹਾਰਾਜ ਦੇ ਕਮਰੇ ਵਿਚ ਬੈਠ ਕੇ ਗੁਰਬਾਣੀ ਦੇ ਅਰਥਾਂ ਨੂੰ ਵਿਚਾਰਦੇ ਹਨ ਅਤੇ ਸਿਮਰਨ, ਨਾਮ ਅਭਿਆਸ ਕਰਦੇ ਹਨ। ਇਹ ਆਪਣੇ ਘਰ ਦਾ ਮਾਲਕ ਹੁਣ ਆਪਣੇ ਆਪ ਨੂੰ ਨਹੀਂ ਸਮਝਦੇ। ਇਨ੍ਹਾਂ ਦਾ ਦ੍ਰਿਸ਼ਟੀਕੋਣ ਹੁਣ ਉਕਾ ਬਦਲ ਚੁੱਕਿਆ ਹੈ। ਇਹ ਹੁਣ ਆਪਣੇ ਆਪ ਦਾ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਅਤੇ ਆਪ ਗੁਰੂ ਕੇ ਗ੍ਰਿਹਿ ਵਿਚ ਰਹਿੰਦੇ ਹਨ।

ਜਿਸ ਘਰ ਵਿਚ ਇਸ ਤਰ੍ਹਾਂ ਦੀ ਤਬਦੀਲੀ ਆ ਜਾਵੇ, ਉਸ ਦਾ ਵਾਯੂਮੰਡਲ, ਉਸ ਘਰ ਵਿਚ ਰਹਿਣ ਵਾਲਿਆਂ ਦਾ ਦ੍ਰਿਸ਼ਟੀਕੋਣ ਅਤੇ ਕਰਮ ਧਰਮ ਫਿਰ ਹੋਰ ਹੋ ਜਾਂਦੇ ਹਨ। ਉਸ ਘਰ ਵਿਚ ਰਹਿਣ ਵਾਲੇ ਫਿਰ ਰਸਮੀ ਤੌਰ ਉਤੇ ਗੁਰੂ ਮਹਾਰਾਜ ਦਾ ਦਰਸ਼ਨ ਤੇ ਪਾਠ ਨਹੀਂ ਕਰਦੇ।





ਉਸ ਘਰ ਦੇ ਸਾਰੇ ਫੈਸਲੇ, ਸਾਰੇ ਘਰ ਦੀ ਸਾਰੀ ਜੀਵਨ ਵਿਉਂਤ ਫਿਰ ਗੁਰਮਤਿ ਹੋ ਜਾਂਦੀ ਹੈ।

'ਗੁਰ ਕੀ ਆਗਿਆ ਮਨ ਮਹਿ ਸਹੈ' ਦਾ ਅਰਥ ਹੈ ਕਿ ਸਿਖ ਦੇ ਮਨ ਦੇ ਸਭ ਫੈਸਲੇ, ਸਭ ਕਰਮ, ਗੁਰਮਤਿ ਅਨੁਸਾਰ ਹੋਣ ਅਤੇ ਗੁਰਸਿਖ ਗੁਰਮਤਿ ਦੇ ਵਾਯੂਮੰਡਲ ਵਿਚ ਹਰ ਵੇਲੇ ਸਾਹ ਲਵੇ।

ਇਸ ਤਰ੍ਹਾਂ ਦਾ ਜੀਵਨ ਇਕ ਦਿਨ ਜਾਂ ਇਕ ਮਹੀਨੇ ਵਿਚ ਨਹੀਂ ਬਣ ਸਕਦਾ। 'ਆਤਮ-ਸਾਇੰਸ' ਦੇ ਮੈਂਬਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਘਰ ਦਾ ਮਾਲਕ ਬਣਾ ਕੇ, ਆਪ ਫਿਰ ਗੁਰੂ ਦੇ ਗ੍ਰਿਹਿ ਵਿਚ ਇਕ ਸੇਵਕ ਦੀ ਹੈਸੀਅਤ ਵਿਚ ਰਹਿਣ ਲਈ ਮਨ ਦੀ ਬਹੁਤ ਸਾਰੀ ਮਤ, ਮਨ ਦੇ ਅਨੇਕ ਗਲਤ ਨਿਸਚਿਆਂ ਨੂੰ ਤਿਆਗਣਾ ਹੋਵੇਗਾ। ਕਈ ਵਾਰੀ ਇਹ ਕਸ਼ਮਕਸ਼ ਇਕ ਘੋਰ ਯੁੱਧ ਦੀ ਸ਼ਕਲ ਅਖ਼ਤਿਆਰ ਕਰ ਜਾਂਦੀ ਹੈ, ਪਰ ਗੁਰਮਤਿ ਅਨੁਸਾਰ ਜੀਵਨ ਬਤੀਤ ਕਰ ਸਕਣਾ ਕੰਮ ਹੀ ਸੂਰਮਿਆਂ ਦਾ, ਸਿਰਲੱਥ ਗੁਰੂ ਦੇ ਪਿਆਰਿਆਂ ਦਾ ਹੈ। ਜੇਕਰ ਮਨ ਦੇ ਗਲਤ ਨਿਸਚਿਆਂ ਨਾਲ ਸੰਗਰਾਮ, ਗੁਰੂ ਦਾ ਆਸਰਾ ਲੈ ਕੇ ਅਤੇ ਗੁਰਮਤਿ ਦੀ ਅਗਵਾਈ ਵਿਚ ਕੀਤਾ ਜਾਵੇ ਤਾਂ ਸੌ ਫੀ ਸਦੀ ਜਿਤ ਗੁਰਸਿਖ ਦੀ ਹੀ ਹੁੰਦੀ ਹੈ। ਇਹ ਮਨ ਨਾਲ ਅੰਦਰਲਾ ਸੰਗਰਾਮ ਗੁਰਸਿਖ ਨੂੰ ਦ੍ਰਿਸ਼ਟਮਾਨ ਜਗਤ ਵਿਚ ਬੜੇ ਬੜੇ ਜ਼ਿੰਮੇਵਾਰੀ ਤੇ ਉਪਕਾਰ ਦੇ ਕੰਮਾਂ ਦੇ ਯੋਗ ਬਣਾ ਦੇਂਦਾ ਹੈ। ਉਸ ਦੀ ਅੰਦਰ ਦੀ ਦੁਨੀਆਂ ਵਿਚ ਉਸ ਦੇ ਗੁਰੂ ਉਪਦੇਸ਼ ਦੀ ਫਤਹਿ ਹੋਣ ਨਾਲ ਉਸ ਦੀ ਬਾਹਰ ਦੀ ਦੁਨੀਆਂ ਵਿਚ ਉਸ ਦੇ ਹਰ ਕਾਰਜ ਦੀ ਠੀਕ (ਰਾਸ) ਤੇ ਦਰੁਸਤ ਸ਼ਕਲ ਨਮੂਦਾਰ ਹੋ ਜਾਂਦੀ ਹੈ। ਉਸ ਦੇ ਫਿਰ ਲੂੰ ਲੂੰ ਵਿਚੋਂ ਧੁਨ ਉਪਜਦੀ ਹੈ -

*ਵਾਹਿਗੁਰੂ ਜੀ ਕਾ ਖਾਲਸਾ।*

*ਵਾਹਿਗੁਰੂ ਜੀ ਕੀ ਫਤਹਿ।*

# ਖੁਸ਼ ਰਹਿਣਾ

ਅਮਰੀਕਾ ਦੇ 'ਆਜ਼ਾਦੀ ਦੇ ਐਲਾਨ' (Declaration of Independence) ਵਿਚ ਇਹ ਲਿਖਿਆ ਹੈ ਕਿ ਖੁਸ਼ ਰਹਿਣਾ, ਇਨਸਾਨ ਦਾ ਜਮਾਂਦਰੂ ਹੱਕ ਹੈ। ਇਸ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਇਨਸਾਨ ਲਈ ਖੁਸ਼ ਰਹਿਣਾ ਕਿਤਨਾ ਜ਼ਰੂਰੀ ਤੇ ਕੁਦਰਤੀ ਹੈ। ਕੁਦਰਤ ਦਾ ਮਨਸ਼ਾ ਹੀ ਇਨਸਾਨ ਨੂੰ ਖੁਸ਼ ਬਨਾਣਾ ਹੈ।

ਪਰ ਕਿਉਂਕਿ ਇਸ ਗੱਲ ਉਤੇ ਮਤਭੇਦ ਹੈ ਕਿ 'ਖੁਸ਼ੀ' ਕੀ ਹੈ ਜਾਂ ਕਿਸ ਨੂੰ ਆਖਦੇ ਹਨ, ਇਸ ਲਈ ਖੁਸ਼ੀ ਰਹਿਣ ਦੇ ਤਰੀਕਿਆਂ ਬਾਰੇ ਵੀ ਮਤਭੇਦ ਹੋਣਾ ਹੋਇਆ। ਕਈ ਮਿੱਤਰ ਇਹ ਸਮਝਦੇ ਹਨ ਕਿ ਖੁਸ਼ ਰਹਿਣ ਦਾ ਮਤਲਬ ਕੇਵਲ ਸਰੀਰਕ ਰਸਾਂ ਤੇ ਖੁਸ਼ੀਆਂ ਦਾ ਭੋਗਣਾ ਹੀ ਹੈ। ਕਈ ਸਮਝਦੇ ਹਨ ਕਿ ਖਾਹਸ਼ਾਂ ਦਾ ਪੂਰਾ ਹੋਣਾ, ਸਰੀਰਕ ਸਿਹਤ ਤੇ ਇਨਸਾਨੀ ਪਿਆਰ ਵਿਚ ਹੀ ਖੁਸ਼ੀ ਹੈ, ਪਰ ਜਿਸ ਨੇ ਇਸ ਤਰੀਕੇ ਨਾਲ ਖੁਸ਼ ਹੋਣ ਨੂੰ ਹੀ ਆਪਣੀ ਖੁਸ਼ੀ ਸਮਝਿਆ ਹੈ, ਉਸ ਨੂੰ ਅਤਿ ਨਿਰਾਸਤਾ ਹੋਣੀ ਜ਼ਰੂਰੀ ਹੈ। ਕਦੇ ਨਾ ਕਦੇ ਉਸ ਨੂੰ ਆਪਣੀ ਗਲਤੀ ਜ਼ਰੂਰ ਮਹਿਸੂਸ ਹੋਵੇਗੀ। ਐਸੇ ਆਦਮੀ ਨੂੰ ਇਕ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਨਾਲ ਸਹਿਮਤ ਹੋਣਾ ਹੀ ਪਵੇਗਾ।

*ਗਉੜੀ ਮਹਲਾ ੧*
*ਚੋਆ ਚੰਦਨ ਅੰਕਿ ਚੜਾਵਉ।।*
*ਪਾਟ ਪਟੰਬਰ ਪਹਿਰਿ ਹਢਾਵਉ।।*
*ਬਿਨੁ ਹਰਿ ਨਾਮ ਕਹਾ ਸੁਖੁ ਪਾਵਉ।।*
*ਕਿਆ ਪਹਿਰਉ ਕਿਆ ਓਢਿ ਦਿਖਾਵਉ।।*
*ਬਿਨੁ ਜਗਦੀਸ ਕਹਾ ਸੁਖੁ ਪਾਵਉ।। ਰਹਾਉ।।*
*ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ।।*





*ਲਾਲ ਨਿਹਾਲੀ ਫੂਲ ਗੁਲਾਲਾ।।*
*ਬਿਨੁ ਜਗਦੀਸ ਕਹਾ ਸੁਖੁ ਭਾਲਾ।।*
*ਨੈਨ ਸਲੋਨੀ ਸੁੰਦਰ ਨਾਰੀ।।*
*ਖੋੜ ਸੀਗਾਰ ਕਰੈ ਅਤਿ ਪਿਆਰੀ।।*
*ਬਿਨੁ ਜਗਦੀਸ ਭਜੇ ਨਿਤ ਖੁਆਰੀ।।*
*ਦਰ ਘਰ ਮਹਲਾ ਸੇਜ ਸੁਖਾਲੀ।।*
*ਅਹਿਨਿਸਿ ਫੂਲ ਬਿਛਾਵੈ ਮਾਲੀ।।*
*ਬਿਨੁ ਹਰਿ ਨਾਮ ਸੁ ਦੇਹ ਦੁਖਾਲੀ।।*
*ਹੈਵਰ ਗੈਵਰ ਨੇਜੇ ਵਾਜੇ।।*
*ਲਸ਼ਕਰ ਨੇਬ ਖਵਾਸੀ ਪਾਜੇ।।*
*ਬਿਨੁ ਜਗਦੀਸ ਝੂਠੇ ਦਿਵਾਜੇ।।* *ਪੰਨਾ - 225*

ਉਕਤ ਗੁਰ ਉਪਦੇਸ਼ ਅਨੁਸਾਰ ਨਿਰੇ ਸਰੀਰਕ ਭੋਗਾਂ, ਮਹੱਲਾਂ ਦੀ ਰਿਹਾਇਸ਼, ਕਾਰਾਂ ਤੇ ਗੱਡੀਆਂ ਵਿਚ ਚੜ੍ਹਨ ਨਾਲ ਇਨਸਾਨ ਕਦੀ ਸੰਤੁਸ਼ਟ ਤੇ ਖੁਸ਼ੀ ਨਹੀਂ ਹੋ ਸਕੇਗਾ, ਜਦ ਤਕ ਕਿ ਇਨ੍ਹਾਂ ਦਾਤਾਂ ਦੇ ਦੇਣਹਾਰ ਦਾਤਾਰ ਨਾਲ ਮਨੁੱਖ ਦਾ ਪਿਆਰ ਨਾ ਪਵੇ ਅਤੇ ਉਸ ਦਾ ਗਿਆਨ ਪ੍ਰਾਪਤ ਕਰਕੇ ਉਸ ਦਾ ਨਾਮ ਨਾ ਜਪੇ।

ਉਕਤ ਗੁਰ ਉਪਦੇਸ਼ ਦਾ ਮਤਲਬ ਇਹ ਵੀ ਨਹੀਂ ਕਿ ਸਰੀਰਕ ਸੁਖ ਜਾਂ ਆਰਾਮ ਤਿਆਗ ਦੇਣ ਵਿਚ ਸੁਖ ਹੈ। ਸੁਖ ਤੇ ਖੁਸ਼ੀ, ਸੁਖਾਂ ਖੁਸ਼ੀਆਂ ਦੇ ਦੇਣ ਵਾਲੇ ਵਾਹਿਗੁਰੂ ਦੇ ਪਿਆਰ, ਉਸ ਦੀ ਯਾਦ ਅਤੇ ਉਸ ਸਬੰਧੀ ਵਾਕਫੀ ਜਾਂ ਗਿਆਨ ਵਿਚ ਹੈ।

ਖੁਸ਼ੀ ਰਹਿਣ ਦਾ ਗਲਤ ਮਤਲਬ ਬੜੇ ਭਿਆਨਕ ਭੁਲੇਖਿਆਂ ਵਿਚ ਪਾ ਦੇਂਦਾ ਹੈ ਅਤੇ ਇਨਸਾਨ ਦੀ ਆਤਮਕ ਤਰੱਕੀ ਵਿਚ ਰੋੜਾ ਬਣ ਜਾਂਦਾ ਹੈ। ਖੁਸ਼ੀ ਤੇ ਸੁਖ, ਸੁਖਾਂ ਖੁਸ਼ੀਆਂ ਦੇ ਤਿਆਗ ਵਿਚ ਨਹੀਂ, ਸਗੋਂ ਵਾਹਿਗੁਰੂ ਜਿਸ ਤੋਂ ਅਸੀਂ ਸਭ ਖੁਸ਼ੀਆਂ ਪ੍ਰਾਪਤ ਕਰਦੇ ਹਾਂ, ਉਸ ਦੇ ਗਿਆਨ ਅਤੇ ਉਸ ਦੀ ਪਿਆਰ ਭਰੀ ਯਾਦ ਵਿਚ ਹਨ। ਵਾਹਿਗੁਰੂ ਤੋਂ ਬਗੈਰ ਸੁਖ ਤੇ ਖੁਸ਼ੀਆਂ ਉਹ ਜੰਜ਼ੀਰਾਂ ਹਨ ਜੋ ਇਨਸਾਨ ਨੂੰ ਕਈ ਜਨਮ

ਆਜ਼ਾਦ ਨਹੀਂ ਹੋਣ ਦੇਂਦੀਆਂ। ਵਾਹਿਗੁਰੂ ਜੀ ਦੀ ਯਾਦ ਵਿਚ ਗੌਤਿਆ ਸਰੀਰ ਬੇਸ਼ੱਕ ਸਰੀਰਕ ਸੁਖ, ਸ਼ੁਕਰ ਸ਼ੁਕਰ ਕਰਦਾ ਭੋਗੇ, ਪਰ ਪਿਆਰ ਸੁਖਾਂ ਨਾਲ ਪਾਣ ਦੀ ਬਜਾਏ, ਸੁਖਾਂ ਦੇ ਦਾਤੇ ਸੁਖਾਂ ਦੇ ਸੋਮੇ ਨਾਲ ਪਾਏ।

*ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ॥*

*ਪੰਨਾ - 722*





# ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

ਗਰਮੀਆਂ ਦੀ ਰੁੱਤ ਵਿਚ ਜਦ ਵੀ ਅਤਿ ਦੀ ਗਰਮੀ ਪਵੇ, ਗੁਰਸਿੱਖਾਂ ਦਾ ਖਿਆਲ ਸੁਤੇ ਸਿਧ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵਲ ਜਾਂਦਾ ਹੈ। ਬਹੁਤ ਗੁਰਸਿੱਖ ਰੰਜ ਅਤੇ ਦਰਦ ਨਾਲ ਇਸ ਸਾਕੇ ਨੂੰ ਯਾਦ ਕਰਦੇ ਅਤੇ ਸਤਿਗੁਰੂ ਜੀ ਨਾਲ ਇਸ ਮੌਕੇ ਤੇ ਬੇਇਨਸਾਫੀ ਤੇ ਜ਼ੁਲਮ ਹੋਇਆ ਪ੍ਰਤੀਤ ਕਰਦੇ ਹਨ।

ਐਸੇ ਸਮੇਂ ਗੁਰਸਿੱਖਾਂ ਦੇ ਸਾਮ੍ਹਣੇ ਲਾਹੌਰ ਦੀ ਅਤਿ ਗਰਮੀ, ਉਸ ਗਰਮੀ ਵਿਚ ਅੱਗ ਦੀ ਭੱਠੀ, ਭੱਠੀ ਉਤੇ ਉਬਲਦੇ ਪਾਣੀ ਦੀ ਦੇਗ ਅਤੇ ਦੇਗ ਅੰਦਰ ਸੁਖਮਨੀ ਵਾਲੇ ਕੋਮਲ ਚਿੱਤ ਸਤਿਗੁਰੂ ਅਰਜਨ ਸਾਹਿਬ ਦਾ ਚੌਂਕੜੀ ਮਾਰੀ ਬੈਠੇ ਹੋਣਾ, ਇਕ ਫਿਲਮ ਦੀ ਤਰ੍ਹਾਂ ਅੱਖਾਂ ਅੱਗੇ ਆ ਜਾਂਦਾ ਹੈ। ਉਹ ਇਸ ਦ੍ਰਿਸ਼ ਨੂੰ ਨਾ ਸਹਾਰ ਸਕਦੇ ਹੋਏ, ਤ੍ਰਾਹ ਤ੍ਰਾਹ ਕਰਦੇ ਚੰਦੂ ਨੂੰ ਪਾਪੀ ਤੇ ਜਹਾਂਗੀਰ ਨੂੰ ਜ਼ਾਲਮ ਆਖ ਦੇਂਦੇ ਹਨ।

ਮੀਆਂ ਮੀਰ ਵਰਗੇ ਉਚੇ ਫਕੀਰ ਵੀ ਐਸੀ ਭਿਆਨਕ ਝਾਕੀ ਨੂੰ ਨਾ ਦੇਖ ਸਕੇ ਅਤੇ ਬਾਹਵਾਂ ਉਚੀਆਂ ਕਰਕੇ ਅੱਲਾ ਤਾਲਾ ਪਾਸੋਂ ਪੁਛ ਕੀਤੀ ਕਿ ਇਹ ਕਹਿਰ ਕਿਉਂ ਅਤੇ ਕਿਸ ਵਾਸਤੇ ਹੋਇਆ?

ਮੀਆਂ ਮੀਰ ਦੀ ਇਸ 'ਕਿਉਂ ਤੇ ਕਿਸ ਵਾਸਤੇ' ਦੀ ਪੁੱਛ ਅੰਦਰ ਅੱਜ ਵੀ ਬਹੁਤ ਲੋਕਾਂ ਦੀ ਪੁਛ ਸ਼ਾਮਲ ਹੈ ਅਤੇ ਸਦਾ ਇਸ ਪੁਛ ਜਾਂ ਸਵਾਲ ਦਾ ਜਵਾਬ ਚੰਦੂ, ਜਹਾਂਗੀਰ, ਭੱਠੀਆਂ ਦੀ ਅੱਗ, ਸੜਦਾ ਰੇਤਾ ਅਤੇ ਇਨ੍ਹਾਂ ਦੇ ਰਚਨਹਾਰ ਵਾਹਿਗੁਰੂ ਤੋਂ ਮੰਗਿਆ ਜਾਂਦਾ ਰਹੇਗਾ, ਪਰ ਇਹ ਸਾਰੇ ਕੀ ਕਰਨ, ਇਹ ਸਭ ਆਪੋ ਆਪਣੀ ਥਾਂ ਤੇ ਬੇਬਸ ਸਨ ਅਤੇ ਏਸੇ ਲਈ ਚੁੱਪ ਹਨ ਅਤੇ ਸਦਾ ਚੁੱਪ ਰਹਿਣਗੇ।

ਇਸ ਸਵਾਲ ਦਾ ਜਵਾਬ ਕੇਵਲ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਹੀ ਦੇ ਸਕਦੇ ਹਨ ਕਿਉਂਕਿ ਉਨ੍ਹਾਂ ਤੋਂ ਵੱਧ ਇਸ ਸ਼ਹੀਦੀ ਸਾਕੇ ਦੀ ਅਸਲੀਅਤ ਨੂੰ ਜਾਨਣ ਵਾਲਾ ਹੋਰ ਕੋਈ ਨਹੀਂ। ਇਸ ਸ਼ਹੀਦੀ ਸਾਕੇ ਦੀ ਫਿਲਮ ਵਿਚ ਸਭ ਤੋਂ ਵੱਡੇ ਅਦਾਕਾਰ (Chief Actor) ਗੁਰੂ ਅਰਜਨ

ਦੇਵ ਸਾਹਿਬ ਆਪ ਸਨ। ਆਓ, ਹਜ਼ੂਰ ਤੋਂ ਪੁੱਛੀਏ ਕਿ ਇਤਨਾ ਬੜਾ ਸਾਕਾ ਕਿਉਂ ਹੋਇਆ ਅਤੇ ਇਸ ਦਾ ਜ਼ਿੰਮੇਵਾਰ ਕੌਣ ਸੀ?

ਗੁਰੂ ਅਰਜਨ ਸਾਹਿਬ ਦਸਦੇ ਹਨ -

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥* ਪੰਨਾ - 70

*ਦੂਖੁ ਸੰਤਾਪੁ ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ॥*
ਪੰਨਾ - 44

*ਪਰਬਤ ਦੋਖ ਮਹਾ ਬਿਕਰਾਲਾ॥*
*ਖਿਨ ਮਹਿ ਦੂਰਿ ਕੀਏ ਦਇਆਲਾ॥*
*ਸੋਗ ਰੋਗ ਬਿਪਤਿ ਅਤਿ ਭਾਰੀ॥*
*ਦੂਰਿ ਭਈ ਜਪਿ ਨਾਮੁ ਮੁਰਾਰੀ॥* ਪੰਨਾ - 742

ਸ੍ਰੀ ਗੁਰੂ ਅਰਜਨ ਸਾਹਿਬ ਨੇ ਜਗਤ ਜਲੰਦੇ ਲਈ ਨਾਮ ਰੂਪੀ ਇਕ ਐਸੀ ਦਵਾਈ ਲੱਭੀ ਸੀ, ਜਿਸ ਦੀ ਵਰਤੋਂ ਸਾਰੇ ਜਗਤ ਦੇ ਜੀਵਾਂ ਨੂੰ ਦੁਖ, ਰੋਗ, ਸੰਤਾਪ ਤੋਂ ਬਚਾ ਸਕਦੀ ਸੀ। ਇਹ ਦਵਾਈ ਵੱਡੇ ਤੋਂ ਵੱਡੇ ਦੁਖ, ਵੱਡੀ ਤੋਂ ਵੱਡੀ ਬਿਪਤਾ ਅਤੇ ਵੱਡੀ ਤੋਂ ਵੱਡੀ ਔਕੜ ਦੇ ਸਮੇਂ ਵਰਤਿਆਂ ਨਾਮ ਅਭਿਆਸੀ ਨੂੰ ਅਰੋਗ ਤੇ ਚੜ੍ਹਦੀਆਂ ਕਲਾਂ ਵਿਚ ਰਖ ਕੇ ਦੁਖਾਂ, ਬਿਪਤਾਂ ਤੇ ਔਕੜਾਂ ਦਾ ਨਾਸ ਕਰ ਸਕਦੀ ਸੀ। ਨਾਮ ਦੀ ਦਵਾਈ ਵਿਚ ਏਥੋਂ ਤਕ ਸ਼ਕਤੀ ਸੀ ਕਿ ਨਾਮ ਅਭਿਆਸੀ ਦੇ ਸਾਮ੍ਹਣੇ ਮੌਤ ਵਰਗੇ ਬਲੀ ਸ਼ਤਰੂ ਦੀ ਵੀ ਪੇਸ਼ ਨਹੀਂ ਸੀ ਚਲਦੀ।

*ਪਾਰਬ੍ਰਹਮੁ ਜਪਿ ਪਹਿਰਿ ਸਨਾਹ॥*
*ਕੋਟਿ ਆਵਧ ਤਿਸੁ ਬੇਧਤ ਨਾਹਿ॥*
*ਹਰਿ ਚਰਨ ਸਰਣ ਗੜ ਕੋਟ ਹਮਾਰੈ॥*
*ਕਾਲੁ ਕੰਟਕੁ ਜਮੁ ਤਿਸੁ ਨ ਬਿਦਾਰੈ॥* ਪੰਨਾ - 742

ਭਾਵ - ਵਾਹਿਗੁਰੂ ਦੇ ਨਾਮ ਦਾ ਜਾਪ ਕਰ ਅਤੇ ਨਾਮ ਦਾ ਸਨਾਹ ਅਰਥਾਤ ਜ਼ੱਰਾ ਬਕਤਰ (ਲੋਹੇ ਦੀ ਵਰਦੀ) ਪਹਿਨ, ਕਿਉਂਕਿ ਇਸ





ਨੂੰ ਕਰੋੜਾਂ ਸ਼ਸਤਰ ਵੀ ਵਿੰਨ੍ਹ ਨਹੀਂ ਸਕਦੇ। ਸਰਬ-ਸ਼ਕਤੀਮਾਨ ਵਾਹਿਗੁਰੂ ਦੇ ਚਰਨਾਂ ਦਾ ਧਿਆਨ ਧਰ ਕੇ ਉਸ ਦਾ ਨਾਮ ਜਪ, ਕਿਉਂਕਿ ਇਸ ਤੋਂ ਵੱਡਾ ਤੇ ਪੱਕਾ ਕਿਲ੍ਹਾ (Place of safety) ਹੋਰ ਕੋਈ ਨਹੀਂ। ਇਸ ਕਿਲ੍ਹੇ ਨੂੰ ਜਮਦੂਤ (ਮੌਤ) ਵੀ ਨਹੀਂ ਚੀਰ ਜਾਂ ਵਿੰਨ੍ਹ ਸਕਦਾ।

ਨਾਮ ਦੀ ਸ਼ਕਤੀ ਬਾਬਤ ਗੁਰੂ ਅਰਜਨ ਸਾਹਿਬ ਫੇਰ ਦਸਦੇ ਹਨ ਕਿ ਬਲਦੀ ਅੱਗ ਵਿਚ ਨਾਮ ਦੀ ਦਵਾਈ ਸੀਤਲ ਤੇ ਸ਼ਾਂਤ ਰਖ ਸਕਦੀ ਹੈ ਅਤੇ ਸਖਤ ਗਰਮੀ ਦੇ ਸਮੇਂ ਨਾਮ ਦੀ ਦਵਾਈ ਸੀਤਲ ਤੇ ਸ਼ਾਂਤ ਰਖ ਸਕਦੀ ਹੈ ਅਤੇ ਸਖਤ ਸਰਦੀ ਦੇ ਸਮੇਂ ਨਾਮ ਦੀ ਦਵਾਈ ਨਿਘਿਆਂ ਤੇ ਗਰਮ ਰਖ ਸਕਦੀ ਹੈ।

*ਰਾਖਨਹਾਰੁ ਅਪਾਰੁ ਰਾਖੈ ਅਗਨਿ ਮਾਹਿ॥*
*ਸੀਤਲੁ ਹਰਿ ਹਰਿ ਨਾਮੁ ਸਿਮਰਤ ਤਪਤਿ ਜਾਇ॥*
ਪੰਨਾ - 398

*ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥*
ਪੰਨਾ - 134

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥*
ਪੰਨਾ - 135

ਜਿਸ ਮਹਾਂਪੁਰਸ਼ ਪਾਸ ਐਸੀ ਅਕਸੀਰ ਦਵਾਈ ਹੋਵੇ, ਜੋ ਦੁਖਾਂ, ਮੁਸੀਬਤਾਂ, ਮੁਸ਼ਕਲਾਂ ਦੇ ਸਮੇਂ ਇਨਸਾਨ ਨੂੰ ਅਡੋਲ ਰੱਖੇ, ਨਿਰਭੈ ਤੇ ਨਿਰਵੈਰ ਰੱਖੇ, ਸ਼ਾਂਤ ਤੇ ਸਹਿਜ ਰੱਖੇ, ਉਸ ਮਹਾਂਪੁਰਸ਼ ਲਈ ਉਸ ਦਵਾਈ ਨੂੰ ਤਜਰਬੇ ਦੀ ਕਸੌਟੀ ਤੇ ਲਾ ਕੇ, ਅਮਲ ਵਿਚ ਲਿਆ ਕੇ, ਦੁਨੀਆਂ ਦੇ ਦੁਖੀ ਤੇ ਸਹਿਮੇ ਹੋਏ ਲੋਕਾਂ ਨੂੰ ਉਸ ਦਵਾਈ ਦੇ ਚਮਤਕਾਰ ਦਿਖਾਣੇ ਬੜੇ ਲਾਜ਼ਮੀ ਬਣ ਜਾਂਦੇ ਹਨ।

ਭਾਰਤ ਵਿਚ ਨਾਮ ਦੀ ਮਹਿਮਾ ਤਾਂ ਗੁਰੂ ਸਾਹਿਬਾਨ ਤੋਂ ਪਹਿਲੇ ਵੀ ਧਰਮ ਗ੍ਰੰਥਾਂ ਵਿਚ ਮੌਜੂਦ ਸੀ, ਪਰ ਅੱਜ ਤੱਕ ਕਿਸੇ ਮਹਾਂਪੁਰਸ਼ ਨੇ ਨਾਮ ਦੀ ਸ਼ਕਤੀ ਨੂੰ ਜਗਤ ਜਲੰਦੇ ਦੇ ਸਾਮ੍ਹਣੇ ਵਰਤ ਕੇ, ਕਸੌਟੀ ਤੇ ਲਗਾ ਕੇ ਨਹੀਂ ਸੀ ਦੱਸਿਆ। ਗੁਰੂ ਨਾਨਕ ਸਾਹਿਬ ਦੇ ਘਰ ਵਿਚ ਸਿਧਾਂਤਾਂ ਨੂੰ ਕਮਾ ਕੇ, ਅਮਲ ਵਿਚ ਲਿਆ ਕੇ ਨਤੀਜੇ ਕੱਢ ਕੇ, ਨਤੀਜਿਆਂ ਤੋਂ ਲਾਭ ਉਠਾਣ ਉਤੇ ਜ਼ੋਰ ਸੀ, ਇਸ ਲਈ ਨਾਮ ਦੀ ਉਚ

ਸ਼ਕਤੀ ਨੂੰ ਅਜ਼ਮਾ ਕੇ, ਉਸ ਦੇ ਮਹਾਨ ਲਾਭਦਾਇਕ ਨਤੀਜਿਆਂ ਨੂੰ ਦੁਨੀਆਂ ਸਾਮ੍ਹਣੇ ਸਪਸ਼ਟ ਕਰਕੇ ਰਖਣਾ ਅਤੀ ਜ਼ਰੂਰੀ ਸੀ।

ਜੇਕਰ ਕਿਸੇ ਡਾਕਟਰ ਪਾਸ ਪਲੇਗ ਦੀ ਸ਼ਰਤੀਆ ਦਵਾਈ ਹੋਵੇ ਤਾਂ ਉਹ ਫਿਰ ਉਨ੍ਹਾਂ ਥਾਵਾਂ ਤੇ ਉਚੇਚਾ ਪਹੁੰਚਦਾ ਹੈ, ਜਿਥੇ ਪਲੇਗ ਪਈ ਹੋਵੇ। ਉਥੇ ਜਾ ਕੇ ਪਲੇਗ ਦੇ ਬੀਮਾਰਾਂ ਵਿਚ ਰਹਿ ਕੇ ਆਪਣੀ ਦਵਾ ਨਾਲ ਬੀਮਾਰਾਂ ਨੂੰ ਰਾਜ਼ੀ ਕਰਕੇ ਆਪਣੀ ਦਵਾਈ ਦੀ ਸ਼ੋਹਰਤ ਨੂੰ ਕਾਇਮ ਕਰਦਾ ਹੈ। ਉਸ ਡਾਕਟਰ ਲਈ ਆਪਣੀ ਦਵਾਈ ਨੂੰ ਅਚੁੱਕ ਜਾਂ ਅਕਸੀਰ ਸਾਬਤ ਕਰਨ ਲਈ ਪਲੇਗ ਦਾ ਕਿਤੇ ਹੋਣਾ ਅਤੇ ਪਲੇਗ ਵਿਚ ਉਸ ਦਵਾਈ ਦਾ ਵਰਤਣਾ ਜ਼ਰੂਰੀ ਗੱਲਾਂ ਹਨ।

ਇਸੇ ਤਰ੍ਹਾਂ ਗੁਰੂ ਅਰਜਨ ਸਾਹਿਬ ਲਈ ਪ੍ਰਭੂ ਨਾਮ ਦੀ ਸ਼ਕਤੀ ਨੂੰ ਦੁਨੀਆਂ ਦੇ ਸਾਮ੍ਹਣੇ ਸਿੱਧ ਕਰਨ ਵਾਸਤੇ ਜ਼ਰੂਰੀ ਸੀ ਕਿ ਦੁਖ, ਮੁਸੀਬਤ ਦਾ ਕੋਈ ਐਸਾ ਡਰਾਮਾ ਰਚਿਆ ਜਾਵੇ, ਜਿਸ ਦੀ ਮਿਸਾਲ ਮਿਲਣੀ ਮੁਸ਼ਕਲ ਹੋਵੇ। ਗੁਰੂ ਘਰ ਦਾ ਇਹ ਦਾਅਵਾ ਕਿ *'ਰਾਖਨਹਾਰੁ ਅਪਾਰੁ ਰਾਖੈ ਅਗਨ ਮਾਹਿ। ਸੀਤਲੁ ਹਰਿ ਹਰਿ ਨਾਮੁ ਸਿਮਰਤ ਤਪਤਿ ਜਾਇ।'* ਤਦ ਹੀ ਸਚਾ ਸਾਬਤ ਕੀਤਾ ਜਾ ਸਕਦਾ ਹੈ ਜਦ ਕਿ ਅਗਨੀ ਵਿਚ ਪ੍ਰਹਿਲਾਦ ਦੀ ਤਰ੍ਹਾਂ ਕੋਈ ਗੁਰਮੁਖ ਨਾਮ ਅਭਿਆਸੀ ਕਲਿਜੁਗ ਵਿਚ ਸ਼ਾਂਤ ਤੇ ਅਡੋਲ ਰਹਿ ਕੇ ਵਿਖਾਵੇ।

ਇਸ ਕਰਕੇ ਆਪਣੇ ਉਪਦੇਸ਼ ਨੂੰ ਖੁਦ ਕਮਾਉਣ ਵਾਲੇ ਗੁਰੂ ਅਰਜਨ ਸਾਹਿਬ ਜੀ ਲਈ ਜ਼ਰੂਰੀ ਹੋ ਗਿਆ ਸੀ ਕਿ ਉਹ ਅਕਾਲ ਪੁਰਖ ਨੂੰ ਪ੍ਰੇਰਨ ਅਤੇ ਉਸ ਪਾਸੋਂ ਐਸੇ ਸਬੱਬ ਤੇ ਸਾਮਾਨ ਪੈਦਾ ਕਰਵਾਣ ਜਿਨ੍ਹਾਂ ਰਾਹੀਂ ਗੁਰੂ ਅਰਜਨ ਦੇਵ ਜੀ 'ਤਪਤ ਮਹਿ ਠਾਂਢ' ਵਰਤਣ ਵਾਲੇ ਹੀਰ ਨਾਮ ਦੀ ਸਹਾਇਤਾ ਸ਼ਕਤੀ ਸਾਬਤ ਕਰਕੇ ਵਿਖਾ ਸਕਣ।

ਲਾਹੌਰ ਦੇ ਸ਼ਹੀਦੀ ਸਾਕੇ ਤੋਂ ਪਹਿਲਾਂ ਹੀ ਸੀ ਸ੍ਰੀ ਗੁਰੂ ਅਰਜਨ ਸਾਹਿਬ ਨੇ ਅਕਾਲ ਪੁਰਖ ਨੂੰ ਇਸ ਬਾਰੇ ਪ੍ਰੇਰਨਾ ਸ਼ੁਰੂ ਕੀਤਾ ਹੋਇਆ ਸੀ। ਹਜ਼ੂਰ ਦੀ ਇਹ ਪ੍ਰਬਲ ਇਛਿਆ ਉਨ੍ਹਾਂ ਦੀ ਬਾਣੀ ਤੋਂ ਸਪਸ਼ਟ ਹੁੰਦੀ ਹੈ –

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥*





*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥*
*ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥ ਪੰਨਾ - 757*

'ਆਤਮ-ਸਾਇੰਸ' ਦਾ ਇਕ ਨਿਯਮ ਇਹ ਹੈ ਕਿ ਵਾਹਿਗੁਰੂ ਨਾਲ ਅੰਦਰੋਂ ਅਭੇਦ ਹੋਇਆਂ ਨਾਮ ਅਭਿਆਸੀ ਜੋ ਚਾਹੇ, ਜੋ ਮੰਗੇ ਵਾਹਿਗੁਰੂ ਜੀ ਪੂਰਾ ਕਰਦੇ ਹਨ।

*ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ॥ ਪੰਨਾ - 817*

*ਹਰਿ ਸੋ ਕਿਛੁ ਕਰੇ ਜਿ ਹਰਿ ਕਿਆ ਸੰਤਾ ਭਾਵੈ॥*
*ਕੀਤਾ ਲੋੜਨਿ ਸੋਈ ਕਰਾਇਨਿ ਦਰਿ ਫੇਰੁ ਨ ਕੋਈ ਪਾਇਦਾ॥*
*ਪੰਨਾ -1076*

ਸਾਧ ਗੁਰੂ ਅਰਜਨ ਦੇਵ ਵਾਹਿਗੁਰੂ ਦੇ ਨਾਮ ਦੀ ਮਹਾਨ ਸ਼ਕਤੀ ਨੂੰ ਅਤਿਅੰਤ ਦੁਖ ਤੇ ਤਕਲੀਫ ਦੇ ਸਮੇਂ ਵਰਤ ਕੇ, ਦੁਨੀਆਂ ਨੂੰ ਇਸ ਦਾ ਕਮਾਲ ਦਸਣਾ ਚਾਹੁੰਦੇ ਸਨ। ਗੁਰੂ ਨਾਨਕ ਦੇ ਘਰ ਵਿਚ ਸਭ ਉਪਦੇਸ਼ ਕਮਾਉਣ ਤੋਂ, ਅਮਲ ਵਿਚ ਲਿਆਉਣ ਤੋਂ ਬਾਅਦ, ਦੁਨੀਆਂ ਨੂੰ ਦਿਤੇ ਜਾਂਦੇ ਸਨ। ਨਾਮ ਦੀ ਮਹਾਨ ਸ਼ਕਤੀ ਦਾ ਦੁਨੀਆਂ ਨੂੰ ਯਕੀਨ ਦਿਲਾਣ ਲਈ ਇਸ ਦੀ ਵਰਤੋਂ ਜ਼ਰੂਰੀ ਸੀ, ਇਸ ਲਈ ਸਾਧ ਗੁਰੂ ਨੇ ਆਪਣੇ ਕਰਤਾਰ ਅੱਗੇ ਪ੍ਰਾਰਥਨਾ ਕੀਤੀ ਕਿ ਉਹ ਨਾਮ ਦੀ ਸਕਤੀ ਦੇ ਕਮਾਲ ਨੂੰ ਸਾਬਤ ਕਰਨ ਵਾਲੇ ਸਾਰੇ ਸਾਮਾਨ ਤੇ ਹਾਲਾਤ ਪੈਦਾ ਕਰੇ।

ਕਰਤਾਰ ਕਾਰਨ ਕਰਨ (Creator of causes) ਹੈ। ਉਸ ਨੇ ਆਪਣੇ ਜਨ ਦੀ ਅਰਦਾਸ ਸੁਣੀ। ਸ੍ਰੀ ਹਰਿਗੋਬਿੰਦ ਜੀ ਦੀ ਕੁੜਮਾਈ ਦਾ ਬਹਾਨਾ ਬਣਾਇਆ ਗਿਆ, ਚੰਦੂ ਤੋਂ ਕੌੜੇ ਬੋਲ ਬੁਲਵਾਏ ਗਏ, ਦਿੱਲੀ ਦੀਆਂ ਸੰਗਤਾਂ ਨੂੰ ਪਰੇਰ ਕੇ ਚੰਦੂ ਦੀ ਲੜਕੀ ਦਾ ਨਾਤਾ ਸਤਿਗੁਰੂ ਅਰਜਨ ਦੇਵ ਜੀ ਤੋਂ ਨਾ ਮਨਜ਼ੂਰ ਕਰਾਇਆ ਗਿਆ, ਚੰਦੂ ਨੂੰ ਤੈਸ਼ ਵਿਚ ਲਿਆਂਦਾ ਗਿਆ, (ਕੁਝ ਹੋਰ ਕਾਰਨ ਵੀ ਉਸਾਰੇ ਗਏ) ਜਹਾਂਗੀਰ ਲਾਹੌਰ ਭਿਜਵਾਇਆ ਗਿਆ ਅਤੇ ਗੁਰੂ ਅਰਜਨ ਸਾਹਿਬ ਨੂੰ ਚੰਦੂ ਦੇ ਹਵਾਲੇ ਕਰਵਾਇਆ ਗਿਆ, ਚੰਦੂ ਤੋਂ ਭੱਠੀ ਤਪਵਾਈ ਗਈ, ਉਤੇ ਸਤਿਗੁਰੂ ਅਰਜਨ ਦੇਵ ਨੂੰ ਬਿਠਾਇਆ ਗਿਆ, ਇਹ ਸਭ ਕੁਝ ਕਰਤਾਰ ਨੂੰ ਆਪਣੇ ਜਨ, ਆਪਣੇ ਮਹਿਬੂਬ ਦੀ ਰੀਝ ਪੂਰੀ ਕਰਨ ਲਈ ਰਚਣਾ ਪਿਆ।

ਅੱਗ ਬਲਦੀ ਸੀ, ਤਵੀ ਤਪਦੀ ਸੀ, ਪਾਣੀ ਉਬਲਦਾ ਸੀ, ਰੇਤ ਸਾੜਦੀ ਸੀ, ਸ੍ਰੀ ਗੁਰੂ ਅਰਜਨ ਸਾਹਿਬ ਦਾ ਸਰੀਰ ਦਾਣਿਆਂ ਦੀ ਤਰ੍ਹਾਂ ਭੁਜਦਾ ਤੇ ਤਿੜਕਦਾ ਸੀ, ਮੀਆਂ ਮੀਰ ਵੇਖ ਕੇ ਪਿਆ ਕੰਬਦਾ ਸੀ। ਇਹ ਸੀ ਇਸ ਖੂਨੀ ਡਰਾਮੇ ਦਾ ਦ੍ਰਿਸ਼ਟਮਾਨ ਦਿਸਣ ਵਾਲਾ ਪਾਸਾ, ਪਰ ਇਸ ਡਰਾਮੇ ਦੇ ਦੂਸਰੇ ਪਾਸੇ, ਪਰਦੇ ਦੇ ਪਿਛੇ, ਗੁਰੂ ਅਰਜਨ ਦੇਵ ਦੀ ਸੁਰਤ ਵਾਹਿਗੁਰੂ ਵਾਹਿਗੁਰੂ ਜਪਦੀ, ਵਾਹਿਗੁਰੂ ਵਿਚ ਟੁੱਭੀ ਲਾ ਕੇ, ਵਾਹਿਗੁਰੂ ਰੂਪ ਹੋ ਚੁੱਕੀ ਸੀ, ਉਹ ਉਥੇ ਪਹੁੰਚ ਚੁੱਕੀ ਸੀ, ਜਿਸ ਅਸਥਾਨ ਬਾਬਤ ਗੁਰੂ ਅਮਰਦੇਵ ਸਾਹਿਬ ਦਸਦੇ ਹਨ -

*ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥*
*ਤਿਥੈ ਊਘ ਨ ਭੂਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥*

*ਪੰਨਾ - 1415*

ਗੁਰੂ ਅਰਜਨ ਦੇਵ ਦੀ ਸ਼ਹੀਦੀ, ਆਪ ਦੇ ਉਪਦੇਸ਼ ਦੀ ਪੂਰੀ ਫਤਹਿ, ਨਾਮ ਦੀ ਚੜ੍ਹਦੀ ਕਲਾ ਦਾ ਜ਼ਿੰਦਾ ਸਬੂਤ ਸੀ, ਦੁਖਾਂ ਮੁਸੀਬਤਾਂ ਤੇ ਮੌਤ ਵੇਲੇ ਨਾਮ ਦੀ ਸੀਤਲ ਕਲਾ ਦਾ ਕਮਾਲ ਸੀ ਅਤੇ ਗੁਰਸਿਖਾਂ ਵਾਸਤੇ ਮੌਤ ਦੀ ਅਣਹੋਂਦ ਨੂੰ ਸਿੱਧ ਕਰਨ ਦਾ ਅਮਲੀ ਤਰੀਕਾ ਸੀ। ਮੌਤ ਦੀ ਅਣਹੋਂਦ ਦੇ ਗਿਆਨ ਦੇ ਆਸਰੇ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਤੋਂ ਬਾਅਦ ਗੁਰਸਿਖਾਂ ਨੇ ਮੌਤ ਦੀ ਅਸਤਿ ਹਸਤੀ ਨੂੰ ਜਿਵੇਂ ਵੰਗਾਰਿਆ, ਚਰਖੜੀਆਂ ਤੇ ਚੜ੍ਹਨ ਵੇਲੇ, ਬੰਦ ਬੰਦ ਕਟਵਾਣ ਵੇਲੇ, ਖੋਪਰੀਆਂ ਉਤਰਵਾਨ ਵੇਲੇ ਜਿਵੇਂ ਅਕਾਲ ਦੇ ਆਸਰੇ, ਕਾਲ ਨੂੰ ਜਿਤਿਆ ਅਤੇ ਨਾਮ ਦੀ ਚੜ੍ਹਦੀ ਕਲਾ ਦਾ ਜਿਵੇਂ ਅਮਲੀ ਪ੍ਰਚਾਰ ਕੀਤਾ, ਖਾਲਸੇ ਦਾ ਸ਼ਾਨਦਾਰ ਇਤਿਹਾਸ ਗਵਾਹ ਹੈ।





# ਸਮਾਂ-ਕਾਲ
## (TIME)

ਸੰਸਾਰ ਰਚਨਾ ਦੀ ਜ਼ਾਹਿਰਾ (ਦ੍ਰਿਸ਼ਟਮਾਨ) ਸੂਰਤ ਅਤੇ ਅਸਲੀਅਤ ਵਿਚ ਬੜਾ ਫਰਕ ਹੈ। ਇਹ ਫਰਕ ਜਦ ਅਸੀਂ ਦ੍ਰਿਸ਼ਟਮਾਨ ਦੀ ਗਹਿਰਾਈ ਵਿਚ ਚੁੱਭੀ ਲਾਵੀਏ ਤਾਂ ਸ਼ਾਖਸਾਤ ਨਜ਼ਰ ਆਉਂਦਾ ਹੈ। ਸੱਚ ਦੇ ਖੋਜੀ ਜਦ ਵੀ ਨਾਮ ਰੂਪ ਦੇ ਸੰਸਾਰ ਦੀ ਤਹਿ ਵਿਚ ਚੁੱਭੀ ਲਾਂਦੇ ਹਨ ਤਾਂ ਅਸਲੀਅਤ ਨੂੰ ਜ਼ਾਹਿਰਾ ਸ਼ਕਲ ਸੂਰਤ ਤੋਂ ਬਿਲਕੁਲ ਵਖਰਾ ਦੇਖ ਕੇ ਅਸਚਰਜ ਹੁੰਦੇ ਅਤੇ ਜੀਵਨ ਦੇ ਅਸਲ ਭੇਦਾਂ ਨੂੰ ਸਮਝ ਕੇ ਨਿਰਭੈ ਹੋ ਜਾਂਦੇ ਹਨ।

ਕਾਲ ਤੋਂ ਕੌਣ ਨਹੀਂ ਡਰਦਾ? ਜਗਤ ਵਿਚ ਹਰ ਦਿਸਦੀ ਚੀਜ਼ ਨੂੰ ਕਾਲ ਖਾ ਰਿਹਾ ਦਿਸਦਾ ਹੈ। ਜੋ ਕੁਝ ਵੀ ਸੀ, ਉਹ ਨਹੀਂ ਰਿਹਾ ਅਤੇ ਜੋ ਕੁਝ ਹੈ, ਤਬਦੀਲੀ ਦੀ ਹਾਲਤ ਵਿਚ ਹੈ ਅਤੇ ਕੁਝ ਸਮੇਂ ਮਗਰੋਂ ਨਹੀਂ ਰਹੇਗਾ। ਜਗਤ ਰਚਨਾ ਦੀ ਬਾਹਰੋਂ ਜ਼ਾਹਿਰਾ ਦੀ ਸ਼ਕਲ ਹਰ ਵਕਤ ਕਾਲ ਦੀ ਲਪੇਟ ਵਿਚ ਜਕੜੀ ਹੋਈ ਦਿਸਦੀ ਹੈ। ਸਾਡੇ ਗਿਆਨ ਇੰਦਰੇ ਸਾਨੂੰ ਅਤੇ ਸਾਡੇ ਸੰਸਾਰ ਨੂੰ ਸਦਾ ਕਾਲ ਅਤੇ ਕਾਲ ਦੀ ਤਬਦੀਲੀ ਦੇ ਅਧੀਨ ਦਰਸਾ ਰਹੇ ਹਨ ਪਰ ਜਦ ਕਾਲ ਦੀ ਜ਼ਾਹਿਰਾ ਸ਼ਕਲ ਸੂਰਤ ਦੇ ਪੜਦੇ ਨੂੰ ਪਾੜ ਕੇ ਇਸ ਦੀ ਤਹਿ ਜਾਂ ਗਹਿਰਾਈ ਤਕ ਪਹੁੰਚੀਏ ਤਾਂ ਕਾਲ ਦੀ ਜਗ੍ਹਾ ਅਕਾਲ ਨੂੰ ਦੇਖ ਕੇ ਹੈਰਾਨ ਹੋਵਾਂਗੇ। ਸਾਡੇ ਗਿਆਨ ਇੰਦਰਿਆਂ ਨੇ ਕਾਲ ਜਾਂ ਸਮੇਂ ਨੂੰ ਤਿੰਨਾਂ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਭੂਤ ਕਾਲ (Past), ਵਰਤਮਾਨ ਕਾਲ (Present) ਅਤੇ ਭਵਿੱਖ (Fulure)। ਜੋ ਸਮਾਂ ਬੀਤ ਚੁੱਕਾ ਹੈ, ਉਸ ਨੂੰ ਭੂਤਕਾਲ ਆਖੀਦਾ ਹੈ, ਜੋ ਹੁਣ ਬੀਤ ਰਿਹਾ ਹੈ, ਉਸ ਨੂੰ ਵਰਤਮਾਨ ਅਤੇ ਜੋ ਸਮਾਂ ਬੀਤਣਾ ਹੈ, ਉਸ ਨੂੰ ਭਵਿੱਖ ਆਖੀਦਾ ਹੈ, ਪਰ ਜਦ ਕਾਲ ਦੀ ਅਸਲੀਅਤ ਦੀ ਖੋਜ ਕਰੀਏ ਤਾਂ ਪਤਾ ਲਗਦਾ ਹੈ ਕਿ ਭੂਤ ਤੇ ਭਵਿੱਖ ਸਿਵਾਏ ਵਰਤਮਾਨ ਦੇ ਹੋਰ ਕੁਝ ਵੀ ਨਹੀਂ।

ਜਿਤਨਾ ਭੂਤ ਕਾਲ ਬੀਤ ਚੁੱਕਾ ਹੈ, ਉਹ ਜਦ ਬੀਤਿਆ ਤਾਂ ਵਰਤਮਾਨ ਬਣ ਕੇ ਬੀਤਿਆ ਅਤੇ ਭਵਿੱਖ ਨੇ ਜਦ ਬੀਤਣਾ ਹੈ ਤਾਂ ਵਰਤਮਾਨ ਹੋ ਕੇ ਹੀ ਬੀਤੇਗਾ। ਇਨਸਾਨੀ ਸੁਰਤ ਦੇ ਸਾਮ੍ਹਣੇ ਕਾਲ ਸਦਾ ਵਰਤਮਾਨ ਬਣ ਕੇ ਹੀ ਬੀਤਦਾ ਹੈ। ਸਾਡਾ ਬਚਪਨ ਜੋ ਬੀਤ ਚੁੱਕਾ ਹੈ ਅਤੇ ਭੂਤ ਕਾਲ ਬਣ ਚੁੱਕਾ ਹੈ, ਜਦ ਸਾਡੇ ਤੇ ਆਇਆ ਸੀ ਤਾਂ ਕੇਵਲ ਵਰਤਮਾਨ ਕਾਲ ਦੀ ਸਕਲ ਵਿਚ ਬੀਤਿਆ ਅਤੇ ਸਾਡਾ ਬੁਢਾਪਾ, ਜਿਸਨ ਨੇ ਅਜੇ ਆਉਣਾ ਹੈ, ਉਹ ਜਦ ਸਾਡੇ ਸਾਮ੍ਹਣੇ ਆਵੇਗਾ ਤਾਂ ਕੇਵਲ ਵਰਤਮਾਨ ਬਣ ਕੇ ਹੀ ਆਵੇਗਾ। ਸੋ ਸਾਡੀ ਸੁਰਤ ਦੇ ਸਾਮ੍ਹਣੇ ਕਾਲ ਜਾਂ ਸਮੇਂ ਦੀ ਸਿਵਾਏ ਵਰਤਮਾਨ ਦੇ ਹੋਰ ਕੋਈ ਹਸਤੀ ਹੀ ਨਹੀਂ। ਭੂਤ, ਵਰਤਮਾਨ ਬਣ ਕੇ ਹੀ ਸਾਡੇ ਸਾਮ੍ਹਣੇ ਆ ਸਕਿਆ ਅਤੇ ਭਵਿੱਖ ਕਵਲ ਵਰਤਮਾਨ ਬਣ ਕੇ ਹੀ ਸਾਡੇ ਸਾਮ੍ਹਣੇ ਆ ਸਕਦਾ ਹੈ। ਸੋ ਕਾਲ ਦੀ ਅਸਲ ਸ਼ਕਲ ਵਰਤਮਾਨ ਹੈ।

ਆਓ, ਜ਼ਰਾ ਵਰਤਮਾਨ ਕਾਲ ਦੀ ਤਹਿ ਵਿਚ ਚੁਭੀ ਲਗਾਈਏ। ਵਰਤਮਾਨ (Present) ਸਮਾਂ 'ਹੁਣ' (Now) ਬਣ ਕੇ ਸਾਹਮਣਿਓਂ ਲੰਘ ਰਿਹਾ ਪ੍ਰਤੀਤ ਹੁੰਦਾ ਹੈ। ਪਰ 'ਹੁਣ' ਮੁਕਦੀ ਨਹੀਂ। ਅਸਲ ਵਿਚ 'ਹੁਣ' ਜਾਂ ਵਰਤਮਾਨ ਮੁਕਦਾ ਹੀ ਨਹੀਂ। ਇਹ ਅਸਥਿਰ ਖੜਿਆ ਖੜ੍ਹਾ ਹੈ। ਸਮਾਂ ਜਾਂ ਕਾਲ ਸਾਡੀ ਸੁਰਤ ਦੇ ਸਾਮ੍ਹਣੇ ਕੇਵਲ 'ਹੁਣ' (Now) ਜਾਂ ਵਰਤਮਾਨ ਦੇ ਕੋਈ ਅਰਥ ਨਹੀਂ ਰਖਦਾ।

ਆਓ, ਜ਼ਰਾ 'ਕਾਲ' ਦੇ ਅੰਦਰ ਹੋਰ ਵੜ ਕੇ ਦੇਖੀਏ। ਕਾਲ ਜਿਸ ਦੀ ਸਿਵਾਏ 'ਹੁਣ' ਜਾਂ ਵਰਤਮਾਨ ਦੇ ਹੋਰ ਕੋਈ ਹਸਤੀ ਨਹੀਂ ਸਾਥੋਂ ਪਕੜਿਆ ਨਹੀਂ ਜਾਂਦਾ। ਪਕੜਿਆ ਤਾਂ ਜਾਵੇ ਜੇ ਇਹ ਸਾਡੀ ਸੁਰਤ ਤੋਂ ਵਖਰੀ ਕੋਈ ਚੀਜ਼ ਹੋਵੇ। 'ਹੁਣ' ਨੂੰ ਜਾਂ ਵਰਤਮਾਨ ਨੂੰ ਸਾਡੀ ਸੁਰਤ ਹੀ ਤਾਂ ਪ੍ਰਤੀਤ ਕਰ ਰਹੀ ਹੈ, ਇਸ ਵਾਸਤੇ 'ਹੁਣ' ਜਾਂ ਵਰਤਮਾਨ ਕਾਲ ਦੀ ਵੀ ਸਿਵਾਏ ਸਾਡੀ ਸੁਰਤ ਅੰਦਰ ਹੋਣ ਦੇ ਹੋਰ ਕੋਈ ਹਸਤੀ ਨਹੀਂ। ਵਿਚਾਰ ਕਰਨ ਨਾਲ ਜਿਵੇਂ ਭੂਤ (Past) ਤੇ ਭਵਿੱਖ (Future) ਸਿਵਾਏ ਵਰਤਮਾਨ (Present) ਦੇ ਹੋਰ ਕੁਝ ਨਹੀਂ, ਇਸੇ ਤਰ੍ਹਾਂ ਵਰਤਮਾਨ ਵੀ ਸਿਵਾਏ ਸਾਡੀ ਆਪਣੀ ਸੁਰਤ ਦੇ ਅੰਦਰ ਹੋਣ ਦੇ ਸਾਥੋਂ ਕੋਈ ਵਖਰੀ ਜਾਂ ਓਪਰੀ ਚੀਜ਼ ਨਹੀਂ। 'ਹੁਣ' ਜਾਂ ਵਰਤਮਾਨ ਕਾਲ ਕੇਵਲ





ਓਥੇ ਹੀ ਪ੍ਰਤੀਤ ਹੁੰਦਾ ਹੈ, ਜਿਥੇ ਸਾਡੀ ਸੁਰਤ ਹੋਵੇ। ਸਾਡੀ ਸੁਰਤ (Consciousness) ਤੋਂ ਬਾਹਰ 'ਹੁਣ' ਵਰਤਮਾਨ ਦੀ ਕੋਈ ਥਾਂ ਜਾਂ ਹਸਤੀ ਨਹੀਂ।

ਕਿਉਂਕਿ ਭੂਤ ਤੇ ਭਵਿੱਖ (Past and Future) ਕੇਵਲ ਵਰਤਮਾਨ (Present) ਹੀ ਹਨ ਅਤੇ ਵਰਤਮਾਨ ਕੇਵਲ ਸਾਡੀ ਆਪਣੀ ਸੁਰਤ ਵਿਚ ਹੀ ਹੈ, ਇਸ ਕਰਕੇ ਸਿਧ ਹੋਇਆ ਕਿ ਕਾਲ ਜਾਂ ਸਮਾਂ ਕੇਵਲ ਸਾਡੀ ਸੁਰਤ ਤੋਂ ਬਾਹਰ ਜਾਂ ਵਖਰਾ ਕੁਝ ਨਹੀਂ।

ਪਰ ਜਿਥੇ ਸਾਡੀ ਸੁਰਤ ਹੈ, ਉਥੇ ਵਰਤਮਾਨ ਕਾਲ ਜਾਂ 'ਹੁਣ' (Now Present) ਜ਼ਰੂਰ ਹੈ। ਸਾਡੀ ਸੁਰਤ ਦਾ ਅਤੇ ਵਰਤਮਾਨ ਕਾਲ ਦਾ ਸਦੀਵੀ ਅਤੇ ਅਟੁੱਟ ਰਿਸ਼ਤਾ ਹੈ। ਐਸਾ ਕੋਈ ਸਮਾਂ ਕਿਆਸ ਵਿਚ ਵੀ ਨਹੀਂ ਆ ਸਕਦਾ, ਜਿਥੇ ਸਾਡੀ ਸੁਰਤ (Consciousness) ਹੋਵੇ ਅਤੇ 'ਹੁਣ' ਜਾਂ ਵਰਤਮਾਨ ਕਾਲ ਨਾ ਹੋਵੇ। ਵਰਤਮਾਨ ਕਾਲ ਸਾਡੀ ਸੁਰਤ ਦਾ ਐਸਾ ਪ੍ਰਛਾਵਾਂ ਹੈ, ਜੋ ਸਾਥੋਂ ਕਦੀ ਕਿਸੇ ਹਾਲਤ ਵਿਚ ਜੁਦਾ ਜਾਂ ਵਖਰਾ ਨਹੀਂ ਕੀਤਾ ਜਾ ਸਕਦਾ।

ਸਾਡੀ ਸੁਰਤ ਕੀ ਹੈ? ਸਾਡੀ ਸੁਰਤ ਸਾਡੇ ਜੀਵਨ ਦਾ ਦੂਸਰਾ ਨਾਮ ਹੈ। ਜੀਵਨ ਹੀ ਸੁਰਤ ਹੈ। ਜਿਥੇ ਜੀਵਨ ਹੈ, ਉਥੇ ਸੁਰਤ ਹੈ, ਜਿਥੇ ਸੁਰਤ ਹੈ ਉਥੇ ਵਰਤਮਾਨ ਕਾਲ ਹੈ। ਜੀਵਨ, ਸੁਰਤ ਅਤੇ ਵਰਤਮਾਨ ਕਾਲ ਦਾ ਸਦੀਵੀ ਅਟੁੱਟ ਰਿਸ਼ਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਉਪਦੇਸ਼ ਅਨੁਸਾਰ ਜਗਤ ਦਾ ਜੀਵਨ ਸ੍ਰੀ ਵਾਹਿਗੁਰੂ ਜੀ ਆਪ ਹਨ, ਇਸ ਕਰਕੇ ਸਾਡਾ ਜੀਵਨ ਵੀ ਵਾਹਿਗੁਰੂ ਜੀ ਆਪ ਹਨ, ਕਿਉਂਕਿ ਵਾਹਿਗੁਰੂ ਹੀ ਸਦਾ ਸਲਾਮਤ ਤੇ ਸਦੀਵੀ ਅਮਰ ਹਨ, ਇਸ ਕਰਕੇ ਸਾਡਾ ਜੀਵਨ ਸਦੀਵੀ ਤੇ ਅਮਰ ਹੈ।

ਜੋ ਗੁਰਸਿੱਖ ਆਪਣੇ ਆਪ ਨੂੰ ਸਰੀਰ ਨਹੀਂ ਮੰਨਦਾ, ਉਹ ਵਾਹਿਗੁਰੂ ਦੀ ਜੋਤ ਹੈ ਜਾਂ ਉਸ ਦਾ ਜੀਵਨ ਵਾਹਿਗੁਰੂ ਆਪ ਹੈ। ਵਾਹਿਗੁਰੂ ਦੀ ਜੋਤ ਸਦੀਵੀ ਹੈ, ਅਮਰ ਹੈ, ਇਸ ਲਈ ਜੋ ਗੁਰਸਿੱਖ ਆਪਣੇ ਆਪ ਨੂੰ ਸਰੀਰ ਤੋਂ ਰਹਿਤ, ਵਾਹਿਗੁਰੂ ਦੀ ਜੋਤ ਮੰਨਦਾ ਹੈ, ਉਹ ਖੁਦ ਸਦੀਵੀ ਹੈ, ਅਮਰ ਹੈ।

ਜਿਥੇ ਵਾਹਿਗੁਰੂ ਦੀ ਜੋਤ ਹੈ, ਉਥੇ ਜੀਵਨ ਹੈ। ਜਿਥੇ ਜੀਵਨ ਹੈ,

ਉਥੇ ਸੁਰਤ ਹੈ, ਜਿਥੇ ਸੁਰਤ ਹੈ ਉਥੇ ਵਰਤਮਾਨ ਹੈ।

ਵਾਹਿਗੁਰੂ ਦੀ ਜੋਤ ਵਾਹਿਗੁਰੂ ਦਾ ਰੂਪ ਹੋਣ ਕਰਕੇ ਅਮਰ ਜਾਂ ਅਕਾਲ ਹੈ, ਇਸ ਕਰਕੇ ਜੀਵਨ ਅਕਾਲ ਹੈ, ਇਸੇ ਕਰਕੇ ਸੁਰਤ ਜਾਂ ਚੇਤਨਤਾ (Consciousness) ਅਮਰ ਜਾਂ ਅਕਾਲ ਹੈ।

ਇਸੇ ਕਰਕੇ ਕਾਲ ਕੇਵਲ ਜੀਵਨ ਦਾ ਜਾਂ ਸਾਡੀ ਸੁਰਤ ਦਾ ਸਦੀਵੀ ਪਰਛਾਵਾਂ ਹੈ, ਸਾਡਾ ਸਦੀਵੀ ਸੇਵਾਦਾਰ ਹੈ।

ਕਾਲ ਕੇਵਲ ਉਸ ਨੂੰ ਖਾਂਦਾ ਜਾਂ ਹੜਪ ਕਰਦਾ ਹੈ, ਜੋ ਆਪਣੇ ਆਪ ਨੂੰ ਵਾਹਿਗੁਰੂ ਤੋਂ ਵੱਖ ਇਕ ਸਰੀਰ ਮੰਨਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਇਸ ਮਹਾਨ ਵਾਕ ਵਿਚ ਕੇਵਲ ਅਗਿਆਨੀ ਪੁਰਸ਼ ਵਲ ਇਸ਼ਾਰਾ ਹੈ -

*ਬਚੇਗਾ ਨਾ ਕੋਈ ਕਰੇ ਕਾਲ ਚੋਟੰ।*

ਪਰ ਜਿਹੜਾ ਕਾਲ ਦੇ ਪਰਦੇ ਨੂੰ ਚੀਰ ਕੇ ਇਸ ਦੀ ਅਸਲੀਅਤ ਜੋ ਕਿ ਅਕਾਲ ਹੈ, ਉਸ ਨੂੰ ਅਨੁਭਵ ਕਰ ਲਏ, ਉਹ ਕਾਲ ਤੋਂ ਉਚੇ, ਆਪ ਅਕਾਲ ਰੂਪ ਹੋ ਜਾਂਦਾ ਹੈ। ਵਾਹਿਗੁਰੂ ਜੀ ਦੀ ਸ਼ਰਨ ਵਿਚ ਜੋ ਸੁਰਤ ਸੱਚੇ ਅਰਥਾਂ ਵਿਚ ਪਹੁੰਚੇ, ਉਹ ਅਕਾਲ, ਨਿਰਭੈ ਤੇ ਨਿਰਵੈਰ ਹੋ ਜਾਂਦੀ ਹੈ।

*ਹਰਿ ਚਰਨ ਸਰਣ ਗੜ ਕੋਟ ਹਮਾਰੈ॥*
*ਕਾਲੁ ਕੰਟਕੁ ਜਮੁ ਤਿਸੁ ਨ ਬਿਦਾਰੈ॥* *ਪੰਨਾ - 742*

*ਇਹੁ ਮਨੁ ਮੁਗਧੁ ਕਹਹੁ ਕਿਉ ਰਹਸੀ॥*
*ਬਿਨੁ ਸਮਝੇ ਜਮ ਕਾ ਦੁਖੁ ਸਹਸੀ॥*
*ਆਪੇ ਬਖਸੇ ਸਤਿਗੁਰੁ ਮੇਲੈ॥*
*ਕਾਲੁ ਕੰਟਕੁ ਮਾਰੇ ਸਚੁ ਪੇਲੈ॥* *ਪੰਨਾ - 415*

*ਭਗਤਿ ਖਜਾਨਾ ਆਪੇ ਦੀਆ ਕਾਲੁ ਕੰਟਕੁ ਮਾਰਿ ਸਮਾਣੇ ਰਾਮ॥*
*ਪੰਨਾ - 769*





# ਹਉਮੈ-ਰਹਿਤ ਇਨਸਾਨ

ਜਦ ਮਿੱਟੀ ਨਿਰਮਾਣ ਹੋ ਕੇ, ਉਡਣ ਅਤੇ ਸਿਰ ਤੇ ਚੜ੍ਹਨ ਵਾਲੀ ਆਦਤ ਤਿਆਗ ਕੇ, ਘੁਮਿਆਰ ਦੇ ਚਰਨਾਂ ਵਿਚ, ਘੁਮਿਆਰ ਦੀ ਮਰਜ਼ੀ ਅਨੁਸਾਰ, ਆਪਣੀ ਸ਼ਕਲ ਸੂਰਤ, ਵਜਾ ਕਤਾ ਬਦਲਣ ਲਈ ਤਿਆਰ ਹੋ ਜਾਵੇ, ਆਪਣਾ ਆਪਾ ਮਿਟਾ ਕੇ, ਘੁਮਿਆਰ ਦੇ ਆਪੇ ਨੂੰ ਆਪਣਾ ਆਪ ਬਨਾਣ ਵਿਚ ਖੁਸ਼-ਕਿਸਮਤੀ ਸਮਝੇ, ਤਦ ਫੇਰ ਘੁਮਿਆਰ ਦਾ ਦਿਲ ਤੇ ਦਿਮਾਗ ਉਸ ਮਿੱਟੀ ਵਿਚ ਪ੍ਰਵੇਸ਼ ਕਰਦਾ ਹੈ ਅਤੇ ਉਸ ਮਿੱਟੀ ਨੂੰ ਤਰ੍ਹਾਂ ਤਰ੍ਹਾਂ ਦੇ ਨਾਮ ਰੂਪ ਦੇ ਕੇ ਜਗਤ ਵਿਚ ਉਜਾਗਰ ਕਰਦਾ ਹੈ। ਉਸ ਮਿੱਟੀ ਨੂੰ ਜੋ ਪਾਣੀ ਵਿਚ ਘੁਲ ਮਿਲ ਕੇ, ਆਪਣੀ ਉਡਣ ਤੇ ਪਰੇਸ਼ਾਨ ਹੋਣ ਵਾਲੀ ਆਦਤ ਤਿਆਗ ਬੈਠੀ ਹੋਵੇ, ਘੁਮਿਆਰ ਪਿਆਰ ਨਾਲ ਆਪਣੇ ਹੱਥਾਂ ਰਾਹੀਂ ਆਪਣੇ ਕਸਬ ਦੀ ਛੋਹ ਦੇ ਕੇ, ਉਸ ਮਿੱਟੀ ਵਿਚੋਂ ਤਰ੍ਹਾਂ ਤਰ੍ਹਾਂ ਦੇ ਅੰਗ, ਨਕਸ਼ ਨੈਣ ਅਤੇ ਭਾਵ ਪ੍ਰਗਟ ਕਰਦਾ ਹੈ।

ਘੁਮਿਆਰ ਦੇ ਕਸਬ ਦੀ ਛੋਹ, ਨਾਲ ਮਾਮੂਲੀ ਮਿੱਟੀ ਅਨੇਕ ਭਾਂਤ ਦੇ ਖਡੌਣੇ ਬਣ ਕੇ ਬੱਚਿਆਂ ਦੇ ਦਿਲ ਖੁਸ਼ੀ ਤੇ ਖੇੜੇ ਨਾਲ ਭਰਪੂਰ ਕਰਦੀ ਹੈ। ਵਰਤਣ ਵਾਲੇ ਬਰਤਨਾਂ ਦੇ ਭਾਂਡਿਆਂ ਦੀ ਸ਼ਕਲ ਅਖਤਿਆਰ ਕਰਕੇ, ਮਿੱਟੀ ਘੁਮਿਆਰ ਦੀ ਛੋਹ ਨਾਲ ਅਨੇਕਾਂ ਇਨਸਾਨਾਂ ਦੀ ਸੇਵਾ ਦਾ ਮਾਣ ਪ੍ਰਾਪਤ ਕਰਦੀ ਹੈ। ਜਦ ਮਿੱਟੀ ਨੂੰ ਘੁਮਿਆਰ ਦਾ ਕਮਾਲ ਦੇਵੀ ਦੇਵਤਿਆਂ ਦੀ ਸ਼ਕਲ ਸੂਰਤ ਬਖਸ਼ਦਾ ਹੈ, ਤਦ ਉਹੋ ਪੈਰਾਂ ਵਿਚ ਰੁਲਣ ਵਾਲੀ ਮਿੱਟੀ, ਮੰਦਰਾਂ ਤੇ ਠਾਕਰਦਵਾਰਿਆਂ ਵਿਚ ਅਸਥਾਨਪਨ ਹੋ ਕੇ ਠਾਕੁਰ ਬਣਦੀ ਅਤੇ ਭਗਵਾਨ ਦੀ ਪਰਜਾ ਤੋਂ ਪੂਜਾ ਕਰਾਉਂਦੀ ਹੈ।

ਏਸੇ ਤਰ੍ਹਾਂ ਜੇਕਰ ਇਨਸਾਨ ਮਿੱਟੀ ਵਾਂਗਰ ਆਪਣੀ ਹਉਮੈ, ਖੁਦੀ ਤੇ ਮੈਂ ਮੇਰੀ ਨੂੰ ਤਿਆਗ ਕੇ ਗੁਰਉਪਦੇਸ਼ ਦੀ ਸੀਤਲਤਾ ਵਿਚ ਰੁਝ ਕੇ, ਜਗਤ ਦੇ ਸਿਰਜਣਹਾਰ ਦੀ ਛੋਹ ਪ੍ਰਾਪਤ ਕਰਨ ਲਈ, ਸੱਚੇ ਦਿਲੋਂ ਤੇ ਨਿਰਮਾਣ ਹਿਰਦੇ ਨਾਲ ਉਸ ਦੀ ਸ਼ਰਨ ਆਣ ਡਿੱਗੇ ਤਾਂ ਉਹ ਅਰਸ਼ੀ ਘੁਮਿਆਰ ਉਸ ਹਉਮੈ ਰਹਿਤ ਇਨਸਾਨ ਵਿਚ ਆਪਣੀ ਰਹਿਤ ਦੇ

ਕਮਾਲ ਨਾਲ ਐਸੀ ਸ਼ਕਤੀ, ਗਿਆਨ, ਬਰਕਤ ਤੇ ਬਖਸ਼ਿਸ਼ ਭਰਦਾ ਹੈ ਅਤੇ ਉਸ ਦੇ ਆਪੇ ਵਿਚ ਆਪਣੇ ਆਪੇ ਨੂੰ ਇਸ ਤਰ੍ਹਾਂ ਨਾਲ ਸ਼ਿੰਗਾਰਦਾ ਹੈ ਕਿ ਕੁਲ ਦੇਵੀ ਦੇਵਤੇ ਉਸ ਅੱਗੇ ਝੁਕਦੇ ਅਤੇ ਰਚਨਾ ਦਾ ਜ਼ੱਰਾ-ਜ਼ੱਰਾ ਸਤਿਕਾਰ ਵਜੋਂ ਨਮਸਕਾਰ ਕਰਦਾ ਹੈ।

ਰੱਬੀ ਘਾੜਤ ਦੇ ਐਸੇ ਇਨਸਾਨ ਨੂੰ ਦੇਖ ਕੇ ਬੜੇ ਬੜੇ ਡੂੰਘੀ ਨਜ਼ਰ ਅਤੇ ਪਾਰਖੂ ਅਕਲ ਵਾਲੇ ਮੁਦਬਰ ਚਕ੍ਰਿਤ ਰਹਿ ਜਾਂਦੇ ਹਨ, ਕਿਉਂਕਿ ਉਨ੍ਹਾਂ ਨੂੰ ਉਸ ਵਿਚੋਂ, ਅਦ੍ਰਿਸ਼ਟ ਅਗੋਚਰ ਅਲਖ ਅਤੇ ਨਿਰੰਜਨ ਦਾ ਸਾਖਸ਼ਾਤ ਦਰਸ਼ਨ ਹੁੰਦਾ ਹੈ।

ਨਿਰਗੁਣ ਦੇ ਸਰਗੁਣ ਵਿਚੋਂ ਇਸ ਤਰ੍ਹਾਂ ਦਾ ਦੀਦਾਰ ਨਿਰਗੁਣ ਦਾ ਸਭ ਤੋਂ ਬੜਾ ਕ੍ਰਿਸ਼ਮਾ ਹੈ, ਸਭ ਤੋਂ ਬੜਾ ਅਚੰਭਾ ਹੈ।

*ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ॥*
*ਮਾਣਸ ਤੇ ਦੇਵਤੇ ਭਏ ਧਿਆਇਆ ਨਾਮੁ ਹਰੇ॥*
*ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਤਰੇ॥*
*ਨਾਨਕ ਸਹਜਿ ਸਮਾਇਅਨੁ ਹਰਿ ਆਪਣੀ ਕਿਰਪਾ ਕਰੇ॥*
*ਪੰਨਾ - 90*

*ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥*
*ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥ ਪੰਨਾ - 486*

ਹਉਮੈ ਰਹਿਤ ਹੋਣ ਜਾਂ ਹਉਮੈ ਮਾਰਨ ਦਾ ਮਤਲਬ ਹੈ, ਆਪਣੇ ਗਲਤ ਇਨਸਾਨੀ ਨਿਸਚੇ (ਮਨ ਦੀ ਮਤ) ਤਿਆਗ ਕੇ, ਗੁਰੂ ਦੇ ਸੱਚੇ ਤੇ ਵਿਗਿਆਨਕ ਨਿਸ਼ਚਿਆਂ (ਗੁਰਮਤਿ) ਦਾ ਕਬੂਲਣਾ ਅਤੇ ਉਨ੍ਹਾਂ ਅਨੁਸਾਰ ਜੀਵਨ ਬਤੀਤ ਕਰਨਾ।





# ਵਾਹਿਗੁਰੂ ਸਰਬ ਸ਼ਕਤੀਮਾਨ ਹੈ

ਇਨਸਾਨ ਦਾ ਵਾਹਿਗੁਰੂ ਦੀ ਸ਼ਕਤੀ ਵਿਚ ਇਤਨਾ ਘੱਟ ਭਰੋਸਾ ਹੈ ਕਿ ਕੋਈ ਵਿਰਲਾ ਹੀ ਆਪਣੇ ਕਾਰਜ ਦੇ ਰਾਸ ਕਰਨ ਲਈ ਵਾਹਿਗੁਰੂ ਵਲ ਮੁੜਦਾ ਹੈ। ਜਦ ਤਕ ਇਨਸਾਨੀ ਜਤਨ ਤੇ ਹੀਲੇ ਥੱਕਾਰ ਨਾ ਹੋ ਜਾਣ, ਇਨਸਾਨ ਵਾਹਿਗੁਰੂ ਦੀ ਸਰਨ ਵਿਚ ਘੱਟ ਹੀ ਆਉਂਦਾ ਹੈ। ਭਾਵੇਂ ਵਾਹਿਗੁਰੂ ਇਨਸਾਨ ਦੀ ਇਸ ਕਮਜ਼ੋਰੀ ਦਾ ਖਿਆਲ ਨਹੀਂ ਕਰਦਾ ਅਤੇ ਇਨਸਾਨ ਜਦ ਵੀ ਉਸ ਵਲ ਸੱਚੇ ਦਿਲੋਂ ਮੁੜੇ, ਇਨਸਾਨ ਦੀ ਸਹਾਇਤਾ ਕਰਦਾ ਹੈ ਪਰ ਕਿਹਾ ਚੰਗਾ ਹੁੰਦਾ, ਜੇਕਰ ਇਨਸਾਨ ਨੂੰ ਪਤਾ ਹੁੰਦਾ ਕਿ ਵਾਹਿਗੁਰੂ ਦੀ ਮਹਾਨ ਸ਼ਕਤੀ ਦੇ ਜ਼ਰੀਏ ਆਪਣੇ ਸਰਬ ਕਾਰਜ ਰਾਸ ਕਰਵਾ ਲੈਣੇ ਕਿਤਨੇ ਆਸਾਨ ਅਤੇ ਲਾਭਦਾਇਕ ਹਨ।

ਵਾਹਿਗੁਰੂ ਜੀ ਤੋਂ ਆਪਣੇ ਕਾਰਜ ਰਾਸ ਕਰਵਾਣ ਦਾ ਹੁਨਰ ਪ੍ਰਾਪਤ ਕਰਨ ਲਈ ਵਿਦਵਤਾ ਅਤੇ ਸੋਚ ਵਿਚਾਰ ਦੀ ਇਤਨੀ ਲੋੜ ਨਹੀਂ ਜਿਤਨੀ ਕਿ ਉੱਚੇ ਆਚਰਨ ਅਤੇ ਅਹਿਲ ਵਿਸ਼ਵਾਸ਼ ਦੀ।

ਵਾਹਿਗੁਰੂ ਦੀ ਸ਼ਕਤੀ ਅੱਜ ਵੀ ਉਸੇ ਤਰ੍ਹਾਂ ਇਨਸਾਨ ਦੀ ਸਹਾਇਤਾ ਤੇ ਇਸ ਦੇ ਕੰਮ ਸਵਾਰਨ ਲਈ ਮੌਜੂਦ ਹੈ ਜਿਸ ਤਰ੍ਹਾਂ ਕਿ ਪ੍ਰਹਿਲਾਦ, ਨਾਮਦੇਵ, ਰਵਿਦਾਸ ਅਤੇ ਜੋਗਾ ਸਿੰਘ ਦੇ ਵੇਲੇ ਸੀ। ਵਾਹਿਗੁਰੂ ਦੀ ਪ੍ਰਬਲ ਸ਼ਕਤੀ ਦੇ ਸਾਮ੍ਹਣੇ ਬਦੀ ਆਪਣੀ ਕਿਸੇ ਹਾਲਤ ਵਿਚ ਵੀ ਠਹਿਰ ਨਹੀਂ ਸਕਦੀ। ਜਿਵੇਂ ਚਾਨਣ ਦੇ ਸਾਮ੍ਹਣੇ ਹਨੇਰਾ ਨਹੀਂ ਖਲੋ ਸਕਦਾ, ਉਸੇ ਤਰ੍ਹਾਂ ਵਾਹਿਗੁਰੂ ਦੀ ਸ਼ਕਤੀ ਦੇ ਸਾਮ੍ਹਣੇ ਬਦੀ, ਪਾਪ, ਦੁਖ, ਬਿਮਾਰੀ ਤੇ ਚਿੰਤਾ ਭਸਮ ਹੋ ਜਾਂਦੇ ਹਨ, ਏਥੋਂ ਤਕ ਕਿ ਮੌਤ ਦਾ ਡਰ ਅਤੇ ਮੌਤ ਦੀ ਹਕੀਕਤ ਵੀ, ਵਾਹਿਗੁਰੂ ਦੀ ਸ਼ਕਤੀ ਦੇ ਸਾਮ੍ਹਣੇ ਉਡ ਜਾਂਦੇ ਹਨ। ਜਿਸ ਮਨ ਵਿਚ ਵਾਹਿਗੁਰੂ ਦੇ ਸ਼ਰਬਸ਼ਕਤੀਮਾਨ ਹੋਣ ਦਾ ਦ੍ਰਿੜ੍ਹ ਵਿਸ਼ਵਾਸ਼ ਹੈ, ਉਸ ਮਨ ਉਤੇ ਪਾਪ, ਦੁਖ, ਬੀਮਾਰੀ ਤੇ ਮੌਤ, (ਜੋ ਕਿ ਬਦੀ ਦੀਆਂ ਕਈ ਸ਼ਕਲਾਂ ਹਨ) ਆਪਣਾ ਹਮਲਾ ਹੀ ਨਹੀਂ ਕਰ ਸਕਦੇ।

*ਹਰਿ ਚਰਨ ਸਰਣ ਗੜ ਕੋਟ ਹਮਾਰੈ॥*
*ਕਾਲੁ ਕੰਟਕੁ ਜਮੁ ਤਿਸੁ ਨ ਬਿਦਾਰੈ॥ ਪੰਨਾ - 742*

ਪਾਪ ਕਰਨ ਤੋਂ ਬਦੀ ਦਾ ਹਮਲਾ ਸ਼ੁਰੂ ਹੁੰਦਾ ਹੈ। ਜੇ ਇਨਸਾਨ ਪਾਪ ਨਹੀਂ ਕਰਦਾ, ਉਸ ਤੇ ਬਦੀ ਆਪਣਾ ਹਮਲਾ ਨਹੀਂ ਕਰ ਸਕਦੀ। ਪਾਪ ਤੋਂ ਇਨਸਾਨ ਦਾ ਮਨ ਕਮਜ਼ੋਰ ਹੁੰਦਾ ਹੈ ਅਤੇ ਕਮਜ਼ੋਰ ਮਨ ਵਿਚ ਡਰ ਪੈਦਾ ਹੁੰਦਾ ਹੈ। ਡਰ ਤੋਂ ਬਿਮਾਰੀ, ਦੁਖ ਅਤੇ ਮੌਤ ਉਪਜਦੇ ਹਨ।

*ਖਸਮੁ ਵਿਸਾਰਿ ਕੀਏ ਰਸ ਭੋਗ॥*
*ਤਾਂ ਤਨਿ ਉਠਿ ਖਲੋਏ ਰੋਗ॥* *ਪੰਨਾ - 1256*

ਪੁਰਾਤਨ ਸਮਿਆਂ ਵਿਚ ਵੀ ਅਤੇ ਅੱਜਕਲ੍ਹ ਵੀ ਵਾਹਿਗੁਰੂ ਦੇ ਸਰਬ-ਵਿਆਪਕ ਅਤੇ ਸਰਬਸ਼ਕਤੀਮਾਨ ਹੋਣ ਦੇ ਗਿਆਨ ਨੇ ਇਨਸਾਨ ਪਾਸੋਂ ਅਕਲ ਚਕ੍ਰਿਤ ਕਰਨ ਵਾਲੇ ਕਾਰਨਾਮੇ ਕਰਵਾਏ ਹਨ ਜੋ ਮੋਅਜਜ਼ੇ ਜਾਂ ਕਰਾਮਾਤਾਂ ਨਹੀਂ, ਸਗੋਂ ਵਾਹਿਗੁਰੂ ਦੇ ਸਰਬਸ਼ਕਤੀਮਾਨ ਅਤੇ ਸਰਬ-ਵਿਆਪਕ ਹੋਣ ਦੇ ਗਿਆਨ ਦੀ ਵਰਤੋਂ ਦੇ ਸਹੀ ਨਤੀਜੇ ਹਨ।

ਵਾਹਿਗੁਰੂ ਦੀ ਸ਼ਕਤੀ ਇਨਸਾਨ ਦੇ ਅੰਤਸ਼ਕਰਣ ਵਿਚ ਹੁਣ ਵੀ ਪੁਰਾਤਨ ਸਮਿਆਂ ਵਾਂਗ ਮੌਜੂਦ ਹੈ। ਹੁਣ ਵੀ ਇਨਸਾਨ ਦੀ ਰੱਖਿਆ ਕਰਨ ਵਾਲੇ ਵਾਹਿਗੁਰੂ ਜੀ ਹਰ ਦਿਲ ਵਿਚ ਹਾਜ਼ਰਾ ਹਜ਼ੂਰ ਹਨ। ਲੋੜ ਕੇਵਲ ਪ੍ਰਹਿਲਾਦ ਵਾਲੇ ਸਿਦਕ ਅਤੇ ਅਹਿਲ ਨਿਸ਼ਚੇ ਦੀ ਹੈ। ਬਚਿਤ੍ਰ ਸਿੰਘ ਦਾ ਮਸਤ ਹਾਥੀ ਨਾਲ ਲੜਨਾ ਅਤੇ ਉਸ ਨੂੰ ਘਾਇਲ ਕਰ ਸੁਟਣਾ, ਕਰਾਮਾਤ ਨਹੀਂ ਸੀ, ਬਲਕਿ ਸਰਬ ਸ਼ਕਤੀਮਾਨ ਵਾਹਿਗੁਰੂ ਜੀ ਤੇ ਅਹਿਲ ਵਿਸ਼ਵਾਸ਼ ਦਾ ਨਤੀਜਾ ਸੀ। ਔਖੇ ਸਮੇਂ, ਆਪਣੇ ਗਿਆਨ ਇੰਦ੍ਰਿਆਂ ਦੀ ਗਵਾਹੀ ਨੂੰ ਸੱਚਾ ਨਾ ਮੰਨਣਾ ਅਤੇ ਆਪਣੇ ਅੰਦਰ ਬਿਰਾਜ ਰਹੇ ਵਾਹਿਗੁਰੂ ਜੀ ਦੀ ਸਰਬਸ਼ਕਤੀਮਾਨਤਾ ਉਤੇ ਅਹਿਲ ਵਿਸ਼ਵਾਸ਼ ਕਾਇਮ ਰਖਣਾ ਇਨਸਾਨ ਦੇ ਅੱਜ ਤਕ ਅਕਲ ਦੰਗ ਕਰਨ ਵਾਲੇ ਸਾਰੇ ਆਤਮਕ ਚਮਤਕਾਰਾਂ ਦਾ ਅਸਲ ਭੇਦ ਹੈ।

*ਗੰਗ ਜਮੁਨ ਜਉ ਉਲਟੀ ਬਹੈ॥*
*ਤਉ ਨਾਮਾ ਹਰਿ ਕਰਤਾ ਰਹੈ॥* *ਪੰਨਾ - 1166*





# ਮਹਾਨ ਸ਼ਕਤੀ

ਵਾਹਿਗੁਰੂ ਜੀ ਦੀ ਮਹਾਨ ਸ਼ਕਤੀ ਵਾਹਿਗੁਰੂ ਜੀ ਦੇ ਪਿਆਰਿਆਂ ਦਾ ਸਦੀਵੀ ਆਧਾਰ ਬਣ ਜਾਂਦੀ ਹੈ। ਨਾ ਇਹ ਸ਼ਕਤੀ ਕਦੀ ਥੱਕਦੀ ਹੈ, ਨਾ ਹੀ ਕਦੀ ਮੁਕਦੀ ਹੈ, ਇਸ ਲਈ ਇਸ ਸ਼ਕਤੀ ਉਤੇ ਭਰੋਸਾ ਰਖਣ ਵਾਲਾ ਕਦੀ ਨਿਰਾਸ ਨਹੀਂ ਹੁੰਦਾ।

ਇਹ ਸ਼ਕਤੀ ਖੰਡਾਂ ਬ੍ਰਹਿਮੰਡਾਂ ਨੂੰ ਅਡੋਲ ਚਲਾਂਦੀ ਹੈ, ਸਾਡੀ ਧਰਤੀ ਨੂੰ ਆਪਣੀ ਥਾਂ ਤੇ ਕਾਇਮ ਰਖਦੀ ਹੈ, ਹਵਾਵਾ ਤੇ ਬੱਦਲਾਂ ਨੂੰ ਕਾਬੂ ਵਿਚ ਰਖਦੀ ਹੈ ਅਤੇ ਇਹੋ ਸ਼ਕਤੀ ਇਨਸਾਨ ਤੋਂ ਹਰ ਪ੍ਰਕਾਰ ਦੇ ਕਰਮ ਕਰਾਂਦੀ, ਹਰ ਪ੍ਰਕਾਰ ਦੀ ਉਸ ਨੂੰ ਸੂਝ ਬੂਝ ਬਖਸ਼ਦੀ ਹੈ।

ਇਹ ਸ਼ਕਤੀ ਵਾਹਿਗੁਰੂ ਜੀ ਤੋਂ ਉਪਜਦੀ ਅਤੇ ਵਾਹਿਗੁਰੂ ਜੀ ਦੇ ਕਾਨੂੰਨ ਜਾਂ ਹੁਕਮ ਦੇ ਅਧੀਨ ਜਾਂ ਵਾਹਿਗੁਰੂ ਜੀ ਦੇ ਭੈ ਵਿਚ ਰਹਿ ਕੇ ਸਦਾ ਕੰਮ ਕਰਦੀ ਹੈ। ਇਸ ਮਹਾਨ ਸ਼ਕਤੀ ਦੇ ਅਧੀਨ ਸਾਰੀ ਰਚਨਾ ਦਾ ਪ੍ਰਬੰਧ ਕਾਇਮ ਹੈ।

*ਭੈ ਵਿਚਿ ਪਵਣੁ ਵਹੈ ਸਦਵਾਉ॥*
*ਭੈ ਵਿਚਿ ਚਲਹਿ ਲਖ ਦਰੀਆਉ॥*
*ਭੈ ਵਿਚਿ ਅਗਨਿ ਕਢੈ ਵੇਗਾਰਿ॥*
*ਭੈ ਵਿਚਿ ਧਰਤੀ ਦਬੀ ਭਾਰਿ॥* *ਪੰਨਾ - 464*

..... ..... .....

*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥*
*ਕੋਹ ਕਰੋੜੀ ਚਲਤ ਨ ਅੰਤੁ॥*
*ਭੈ ਵਿਚਿ ਸਿਧ ਬੁਧ ਸੁਰ ਨਾਥ॥*
*ਭੈ ਵਿਚਿ ਆਡਾਣੇ ਆਕਾਸ॥*
*ਭੈ ਵਿਚਿ ਜੋਧ ਮਹਾਬਲ ਸੂਰ॥*
*ਭੈ ਵਿਚਿ ਆਵਹਿ ਜਾਵਹਿ ਪੂਰ॥* *ਪੰਨਾ - 464*

ਇਹ ਸ਼ਕਤੀ ਮਾਦੀ (Material) ਨਹੀਂ ਬਲਕਿ ਆਤਮਕ (Spiritual) ਹੁੰਦੀ ਹੈ। ਸੱਤ-ਚਿੱਤ-ਅਨੰਦ ਵਾਹਿਗੁਰੂ ਜੀ ਦੇ ਚਿੱਤ ਤੋਂ ਇਹ ਸ਼ਕਤੀ ਉਪਜਦੀ ਹੈ ਅਤੇ ਉਸ ਦੀ ਤਾਬਿਆਂ ਵਿਚ ਰਹਿ ਕੇ ਜਗਤ ਰਚਨਾ ਦੇ ਸਾਰੇ ਕੰਮ ਸਵਾਰਦੀ ਹੈ।

*ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ॥*
*ਆਪੇ ਦੇ ਵਡਿਆਈਆ ਆਪੇ ਹੀ ਕਰਮ ਕਰਾਇਦਾ॥*

*ਪੰਨਾ - 472*

ਇਨਸਾਨੀ ਦਿਮਾਗ ਦੇ ਪਿਛੇ ਇਹੋ ਆਤਮਕ ਸ਼ਕਤੀ ਬਗੈਰ ਕੋਸ਼ਿਸ਼ ਦੇ ਖੁਦ-ਬ-ਖੁਦ ਕੰਮ ਕਰਦੀ ਹੈ, ਕਿਉਂਕਿ ਵਾਹਿਗੁਰੂ ਜੀ ਦਾ ਚਿੱਤ (mind) ਸਦੀਵੀ, ਅਕਾਲ ਅਤੇ ਅਮੁਕ ਹੈ। ਇਨਸਾਨ ਦੇ ਦਿਮਾਗ ਦਾ ਸੋਮਾ, ਇਹ ਸ਼ਕਤੀ ਵੀ ਸਦੀਵੀ ਅਤੇ ਅਮੁਕ ਹੈ। ਇਨਸਾਨ ਵਾਹਿਗੁਰੂ ਜੀ ਦੀ ਆਪਣੀ ਨਿਜੀ ਘਾੜਤ ਹੈ, ਜਿਸ ਵਿਚ ਵਾਹਿਗੁਰੂ ਜੀ ਦੀਆਂ ਸਿਫਤਾਂ ਤੇ ਖੂਬੀਆਂ ਚਮਕਦੀਆਂ ਰਹਿੰਦੀਆਂ ਹਨ। ਇਨਸਾਨ ਦੇ ਦਿਮਾਗ ਤੋਂ ਜੋ ਕੁਝ ਪੈਦਾ ਹੁੰਦਾ ਹੈ, ਉਸ ਦਾ ਸੋਮਾ ਵਾਹਿਗੁਰੂ ਜੀ ਦਾ ਚਿੱਤ (mind) ਹੈ। ਇਸ ਲਈ ਗਿਆਨ ਵਾਲੇ ਇਨਸਾਨ ਦਾ ਦਿਮਾਗ, ਇਸ ਅਟੱਲ ਸ਼ਕਤੀ ਨਾਲ ਜੁੜਿਆ ਹੋਣ ਕਰਕੇ ਅਥੱਕ ਤੇ ਅਮੁਕ ਹੈ, ਇਸ ਨੂੰ ਥਕੇਵਾਂ ਨਹੀਂ ਆ ਸਕਦਾ।

ਇਨਸਾਨੀ ਥਿਉਰੀ (Theory) ਅਨੁਸਾਰ, ਆਦਮੀ ਦੀ ਸ਼ਕਤੀ, ਉਸ ਦੇ ਜਿਸਮ ਦੀ ਹਾਲਤ ਉਤੇ ਨਿਰਭਰ ਹੁੰਦੀ ਹੈ। ਲਿੱਸੇ ਅਤੇ ਪਤਲੇ ਜਿਸਮ ਵਿਚ ਘਟ ਸ਼ਕਤੀ ਅਤੇ ਮੋਟੇ ਜਿਸਮ ਵਿਚ ਵਧੇਰੇ ਸ਼ਕਤੀ ਮੰਨੀ ਜਾਂਦੀ ਹੈ, ਪਰ ਅਸਲ ਇਨਸਾਨ ਹੱਡ ਚੰਮ ਦੇ ਥੈਲੇ ਦਾ ਨਾਮ ਨਹੀਂ, ਅਸਲ ਇਨਸਾਨ ਮਾਦੇ ਦਾ ਢਾਂਚਾ ਨਹੀਂ। ਅਸਲ ਇਨਸਾਨ ਸਰੀਰ ਵਿਚ ਰਹਿਣ ਵਾਲੀ ਆਤਮਾ ਹੁੰਦੀ ਹੈ, ਜੋ ਕਿ ਵਾਹਿਗੁਰੂ ਜੀ ਦੀ ਜੋਤ ਹੁੰਦੀ ਹੈ ਅਤੇ ਮਾਦੇ ਤੋਂ ਵਖਰੀ ਤੇ ਉਪਰ ਹੁੰਦੀ ਹੈ। ਇਹ ਜੋਤ ਸਰੀਰ ਤੋਂ ਸ਼ਕਤੀ ਨਹੀਂ ਲੈਂਦੀ, ਸਗੋਂ ਆਪਣੇ ਸੋਮੇ ਸ੍ਰੀ ਵਾਹਿਗੁਰੂ ਤੋਂ ਹਰ ਪ੍ਰਕਾਰ ਦੀ ਸ਼ਕਤੀ ਲੈਂਦੀ ਹੈ। ਜਿਵੇਂ ਸੂਰਜ ਦੀ ਕਿਰਨ ਆਪਣਾ ਸਾਰਾ ਆਧਾਰ ਸੂਰਜ ਤੋਂ ਲੈਂਦੀ ਹੈ, ਤਿਵੇਂ ਹੀ ਸਰੀਰਾਂ ਵਿਚ ਰਹਿਣ ਵਾਲੀ ਆਤਮਾ ਆਪਣੀ ਸਾਰੀ ਸ਼ਕਤੀ, ਆਪਣਾ ਸਾਰਾ ਆਧਾਰ, ਪ੍ਰਮਾਤਮਾ ਜਾਂ ਵਾਹਿਗੁਰੂ ਜੀ ਤੋਂ ਲੈਂਦੀ ਹੈ, ਕਿਉਂਕਿ ਵਾਹਿਗੁਰੂ ਜੀ ਅਮੁੱਕ ਤੇ ਅਥੱਕ ਹਸਤੀ ਹੈ, ਇਸ ਲਈ ਸਰੀਰਾਂ ਵਿਚ ਰਹਿਣ ਵਾਲੀ ਆਤਮਾ ਦਾ ਆਧਾਰ ਅਮੁੱਕ ਅਤੇ ਅਥੱਕ ਹੈ। ਅਸਲ ਵਿਚ ਤਾਂ ਵਾਹਿਗੁਰੂ ਜੀ ਤੋਂ ਬਿਨਾ ਸਾਰੀ ਰਚਨਾ ਵਿਚ ਹੋਰ ਕੋਈ ਦੂਜਾ ਹੈ ਹੀ ਨਹੀਂ, ਇਸ ਲਈ ਸਭ ਸੰਸਾਰ ਰਚਨਾ ਸ੍ਰੀ ਵਾਹਿਗੁਰੂ ਜੀ ਦੇ ਚਿੱਤ ਦਾ ਸਰੂਪ ਹੈ ਅਤੇ ਇਸ ਕਰਕੇ ਖਿਆਲੀ (mental) ਹੈ।

ਇਨਸਾਨ ਦਾ ਸਰੀਰਕ ਢਾਂਚਾ ਆਪਣੇ ਆਪ ਵਿਚ ਸ਼ਕਤੀਮਾਨ





ਨਹੀਂ। ਬੇਜਾਨ ਤੇ ਬੇਹਿਸ ਹੋਣ ਕਰਕੇ ਨਾ ਇਹ ਥੱਕਦਾ ਹੈ, ਨਾ ਬੀਮਾਰ ਹੁੰਦਾ ਹੈ ਅਤੇ ਨਾ ਹੀ ਉਮਰ ਨੂੰ ਵਧਾਉਂਦਾ ਜਾ ਘਟਾਂਦਾ ਹੈ। ਮਾਦਾ (matter) ਅਸਲ ਵਿਚ ਕੋਈ ਵਖਰੀ ਵਸਤੂ ਨਹੀਂ, ਕੇਵਲ ਆਤਮਾ ਦੀ ਹੀ ਇਕ ਹਾਲਤ ਹੈ, ਜਿਸ ਦਾ ਮੂਲ ਅਥੱਕ ਤੇ ਅਮੁੱਕ ਵਾਹਿਗੁਰੂ ਜੀ ਹਨ।

ਸਰੀਰ ਦੀ ਥਕਾਵਟ ਸਾਡਾ ਸਰੀਰ ਨਹੀਂ ਬਲਕਿ ਸਾਡਾ ਮਨ ਮਹਿਸੂਸ ਕਰਦਾ ਹੈ। ਮਨ ਥਕਾਵਟ ਇਸ ਕਰਕੇ ਮਹਿਸੂਸ ਕਰਦਾ ਹੈ ਕਿਉਂਕਿ ਇਹ ਆਪਣੀ ਅਸਲੀਅਤ ਤੋਂ ਅਗਿਆਨ ਹੈ। ਮਨ ਦੀ ਅਗਿਆਨਤਾ ਆਪਣੇ ਆਪ ਨੂੰ ਸਰੀਰ ਸਮਝਣ ਵਿਚ ਹੈ। ਮਨ ਸਰੀਰ ਨਹੀਂ ਬਲਕਿ ਜੋਤ ਦਾ ਸਰੂਪ ਹੈ। ਮਨ ਅਗਿਆਨਤਾ ਕਰਕੇ ਆਪਣੇ ਆਪ ਨੂੰ ਜੋਤ ਤੋਂ ਨਿਖੜਿਆ ਅਤੇ ਸਰੀਰ ਨਾਲ ਜੁੜਿਆ ਸਮਝਦਾ ਹੈ। ਜੇਕਰ ਮਨ ਸਰੀਰ ਦੀ ਬਜਾਏ ਆਪਣੇ ਆਪ ਨੂੰ ਆਪਣੇ ਅਮੁੱਕ ਤੇ ਅਥੱਕ ਸੋਮੇ ਸ੍ਰੀ ਵਾਹਿਗੁਰੂ ਜੀ ਨਾਲ ਜੋੜੀ ਰੱਖੇ ਤਾਂ ਉਹ ਆਪਣੇ ਆਪ ਵਿਚ ਕਦੀ ਥਕਾਵਟ ਤੇ ਕਮਜ਼ੋਰੀ ਮਹਿਸੂਸ ਨਹੀਂ ਕਰੇਗਾ। ਜਦ ਸਾਡਾ ਮਨ ਸਿਮਰਨ ਦੀ ਕਮਾਈ ਕਰਕੇ ਸਦਾ ਅੰਤਰਮੁਖੀ ਰਹਿਣਾ ਸਿੱਖ ਜਾਵੇ, ਜਦ ਇਹ ਆਪਣੇ ਆਪ ਨੂੰ ਆਪਣੇ ਆਤਮਕ ਸੋਮੇ ਸ੍ਰੀ ਵਾਹਿਗੁਰੂ ਜੀ ਨਾਲ ਸਦਾ ਜੋੜੀ ਰੱਖੇ ਅਤੇ ਆਪਣੇ ਆਪ ਨੂੰ ਆਪਣੇ ਆਤਮਾ ਜਾਂ ਜੋਤ ਮੰਨਣ ਲਗ ਜਾਵੇ, ਇਸ ਦੇ ਸਰੀਰ ਦੀਆਂ ਸਾਰੀਆਂ ਸ਼ਿਕਾਇਤਾਂ ਖੁਦ-ਬ-ਖੁਦ ਦੂਰ ਹੋ ਜਾਂਦੀਆਂ ਹਨ। ਆਤਮਾ ਨਾਲ ਜੁੜੇ ਰਹਿਣ ਵਾਲਾ ਮਨ, ਖੁਦ ਆਤਮਕ ਬਣ ਜਾਂਦਾ ਹੈ ਅਤੇ ਆਪਣੇ ਸਰੀਰ ਨੂੰ ਸਦਾ ਤੰਦਰੁਸਤ ਤੇ ਨੌਂ-ਬਰ-ਨੌਂ ਦੇਖਦਾ ਹੈ।

ਤੰਦਰੁਸਤੀ ਅਤੇ ਸ਼ਕਤੀ ਲਈ ਸਾਨੂੰ ਹਮੇਸ਼ਾ ਆਪਣੇ ਆਤਮਕ ਸੋਮੇ ਵਲ ਤੱਕਣਾ ਚਾਹੀਦਾ ਹੈ ਸਰੀਰ ਵਲ ਨਹੀਂ ਝਾਕਣਾ ਚਾਹੀਦਾ। ਸਾਨੂੰ ਸਾਡੀ ਜ਼ਰੂਰਤ ਅਨੁਸਾਰ ਚੁਸਤੀ ਤੇ ਸ਼ਕਤੀ ਆਤਮਕ ਵਿਚਾਰਾਂ ਦੇ ਜ਼ਰੀਏ ਸਦਾ ਮਿਲਦੀ ਹੈ, ਕਿਉਂਕਿ ਆਤਮਾ ਅਮੁੱਕ ਸ਼ਕਤੀ ਦਾ ਭੰਡਾਰ ਹੈ।

ਕਈ ਵਾਰੀ ਆਪਣੀ ਥਕਾਵਟ ਦਾ ਕਾਰਨ ਸਾਨੂੰ ਉਨੀਂਦਰਾ, ਕੰਮ ਦੀ ਜ਼ਿਆਦਤੀ ਜਾਂ ਕੋਈ ਹੋਰ ਜਿਸਮਾਨੀ ਸਬੱਬ ਪ੍ਰਤੀਤ ਹੁੰਦਾ ਹੈ, ਪਰ ਵਾਸਤਵ ਵਿਚ ਇਹ ਠੀਕ ਨਹੀਂ ਹੁੰਦਾ। ਅਸਲ ਵਿਚ ਸਾਡੇ ਆਤਮਕ ਦ੍ਰਿਸ਼ਟੀਕੋਣ ਵਿਚ ਕਿਤੇ ਨੁਕਸ ਹੁੰਦਾ ਹੈ, ਸਾਡੀ ਆਤਮਕ ਵਿਚਾਰ ਵਿਚ ਕੋਈ ਗਲਤੀ ਹੁੰਦੀ ਹੈ। ਸਾਡੇ ਮਨ ਦੇ ਗਲਤ ਨਿਸਚੇ ਹੀ ਸਾਡੀ ਥਕਾਵਟ

ਦਾ ਜਾਂ ਬੀਮਾਰੀ ਜਾਂ ਪ੍ਰੇਸ਼ਾਨੀ ਦਾ ਕਾਰਨ ਹੁੰਦੇ ਹਨ। ਮਨ ਦੇ ਗਲਤ ਨਿਸਚਿਆਂ ਨੂੰ ਦੂਰ ਕਰ ਦੇਵੋ ਅਤੇ ਇਨ੍ਹਾਂ ਦੀ ਥਾਂ ਗੁਰਬਾਣੀ ਦੇ ਵਿਗਿਆਨਕ ਨਿਸਚਿਆਂ ਨੂੰ ਧਾਰਨ ਕਰ ਲਵੋ। ਕੁਝ ਅਰਸੇ ਬਾਅਦ ਤੁਸੀਂ ਐਸੇ ਚੰਗੇ ਨਤੀਜੇ ਦੇਖੋਗੇ ਕਿ ਤੁਹਾਨੂੰ ਖੁਦ ਹੈਰਾਨੀ ਹੋਵੇਗੀ।

ਗੱਡੀ ਦਾ ਪਹੀਆ ਕਦੇ ਨਹੀਂ ਆਖਦਾ ਕਿ ਮੈਂ ਥੱਕ ਗਿਆ ਹਾਂ। ਸਾਡਾ ਸਰੀਰ ਵੀ ਏਸੇ ਤਰ੍ਹਾਂ ਕਦੀ ਨਹੀਂ ਆਖ ਸਕਦਾ ਕਿ ਮੈਂ ਥੱਕ ਗਿਆ ਹਾਂ। ਥਕਾਵਟ ਕੇਵਲ ਸਾਡਾ ਅਗਿਆਨੀ ਮਨ ਮਹਿਸੂਸ ਕਰਦਾ ਹੈ। ਆਪਣੀ ਅਸਲੀਅਤ ਦਾ ਗਿਆਨ ਹੋ ਜਾਣ ਉਤੇ ਮਨ ਥਕਾਵਟ ਦੀਆਂ ਸ਼ਿਕਾਇਤਾਂ ਕਰਨੀਆਂ ਛੱਡ ਦੇਵੇਗਾ। 72 ਸਾਲ ਦੀ ਉਮਰ ਵਿਚ ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਤਿੰਨ ਕੋਹਾਂ ਤੋਂ ਦਰਿਆ 'ਚੋਂ ਪਾਣੀ ਦੀ ਗਾਗਰ ਲਿਆਉਣੀ ਸ਼ੁਰੂ ਕੀਤੀ ਅਤੇ 84 ਸਾਲ ਦੀ ਉਮਰ ਤਕ ਬੇ-ਨਾਗਾ ਰੋਜ਼ਾਨਾ ਇਹ ਸੇਵਾ ਖੁਸ਼ੀ ਨਾਲ ਕਰਦੇ ਰਹੇ। ਇਸ ਦਾ ਕਾਰਨ ਇਹੋ ਸੀ ਕਿ ਸ੍ਰੀ ਗੁਰੂ ਜੀ ਦਾ ਮਨ ਆਪਣੇ ਅੰਦਰਲੀ ਅਮੁੱਕ ਤੇ ਅਥੱਕ ਸ਼ਕਤੀ ਦੇ ਸਾਗਰ ਨਾਲ ਜੁੜਿਆ ਰਹਿੰਦਾ ਸੀ ਅਤੇ ਇਸ ਨੂੰ ਪਤਾ ਸੀ ਕਿ ਥਕਾਵਟ ਮਹਿਸੂਸ ਕਰਨ ਵਾਲੀ ਚੀਜ਼ ਸਰੀਰ ਨਹੀਂ ਬਲਕਿ ਮਨ ਦੀ ਅਗਿਆਨਤਾ ਹੈ।

ਜੇਕਰ ਅਸੀਂ ਇਹ ਖਿਆਲ ਕਰਨ ਲਗ ਜਾਈਏ ਕਿ ਸਾਡੇ ਉਤੇ ਬਹੁਤ ਭਾਰੀਆਂ ਜ਼ਿੰਮੇਵਾਰੀਆਂ ਆ ਪਈਆਂ ਹਨ ਜਾਂ ਸਾਨੂੰ ਬਹੁਤ ਜ਼ਿਆਦਾ ਕੰਮ ਕਰਨਾ ਪੈਂਦਾ ਹੈ ਤਾਂ ਅਸੀਂ ਥਕਾਵਟ ਮਹਿਸੂਸ ਕਰਾਂਗੇ। ਜੇਕਰ ਸਾਨੂੰ ਇਹ ਖਿਆਲ ਆਵੇ ਕਿ ਸਾਨੂੰ ਦੂਸਰੇ ਬਹੁਤ ਤੰਗ ਕਰਦੇ ਹਨ ਜਾਂ ਸਾਨੂੰ ਆਪਣਾ ਹਥਲਾ ਕੰਮ ਬਹੁਤ ਔਖਾ ਤੇ ਭਾਰਾ ਲੱਗੇ ਤਾਂ ਅਸੀਂ ਆਪਣੀ ਸ਼ਕਤੀ ਘਟਦੀ ਮਹਿਸੂਸ ਕਰਾਂਗੇ। ਜੇਕਰ ਅਸੀਂ ਆਪਣੇ ਆਪ ਉਤੇ ਤਰਸ ਖਾਣ ਲਗ ਪਈਏ ਕਿ ਸਾਡਾ ਜੀਵਨ ਤਾਂ ਬੜਾ ਤਰਸਯੋਗ ਹੈ, ਐਸਾ ਨਹੀਂ ਹੋਣਾ ਚਾਹੀਦਾ, ਤਦ ਵੀ ਅਸੀਂ ਆਪਣੇ ਆਪ ਵਿਚ ਆਲਸ ਤੇ ਸੁਸਤੀ ਵਧਦੀ ਦੇਖਾਂਗੇ। ਹਰ ਇਕ ਕੰਮ, ਜਿਸਨੂੰ ਅਸੀਂ ਵਾਹਿਗੁਰੂ ਜੀ ਦਾ ਕੰਮ ਸਮਝੀਏ ਪਰ ਉਸ ਦੇ ਸਹਾਰੇ ਕਰਨ ਦਾ ਸਾਡੇ ਵਿਚ ਉਤਸ਼ਾਹ ਨਾ ਹੋਵੇ, ਉਹ ਸਾਨੂੰ ਥਕਾਵੇਗਾ ਅਤੇ ਰੋਜ਼ਾਨਾ ਜੀਵਨ ਇਕ ਬੋਝ ਪ੍ਰਤੀਤ ਹੋਵੇਗਾ। ਮਨ ਦਾ ਹਰ ਇਕ ਗਲਤ ਖਿਆਲ ਸਾਡੀਆਂ ਅੰਦਰੂਨੀ ਸ਼ਕਤੀਆਂ ਨੂੰ ਸੀਮਾ ਵਿਚ ਲਿਆਂਦਾ, ਕਮਜ਼ੋਰ ਕਰਦਾ ਤੇ ਥਕਾਂਦਾ ਹੈ।





ਇਸ ਦੇ ਉਲਟ ਹਰ ਕੰਮ ਜੋ ਕਿ ਵਾਹਿਗੁਰੂ ਜੀ ਦੀ ਜਾਂ ਉਸ ਦੀ ਖਲਕਤ ਦੀ ਸੇਵਾ ਦੇ ਖਿਆਲ ਨਾਲ ਅਤੇ ਉਸ ਦੇ ਨਮਿਤ ਕੀਤਾ ਜਾਵੇ, ਅੰਦਰਲੀਆਂ ਸ਼ਕਤੀਆਂ ਨੂੰ ਥਕਾਵਟ ਤੋਂ ਦੂਰ ਚੜ੍ਹਦੀਆਂ ਕਲਾਂ ਵਿਚ ਰਖਦਾ ਹੈ। ਅਗਰ ਵੀਚਾਰ ਕਰੀਏ ਤਾਂ ਇਨਸਾਨ ਦਾ ਸਾਰਾ ਕੰਮ ਕਿਸੇ ਨਾ ਕਿਸੇ ਸ਼ਕਲ ਵਿਚ ਦੂਸਰੇ ਇਨਸਾਨਾਂ ਦੀ ਸੇਵਾ ਜਾਂ ਭਲੇ ਲਈ ਹੁੰਦਾ ਹੈ। ਦਫਤਰਾਂ ਵਿਚ ਨੌਕਰੀਆਂ, ਬਜ਼ਾਰਾਂ ਵਿਚ ਦੁਕਾਨਦਾਰੀ, ਗਵਰਨਮੈਂਟ ਤੋਂ ਠੇਕੇ ਲੈਣੇ, ਪੁਸਤਕਾਂ ਲਿਖਣੀਆਂ ਜਾਂ ਅਖਬਾਰ ਚਲਾਣੇ, ਡਾਕਟਰੀ, ਵਕਾਲਤ, ਕਵਿਤਾ, ਸੰਗੀਤ, ਚਿਤ੍ਰਕਾਰੀ ਜਾਂ ਹੋਰ ਹੁਨਰ ਤੇ ਪੇਸ਼ੇ, ਸਭ ਦੇ ਸਭ ਖਲਕਤ ਦੀ ਸੇਵਾ ਲਈ ਹੀ ਹੁੰਦੇ ਹਨ। ਕਬੀਰ ਜੀ ਦੇ ਮਹਾਵਾਕ ਅਨੁਸਾਰ ਖਲਕਤ ਅਤੇ ਖੁਦਾ ਵਿਚ ਕੋਈ ਫਰਕ ਨਹੀਂ ਹੁੰਦਾ। *'ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥' (ਪੰਨਾ -1350)* ਜੋ ਇਨਸਾਨ ਆਪਣੇ ਪੇਸ਼ੇ ਜਾਂ ਨੌਕਰੀ ਨੂੰ ਵਾਹਿਗੁਰੂ ਜੀ ਦੀ ਖਲਕਤ ਦੀ ਸੇਵਾ ਲਈ ਕਰਦਾ ਹੈ, ਉਸ ਦੀ ਅੰਦਰਲੀ ਸ਼ਕਤੀ ਸਦਾ ਤਾਜ਼ੀ ਤੇ ਚੜ੍ਹਦੀ ਕਲਾ ਵਿਚ ਰਹਿੰਦੀ ਹੈ। 'ਆਤਮ-ਸਾਇੰਸ' ਦੇ ਕਈ ਵਿਦਿਆਰਥੀ ਸਾਨੂੰ ਦਸਦੇ ਰਹਿੰਦੇ ਹਨ ਕਿ ਜਿਸ ਦਿਨ ਤੋਂ ਉਨ੍ਹਾਂ ਨੇ ਆਪਣੇ ਰੋਜ਼ਾਨਾ ਕੰਮ ਕਾਜ ਨੂੰ ਵਾਹਿਗੁਰੂ ਜੀ ਦੀ ਖਲਕਤ ਦੀ ਸੇਵਾ ਦੇ ਖਿਆਲ ਨਾਲ ਕਰਨਾ ਸ਼ੁਰੂ ਕੀਤਾ ਹੈ, ਉਸ ਦਿਨ ਤੋਂ ਉਨ੍ਹਾਂ ਨੂੰ ਥਕਾਵਟ, ਗੁੱਸਾ ਤੇ ਘਬਰਾਹਟ ਆਉਣੇ ਬੰਦ ਹੋ ਗਏ ਹਨ। ਉਹ ਆਪਣੇ ਪੇਸ਼ੇ ਵਿਚ ਬੜਾ ਉਤਸ਼ਾਹ ਤੇ ਦਿਲਚਸਪੀ ਮਹਿਸੂਸ ਕਰਦੇ ਹਨ।

ਜਦ ਆਦਮੀ ਵਾਹਿਗੁਰੂ ਜੀ ਲਈ ਅਤੇ ਉਸ ਦੀ ਖਲਕਤ ਲਈ ਜੀਉਣ ਲਗ ਪਵੇ ਤਾਂ ਉਹ ਆਪਣਾ ਸਾਰਾ ਕੰਮ-ਕਾਜ, ਆਪਣੀਆਂ ਇਨਸਾਨੀ ਕੋਸ਼ਿਸ਼ਾਂ ਤੇ ਤਦਬੀਰਾਂ ਦਾ ਨਤੀਜਾ ਨਹੀਂ ਸਮਝਦਾ, ਬਲਕਿ ਆਪਣਾ ਸਾਰਾ ਕੰਮ-ਕਾਜ ਵਾਹਿਗੁਰੂ ਜੀ ਦੀ ਵਿਉਂਤ ਅਤੇ ਹੁਕਮ ਅਨੁਸਾਰ ਸਮਝਦਾ ਹੈ ਅਤੇ ਕੰਮ-ਕਾਜ ਕਰਨ ਦੀ ਸ਼ਕਤੀ ਆਪਣੇ ਸਰੀਰ ਵਿਚ ਨਹੀਂ ਬਲਕਿ ਆਪਣੇ ਮਨ ਦੇ ਪਿਛੇ ਸ੍ਰੀ ਵਾਹਿਗੁਰੂ ਜੀ ਦੇ ਅਮੁੱਕ ਸ਼ਕਤੀ ਸਾਗਰ ਤੋਂ ਆਉਂਦੀ ਮਹਿਸੂਸ ਕਰਦਾ ਹੈ। ਆਦਮੀ ਲਈ ਤਦ ਫਿਰ ਆਪਣਾ ਕੰਮ-ਕਾਜ ਬੜਾ ਦਿਲਚਸਪ ਤੇ ਭਾਰਾ ਸ਼ੁਗਲ ਬਣ ਜਾਂਦਾ ਹੈ।

# ਦ੍ਰਿਸ਼ਟੀ

ਦ੍ਰਿਸ਼ਟੀ ਤੋਂ ਮੁਰਾਦ ਕਿਸੇ ਖਾਸ ਮਾਮਲੇ ਨੂੰ ਕਿਸੇ ਖਾਸ ਨੀਯਤ ਨਾਲ ਦੇਖਣਾ ਜਾਂ ਵਿਚਾਰਨਾ ਹੈ। ਕਿਸੇ ਮਾਮਲੇ ਨੂੰ ਜਿਸ ਤਰੀਕੇ ਜਾਂ ਨਿਸਚੇ ਨਾਲ ਵੀਚਾਰੀਏ, ਉਸ ਮਾਮਲੇ ਸਬੰਧੀ ਉਹ ਸਾਡੀ ਦ੍ਰਿਸ਼ਟੀ ਹੁੰਦੀ ਹੈ।

ਇਸ ਬਾਤ ਨੂੰ ਹੁਣ ਵੱਧ ਤੋਂ ਵੱਧ ਮੰਨਿਆ ਜਾਣ ਲਗ ਪਿਆ ਹੈ ਕਿ ਸਾਡੀ ਅੰਦਰਲੀ ਨੀਯਤ ਦੇ ਨਿਸ਼ਚੇ ਸਾਡੇ ਬਾਹਰ ਦੇ ਹਾਲਾਤ ਨੂੰ ਬਦਲਦੇ ਜਾਂ ਢਾਲਦੇ ਹਨ। ਆਤਮ-ਸਾਇੰਸ ਵਿਗਿਆਨਕ ਤੌਰ ਤੇ ਵਾਹਿਗੁਰੂ ਜੀ ਦੀ ਸਰਬ-ਵਿਆਪਕਤਾ ਅਤੇ ਵਾਹਿਗੁਰੂ ਜੀ ਨਾਲ ਅੰਦਰਲੇ ਰਿਸ਼ਤੇ ਨੂੰ ਬਿਆਨ ਕਰਦੀ ਹੈ। ਅਸੀਂ ਵਾਹਿਗੁਰੂ ਜੀ ਦੇ ਪੁੱਤਰ ਹੋਣ ਕਰਕੇ ਉਸੇ ਵਾਹਿਗੁਰੂ ਜੀ ਨਾਲ ਅੰਦਰੋਂ ਅਭੇਦ ਹਾਂ ਜਿਵੇਂ ਬੁਲਬੁਲਾ ਪਾਣੀ ਦਾ ਪੁਤਰ ਹੋਣ ਕਰਕੇ, ਅੰਦਰੋਂ ਪਾਣੀ ਨਾਲ ਇਕਮਿਕ ਹੁੰਦਾ ਹੈ।

ਵਾਹਿਗੁਰੂ ਜੀ ਸਾਡੇ ਆਤਮਕ ਕਾਰਨ ਜਾਂ ਪਿਤਾ ਹੋਣ ਕਰਕੇ, ਸਾਨੂੰ ਆਪਣੇ ਆਪ ਵਾਂਗ ਕਾਇਮ ਤੇ ਸਲਾਮਤ ਰਖਦੇ ਹਨ।

*'ਆਪੀਨੈ ਆਪੁ ਸਾਜਿਓ' ਪੰਨਾ - 463*

*ਕੰਠਿ ਲਗਾਇ ਅਪੁਨੇ ਜਨ ਰਾਖੇ ਅਪੁਨੀ ਪ੍ਰੀਤਿ ਪਿਆਰਾ॥*

*ਪੰਨਾ - 609*

ਵਾਹਿਗੁਰੂ ਜੀ ਦੇ ਆਪਣੇ 'ਆਪੇ' ਤੋਂ ਪੈਦਾ ਹੋਣ ਕਰਕੇ, ਅਸੀਂ ਵਾਹਿਗੁਰੂ ਜੀ ਦੇ 'ਆਪੇ' ਦਾ ਹੀ ਰੂਪ ਹਾਂ। ਜਿਵੇਂ ਸੂਰਜ ਕਿਰਨ ਦਾ ਮੂਲ ਹੁੰਦਾ ਹੈ ਅਤੇ ਕਿਰਨ ਸੂਰਜ ਦਾ ਰੂਪ ਹੁੰਦੀ ਹੈ, ਉਸੇ ਤਰ੍ਹਾਂ ਵਾਹਿਗੁਰੂ ਜੀ ਸਾਡਾ ਮੂਲ ਅਤੇ ਅਸੀਂ ਵਾਹਿਗੁਰੂ ਜੀ ਦੇ ਰੂਪ ਹਾਂ।

ਅੰਦਰਲੀ ਅਭੇਦਤਾ ਹੋਣ ਕਰਕੇ ਕਿਰਨ ਵਿਚ ਸੂਰਜ ਦੇ ਗੁਣ ਅਤੇ ਤੇਜ ਹਰ ਵੇਲੇ ਪ੍ਰਕਾਸ਼ਦੇ ਹਨ। ਏਸੇ ਤਰ੍ਹਾਂ ਸਾਡੀ ਵਾਹਿਗੁਰੂ ਜੀ ਨਾਲ ਅੰਦਰਲੀ ਅਭੇਦਤਾ ਹੋਣ ਕਰਕੇ, ਵਾਹਿਗੁਰੂ ਜੀ ਦੇ ਗੁਣ ਤੇ ਤੇਜ ਸਾਡੇ ਅੰਦਰ ਹਰ ਵੇਲੇ ਪ੍ਰਕਾਸ਼ਮਾਨ ਹਨ। ਵਾਹਿਗੁਰੂ ਜੀ ਦੇ ਗੁਣ ਅਸੀਂ ਆਪਣੇ ਅੰਦਰ ਹੁਣ ਪੈਦਾ ਨਹੀਂ ਕਰਨੇ, ਉਹ ਤੇ ਅੱਗੇ ਤੋਂ ਪਹਿਲੇ ਤੋਂ ਹੀ ਸਾਡੇ ਅੰਦਰ ਮੌਜੂਦ ਹਨ।





ਗਲਤ ਨਿਸ਼ਚੇ ਗਲਤ ਦ੍ਰਿਸ਼ਟੀ ਅਤੇ ਠੀਕ ਜਾਂ ਵਿਗਿਆਨਕ ਨਿਸ਼ਚੇ, ਸਹੀ ਜਾਂ ਸੱਚੀ ਦ੍ਰਿਸ਼ਟੀ ਪੈਦਾ ਕਰਦੇ ਹਨ। ਧਾਰਮਿਕ ਬੋਲੀ ਵਿਚ ਗਲਤ ਦ੍ਰਿਸ਼ਟੀ ਨੂੰ ਮਨਮਤ ਅਤੇ ਵਿਗਿਆਨਕ ਜਾਂ ਠੀਕ ਦ੍ਰਿਸ਼ਟੀ ਨੂੰ 'ਗੁਰਮਤਿ' ਆਖਦੇ ਹਨ।

ਮਨਮਤ ਜਾਂ ਗਲਤ ਨਿਸ਼ਚੇ, ਗਲਤ ਦ੍ਰਿਸ਼ਟੀ ਪੈਦਾ ਕਰਦੇ ਹਨ ਅਤੇ ਗਲਤ ਦ੍ਰਿਸ਼ਟੀ, ਗਲਤ ਹਾਲਾਤ ਪੈਦਾ ਕਰਕੇ ਸਾਡਾ ਗਲਤ ਜਗਤ ਬਣਾਂਦੀ ਹੈ। ਇਸ ਦੇ ਉਲਟ ਗੁਰਮਤਿ ਜਾਂ ਵਿਗਿਆਨਕ ਨਿਸ਼ਚੇ, ਸਾਡੀ ਦਰੁਸਤ ਜਾਂ ਵਿਗਿਆਨਕ ਦ੍ਰਿਸ਼ਟੀ ਬਣਾ ਕੇ ਸਾਡਾ ਜਗਤ ਦਰੁਸਤ, ਸੁਖੀ ਤੇ ਸੁਹਾਵਣਾ ਬਣਾਂਦੇ ਹਨ।

ਗਲਤ ਦ੍ਰਿਸ਼ਟੀ ਤੋਂ ਬਣੇ ਜਗਤ ਵਿਚ ਪਾਪ, ਦੁਖ, ਬੀਮਾਰੀ, ਚਿੰਤਾ, ਪਰੇਸ਼ਾਨੀ ਅਤੇ ਮੌਤ ਨਜ਼ਰ ਆਉਂਦੇ ਹਨ ਅਤੇ ਠੀਕ ਜਾਂ ਵਿਗਿਆਨਕ ਦ੍ਰਿਸ਼ਟੀ ਤੋਂ ਬਣੇ ਜਗਤ ਵਿਚ, ਪਵਿੱਤਰਤਾ, ਸੁਖ, ਅਰੋਗਤਾ, ਬੇ-ਫਿਕਰੀ, ਬੇ-ਪ੍ਰਵਾਹੀ ਅਤੇ ਸਦੀਵੀ ਜੀਵਨ ਦਿਸਦੇ ਹਨ।

ਅਸੀਂ ਹੁਣ ਇਹ ਵਿਚਾਰਨਾ ਹੈ ਕਿ ਅਸੀਂ ਆਪਣਾ ਜਗਤ ਕੈਸਾ ਬਨਾਣਾ ਹੈ? ਮਾੜੇ ਤੇ ਦੁਖਦਾਈ ਜਗਤ ਵਿਚ ਤਾਂ ਕੋਈ ਵੀ ਰਹਿਣਾ ਪਸੰਦ ਨਹੀਂ ਕਰੇਦਾ, ਇਸ ਲਈ ਚੰਗੇ ਤੇ ਸੋਹਣੇ ਜਗਤ ਲਈ ਸਾਨੂੰ ਆਪਣੀ ਦ੍ਰਿਸ਼ਟੀ ਚੰਗੀ ਵਿਗਿਆਨਕ ਬਨਾਣੀ ਹੋਵੇਗੀ।

ਅਗਿਆਨੀ ਮਨ, ਵਾਹਿਗੁਰੂ ਨਾਲ ਸਾਡੀ ਅਭੇਦਤਾ ਤੇ ਆਜ਼ਾਦੀ ਨੂੰ ਝੂਠ ਮੰਨੇਗਾ ਤੇ ਇਸ ਤੇ ਸ਼ੱਕ ਕਰੇਗਾ। ਅਗਿਆਨੀ ਮਨ ਦਾ ਇਕ ਭੁਲੇਖਾ ਇਹ ਵੀ ਹੈ ਕਿ ਨੇਕੀ ਦਾ ਅਸਰ ਤੇ ਨਤੀਜਾ ਦੇਰ ਨਾਲ ਨਿਕਲਦਾ ਹੈ, ਪਰ ਆਤਮ-ਸਾਇੰਸ ਅਨੁਸਾਰ ਵਾਹਿਗੁਰੂ ਜੀ ਦਾ ਤੇਜ ਹਰ ਸਮੇਂ ਠਾਠਾਂ ਮਾਰ ਰਿਹਾ ਹੈ ਅਤੇ ਨੇਕੀ ਦਾ ਅਸਰ ਤੇ ਨਤੀਜਾ ਫੌਰਨ ਨਿਕਲਦਾ ਹੈ। ਨੇਕੀ ਇਕ ਮੌਜੂਦ ਸਚਾਈ ਹੈ, ਇਸ ਦੇ ਅਸਰ ਨੂੰ ਉਡੀਕਣ ਦੀ ਲੋੜ ਨਹੀਂ। ਇਨਸਾਨ ਵਾਹਿਗੁਰੂ ਨਾਲ ਅੰਦਰੋਂ ਅਭੇਦ ਹੋਣ ਕਰਕੇ, ਨੇਕੀ ਨੂੰ ਹਰਦਮ ਪ੍ਰਕਾਸ਼ਦਾ ਹੈ। ਇਨਸਾਨ ਨੂੰ ਨੇਕ ਬਨਣ ਲਈ ਉਡੀਕਣ ਦੀ ਲੋੜ ਨਹੀਂ। ਵਾਹਿਗੁਰੂ ਜੀ ਨੇਕੀ ਦਾ ਸੂਰਜ ਹਨ ਅਤੇ ਕਿਰਨ ਹੋਣ ਕਰਕੇ, ਇਨਸਾਨ ਨੇਕੀ ਨੂੰ ਹਰ ਵਕਤ ਪ੍ਰਕਾਸ਼ਦਾ ਹੈ।

ਸਰਬ ਸੁਖਾ ਮੈ ਭਾਲਿਆ ਹਰਿ ਜੇਵਡੁ ਨ ਕੋਈ (396)

ਨੇਕੀ ਪ੍ਰਕਾਸ਼ਨ ਵਿਚ ਅਤੇ ਦੁਨਿਆਵੀ ਪਦਾਰਥ ਇਕੱਠੇ ਕਰਨ ਵਿਚ ਕਿਤਨਾ ਫਰਕ ਹੈ? ਦੁਨਿਆਵੀ ਪਦਾਰਥ ਮਿਲਣ ਉਤੇ ਉਨ੍ਹਾਂ ਦੀ ਸਾਂਭ ਦੀ ਜ਼ਿੰਮੇਵਾਰੀ ਪੈਦਾ ਹੋ ਜਾਂਦੀ ਹੈ, ਪਰ ਨੇਕੀ ਪ੍ਰਕਾਸ਼ਨ ਨਾਲ ਅਸੀਂ ਆਪਣੀ ਅਸਲੀ ਤੇ ਵੱਡੀ ਸ਼ਖਸੀਅਤ ਦੇ ਜਾਣੂ ਹੋ ਜਾਂਦੇ ਹਾਂ ਅਤੇ ਆਪਣੀ ਅਸਲੀਅਤ ਨੂੰ ਹੋਰ ਵਧੇਰੇ ਪ੍ਰਕਾਸ਼ਨ ਦੇ ਯੋਗ ਬਣਾਂਦੇ ਹਾਂ। ਦੁਨਿਆਵੀ ਤੌਰ ਤੇ ਅਮੀਰ ਬਨਣ ਨਾਲੋਂ, ਨੇਕ ਜਾਂ ਚੰਗਾ ਬਨਣ ਵਿਚ ਸਾਨੂੰ ਬਹੁਤ ਆਤਮਕ ਲਾਭ ਹੈ। ਨੇਕੀ ਪ੍ਰਕਾਸ਼ਨ ਨਾਲ ਸਾਨੂੰ ਆਪਣੇ ਆਪੇ ਵਿਚੋਂ ਉਹ ਮਹਾਂ ਅਨੰਦ ਆਉਂਦਾ ਹੈ, ਜੋ ਦੁਨਿਆਵੀ ਪਦਾਰਥਾਂ ਦੇ ਹਾਸਲ ਕਰਨ ਦੇ ਅਨੰਦ ਤੋਂ ਬਹੁਤ ਉਚਾ ਤੇ ਸੁੱਚਾ ਹੁੰਦਾ ਹੈ।

ਆਤਮ-ਸਾਇੰਸ ਦੀ ਵਿਚਾਰ ਸਾਨੂੰ ਇਹ ਦ੍ਰਿਸ਼ਟੀ ਬਖਸ਼ਦੀ ਹੈ, ਜਿਸ ਵਿਚ ਕਰਤਾਰ ਅਤਿ ਭਲਾ ਤੇ ਸਰਬ-ਵਿਆਪਕ ਮਹਿਸੂਸ ਹੋਣ ਲਗ ਜਾਂਦਾ ਹੈ। ਜਦ ਅਤਿ ਭਲਾ ਤੇ ਸਰਬ-ਵਿਆਪਕ ਵਾਹਿਗੁਰੂ ਜੀ ਜਗਤ ਰਚਨਾ ਦੇ ਪਿਛੇ, ਜਗਤ ਰਚਨਾ ਦਾ ਮੂਲ ਹਨ ਅਤੇ 'ਕਰਤਾ ਪੁਰਖ' ਤੇ ਕਾਰਨ ਕਰਨ ਹਨ ਤਾਂ ਪ੍ਰਤੀਤ ਹੋਵੇਗਾ ਕਿ ਜਗਤ ਰਚਨਾ ਵਿਚ ਨੇਕੀ ਮਹਾਂ ਪਰਬਲ ਸ਼ਕਤੀ ਅਤੇ ਬਦੀ ਮਹਾਂ ਨਿਰਬਲ ਹੈ। ਸਰਬ-ਵਿਆਪਕ ਨੇਕੀ ਦੇ ਸੋਮੇ ਵਾਹਿਗੁਰੂ ਜੀ ਦੇ ਹੁੰਦਿਆਂ ਬਦੀ ਦਾ ਕਾਇਮ ਰਹਿ ਸਕਣਾ ਹੀ ਅਸੰਭਵ ਹੈ। ਸਭ ਹਰਕਤਾਂ ਸਭ ਵਿਉਂਤਾਂ, ਸਭ ਨਿਯਮ, ਅਤਿ ਭਲੇ ਤੇ ਸਰਬ-ਵਿਆਪਕ ਵਾਹਿਗੁਰੂ ਜੀ ਤੋਂ ਪੈਦਾ ਹੁੰਦੇ ਹਨ, ਇਸ ਕਰਕੇ ਹਾਦਸੇ, ਬਿਮਾਰੀਆਂ, ਦੁਖ, ਪਰੇਸ਼ਾਨੀ ਅਤੇ ਮੌਤ ਵਾਸਤਵ ਵਿਚ ਕੁਝ ਨਹੀਂ, ਕੇਵਲ ਵਾਹਿਗੁਰੂ ਜੀ ਦੀ ਫਰਜ਼ੀ ਗੈਰਹਾਜ਼ਰੀ ਮਹਿਸੂਸ ਕਰਨ ਵਾਲੇ ਮਨ ਨੂੰ ਅਗਿਆਨਤਾ ਦੇ ਫਰਜ਼ੀ ਸਮੇਂ ਲਈ ਪ੍ਰਤੀਤ ਹੁੰਦੀਆਂ ਹਨ। ਇਸ ਦ੍ਰਿਸ਼ਟੀ ਨਾਲ ਦੇਖਿਆਂ ਜਗਤ ਦਾ ਪ੍ਰਬੰਧ ਬਗੈਰ ਕਿਸੇ ਖਲਲ ਦੇ ਸਹਿਜ ਵਿਚ ਅਡੋਲ ਰਹਿ ਕੇ, ਨਿਯਮਾਂ ਵਿਚ ਬੱਝ ਕੇ ਤੁਰਨਾ ਜ਼ਰੂਰੀ ਹੈ ਅਤੇ ਖੰਡਾਂ ਬ੍ਰਹਿਮੰਡਾਂ ਵਿਚ ਹੀ ਹਰਕਤ ਤੇ ਹਰ ਕੰਮ ਦਾ ਸਹਿਜ ਤੇ ਅਡੋਲਤਾ ਨਾਲ ਹੋਣਾ ਜ਼ਰੂਰੀ ਹੈ।

ਆਤਮ-ਸਾਇੰਸ ਦੀ ਇਹ ਦ੍ਰਿਸ਼ਟੀ, ਇਸ ਸਾਇੰਸ ਦੇ ਮਾਹਿਰ ਨੂੰ ਨਿਰਭੈ ਬਣਾ ਦੇਂਦੀ ਹੈ ਅਤੇ ਉਹ ਨੇਕੀ ਦੇ ਸੋਮੇ ਅਤੇ ਸਰਬ-ਵਿਆਪਕ ਵਾਹਿਗੁਰੂ ਜੀ ਤੇ ਅਹਿਲ ਭਰੋਸਾ ਰੱਖ ਕੇ ਜੀਵਨ ਦੀ ਹਰ ਘਟਨਾ ਵਿਚ



ਸਿਮਰਿ ਸਿਮਰਿ ਪ੍ਰਭੁ ਨਿਰਭਉ ਹੋਇ (184)

ਸਿਵਾਏ ਨੇਕੀ ਦੇਖਣ ਦੇ ਹੋਰ ਕੁਛ ਨਹੀਂ ਦੇਖਦਾ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਆਤਮ ਸਾਇੰਸ ਦੇ ਮਾਹਿਰ ਨੂੰ, ਆਪਣੇ ਜੀਵਨ ਵਿਚ ਸਫਲਤਾ, ਖੇੜਾ ਅਤੇ ਪੂਰਨਤਾ ਨਜ਼ਰ ਆਉਂਦੇ ਹਨ ਅਤੇ ਅਸਫਲਤਾ, ਦਿਲਗੀਰੀ ਤੇ ਨਿਰਾਸਤਾ ਉਸ ਦੇ ਮਨ ਵਿਚੋਂ ਸਦਾ ਲਈ ਅਲੋਪ ਹੋ ਜਾਂਦੇ ਹਨ।

ਜਪਿ ਜਪਿ ਹਰਿ ਕਾ ਨਾਮੁ ਕਦੇ ਨ ਝੂਰੀਐ (398)

# ਆਤਮ ਸਾਇੰਸ ਦੇ ਥੰਮ

ਆਤਮ ਸਾਇੰਸ ਦੇ ਕਈ ਐਸੇ ਮੁਢਲੇ ਨਿਯਮ ਹਨ ਜਿਨ੍ਹਾਂ ਨੂੰ ਗੁਰਮਤਿ ਜਾਂ ਆਤਮ-ਸਾਇੰਸ ਦੇ ਅਰਸ਼ੀ ਮਹਲ ਦੇ ਵੱਡੇ ਥੰਮ ਕਿਹਾ ਜਾ ਸਕਦਾ ਹੈ। ਇਸ ਲੇਖ ਵਿਚ ਅਸੀਂ ਇਨ੍ਹਾਂ ਬਾਬਤ ਕੁਝ ਵਿਚਾਰ ਕਰਾਂਗੇ।

ਆਤਮ ਸਾਇੰਸ ਦਾ ਪਹਿਲਾ ਸਤੂਨ ਜਾਂ ਥੰਮ ਇਹ ਨਿੱਗਰ ਸਚਾਈ ਹੈ ਕਿ ਵਾਹਿਗੁਰੂ ਜੀ 'ਜੀਵਨ' ਹਨ ਅਤੇ ਜਿਥੇ ਜੀਵਨ ਹੈ, ਉਥੇ ਹੀ ਵਾਹਿਗੁਰੂ ਜੀ ਹਨ। ਜੀਵਨ ਚੇਤਨਤਾ ਹੈ ਅਤੇ ਜਿਥੇ ਚੇਤਨਤਾ ਹੈ ਉਥੇ ਹੀ ਵਾਹਿਗੁਰੂ ਜਾਂ ਪ੍ਰਮਾਤਮਾ ਹੈ। ਚੇਤਨਤਾ ਜਾਂ ਜੀਵਨ ਚੰਗਿਆਈ ਹੀ ਚੰਗਿਆਈ ਹੈ। ਇਸ ਵਿਚੋਂ ਬਦੀ ਜਾਂ ਬੁਰਿਆਈ ਦਾ ਤੁਖਮ ਜਾਂ ਖੁਰਾ ਖੋਜ ਨਹੀਂ।

ਇਹ ਜੀਵਨ ਜਾਂ ਚੇਤਨਤਾ ਜਾਂ ਵਾਹਿਗੁਰੂ ਸਾਡਾ ਆਪਣਾ ਅਸਲ ਆਪਾ ਜਾਂ ਮੂਲ ਹੈ। ਸਾਡੇ ਆਪੇ ਦਾ ਦੂਜਾ ਨਾਮ ਆਤਮਾ ਹੈ। ਸਾਡੇ ਆਪੇ, ਮੂਲ ਜਾਂ ਆਤਮਾ ਵਿਚ ਨਿਰੋਲ ਚੰਗਿਆਈ ਹੀ ਚੰਗਿਆਈ ਹੈ, ਗੁਣ ਹੀ ਗੁਣ ਹਨ, ਸਿਫਤਾਂ ਹੀ ਸਿਫਤਾਂ ਹਨ। ਪਾਪ, ਦੁਖ, ਬੀਮਾਰੀ, ਮੌਤ ਜਾਂ ਕਿਸੇ ਸ਼ਕਲ ਵਿਚ ਵੀ ਬਦੀ ਨਹੀਂ। ਸਾਡੇ ਅਸਲ ਆਪੇ ਨੂੰ ਬਦੀ ਦਾ, ਦੁਖ ਦਾ, ਬੀਮਾਰੀ ਤੇ ਮੌਤ ਦਾ ਏਸੇ ਤਰ੍ਹਾਂ ਪਤਾ ਨਹੀਂ ਜਿਵੇਂ ਚਾਨਣ ਨੂੰ ਹਨ੍ਹੇਰੇ ਦਾ ਪਤਾ ਨਹੀਂ ਹੁੰਦਾ ਕਿ ਹਨ੍ਹੇਰਾ ਕੀ ਹੈ। ਜਿਸ ਤਰ੍ਹਾਂ ਚਾਨਣ ਵਿਚ ਹਨ੍ਹੇਰੇ ਦਾ ਤੁਖਮ ਤਕ ਨਹੀਂ, ਚਾਨਣ ਵਿਚ ਹਨ੍ਹੇਰੇ ਦਾ ਖੁਰਾ ਖੋਜ ਨਹੀਂ ਮਿਲਦਾ, ਏਸੇ ਤਰ੍ਹਾਂ ਸਾਡੇ ਆਪੇ, ਮੂਲ ਜਾਂ ਆਤਮਾ ਵਿਚ ਬਦੀ ਦਾ ਕਿਸੇ ਤਰ੍ਹਾਂ ਦਾ ਤੁਖਮ ਨਹੀਂ, ਖੁਰਾ ਖੋਜ ਨਹੀਂ। ਜਿਥੇ ਚਾਨਣ ਹੈ ਉਥੇ ਹਨ੍ਹੇਰਾ ਨਹੀਂ ਅਤੇ ਜਿਥੇ ਹਨ੍ਹੇਰਾ ਹੈ ਉਥੇ ਚਾਨਣ ਨਹੀਂ। ਇਸੇ ਤਰ੍ਹਾਂ ਜਿਥੇ ਸਾਡਾ ਆਪਾ ਹੈ ਉਥੇ ਬਦੀ ਜਾਂ ਮਾਇਆ ਨਹੀਂ ਅਤੇ ਜਿਥੇ ਬਦੀ ਜਾਂ ਮਾਇਆ ਹੈ, ਉਥੇ ਸਾਡਾ ਆਪਾ, ਮੂਲ ਜਾਂ ਆਤਮਾ ਨਹੀਂ। ਹਨ੍ਹੇਰਾ ਕੇਵਲ ਚਾਨਣ ਦੀ ਗੈਰਹਾਜ਼ਰੀ ਦਾ ਨਾਮ ਹੈ, ਆਪਣੇ ਆਪ ਵਿਚ ਕੁਝ ਨਹੀਂ। ਏਸੇ ਤਰ੍ਹਾਂ ਬਦੀ ਜਾਂ ਮਾਇਆ ਕੇਵਲ ਆਤਮਾ ਦੀ ਗੈਰਹਾਜ਼ਰੀ ਦਾ ਨਾਮ ਹੈ, ਆਪਣੇ ਆਪ ਵਿਚ ਕੁਝ ਨਹੀਂ।



ਸਰਬ ਰੋਗ ਕਾ ਅਉਖਦੁ ਨਾਮੁ (274)

ਆਤਮ ਸਾਇੰਸ ਦਾ ਦੂਜਾ ਸਤੂਨ ਜਾਂ ਥੰਮ ਇਹ ਨਿਗਰ ਸਚਾਈ ਹੈ ਕਿ ਜੀਵਨ ਜਾਂ ਚੇਤਨਤਾ ਪਾਪ ਤੋਂ ਰਹਿਤ ਹੈ ਅਤੇ ਇਸ ਦਾ ਕੇਂਦਰ ਸਰੀਰਾਂ ਵਿਚ ਨਹੀਂ। ਜੀਵਨ ਜਾਂ ਚੇਤਨਤਾ ਉਸੇ ਤਰ੍ਹਾਂ ਮਾਇਆ ਦੇ ਸੁਫਨੇ ਵਿਚ ਨਿਰਲੇਪ ਹੈ ਜਿਵੇਂ ਮੁਰਗਾਬੀ ਪਾਣੀ ਵਿਚ ਨਿਰਲੇਪ ਰਹਿੰਦੀ ਹੈ। ਮੁਰਗਾਬੀ ਪਾਣੀ ਵਿਚ ਰਹਿੰਦੀ ਹੈ ਪਰ ਪਾਣੀ ਦਾ ਇਸ ਤੇ ਕਦੀ ਕੋਈ ਅਸਰ ਨਹੀਂ ਹੁੰਦਾ। ਇਸੇ ਤਰ੍ਹਾਂ ਜੀਵਨ, ਚੇਤਨਤਾ ਜਾਂ ਆਤਮਾ ਸਰੀਰਾਂ ਥਾਣੀਂ ਨਾਮ ਰੂਪ ਦੇ ਜ਼ਰੀਏ ਅਨੇਕ ਖੇਡ ਖੇਡਦੀ ਹੈ, ਪਰ ਖੇਡ ਦਾ ਇਸ ਤੇ ਕੋਈ ਅਸਰ ਨਹੀਂ, ਇਹ ਸਦਾ ਅਲੇਪ ਤੇ ਬੇ-ਦਾਗ ਰਹਿੰਦੀ ਹੈ। ਮੁਰਗਾਬੀ ਜਦ ਜੀਅ ਕਰੇ ਪਾਣੀ ਵਿਚ ਤਾਰੀਆਂ ਲਾਂਦੀ ਹੈ, ਪਰ ਪਾਣੀ ਤੋਂ ਕਿਤੇ ਉਤੇ, ਪਾਣੀ ਤੋਂ ਅਲਹਿਦਾ ਹੋ ਜਾਂਦੀ ਹੈ। ਏਸੇ ਤਰ੍ਹਾਂ ਸਾਡਾ ਅਸਲ ਆਪਾ (ਜੀਵਨ-ਚੇਤਨਤਾ) ਮਾਇਆ ਦੇ ਸੁਫਨੇ ਵਿਚ ਵਿਚਰਦਾ ਹੋਇਆ ਸਰੀਰਾਂ ਜਾਂ ਨਾਮ ਰੂਪ ਵਿਚ ਰਹਿੰਦਾ ਹੋਇਆ ਸਦਾ ਮਾਇਆ ਤੋਂ, ਪੁੰਨ ਪਾਪ ਤੋਂ ਨਿਰਲੇਪ ਜਾਂ ਅਲਹਿਦਾ ਰਹਿੰਦਾ ਹੈ। ਸਾਡਾ ਆਪਾ ਜਾਂ ਮੂਲ ਸਰੀਰਾਂ ਵਿਚ ਰਹਿੰਦਾ ਹੋਇਆ ਅਸਲ ਵਿਚ ਸਰੀਰਾਂ ਤੋਂ ਪਰੇ ਤੇ ਅਲਹਿਦਾ ਹੁੰਦਾ ਹੈ। ਜਿਵੇਂ ਰਾਤ ਨੂੰ ਅਸੀਂ ਸੁਫਨਾ ਦੇਖਦੇ ਹਾਂ, ਪਰ ਸੁਫਨਾ ਦੇਖਦੇ ਹੋਏ ਵੀ, ਸੁਫਨੇ ਤੋਂ ਵੱਖ ਆਪਣੇ ਪਲੰਘ ਉਤੇ ਲੇਟੇ ਹੋਏ ਹੁੰਦੇ ਹਾਂ, ਸੁਫਨੇ ਵਿਚ ਸਾਰੇ ਸਰੀਰ ਵਿਚ ਹੁੰਦੇ ਹੋਏ ਵੀ ਅਸਲ ਵਿਚ ਸੁਫਨੇ ਦੇ ਸਰੀਰ ਵਿਚ ਨਹੀਂ ਹੁੰਦੇ, ਬਲਕਿ ਆਪਣੇ ਪਲੰਘ ਤੇ ਲੇਟੇ ਹੁੰਦੇ ਹਾਂ, ਉਸੇ ਤਰ੍ਹਾਂ ਹੀ ਅਸੀਂ ਜਾਗ ਕੇ ਜੋ ਜਗਤ ਸੁਫਨਾ ਦੇਖਦੇ ਹਾਂ ਅਤੇ ਜਗਤ ਸੁਫਨੇ ਵਿਚ ਜੋ ਸਰੀਰਧਾਰੀ ਬੈਠੇ ਹਾਂ, ਅਸਲ ਵਿਚ ਅਸੀਂ ਇਸ ਜਗਤ ਸੁਫਨੇ ਵਿਚ ਧਾਰੇ ਸਰੀਰ ਵਿਚ ਵੀ ਨਹੀਂ ਹਾਂ, ਸਗੋਂ ਇਸ ਤੋਂ ਸਦਾ ਅਲਹਿਦਾ ਜਾਂ ਵਖਰੇ ਹਾਂ। ਸਾਡਾ ਆਪਣੇ ਸਰੀਰਾਂ ਵਿਚ ਨਾ ਹੋਣਾ ਇਕ ਅਸਚਰਜ ਸਚਾਈ ਹੈ ਜੋ ਕਿ ਸਿਮਰਨ ਅਭਿਆਸ ਵਿਚ ਪ੍ਰਤੱਖ ਨਜ਼ਰ ਆਉਂਦੀ ਹੈ। ਸਿਮਰਨ ਅਭਿਆਸ ਵਿਚ ਕਿਸੇ ਕਿਸੇ ਵੇਲੇ ਅਸੀਂ ਸਰੀਰ ਤੋਂ ਵਖਰੇ ਹੋ ਜਾਂਦੇ ਹਾਂ, ਕਿਸੇ ਕਿਸੇ ਵੇਲੇ ਜਗਤ ਰਚਨਾ ਸਾਡੇ ਸਰੀਰਾਂ ਸਮੇਤ ਅਲੋਪ ਹੋ ਜਾਂਦੀ ਹੈ ਅਤੇ ਅਸੀਂ ਆਪਣੇ ਵਿਚ ਜਾਂ ਨਿਜ ਘਰ ਵਿਚ ਅਥਾਹ ਤੇ ਅਕਹਿ ਅਨੰਦ ਮਾਣਦੇ ਹਾਂ। ਸਾਡਾ ਆਪਣੇ ਸਰੀਰ ਤੋਂ ਅਸੰਗ ਹੋਣਾ ਜਾਂ ਨਾਮ ਰੂਪ ਤੋਂ ਅਲਹਿਦਾ ਹੋਣਾ ਸਾਨੂੰ ਮੌਤ ਉਤੇ

ਫਤਹਿ ਪਾਉਣ ਵਿਚ ਬੜੀ ਸਹਾਇਤਾ ਕਰਦਾ ਹੈ। ਅਸੀਂ ਸਰੀਰ ਵਿਚ ਰਹਿੰਦੇ ਹੋਏ ਵੀ ਸਰੀਰ ਤੋਂ ਵਖਰੇ ਹਾਂ, ਤਾਂ ਫਿਰ ਸਰੀਰ ਦੇ ਬਿਨਸਨ ਨਾਲ ਸਾਡਾ ਕੀ ਵਾਸਤਾ ਹੈ? ਜੇਕਰ ਤਲਾਅ ਦਾ ਪਾਣੀ ਸੁੱਕ ਜਾਵੇ ਤਾਂ ਮੁਰਗਾਬੀ ਦਾ ਕੀ ਵਿਗੜਦਾ ਹੈ, ਉਹ ਦੂਜੇ ਤਲਾਅ ਵਿਚ ਜਾ ਕੇ ਤਾਰੀਆਂ ਲਾ ਸਕਦੀ ਹੈ। ਇਸੇ ਤਰ੍ਹਾਂ ਅਸੀਂ ਸਰੀਰ ਤੋਂ ਵਖਰੇ ਹੋਣ ਕਰਕੇ, ਸਰੀਰ ਦੇ ਬਿਨਸਨ ਨਾਲ ਬਿਨਸਦੇ ਨਹੀਂ ਸਗੋਂ ਬੇਅੰਤ ਹੋਰ ਸਰੀਰ ਧਾਰ ਸਕਣ ਦੀ ਸ਼ਕਤੀ ਰਖਦੇ ਹਾਂ ਅਤੇ ਜੇ ਨਾ ਚਾਹੀਏ ਤਾਂ ਸਰੀਰਾਂ ਵਿਚ ਨਾ ਆ ਕੇ, ਆਪਣੀ ਹਸਤੀ ਨੂੰ ਪੂਰਨ ਅਨੰਦਮਈ ਅਵਸਥਾ ਵਿਚ ਅਸਥੂਲ ਸਰੀਰ ਤੋਂ ਅਲਹਿਦਾ, ਜਗਤ ਰਚਨਾ ਤੋਂ ਅਲਹਿਦਾ, ਕਾਇਮ ਰਖ ਸਕਦੇ ਹਾਂ। ਜਿਵੇਂ ਸੁਫਨਾ ਦੇਖਣ ਵਾਲਾ, ਸਦਾ ਸੁਫਨੇ ਦੇ ਸਰੀਰ ਤੋਂ ਅਲਹਿਦਾ, ਆਪਣੇ ਮੰਜੇ ਤੇ ਸੁਤਾ ਪਿਆ ਹੁੰਦਾ ਹੈ, ਉਸੇ ਤਰ੍ਹਾਂ ਜਗਤ ਸੁਫਨਾ ਦੇਖਦੇ ਹੋਏ ਵੀ ਅਸੀਂ ਜਗਤ ਸੁਫਨੇ ਦੇ ਸਰੀਰ ਵਿਚ ਨਹੀਂ ਸਗੋਂ ਸਦਾ ਇਸ ਤੋਂ ਅਲਹਿਦਾ, ਆਪਣੇ ਆਪੇ ਜਾਂ ਨਿਜ ਘਰ ਵਿਚ ਟਿਕੇ ਹੋਏ ਹਾਂ।

ਆਤਮ-ਸਾਇੰਸ ਦਾ ਤੀਜਾ ਥੰਮ ਇਹ ਸਚਾਈ ਹੈ ਕਿ ਜੀਵਨ ਚੇਤਨਤਾ ਜਾਂ ਸਾਡਾ ਆਪਾ ਕਦੀ ਮਰ ਨਹੀਂ ਸਕਦਾ। ਇਹ ਸਦਾ ਤੋਂ ਕਾਇਮ ਅਤੇ ਸਦਾ ਹੀ ਕਾਇਮ ਰਹੇਗਾ। ਇਸ ਨੂੰ ਮੌਤ ਦਾ ਉਸੇ ਤਰ੍ਹਾਂ ਕੁਝ ਪਤਾ ਨਹੀਂ ਜਿਵੇਂ ਕਿ ਚਾਨਣ ਨੂੰ ਹਨ੍ਹੇਰੇ ਦਾ ਕੋਈ ਪਤਾ ਨਹੀਂ ਹੁੰਦਾ।

ਇਸ ਸਚਾਈ ਦਾ ਸਾਨੂੰ ਤਦ ਯਕੀਨ ਆ ਜਾਵੇਗਾ ਜਦ ਸਾਨੂੰ ਇਹ ਪਤਾ ਲਗ ਜਾਵੇ ਕਿ ਜੀਵਨ, ਚੇਤਨਤਾ ਜਾਂ ਸਾਡਾ ਆਪਾ ਚਾਰ ਹਾਲਤਾਂ ਦੇ ਅੰਦਰ ਵਿਚਰਦਾ ਹੈ ਅਤੇ ਚਾਰਾਂ ਵਿਚ ਹੀ ਕਾਇਮ ਰਹਿੰਦਾ ਹੈ। ਇਹ ਚਾਰ ਹਾਲਤਾਂ ਹਨ - ਜਾਗਰਤ, ਸੁਪਨ, ਸਖੋਪਤ (ਘੂਕ ਨੀਂਦਰ) ਅਤੇ ਤੁਰੀਆ। ਇਨ੍ਹਾਂ ਵਿਚੋਂ ਜਾਗਣ ਤੇ ਸੁਪਨੇ ਲੈਣ ਦੀ ਹਾਲਤ ਅਸੀਂ ਜਾਣਦੇ ਹਾਂ। ਅਸੀਂ ਇਹ ਜਾਣਦੇ ਹਾਂ ਕਿ ਜਾਗਦੇ ਹੋਏ ਅਤੇ ਸੁਪਨੇ ਲੈਂਦੇ ਹੋਏ ਅਸੀਂ ਕਾਇਮ ਰਹਿੰਦੇ ਹਾਂ, ਪਰ ਸਾਨੂੰ ਇਹ ਭਾਰੀ ਭੁਲੇਖਾ ਹੈ ਕਿ ਘੂਕ ਨੀਂਦਰ ਦੀ ਅਵਸਥਾ ਵਿਚ ਅਸੀਂ ਕਾਇਮ ਨਹੀਂ ਰਹਿੰਦੇ। ਸਚਾਈ ਇਹ ਹੈ ਕਿ ਘੂਕ ਨੀਂਦਰ ਵਿਚ ਅਸੀਂ ਤਾਂ ਕਾਇਮ ਹੁੰਦੇ





ਹਾਂ ਪਰ ਉਥੇ ਵੇਖਣ ਵਾਲੀ ਕੋਈ ਚੀਜ਼ ਨਹੀਂ ਹੁੰਦੀ, ਇਸ ਕਰਕੇ ਅਸੀਂ ਘੂਕ ਨੀਂਦਰ ਬਾਬਤ ਇਹੋ ਜਾਣਦੇ ਹਾਂ ਕਿ ਉਥੇ ਕੁਝ ਵੀ ਨਹੀਂ ਹੁੰਦਾ। ਇਹ ਗੱਲ ਕਿ ਘੂਕ ਨੀਂਦਰ ਵਿਚ ਕੁਝ ਨਹੀਂ ਹੁੰਦਾ, ਅਸੀਂ ਤਦ ਹੀ ਕਹਿ ਸਕਦੇ ਹਾਂ ਜਦ ਅਸੀਂ ਘੂਕ ਨੀਂਦਰ ਵਿਚ ਆਪ ਹੋਈਏ, ਪਰ ਕਿਉਂਕਿ ਉਥੇ ਕੁਝ ਨਹੀਂ ਹੁੰਦਾ ਇਸ ਲਈ ਅਸੀਂ ਘੂਕ ਨੀਂਦਰ ਦੀ ਹਾਲਤ ਵਿਚੋਂ ਨਿਕਲ ਕੇ ਆਖਦੇ ਹਾਂ ਕਿ ਉਥੇ ਕੁਝ ਨਹੀਂ ਸੀ, ਸਿਰਫ ਅਨੰਦ ਹੀ ਅਨੰਦ ਸੀ। ਇਹ ਆਖ ਸਕਣਾ ਕਿ ਘੂਕ ਨੀਂਦਰ ਵਿਚ ਸਿਵਾਏ ਆਨੰਦ ਦੇ ਹੋਰ ਕੁਝ ਨਹੀਂ ਸੀ ਤਦ ਹੀ ਮੁਮਕਿਨ ਹੋ ਸਕਦਾ ਹੈ ਜੇਕਰ ਅਸੀਂ ਆਪ ਘੂਕ ਨੀਂਦਰ ਵਿਚ ਹੋਈਏ।

ਚੌਥੀ ਤੁਰੀਆ ਅਵਸਥਾ ਵਿਚ ਪਹਿਲੀਆਂ ਤਿੰਨ ਅਵਸਥਾਵਾਂ - ਜਾਗਰਤ, ਸੁਪਨ, ਸਖੋਪਤ ਨਹੀਂ ਹੁੰਦੀਆਂ। ਉਥੇ ਜੀਵਨ ਜਾਂ ਚੇਤਨਤਾ ਆਪਣੇ ਆਪ ਮਹਾਂ ਅਨੰਦ ਨੂੰ ਮਾਣਦੀ ਤੇ ਖੀਵੀ ਹੁੰਦੀ ਹੈ, ਇਸ ਲਈ ਜੀਵਨ ਜਾਂ ਸਾਡੀ ਆਤਮਾ ਮਰ ਨਹੀਂ ਸਕਦੀ।

# ਗੁਰਮਤੀ ਰੰਗੁ ਮਾਣੁ (441)

ਸਭ ਤੋਂ ਵੱਡਾ ਪ੍ਰਚਾਰ ਉਹ ਹੈ, ਜੋ ਜੀਵਨ ਨੂੰ ਉਚਾ ਤੇ ਸੁੱਚਾ ਬਣਾਵੇ। ਜਿਸ ਜੀਵਨ ਵਿਚੋਂ ਪਾਪ, ਬੀਮਾਰੀ ਤੇ ਮੌਤ ਦਾ ਡਰ ਉਡ ਜਾਵੇ, ਉਸ ਜੀਵਨ ਵਿਚ ਪ੍ਰਚਾਰ ਦਾ ਅਸਲ ਅਸਰ ਹੋਇਆ ਸਮਝੋ।

ਮਨ ਦੇ ਗਲਤ ਨਿਸਚਿਆਂ ਤੋਂ ਛੁਟਕਾਰਾ ਪਾਉਣ ਵਾਸਤੇ, ਗੁਰੂ ਦੇ ਸੱਚ ਤੇ ਵਿਗਿਆਨਕ ਨਿਸਚਿਆਂ ਨੂੰ ਧਾਰਨ ਕਰਨਾ ਅਤੇ ਰੋਜ਼ਾਨਾ ਜੀਵਨ ਅਮਲ ਵਿਚ ਲਿਆਉਣਾ ਅਤਿ ਜ਼ਰੂਰੀ ਹੈ। ਪੂਰਨਤਾ ਵਲ ਤੁਰਨ ਦਾ ਇਹੋ ਰਸਤਾ ਹੈ।

ਗਲਤ ਨਿਸਚੇ (ਮਨ ਦੀ ਮਤ) ਕਾਇਮ ਰਖ ਕੇ, ਨਾਮ ਜਪ ਸਕਣਾ ਅਤੇ ਨਾਮ ਦਾ ਮਨ ਵਿਚ ਨਿਵਾਸ ਕਰਾ ਸਕਣਾ ਅਸੰਭਵ ਹੈ।

ਇਹ ਵੀ ਵੱਡਾ ਭੁਲੇਖਾ ਹੈ ਕਿ ਪਾਪ ਬਗੈਰ ਤਿਆਗਣ ਦੇ ਬਖਸ਼ੇ ਜਾਂਦੇ ਹਨ। ਜਦ ਤਕ ਪਾਪ ਕਰਨੇ ਬੰਦ ਨਾ ਹੋਣ, ਉਨ੍ਹਾਂ ਦੇ ਬਖਸ਼ੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸਿਰਫ ਤੀਰਥ ਤੇ ਨਹਾ ਕੇ ਜਾਂ ਦਾਨ ਦੇ ਕੇ ਆਪਣੇ ਹੱਕ ਵਿਚ ਗੁਰਦਵਾਰਿਆਂ ਵਿਚ ਅਰਦਾਸਾਂ ਕਰਵਾ ਕੇ ਇਹ ਸਮਝਣਾ ਕਿ ਪਾਪ ਬਖਸ਼ੇ ਗਏ ਹਨ, ਗਲਤ ਹੈ। ਪਿਛੇ ਕੀਤੇ ਪਾਪ ਕੇਵਲ ਉਦੋਂ ਹੀ ਬਖਸ਼ੀਂਦੇ ਹਨ, ਜਦ ਅੱਗੇ ਨੂੰ ਪਾਪ ਨਾ ਕੀਤੇ ਜਾਣ -

*ਪਾਪ ਕਰਹਿ ਪੰਚਾਂ ਕੇ ਬਸਿ ਰੇ॥*
*ਤੀਰਥਿ ਨਾਇ ਕਹਹਿ ਸਭਿ ਉਤਰੇ॥*
*ਬਹੁਰਿ ਕਮਾਵਹਿ ਹੋਇ ਨਿਸੰਕ॥*
*ਜਮ ਪੁਰਿ ਬਾਂਧਿ ਖਰੇ ਕਾਲੰਕ॥* *ਪੰਨਾ - 1349*

ਵਾਹਿਗੁਰੂ ਦਾ ਅਸਲ ਤੇ ਸਦੀਵੀ ਪੁੱਤਰ ਜੀਵ, ਵਾਸਤਵ ਵਿਚ ਪਾਪ, ਬੀਮਾਰੀ, ਦੁਖ ਤੇ ਮੌਤ ਤੋਂ ਉਪਰ ਹੈ - *'ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ।' (ਪੰਨਾ - 868)* ਪਰ ਆਪਣੀ ਅਸਲੀਅਤ ਨੂੰ ਭੁੱਲ ਕੇ, ਜੀਵ ਪਾਪ ਕਰਕੇ ਦੁਖੀ ਹੁੰਦਾ ਤੇ ਮਰਦਾ ਰਹਿੰਦਾ ਹੈ। ਪਾਪ ਕਰਨ ਤੋਂ ਮੁਰਾਦ ਮਨ ਦੀ ਮਤ ਅਨੁਸਾਰ ਜੀਵਨ ਬਤੀਤ ਕਰਨਾ ਹੈ। ਪਾਪ





ਤੋਂ ਛੁਟਕਾਰਾ ਕੇਵਲ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਨਾਲ ਹੁੰਦਾ ਹੈ।

ਜੀਵ ਅਤੇ ਈਸ਼ਵਰ ਦੀ ਅੰਦਰੂਨੀ ਅਭੇਦਤਾ ਦਾ ਹਰ ਵਕਤ, ਹਰ ਕੰਮ ਕਰਨ ਵੇਲੇ, ਖਿਆਲ ਰਖਣਾ ਜ਼ਰੂਰੀ ਹੈ। ਜੀਵ, ਈਸ਼ਵਰ ਦੀ ਸੰਤਾਨ ਹੋਣ ਕਰਕੇ, ਪਾਪ, ਬਦੀ, ਬੀਮਾਰੀ ਅਤੇ ਮੌਤ ਤੇ ਫਤਹਿ ਪਾ ਸਕਦਾ ਹੈ। ਇਸ ਨੂੰ ਇਹ ਆਪਣਾ ਪੈਦਾਇਸ਼ੀ ਹੱਕ ਕਦੀ ਨਹੀਂ ਭੁਲਣਾ ਚਾਹੀਦਾ। ਜੇਕਰ ਪਾਪ, ਬੀਮਾਰੀ, ਦੁਖ ਤੇ ਮੌਤ ਤੇ ਫਤਹਿ ਹੋ ਸਕਣ ਵਾਲੀਆਂ ਨਾ ਹੁੰਦੀਆਂ ਤਾਂ ਕੁਦਰਤ ਵਲੋਂ ਇਹ ਪੈਦਾ ਹੀ ਨਾ ਕੀਤੀਆਂ ਜਾਂਦੀਆਂ। ਬਦੀ (ਪਾਪ, ਦੁਖ, ਬੀਮਾਰੀ, ਮੌਤ) ਨੂੰ ਜਿਤਣਾ ਜੀਵਨ ਦਾ ਜਮਾਂਦਰੂ ਹੱਕ ਹੈ। ਬਦੀ ਨੂੰ ਜਿੱਤਣ ਵਿਚ ਜੀਵ ਦੀ ਅਸਲ ਸ਼ਾਨ ਹੈ।

ਜੀਵ ਦਾ ਅਸਲਾ ਜਾਂ ਅਸਲੀਅਤ ਵਾਹਿਗੁਰੂ ਜੀ ਹਨ। ਜੀਵ ਵਿਚੋਂ ਮਨਮਤ ਜਾਂ ਅਗਿਆਨਤਾ ਨਿਕਲ ਜਾਵੇ ਤਾਂ ਬਾਕੀ ਨਿਰਮਲ ਆਤਮਾ ਰਹਿ ਜਾਂਦੀ ਹੈ। ਆਤਮਾ ਦਾ ਕੇਂਦਰ ਸ੍ਰੀ ਵਾਹਿਗੁਰੂ ਜੀ ਹਨ। ਜਿਸ ਜੀਵ ਦੀ ਅਗਵਾਈ, ਮਨ ਦੀ ਬਜਾਏ ਗਿਆਨ ਕਰਨ ਲਗ ਜਾਵੇ, ਉਹ ਜੀਵ ਹੌਲੀ-ਹੌਲੀ ਬ੍ਰਹਮ ਰੂਪ ਹੋ ਜਾਵੇਗਾ। ਜੀਵ ਲਈ ਆਪਣਾ ਮੂਲ, ਆਪਣਾ ਮਾਤਾ ਪਿਤਾ ਸ੍ਰੀ ਵਾਹਿਗੁਰੂ ਜੀ ਨੂੰ ਦ੍ਰਿੜ੍ਹਤਾ ਨਾਲ ਸਮਝਣਾ ਤੇ ਮੰਨਣਾ ਹੀ ਸਭ ਤੋਂ ਵੱਡਾ ਗਿਆਨ ਹੈ। ਇਸ ਗਿਆਨ ਦੀ ਅੱਠੇ ਪਹਿਰ ਦੀ ਵਰਤੋਂ ਜੀਵ ਨੂੰ ਈਸ਼ਵਰ ਰੂਪ ਜਾਂ ਈਸ਼ਵਰ ਨਾਲ ਅਭੇਦ ਬਣਾ ਦੇਂਦੀ ਹੈ। ਜੀਵ ਅਤੇ ਈਸ਼ਰਵ ਦਾ ਰਿਸ਼ਤਾ ਬਰਫ ਅਤੇ ਪਾਣੀ ਦੇ ਰਿਸ਼ਤੇ ਵਾਂਗ ਹੀ ਹੈ। ਬਰਫ ਜਦ ਇਹ ਭੁੱਲ ਜਾਵੇ ਕਿ ਉਹ ਪਾਣੀ ਹੈ ਤਾਂ ਆਪਣੇ ਆਪ ਨੂੰ ਮਾਦਾ ਜਾਂ ਸਰੀਰ ਮੰਨਦੀ ਹੈ, ਪਰ ਬਰਫ ਦਾ ਆਪਣੇ ਆਪ ਨੂੰ ਪਾਣੀ ਤੋਂ ਵੱਖ ਸਮਝਣਾ ਹੀ ਉਸ ਦੀ ਭੁੱਲ ਜਾਂ ਭੁਲੇਖਾ ਹੈ। ਜਿਵੇਂ ਬਰਫ ਦੀ ਤਹਿ ਵਿਚ ਅੰਦਰ ਤੇ ਬਾਹਰ ਸਿਵਾਏ ਪਾਣੀ ਦੇ ਹੋਰ ਕੁਝ ਨਹੀਂ, ਏਸੇ ਤਰ੍ਹਾਂ ਜੀਵ ਦੀ ਤਹਿ ਵਿਚ ਅੰਦਰ ਤੇ ਬਾਹਰ ਸਿਵਾਏ ਈਸ਼ਵਰ ਜਾਂ ਵਾਹਿਗੁਰੂ ਜੀ ਦੇ ਹੋਰ ਕੁਝ ਨਹੀਂ। ਬਰਫ ਨੂੰ ਜਦ ਇਹ ਗਿਆਨ ਹੋ ਜਾਵੇ ਕਿ ਉਹ ਪਾਣੀ ਹੈ ਤਾਂ ਫਿਰ ਉਹ ਪਾਣੀ ਹੀ ਹੈ, ਏਸੇ ਤਰ੍ਹਾਂ ਜੀਵ ਨੂੰ ਜਦ ਇਹ ਗਿਆਨ ਹੋ ਜਾਵੇ ਕਿ ਉਹ ਬ੍ਰਹਮ ਹੈ ਤਾਂ ਫਿਰ ਉਹ ਬ੍ਰਹਮ ਹੀ ਹੈ।

ਗੁਰੂ ਮਾਰਗ ਉਤੇ ਗਿਆਨ ਆਖਰੀ ਅਵਸਥਾ ਨਹੀਂ, ਸਗੋਂ ਗਿਆਨ ਦੀ ਅਤੁੱਟ ਕਮਾਈ ਆਪਣੀ ਨਿੱਜ ਅਵਸਥਾ ਤਕ ਲੈ ਜਾਂਦੀ ਹੈ। ਜਿਵੇਂ ਬਰਫ ਨੂੰ ਇਹ ਗਿਆਨ ਹੋ ਜਾਣ ਮਗਰੋਂ ਵੀ ਕਿ ਉਹ ਕੇਵਲ ਪਾਣੀ ਹੈ, ਪਾਣੀ ਬਣਨ ਲਈ ਢਲਣਾ ਪੈਂਦਾ ਹੈ, ਆਪਣਾ ਨਾਮ ਰੂਪ ਤਿਆਗਣਾ ਪੈਂਦਾ ਹੈ, ਏਸੇ ਤਰ੍ਹਾਂ ਜੀਵ ਨੂੰ ਇਹ ਗਿਆਨ ਹੋ ਜਾਣ ਮਗਰੋਂ ਵੀ ਕਿ ਉਹ ਬ੍ਰਹਮ ਹੈ, ਬ੍ਰਹਮ ਨਾਲ ਅਭੇਦ ਹੋਣ ਲਈ ਆਪਣੇ ਨਾਮ ਰੂਪ ਜਾਂ ਆਪਣੀ ਹਉਮੈ ਦਾ ਤਿਆਗ ਕਰਨਾ ਜ਼ਰੂਰੀ ਹੈ। ਗੁਰੂ ਮਾਰਗ ਉਤੇ ਹਉਮੈ ਦੇ ਤਿਆਗ ਜਾਂ ਮਨਮਤ ਦੇ ਤਿਆਗ ਉਪਰ ਕਾਫੀ ਜ਼ੋਰ ਹੈ। ਗੁਰੂ ਘਰ ਵਿਚ 'ਜਾਨਣ' ਅਤੇ 'ਪਾਵਣੇ' ਵਿਚ ਬੜਾ ਫਰਕ ਸਮਝਿਆ ਜਾਂਦਾ ਹੈ।

ਮਨਮਤ ਦਾ ਤਿਆਗ ਅਤੇ ਗੁਰਮਤਿ ਦੀ ਕਮਾਈ ਜੀਵ ਜਾਂ ਗੁਰਸਿਖ ਨੂੰ ਐਸੀ ਕਮਾਲ ਦੀ ਉਚੀ ਅਵਸਥਾ ਵਿਚ ਲੈ ਜਾਂਦੀ ਹੈ, ਜਿਸ ਨੂੰ ਗੁਰਮਤਿ ਵਿਚ 'ਰੰਗ ਮਾਨਣ' ਦੀ ਅਵਸਥਾ ਕਿਹਾ ਹੈ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*
*ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥*

*ਪੰਨਾ - 441*





# ਹਕੀਕਤ

ਜੀਵਨ ਦੀ ਅਸਲੀਅਤ ਨੂੰ ਵਿਗਿਆਨਕ ਤੌਰ ਤੇ ਸਮਝਣ ਲਈ ਸਾਨੂੰ ਵਾਹਿਗੁਰੂ ਜੀ ਨੂੰ, ਸਭ ਕੁਝ ਜੋ ਵੀ ਵਾਸਤਵ ਵਿਚ ਹੈ, ਉਸ ਦਾ ਸੋਮਾ ਜਾਂ ਕਰਤਾ ਮੰਨਣਾ ਪਵੇਗਾ। ਵਾਹਿਗੁਰੂ ਜੀ ਆਤਮਾ (Spirit) ਜੀਵਨ, ਸਤਿ ਅਤੇ ਪ੍ਰੇਮ ਇਕੋ ਵਿਚ ਦੋਵੇਂ ਹਨ, ਅੱਗ ਤੋਂ ਗਰਮੀ ਦੂਰ ਨਹੀਂ ਕੀਤੀ ਜਾ ਸਕਦੀ, ਨਾ ਹੀ ਚਾਨਣ ਦੂਰ ਕੀਤਾ ਜਾ ਸਕਦਾ ਹੈ, ਏਸੇ ਤਰ੍ਹਾਂ ਵਾਹਿਗੁਰੂ ਜੀ ਤੋਂ ਜੀਵਨ, ਸਤਿ (ਸਦਾ ਹੋਣਾ), ਸਦੀਵੀ ਆਨੰਦ, ਚਿੱਤ (mind) ਅਤੇ ਪ੍ਰੇਮ ਨਿਖੇੜਿਆ ਨਹੀਂ ਜਾ ਸਕਦਾ। ਸਭ ਹੋਂਦ, ਸਿਆਣਪ, ਸੂਝ, ਬੂਝ, ਨਿਗਰਤਾ, ਸਦੀਵਤਾ, ਕਾਰਨ ਤੇ ਕਾਰਜ (cause and effect) ਵਾਹਿਗੁਰੂ ਜੀ ਦੇ ਗੁਣ ਹਨ। ਇਹ ਸਭ ਸਿਫਤਾਂ ਆਦਿ ਪੁਰਖ ਸ੍ਰੀ ਵਾਹਿਗੁਰੂ ਜੀ ਤੋਂ ਜ਼ਹੂਰ ਵਿਚ ਆਉਂਦੀਆਂ ਹਨ।

ਉਹ ਪ੍ਰੇਮ ਇਸ ਕਰਕੇ ਹੈ ਕਿ ਉਸ ਦੇ ਆਪ ਤੋਂ ਸਿਵਾ ਹੋਰ ਕੁਝ ਹੈ ਹੀ ਨਹੀਂ। ਆਪਣੇ ਆਪ ਤੋਂ ਵੱਧ ਪਿਆਰ ਹੋਰ ਕਿਸੇ ਨਾਲ ਨਹੀਂ ਕੀਤਾ ਜਾ ਸਕਦਾ। ਅਸੀਂ ਵੀ ਸਭ ਤੋਂ ਵੱਧ ਪਿਆਰ ਆਪਣੇ ਆਪ ਨਾਲ ਕਰ ਸਕਦੇ ਹਾਂ। ਮਾਂ ਨੂੰ ਪੁੱਤਰ ਇਸ ਕਰਕੇ ਪਿਆਰਾ ਲਗਦਾ ਹੈ ਕਿ ਪੁਤਰ ਮਾਂ ਦੇ ਆਪੇ ਨੂੰ ਠੰਡ ਪਾਂਦਾ ਤੇ ਖੁਸ਼ ਕਰਦਾ ਹੈ। ਇਸੇ ਤਰ੍ਹਾਂ ਸਭ ਪਿਆਰ ਅਸਲ ਵਿਚ ਆਪਣੇ ਆਪ ਨਾਲ ਹੀ ਕੀਤੇ ਜਾਂਦੇ ਹਨ। ਵਾਹਿਗੁਰੂ ਜੀ ਪਾਸ ਤਾਂ ਆਪਣੇ ਆਪੇ ਤੋਂ ਬਗੈਰ ਹੋਰ ਕੁਝ ਹੈ ਹੀ ਨਹੀਂ। ਸਭ ਜੀਆ ਜੰਤ, ਵਾਹਿਗੁਰੂ ਜੀ ਦਾ ਆਪਣਾ ਆਪਾ ਜਾਂ ਰੂਪ ਹੈ, ਇਸ ਲਈ ਵਾਹਿਗੁਰੂ ਜੀ ਦਾ ਜਗਤ ਰਚਨਾ ਨਾਲ ਡਾਢਾ ਪਿਆਰ ਹੈ। 'ਆਪੀਨੈ ਆਪੁ ਸਜਿਓ' ਇਸ ਲਈ ਵਾਹਿਗੁਰੂ ਜੀ ਨੂੰ 'ਪ੍ਰੇਮ' ਕਿਹਾ ਜਾਂਦਾ ਹੈ।

ਵਾਹਿਗੁਰੂ ਜੀ ਪ੍ਰੇਮ ਹੋਣ ਤੋਂ ਇਲਾਵਾ ਜੋਤ ਹਨ, ਆਤਮਾ ਹਨ, ਸਪਿਰਟ ਹਨ, ਸਰੀਰ ਰਹਿਤ ਹਨ। ਜੋਤ ਜਾਂ ਆਤਮਾ ਹੋਣ ਕਰਕੇ ਸਾਰਾ ਜਗਤ ਆਤਮ ਰੂਪ ਤਾਂ ਆਤਮ ਪਸਾਰਾ ਹੈ। ਆਤਮ ਪਸਾਰਾ ਤੋਂ ਮਤਲਬ ਇਹ ਹੈ ਕਿ ਸਭ ਪਸਾਰਾ ਖਿਆਲੀ ਹੈ, ਸੁਪਨੇ ਵਾਂਗ ਹੈ, ਧੂੰਏਂ ਵਾਂਗ ਹੈ, ਨਿਗਰ ਜਾਂ ਮਾਦੇ ਦਾ ਬਣਿਆ ਹੋਇਆ ਨਹੀਂ।

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥* *ਪੰਨਾ - 808*

ਵਾਹਿਗੁਰੂ ਜੀ ਦਾ ਆਪਣਾ ਆਪ ਹੋਣ ਕਰਕੇ, ਅਸੀਂ ਵਾਹਿਗੁਰੂ ਜੀ ਨੂੰ ਅਤਿਅੰਤ ਪਿਆਰੇ ਹਾਂ। ਸਾਨੂੰ ਉਤਨਾ ਪਿਆਰ ਮਾਂ-ਬਾਪ-ਮਿਤ੍ਰ-ਸੱਜਣ-ਪੁੱਤਰ ਰਲ ਕੇ ਵੀ ਨਹੀਂ ਕਰ ਸਕਦੇ, ਜਿਤਨਾ ਪਿਆਰ ਕਿ ਵਾਹਿਗੁਰੂ ਜੀ ਸਾਨੂੰ ਕਰਦੇ ਹਨ।

*ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥*
*ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥* *ਪੰਨਾ - 103*

*ਮੀਤੁ ਸਾਜਨੁ ਸੁਤ ਬੰਧਪ ਭਾਈ॥*
*ਜਤ ਕਤ ਪੇਖਉ ਹਰਿ ਸੰਗਿ ਸਹਾਈ॥* *ਪੰਨਾ - 742*

ਸਾਨੂੰ ਇਤਨਾ ਡਾਢਾ ਪਿਆਰ ਕਰਨ ਵਾਲੇ ਵਾਹਿਗੁਰੂ ਦਾ ਨਾਮ 'ਸਤ' ਹੈ। 'ਸਤ' ਦੇ ਅਰਥ ਹਨ - ਨਾ ਬਦਲਣ ਵਾਲਾ, ਨਾ ਮਰ ਸਕਣ ਵਾਲਾ, ਅਸਥਿਰ ਤੇ ਸਦੀਵੀ। ਜੇਕਰ ਵਾਹਿਗੁਰੂ ਜੀ ਸਦੀਵੀ ਹਨ ਤਾਂ ਉਨ੍ਹਾਂ ਤੋਂ ਉਪਜੇ ਅਸੀਂ (ਜੀਵ) ਵੀ ਸਦੀਵੀ ਹਾਂ। ਜੇਕਰ ਵਾਹਿਗੁਰੂ ਜੀ ਅਕਾਲ (ਸਮੇਂ) ਦੀ ਚੋਟ ਜਾਂ ਜ਼ਦ ਤੋਂ ਉਪਰ - (Timeless) ਹਨ ਤਾਂ ਫਿਰ ਵਾਹਿਗੁਰੂ ਜੀ ਤੋਂ ਉਪਜਣ ਕਰਕੇ ਅਸੀਂ ਵੀ ਅਕਾਲ ਜਾਂ ਸਮੇਂ ਤੇ ਮੌਤ ਤੋਂ ਉਪਰ ਹਾਂ। ਵਾਹਿਗੁਰੂ ਜੀ ਤੋਂ ਉਪਜਣ ਕਰਕੇ ਹੀ ਅਸੀਂ ਵਾਹਿਗੁਰੂ ਜੀ ਦਾ ਰੂਪ ਹਾਂ। ਸਾਡੇ ਵਿਚ ਸਭ ਉਹ ਸਿਫਤਾਂ ਮੌਜੂਦ ਹਨ, ਜਿਹੜੀਆਂ ਕਿ ਸਾਡੇ ਮੂਲ ਵਾਹਿਗੁਰੂ ਜੀ ਵਿਚ ਹਨ। ਵਾਹਿਗੁਰੂ ਜੀ ਵਿਚ ਦੁਖ ਨਹੀਂ, ਚਿੰਤਾ ਨਹੀਂ, ਪਾਪ ਨਹੀਂ, ਬੀਮਾਰੀ ਨਹੀਂ, ਮੌਤ ਨਹੀਂ। ਜੇ ਵਾਹਿਗੁਰੂ ਜੀ ਵਿਚ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨਹੀਂ ਤਾਂ ਸਾਡੇ ਮਨ ਵਿਚ ਵੀ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਨਹੀਂ। ਇਹ ਪੰਜੇ ਦੁਸ਼ਮਣ ਕਦ ਸਾਡੇ ਤੇ ਵਾਰ ਕਰਦੇ ਹਨ? ਜਦ ਅਸੀਂ ਇਹ ਭੁੱਲੇ ਹੋਈਏ ਕਿ ਅਸੀਂ ਵਾਹਿਗੁਰੂ ਜੀ ਤੋਂ ਉਪਜਣ ਕਰਕੇ ਉਸ ਦਾ ਰੂਪ ਹਾਂ, ਕੇਵਲ ਅਤੇ ਕੇਵਲ ਤਦ ਹੀ ਕਾਮ, ਕ੍ਰੋਧ ਆਦਿ ਸਾਡੇ ਉਤੇ ਆ ਕੇ ਸਵਾਰ ਹੋ ਸਕਦੇ ਹਨ।

ਇਸ ਲਈ ਪਾਪ, ਦੁਖ, ਬੀਮਾਰੀ, ਮੌਤ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਚਿੰਤਾ, ਫਿਕਰ ਅਤੇ ਹੋਰ ਸਭ ਕਿਸਮ ਦੀ ਬਦੀ ਤੋਂ ਬਚਣ ਲਈ ਸਾਡੇ ਪਾਸ ਸਭ ਤੋਂ ਵੱਡਾ ਹਥਿਆਰ, ਆਪਣੀ ਅਸਲੀਅਤ ਨੂੰ, ਆਪਣੀ





ਹਕੀਕਤ ਨੂੰ ਪਹਿਚਾਨਣਾ ਹੈ। ਜਦ ਸਾਨੂੰ ਆਪਣੀ ਅਸਲੀਅਤ ਜਾਂ ਹਕੀਕਤ ਦਾ ਗਿਆਨ ਹੋ ਜਾਵੇ, ਤਦ ਇਹ ਵੀ ਅਨੁਭਵ ਹੋ ਜਾਵੇਗਾ ਕਿ ਬਦੀ ਸਾਡੇ ਵਿਚ ਹੈ ਹੀ ਨਹੀਂ। ਬਦੀ ਸਾਡੇ ਵਿਚ ਇਸ ਕਰਕੇ ਨਹੀਂ ਕਿ ਇਹ ਸਾਡੇ ਪਿਤਾ ਵਾਹਿਗੁਰੂ ਜੀ ਵਿਚ ਨਹੀਂ। ਇਸ ਦੇ ਉਲਟ ਜੀਵਨ, ਖੇੜਾ ਨੇਕੀ ਅਤੇ ਹੋਰ ਸਭ ਗੁਣ ਤੇ ਸਿਫਤਾਂ ਸਾਡੇ ਵਿਚ ਇਕ ਕਰਕੇ ਹਨ, ਕਿਉਂਕਿ ਇਹ ਸਾਡੇ ਪਿਤਾ ਸ੍ਰੀ ਵਾਹਿਗੁਰੂ ਜੀ ਵਿਚ ਹਨ। ਵਾਹਿਗੁਰੂ ਜੀ ਵਿਚ ਉਹ ਕੁਝ ਨਹੀਂ ਹੋ ਸਕਦਾ, ਜੋ ਉਨ੍ਹਾਂ ਵਿਚ ਹੈ ਹੀ ਨਹੀਂ। ਸਾਡੇ ਵਿਚ ਵੀ ਉਹ ਕੁਝ ਨਹੀਂ ਹੋ ਸਕਦਾ ਜੋ ਸਾਡੇ ਮੂਲ, ਸਾਡੇ ਪਿਤਾ, ਸਾਡੀ ਅਸਲੀਅਤ ਸ੍ਰੀ ਵਾਹਿਗੁਰੂ ਜੀ ਵਿਚ ਨਹੀਂ।

ਬਦੀ ਤੋਂ ਬਚਣ ਦਾ ਫਿਰ ਸਭ ਤੋਂ ਵੱਡਾ ਕੀ ਸਾਧਨ ਹੈ? ਬਦੀ ਤੋਂ ਬਚਣ ਦਾ ਸਭ ਤੋਂ ਵੱਡਾ ਸਾਧਨ, ਹਰ ਵੇਲੇ ਇਹ ਯਾਦ ਰਖਣਾ ਹੈ ਕਿ ਅਸੀਂ ਵਾਹਿਗੁਰੂ ਜੀ ਦੇ ਪੁਤਰ ਹਾਂ, ਰੂਪ ਹਾਂ, ਆਤਮਾ ਹਾਂ, ਜੋਤ ਹਾਂ ਅਤੇ ਕਿਉਂਕਿ ਬਦੀ ਸਾਡੇ ਸੋਮੇ, ਸਾਡੇ ਮੂਲ ਵਿਚ ਹੈ ਹੀ ਨਹੀਂ, ਤਾਂ ਫਿਰ ਬਦੀ ਨੂੰ ਜਿਤਣ ਦੀ ਲੋੜ ਨਹੀਂ, ਕਿਉਂਕਿ ਇਹ ਤਾਂ ਸਾਡੇ ਵਿਚ ਹੈ ਹੀ ਨਹੀਂ।

*ਬਦੀ ਦਾ ਤੁਖ਼ਮ ਵੀ ਨਹੀਂ ਏਂ ਮੇਰੇ ਸ੍ਰੀ ਵਾਹਿਗੁਰੂ ਅੰਦਰ*
*ਇਹ ਉਸ ਨੂੰ ਦੇਖਦੇ ਹੀ ਸਾਰ ਖੁਦ ਬਰਬਾਦ ਹੋ ਜਾਵੇ।*
*ਮੇਰਾ ਉਸ ਦਾ ਹੈ ਰਿਸ਼ਤਾ ਜੋ ਸਾਗਰ ਲਹਿਰ ਦਾ ਹੁੰਦਾ,*
*ਜੋ ਇਸ ਰਿਸ਼ਤੇ ਨੂੰ ਸਮਝੇ ਸਦਾ ਲਈ ਆਜ਼ਾਦ ਹੋ ਜਾਵੇ।*

*ਆਸਾ ਮਹਲਾ ੫*
*ਨਾ ਓਹੁ ਮਰਤਾ ਨਾ ਹਮ ਡਰਿਆ॥*
*ਨਾ ਓਹੁ ਬਿਨਸੈ ਨਾ ਹਮ ਕੜਿਆ॥*
*ਨਾ ਓਹੁ ਨਿਰਧਨੁ ਨਾ ਹਮ ਭੂਖੇ॥*
*ਨਾ ਓਸੁ ਦੂਖੁ ਨਾ ਹਮ ਕਉ ਦੂਖੇ॥*
*ਅਵਰੁ ਨਾ ਕੋਊ ਮਾਰਨਵਾਰਾ॥*
*ਜੀਅਉ ਹਮਾਰਾ ਜੀਉ ਦੇਨਹਾਰਾ॥ ਰਹਾਉ॥*
*ਨਾ ਉਸੁ ਬੰਧਨ ਨਾ ਹਮ ਬਾਧੇ॥*
*ਨਾ ਉਸੁ ਧੰਧਾ ਨਾ ਹਮ ਧਾਧੇ॥*

ਨਾ ਉਸੁ ਮੈਲੁ ਨਾ ਹਮ ਕਉ ਮੈਲਾ॥
ਓਸੁ ਅਨੰਦ ਤਾ ਹਮ ਸਦ ਕੇਲਾ॥
ਨਾ ਉਸੁ ਸੋਚੁ ਨਾ ਹਮ ਕਉ ਸੋਚਾ॥
ਨਾ ਉਸੁ ਲੇਪੁ ਨ ਹਮ ਕਉ ਪੋਚਾ॥
ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ॥
ਜਾ ਉਹੁ ਨਿਰਮਲੁ ਤਾਂ ਹਮ ਜਚਨਾ॥
ਹਮ ਕਿਛੁ ਨਾਹੀ ਏਕੈ ਓਹੀ॥
ਆਗੈ ਪਾਛੈ ਏਕੋ ਸੋਈ॥
ਨਾਨਕ ਗੁਰਿ ਖੋਏ ਭ੍ਰਮ ਭੰਗਾ॥
ਹਮ ਓਇ ਮਿਲਿ ਹੋਏ ਇਕ ਰੰਗਾ॥ ਪੰਨਾ - 391





# ਮਨ ਦੀ ਪੋਜ਼ੀਸ਼ਨ

ਜਦ ਅੱਗ ਭੜਕ ਉਠੇ ਤਾਂ ਧੂੰਆਂ ਖਤਮ ਹੋ ਜਾਂਦਾ ਹੈ। ਧੂੰਏਂ ਦਾ ਹੋਣਾ ਜਿਥੇ ਇਹ ਜ਼ਾਹਿਰ ਕਰਦਾ ਹੈ ਕਿ ਧੂੰਏ ਦੇ ਪਿਛੇ ਅੱਗ ਹੈ, ਉਥੇ ਇਹ ਵੀ ਜ਼ਾਹਿਰ ਕਰਦਾ ਹੈ ਕਿ ਅੱਗ ਮੱਧਮ ਅਤੇ ਲੁਕੀ ਹੋਈ ਹੈ। ਜਿਸ ਨੇ ਚੰਗੀ ਤਰ੍ਹਾਂ ਅੱਗ ਬਾਲਣੀ ਹੋਵੇ ਉਸ ਨੂੰ ਇਹ ਗਿਆਨ ਹੋਣਾ ਚਾਹੀਦਾ ਹੈ ਕਿ ਧੂਆਂ ਕੋਈ ਅਜਿਹੀ ਰੁਕਾਵਟ ਨਹੀਂ ਜੋ ਹਟਾਈ ਨਾ ਜਾ ਸਕੇ। ਉਸ ਨੂੰ ਇਹ ਵੀ ਗਿਆਨ ਹੋਣਾ ਚਾਹੀਦਾ ਹੈ ਕਿ ਜਦ ਅੱਗ ਬਲ ਉਠੀ ਤਾਂ ਧੂੰਆਂ ਆਪੇ ਖਤਮ ਹੋ ਜਾਵੇਗਾ। ਜਿਵੇਂ ਧੂੰਆਂ ਅੱਗ ਤੋਂ ਪੈਦਾ ਹੁੰਦਾ ਹੈ ਅਤੇ ਅੱਗ ਦੇ ਆਸਰੇ ਹੀ ਕਾਇਮ ਰਹਿੰਦਾ ਹੈ ਅਤੇ ਅੱਗ ਦੇ ਭੜਕਣ ਨਾਲ ਆਪ ਖਤਮ ਹੋ ਜਾਂਦਾ ਹੈ, ਇਸੇ ਤਰ੍ਹਾਂ ਮਨ ਆਤਮਾ ਤੋਂ ਪੈਦਾ ਹੁੰਦਾ ਹੈ, ਆਤਮਾ ਦੇ ਆਸਰੇ ਕਾਇਮ ਰਹਿੰਦਾ ਹੈ, ਪਰ ਜਦ ਆਤਮਾ ਆਪਣੇ ਪੂਰੇ ਜੋਬਨ ਤੇ ਚਮਕ ਉਠੇ ਤਦ ਮਨ ਉਸੇ ਤਰ੍ਹਾਂ ਖਤਮ ਹੋ ਜਾਂਦਾ ਹੈ ਜਿਵੇਂ ਅੱਗ ਦੇ ਭੜਕਿਆਂ ਧੂੰਆਂ।

ਅੱਗ ਬਾਲਣ ਵਾਲੇ ਨੂੰ ਪਹਿਲੇ ਧੂੰਆਂ ਹੀ ਦਿਸਦਾ ਹੈ ਤੇ ਅੱਗ ਦੇ ਐਵੇਂ ਕਦੀ ਕਦੀ ਭੌਲੇ ਪ੍ਰਤੀਤ ਹੁੰਦੇ ਹਨ ਪਰ ਜੇ ਉਹ ਧੂੰਏ ਦੀ ਪ੍ਰਵਾਹ ਨਾ ਕਰਦਾ ਹੋਇਆ ਪੱਖਾ ਝਲਣਾ ਜਾਰੀ ਰੱਖੇ ਤਾਂ ਹੌਲੇ ਧੂੰਆਂ ਘਟਨਾ ਜਾਂਦਾ ਹੈ ਤੇ ਅੱਗ ਚਮਕਦੀ ਜਾਂਦੀ ਹੈ। ਏਸੇ ਤਰ੍ਹਾਂ ਜਿਸ ਨੇ ਆਤਮਾ ਦੇ ਦਰਸ਼ਨ ਕਰਨੇ ਹੋਣ, ਉਸ ਨੂੰ ਪਹਿਲੇ ਕੇਵਲ ਮਨ ਅਤੇ ਮਨ ਤਰੰਗਾਂ ਦੇ ਪਿਛੇ ਹੀ ਉਸ ਨੂੰ ਆਤਮਾ ਦੇ ਦਰਸ਼ਨ ਹੋਣੇ ਹਨ।

ਜਿਵੇਂ ਅੱਗ ਬਾਲਣ ਵਾਲਾ ਧੂੰਏਂ ਨੂੰ ਵੇਖ ਕੇ ਘਬਰਾਂਦਾ ਨਹੀਂ ਬਲਕਿ ਜ਼ੋਰ ਨਾਲ ਅਤੇ ਦ੍ਰਿੜ੍ਹਤਾ ਨਾਲ ਪੱਖਾ ਝਲਦਾ ਹੈ ਉਸੇ ਤਰ੍ਹਾਂ ਆਤਮਾ ਦੇ ਦਰਸਨ ਕਰਨ ਵਾਲੇ ਨੂੰ ਮਨ ਅਤੇ ਇਸ ਦੀਆਂ ਅਨੇਕ ਤਰੰਗਾਂ ਵੇਖ ਕੇ ਘਬਰਾਣਾ ਨਹੀਂ ਚਾਹੀਦਾ, ਸਗੋਂ ਆਪਣੇ ਭੜਕਦੇ ਮਨ ਨੂੰ ਗੁਰਬਾਣੀ ਦੇ ਅਰਥਾਂ ਦੇ ਸਮਝਣ ਵਿਚ ਖਲਵਾਣਾ ਚਾਹੀਦਾ ਹੈ। ਕੀਰਤਨ ਸਰਵਣ ਕਰਦਿਆਂ ਮਨ ਨੂੰ ਟਿਕਾਓ ਵਿਚ ਲਿਆਉਣਾ ਚਾਹੀਦਾ ਹੈ ਅਤੇ ਨਾਮ ਜਾਪ ਦੀ ਕਮਾਈ ਨਾਲ ਮਨ ਨੂੰ ਇਕਾਗਰ

ਕਰਕੇ ਬਾਹਰਮੁਖੀ ਹੋਣ ਦੀ ਬਜਾਏ ਅੰਤਰਮੁਖੀ ਬਨਾਣਾ ਚਾਹੀਦਾ ਹੈ। ਜਦ ਮਨ ਅੰਤਰਮੁਖੀ ਹੋ ਜਾਵੇ ਅਤੇ ਅੰਦਰ ਵਰਤ ਰਹੀ ਮਹਾਨ ਸਚਾਈ ਨੂੰ ਗਹੁ ਨਾਲ ਦੇਖਣ ਲਗ 'ਜਾਵੇ ਤਾਂ ਮਨ ਦੀਆਂ ਤਰੰਗਾਂ ਖਤਮ ਹੋ ਜਾਂਦੀਆਂ ਹਨ।

ਜਦ ਮਨ ਦੀਆਂ ਤਰੰਗਾਂ ਖਤਮ ਹੋ ਜਾਣ ਤਦ ਮਨ ਆਪਣੇ ਅੰਦਰੋਂ ਮਹਾਨ ਅਨੰਦ ਪ੍ਰਤੀਤ ਕਰਦਾ ਹੈ ਅਤੇ ਇਸ ਅਨੰਦ ਨੂੰ ਮਾਣਦਾ ਮਾਣਦਾ ਖੀਵਾ ਹੁੰਦਾ ਰਹਿੰਦਾ ਹੈ। ਏਥੇ ਬੜੇ ਬੜੇ ਸਿਮਰਨ ਅਭਿਆਸੀ ਭਾਰੇ ਭੁਲੇਖੇ ਦਾ ਸ਼ਿਕਾਰ ਬਣਦੇ ਹਨ ਅਤੇ ਇਸ ਅਵਸਥਾ ਤੋਂ ਅੱਗੇ ਕੋਈ ਅਵਸਥਾ ਪ੍ਰਤੀਤ ਨਹੀਂ ਕਰਦੇ।

ਮਨ ਦੀਆਂ ਤਰੰਗਾਂ ਦੇ ਕਤਮ ਹੋਣ ਨਾਲ ਮਨ ਇਕਾਗਰ ਹੁੰਦਾ ਹੈ ਅਤੇ ਇਕਾਗਰ ਹੋ ਕੇ ਅੰਤਰਮੁਖੀ ਹੁੰਦਾ ਹੈ। ਜਦ ਮਨ ਅੰਤਰਮੁਖੀ ਹੋ ਕੇ ਰਾਜ਼ੇ-ਹਸਤੀ ਜਾਂ ਜੀਵਨ ਭੇਦ ਨੂੰ ਸਮਝ ਲਵੇ ਤਦ ਇਹ ਅਕਹਿ ਖੁਸ਼ੀ ਨੂੰ ਮਾਣਦਾ ਹੈ, ਪਰ ਜਿਉਂ ਜਿਉਂ ਇਸ ਦੀ ਇਹ ਅਕਹਿ ਖੁਸ਼ੀ ਮਾਨਣ ਦੀ ਅਵਸਥਾ ਪੱਕਦੀ ਜਾਵੇ ਤਦ ਮਨ ਇਹ ਵੇਖ ਕੇ ਅਸਚਰਜ ਹੁੰਦਾ ਹੈ ਕਿ ਉਹ ਆਪ ਉਲਟ ਕੇ ਜਾਂ ਖਤਮ ਹੋ ਕੇ ਅਕਹਿ ਖੁਸ਼ੀ ਬਣ ਰਿਹਾ ਹੈ। ਆਮ ਤੌਰ ਤੇ ਜਦ ਮਨ ਨੂੰ ਇਕਾਗਰਤਾ ਵਿਚੋਂ ਅਨੰਦ ਹੈ ਤਾਂ ਉਸ ਅਨੰਦ ਨੂੰ ਥੋੜ੍ਹਾ ਚਿਰ ਮਾਨਣ ਬਾਅਦ ਇਹ ਘੂਕ ਨੀਂਦਰ ਦੀ ਅਵਸਥਾ ਵਿਚ ਚਲਾ ਜਾਂਦਾ ਹੈ ਤੇ ਨੀਂਦਰ ਦੀ ਅਵਸਥਾ ਤੋਂ ਨਿਕਲ ਕੇ ਫਿਰ ਆਪਣੇ ਆਪ ਨੂੰ ਉਸੇ ਅਵਸਥਾ ਵਿਚ ਡਿਗਿਆ ਦੇਖਦਾ ਹੈ ਜਿਸ ਅੁਸਥਾ ਵਿਚ ਇਹ ਇਕਾਗਰਤਾ ਤੋਂ ਪਹਿਲੇ ਸੀ। ਇਹ ਕੋਸ਼ਿਸ਼ ਕਰਕੇ ਜਦ ਇਹ ਇਕਾਗਰਤਾ ਵਿਚ ਜਾਂਦਾ ਹੈ ਤਾਂ ਥੋੜ੍ਹਾ ਚਿਰ ਅਨੰਦ ਮਾਣ ਕੇ ਸੌਂ ਜਾਂਦਾ ਹੈ ਅਤੇ ਸੁਤੇ ਉਠ ਕੇ ਆਪਣੇ ਆਪ ਨੂੰ ਫਿਰ ਉਸੇ ਪਹਿਲੀ ਅਗਿਆਨਤਾ ਦੀ ਅਵਸਥਾ ਵਿਚ ਦੇਖਦਾ ਹੈ। ਇਸ ਚੱਕਰ ਵਿਚ ਬੜੇ ਬੜੇ ਸੰਤ ਗੁਰਮੁਖ ਅਤੇ ਸਿਮਰਨ ਅਭਿਾਸੀ ਦੇਖੇ ਗਏ ਹਨ। ਜਦ ਮਨ ਨੂੰ ਸਿਮਰਨ ਵਿਚ ਅਕਹਿ ਅਨੰਦ ਪ੍ਰਾਪਤ ਹੋਵੇ ਉਸ ਵਕਤ ਇਹ ਵੇਖਣਾ ਕਿ ਜਿਸਨੂੰ ਇਹ ਅਨੰਦ ਆ ਰਿਗਾ ਹੇ ਉਹ ਆਪ ਕੀ ਚੀਜ਼ ਹੈ ਅਤੇ ਕੌਣ ਹੈ, ਸਿਮਰਨ ਅਭਿਆਸ ਦਾ ਬੜਾ ਭਾਰਾ ਮੋੜ ਹੈ। ਸੱਚੀ ਲਗਨ ਅਤੇ ਨਿਰਮਾਣ ਅਰਦਾਸਾਂ ਕਰਨ ਵਾਲੀ ਸੁਰਤ ਨੂੰ, ਏਥੇ





ਆਪਣੇ ਅਸਲ ਆਪੇ ਦੇ ਦੀਦਾਰ ਹੁੰਦੇ ਹਨ ਜੋ ਖੁਦ ਅਨੰਦ ਦਾ ਸੋਮਾ ਹੈ। ਆਪਣੇ ਆਪੇ ਦੇ ਰੋਜ਼ ਦੀਦਾਰ ਕਰਨ ਨਾਲ ਆਪਾ ਪ੍ਰਗਟ ਹੁੰਦਾ ਚਲਦਾ ਜਾਂਦਾ ਹੈ ਅਤੇ ਮਨ ਤੇ ਉਸ ਦੀਆਂ ਤਰੰਗਾਂ ਖਤਮ ਹੁੰਦੀਆਂ ਜਾਂਦੀਆਂ ਹਨ। ਇਸ ਆਪੇ ਨੂੰ ਸ਼ਾਸਤਰਾਂ ਵਿਚ ਆਤਮਾ ਕਿਹਾ ਹੈ ਅਤੇ ਗੁਰੂ ਘਰ ਵਿਚ ਮੂਲ ਕਿਹਾ ਹੈ। ਜਦ ਇਹ ਆਪਾ ਪੂਰਨ ਤੌਰ ਤੇ ਪ੍ਰਗਟ ਹੋ ਜਾਵੇ ਤਾਂ ਅਭਿਆਸੀ ਦਾ ਮਨ ਅਤੇ ਮਨ ਦੀਆਂ ਤਰੰਗਾਂ ਉਸੀ ਤਰ੍ਹਾਂ ਖਤਮ ਹੋ ਜਾਂਦੀਆਂ ਹਨ ਜਿਵੇਂ ਅੱਗ ਦੇ ਬਾਲਣ ਨਾਲ ਧੂੰਆਂ ਖਤਮ ਹੋ ਜਾਂਦਾ ਹੈ।

*ਅਬ ਮਨੁ ਛੂਟਿ ਗਇਆ ਸਾਧੂ ਸੰਗਿ ਮਿਲੇ॥*
*ਗੁਰਮੁਖਿ ਨਾਮ ਲਇਆ ਜੋਤੀ ਜੋਤ ਰਲੇ॥* *ਪੰਨਾ - 705*

# ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥ (5)

ਇਕ ਹਵਾਈ ਜਹਾਜ਼ ਦੇ ਉਡਾਰੂ ਦੇ ਦਸਣ ਅਨੁਸਾਰ, ਜਦ ਅਸਮਾਨ ਅੰਦਰ ਬਹੁਤ ਉਚੀ ਤੇ ਨਵੀਂ ਉਚਾਨ ਤੇ ਪਹੁੰਚੀਏ, ਜਿਥੇ ਕਾਲੇ ਬੱਦਲ ਤੇ ਤੂਫ਼ਾਨ ਹੇਠਾਂ ਰਹਿ ਜਾਂਦੇ ਹਨ ਅਤੇ ਧਰਤੀ ਛੋਟੀ ਜਿਹੀ ਵਸਤੂ ਦਿਸਦੀ ਹੈ, ਉਥੇ ਗਗਨ ਦੀ ਅਜੀਬ ਸੁੰਦਰਤਾ ਅਤੇ ਇਕਾਂਤ ਮਨ ਨੂੰ ਲੁਭਾਂਦੀ ਹੈ। ਮਨ ਵਿਚ ਉਸ ਵੇਲੇ ਹੈਰਾਨੀ ਤੇ ਭੈ ਦੇ ਮਿਲਵੇਂ ਜਜ਼ਬੇ ਉਤਪੰਨ ਹੁੰਦੇ ਹਨ। ਉਥੇ ਆਜ਼ਾਦੀ, ਸ਼ਾਂਤੀ ਅਤੇ ਸਹਿਜ ਉਸ ਲਈ ਉਡੀਕਦੇ ਪ੍ਰਤੀਤ ਹੁੰਦੇ ਹਨ, ਜੋ ਪਦਾਰਥ ਨਜ਼ਾਰਿਆਂ ਤੇ ਨਿਸ਼ਚਿਆਂ ਦੀ ਹਦ ਤੋਂ ਉਚੇ ਉਠ ਕੇ ਆਤਮ-ਗਿਆਨ ਅਤੇ ਏਕਤਾ ਦੀ ਸੁੰਦਰਤਾ ਨੂੰ ਦੇਖਣ ਦਾ ਚਾਹਵਾਨ ਹੋਵੇ।

ਇਹ ਆਤਮਕ ਗਿਆਨ ਮਨੁੱਖ ਦੀ ਅਤੇ ਉਸ ਦੇ ਸਿਰਜਨਹਾਰ ਦੀ ਅੰਦਰਲੀ ਏਕਤਾ ਅਤੇ ਅਭੇਦਤਾ ਦਰਸਾਂਦਾ ਹੈ। ਕਰਤਾਰ ਮਨੁੱਖ ਰਾਹੀਂ ਕਿਸੇ ਅਥਾਹ ਡੂੰਘਿਆਈ ਤੇ ਬੇਅੰਤ ਫੁਰਨਾ ਜੋ ਸਦਾ ਵਧਦਾ ਫੁਲਦਾ ਹੀ ਰਹਿੰਦਾ ਹੈ, ਪਿਆ ਉਤਪੰਨ ਕਰਦਾ ਹੈ।

ਆਤਮ ਸਾਇੰਸ ਸਾਡੇ ਵਿਚਾਰਾਂ ਨੂੰ ਸਦਾ ਜੀਵਨ ਦੇ ਉਚੇ ਤੋਂ ਉਚੇ ਨਜ਼ਾਰਿਆਂ ਦੀ ਤਰਫ ਪ੍ਰੇਰਦੀ ਹੈ। ਉਥੇ ਸਾਡੇ ਗਿਆਨ ਇੰਦਰਿਆਂ ਦੀ ਗਵਾਹੀ ਘਟਦੀ ਤੇ ਆਤਮਕ ਸੋਝੀ ਵਧਦੀ ਜਾਂਦੀ ਹੈ। ਉਥੇ ਸਾਡੀ ਸੁਰਤ ਪਦਾਰਥਾਂ ਵਿਚੋਂ ਨਿਕਲ ਕੇ ਆਤਮਕ ਖੇੜੇ ਵਿਚ ਟਿਕਦੀ ਅਤੇ ਕਰਤਾਰ ਨਾਲ ਅਭੇਦ ਹੁੰਦੀ ਹੈ।

ਪਾਪ, ਦੁਖ ਤੇ ਬੀਮਾਰੀ ਤਿਉਂ ਤਿਉਂ ਘਟਦੇ ਹਨ, ਜਿਉਂ ਜਿਉਂ ਅੰਦਰਲੀ ਪਵਿਤਰਤਾ ਤੇ ਸੋਝੀ ਵਧਦੀ ਹੈ। ਥੋੜ੍ਹਾਂ ਦੀ ਚਿੰਤਾ ਦੂਰ ਹੁੰਦੀ ਜਾਂਦੀ ਹੈ, ਜਿਉਂ ਜਿਉਂ ਵਾਹਿਗੁਰੂ ਦੇ ਅਮਿਤੇ ਅਤੇ ਚੰਗੇ ਭੰਡਾਰਾਂ ਦੀ ਸਮਝ ਆਉਂਦੀ ਹੈ। ਭਰਮ ਅੰਧੇਰਾ ਵਾਹਿਗੁਰੂ ਜੀ ਦੀ ਰੌਸ਼ਨ ਮੌਜੂਦਗੀ ਦੇ ਸਾਮ੍ਹਣੇ ਦੂਰ ਹੋ ਜਾਂਦਾ ਹੈ। ਇਨਸਾਨੀ ਹਉਮੈ ਰਜ਼ਾ ਵਿਚ ਟਿਕ ਕੇ





ਸੁਖ ਮਾਣਦੀ ਹੈ ਅਤੇ ਬਦੀ ਤੇ ਨਫਰਤ ਸਾਹਿਬ ਦੇ ਪ੍ਰੇਮ ਦੇ ਸਾਮ੍ਹਣੇ ਅਲੋਪ ਹੋ ਜਾਂਦੀਆਂ ਹਨ।

ਗੁਰਸਿੱਖਾਂ ਨੂੰ ਕਈ ਵਾਰੀ ਇਹ ਤਜਰਬਾ ਵੀ ਹੁੰਦਾ ਹੈ ਕਿ ਉਨ੍ਹਾਂ ਦੀ ਵਿਚਾਰ ਜਦ ਆਤਮਕ ਗਿਆਨ ਨਾਲ ਪਵਿੱਤਰ ਹੋ ਜਾਣ, ਤੋ ਮਾੜੀਆਂ ਆਦਤਾਂ ਅਤੇ ਗਲਤ ਨਿਸਚੇ ਸੁਤੇ ਸਿਧ ਹੀ ਛੁਟ ਜਾਂਦੇ ਹਨ ਅਤੇ ਬੀਤੇ ਹੋਏ ਜੀਵਨ ਦੀਆਂ ਮਾੜੀਆਂ ਘਟਨਾਵਾਂ ਇਕ ਚੰਦਰੇ ਸੁਫਨੇ ਵਾਂਗ ਭੁੱਲ ਜਾਂਦੀਆਂ ਹਨ।

ਆਤਮਕ ਉਚਾਈ ਦੇ ਸਫਰ ਵਿਚ ਕਈ ਵਾਰੀ ਬੜਾ ਵਿਘਨ ਵੀ ਪੈ ਜਾਂਦਾ ਹੈ। ਹੇਠਾਂ ਨੂੰ, ਅਸ਼ਾਂਤ ਮੰਡਲਾਂ ਵਲ ਤੇਜ਼ੀ ਨਾਲ ਡਿਗਦੇ ਪ੍ਰਤੀਤ ਕਰੀਦਾ ਹੈ, ਘਬਰਾਣਾ ਨਹੀਂ ਚਾਹੀਦਾ। ਮੁਦਰਤਾਂ ਦੇ ਗਲਤ ਨਿਸਚੇ, ਇਨਸਾਨੀ ਗਲਤ ਵਿਚਾਰਾਂ, ਇਨਸਾਨੀ ਸਿਆਣਪਾਂ ਤੇ ਚਤੁਰਾਈਆਂ, ਮਨ ਦੀਆਂ ਬੀਮਾਰੀਆਂ ਅਤੇ ਉਨ੍ਹਾਂ ਦੇ ਇਨਸਾਨੀ ਉਪਾਊ ਜਾਂ ਦਾਰੂ, ਸਭ ਸਾਡੀ ਸੁਰਤ ਤੇ ਆਤਮ ਮਾਰਗ ਦੀ ਚੜ੍ਹਾਈ ਵੱਲੋਂ ਵਿਘਨ ਤੇ ਰੁਕਾਵਟਾਂ ਹਨ। ਆਤਮ ਸਾਇੰਸ ਜਾਂ ਗੁਰਮਤਿ ਇਨ੍ਹਾਂ ਵਿਘਨਾਂ ਤੇ ਰੁਕਾਵਟਾਂ ਨੂੰ ਤੋੜਦੀ ਅਤੇ ਮੁੜ ਰਸਤਾ ਸਾਫ ਕਰਦੀ ਹੈ।

ਸਰੀਰਾਂ ਦੇ ਮੋਹ ਅਤੇ ਸਰੀਰਾਂ ਦੀ ਕੈਦ ਤੋਂ ਸਾਨੂੰ ਕੇਵਲ ਗੁਰੂ ਗਿਆਨ ਦੀ ਕਮਾਈ ਹੀ ਆਜ਼ਾਦ ਕਰਾ ਸਕਦੀ ਹੈ। ਇਨਸਾਨ ਦੇ ਬਣਾਏ ਕਾਨੂੰਨ ਤੇ ਨਿਸਚੇ ਤਿਆਗਣੇ ਅਤੇ ਉਲਟਾਣੇ ਪੈਂਦੇ ਹਨ, ਆਤਮ ਮਾਰਗ ਦੀ ਸਿੱਧੀ ਚੜ੍ਹਾਈ ਤੇ ਚੜ੍ਹਨ ਲੱਗਿਆਂ। ਵਿਰਸੇ ਦੇ, ਹਾਲਾਤ ਦੇ, ਹਾਦਸਿਆਂ ਦੇ, ਛੂਤ ਦੇ ਅਨੇਕ ਇਨਸਾਨੀ ਨਿਸਚੇ ਸਾਹਿਬ ਸ੍ਰੀ ਵਾਹਿਗੁਰੂ ਜੀ ਦੀ ਸਰਬ-ਵਿਆਪਕਤਾ ਅਤੇ ਸਰਬਸ਼ਕਤੀਮਾਨਤਾ ਦੇ ਸਾਮ੍ਹਣੇ, ਨਿਹੱਥੇ ਤੇ ਨਿਰਬਲ ਸਮਝ ਕੇ, ਪੈਰਾਂ ਹੇਠ ਕੁਚਲ ਸੁਟਣੇ ਪੈਂਦੇ ਹਨ। ਵਾਹਿਗੁਰੂ ਜੀ ਕੀ ਫਤਹਿ ਤਦ ਜਾ ਕੇ ਹੁੰਦੀ ਹੈ।

# ਪਿਤਾ ਪਰ ਪੂਤ

ਇਹ ਮੁਹਾਵਰਾ ਜਾਂ ਅਖਾਣ 'ਆਤਮ-ਸਾਇੰਸ' ਦੇ ਸਭ ਪਾਠਕਾਂ ਨੇ ਜ਼ਰੂਰ ਸੁਣਿਆ ਹੋਣਾ ਹੈ ਕਿ ਜਿਹੋ ਜਿਹਾ ਪਿਤਾ ਉਹੋ ਜਿਹਾ ਪੁਤਰ। ਪਿਤਾ ਤੋਂ ਉਪਜਣ ਕਰਕੇ, ਪੁਤਰ ਵਿਚ ਪਿਤਾ ਦੇ ਗੁਣ, ਪਿਤਾ ਦਾ ਸੁਭਾਵ, ਪਿਤਾ ਦੀ ਖਸਲਤ ਦਾ ਹੋਣਾ ਜ਼ਰੂਰੀ ਹੈ।

ਇਨਸਾਨ ਅੰਦਰ ਹੀ ਇਹ ਨਿਯਮ ਕੰਮ ਨਹੀ ਕਰਦਾ, ਸਗੋਂ ਜਾਨਵਰਾਂ, ਪੰਛੀਆਂ ਤੇ ਦਰਖਤਾਂ ਵਿਚ ਵੀ, ਜਿਹੋ ਜਿਹੇ ਮਾਪੇ ਉਹੋ ਜਿਹੀ ਸੰਤਾਨ ਦਾ ਅਸੂਲ ਕੰਮ ਕਰਦਾ ਦੇਖਾਂਗੇ। ਘੋੜਿਆਂ, ਕੁੱਤਿਆਂ, ਗਾਈਆਂ, ਮੱਝਾਂ, ਮੁਰਗੀਆਂ ਆਦਿ ਖਰੀਦਣ ਸਮੇਂ ਚੰਗੀ ਨਸਲ ਦਾ ਜਾਂ ਚੰਗੇ ਮਾਪਿਆਂ ਦਾ ਬੜਾ ਧਿਆਨ ਰੱਖਿਆ ਜਾਂਦਾ ਹੈ। ਫੁਲਾਂ ਤੇ ਦਰਖਤਾਂ ਦੇ ਬੀਜ ਖਰੀਦਣ ਵੇਲੇ ਵੀ ਇਹੋ ਖਿਆਲ ਰੱਖਿਆ ਜਾਂਦਾ ਹੈ ਕਿ ਚੰਗੀ ਨਸਲ ਦੇ ਬੀਜ ਹੋਣ।

ਸੰਤਾਨ ਦਾ ਮਾਪਿਆਂ ਵਰਗਾ ਹੋਣਾ ਇਸ ਲਈ ਜ਼ਰੂਰੀ ਹੈ ਕਿ ਮਾਪਿਆਂ ਪਾਸ ਜੋ ਕੁਝ ਵੀ (ਗੁਣ-ਔਗੁਣ) ਹੋਵੇ, ਔਲਾਦ ਵਿਚ ਉਹ ਉਹੋ ਕੁਝ ਪੈਦਾ ਕਰ ਸਕਦੇ ਹਨ। ਜੋ ਮਾਪਿਆਂ ਵਿਚ ਨਹੀਂ, ਉਹ ਔਲਾਦ ਵਿਚ ਕਿਵੇਂ ਹੋਵੇ?

ਸੰਤਾਨ ਜਾਂ ਔਲਾਦ ਦੋ ਕਿਸਮ ਦੀ ਹੁੰਦੀ ਹੈ। ਇਕ ਉਹ ਜੋ ਪੈਦਾ ਹੋ ਕੇ ਮਾਪਿਆਂ ਤੋਂ ਅੱਡ ਜਾਂ ਵਖਰਾ ਜੀਵਨ ਬਤੀਤ ਕਰੇ। ਦੂਸਰੀ ਔਲਾਦ ਉਹ ਹੁੰਦੀ ਹੈ, ਜੋ ਪੈਦਾ ਹੋ ਕੇ ਮਾਪਿਆਂ ਦੇ ਨਾਲ ਹੀ ਰਹਿੰਦੀ ਹੈ, ਮਾਪਿਆਂ ਤੋਂ ਅਲਹਿਦਾ ਨਹੀਂ ਹੁੰਦੀ ਜਾਂ ਵਿਛੜਦੀ ਨਹੀਂ। ਪਹਿਲੀ ਕਿਸਮ ਵਿਚ ਆਦਮੀ, ਜਾਨਵਰ, ਪੰਛੀ, ਦਰਖਤ ਆਦਿ ਹਨ। ਇਹ ਸਭ ਮਾਪਿਆਂ ਤੋਂ ਪੈਦਾ ਹੋ ਕੇ ਉਨ੍ਹਾਂ ਤੋਂ ਵਖਰਾ ਜਾਂ ਅਲੱਗ ਜੀਵਨ ਬਤੀਤ ਕਰਦੇ ਹਨ। ਦੂਸਰੀ ਕਿਸਮ ਦੀ ਸੰਤਾਨ ਉਹ ਹੁੰਦੀ ਹੈ, ਜਿਹੜੀ ਪੈਦਾ ਹੋ ਕੇ ਮਾਪਿਆਂ ਤੋਂ ਅਲੱਗ ਨਹੀਂ ਹੁੰਦੀ, ਸਗੋਂ ਆਪਣੀ ਉਤਪਤੀ ਦੇ





ਸੋਮੇ ਨਾਲ ਜੁੜੀ ਰਹਿੰਦੀ ਹੈ, ਵਿਛੜਦੀ ਨਹੀ। ਇਸ ਦੂਸਰੀ ਕਿਸਮ ਵਿਚ ਹਨ ਪਾਣੀ ਤੇ ਬੁਲਬੁਲਾ, ਪਾਣੀ ਤੇ ਲਹਿਰਾ, ਸੂਰਜ ਤੇ ਉਸ ਦੀਆਂ ਬੇਅੰਤ ਕਿਰਨਾਂ। ਬੁਲਬੁਲਾ ਜਾਂ ਲਹਿਰ ਪਾਣੀ ਤੋ ਪੈਦਾ ਹੁੰਦੇ ਹਨ, ਪਰ ਪੈਦਾ ਹੋ ਕੇ ਪਾਣੀ ਤੋਂ ਵਿਛੜਦੇ ਜਾਂ ਜੁਦਾ ਨਹੀ ਹੁੰਦੇ। ਇਸੇ ਤਰ੍ਹਾਂ ਕਿਰਨਾਂ ਸੂਰਜ ਤੋਂ ਪੈਦਾ ਹੁੰਦੀਆਂ ਹਨ, ਪਰ ਪੈਦਾ ਹੋਣ ਮਗਰੋਂ ਕਿਰਨਾਂ ਸੂਰਜ ਨਾਲ ਜੁੜੀਆਂ ਰਹਿੰਦੀਆਂ ਹਨ, ਕਦੀ ਨਹੀਂ ਵਿਛੜਦੀਆਂ। ਜੇਕਰ ਲਹਿਰ, ਬੁਲਬੁਲਾ ਜਾਂ ਝੱਗ ਪਾਣੀ ਤੋਂ ਵਿਛੜਨਾ ਵੀ ਚਾਹੁਣ ਤਾਂ ਐਸਾ ਨਹੀਂ ਕਰ ਸਕਦੀਆਂ। ਬੁਲਬੁਲੇ ਜਾਂ ਲਹਿਰ ਦੀ ਹਸਤੀ ਪਾਣੀ ਤੋਂ ਬਗੈਰ ਕਾਇਮ ਹੀ ਨਹੀਂ ਰਹਿ ਸਕਦੀ, ਇਸੇ ਤਰ੍ਹਾਂ ਕਿਰਨਾਂ ਆਪਣੇ ਆਪ ਨੂੰ ਸੂਰਜ ਤੋਂ ਅਲਹਿਦਾ ਹੋ ਕੇ ਕਾਇਮ ਨਹੀਂ ਰਖ ਸਕਦੀਆਂ।

ਜੋ ਸੰਤਾਨ ਆਪਣੀ ਉਤਪਤੀ ਦੇ ਸੋਮੇ ਤੋ ਅਡਰਾ ਜੀਵਨ ਬਤੀਤ ਕਰ ਸਕਦੀ ਹੈ, ਉਸ ਵਿਚ ਉਤਪਤੀ ਦੇ ਸੋਮੇ ਦੀਆਂ ਕੁਝ ਖਸਲਤਾਂ, ਆਦਤਾਂ, ਗੁਣ, ਅਵਗੁਣ ਜ਼ਰੂਰ ਹੁੰਦੇ ਹਨ, ਪਰ ਸਾਰੇ ਗੁਣ ਅਵਗੁਣ ਨਹੀਂ ਹੁੰਦੇ, ਐਪਰ ਜੋ ਸੰਤਾਨ ਆਪਣੀ ਉਤਪਤੀ ਮਗਰੋਂ, ਉਤਪਤੀ ਦੇ ਸੋਮੇ ਨਾਲ ਹੀ ਜੁੜੀ ਰਹਿੰਦੀ ਹੈ, ਉਸ ਵਿਚ ਆਪਣੀ ਉਤਪਤੀ ਦੇ ਸੋਮੇ ਦੇ ਸਾਰੇ ਗੁਣ ਮੌਜੂਦ ਹੁੰਦੇ ਹਨ। ਲਹਿਰ ਜਾਂ ਬੁਲਬੁਲਾ ਪਾਣੀ ਤੋਂ ਪੈਦਾ ਹੋ ਕੇ, ਪਾਣੀ ਨਾਲ ਜੁੜੇ ਰਹਿੰਦੇ ਹਨ ਇਸ ਕਰਕੇ ਲਹਿਰ ਜਾਂ ਬੁਲਬੁਲੇ ਵਿਚ ਪਾਣੀ ਦੇ ਸਭ ਗੁਣ ਹੁੰਦੇ ਹਨ। ਇਸੇ ਤਰ੍ਹਾਂ ਕਿਰਨ ਵਿਚ ਸੂਰਜ ਨਾਲ ਸਦਾ ਜੁੜੇ ਹੋਣ ਕਰਕੇ ਸੂਰਜ ਦੇ ਸਭ ਗੁਣ ਹਨ।

'ਆਤਮ-ਸਾਇੰਸ' ਵਿਚ ਜੀਵ ਨੂੰ ਵਾਹਿਗੁਰੂ ਦਾ ਐਸਾ ਪੁਤਰ ਮੰਨਿਆ ਹੈ ਜੋ ਵਾਹਿਗੁਰੂ ਤੋਂ ਉਤਪੰਨ ਹੋ ਕੇ ਵਾਹਿਗੁਰੂ ਜੀ ਨਾਲ ਸਦਾ ਜੁੜਿਆ ਰਹਿੰਦਾ ਹੈ ਤੇ ਕਦੀ ਨਹੀ ਵਿਛੜਦਾ। ਵਾਹਿਗੁਰੂ ਜੀ ਤੋਂ ਕਦੀ ਨਾ ਵਿਛੜਨ ਕਰਕੇ, ਜੀਵ ਵਿਚ ਵਾਹਿਗੁਰੂ ਜੀ ਦੀਆਂ ਉਸੇ ਤਰ੍ਹਾਂ ਸਭ ਸਿਫਤਾਂ ਮੌਜੂਦ ਹੁੰਦੀਆਂ ਹਨ, ਜਿਸ ਤਰ੍ਹਾਂ ਕਿ ਬੁਲਬੁਲੇ ਜਾਂ ਲਹਿਰ ਵਿਚ ਪਾਣੀ ਦੇ ਸਭ ਗੁਣ ਮੌਜੂਦ ਹੁੰਦੇ ਹਨ।

ਪਰ ਜੀਵ ਨੂੰ ਆਪਣੇ ਆਪ ਵਿਚ ਆਪਣੇ ਮਾਤਾ-ਪਿਤਾ ਵਾਹਿਗੁਰੂ ਜੀ ਦੀਆਂ ਸਭ ਸਿਫਤਾਂ ਜਾਂ ਗੁਣ ਪ੍ਰਤੀਤ ਕਿਉਂ ਨਹੀਂ ਹੁੰਦੇ? ਇਸ ਦਾ ਕਾਰਨ ਇਹ ਹੈ ਕਿ ਜੀਵ ਆਪਣੇ ਆਪ ਨੂੰ ਗਲਤੀ ਜਾਂ ਭੁਲੇਖੇ ਵਿਚ

ਆਪਣੀ ਸਰੀਰ ਮੰਨਦਾ ਰਹਿੰਦਾ ਹੈ। ਅਸਲ ਵਿਚ ਸਰੀਰ ਜੀਵ ਨਹੀਂ ਹੁੰਦਾ, ਜੀਵ ਸਰੀਰ ਵਿਚ ਕੁਝ ਅਰਸੇ ਲਈ ਰਹਿੰਦਾ ਹੈ, ਪਰ ਗਲਤੀ ਨਾਲ ਆਪਣੇ ਰਹਿਣ ਵਾਲੇ ਘਰ ਨੂੰ ਆਪਣਾ ਆਪ ਸਮਝਦਾ ਹੈ। ਜੀਵ ਦੀ ਇਹੋ ਭਾਰੀ ਗਲਤੀ ਉਸ ਨੂੰ ਜਨਮ ਮਰਨ ਦੇ ਗੇੜ ਵਿਚ ਪਾਈ ਰਖਦੀ ਹੈ। ਜੀਵ ਦਾ ਸਰੀਰ ਕਾਲ ਜਾਂ ਤਬਦੀਲੀ ਦੇ ਕਾਨੂੰਨ ਦੇ ਮਾਤਹਿਤ ਰਹਿੰਦਾ ਹੈ ਅਤੇ ਜੰਮਦਾ, ਵੱਡਾ ਹੁੰਦਾ ਅਤੇ ਬੁੱਢਾ ਹੋ ਕੇ ਮਰਦਾ ਰਹਿੰਦਾ ਹੈ, ਪਰ ਜੀਵ ਆਪ ਕਾਲ ਜਾਂ ਤਬਦੀਲੀ ਦੇ ਕਾਨੂੰਨ ਦੇ ਮਾਤਹਿਤ ਨਹੀਂ, ਇਸ ਲਈ ਜੀਵ ਖੁਦ ਨਾ ਕਦੀ ਜੰਮਦਾ ਹੈ, ਨਾ ਕਦੀ ਵੱਡਾ ਹੁੰਦਾ ਹੈ ਅਤੇ ਨਾ ਕਦੀ ਬੁੱਢਾ ਹੋ ਕੇ ਮਰਦਾ ਹੈ। ਆਪਣੀ ਅਸਲੀਅਤ ਤੋਂ ਅਗਿਆਨੀ ਜੀਵ, ਆਪਣੇ ਸਰੀਰ ਦੇ ਪੈਦਾ ਹੋਣ ਨੂੰ ਆਪਣਾ ਜਨਮ ਸਮਝਦਾ ਹੈ, ਆਪਣੇ ਸਰੀਰ ਦੇ ਵੱਡੇ ਹੋਣ ਨੂੰ ਆਪਣੀ ਜਵਾਨੀ ਸਮਝਦਾ ਹੈ ਅਤੇ ਆਪਣੇ ਸਰੀਰ ਦੇ ਬਿਰਧ ਹੋਣ ਨੂੰ ਆਪਣਾ ਬੁਢੇਪਾ ਸਮਝਦਾ ਹੈ ਅਤੇ ਆਪਣੇ ਸਰੀਰ ਦੇ ਬਿਨਾਸਨ ਨੂੰ ਆਪਣੀ ਮੌਤ ਸਮਝਦਾ ਹੈ।

ਜੀਵ ਦਾ ਇਹ ਭੁਲੇਖਾ ਕਿ ਉਹ ਸਰੀਰ ਹੈ, ਬੜੀ ਮਿਹਨਤ, ਬੜੀ ਮੁਸ਼ੱਕਤ, ਬੜੀ ਵਿਚਾਰ ਤੇ ਆਪਣੀ ਅਸਲੀਅਤ ਸਬੰਧੀ ਪੂਰੇ ਗਿਆਨ ਨਾਲ ਦੂਰ ਹੁੰਦਾ ਹੈ। ਇਸ ਮਿਹਨਤ, ਮੁਸ਼ੱਕਤ, ਵਿਚਾਰ ਤੇ ਗਿਆਨ ਨੂੰ ਧਰਮ ਜਾਂ ਮਜ਼ਹਬ ਆਖਦੇ ਹਨ।

ਅਸਲ ਧਰਮ ਉਹ ਹੈ ਜੋ ਜੀਵ ਦਾ ਇਹ ਭੁਲੇਖਾ ਕਿ ਉਹ ਸਰੀਰ ਹੈ, ਦੂਰ ਕਰ ਦੇਵੇ ਅਤੇ ਜੀਵ ਨੂੰ ਆਪਣੀ ਅਸਲੀਅਤ ਦੀ ਸਚਾਈ ਦਾ ਗਿਆਨ ਦ੍ਰਿੜ ਕਰਵਾ ਦੇਵੇ। ਜਦ ਜੀਵ ਨੂੰ ਯਕੀਨ ਹੋ ਜਾਵੇ ਕਿ ਉਹ ਸਰੀਰ ਨਹੀਂ, ਸਰੀਰ ਵਿਚ ਰਹਿਣ ਵਾਲੀ ਮਹਾਨ ਆਤਮਾ ਹੈ ਤਾਂ ਉਸ ਨੂੰ ਆਪਣੀ ਪਹਿਲੀ, ਆਪਣੇ ਆਪ ਨੂੰ ਸਰੀਰ ਮੰਨਣ ਵਾਲੀ ਭੁੱਲ ਤੇ ਬੜਾ ਅਸਚਰਜ ਤੇ ਹਾਸਾ ਆਉਂਦਾ ਹੈ। ਉਸ ਨੂੰ ਯਕੀਨ ਆ ਜਾਂਦਾ ਹੈ ਕਿ ਉਹ ਵਾਹਿਗੁਰੂ ਜੀ ਤੋਂ ਪੈਦਾ ਹੋਣ ਕਰਕੇ, ਵਾਹਿਗੁਰੂ ਜੀ ਦਾ ਰੂਪ ਹੈ। ਉਸ ਨੂੰ ਯਕੀਨ ਆ ਜਾਂਦਾ ਹੈ ਕਿ ਜਿਵੇਂ ਲਹਿਰ ਸਾਗਰ ਦਾ ਰੂਪ ਹੁੰਦੀ ਹੈ, ਸਾਗਰ ਨਾਲ ਸਦੀਵੀ ਤੌਰ ਤੇ ਜੁੜੀ ਹੋਈ ਅਤੇ ਅਭੇਦ ਹੁੰਦੀ ਹੈ, ਉਸੇ ਤਰ੍ਹਾਂ ਉਹ ਆਪਣੇ ਸੋਮੇ, ਆਪਣੇ ਮਾਤਾ ਪਿਤਾ ਵਾਹਿਗੁਰੂ ਨਾਲ ਅਭੇਦ ਹੈ, ਨਾ ਕਦੀ ਵਿਛੜਿਆ ਹੈ, ਨਾ ਕਦੀ ਵਿਛੜ ਸਕਦਾ





ਹੈ ਤੇ ਉਹ ਆਪਣੇ ਵਾਹਿਗੁਰੂ ਜੀ ਦਾ ਸਦਾ ਤੋਂ ਲਾਡਲਾ ਪੁਤਰ ਜਾਂ ਸਰੂਪ ਹੈ।

*ਅਚਰਜ ਕਥਾ ਮਹਾ ਅਨੂਪ॥*
*ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥ਰਹਾਉ॥*
*ਨਾ ਇਹੁ ਬੂਢਾ ਨਾ ਇਹੁ ਬਾਲਾ॥*
*ਨਾ ਇਸੁ ਦੂਖੁ ਨਹੀ ਜਮ ਜਾਲਾ॥*
*ਨਾ ਇਹੁ ਬਿਨਸੈ ਨਾ ਇਹੁ ਜਾਇ॥*
*ਆਦਿ ਜੁਗਾਦੀ ਰਹਿਆ ਸਮਾਇ॥*
*ਨਾ ਇਸੁ ਉਸਨੁ ਨਹੀ ਇਸੁ ਸੀਤੁ॥*
*ਨਾ ਇਸੁ ਦੁਸਮਨੁ ਨਾ ਇਸੁ ਮੀਤੁ॥*
*ਨਾ ਇਸੁ ਹਰਖੁ ਨਹੀ ਇਸੁ ਸੋਗੁ॥*
*ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ॥*
*ਨਾ ਇਸੁ ਬਾਪੁ ਨਹੀ ਇਸ ਮਾਇਆ॥*
*ਇਹੁ ਅਪਰੰਪਰੁ ਹੋਤਾ ਆਇਆ॥*
*ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ॥*
*ਘਟ ਘਟ ਅੰਤਰਿ ਸਦ ਹੀ ਜਾਗੈ॥*
*ਤੀਨਿ ਗੁਣਾ ਇਕ ਸਕਤਿ ਉਪਾਇਆ॥*
*ਮਹਾ ਮਾਇਆ ਤਾ ਕੀ ਹੈ ਛਾਇਆ॥*
*ਅਛਲ ਅਛੇਦ ਅਭੇਦ ਦਇਆਲ॥*
*ਦੀਨ ਦਇਆਲ ਸਦਾ ਕਿਰਪਾਲ॥*
*ਤਾ ਕੀ ਗਤਿ ਮਿਤਿ ਕਛੂ ਨ ਪਾਇ॥*
*ਨਾਨਕ ਤਾ ਕੈ ਬਲਿ ਬਲਿ ਜਾਇ॥* *ਪੰਨਾ - 868*

# ਪਾਪ ਅਤੇ ਸਜ਼ਾ

ਪਾਪ ਨੂੰ ਇਸ ਵਾਸਤੇ ਸਜ਼ਾ ਦਿਤੀ ਜਾਂਦੀ ਹੈ ਕਿ ਮੁੜ ਪਾਪ ਨਾ ਕੀਤਾ ਜਾਵੇ। ਸਜ਼ਾ ਦਾ ਮਨੋਰਥ ਪਾਪ ਨੂੰ ਨਾਸ ਕਰਨਾ ਹੈ। ਪਾਪ ਦੇ ਸਵਾਦ ਨਾਲੋਂ ਉਸ ਦੀ ਸਜ਼ਾ ਕਿਤੇ ਵਧ ਹੁੰਦੀ ਹੈ ਅਤੇ ਇਹ ਓਦੋਂ ਤਕ ਮਿਲਦੀ ਰਹਿੰਦੀ ਹੈ ਜਦ ਤਕ ਕਿ ਪਾਪ ਕਾਇਮ ਰਹੇ। ਪਾਪ ਕਾਇਮ ਉਦੋਂ ਤਕ ਰਹਿੰਦਾ ਹੈ, ਜਦੋਂ ਤਕ ਇਸ ਦੇ ਸਵਾਦ ਵਿਚ ਇਨਸਾਨ ਦਾ ਨਿਸਚਾ ਕਾਇਮ ਰਹੇ। ਪਾਪ ਦੇ ਸਵਾਦ ਵਿਚ ਨਿਸਚਾ ਓਦੋਂ ਤਕ ਕਾਇਮ ਰਹਿੰਦਾ ਹੈ ਜਦੋਂ ਤਕ ਪਾਪ ਦੇ ਸਵਾਦ ਨਾਲੋਂ ਕਿਸੇ ਵੱਡੇ, ਉਚੇ, ਚੰਗੇਰੇ ਅਤੇ ਸਦੀਵੀ ਸਵਾਦ ਦਾ ਪਤਾ ਨਾ ਲੱਗੇ। ਜਦ ਚੰਗੇਰਾ ਤੇ ਉਚੇਰਾ ਸਵਾਦ ਮਾਨਣ ਲਗ ਜਾਵੇ ਤਾਂ ਇਨਸਾਨ ਛੋਟਾ ਤੇ ਹਾਨੀਕਾਰਕ ਸਵਾਦ ਆਪੇ ਹੀ ਤਿਆਗ ਦਿੰਦਾ ਹੈ।

*ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥* *ਪੰਨਾ - 342*

ਪਾਪ ਕੀ ਹੈ। ਆਪਣੇ ਆਪ ਨੂੰ ਸਰੀਰ ਮੰਨ ਕੇ ਸਰੀਰਕ ਸੁਖਾਂ, ਸਰੀਰਕ ਰਸਾਂ, ਸਰੀਰਕ ਭੋਗਾਂ, ਸਰੀਰਕ ਵਿਸ਼ਿਆਂ ਵਿਕਾਰਾਂ ਨੂੰ ਜੀਵਨ ਦਾ ਮਨੋਰਥ ਸਮਝਣਾ - ਪਾਪ ਹੈ। ਜੋ ਕੁਝ ਵਾਹਿਗੁਰੂ ਜੀ ਵਿਚ ਨਹੀਂ, ਉਹ ਚਾਹੁੰਣਾ, ਉਸ ਲਈ ਜੀਵਣਾ, ਉਸ ਨੂੰ ਜੀਵਨ ਦਾ ਮਨੋਰਥ ਮੰਨਣਾ-ਪਾਪ ਹੈ। ਵਾਹਿਗੁਰੂ ਜੀ ਆਪ ਸਰੀਰ ਨਹੀਂ, ਨਾ ਹੀ ਉਨ੍ਹਾਂ ਵਿਚ ਸਰੀਰਕ ਰਸ, ਸਰੀਰਕ ਭੋਗ ਅਤੇ ਸਰੀਰਕ ਉਪਾਧੀਆਂ ਹਨ।

*ਕਾਮ ਨਾ ਕਰੋਧ ਨਾ ਲੋਭ ਨਾ ਮੋਹ*
*ਨਾ ਰੋਗ ਨਾ ਸੋਗ ਨਾ ਭੋਗ ਨਾ ਭੈ ਤੂੰ।*

ਇਨਸਾਨ ਨੇ ਇਕ ਦਿਨ ਭਗਵਾਨ ਬਣਨਾ ਹੈ, ਇਸ ਲਈ ਜੋ ਭਗਵਾਨ ਵਿਚ ਹੈ, ਉਸ ਨੂੰ ਇਨਸਾਨ ਲਈ ਧਾਰਨ ਕਰਨਾ ਅਤੇ ਜੋ ਭਗਵਾਨ ਵਿਚ ਨਹੀਂ, ਉਸ ਨੂੰ ਤਿਆਗਣਾ ਜ਼ਰੂਰੀ ਹੈ। ਜੋ ਭਗਵਾਨ ਵਿਚ ਨਹੀਂ, ਉਸ ਦੇ ਤਿਆਗ ਵਿਚ ਅਤੇ ਜੋ ਭਗਵਾਨ ਵਿਚ ਹੈ, ਉਸ ਦੇ ਧਾਰਨ ਕਰਨ ਵਿਚ ਇਨਸਾਨ ਝੂਠੀਆਂ, ਆਰਜ਼ੀ ਤੇ ਨਾਸਵੰਦ ਖੁਸ਼ੀਆਂ





ਨੂੰ ਭੈੜੇ ਸੁਪਨੇ ਦੀ ਤਰ੍ਹਾਂ ਅਲੋਪ ਹੁੰਦਿਆਂ ਅਤੇ ਸੱਚੀਆਂ-ਪੱਕੀਆਂ ਤੇ ਸਦੀਵੀ ਖੁਸ਼ੀਆਂ ਤੇ ਸੁਖਾਂ ਦੇ ਦਰਵਾਜ਼ੇ ਆਪਣੇ ਅੰਦਰ ਖੁੱਲ੍ਹਦਿਆਂ ਵੇਖੇਗਾ।

ਇਨਸਾਨ ਨੂੰ ਭਗਵਾਨ ਤਕ ਪਹੁੰਚਣ ਲਈ ਭਗਵਾਨ ਦੀਆਂ ਸਭ ਸ਼ਕਤੀਆਂ ਤੇ ਵਿਉਂਤਾਂ ਇਨਸਾਨ ਦੀ ਹਰ ਪ੍ਰਕਾਰ ਸਹਾਇਕਾ ਕਰਦੀਆਂ ਹਨ। ਪਾਪ ਦੀ ਸਜ਼ਾ ਵੀ ਐਸੀ ਇਕ ਵਿਉਂਤ ਹੈ, ਜੋ ਇਨਸਾਨ ਨੂੰ ਭਗਵਾਨ ਤੋਂ ਦੂਰ ਲੈ ਜਾਣ ਵਾਲੇ ਰਸਤੇ ਤੋਂ ਰੋਕਦੀ ਤੇ ਮੋੜਦੀ ਹੈ।

*ਕੇਤਿਆ ਦੂਖ ਭੂਖ ਸਦ ਮਾਰ॥*
*ਏਹਿ ਭਿ ਦਾਤਿ ਤੇਰੀ ਦਾਤਾਰ॥* *ਪੰਨਾ - 5*

ਇਨਸਾਨ ਦੀ ਸਭ ਤੋਂ ਵੱਡੀ ਭੁੱਲ ਆਪਣੇ ਆਪ ਨੂੰ ਸਰੀਰ ਮੰਨਣਾ ਹੈ ਅਤੇ ਦੁਖ, ਬਿਮਾਰੀ ਅਤੇ ਮੌਤ ਇਸ ਭੁੱਲ ਦੀ ਹੀ ਸਜ਼ਾ ਹਨ, ਜੋ ਤਦ ਤਕ ਕਾਇਮ ਰਹਿਣਗੀਆਂ, ਜਦ ਤਕ ਇਨਸਾਨ ਆਪਣੇ ਆਪ ਨੂੰ ਸਰੀਰ ਦੀ ਬਜਾਏ ਸਰੀਰ ਵਿਚ ਰਹਿਣ ਵਾਲੀ ਮਹਾਨ ਆਤਮਾ (ਜੋ ਇਹ ਵਾਸਤਵ ਵਿਚ ਹੈ) ਨਾ ਮੰਨੇ। ਪਾਪ ਤੇ ਪਾਪ ਦੀ ਸਜ਼ਾ ਇਕੋ ਤਸਵੀਰ ਦੇ ਦੋ ਪਾਸੇ ਹਨ। ਜਿਥੇ ਪਾਪ ਹੈ, ਉਥੇ ਸਜ਼ਾ ਦਾ ਹੋਣਾ ਲਾਜ਼ਮੀ ਹੈ। ਭੋਗ ਬਿਲਾਸ, ਵਿਸ਼ੇ ਵਿਕਾਰਾਂ ਦਾ ਅੰਤ ਦੁਖ ਬੀਮਾਰੀ ਤੇ ਮੌਤ ਹੈ। ਪਾਪ ਤੇ ਸੰਤਾਪ ਸਕੇ ਭਰਾ ਹਨ ਅਤੇ ਕਦੀ ਨਹੀਂ ਵਿਛੜਦੇ। ਪਾਪ ਦੀ ਖੁਸ਼ੀ ਸੱਚੀ ਨਹੀਂ ਹੁੰਦੀ ਬਲਕਿ ਇਨਸਾਨੀ ਦਿਮਾਗ ਦਾ ਵੱਡਾ ਭੁਲੇਖਾ ਹੈ। ਉਹ ਖੁਸ਼ੀ ਕਾਹਦੀ, ਜਿਸ ਦਾ ਅੰਤ ਖਵਾਰੀ ਤੇ ਪ੍ਰੇਸ਼ਾਨੀ ਹੋਵੇ।

*ਮੰਦੇ ਕੰਮੀ ਨਾਨਕਾ ਜਦ ਕਦ ਮੰਦਾ ਹੋਇ॥*

ਪਾਪ ਦੇ ਸਵਾਦ ਕਰਕੇ ਇਨਸਾਨ ਪਾਪ ਨੂੰ ਛੱਡਣਾ ਨਹੀਂ ਚਾਹੁੰਦਾ। ਪਾਪ ਇਕ ਮਨ ਦੀ ਬੀਮਾਰੀ ਹੈ ਅਤੇ ਇਹ ਬੀਮਾਰੀ ਐਸੀ ਹੈ, ਜਿਸ ਨੂੰ ਇਨਸਾਨ ਨਫਰਤ ਨਹੀਂ ਕਰਦਾ, ਇਸ ਲਈ ਪਾਪ ਦੇ ਰੋਗਾਂ ਤੋਂ ਰਾਜ਼ੀ ਹੋਣਾ, ਸਰੀਰਕ ਰੋਗਾਂ ਤੋਂ ਰਾਜ਼ੀ ਹੋਣ ਨਾਲੋਂ ਮੁਸ਼ਕਿਲ ਹੈ। ਬੁਖਾਰ ਨੂੰ ਬੀਮਾਰ ਨਫਰਤ ਕਰਦਾ ਹੈ, ਆਪਣੇ ਤੋਂ ਦੂਰ ਕਰਨਾ ਚਾਹੁੰਦਾ ਹੈ ਔਪਰ ਸ਼ਰਾਬ ਪੀਣ ਵਾਲਾ, ਸ਼ਰਾਬ ਦੇ ਅਸਰ ਤੋਂ ਤੰਗ ਆਇਆ ਹੋਇਆ ਵੀ ਸ਼ਰਾਬ ਦੇ ਸਵਾਦ ਲਈ ਸ਼ਰਾਬ ਪੀਂਦਾ ਹੈ ਤੇ ਸ਼ਰਾਬ ਨਹੀਂ ਛੱਡਦਾ।

ਪਾਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਤੇ ਹੋਰ ਧਾਰਮਿਕ ਗ੍ਰੰਥਾਂ ਵਿਚ ਬਿਖ, ਜ਼ਹਿਰ ਆਖਿਆ ਹੈ, ਕਿਉਂਕਿ ਪਾਪ ਦੇ ਅਸਰ ਇਨਸਾਨ ਦੀ ਸਿਹਤ, ਇਖਲਾਕ ਤੇ ਇਨਸਾਨੀਅਤ ਨੂੰ ਤਬਾਹ ਕਰਦੇ ਅਤੇ ਤਨ ਮਨ ਵਿਚ ਰੋਗ ਪੈਦਾ ਕਰਕੇ ਮੌਤ ਦਾ ਸ਼ਿਕਾਰ ਬਣਾਂਦੇ ਹਨ।

*ਖਸਮੁ ਵਿਸਾਰਿ ਕੀਏ ਰਸ ਭੋਗ॥*
*ਤਾਂ ਤਨਿ ਉਠਿ ਖਲੋਏ ਰੋਗ॥* *ਪੰਨਾ - 1256*

ਬਦੀ ਦੀਆਂ ਤਾਕਤਾਂ ਦੀ ਗੁਲਾਮੀ - ਪਾਪ ਹੈ। ਪਾਪ ਨੂੰ ਜਿੱਤਣਾ ਸੁਖ ਸਾਗਰ ਵਾਹਿਗੁਰੂ ਤਕ ਪਹੁੰਚਣ ਦੀ ਵੱਡੀ ਸ਼ਰਤ ਹੈ। ਵਾਹਿਗੁਰੂ ਜੀ ਦੀ ਸਦੀਵੀ ਪਾਤਸ਼ਾਹੀ ਤਕ ਪਹੁੰਚਣ ਵਾਸਤੇ ਪਾਪ ਇਕ ਬੜੀ ਰੁਕਾਵਟ ਜਾਂ ਅੜੌਣੀ ਹੈ। ਜੋ ਪਾਪ ਨੂੰ ਜਿੱਤੇ, ਉਹ ਸਾਹਿਬ ਦੀ ਸਦੀਵੀ ਪਾਤਸ਼ਾਹੀ ਸਾਂਭ ਸਕਦਾ ਹੈ।

ਪਾਪ ਤੋਂ ਬਚਣ ਲਈ ਜ਼ਰੂਰੀ ਹੈ ਕਿ ਪਾਪ ਦੀ ਖੁਸ਼ੀ ਵਿਚ ਸਾਡਾ ਨਿਸ਼ਚਾ ਟੁੱਟ ਜਾਵੇ ਅਤੇ ਅਸੀਂ ਪਾਪ ਨੂੰ ਦਿਲੀ ਨਫਰਤ ਨਾਲ ਦੇਖੀਏ। ਪਾਪ ਦੀ ਖੁਸ਼ੀ ਖਿੰਨ ਭੰਗਰ ਤੇ ਸੰਤਾਪ ਭਰੀ ਹੁੰਦੀ ਹੈ। ਇਸ ਨੂੰ ਚੰਗੀ ਤਰ੍ਹਾਂ ਸਮਝਣਾ ਤੇ ਜਾਨਣਾ ਲਾਜ਼ਮੀ ਹੈ।

ਪਾਪ ਕਰਕੇ ਪਾਪ ਧੋਣ ਵਾਸਤੇ ਕੋਈ ਹੋਰ ਚੰਗਾ ਕੰਮ ਕਰ ਦੇਣਾ ਜਾਂ ਤੀਰਥਾਂ ਤੇ ਨਹਾ ਆਉਣਾ ਗਲਤ ਹੈ। ਜੇ ਕੋਈ ਬਲੈਕ ਮਾਰਕੀਟ ਦੇ ਰੁਪਏ ਵਿਚੋਂ ਕੁਝ ਰੁਪਿਆ ਚੰਗੇ ਕੰਮਾਂ ਉਤੇ ਖਰਚ ਕਰਕੇ ਇਹ ਸਮਝਦਾ ਹੈ ਕਿ ਬਲੈਕ ਮਾਰਕੀਟ ਕਰਨ ਦਾ ਪਾਪ ਧੋਤਾ ਗਿਆ, ਤਾਂ ਉਹ ਗਲਤੀ ਤੇ ਹੈ।

ਪਾਪ ਕੇਵਲ ਉਦੋਂ ਧੋਤਾ ਜਾਂ ਬਖਸ਼ਿਆ ਜਾਂਦਾ ਹੈ ਜਦ ਕਿ ਪਾਪ ਮੁੜ ਨਾ ਕੀਤਾ ਜਾਵੇ। ਪਾਪ ਕਰਕੇ ਪਸਚਾਤਾਪ ਕਰ ਲੈਣਾ ਅਤੇ ਸਮਾਂ ਆਉਣ ਉਤੇ ਫੇਰ ਪਾਪ ਕਰ ਲੈਣਾ, ਪਾਪ ਬਖਸ਼ਾਣ ਵਾਸਤੇ ਕਾਫੀ ਹੀ ਨਹੀਂ, ਸਗੋਂ ਗਲਤ ਹੈ। ਕਈ ਲੋਕ ਪਾਪ ਕਰਕੇ ਤੀਰਥਾਂ ਤੇ ਨਹਾ ਕੇ ਸਮਝਦੇ ਹਨ ਕਿ ਪਾਪ ਧੋਤੇ ਗਏ ਅਤੇ ਤੀਰਥਾਂ ਤੋਂ ਆ ਕੇ ਫੇਰ ਨਿਸ਼ੰਗ ਹੋ ਕੇ ਇਸ ਖਿਆਲ ਨਾਲ ਪਾਪ ਕਰਦੇ ਹਨ ਕਿ ਫੇਰ ਤੀਰਥਾਂ ਤੇ ਜਾ ਕੇ ਇਸ਼ਨਾਨ ਕਰ ਆਵਾਂਗੇ। ਐਸੇ ਲੋਕਾਂ ਵਾਸਤੇ ਗੁਰਬਾਣੀ ਵਿਚ ਲਿਖਿਆ ਹੈ -





*ਪਾਪ ਕਰਹਿ ਪੰਚਾ ਕੇ ਬਸਿ ਰੇ॥*
*ਤੀਰਥਿ ਨਾਇ ਕਹਹਿ ਸਭਿ ਉਤਰੇ॥*
*ਬਹੁਰਿ ਕਮਾਵਹਿ ਹੋਇ ਨਿਸੰਕ॥*
*ਜਮ ਪੁਰਿ ਬਾਂਧਿ ਖਰੇ ਕਾਲੰਕ॥* *ਪੰਨਾ - 1349*

ਪਾਪ ਦੀ ਬਖਸ਼ਿਸ਼ ਹੈ ਓਦੋਂ, ਜਦ ਕਿ ਪਾਪ ਮੁੜ ਨਾ ਕੀਤਾ ਜਾਵੇ ਅਤੇ ਸਾਡੇ ਦਿਲ ਵਿਚ ਪਾਪ ਸਬੰਧੀ ਪੂਰੀ ਨਫਰਤ ਹੋਵੇ। ਪਾਪ ਦਾ ਸੁਧਾਰ ਹੀ ਕੇਵਲ ਪਾਪ ਦੀ ਬਖਸ਼ਿਸ਼ ਹੈ। ਮਾੜੇ ਕਰਮਾਂ ਸਬੰਧੀ ਅਫਸੋਸ ਜਾਂ ਪਸਚਾਤਾਪ ਕਰਨਾ ਪਹਿਲਾ ਅਤੇ ਬੜਾ ਆਸਾਨ ਕਦਮ ਹੈ। ਅਗਲਾ ਤੇ ਬੜਾ ਜ਼ਰੂਰੀ ਕਦਮ ਹੈ ਕਿ ਇਹ ਦੇਖਣਾ ਕਿ ਸਾਡਾ ਪਸਚਾਤਾਪ ਕਿਤਨਾ ਸੱਚਾ ਅਤੇ ਅਮਲੀ ਹੈ। ਇਸ ਲਈ ਰੱਬੀ ਸਿਆਣਪ ਸਾਨੂੰ ਐਸੇ ਹਾਲਾਤ ਦੇ ਫੇਰ ਵਸ ਪਾਂਦੀ ਹੈ ਜਦ ਕਿ ਪਾਪ ਕਰਨ ਦਾ ਫੇਰ ਮੌਕਾ ਮਿਲੇ। ਹਾਲਾਤ ਸਾਡਾ ਇਮਤਿਹਾਨ ਲੈਂਦੇ ਹਨ ਅਤੇ ਰੱਬੀ ਸਿਆਣਪ ਇਹ ਦੇਖਦੀ ਹੈ ਕਿ ਸਾਡੀ ਨੀਅਤ ਵਿਚੋਂ ਪਾਪ ਦੇ ਸਵਾਦ ਦਾ ਪਿਆਰ ਗਿਆ ਹੈ ਕਿ ਨਹੀਂ। ਜੇਕਰ ਅਸੀਂ ਹਾਲਾਤ ਦੇ ਵਸ ਹੋ ਕੇ ਮੁੜ ਪਾਪ ਕਰਦੇ ਹਾਂ ਤਾਂ ਉਸ ਦੀ ਮੁੜ ਸਜ਼ਾ ਮਿਲਦੀ ਹੈ। ਐਸਾ ਹੁੰਦਾ ਰਹਿੰਦਾ ਹੈ, ਜਦ ਤਕ ਕਿ ਅਸੀਂ ਪਾਪ ਉਤੇ ਪੂਰੀ ਜਿੱਤ ਪ੍ਰਾਪਤ ਨਾ ਕਰ ਲਈਏ ਅਤੇ ਸਾਡੇ ਲਈ ਕਿਸੇ ਹਾਲਤ ਵਿਚ ਵੀ ਪਾਪ ਕਰਨਾ ਅਸੰਭਵ ਹੋ ਜਾਵੇ।

***Sin is forgiven only as it is destroyed by truth.***
***Mercy cancels the debt only when justice approves.***

ਮਾੜੇ ਕਰਮਾਂ ਨੂੰ, ਔਗੁਣਾਂ ਨੂੰ, ਪਾਪ ਨੂੰ ਜਿੱਤਣ ਵਾਸਤੇ ਸਾਨੂੰ ਜੋ ਮਾੜਾ ਖਿਆਲ ਆਵੇ, ਉਸ ਦੇ ਉਲਟ ਜੋ ਗੁਣ ਹੈ, ਉਸ ਦਾ ਖਿਆਲ ਕਰਨਾ ਜਾਂ ਧਿਆਨ ਧਰਨਾ ਚਾਹੀਦਾ ਹੈ। ਜੇਕਰ ਗੁੱਸਾ ਆਵੇ, ਗੁੱਸੇ ਦੇ ਉਲਟ ਸ਼ਾਂਤੀ ਜਾਂ ਸਹਿਜ ਦਾ ਧਿਆਨ ਧਰੋ। ਜੇਕਰ ਬਦਲਾ ਲੈਣ ਦਾ ਖਿਆਲ ਆਵੇ ਤਾਂ ਖਿਮਾਂ ਦੀ, ਮਾਫੀ ਦਾ ਧਿਆਨ ਧਰੋ। ਜੇ ਕਾਮ ਦਾ ਖਿਆਲ ਆਵੇ ਤਾਂ ਜਤ ਸਤ ਦੇ ਲਾਭ ਤੇ ਬ੍ਰਹਮਚਰਜ ਦੇ ਪ੍ਰਤਾਪ ਦਾ ਧਿਆਨ ਧਰੋ। ਜੇਕਰ ਲੋਭ ਦਾ ਖਿਆਲ ਆਵੇ, ਤਾਂ ਦਾਨ ਦਾ, ਪਰਉਪਕਾਰ ਦਾ ਧਿਆਨ ਧਰੋ।

ਪਾਪ ਕੇਵਲ ਖਿਆਲ ਦੇ ਰਸਤੇ ਸਾਡੇ ਤੇ ਹਮਲਾ ਕਰ ਸਕਦਾ ਹੈ। ਕੋਈ ਪਾਪ ਨਹੀਂ, ਜਿਸ ਦੇ ਕਰਨ ਤੋਂ ਪਹਿਲੇ ਉਸ ਦਾ ਖਿਆਲ ਨਾ ਆਵੇ। ਖੂਨ ਕਰਨ ਤੋਂ ਪਹਿਲਾਂ ਦੁਸ਼ਮਣ ਦਾ ਅਤੇ ਉਸ ਨੂੰ ਮਾਰ ਸੁੱਟਣ ਦਾ ਖਿਆਲ ਆਉਂਦਾ ਹੈ। ਜੇਕਰ ਉਸੇ ਵਕਤ ਦਇਆ ਦੇ, ਖਿਮਾਂ ਦਾ ਖਿਆਲ ਲੈ ਆਈਏ, ਤਾਂ ਖੂਨ ਕਰਨ ਦਾ ਖਿਆਲ ਰੁਕ ਜਾਂਦਾ ਹੈ।

ਪਾਪ ਤੇ ਜਿੱਤ ਪਾਣ ਦਾ ਦੂਸਰਾ ਤਰੀਕਾ - ਜਦ ਪਾਪ ਦਾ ਖਿਆਲ ਆਵੇ, ਉਸ ਵਕਤ ਸੁਰਤ ਨੂੰ ਨਾਮ ਜਪਣ ਵਿਚ ਪਾ ਦੇਣਾ ਹੈ। ਕੋਈ ਐਸਾ ਖਿਆਲ ਨਹੀਂ, ਜਿਸ ਤੋਂ ਨਾਮ ਦੇ ਜਪਣ ਨਾਲ ਛੁਟਕਾਰਾ ਨਾ ਪਾਇਆ ਜਾ ਸਕੇ। ਇਕੋ ਵੇਲੇ ਸਾਡੇ ਮਨ ਵਿਚ ਇਕੋ ਖਿਆਲ ਹੀ ਰਹਿ ਸਕਦਾ ਹੈ, ਦੋ ਨਹੀਂ ਰਹਿ ਸਕਦੇ, ਇਸ ਵਾਸਤੇ ਹਰ ਮਾੜਾ ਖਿਆਲ, ਸੁਰਤ ਨੂੰ ਨਾਮ ਵਿਚ ਪਾਣ ਨਾਲ ਖਤਮ ਹੋ ਜਾਂਦਾ ਹੈ। ਏਸੇ ਲਈ ਨਾਮ ਨੂੰ ਸਰਬ ਰੋਗਾਂ ਦਾ ਇਲਾਜ ਕਿਹਾ ਗਿਆ ਹੈ।

ਹਰ ਪਾਪ ਦਾ ਉਲਟ ਨਾਮ ਹੈ। ਨਾਮ ਵਿਚ ਰੱਤੀ ਸੁਰਤ ਸਰਬ ਪ੍ਰਕਾਰ ਦੇ ਮਾੜੇ ਖਿਆਲਾਂ ਤੋਂ ਉਚੀ ਹੋ ਜਾਂਦੀ ਹੈ, ਜਿਥੇ ਪਾਪ ਦਾ ਖਿਆਲ ਪਹੁੰਚ ਹੀ ਨਹੀਂ ਸਕਦਾ। ਜਿਥੇ ਪਾਪ ਦਾ ਖਿਆਲ ਨਹੀਂ, ਉਥੇ ਪਾਪ ਨਹੀਂ, ਜਿਥੇ ਪਾਪ ਨਹੀਂ, ਉਥੇ ਪਾਪ ਦੀ ਸਜ਼ਾ ਨਹੀਂ।

*'ਸਰਬ ਰੋਗ ਕਾ ਅਉਖਦੁ ਨਾਮੁ।'* *ਪੰਨਾ - 274*





# ਗੁਰਮੁਖ ਦੀਆਂ ਸ਼ਕਤੀਆਂ

ਗੁਰਮੁਖ ਉਹ ਹੈ ਜਿਸ ਨੇ ਆਪਣੀ ਮਨ ਦੀ ਮਤ, ਮਨ ਦੀ ਅਗਵਾਈ ਤਿਆਗ ਕੇ ਗੁਰੂ ਦੀ ਮਤ ਜਾਂ ਗੁਰੂ ਦੀ ਰਹਿਨੁਮਾਈ ਧਾਰਨ ਕਰ ਲਈ ਹੋਵੇ। ਜਦ ਮਨ ਦੀ ਮਤ ਜਾਂ ਅਗਵਾਈ ਤਿਆਗੀ ਜਾਵੇ ਅਤੇ ਗੁਰੂ ਮਤ ਅਨੁਸਾਰ ਰੋਜ਼ਾਨਾ ਜੀਵਨ ਬਤੀਤ ਕਰਨ ਲਗ ਪਵੀਏ ਤਾਂ ਸਾਡਾ ਹਰ ਕੰਮ ਅਤੇ ਹਰ ਚੀਜ਼ ਸਬੰਧੀ ਦ੍ਰਿਸ਼ਟੀਕੋਣ ਬਦਲ ਜਾਂਦਾ ਹੈ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਸਾਡੇ ਵਿਚਾਰ ਬਦਲ ਜਾਂਦੇ ਹਨ, ਸਾਡੇ ਕਰਮ ਬਦਲ ਜਾਂਦੇ ਹਨ, ਕਰਮਾਂ ਦੇ ਫਲ ਬਦਲ ਜਾਂਦੇ ਹਨ, ਸਾਡੀ ਦੁਨੀਆਂ ਬਦਲ ਜਾਂਦੀ ਹੈ ਅਤੇ ਸਾਡਾ ਜੀਵਨ ਬਦਲ ਜਾਂਦਾ ਹੈ। ਗੁਰਮੁਖ ਪੁਰਾਣੀ ਦੁਨੀਆਂ ਤੋਂ ਨਿਕਲ ਕੇ ਨਵੀਂ ਦੁਨੀਆਂ ਵਿਚ ਪ੍ਰਵੇਸ਼ ਕਰਦਾ ਹੈ ਅਤੇ ਨਵੀਂ ਦੁਨੀਆਂ ਦੀਆਂ ਸਭ ਚੀਜ਼ਾਂ ਅਤੇ ਸਭ ਮਸਲੇ ਨਵੇਂ ਵੇਖ ਕੇ ਖੁਸ਼ ਅਤੇ ਆਪਣੇ ਪੁਰਾਣੇ ਜੀਵਨ ਨਾਲ ਨਵੇਂ ਜੀਵਨ ਦਾ ਮੁਕਾਬਲਾ ਕਰਕੇ ਅਸਚਰਜ ਹੁੰਦਾ ਹੈ।

ਮਨ ਦੀ ਮੱਤ ਅਨੁਸਾਰ ਆਪਣੇ ਆਪ ਨੂੰ ਸਰੀਰ ਮੰਨਣ ਵਾਲਾ ਜਦ ਗੁਰਮਤਿ ਅਨੁਸਾਰ ਆਪਣੇ ਆਪ ਨੂੰ ਕੇਵਲ ਸਰੀਰ ਵਿਚ ਕੁਝ ਅਰਸਾ ਰਹਿਣ ਵਾਲੀ ਅਸਚਰਜ ਵਾਲੀ ਅਸਚਰਜ ਹਸਤੀ ਜਾਨਣ ਲਗ ਜਾਂਦਾ ਹੈ ਤਦ ਪਾਪ, ਬਿਮਾਰੀ, ਮੌਤ ਅਤੇ ਬਦੀ ਉਤੇ ਸਹਿਜੇ ਹੀ ਫਤਹਿ ਪਾ ਜਾਂਦਾ ਹੈ। ਪਾਪ, ਦੁਖ ਬੀਮਾਰੀ ਤੇ ਮੌਤ ਦਾ ਸਬੰਧ ਮਨ ਅਤੇ ਸਰੀਰ ਨਾਲ ਹੈ, ਪਰ ਜੇ ਆਪਣੇ ਆਪ ਨੂੰ ਗੁਰਮਤਿ ਅਨੁਸਾਰ ਮਨ ਅਤੇ ਸਰੀਰ ਤੋਂ ਪਰ੍ਹੇ ਨਿਰਲੇਪ ਆਤਮਾ ਮੰਨਣ ਲਗ ਜਾਵੇ, ਉਸ ਦਾ ਮਨ ਅਤੇ ਸਰੀਰ ਦੀਆਂ ਊਣਤਾਈਆਂ, ਥੋੜ੍ਹਾਂ ਅਤੇ ਉਪਾਧੀਆਂ ਨਾਲ ਕੋਈ ਵਾਸਤਾ ਨਹੀਂ ਰਹਿੰਦਾ। ਜਿਵੇਂ ਇੱਟਾਂ ਮਿੱਟੀ ਦੇ ਮਕਾਨ ਉਤੇ ਧੁੱਪ, ਬਾਰਸ਼, ਸਰਦੀ ਅਤੇ ਗਰਮੀ ਦਾ ਉਸ ਮਕਾਨ ਵਿਚ ਰਹਿਣ ਵਾਲੇ ਨਾਲ ਕੋਈ ਵਾਸਤਾ ਨਹੀਂ ਹੁੰਦਾ, ਇਸੇ ਤਰ੍ਹਾਂ ਜੋ ਆਪਣੇ ਆਪ ਨੂੰ ਹੱਡ, ਮਾਸ ਅਤੇ ਚਮੜੇ ਦੇ ਸਰੀਰ ਵਿਚ ਰਹਿਣ ਵਾਲਾ ਮੰਨਦਾ ਹੈ, ਉਸ ਦੇ ਸਰੀਰ ਉਤੇ ਆਈਆਂ ਤਬਦੀਲੀਆਂ, ਬੀਮਾਰੀਆਂ ਤੇ ਉਪਾਧੀਆਂ ਨਾਲ ਕੋਈ ਸਬੰਧ ਨਹੀਂ ਰਹਿੰਦਾ, ਮੌਤ ਵੀ ਸਰੀਰ ਉਤੇ ਆਉਣ ਵਾਲੀਆਂ ਤਬਦੀਲੀਆਂ ਵਿਚੋਂ

**ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ (953)**

ਇਕ ਤਬਦੀਲੀ ਹੈ ਜੋ ਕੇਵਲ ਸਰੀਰ ਉਤੇ ਹੀ ਆਉਂਦੀ ਹੈ, ਇਸ ਵਿਚ ਰਹਿਣ ਵਾਲੇ ਉਤੇ ਨਹੀਂ ਆਉਂਦੀ।

ਸਰੀਰ ਵਿਚ ਰਹਿਣ ਵਾਲੇ ਨੂੰ ਜਦ ਇਹ ਯਕੀਨ ਹੋ ਜਾਵੇ ਕਿ ਉਹ ਸਰੀਰ ਉਤੇ ਆਉਣ ਵਾਲੀਆਂ ਤਬਦੀਲੀਆਂ ਦਾ ਸਿਰਫ ਗਵਾਹ ਜਾਂ ਸਾਖੀ ਹੈ, ਤਦ ਉਹ ਸਰੀਰ ਉਤੇ ਆਈਆਂ ਤਬਦੀਲੀਆਂ ਨੂੰ ਦੇਖ ਕੇ ਭੈਭੀਤ ਨਹੀਂ ਹੁੰਦਾ, ਉਨ੍ਹਾਂ ਤਬਦੀਲੀਆਂ ਨੂੰ ਆਪਣੇ ਉਤੇ ਆਈਆਂ ਤਬਦੀਲੀਆਂ ਨਹੀਂ ਮੰਨਦਾ, ਸਗੋਂ ਉਨ੍ਹਾਂ ਤਬਦੀਲੀਆਂ ਨੂੰ ਆਪਣੇ ਤੋਂ ਅਲਹਿਦਾ ਕਿਸੇ ਹੋਰ ਚੀਜ਼ ਉਤੇ ਆਈਆਂ ਤਬਦੀਲੀਆਂ ਸਮਝਦਾ ਹੈ। ਐਸਾ ਗੁਰਮੁਖ ਇਹ ਦੇਖ ਕੇ ਅਸਚਰਜ ਹੋਵੇਗਾ ਕਿ ਜਿਥੇ ਪਹਿਲੇ ਮਨ ਦੀ ਅਗਵਾਈ ਹੇਠ ਉਹ ਸਰੀਰ ਉਤੇ ਆਈਆਂ ਤਬਦੀਲੀਆਂ ਨੂੰ ਵੇਖ ਕੇ ਭੈਭੀਤ ਹੁੰਦਾ ਅਤੇ ਆਪਣੇ ਆਪ ਨੂੰ ਸਰੀਰ ਦੀਆਂ ਆਈਆਂ ਸਭ ਤਬਦੀਲੀਆਂ ਉਸ ਦੇ ਆਪਣੇ ਮਾਤਹਿਤ ਹਨ ਅਤੇ ਸਰੀਰ ਅਤੇ ਇਸ ਦੀਆਂ ਸਭ ਤਬਦੀਲੀਆਂ ਉਸ ਦੇ ਇਸ਼ਾਰੇ ਜਾਂ ਹੁਕਮ ਵਿਚ ਰਹਿੰਦੀਆਂ ਹਨ। ਐਸਾ ਗੁਰਮੁਖ ਤਦ ਫੇਰ ਸਰੀਰ ਉਤੇ ਆਉਣ ਵਾਲੀਆਂ ਮਾੜੀਆਂ ਤਬਦੀਲੀਆਂ ਨੂੰ ਆਪਣੇ ਹੁਕਮ ਜਾਂ ਪੱਕੇ ਇਰਾਦੇ ਨਾਲ ਖਤਮ ਕਰ ਦਿੰਦਾ ਹੈ ਅਤੇ ਚੰਗੀਆਂ ਤੇ ਸੁਹਾਵਣੀਆਂ ਤਬਦੀਲੀਆਂ ਨੂੰ ਸਰੀਰ ਉਤੇ ਆਉਣ ਦੀ ਇਜਾਜ਼ਤ ਦਿੰਦਾ ਅਤੇ ਲੰਬੇਰਾ ਰਖਦਾ ਹੈ। ਗੁਰਮੁਖ ਗੁਰਮਤਿ ਤੋਂ ਆਪਣੇ ਆਪ ਦੀ ਸੋਝੀ ਹਾਸਲ ਕਰਕੇ ਆਪਣੇ ਮਨ ਅਤੇ ਸਰੀਰ ਨੂੰ ਆਪਣੇ ਐਸੇ ਨੌਕਰ ਸਮਝਦਾ ਹੈ ਜਿਨ੍ਹਾਂ ਦੀ ਕਿ ਉਸ ਦੇ ਹੁਕਮ ਤੋਂ ਬਾਹਰ ਜਾਣ ਦੀ ਮਜਾਲ ਨਹੀਂ। ਐਸਾ ਗੁਰਮੁਖ ਮਨ ਅਤੇ ਮਨ ਦੇ ਸੰਕਲਪਾਂ ਨੂੰ ਵੀ ਆਪਣੇ ਨਿਰਮਾਣ ਸੇਵਾਦਾਰ ਮੰਨਦਾ ਹੈ ਅਤੇ ਕਾਮ, ਕ੍ਰੋਧ, ਲੋਭ, ਮੋਹ ਦੇ ਅਧੀਨ ਰਹਿਣ ਦੀ ਬਜਾਏ ਇਨ੍ਹਾਂ ਉਤੇ ਸਵਾਰ ਰਹਿੰਦਾ ਅਤੇ ਇਨ੍ਹਾਂ ਨੂੰ ਸਦਾ ਕਾਬੂ ਵਿਚ ਰਖਦਾ ਹੈ।

ਗੁਰਮੁਖ ਨੂੰ ਜਦ ਗੁਰਬਾਣੀ ਤੋਂ ਆਪਣੇ ਆਪ ਦੀ ਸੂਝ ਅਤੇ ਆਪਣੀਆਂ ਸ਼ਕਤੀਆਂ ਦਾ ਗਿਆਨ ਹੋ ਜਾਂਦਾ ਹੈ, ਤਦ ਉਹ ਇਹ ਦੇਖ ਕੇ ਅਸਚਰਜ ਹੁੰਦਾ ਹੈ ਕਿ ਦ੍ਰਿਸ਼ਟਮਾਨ ਜਗਤ ਵਿਚ ਜੋ ਘਟਨਾਵਾਂ ਜੋ ਮੁਸ਼ਕਲਾਂ, ਜੋ ਮਸਲੇ ਅਤੇ ਜੋ ਪੇਚੀਦਗੀਆਂ ਉਸ ਦੇ ਸਾਮ੍ਹਣੇ ਆ ਰਹੀਆਂ ਹਨ, ਉਨ੍ਹਾਂ ਨੂੰ ਹਲ ਅਤੇ ਫਤਹਿ ਕਰਨ ਦੀ ਉਸ ਅੰਦਰ ਵਾਹਿਗੁਰੂ ਜੀ ਵਲੋਂ ਬਖਸ਼ੀ ਹੋਈ ਹਰ ਸ਼ਕਤੀ ਅੱਗੇ ਹੀ ਮੌਜੂਦ ਹੈ। ਐਸਾ ਗੁਰਮੁਖ



**ਜਿਨਿ ਜਾਤਾ ਸੋ ਤਿਸ ਹੀ ਜੇਹਾ (931)**

ਮੁਸੀਬਤਾਂ, ਤਕਲੀਫਾਂ ਦੇ ਦਰਮਿਆਨ ਘਬਰਾਉਂਦਾ ਨਹੀਂ ਸਗੋਂ ਅਡੋਲ ਰਹਿ ਕੇ ਇਨ੍ਹਾਂ ਮੁਸੀਬਤਾਂ ਉਤੇ ਫਤਹਿ ਪਾਣੀ ਆਪਣਾ ਜਮਾਂਦਰੂ ਹੱਕ ਅਤੇ ਜੀਵਨ ਦਾ ਬੜਾ ਸ਼ੁਗਲ ਸਮਝਦਾ ਹੈ।

ਮੁਸੀਬਤ, ਤਕਲੀਫ, ਦੁਖ ਤਦ ਤਕ ਹੀ ਭਿਆਨਕ ਤੇ ਡਰਾਉਣੇ ਹੁੰਦੇ ਹਨ ਜਦ ਤਕ ਅਗਿਆਨੀ ਪੁਰਸ਼ ਇਨ੍ਹਾਂ ਨੂੰ ਭਿਆਨਕ ਸਮਝੇ। ਦ੍ਰਿਸ਼ਟਮਾਨ ਜਗਤ ਵਿਚ ਹਰ ਘਟਨਾ ਦਾ ਚਾਹੇ ਉਹ ਕੈਸੀ ਹੀ ਹੋਵੇ, ਇਨਸਾਨ ਦਾ ਮਨ ਜੋ ਮੁਲ ਪਾਵੇ, ਉਸ ਨੂੰ ਉਹ ਉਸੇ ਭਾਅ ਆ ਮਿਲਦੀ ਹੈ। ਮਨਮੁਖ ਜਾਂ ਅਗਿਆਨੀ ਪੁਰਸ਼ ਆਪਣੀਆਂ ਅੰਦਰਲੀਆਂ ਸ਼ਕਤੀਆਂ ਤੋਂ ਅਨਜਾਣ ਹੋਣ ਕਰਕੇ ਬਾਹਰ ਦੀਆਂ ਘਟਨਾਵਾਂ ਦਾ ਗਲਤ ਮੁੱਲ ਪਾ ਕੇ, ਉਨ੍ਹਾਂ ਤੋਂ ਡਰ ਕੇ ਉਨ੍ਹਾਂ ਨੂੰ ਸ਼ਕਤੀਮਾਨ ਬਣਾਂਦਾ ਅਤੇ ਫਿਰ ਆਪ ਹੀ ਉਨ੍ਹਾਂ ਦੇ ਅਸਰ ਹੇਠ ਆ ਕੇ ਦੁਖੀ ਅਤੇ ਨਿਰਾਸ ਹੁੰਦਾ ਹੈ। ਇਸ ਦੇ ਉਲਟ ਗੁਰਮੁਖ ਇਹ ਜਾਣਦਾ ਹੋਇਆ ਕਿ ਜਗਤ ਦੀਆਂ ਸਭ ਘਟਨਾਵਾਂ ਨੇ ਉਸੇ ਮੁਲ ਇਸ ਨੂੰ ਆ ਮਿਲਣਾ ਹੈ, ਜੋ ਮੁਲ ਕਿ ਉਨ੍ਹਾਂ ਦਾ ਇਸ ਨੇ ਆਪ ਪਾਵਣਾ ਹੈ। ਮਾੜੀਆਂ ਘਟਨਾਵਾਂ ਨੂੰ ਤੁਛ ਸਮਝ ਕੇ ਉਨ੍ਹਾਂ ਨੂੰ ਨਕਾਰਾ, ਕਮਜ਼ੋਰ ਅਤੇ ਸਿਫਰ ਬਣਾ ਦਿੰਦਾ ਹੈ ਅਤੇ ਚੰਗੀਆਂ ਘਟਨਾਵਾਂ ਨੂੰ ਆਪਣੇ ਵਲੋਂ ਸੱਤਿਆ ਦੇ ਕੇ, ਬਲਵਾਨ ਬਣਾ ਕੇ ਆਪਣੇ ਜੀਵਨ ਲਈ ਸੁਖਦਾਈ ਅਤੇ ਸੁਹਾਵਣਾ ਬਣਾ ਲੈਂਦਾ ਹੈ।

ਮਨਮੁਖ ਤੋਂ ਗੁਰਮੁਖ ਬਣਨਾ ਸੱਚ ਦੇ ਪਾਂਧੀ ਲਈ ਅਤਿਅੰਤ ਜ਼ਰੂਰੀ ਹੈ। ਮਨ ਦੀ ਮਤ ਤਿਆਗਣੀ ਅਤੇ ਗੁਰੂ ਦੀ ਮਤ ਗ੍ਰਹਿਣ ਕਰਨੀ ਸੌਖਾ ਕੰਮ ਨਹੀਂ। ਗੁਰਸਿਖ ਨੂੰ ਇਸ ਕੰਮ ਲਈ ਬੜੀਆਂ ਨਿਰਮਾਣ ਅਰਦਾਸਾਂ ਅਤੇ ਮਨ ਦੇ ਗਲਤ ਨਿਸਚਿਆਂ ਨਾਲ ਦਿਨ ਰਾਤ ਡਾਹਢਾ ਘੋਲ ਕਰਨਾ ਪੈਂਦਾ ਹੈ। ਇਹ ਘੋਲ ਜੇਕਰ ਵਾਹਿਗੁਰੂ ਦੇ ਆਸਰੇ ਕੀਤਾ ਜਾਵੇ ਤਾਂ ਸਫਲਤਾ ਜ਼ਰੂਰੀ ਹੁੰਦੀ ਹੈ, ਕਿਉਂਕਿ ਕੁਦਰਤ ਦੇ ਨਿਯਮਾਂ ਅਨੁਸਾਰ ਮਨ ਦਾ ਗਲਤ ਨਿਸਚਿਆਂ ਤੋਂ ਛੁਟਕਾਰਾ ਪਾ ਕੇ ਵਿਗਿਆਨਕ ਅਤੇ ਸੱਚੇ ਨਿਸਚਿਆਂ ਵਿਚ ਪ੍ਰਵੇਸ਼ ਕਰਨਾ ਜੀਵਨ ਦੇ ਪ੍ਰੋਗਰਾਮ ਦਾ ਨਿਹਾਇਤ ਜ਼ਰੂਰੀ ਹਿੱਸਾ ਹੈ।

*ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ*
*ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ॥* *ਪੰਨਾ - 102*



## ਆਤਮ ਸਾਇੰਸ ਟ੍ਰਸਟ

A/1 ਕਾਲਿੰਦੀ ਕਾਲੋਨੀ, ਨਵੀਂ ਦਿੱਲੀ-110065

ਸ: ਰਘਬੀਰ ਸਿੰਘ ਜੀ 'ਬੀਰ' ਦੀਆਂ ਮਨ ਨੂੰ ਸ਼ਾਂਤੀ ਤੇ ਆਤ੍ਮਾ ਦਾ ਗਿਆਨ ਦੇਣ ਵਾਲੀਆਂ, ਮਹਾਨ ਰਚਨਾਵਾਂ ਨੇ ਅਨੇਕਾਂ ਜੀਵਨ ਬਦਲ ਦਿਤੇ ਹਨ। ਆਪ ਜੀ ਵੀ ਮੰਗਵਾ ਕੇ ਲਾਭ ਪ੍ਰਾਪਤ ਕਰੋ।

1. ਅਰਦਾਸ ਸ਼ਕਤੀ
2. ਬੰਦਗੀ ਨਾਮਾ
3. ਬੀਰ ਦੇ ਤੀਰ
4. ਚੜ੍ਹਦੀ ਕਲਾ
5. ਗੁਰਮਤ ਚਾਨਣ
6. ਖਾਲਸਈ ਸ਼ਾਨ
7. ਰਮਜ਼ੀ ਕਹਾਣੀਆਂ
8. ਰਮਜ਼ਾਂ
9. ਸਰਬ ਰੋਗ ਦਾ ਔਖਧ ਨਾਮ
10. ਸਾਡੇ ਵਿਚਾਰ
11. ਸਾਡੀ ਵਰਤਮਾਨ ਦਸ਼ਾ
12. ਸਫਲ ਜੀਵਨ
13. ਸਿਮਰਨ ਮਹਿਮਾ
14. ਅਨੁਭਵ ਪ੍ਰਕਾਸ਼
15. ਗੁਰਮਖ ਜੀਵਨ-ਸ੍ਰ: ਲਹਿਣਾ ਸਿੰਘ
16. ਵਿਸਮਾਦੀ ਦਸ਼ਾ-ਪ੍ਰੋ: ਬਲਵੰਤ ਸਿੰਘ
17. What we see in Bir - Jagtar & Madan
18. Bandgi Nama : English

### ਪੁਸਤਕਾਂ ਮੰਗਾਣ ਦੇ ਹੋਰ ਪਤੇ

ਸਿੰਘ ਬ੍ਰਦਰਜ਼, ਬਜਾਰ ਮਾਈ ਸੇਵਾਂ, ਅੰਮ੍ਰਿਤਸਰ
ਭਾਈ ਚਤਰ ਸਿੰਘ ਜੀਵਨ ਸਿੰਘ, ਮਾਈ ਸੇਵਾਂ, ਅੰਮ੍ਰਿਤਸਰ
ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ
ਲਾਹੌਰ ਬੁਕ ਸ਼ਾਪ, 2, ਲਾਜਪਤ ਰਾਇ ਮਾਰਕਿਟ, ਲੁਧਿਆਣਾ
ਪੰਜਾਬੀ ਪ੍ਰਕਾਸ਼ਕ, ਰਾਜੌਰੀ ਗਾਰਡਨ, ਨਵੀਂ ਦਿੱਲੀ
ਭਾਈ ਚਤਰ ਸਿੰਘ ਐਂਡ ਕੰਪਨੀ, ਕੂਚਾ ਜਟਮਲ, ਦਰੀਬਾ, ਦਿੱਲੀ
ਨੈਸ਼ਨਲ ਬੁਕ ਸ਼ਾਪ ਪਲੀਅਰ ਗਾਰਡਨ ਮਾਰਕਿਟ, ਚਾਂਦਨੀ ਚੌਂਕ ਦਿੱਲੀ

ਚੜ੍ਹਦੀ ਕਲਾ

ਰਘਬੀਰ ਸਿੰਘ 'ਬੀਰ'

# ਚੜ੍ਹਦੀ ਕਲਾ

ਰਘਬੀਰ ਸਿੰਘ 'ਬੀਰ'